

# ਪੰਛੀ ਝਾਤ

## ਲੇਖ ਸੰਗ੍ਰਹਿ

ਡਾ. ਅਜੀਤ ਸਿੰਘ

ਪੰਛੀ ਝਾਤ : ਲੇਖ ਸੰਗ੍ਰਹਿ
ਡਾ. ਅਜੀਤ ਸਿੰਘ

# ਪੰਛੀ ਝਾਤ

ਡਾ. ਅਜੀਤ ਸਿੰਘ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ
ਲੁਧਿਆਣਾ/ਅੰਮ੍ਰਿਤਸਰ

# PANCHHI JHAAT

*by*

**DR. AJIT SINGH**
Street number 4 (Left), Hira Singh Nagar
KOT KAPURA-151204
Phone 01635 223318, +91 9814973318,
0015853050443
e-mail dr.singhajit@gmail.com

© Author

ISBN 978-81-89735-29-6

ਪਹਿਲੀ ਵਾਰ : 2017

**ਮੁੱਲ : ₹ 250**
**$ 10**

*ਪ੍ਰਕਾਸ਼ਕ :*
**ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ/ਅੰਮ੍ਰਿਤਸਰ**
ਪ੍ਰਬੰਧਕੀ ਦਫ਼ਤਰ :
42, ਗੁਰੂ ਤੇਗ ਬਹਾਦਰ ਨਗਰ,
ਡਾ. ਖ਼ਾਲਸਾ ਕਾਲਜ, ਅੰਮ੍ਰਿਤਸਰ-143 002
ਫ਼ੋਨ : 0183-2450520, 098151 26942 (ਮੋ.)

*ਟਾਈਪ ਸੈਟਿੰਗ :*
**ਜੋਤ ਕ੍ਰਿਏਸ਼ਨਜ਼**
ਅੰਮ੍ਰਿਤਸਰ। ਫ਼ੋਨ : 99157 22047

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਆਪਣੇ ਪਰਿਵਾਰ ਦੀ ਛੋਟੀ ਪਨੀਰੀ
ਜਪਜੋਤ, ਜਪਨੂਰ, ਜੋਬਨ, ਹਰਬਨ, ਸਾਹਿਬਾ,
ਸਿਮਲੀਨ ਅਤੇ ਪ੍ਰਭਲੀਨ
ਨੂੰ
ਤਾਂ ਜੋ ਉਹ ਆਪਣੀ ਮਾਂ ਬੋਲੀ ਨਾਲ
ਜੁੜਨ ਲਈ ਯਤਨਸ਼ੀਲ ਰਹਿਣ

*ਏਸੇ ਕਲਮ ਤੋਂ :*

Begumpura City *(A City Without Pains)*

# ਤਤਕਰਾ


○ ਦੋ ਸ਼ਬਦ 7

○ ਮੁਖਬੰਦ 9

**ਭਾਗ ਪਹਿਲਾ—ਧਾਰਮਿਕ ਲੇਖ**

1. ਪੀਓ ਪਾਹੁਲ ਖੰਡੇ ਧਾਰ 11
2. ਜਿਨ ਕਿਛੁ ਕੀਆ ਸੋਈ ਜਾਣੇ 14
3. ਗੋਬੰਦ ਮਿਲਣ ਕਿ ਇਹ ਤੇਰੀ ਬਰੀਆ 21
4. ਰਵਿਦਾਸ ਜਪੈ ਰਾਮ ਨਾਮਾ 25
5. ਛਠਮੁ ਪੀਰ ਬੈਠਾ ਗੁਰ ਭਾਰੀ 32
6. ਦੋਹਿਤਾ ਬਾਣੀ ਦਾ ਬੋਹਿਥਾ 36
7. ਅਨਿਨ ਸੇਵਕ ਭਾਈ ਨੰਦ ਲਾਲ ਜੀ ਗੋਯਾ 39
8. ਮਨ ਦੀ ਲੋਚਾ 43
9. ਕਹੁ ਕਬੀਰ ਹਮ ਰਾਮ ਰਾਖੇ ਕਿਰਪਾ ਕਰਿ ਹਰਿ ਰਾਏ 48
10. ਜੋ ਮਨ ਚਿੱਤ ਨਾ ਚੇਤੇ ਸਨ 53
11. ਗੁਰਿਆਈ ਦੀ ਪੱਗ ਅਰਜਨ ਲੱਧੀ 57
12. ਪਾਠ ਪੜ੍ਹਿਓ ਅਰੁ ਬੇਦ ਬੀਚਾਰਿਓ 60
13. ਜਿਹਬਾ ਮਣੀਆਂ ਮੰਤ 67
14. ਹਰ ਕ੍ਰਿਸ਼ਨ ਭਇਓ ਅਸ਼ਟਮ ਬਲਬੀਰਾ 71
15. ਅੰਮ੍ਰਿਤ ਛਾਡ ਬਿਖੇ ਬਿਖ ਖਾਈ 75
16. ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ 80
17. ਸੀਸ ਦੀਆ ਪਰ ਸੀ ਨਾ ਉਚਰੀ 84
18. ਸਭ ਸਿੱਖਨ ਕੋ ਹੁਕਮ ਹੈ 94
19. ਸਿੱਖ ਧਰਮ ਦਾ ਮੁਢਲਾ ਸਬਕ 98
20. ਸਰਸਾ ਨਦੀ ਪਾਰ ਕਰਨ ਤੋਂ ਬਾਅਦ ਵਾਲਾ ਸਮਾਂ 108
21. ਭਾਈ ਬੁੱਢੇ ਬਰਨਨ ਕੀਆ ਸਤਿਗੁਰ ਸਰੋਤਾ ਆਪ 112
22. ਸਿਰ ਧਰ ਤਲੀ ਗਲੀ ਮੋਰੀ ਆਓ 116
23. ਦੂਧ ਪੀਓ ਮੇਰਾ ਮਨ ਪਤੀਆਇ 119
24. ਸ਼ਬਦ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੇ ਜਾਸ 125

25. ਰੋਗ ਦਾਰੂ ਦੋਵੇਂ ਬੁਝੇ ਤਾਂ ਵੇਦ ਸੁਜਾਣ 130
26. ਹਰ ਬਿਸਰਤ ਤੇਰੇ ਗੁਣ  ਗਲਿਆ 135
27. ਨਾਨਕ ਤੇ ਮੁਖ ਉਜਲੇ ਤਿਤ ਸਾਚੇ ਦਰਬਾਰ 140

## ਭਾਗ ਦੂਜਾ—ਇਤਿਹਾਸਿਕ ਅਤੇ ਸਮਾਜਿਕ ਲੇਖ

1. ਚਿੜੀ ਵਿਚਾਰੀ ਕਿ ਕਰੇ 145
2. ਸਰਕਾਰ ਦੀਆਂ ਨੀਤੀਆਂ ਬਾਰੇ ਕੁਝ ਤੱਥ 150
3. ਗਦਰੀ ਬਾਬਿਆਂ ਦਾ ਗਦਰ ਸਫਲ ਜਾਂ ਅਸਫਲ 153
4. ਨੋਟਬੰਦੀ ਦੇ ਟੀਚਿਆਂ ਦੀ ਅਸਲੀਅਤ 158
5. ਮੱਤ ਕੇਹੜਾ ਏਸ ਨੂੰ ਦਵੇ 163
6. ਸ਼ਹਿਰ ਵਿਚ ਚੁਣਾਵ ਆਇਆ ਹੈ 166
7. ਅਮਰੀਕਾ ਅਤੇ ਭਾਰਤ ਦੇ ਸਬੰਧ 169
8. ਨਾ ਜਾ ਵੇ ਤੂੰ ਪ੍ਰਦੇਸ ਨੂੰ 173
9. ਵਾਤਾਵਰਨ ਸਬੰਧੀ ਜਾਗਰੂਕ ਸਿੱਖ ਧਰਮ 181
10. ਕੀਤਾ ਪਸਾਉ ਏਕੋ ਕਵਾਉ 187
11. ਮਨ ਮਹਿ ਚਲਹਿ ਵਿਕਾਰ 191
12. ਕਾਲੀ ਕੋਇਲ ਤੂੰ ਕਿਤ ਗੁਨ  ਕਾਲੀ 195
13. ਵਸਤਾਂ ਦੀ ਖਰੀਦ ਸਮੇਂ ਸਤਰਕਤਾ 200
14. ਰੁੱਖ ਤੇ ਮਨੁੱਖ ਦੀ ਸਾਂਝ 204
15. ਦੇਸ਼ਾਂ ਵਿਚੋ ਦੇਸ਼ ਪੰਜਾਬ ਨੀ 208
16. ਆਰੇ ਦਿਆਂ ਦੰਦਿਆਂ ਤੇ 212
17. ਹੱਸਣੇ ਦੀ ਆਦਤ ਪਾ ਸੱਜਣਾ 216
18. ਓਜ਼ੋਨ ਪਰਤ ਦੇ ਰਿਸਦੇ ਜ਼ਖਮ 220
19. ਵੋ ਕਾਗਜ਼ ਕਿ ਕਿਸ਼ਤੀ 225
20. ਸਰਾਭਾ ਕਿਥੇ ਰਹਿ ਗਿਆ 230
21. ਸਰਕਾਰੇ ਖਾਲਸਾ ਅਤੇ ਧਰਮ ਨਿਰਪੱਖ ਰਾਜ 235
22. ਮੰਗੇ ਪੁੱਤ ਮਿਲੇ ਧੀ 240
23. ਸਮੇਂ ਨੂੰ ਮਿਣਨ ਦਾ ਯਤਨ 243
24. ਧੀਆਂ ਤੇਰੇ ਦੁੱਖ ਵੰਡਣੇ 246
25. ਕੀ ਸਾਨੂੰ ਔਲਾਦ ਪਿਆਰੀ ਨਹੀਂ 249
26. ਚਰਖਾ ਚੰਨਣ ਦਾ 254

# ਦੋ-ਸ਼ਬਦ

ਡਾਕਟਰ ਅਜੀਤ ਸਿੰਘ ਪੰਜਾਬ ਦੇ ਵਿੱਦਿਆ ਦੇ ਮਹਿਕਮੇ ਚੋਂ ਬਤੌਰ ਲੈਕਚਰਾਰ ਸੇਵਾ-ਮੁਕਤ ਹੋ ਕੇ ਹੁਣ ਅਮਰੀਕਾ ਵਿਚ ਰਹਿ ਰਿਹਾ ਹੈ । ਉਸਨੇ ਨੌਕਰੀ ਦੌਰਾਨ ਸਿਰਫ਼ ਬੱਚਿਆਂ ਨੂੰ ਪੜ੍ਹਾਇਆ ਹੀ ਨਹੀਂ ਸਗੋਂ ਸਮਾਜਕ ਵਰਤਾਰੇ ਅਤੇ ਜ਼ਿੰਦਗੀ ਦੇ ਹਰੇਕ ਪਹਿਲੂ ਨੂੰ ਗਹੁ ਨਾਲ ਵਾਚਿਆ ਵੀ ਹੈ। ਮੁਲਾਜ਼ਮ ਜਥੇਬੰਦੀ ਵਿੱਚ ਡਟਕੇ ਹਿੱਸਾ ਲਿਆ ਤੇ ਹਰ ਤਰਾਂ ਦੇ ਉਤਰਾਅ-ਚੜ੍ਹਾਅ ਵੇਖੇ ਹਨ। ਉਸਨੂੰ ਅਰਥ-ਸ਼ਾਸ਼ਤਰ ਦਾ ਪੂਰਾ ਗਿਆਨ ਹੈ ਤੇ ਪ੍ਰਮਾਣਿਤ ਅੰਕੜਿਆਂ ਦਾ ਖਜ਼ਾਨਾ ਵੀ ਹੈ। ਨਾਲ ਹੀ ਉਸਨੂੰ ਗੁਰਬਾਣੀ ਅਤੇ ਸਿੱਖ ਧਰਮ ਬਾਰੇ ਭਰਪੂਰ ਜਾਣਕਾਰੀ ਹੈ। ਹਥਲੀ ਪੁਸਤਕ ਦੇ ਲੇਖ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ । ਇੱਕ ਧਾਰਮਿਕ ਫਲਸਫੇ ਨਾਲ ਸਬੰਧਤ ਅਤੇ ਦੂਸਰਾ ਰਾਜਨੀਤਕ-ਇਤਿਹਾਸਕ ਪਹੁੰਚ ਵਾਲੇ। ਧਾਰਮਿਕ ਫਲਸਫੇ ਵਾਲੇ ਲੇਖਾਂ ਦੀ ਗੱਲ ਕਰੀਏ ਤਾਂ ਲੇਖਕ ਨੇ ਗੁਰਬਾਣੀ ਰਾਹੀਂ ਸਾਦਾ, ਸਫ਼ਲ ਤੇ ਅਰਥ-ਭਰਪੂਰ ਜ਼ਿੰਦਗੀ ਜਿਉਣ ਲਈ ਪ੍ਰੇਰਿਆ ਹੈ । ਗੁਰਬਾਣੀ ਦੇ ਹਵਾਲੇ ਦੇਣ ਲੱਗਿਆਂ ਆਮ ਪਾਠਕ ਦੀ ਸੂਝ-ਬੂਝ ਦਾ ਵੀ ਧਿਆਨ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬਾਨ ਅਤੇ ਹੋਰ ਮਹਾਪੁਰਸ਼ਾਂ ਦੇ ਸਬੰਧ ਵਿੱਚ ਵੱਖ-ਵੱਖ ਸਰੋਤਾਂ ਤੋਂ ਇਕੱਤਰ ਜਾਣਕਾਰੀ ਮੁਹੱਈਆ ਕਰਵਾਉਣ ਦਾ ਯਤਨ ਕੀਤਾ ਗਿਆ ਹੈ।

ਗ਼ਦਰੀ ਬਾਬਿਆਂ ਦਾ ਗ਼ਦਰ ਸਫਲ ਜਾਂ ਅਸਫਲ ਲੇਖ ਵਿੱਚ ਲੇਖਕ ਨੇ ਗ਼ਦਰ ਪਾਰਟੀ ਦੇ ਸਮੁੱਚੇ ਇਤਿਹਾਸ ਨੂੰ ਇੱਕ ਹੀ ਲੇਖ ਵਿੱਚ ਕਲਮ-ਬੱਧ ਕਰਕੇ ਕੁੱਜੇ ਵਿੱਚ ਸਮੁੰਦਰ ਭਰਨ ਦੇ ਸ਼ਲਾਘਾਯੋਗ ਕੰਮ ਕੀਤਾ ਹੈ। ਸਿਰਫ਼ ਇਤਿਹਾਸ ਹੀ ਨਹੀਂ ਲੇਖਕ ਗ਼ਦਰੀ ਬਾਬਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲਗਾਤਾਰ ਸੰਘਰਸ਼ ਜਾਰੀ ਰੱਖਣ ਲਈ ਵੀ ਪ੍ਰੇਰਦਾ ਹੈ। ਇਸੇ ਤਰ੍ਹਾਂ ਅਮਰੀਕਾ ਅਤੇ ਭਾਰਤ ਸਿਰਲੇਖ ਵਾਲੇ ਲੇਖ ਵਿੱਚ ਵਪਾਰ, ਸਮਾਜਕ ਅਤੇ ਰਾਜਨੀਤਕ ਖੇਤਰਾਂ ਵਿੱਚ ਦੋਹਾਂ ਦੇਸ਼ਾਂ ਦੇ ਸਬੰਧਾਂ ਵਿੱਚ ਆਏ ਉਤਰਾਅ-ਚੜ੍ਹਾਅ ਦਾ ਵਰਨਣ ਬਾਖ਼ੂਬੀ ਕੀਤਾ ਗਿਆ ਹੈ। ਪਰ ਇੱਕ ਅਹਿਮ ਤੱਥ ਲੇਖਕ ਤੋਂ ਖੁੰਝ ਗਿਆ ਜਾਪਦਾ ਹੈ। ਸ਼ੀਤ ਯੁੱਧ ਸਮੇਂ ਅਮਰੀਕਾ ਪਾਕਿਸਤਾਨ ਦੀ ਪਿੱਠ ਤੇ ਸੀ ਤੇ ਸੋਵੀਅਤ ਯੂਨੀਅਨ ਭਾਰਤ ਦੀ ਤਰਫ਼ਦਾਰੀ ਤੇ ਸੀ। ਜਦੋਂ 1962 ਵਿੱਚ ਚੀਨ ਵੱਲੋਂ ਭਾਰਤ ਤੇ ਹਮਲਾ ਕੀਤਾ ਗਿਆ ਤਾਂ ਭਾਰਤ ਦੀ ਮੱਦਦ ਤੇ ਅਮਰੀਕਾ ਹੀ ਆਇਆ ਸੀ।

ਜਿਵੇਂ ਕਿ ਹਰ ਵਿਆਹੀ ਕੁੜੀ ਅਪਣੇ ਪੇਕਿਆਂ ਦੀ ਸੁੱਖ ਮੰਗਦੀ ਹੈ, ਪੇਕੇ ਘਰ ਨੂੰ ਖ਼ੁਸ਼ਹਾਲ ਵਸਦਾ ਵੇਖਣਾ ਲੋਚਦੀ ਹੈ । ਉਸੇ ਤਰ੍ਹਾਂ ਪ੍ਰਵਾਸੀ ਵੀ ਹਜ਼ਾਰਾਂ ਮੀਲ ਦੂਰ ਬੈਠਿਆਂ ਅਪਣੀ ਜਨਮ-ਭੂਮੀ ਦੀ ਸੁੱਖ ਮੰਗਦੇ ਹਨ। ਭਾਰਤ ਵਿਚਲਾ ਨਿਘਾਰ ਵੱਲ ਜਾਂਦਾ ਢਾਂਚਾ, ਸਿਆਸੀ ਜਮਾਤਾਂ ਵੱਲੋਂ ਕੀਤੇ ਜਾਂਦੇ ਖੋਖਲੇ ਦਾਅਵੇ, ਨਸ਼ਿਆਂ ਦੇ ਸਮੁੰਦਰ ਵਿੱਚ ਗ਼ਰਕਦੀ

ਹੋਈ ਜਵਾਨੀ ਸਬੰਧੀ ਲੇਖ ਪੜ੍ਹਕੇ, ਉਸ ਦੇ ਮਨ ਅੰਦਰਲੀ ਵੇਦਨਾ ਸਾਫ਼ ਝਲਕਦੀ ਹੈ। ਮਿਸਾਲ ਵਜੋਂ ਨੋਟ-ਬੰਦੀ ਦੇ ਦਿਨਾਂ ਵਿੱਚ ਜੋ ਵੀ ਕਸ਼ਟ ਆਮ ਜਨਤਾ ਨੇ ਸਹੇ, ਲੇਖਕ ਨੇ ਚਿੜੀ ਵਿਚਾਰੀ ਕੀ ਕਰੇ ਨਾਮੀ ਲੇਖ ਵਿੱਚ ਮੂਰਤੀਮਾਨ ਕੀਤੇ ਹਨ। ਲੇਖ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਲੇਖਕ ਖ਼ੁਦ ਨੋਟ ਬਦਲਾਉਣ ਲਈ ਲਾਈਨ 'ਚ ਖੜ੍ਹਾ ਹੋਵੇ। ਨਾਲ ਹੀ ਲੇਖਕ ਅਪਣੇ ਵੱਲੋਂ ਡਿਜੀਟਲ ਸਿਸਟਮ ਲਾਗੂ ਕਰਨ ਤੋਂ ਪਹਿਲਾਂ ਮੁੱਢਲਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਜਿਸ ਤੋਂ ਲੇਖਕ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਉਸਦੇ ਹਿਕਾਇਤ ਪਛਾਨਣ ਲਈ ਹੋਕਾ ਦੇ ਰਿਹਾ ਹੈ।

ਲੇਖਕ ਵਾਰ-ਵਾਰ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਦੀ ਦੁਹਾਈ ਦਿੰਦਾ ਹੈ। ਖਾਸ ਕਰਕੇ ਸ਼ਿਵ ਕੁਮਾਰ ਬਟਾਲਵੀ ਦੇ ਜੀਵਨ ਸਬੰਧੀ ਲੇਖ ਵਿੱਚ, ਕਿ ਕਿਵੇਂ ਇੱਕ ਜੀਨੀਅਸ ਸ਼ਰਾਬ ਦਾ ਗ਼ੁਲਾਮ ਹੋ ਕੇ ਐਨੀ ਛੋਟੀ ਉਮਰੇ ਇਸ ਰੰਗਲੇ ਜਹਾਨ ਤੋਂ ਰੁਖ਼ਸਤ ਹੋ ਗਿਆ। ਜੇਕਰ ਸ਼ਿਵ ਅਪਣੀ ਪੂਰੀ ਜ਼ਿੰਦਗੀ ਭੋਗਦਾ ਤਾਂ ਉਸਦੇ ਪਰਿਵਾਰ ਨੇ ਕਿੰਨੇ ਸੁਖ ਮਾਨਣੇ ਸਨ ਤੇ ਸ਼ਿਵ ਨੇ ਸਾਹਿਤ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਕਿੰਨਾ ਯੋਗਦਾਨ ਪਾਉਣਾ ਸੀ।

ਲੇਖਕ ਵਾਤਾਵਰਣ ਦੇ ਗੰਧਲੇਪਣ ਤੋਂ ਵੀ ਬਹੁਤ ਚਿੰਤਤ ਹੈ ਤੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਠੋਸ ਉਪਰਾਲੇ ਹੋਣੇ ਚਾਹੀਦੇ ਹਨ, ਇਹ ਉਸਦੀ ਦਿਲੀ ਲੋਚਾ ਹੈ। ਚੋਣਾਂ ਦੌਰਾਨ ਅਸਲੀ ਮੁੱਦਿਆਂ ਦਾ ਗੁਆਚ ਜਾਣਾ, ਨਿਘਾਰ ਵੱਲ ਜਾ ਰਹੀ ਸਿੱਖਿਆ ਪ੍ਰਣਾਲੀ ਤੇ ਦੁਕਾਨਾਂ ਰੂਪੀ ਵਿੱਦਿਅਕ ਸੰਸਥਾਵਾਂ ਵੱਲੋਂ ਆਮ ਜਨਤਾ ਦੀ ਲੁੱਟ, ਸਭ ਲੇਖਕ ਦੇ ਕੋਮਲ ਮਨ ਨੂੰ ਟੁੰਬਦੇ ਹਨ।

ਮੈਂ ਡਾਕਟਰ ਅਜੀਤ ਸਿੰਘ ਨੂੰ ਇਸ ਮਿਆਰੀ ਪੁਸਤਕ ਦੀ ਰਚਨਾ ਲਈ ਵਧਾਈ ਦਿੰਦਾ ਹਾਂ ਤੇ ਅਜਿਹੀਆਂ ਹੋਰ ਰਚਨਾਵਾਂ ਜੋ ਸਮਾਜ ਲਈ ਸੇਧ ਦੇਣ, ਦੀ ਤਵੱਕੋ ਵੀ ਕਰਦਾ ਹਾਂ।

**ਜੰਗਪਾਲ ਸਿੰਘ**
ਬੀ-1/609, ਪ੍ਰਤਾਪ ਨਗਰ,
ਕੋਟਕਪੂਰਾ-151204
98723-81820

# ਮੁੱਖਬੰਦ

ਜਦੋਂ ਵੀ ਮਨ ਸੋਚਾਂ ਦੀ ਉਡਾਰੀ ਭਰਦਾ ਹੈ ਤਾਂ ਕਈ ਵਾਰ ਤਾਂ ਸੋਚ ਦਾ ਪੰਛੀ ਬਹੁਤ ਹੀ ਅਗੇ ਲੰਘ ਜਾਂਦਾ ਹੈ। ਅਗੇਰੇ ਜਾ ਕੇ ਜਦੋਂ ਬੀਤੇ ਹੋਏ ਪਲਾਂ ਤੇ ਪੰਛੀ ਝਾਤ ਪਾਈ ਜਾਂਦੀ ਹੈ ਤਾਂ ਉਨ੍ਹਾਂ ਪਲਾਂ ਨੂੰ ਕਲਮ ਨਾਲ ਕਾਗਜ਼ ਦੇ ਉਪਰ ਸਮੇਟਣ ਨੂੰ ਮਨ ਕਰਦਾ ਹੈ। ਉਨ੍ਹਾਂ ਵਿਚਾਰਾਂ ਨੂੰ ਪੰਨਿਆਂ ਉਪਰ ਉਲੀਕ ਅਤੇ ਲੋੜੀਂਦੀਆਂ ਸੋਧਾਂ ਕਰਨ ਉਪਰੰਤ ਅਖਬਾਰਾਂ ਨੂੰ ਪਾਠਕਾਂ ਨਾਲ ਸਾਂਝ ਪਾਣ ਹਿੱਤ ਭੇਜਦਾ ਰਿਹਾ ਹਾਂ। ਮੈਨੂੰ ਭਾਰਤੀ ਅਤੇ ਬਦੇਸ਼ੀ ਅਖਬਾਰਾਂ ਦਾ ਭਰਪੂਰ ਸਹਿਯੋਗ ਮਿਲਦਾ ਰਿਹਾ ਹੈ। ਵੱਖ ਵੱਖ ਵਰਗਾਂ ਦੇ ਪਾਠਕ ਹੁੰਗਾਰਾ ਭਰਦੇ ਰਹੇ ਹਨ। ਉਹਨਾਂ ਵਲੋਂ ਮਿਲੀ ਪ੍ਰਸੰਸਾ ਨਾਲ ਹੋਰ ਅਗੇ ਕਦਮ ਪੁੱਟਣ ਦੀ ਪ੍ਰੇਰਨਾ ਮਿਲਦੀ ਰਹੀ ਹੈ ਅਤੇ ਸਮੇਂ ਸਮੇਂ ਤੇ ਧਾਰਮਿਕ, ਰਾਜਨੀਤਕ ਅਤੇ ਇਤਿਹਾਸਿਕ ਲੇਖਣੀਆਂ ਲਈ ਸਮਾਂ ਕੱਢਦਾ ਰਿਹਾ ਹਾਂ।

ਇਹ ਸਮਾਂ ਪਰਿਵਾਰ ਅਤੇ ਬੱਚਿਆਂ ਦੇ ਸਮੇਂ ਤੋਂ ਹੀ ਮੰਗਿਆ ਗਿਆ ਹੈ ਜਿਸ ਲਈ ਮੈਂ ਸਾਰੇ ਪਰਿਵਾਰ ਅਤੇ ਬੱਚਿਆਂ ਦਾ ਸ਼ੁਕਰ ਗੁਜ਼ਾਰ ਹਾਂ ਜਿਹਨਾਂ ਨੇ ਆਪਣਾ ਕੀਮਤੀ ਸਮਾਂ ਮੇਰੀ ਸੋਚ ਦੇ ਪੰਛੀ ਨੂੰ ਚੋਗਾ ਪਾਣ ਹਿੱਟ ਕੁਰਬਾਨ ਕੀਤਾ ਹੈ। ਇਹਨਾਂ ਲੇਖਾਂ ਨੂੰ ਕਿਤਾਬ ਦਾ ਰੂਪ ਵਿਚ ਦੇਣ ਲਈ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੇ ਪੂਰਨ ਸਹਿਯੋਗ ਦਿਤਾ ਹੈ ਤਾਂ ਹੀ ਇਹ ਪੁਸਤਕ ਦੇ ਰੂਪ ਵਿਚ ਪੇਸ਼ ਕਰਨ ਦੇ ਯੋਗ ਹੋ ਸਕਿਆਂ ਹਾਂ।

ਆਪਣੇ ਕੀਮਤੀ ਸਮੇਂ ਵਿਚੋਂ ਕੁਝ ਸਮਾਂ ਕੱਢ ਕੇ ਇਹਨਾਂ ਲੇਖਾਂ ਨੂੰ ਪੁਸਤਕ ਦੇ ਰੂਪ ਵਿਚ ਹਾਜ਼ਰ ਕਰਨ ਲਈ ਡਾਕਟਰ ਚਰਨਜੀਤ ਸਿੰਘ ਗੁਮਟਾਲਾ ਜੀ ਦਾ ਧੰਨਵਾਦੀ ਹਾਂ ਜਿਹਨਾਂ ਨੇ ਸਾਰੇ ਜੋਖਿਮ ਆਪਣੇ ਸਿਰ ਲੈ ਕੇ ਸਾਰੇ ਵੱਖ ਵੱਖ ਲੇਖਾਂ ਨੂੰ ਕਿਤਾਬੀ ਰੂਪ ਵਿਚ ਢਾਲਿਆ ਹੈ। ਉਹਨਾਂ ਦੀ ਭਰਪੂਰ ਮਦਦ ਲਈ ਉਹਨਾਂ ਦਾ ਰਿਣੀ ਹਾਂ। ਮੁੱਖਬੰਦ ਲਈ ਦੋ ਸ਼ਬਦ ਲਿਖ ਸ੍ਰੀ ਜੰਗਪਾਲ ਸਿੰਘ ਜੀ ਨੇ ਕਿਤਾਬ ਦੇ ਬਾਰੇ ਆਪਣਾ ਪੱਖ ਪੇਸ਼ ਕੀਤਾ ਹੈ ਅਤੇ ਪੁਸਤਕ ਨੂੰ ਅੰਤਮ ਛੋਹ ਪ੍ਰਦਾਨ ਕੀਤੀਆਂ ਹਨ, ਉਸ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਸ੍ਰੀ ਗੁਰਦੀਪ ਸਿੰਘ ਢੁੱਡੀ ਜੀ ਵਲੋਂ ਪਾਇਆ ਗਿਆ ਹਿੱਸਾ ਇਸ ਪੁਸਤਕ ਨੂੰ ਚਾਰ ਚੰਨ ਲਾਉਣ ਵਿਚ ਸਹਾਈ ਹੋਇਆ ਹੈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਹਿਯੋਗ ਦੇਣ ਵਾਲੇ ਰਿਸ਼ਤੇਦਾਰਾਂ ਤੇ ਮਿੱਤਰਾਂ ਤੋਂ ਖਿਮਾਂ ਮੰਗਦਾ ਹਾਂ ਕਿਓਂ ਜੋ ਉਨ੍ਹਾਂ ਦੇ ਨਵਾਂ ਦੀ ਸੂਚੀ ਨਾਲ ਬੇ ਲੋੜਾਂ ਵਾਧਾ ਹੋ ਜਾਣਾ ਸੰਭਵ ਹੈ।

ਅਖੀਰ ਵਿਚ ਮੈਂ ਸਾਰਿਆਂ ਦਾ ਹੀ, ਉਹਨਾਂ ਦੇ ਪੂਰਨ ਸਹਿਯੋਗ ਸਦਕਾ ਧੰਨਵਾਦ ਕਰਦਾ ਹੋਇਆ, ਪੁਸਤਕ ਨੂੰ ਪਾਠਕਾਂ ਨੂੰ ਪੇਸ਼ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹਾਂ।

ਗਲੀ ਨੰਬਰ 4 (ਖੱਬਾ)
ਹੀਰਾ ਸਿੰਘ ਨਗਰ, ਕੋਟ ਕਪੂਰਾ

**ਡਾਕਟਰ ਅਜੀਤ ਸਿੰਘ**
ਫੋਨ 01635 223318

# ਭਾਗ ਪਹਿਲਾ

## ਪੀਓ ਪਾਹੁਲ ਖੰਡੇ ਧਾਰ

ਖ਼ਾਲਸਾ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ ਸ਼ੁੱਧ ਜਾਂ ਜਿਸ ਵਿਚ ਕੋਈ ਖੋਟ ਜਾਂ ਮਿਲਾਵਟ ਨਾ ਹੋਵੇ। ਅਰਬੀ ਭਾਸ਼ਾ ਵਿਚ ਖ਼ਾਲਿਸਾਹ (Khalisah) ਜਿਸ ਦਾ ਅਰਥ ਹੈ ਉਹ ਜ਼ਮੀਨ ਜੋ ਖ਼ਾਲੀ ਹੈ ਅਤੇ ਕਿਸੇ ਦੀ ਮਾਲਕੀ ਨਹੀਂ ਹੈ ਅਤੇ ਸਰਕਾਰ ਹੀ ਉਸ ਜ਼ਮੀਨ ਦੀ ਮਾਲਕ ਹੈ। ਦਸਵੇਂ ਪਾਤਸ਼ਾਹ ਨੇ ਅਜਿਹਾ ਖ਼ਾਲਸਾ ਸਿਰਜਿਆ ਜੋ ਕੇਵਲ ਤੇ ਕੇਵਲ ਅਕਾਲ ਪੁਰਖ ਦੇ ਹੁਕਮਾਂ ਦੇ ਅਧੀਨ ਹੈ ਅਤੇ ਉਸ ਉਪਰ ਅਕਾਲ ਪੁਰਖ ਦੀ ਮਾਲਕੀ ਹੈ। ਉਹ ਕੇਵਲ ਅਕਾਲ ਪੁਰਖ ਵਿਚ ਯਕੀਨ ਰੱਖਦਾ ਹੈ ਅਤੇ ਹੋਰ ਕਿਸੇ ਦੇਵੀ ਜਾਂ ਦੇਵਤਾ ਦੀ ਅਧੀਨਤਾ ਨਹੀਂ ਸਵੀਕਾਰਦਾ ਹੈ। ਖ਼ਾਲਸਾ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਭਗਤ ਕਬੀਰ ਦੇ ਸਲੋਕਾਂ ਵਿਚ ਦਰਜ ਹੈ :

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥**

*(ਅੰਗ ੬੫੫)*

ਸਿਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ, ਜਿਹਨਾਂ ਦਾ ਜਨਮ 5 ਜਨਵਰੀ 1666 ਨੂੰ ਪਟਨਾ (ਬਿਹਾਰ, ਭਾਰਤ) ਵਿਚ ਮਾਤਾ ਗੁਜਰੀ ਦੀ ਕੁੱਖੋਂ ਹੋਇਆ, ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਉਹਨਾਂ ਦੇ ਪਿਤਾ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ, ਜੋ ਤੇਗ਼ ਦੇ ਧਨੀ ਸਨ ਅਤੇ ਉਹਨਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਵੇਲੇ ਦਸਵੇਂ ਪਾਤਸ਼ਾਹ ਦੀ ਉਮਰ ਕੇਵਲ 9 ਸਾਲ ਦੀ ਸੀ।

1699 ਦੀ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਵਲੋਂ ਸਾਰੀ ਸੰਗਤ ਨੂੰ ਆਨੰਦਪੁਰ ਸਾਹਿਬ ਵਿਚ ਇਕੱਠਾ ਕੀਤਾ, ਉਸ ਦਿਨ ਮਾਰਚ ਦੀ 30 ਤਾਰੀਖ਼ ਸੀ ਅਤੇ ਗੁਰੂ ਜੀ ਦੀ ਉਮਰ ਕੇਵਲ 33 ਸਾਲ ਦੀ ਸੀ। ਸੰਗਤਾਂ ਦੂਰ-ਨੇੜੇ ਤੋਂ ਹੁਮ-ਹੁਮਾ ਕੇ ਪੁੱਜੀਆਂ। ਭਾਰੀ ਗਿਣਤੀ ਵਿਚ ਸੰਗਤ ਪੁੱਜੀ ਹੋਈ ਸੀ। ਗੁਰੂ ਜੀ ਨੇ ਨੰਗੀ ਤਲਵਾਰ ਲੈ ਕੇ ਇਕ ਸਿਰ ਦੀ ਮੰਗ ਕੀਤੀ। ਸਿੱਖ ਘਬਰਾ ਗਏ, ਨਵੀਂ ਮੰਗ ਸੀ। ਸਾਰੇ ਪਾਸੇ ਚੁੱਪ ਵਰਤ ਗਈ। ਗੁਰੂ ਜੀ ਨੇ ਮੰਗ ਦੁਬਾਰਾ ਕੀਤੀ ਤਾਂ ਲਾਹੌਰ ਦਾ ਖੱਤਰੀ, ਮਾਈ ਦਿਆਲੀ ਅਤੇ ਪਿਤਾ ਭਾਈ ਸੁਧਾ ਦਾ ਪੁੱਤਰ, ਦਯਾ ਰਾਮ ਅਗੇ ਆਇਆ ਤਾਂ ਗੁਰੂ ਜੀ ਉਸ ਨੂੰ ਤੰਬੂ ਦੇ ਅੰਦਰ ਲੈ ਗਏ। ਤੰਬੂ ਅੰਦਰੋਂ ਇਕ ਅਜੀਬ ਅਵਾਜ਼ ਆਈ। ਲੋਕ ਡਰ ਗਏ।

ਗੁਰੂ ਜੀ ਦੁਬਾਰਾ ਖ਼ੂਨ ਦੀ ਲਿੱਬੜੀ ਹੋਈ ਤਲਵਾਰ ਲੈ ਕੇ ਆਏ ਅਤੇ ਇਕ ਹੋਰ ਸਿਰ ਦੀ ਮੰਗ ਰਖੀ। ਲੋਕ ਘਬਰਾ ਕੇ ਮਾਤਾ ਜੀ ਕੋਲ ਸ਼ਿਕਾਇਤ ਲੈ ਕੇ ਪੁਜੇ। ਹੁਣ ਮਾਈ ਸਭੋ ਅਤੇ ਭਾਈ ਸੰਤ ਰਾਮ ਦਾ ਪੁੱਤਰ, ਧਰਮ ਦਾਸ ਕਿਸਾਨ ਹਾਜ਼ਰ ਹੋਇਆ ਅਤੇ ਆਪਣਾ ਸਿਰ ਅਰਪਿਤ ਕਰ ਦਿਤਾ। ਗੁਰੂ ਜੀ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਪਹਿਲਾਂ ਜਿਹੀ

ਅਵਾਜ਼ ਆਈ। ਤੀਜੀ ਵਾਰ ਦ੍ਵਾਰਕਾਪੁਰ ਦਾ ਦਰਜ਼ੀ (ਛੀਂਬਾ) ਮੋਹਕਮ ਚੰਦ ਪੁੱਤਰ ਦੀਵੀ ਬਾਈ ਅਤੇ ਤੀਰਥ ਚੰਦ ਆ ਹਾਜ਼ਰ ਹੋਇਆ ਅਤੇ ਸੀਸ ਭੇਟ ਕੀਤਾ। ਗੁਰੂ ਜੀ ਫਿਰ ਤੰਬੂ ਵਿਚ ਗਏ ਅਤੇ ਉਹੀ ਅਵਾਜ਼ ਆਈ। ਚੌਥੀ ਵਾਰ ਬਿਦਰ ਕਰਨਾਟਕ ਦੇ ਨਾਈ ਸਿਖ ਦੇਵੀ ਬਾਈ ਅਤੇ ਤੀਰਥ ਚੰਦ ਦਾ ਪੁੱਤਰ ਸਾਹਿਬ ਚੰਦ ਸੀਸ ਅਰਪਿਤ ਕਰਨ ਲਈ ਹਾਜ਼ਰ ਹੋਇਆ। ਗੁਰੂ ਜੀ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਉਹੀ ਅਵਾਜ਼ ਫਿਰ ਸੁਣੀ ਗਈ। ਪੰਜਵੀਂ ਵਾਰ ਜਗਨਨਾਥ ਪੁਰੀ (ਉੜੀਸਾ) ਦੇ ਨੀਵੀਂ ਜਾਤ ਦੇ ਹਿੰਮਤ ਰਾਇ ਪੁੱਤਰ ਮਾਤਾ ਧੰਨੋ ਅਤੇ ਭਾਈ ਗੁਲਜ਼ਾਰੀ ਜੀ ਆਏ ਅਤੇ ਸਿਰ ਭੇਟਾ ਕਰ ਦਿਤਾ। ਉਸ ਨੂੰ ਵੀ ਤੰਬੂ ਵਿਚ ਲੈ ਕੇ ਜਾਇਆ ਗਿਆ ਅਤੇ ਉਹੀ ਅਵਾਜ਼ ਆਈ। ਕੁਝ ਸਮੇਂ ਬਾਅਦ ਗੁਰੂ ਜੀ ਪੰਜਾਂ ਦੇ ਨਾਲ ਸੰਗਤ ਦੇ ਸਨਮੁਖ ਹਾਜ਼ਰ ਹੋਏ। ਸੰਗਤਾਂ ਨੇ ਪੰਜਾਂ ਨੂੰ ਸਾਬਤ-ਸੂਰਤ ਦੇਖਿਆ ਤਾਂ ਹੈਰਾਨ ਹੋ ਗਈ।

ਗੁਰੂ ਜੀ ਨੇ ਸਰਬ-ਲੋਹ ਦੇ ਬਾਟੇ ਵਿਚ ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ, ਅੰਮ੍ਰਿਤ ਤਿਆਰੀ ਵੇਲੇ ਪੰਜ ਬਾਣੀਆਂ (ਜਪੁਜੀ ਸਾਹਿਬ, ਜਾਪੁ ਸਾਹਿਬ, ਸਵੈਯੇ, ਚੌਪਈ ਸਾਹਿਬ ਅਤੇ ਸ੍ਰੀ ਅਨੰਦ ਸਾਹਿਬ) ਦਾ ਪਾਠ ਕੀਤਾ ਗਿਆ। ਸਾਹਿਬ ਦੇਵਾਂ ਅਰਥਾਤ ਮਾਤਾ ਸਾਹਿਬ ਕੌਰ ਜੀ ਨੇ ਇਸ ਅੰਮ੍ਰਿਤ ਵਿਚ ਮਿੱਠੇ ਪਤਾਸੇ ਪਾਏ। ਜਦੋਂ ਇਹ ਅੰਮ੍ਰਿਤ ਤਿਆਰ ਹੋ ਗਿਆ ਤਾਂ ਪਹਿਲਾਂ ਸਿਰ ਅਰਪਿਤ ਕਰਨ ਵਾਲਿਆਂ ਨੂੰ ਛਕਾਇਆ ਗਿਆ ਅਤੇ ਉਹਨਾਂ ਨੂੰ ਸਿੰਘ ਅਰਥਾਤ ਸ਼ੇਰ (lion) ਬਣਾ ਦਿੱਤਾ ਅਤੇ ਉਹਨਾਂ ਦੇ ਨਾਂ ਵੀ ਬਦਲੀ ਕੀਤੇ ਗਏ। ਨਵੇਂ ਦਿਤੇ ਹੋਏ ਨਾਂ ਇਸ ਤਰ੍ਹਾਂ ਸਨ:

1. ਭਾਈ ਦਯਾ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਮੋਹਕਮ ਸਿੰਘ ਜੀ
4. ਭਾਈ ਸਾਹਿਬ ਸਿੰਘ ਜੀ
5. ਭਾਈ ਹਿੰਮਤ ਸਿੰਘ ਜੀ

ਇਹਨਾਂ ਪੰਜਾਂ ਨੂੰ ਪੰਜ ਪਿਆਰੇ ਆਖਿਆ ਗਿਆ। ਫਿਰ ਪੰਜਾਂ ਪਿਆਰਿਆਂ ਤੋਂ ਗੁਰੂ ਗੋਬਿੰਦ ਰਾਇ ਅੰਮ੍ਰਿਤ ਛਕ ਕੇ ਗੁਰ ਗੋਬਿੰਦ ਸਿੰਘ ਜੀ ਬਣ ਗਏ। ਇਸ ਲਈ ਤਾਂ ਇਹ ਆਖਿਆ ਗਿਆ:

**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।**

ਇਹ ਰੀਤ ਦੁਨੀਆਂ ਤੋਂ ਵੱਖਰੀ ਸੀ। ਨਾ ਹੀ ਅਜੇ ਇਸ ਵਿਧੀ ਨਾਲ ਕਿਸੇ ਨੇ ਅੰਮ੍ਰਿਤ ਤਿਆਰ ਕੀਤਾ ਸੀ ਅਤੇ ਨਾ ਹੀ ਆਪਣੇ ਚੇਲਿਆਂ ਤੋਂ ਅੰਮ੍ਰਿਤ ਛਕਿਆ ਸੀ ਇਸ ਤਰ੍ਹਾਂ ਖੰਡੇ ਬਾਟੇ ਦਾ ਪਾਹੁਲ ਤਿਆਰ ਕਰਨ ਦੀ ਰੀਤ ਚਲਾਈ:

**ਪੀਓ ਪਾਹੁਲ ਖੰਡੇ ਧਾਰ ਹੋਵੇ ਜਨਮ ਸੁਹੇਲਾ।**

ਪਾਹੁਲ ਛਕਾਉਂਦੇ ਸਮੇਂ ਇਹ ਦੱਸਿਆ ਗਿਆ ਕਿ ਅੱਜ ਤੋਂ ਬਾਅਦ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ, ਮਾਤਾ ਸਾਹਿਬ ਕੌਰ ਹੈ ਅਤੇ ਜਨਮ ਅਸਥਾਨ ਆਨੰਦਪੁਰ ਸਾਹਿਬ ਹੈ ਤੁਹਾਡੀ ਕੋਈ ਜਾਤ ਨਹੀਂ ਹੈ ਅਤੇ ਤੁਸੀਂ ਸਿੱਖ ਹੋ।

ਆਪ ਜੀ ਨੇ ਸਿੱਖਾਂ ਨੂੰ ਪੰਜ ਕਕਾਰ ਧਾਰਨ ਕਰਨ ਲਈ ਆਖਿਆ, ਜੋ ਇਹ ਹਨ:

ਕੇਸ—ਸਿੱਖ ਧਰਮ ਦੀ ਮੁੱਢਲੀ ਨਿਸ਼ਾਨੀ ਅਤੇ ਸੰਤਪੁਣੇ ਦੀ ਕੁਦਰਤੀ ਦਿਖ
ਕੰਘਾ—ਕੇਸਾਂ ਨੂੰ ਸੰਵਾਰਨ ਲਈ
ਕੱਛਾ—ਨੇਕ ਚਰਿੱਤਰ ਦੀ ਨਿਸ਼ਾਨੀ
ਕੜਾ—ਕਲਾਈ ਤੇ ਪਹਿਨਣ ਲਈ, ਡਰ ਅਤੇ ਭਉ ਤੋਂ ਬਚਾਅ ਲਈ
ਕਿਰਪਾਨ—ਸਵੈ-ਰੱਖਿਆ ਲਈ ਅਤੇ ਮਜ਼ਲੂਮਾਂ ਦੀ ਰੱਖਿਆ ਲਈ
ਕੇਸਾਂ ਉਪਰ ਦਸਤਾਰ ਸਜਾ ਕੇ ਢੱਕ ਕੇ ਰਖਣਾ ਹੈ।

ਇਹਨਾਂ ਪੰਜਾਂ—ਕਾਮ (lust) ਕ੍ਰੋਧ (anger) ਲੋਭ (greed) ਮੋਹ (attachment) ਅਤੇ ਹੰਕਾਰ (ego) ਤੋਂ ਬਚਣਾ ਹੈ। ਕੇਸ ਨਹੀਂ ਕੱਟਣੇ ਹਨ। ਤਮਾਕੂ ਦਾ ਸੇਵਨ ਵਰਜਿਤ ਹੈ। ਕੁੱਠਾ ਮੀਟ ਨਹੀਂ ਸੇਵਨ ਕਰਨਾ ਹੈ। ਪਰ ਨਾਰੀ ਦਾ ਸਾਥ ਨਹੀਂ ਕਰਨਾ ਹੈ। ਗੁਰੂ ਜੀ ਨੇ ਉਪਦੇਸ਼ ਦਿਤਾ :

**ਨਿਜ ਨਾਰੀ ਕੇ ਸੰਗ ਪ੍ਰੇਮ ਤੁਮ ਨਿਤ ਬਢਇਓ।**
**ਪਰ ਨਾਰੀ ਕੀ ਸੇਜ ਪੈ ਸੁਪਨੇ ਮੈ ਨਾ ਜਇਓ।**

ਅਤੇ ਅੰਮ੍ਰਿਤ ਛਕ ਲੇਣ ਤੋਂ ਬਾਅਦ ਮਰਦਾਂ ਦੇ ਨਾਂ ਨਾਲ ਸਿੰਘ ਲਿਖਿਆ ਜਾਵੇਗਾ ਅਤੇ ਇਸਤਰੀਆਂ ਦੇ ਨਾਂ ਨਾਲ ਕੌਰ ਲਿਖਿਆ ਜਾਵੇਗਾ। ਅਤੇ ਨਾਲ ਹੀ ਇਹ ਉਪਦੇਸ਼ ਦਿਤਾ ਕਿ :

**ਜਬ ਤਕ ਖਾਲਸਾ ਰਹੇ ਨਿਆਰਾ॥**
**ਤਬ ਤਕ ਤੇਜ ਦੀਓ ਮੈ ਸਾਰਾ॥**
**ਜਬ ਇਹ ਕਰੇ ਬਿਪਰਨ ਕੀ ਰੀਤ॥**
**ਮੈ ਨਾ ਕਰੂੰ ਇਸ ਕੀ ਪ੍ਰਤੀਤ॥**

ਖ਼ਾਲਸੇ ਦੀ ਸਾਜਨਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੀ ਗਈ ਜੋ ਕਿ ਪੰਜਾਬ ਵਿਚ ਹੈ ਅਤੇ ਸਿੱਖਾਂ ਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

# ਜਿਨਿ ਕਿਛੁ ਕੀਆ ਸੋਈ ਜਾਣੈ

ਸਿਆਣਿਆਂ ਨੇ ਫਰਮਾਇਆ ਹੈ ਕਿ ਜਿਊਣਾ ਝੂਠ ਹੈ ਤੇ ਮਰਨਾ ਸਚ ਹੈ। ਜੇਕਰ ਮੌਤ ਇੱਕ ਸਚਾਈ ਹੈ ਤਾਂ ਅਸੀਂ ਇਤਨਾ ਅਡੰਬਰ ਕਿਉਂ ਰਚਦੇ ਹਾਂ। ਕੀ ਅਸੀਂ ਇਕ ਕਫਨ ਲੈਣ ਦੀ ਖ਼ਾਤਰ ਇਤਨਾ ਲੰਬਾ ਪੈਂਡਾ ਤੈਹ ਕਰਦੇ ਹਾਂ। ਇਹ ਇਕ ਅਜੀਬ ਸੋਚ ਨੇ ਅੱਜ ਮੇਰੇ ਉਤੇ ਅਸਰ ਕੀਤਾ ਹੈ ਤੇ ਮੈਂ ਸਚਾਈ ਲੱਭ ਲੈਣ ਦੇ ਯਤਨ ਵਿਚ ਅੱਗੇ ਵਲ ਕਦਮ ਵਧਾ ਰਿਹਾ ਹੈ ਪਰੰਤੂ ਮੈਂ ਜਿਉਂ ਜਿਉਂ ਅੱਗੇ ਵਧਦਾ ਹਾਂ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੈਂ ਡੂੰਘੇ ਅੰਧੇਰੇ ਵਿਚ ਘਿਰਦਾ ਜਾ ਰਿਹਾ ਹਾਂ। ਦੁਨੀਆਂ ਵਿਚ ਫੈਲੇ ਹੋਏ ਵੱਖ-ਵੱਖ ਧਰਮਾਂ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਦਾ ਯਤਨ ਕਰਦਾ ਹਾਂ ਹਰ ਧਰਮ ਵੱਖਰੇ ਤੌਰ 'ਤੇ ਸਮਝਾਉਣ ਦੇ ਯਤਨ ਕਰਦਾ ਹੈ।

**ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥**
**ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥**
**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**
**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥**
**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥**
**ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥**
**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥**
**ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥**
**ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥**
**ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥**
**ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥**
**ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥**
**ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥** *(ਅੰਗ ੪੮੮)*

ਬਾਬਾ ਸ਼ੇਖ਼ ਫ਼ਰੀਦ ਜੀ ਰਾਗ ਆਸਾ, ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 488 ਉਪਰ ਸੁਭਾਏਮਾਨ ਹੈ, ਵਿਚ ਵਰਣਨ ਕਰਦੇ ਹਨ ਕਿ ਜੇਕਰ ਅਸੀਂ ਇਹ ਜਾਣਦੇ ਹਾਂ ਕਿ ਅੰਤ ਵਿਚ ਮਰਨਾ ਹੈ ਤੇ ਫੇਰ ਵਾਪਸ ਵੀ ਨਹੀਂ ਆਉਣਾ ਤਾਂ ਇਸ ਝੂਠੀ ਦੁਨੀਆਂ ਵਿਚ ਮਸਤ ਹੋ ਕੇ ਆਪਣਾ ਆਪ ਕਿਉਂ ਗਵਾ ਰਹੇ ਹਾਂ। ਹਮੇਸ਼ਾ ਸੱਚ ਦਾ ਪੱਲਾ ਫੜੀਏ ਤੇ ਆਪਣੇ ਗੁਰੂ ਵਲੋਂ ਦੱਸੇ ਰਾਹ ਉਪਰ ਚਲੀਏ। ਜਦੋਂ ਜਵਾਨਾਂ ਨੂੰ ਲੰਘਦੇ ਦੇਖਿਆ ਤਾਂ

ਕਮਜ਼ੋਰ ਇਸਤਰੀ ਦਾ ਮਨ ਵੀ ਹੌਸਲਾ ਕਰ ਲੈਂਦਾ ਹੈ। ਮਨ ਨੂੰ ਸਮਝਾਉਣ ਦਾ ਯਤਨ ਕੀਤਾ ਹੈ ਕਿ ਤੂੰ ਸੰਤ ਜਨਾਂ ਦੀ ਸੰਗਤ ਕਰ ਜਿਹੜੇ ਸੋਨੇ ਵਾਲੇ ਪਾਸੇ ਅਰਥਾਤ ਮਾਇਆ ਵਿਚ ਉਲਝ ਜਾਂਦੇ ਹਨ ਉਹ ਆਰੇ ਨਾਲ ਚੀਰੇ ਜਾਂਦੇ ਹਨ। ਇਸ ਸੰਸਾਰ ਉਪਰ ਕੋਈ ਵੀ ਸਥਿਰ ਨਹੀਂ ਰਹਿ ਸਕਿਆ ਜਿਸ ਥਾਂ ਤੇ ਹੁਣ ਬੈਠੇ ਹਾਂ ਕਿਤਨੇ ਹੀ ਬੈਠ-ਬੈਠ ਕੇ ਜਾ ਚੁਕੇ ਹਨ। ਉਦਾਹਰਣ ਸਮੇਤ ਦਸਿਆ ਗਿਆ ਹੈ ਕਿ ਇਹ ਜਗ ਚੱਲਣਹਾਰ ਹੈ ਜ਼ਮੀਨ ਅਤੇ ਅਸਮਾਨ ਇਸ ਦੇ ਗਵਾਹ ਹਨ ਕਿ ਬੇਅੰਤ ਲੋਕ ਛੋਟੇ ਅਤੇ ਵੱਡੇ ਇਸ ਦੁਨੀਆਂ ਤੋਂ ਜਾ ਚੁਕੇ ਹਨ ਉਨ੍ਹਾਂ ਦੇ ਸਰੀਰ ਕਬਰਾਂ ਵਿਚ ਗਲ ਚੁਕੇ ਹਨ ਅਤੇ ਕੀਤੇ ਕੰਮਾਂ ਦਾ ਲੇਖਾ ਤਾਂ ਦੇਣਾ ਹੀ ਪੈਂਦਾ ਹੈ।

ਇਤਿਹਾਸ ਵਿਚੋਂ ਝਾਤ ਮਾਰਿਆਂ ਸਾਨੂੰ ਸਚਾਈ ਵੀ ਨਜ਼ਰ ਪੈਂਦੀ ਹੈ। ਕਿਹਾ ਜਾਂਦਾ ਹੈ ਕਿ ਜਦ ਬਾਬਾ ਬੁੱਢਾ ਜੀ ਦੀ ਉਮਰ ਬਾਰ੍ਹਾਂ ਸਾਲਾਂ ਦੀ ਹੋਈ ਤਾਂ ਗੁਰੂ ਨਾਨਕ ਦੇਵ ਜੀ ਫਿਰਦੇ ਹੋਏ ਰਮਦਾਸ ਦੇ ਕੋਲ ਆ ਰੁਕੇ। ਇਨ੍ਹਾਂ ਨੇ ਬਾਬਾ ਨਾਨਕ ਜੀ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਨੂੰ ਗੁਰੂ ਜੀ ਬੜੇ ਪਿਆਰੇ ਲਗੇ ਅਤੇ ਮਨ ਵਿਚ ਗੁਰੂ ਜੀ ਦੀ ਸੇਵਾ ਕਰਨ ਦਾ ਚਾਅ ਪੈਦਾ ਹੋਇਆ। ਉਹ ਉਨ੍ਹਾਂ ਲਈ ਦੁੱਧ ਅਤੇ ਮਖਣ ਦੇ ਪੇੜੇ ਲੈ ਕੇ ਹਾਜ਼ਰ ਹੋਇਆ।

ਗੁਰੂ ਜੀ ਨੇ ਪੁਛਿਆ, "ਕਾਕਾ ਤੇਰਾ ਨਾਮ ਕੀ ਹੈ ਅਤੇ ਕੀ ਕੰਮ ਕਰਦਾ ਹੈਂ ?"

ਬੂੜਾ, "ਸਚੇ ਪਾਤਸ਼ਾਹ ! ਮਾਪਿਆਂ ਨੇ ਮੇਰਾ ਨਾਮ ਬੂੜਾ ਰਖਿਆ ਹੈ ਅਤੇ ਮੈਂ ਮੱਝੀਆਂ ਦਾ ਵਾਗੀ ਹਾਂ।"

ਗੁਰੂ ਜੀ, "ਤੂੰ ਸਾਡੇ ਪਾਸ ਕੀ ਇੱਛਾ ਧਾਰ ਕੇ ਆਇਆ ਹੈਂ ਅਤੇ ਤੂੰ ਕੀ ਚਾਹੁੰਦਾ ਹੈਂ ?"

ਬੂੜਾ, "ਜੀ ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁੱਖ ਤੋਂ ਬਚਾਓ। ਇਸ ਚੁਰਾਸੀ ਦੇ ਗੇੜ ਵਿਚ ਕਢ ਕੇ ਮੁਕਤੀ ਪ੍ਰਦਾਨ ਕਰੋ।"

ਗੁਰੂ ਜੀ ਨੇ ਕਿਹਾ ਕਿ ਤੇਰੀ ਖੇਡਣ ਦੀ ਉਮਰ ਹੈ ਤੈਨੂੰ ਮੌਤ ਦੇ ਖਿਆਲਾਂ ਅਤੇ ਮੁਕਤੀ ਦੇ ਖਿਆਲਾਂ ਦਾ ਧਿਆਨ ਵਡੇ ਹੋ ਕੇ ਕਰਨ ਦੀ ਲੋੜ ਹੈ। ਤਾਂ ਬੂੜੇ ਨੇ ਆਖਿਆ ਕੇ ਹੋ ਸਕਦਾ ਹੈ ਮੈਂ ਵੱਡਾ ਨਾ ਹੋਵਾਂ ਅਤੇ ਮੌਤ ਪਹਿਲਾਂ ਹੀ ਘੇਰ ਲਵੇ। ਗੁਰੂ ਜੀ ਦੇ ਪੁੱਛਣ 'ਤੇ ਕਿ ਇਹ ਵਿਚਾਰ ਤੇਰੇ ਮਨ ਵਿਚ ਕਿਵੇਂ ਆਇਆ। ਤਾਂ ਬੂੜੇ ਨੇ ਦਸਿਆ ਕਿ ਕੁਝ ਸਮਾਂ ਹੋਇਆ ਕੁਝ ਪਠਾਨ ਸਾਡੇ ਪਿੰਡ ਵਿਚੋਂ ਲੰਘੇ ਸਨ। ਉਹ ਬਦੋਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ ਸਨ, ਜਿਸ ਵਿਚ ਕੱਚੀਆਂ ਅਤੇ ਪੱਕੀਆਂ ਅਤੇ ਅੱਧ-ਪੱਕੀਆਂ ਫਸਲਾਂ ਸ਼ਾਮਲ ਸਨ। ਇਸੇ ਤਰਾਂ ਮੌਤ ਵੀ ਜਦੋਂ ਮਰਜ਼ੀ ਆ ਕੇ ਬੱਚੇ, ਗੱਭਰੂ ਅਤੇ ਬੁੜ੍ਹੇ ਨੂੰ ਆ ਕੇ ਨੱਪ ਲਵੇਗੀ। ਇਸ ਲਈ ਮੈਨੂੰ ਮੌਤ ਤੋਂ ਡਰ ਲਗਦਾ ਹੈ ਅਤੇ ਮੇਰਾ ਇਹ ਡਰ ਦੂਰ ਕਰ ਦਿਓ ਸਚੇ ਪਾਤਸ਼ਾਹ ਜੀ।

ਗੁਰੂ ਜੀ ਨੇ ਹੱਸ ਕੇ ਉਤਰ ਦਿਤਾ ਤੂੰ ਬੱਚਾ ਨਹੀਂ ਬੁੱਢਾ ਹੈਂ ਅਤੇ ਗੱਲਾਂ ਬੁੱਢਿਆਂ ਵਾਲੀਆਂ ਕਰ ਰਿਹਾ ਹੈਂ। ਹੌਸਲਾ ਰਖ, ਰੱਬ ਮੌਤ ਨਾਲੋਂ ਕਿਤੇ ਵੱਡਾ ਹੈ ਅਤੇ ਬਲਵਾਨ ਹੈ ਜੇਕਰ ਤੂੰ ਰੱਬ ਦਾ ਹੋ ਜਾਵੇਂ ਤਾਂ ਮੌਤ ਤੈਨੂੰ ਡਰਾ ਨਹੀਂ ਸਕੇਗੀ ਅਤੇ ਉਹ ਤੇਰੇ ਤੋਂ ਡਰਨ ਲੱਗ ਜਾਵੇਗੀ, ਤੂੰ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਵੇਂਗਾ। ਰੱਬ ਨੂੰ ਹਮੇਸ਼ਾ

ਯਾਦ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ। ਪੂਰੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕਰਿਆ ਕਰ, ਤੇਰੇ ਸਭ ਦੁੱਖ ਦੂਰ ਹੋ ਜਾਣਗੇ। ਅਟਲ ਸਚਾਈ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਦਿਤਾ ਸੀ ਜੋ ਅੱਜ ਵੀ ਸੱਚ ਹੈ।

ਇਹ ਤਾਂ ਸੱਚ ਹੀ ਹੈ ਕਿ ਮੌਤ ਨੇ ਇਕ ਦਿਨ ਆਉਣਾ ਹੀ ਹੈ। ਜਦੋਂ ਵੀ ਕੋਈ ਜੀਵ ਜੰਤੂ ਮਨੁਖ ਪੈਦਾ ਹੁੰਦਾ ਹੈ ਮੌਤ ਰਾਣੀ ਬਣ ਉਸ ਦੇ ਮੋਢਿਆਂ 'ਤੇ ਸਵਾਰ ਹੋ ਕੇ ਨਾਲ ਨਾਲ ਹੀ ਚਲਦੀ ਹੈ ਅਤੇ ਜਦੋਂ ਮਨ ਕਰਦਾ ਹੈ, ਉਸ ਨੂੰ ਦਬੋਚ ਲੈਂਦੀ ਹੈ। ਵਸਤੂਆਂ ਨੂੰ ਸਟੋਰਾਂ ਉਪਰ ਵੇਚਣ ਲਈ ਪ੍ਰਬੰਧ ਕਰਤਾ ਨੇ ਫਿਫੋ (First in First out or FIFO) ਲਿਫੋ (Last in First out or LIFO) ਅਤੇ ਹਿਫੋ (Highest in First out or HIFO) ਨਿਯਮ ਬਣਾਏ ਹਨ ਪਰੰਤੂ ਮੌਤ ਇਨ੍ਹਾਂ ਵਿਚੋਂ ਕਿਸੇ ਵੀ ਨਿਯਮ ਦੀ ਪਾਲਣਾ ਨਹੀਂ ਕਰਦੀ ਹੈ ਅਤੇ ਜਦੋਂ ਮਰਜ਼ੀ ਬਿਨਾਂ ਉਮਰ ਦਾ ਹਿਸਾਬ ਕੀਤਿਆਂ ਪਹਿਲਾਂ ਜਾਂ ਪਿਛੋਂ ਆਇਆਂ ਨੂੰ, ਅਕਲਮੰਦ ਜਾਂ ਅਕਲਬੰਦ ਨੂੰ ਇਸ ਹੱਸਦੀ-ਵੱਸਦੀ ਦੁਨੀਆਂ ਤੋਂ ਚਲੇ ਜਾਣ ਲਈ ਹੁਕਮ ਸੁਣਾ ਦਿੰਦੀ ਹੈ। ਅਸੀਂ ਦੇਖਦੇ ਹਾਂ ਕਿ ਸੂਰਜ ਚੜ੍ਹਦਾ ਹੈ, ਦਿਨ ਹੁੰਦਾ ਹੈ ਤੇ ਫਿਰ ਰਾਤ ਆ ਜਾਂਦੀ ਹੈ, ਸੂਰਜ ਚਲਾ ਜਾਂਦਾ ਹੈ ਅਤੇ ਚੰਦਰਮਾ ਦਿਖਾਈ ਦਿੰਦਾ ਹੈ। ਧਰਤੀ ਦੀ ਧੀਮੀ ਚਾਲ ਸਦਕਾ ਦਿਨ ਅਤੇ ਰਾਤ ਦੇ ਅਨੁਸਾਰ ਸਮਾਂ ਅੱਗੇ ਵਲ ਵਧਦਾ ਹੈ। ਪੌਦੇ ਉਗਦੇ ਹਨ, ਉਨਾਂ ਨੂੰ ਫੁੱਲ ਅਤੇ ਫਲ ਲਗਦੇ ਹਨ। ਫੁੱਲ ਦਾ ਸਮਾਂ ਖਤਮ ਹੋ ਜਾਣ ਤੇ ਫੁੱਲ ਝੜ ਜਾਂਦੇ ਹਨ ਅਤੇ ਕੁਝ ਫੁੱਲ ਤੋਂ ਫਲ ਤਿਆਰ ਹੋ ਜਾਂਦੇ ਹਨ। ਫਲ ਕੱਚੇ ਤੋਂ ਪੱਕਦਾ ਹੈ। ਪੱਕ ਜਾਣ ਤੋਂ ਬਾਅਦ ਧਰਤੀ ਉਪਰ ਡਿਗ ਪੈਂਦਾ ਹੈ। ਮਨੁਖ ਪਸ਼ੂ ਜਾਂ ਪੰਛੀ ਇਸ ਨੂੰ ਖਾ ਲੈਂਦੇ ਹਨ ਅਤੇ ਉਸ ਦੇ ਅੰਦਰਲਾ ਬੀਜ ਫਿਰ ਧਰਤੀ ਤਕ ਪੁਜ ਜਾਂਦਾ ਹੈ ਉਸ ਬੀਜ ਤੋਂ ਨਵਾਂ ਪੌਦਾ ਬਣ ਜਾਂਦਾ ਹੈ ਤੇ ਇਹ ਕਿਰਿਆ ਦੁਹਰਾਈ ਜਾਂਦੀ ਹੈ। ਇਸ ਤਰ੍ਹਾਂ ਮਨੁੱਖ ਜਨਮ ਲੈਂਦਾ ਹੈ, ਵੱਡਾ ਹੁੰਦਾ ਹੈ ਦੁਨਿਆਵੀ ਕੰਮ ਕਰਦਾ ਹੈ, ਜੀਵਨ ਨੂੰ ਸੌਖਾ ਕਰਨ ਖਾਤਰ ਹਰ ਹੀਲਾ ਵਰਤਦਾ ਹੈ ਅੰਤ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਏਹੋ ਜੀਵਨ ਦੀ ਅਟਲ ਸਚਾਈ ਕਿ ਕੁਦਰਤ ਦੀ ਹਰ ਸਿਰਜਨਾ ਦਾ ਅੰਤ ਹੋਣਾ ਹੈ ਅਤੇ ਇਸ ਨੂੰ ਟਾਲਣਾ ਵੀ ਸੰਭਵ ਨਹੀਂ ਹੈ। ਜਿਸ ਨੂੰ ਸਮੇਂ ਸਮੇਂ ਤੇ ਵਿਚਾਰਵਾਨਾਂ ਨੇ ਵੱਖਰੇ ਵੱਖਰੇ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ। ਮੁਕੱਦਰ ਦਾ ਸਿਕੰਦਰ ਫਿਲਮ ਦਾ ਗੀਤ ਵੀ ਦਸਦਾ ਹੈ ਕਿ :

**ਜ਼ਿੰਦਗੀ ਤੋ ਬੇਵਫ਼ਾ ਹੈ ਏਕ ਦਿਨ ਠੁਕਰਾਏਗੀ**
**ਮੌਤ ਮਹਿਬੂਬਾ ਹੈ ਅਪਨੇ ਸਾਥ ਲੈ ਕਰ ਜਾਏਗੀ**

ਇਸ ਲਈ ਅਸੀਂ ਇਸ ਸਿੱਟੇ ਤੇ ਪੁਜੇ ਹਾਂ ਕਿ ਮੌਤ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਸ ਮੌਤ ਦਾ ਡਰ ਸਾਨੂੰ ਭੈ ਭੀਤ ਕਰਦਾ ਰਹੇਗਾ ਜਦੋਂ ਤਕ ਇਸ ਰਹੱਸ ਤੋਂ ਪਰਦਾ ਉਠਾਇਆ ਨਹੀਂ ਜਾਂਦਾ। ਕੁਝ ਲੋਕ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਦੇ ਢੰਗ ਤਰੀਕੇ ਤੋਂ ਡਰਦੇ ਹਨ। ਕਈ ਲੋਕਾਂ ਨੂੰ ਮੌਤ ਦੀ ਉਡੀਕ ਕਰਨੀ ਪੈਂਦੀ ਹੈ, ਗੀਤਾ ਪਾਠ ਕਰ ਚੁਕਣ ਤੋਂ ਬਾਅਦ ਵੀ ਮੌਤ ਡਰਾ ਰਹੀ ਹੁੰਦੀ ਹੈ ਤਾਂ ਪਰੇਸ਼ਾਨੀ ਵਧੇਰੇ ਹੁੰਦੀ ਹੈ। ਇਹ ਵੀ ਇਕ ਸੱਚ ਹੈ ਜੇਕਰ ਮੌਤ ਦਾ ਡਰ ਨਾ ਹੁੰਦਾ ਤਾਂ ਧਰਮ ਦਾ ਫੈਲਾਅ ਇੰਨਾ ਨਹੀਂ

ਹੋਣਾ ਸੀ, ਜੋਤਿਸ਼ ਦੀਆਂ ਕਿਤਾਬਾਂ ਦੀ ਪੁੱਛ ਪ੍ਰਤੀਤ ਨਹੀਂ ਹੋਣੀ ਸੀ। ਜਵਾਨ ਉਮਰ ਵਿਚ ਮੌਤ ਦਾ ਘੇਰਾ ਵਧੇਰੇ ਦੁਖਦਾਈ ਹੁੰਦਾ ਹੈ ਕਿਉਂ ਜੋ ਸਾਡੀਆਂ ਆਸਾਂ ਨੂੰ ਫਲ ਲੱਗਣ ਉਪਰੰਤ ਜੋ ਫਾਇਦਾ ਹੋਣਾ ਹੁੰਦਾ ਹੈ, ਉਸ ਫਸਲ ਨੂੰ ਰੱਬ ਗੜੇ ਪਾ ਕੇ ਪੂਰੀ ਤਰ੍ਹਾਂ ਵਿਗਾੜ ਦਿੰਦਾ ਹੈ ਅਤੇ ਜ਼ਿੰਦਗੀ ਦੀ ਗੱਡੀ ਦੁਰਘਟਨਾ ਕਾਰਣ ਚਲਣ ਤੋਂ ਅਸਮਰੱਥ ਹੋ ਜਾਂਦੀ ਹੈ। ਜੇਕਰ ਮੌਤ ਦੇ ਜਮਾਂ ਨੇ ਸਾਡੇ ਦਰ 'ਤੇ ਪੁੱਜਣਾ ਹੀ ਹੈ ਤਾਂ ਫਿਰ ਅਸੀਂ ਇਸ ਨਾਲ ਲੁਕਣ ਮੀਚੀ ਨਾ ਖੇਡੀਏ ਤੇ ਨਾ ਹੀ ਕਮਜ਼ੋਰ ਦਿਲ ਲੋਕਾਂ ਵਾਂਗ ਬੈਠ ਕੇ ਉਡੀਕ ਕਰੀ ਜਾਈਏ। ਉਸ ਦਾ ਮੁਕਾਬਲਾ ਕਰਦੇ ਹੋਏ ਬਹਾਦਰਾਂ ਵਿਚ ਦਰਜ ਹੋਈਏ ਅਤੇ ਹੱਕ ਸਚ ਲਈ ਲੜਾਈ ਲੜ ਕੇ ਪਰਮਾਤਮਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੀਏ। ਇਸ ਕਿਸਮ ਦੀ ਮੌਤ ਦੇ ਸਬੰਧ ਵਿਚ ਸਿਖ ਧਰਮ ਦੇ ਵਰਤਮਾਨ ਸ਼ਬਦ ਗੁਰੂ ਸ੍ਰੀ ਗੁਰੂ ਗੁਰੂ ਗਰੰਥ ਸਾਹਿਬ ਜੀ ਦੇ ਅੰਗ 579 ਉਪਰ ਇਸ ਤਰਾਂ ਵਰਣਿਤ ਹੈ:

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥**
**ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥**
**ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥**
**ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥**
**ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥**
**ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥੨॥**

*(ਅੰਗ ੫੭੯)*

ਹੇ ਲੋਕੋ! ਮੌਤ ਨੂੰ ਮਾੜਾ ਨਾ ਆਖੋ, ਮੌਤ ਚੰਗੀ ਹੈ, ਪਰ ਤਾਂ ਹੀ, ਜੇ ਕੋਈ ਮਨੁੱਖ ਉਸ ਤਰੀਕੇ ਨਾਲ ਜੀਅ ਕੇ ਮਰਨਾ ਜਾਣਦਾ ਹੋਵੇ। ਉਹ ਤਰੀਕਾ ਹੈ ਕਿ ਆਪਣੇ ਸਰਬ-ਸ਼ਕਤੀਵਾਨ ਮਾਲਕ ਨੂੰ ਸਿਮਰੋ, ਤਾਂ ਕਿ ਜੀਵਨ ਦੇ ਸਫ਼ਰ ਵਿਚ ਰਸਤਾ, ਸਿਮਰਣ ਦੀ ਸ਼ਕਤੀ ਸਦਕਾ ਸੌਖਾ ਹੋ ਜਾਏ, ਸੌਖੇ ਜੀਵਨ-ਰਸਤੇ ਤੁਰੋਗੇ ਤਾਂ ਇਸ ਦਾ ਫਲ ਭੀ ਮਿਲੇਗਾ ਤੇ ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਮਿਲੇਗੀ। ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਵੋਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ, ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ, ਤੇ ਖਸਮ-ਪ੍ਰਭੂ ਨੂੰ ਚੰਗੇ ਲੱਗੋਗੇ। ਜਿਹੜਾ ਵੀ ਜੀਵ ਇਹ ਭੇਟਾ ਲੈ ਕੇ ਜਾਂਦਾ ਹੈ ਉਹ ਪ੍ਰੇਮ ਨਾਲ ਆਤਮਕ ਆਨੰਦ ਮਾਣਦਾ ਹੈ। ਇਸ ਲਈ ਹੇ ਲੋਕੋ! ਮੌਤ ਨੂੰ ਮਾੜਾ ਨਾ ਆਖੋ, ਪਰੰਤੂ ਇਸ ਗੱਲ ਨੂੰ ਉਹੀ ਸਮਝਦਾ ਹੈ, ਜਿਹੜਾ ਇਸ ਤਰ੍ਹਾਂ ਮਰਨਾ ਜਾਣਦਾ ਹੋਵੇ।

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥**
**ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥**
**ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥**
**ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥**
**ਊਚਾ ਨਹੀਂ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥**
**ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥੩॥**

*(ਅੰਗ ੫੭੯-੫੮੦)*

ਜਿਹੜੇ ਮਨੁੱਖ ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ ਉਹਨਾਂ ਦਾ ਮਰਨਾ ਭੀ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ। ਪ੍ਰਭੂ ਦੀ ਹਜ਼ੂਰੀ ਵਿਚ ਉਹੀ ਬੰਦੇ ਸੂਰਮੇ ਆਖੇ ਜਾਂਦੇ ਹਨ, ਉਹ ਬੰਦੇ ਸਦਾ-ਥਿਰ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦੇ ਹਨ। ਉਹ ਦਰਗਾਹ ਵਿਚ ਇੱਜ਼ਤ ਪਾਉਂਦੇ ਹਨ, ਇੱਜ਼ਤ ਨਾਲ ਇਥੋਂ ਜਾਂਦੇ ਹਨ ਤੇ ਅਗਾਂਹ ਪਰਲੋਕ ਵਿਚ ਉਹਨਾਂ ਨੂੰ ਕੋਈ ਦੁੱਖ ਨਹੀਂ ਵਿਆਪਦਾ। ਉਹ ਬੰਦੇ ਪਰਮਾਤਮਾ ਨੂੰ ਹਰ ਥਾਂ ਵਿਆਪਕ ਜਾਣ ਕੇ ਸਿਮਰਦੇ ਹਨ, ਉਸ ਪ੍ਰਭੂ ਦੇ ਦਰ ਤੋਂ ਫਲ ਪ੍ਰਾਪਤ ਕਰਦੇ ਹਨ ਜਿਸ ਦਾ ਸਿਮਰਨ ਕੀਤਿਆਂ ਹਰੇਕ ਕਿਸਮ ਦਾ ਡਰ ਦੂਰ ਹੋ ਜਾਂਦਾ ਹੈ। ਹੇ ਭਾਈ! ਅਹੰਕਾਰ ਦਾ ਬੋਲ ਨਹੀਂ ਬੋਲਣਾ ਚਾਹੀਦਾ, ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ, ਉਹ ਅੰਤਰਜਾਮੀ ਪ੍ਰਭੂ ਹਰੇਕ ਦੇ ਦਿਲ ਦੀ ਆਪ ਹੀ ਜਾਣਦਾ ਹੈ। ਜੇਹੜੇ ਮਨੁੱਖ, ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ, ਉਹਨਾਂ ਦਾ ਮਰਨਾ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ।

**ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥**
**ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥**
**ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥**
**ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥**
**ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥**
**ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥੨॥**

*(ਅੰਗ ੫੮੦)*

ਹੇ ਨਾਨਕ! ਹੇ ਭਾਈ! ਇਹ ਜਗਤ ਇਕ ਖੇਡ ਹੈ, ਖੇਡ ਬਣਦੀ ਅਤੇ ਢਹਿੰਦੀ ਹੀ ਰਹਿੰਦੀ ਹੈ, ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ। ਮਾਲਕ-ਪ੍ਰਭੂ ਆਪਣੇ ਪੈਦਾ ਕੀਤੇ ਜਗਤ ਦੀ ਆਪ ਸੰਭਾਲ ਕਰਦਾ ਹੈ, ਆਪਣੀ ਰਚੀ ਰਚਨਾ ਦਾ ਆਪ ਧਿਆਨ ਰੱਖਦਾ ਹੈ। ਪ੍ਰਭੂ ਆਪਣੀ ਰਚੀ ਰਚਨਾ ਦਾ ਖ਼ਿਆਲ ਰੱਖਦਾ ਹੈ, ਇਸ ਨੂੰ ਆਸਰਾ-ਸਹਾਰਾ ਦੇਂਦਾ ਹੈ, ਜਿਸ ਨੇ ਜਗਤ ਰਚਿਆ ਹੈ ਉਹੀ ਇਸ ਦੀਆਂ ਲੋੜਾਂ ਭੀ ਜਾਣਦਾ ਹੈ। ਪ੍ਰਭੂ ਆਪ ਹੀ ਸਭ ਦੇ ਕੀਤੇ ਕਰਮਾਂ ਨੂੰ ਵੇਖਦਾ ਹੈ, ਆਪ ਹੀ ਸਭ ਦੇ ਦਿਲਾਂ ਦੀ ਸਮਝਦਾ ਹੈ, ਆਪ ਹੀ ਆਪਣੇ ਹੁਕਮ ਨੂੰ ਪਛਾਣਦਾ ਹੈ ਕਿ ਕਿਵੇਂ ਇਹ ਹੁਕਮ ਜਗਤ ਵਿਚ ਵਰਤਿਆ ਜਾਣਾ ਹੈ। ਜਿਸ ਪ੍ਰਭੂ ਨੇ ਇਹ ਜਗਤ-ਰਚਨਾ ਕੀਤੀ ਹੋਈ ਹੈ ਉਹੀ ਇਸ ਦੀਆਂ ਲੋੜਾਂ ਜਾਣਦਾ ਹੈ। ਉਸ ਪ੍ਰਭੂ ਦਾ ਸਰੂਪ ਬੇਅੰਤ ਹੈ। ਹੇ ਨਾਨਕ! ਹੇ ਭਾਈ! ਇਹ ਜਗਤ ਇਕ ਖੇਡ ਹੈ, ਇਥੇ ਜੋ ਘੜਿਆ ਹੈ ਉਸ ਨੇ ਭੱਜਣਾ ਹੈ, ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ।4।2।

ਸਿੱਖ ਧਰਮ ਅੰਦਰ ਸ਼ਹੀਦ ਦੇ ਅਰਥ ਗਵਾਹੀ ਦੇ ਤੌਰ ਤੇ ਪਰਵਾਨ ਕੀਤੇ ਗਏ ਹਨ ਅਤੇ ਸ਼ਹਾਦਤ ਨੂੰ ਸਿੱਖੀ ਦਾ ਪਹਲਾ ਗੁਣ ਮੰਨਿਆ ਗਿਆ ਹੈ। ਸ਼ਹੀਦੀ ਦਾ ਰਾਹ ਲੈਣਾ ਤਲਵਾਰ ਦੀ ਧਾਰ ਉਪਰ ਚੱਲਣ ਜਿਹਾ ਹੈ। ਜੇ ਸਿੱਖ ਇਤਿਹਾਸ ਵੱਲ ਨਜ਼ਰ ਪਾਈ ਜਾਂਦੀ ਹੈ ਤਾਂ ਇਹ ਪਤਾ ਚਲਦਾ ਹੈ ਕਿ ਸਿੱਖ ਆਪਣੇ ਧਰਮ ਲਈ ਹੀ ਸ਼ਹਾਦਤ ਨਹੀਂ ਦਿੰਦਾ ਉਹ ਅਸੂਲਾਂ ਅਤੇ ਆਦਰਸ਼ਾਂ ਦੀ ਰਾਖੀ ਲਈ ਕਿਸੇ ਦੂਸਰੇ ਦੀ ਧਰਮ ਦੀ ਰਾਖੀ ਲਈ

ਵੀ ਸ਼ਹੀਦ ਹੋਣ ਲਈ ਵੀ ਤਤਪਰ ਰਹਿੰਦਾ ਹੈ ਅਤੇ ਮੌਤ ਅਤੇ ਜ਼ਿੰਦਗੀ ਨੂੰ ਇਕੋ ਜਿਹਾ ਹੀ ਮਹਿਸੂਸ ਕਰਦਾ ਹੈ। ਸਿੱਖ ਦੀ ਸ਼ਹਾਦਤ ਨਾ ਤਾਂ ਸ੍ਵੈ ਲਈ ਹੁੰਦੀ ਹੈ ਨਾ ਕੇਵਲ ਆਪਣੀ ਕੌਮ ਦੇ ਸਨਮਾਨ ਲਈ ਸਗੋਂ ਉਹ ਤਾਂ ਸਾਰੀ ਮਨੁੱਖਤਾ ਲਈ ਅਤੇ ਹਰ ਕਿਸਮ ਦੀ ਬੇ-ਇਨਸਾਫੀ ਖ਼ਾਤਰ ਜੂਝ ਮਰਨ ਨੂੰ ਆਪਣੇ ਸਤਿਕਾਰੇ ਗੁਰੂ ਦਾ ਹੁਕਮ ਮੰਨ ਕੇ ਸਵੀਕਾਰ ਕਰਦਾ ਹੈ।

ਸਿੱਖ ਧਰਮ ਅਨੁਸਾਰ ਸ਼ਹੀਦ ਮੌਤ ਦੇ ਡਰ ਤੋਂ ਮੁਕਤ ਹੁੰਦੇ ਹਨ ਅਤੇ ਪਰਮਾਤਮਾ ਨਾਲ ਇਕ ਸੁਰ ਹੋਏ ਹੁੰਦੇ ਹਨ। ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨ ਦਾ ਸਿਧਾਂਤ ਪਹਲੀ ਪਾਤਿਸ਼ਾਹੀ ਵਲੋਂ ਸਿਖਾਇਆ ਹੋਇਆ ਸੱਚ ਹੈ। ਇਹ ਸੱਚ ਕੇਵਲ ਸਿਧਾਂਤਾਂ ਤਕ ਹੀ ਸੀਮਤ ਨਹੀਂ ਰਿਹਾ ਇਸ ਦਾ ਪ੍ਰੈਕਟੀਕਲ ਰੂਪ ਵੀ ਦਿਖਾਇਆ ਗਿਆ ਸੀ। ਸਿੱਖ ਧਰਮ ਵਿਚ ਸ਼ਹਾਦਤਾਂ ਦੀ ਲੜੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ ਅਤੇ ਦੂਸਰੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਨੌਂਵੇਂ ਗੁਰੂ ਜੀ ਸਨ ਜੋ ਸਿੱਖੀ ਸਿਧਾਂਤ ਨੂੰ ਸਮਰਪਿਤ ਸਨ ਅਤੇ ਇਹਨਾਂ ਸਿਧਾਂਤਾਂ ਦੀ ਰਾਖੀ ਖਾਤਿਰ ਸਵੈ ਕੁਰਬਾਨ ਕਰ ਗਏ ਸਨ। ਇਹ ਸ਼ਹਾਦਤਾਂ ਜ਼ੁਲਮ ਦੇ ਵਿਰੁੱਧ ਸਨ ਅਤੇ ਕਿਸੇ ਮਨੁੱਖ ਜਾਂ ਧਰਮ ਦੇ ਵਿਰੁੱਧ ਨਹੀਂ ਸਨ। ਇਹ ਸ਼ਹੀਦੀ ਦਾ ਮਹਾਨ ਸਿਧਾਂਤ ਹੌਲੀ-ਹੌਲੀ ਜਨ ਸਧਾਰਣ ਦੀ ਚੇਤਨਾ ਵਿਚ ਸ਼ਾਮਲ ਹੋਣ ਲੱਗਾ ਅਤੇ ਆਮ ਲੋਕ ਜ਼ੁਲਮ ਨੂੰ ਭਾਣਾ ਮੰਨ ਲੈਣ ਤੋਂ ਇਨਕਾਰ ਕਰਨ ਲੱਗ ਪਏ। ਸਿੱਖ ਕੇਵਲ ਧਾਰਮਿਕ ਆਜ਼ਾਦੀ ਖ਼ਾਤਰ ਹੀ ਨਹੀਂ ਸਗੋਂ ਹੋਰ ਤਰ੍ਹਾਂ ਦੇ ਜ਼ੁਲਮਾਂ, ਆਰਥਿਕ ਅਤੇ ਸਮਾਜਕ ਕਿਸਮ ਦੀਆਂ ਵਧੀਕੀਆਂ ਨੂੰ ਸਹਿਣ ਤੋਂ ਵੀ ਇਨਕਾਰੀ ਹੋ ਗਏ।

ਸਿੱਖੀ ਸੋਚ ਦੇ ਧਾਰਨੀ ਇਸ ਵਿਸ਼ਵਾਸ ਵਿਚ ਯਕੀਨ ਰਖਦੇ ਹਨ ਕਿ ਸ਼ਹੀਦ ਹੋਣ ਲਈ ਯੋਗ ਹੋਣਾ ਵੀ ਜ਼ਰੂਰੀ ਹੈ। ਮੌਤ ਅਤੇ ਜ਼ਿੰਦਗੀ ਦੇ ਅਰਥਾਂ ਵਿਚ ਫ਼ਰਕ ਨਾ ਸਮਝਣ ਵਾਲੇ ਹੀ ਸਿੱਖ ਧਰਮ ਵਿਚ ਸ਼ਹੀਦ ਸਮਝੇ ਜਾਂਦੇ ਹਨ। ਸਿੱਖ ਧਰਮ ਅੰਦਰ ਸ਼ਹਾਦਤ ਦੇ ਕੇ ਹੋਰ ਲੋਕਾਂ ਲਈ ਆਦਰਸ਼ ਬਣ ਜਾਣਾ ਅਤੇ ਸਮਾਜ ਦੇ ਵਿਚ ਖੁਸ਼ੀਆਂ ਤੇ ਖੇੜੇ ਪ੍ਰਦਾਨ ਕਰਨਾ ਪ੍ਰਵਾਨ ਹੈ। ਦਸਵੇਂ ਗੁਰੂ, ਬਾਜਾਂ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਉਸ ਮੌਤ ਨੂੰ ਮਹਾਨ ਦਸਿਆ ਗਿਆ ਹੈ ਜਿਹੜੀ ਆਜ਼ਾਦੀ ਦੀ ਲੜਾਈ ਲੜਦੇ ਹੋਏ ਅਤੇ ਸਿਰ ਉਚਾ ਰਖਦੇ ਹੋਏ ਆ ਜਾਵੇ। ਉਹਨਾਂ ਨੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ:

**ਸਵੈਯਾ ॥**
**ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥**
**ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥**
**ਸ਼ੱਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ॥**
**ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ ॥੧੯੦੦॥**

ਇਸ ਲਈ ਜ਼ਰੂਰਤ ਹੈ ਜ਼ਜਬੇ ਦੀ, ਹਿੰਮਤ ਦੀ, ਠੋਸ ਅਤੇ ਨੇਕ ਸਿਧਾਂਤ ਦੀ, ਉਸ ਸਿਧਾਂਤ ਉਪਰ ਸੁਹਿਰਦ ਯਤਨਾਂ ਦੀ ਅਤੇ ਉਦੇਸ਼ ਦੀ ਪ੍ਰਾਪਤੀ ਲਈ ਕੀਤੇ ਅਮਲ ਦੀ ਇਕਸੁਰਤਾ ਦੀ। ਜੇਕਰ ਕਿਸੇ ਥਾਂ ਵੀ ਕਮੀ ਹੋਵੇ ਉਸ ਨੂੰ ਪੂਰਿਆਂ ਕਰਨ ਦੀ ਵੀ ਸਖ਼ਤ ਲੋੜ ਹੁੰਦੀ ਹੈ। ਜਦੋਂ ਮਨੁਖ ਸੁਹਿਰਦ ਯਤਨ ਕਰਦਾ ਹੈ ਅਰਥਾਤ ਕਫਨ ਸਿਰ ਤੇ ਬੰਨ੍ਹ

ਕੇ ਨਿਸ਼ਾਨਾ ਮਿਥ ਲੈਂਦਾ ਹੈ ਤਾਂ ਜਿੱਤਾਂ ਉਸ ਦੇ ਕਦਮ ਚੁੰਮਣ ਲਈ ਵੀ ਤਿਆਰ ਹੋ ਜਾਂਦੀਆਂ ਹਨ। ਜੇਕਰ ਰਸਤਾ ਠੀਕ ਚੁਣਿਆ ਜਾਵੇ ਅਤੇ ਨਿਸ਼ਾਨਾ ਸੇਧਿਆ ਵੀ ਦਰੁਸਤ ਹੋਵੇ ਤਾਂ ਪਰਮਾਤਮਾ ਵੀ ਹੱਕ ਵਿਚ ਇਕ ਧਿਰ ਬਣ ਜਾਂਦਾ ਹੈ ਅਤੇ ਜੇਕਰ ਪਰਮਾਤਮਾ ਦੀ ਨਜ਼ਰ ਸਵੱਲੀ ਹੋਵੇ ਤਾਂ ਉਸ ਨੂੰ ਹਰਾ ਸਕਣ ਵਾਲਾ ਕੋਈ ਵੀ ਮਾਈ ਦਾ ਲਾਲ ਨਹੀਂ ਹੋ ਸਕਦਾ। ਇਸ ਲਈ ਹਰ ਨਾਨਕ ਨਾਮ ਲੇਵਾ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਜ਼ੋਰ ਜਬਰ ਦੇ ਖਿਲਾਫ਼ ਅਵਾਜ਼ ਬੁਲੰਦ ਕਰੇ ਅਤੇ ਹਰ ਸਮੇਂ ਨਾ ਇਨਸਾਫੀ ਦਾ ਮੁਕਾਬਲਾ ਕਰਨ ਖਾਤਰ ਤਿਆਰ ਰਹੇ।

# ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

ਸਮੇਂ ਦਾ ਸੱਚ ਹੈ ਕਿ ਜੋ ਵਰਤਮਾਨ ਚਲ ਰਿਹਾ ਹੈ ਇਸ ਨੇ ਭੂਤਕਾਲ ਵਿਚ ਤਬਦੀਲ ਹੋਣਾ ਹੈ ਅਤੇ ਜੋ ਭਵਿੱਖਤ ਦੀ ਕੁੱਖ ਦੇ ਅੰਦਰ ਹੈ ਉਸ ਨੇ ਵਰਤਮਾਨ ਬਣਨਾ ਹੈ। ਇਹ ਇਕ ਜੀਵਨ ਦੀ ਸਚਾਈ ਹੈ ਕਿ ਜੋ ਵੀ ਪੈਦਾ ਹੋਇਆ ਹੈ ਉਸ ਨੇ ਮਰਨਾ ਹੈ ਭਾਵੇਂ ਉਹ ਪੈਂਡਾ ਬਚਪਨ ਤੋਂ ਜਵਾਨੀ ਤਕ ਅਤੇ ਜਵਾਨੀ ਤੋਂ ਬੁਢਾਪੇ ਤਕ ਤਹਿ ਕਰਦਾ ਹੈ ਜਾਂ ਥੋੜ੍ਹਾ ਸਫ਼ਰ ਤਹਿ ਕਰ ਚਲਿਆ ਜਾਵੇ, ਇਹ ਉਸ ਵਾਹਿਗੁਰੂ ਦੀ ਕਿਰਪਾ ਸਦਕਾ ਹੈ ਕੋਈ ਮਨੁੱਖ ਕਿਤਨਾ ਸਫ਼ਰ ਤਹਿ ਕਰ ਪਾਉਂਦਾ ਹੈ। ਮਨੁੱਖ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਕਦ ਉਸ ਦਾ ਸਮਾਂ ਖਤਮ ਹੋ ਰਿਹਾ ਹੈ, ਉਸ ਨੂੰ ਲੋੜ ਹੈ ਕਿ ਉਹ ਉਸ ਪਰਮਾਤਮਾ ਨੂੰ ਯਾਦ ਰੱਖੇ ਜਿਸ ਦੀ ਅਪਾਰ ਕਿਰਪਾ ਸਦਕਾ ਉਹ ਇਸ ਧਰਤੀ ਉਪਰ ਵਿਚਰ ਰਿਹਾ ਹੈ। ਇਸ ਸਚਾਈ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ ਕਿ :

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥**

*(ਅੰਗ ੧੪੨੯)*

ਇਹ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 1429 ਉਪਰ ਸੁਭਾਏਮਾਨ ਹੈ ਅਤੇ ਇਸ ਸਲੋਕ ਰਾਹੀਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਸਮਝਾ ਰਹੇ ਹਨ ਕਿ ਹੈ ਭਾਈ ਜੋ ਵੀ ਇਸ ਦੁਨੀਆ ਤੇ ਆਇਆ ਹੈ ਉਸ ਨੇ ਅੱਜ ਜਾਂ ਭਲਕ ਇਸ ਦੁਨੀਆ ਤੋਂ ਚਲੇ ਜਾਣਾ ਹੈ, ਇਸ ਲਈ ਸਾਰੇ ਮੋਹ ਮਾਇਆ ਦੇ ਜਾਲ ਨੂੰ ਤਿਆਗ ਕੇ ਉਸ ਪਰਮਾਤਮਾ ਦੇ ਗੁਣ ਗਾਇਆ ਕਰ। ਭਗਤ ਕਬੀਰ ਜੀ ਨੇ ਮਨੁੱਖ ਨੂੰ ਸਮਝਾਉਣ ਦਾ ਯਤਨ ਇਸ ਸਲੋਕ ਰਾਹੀਂ ਕੀਤਾ ਹੈ ਕਿ :

**ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥੨॥**
**ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥**
**ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥੩॥੨॥੧੩॥੬੪॥**

*(ਅੰਗ ੩੩੭)*

ਉਪਰੋਕਤ ਸਲੋਕ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 337 ਉਪਰ ਸੁਭਾਏਮਾਨ ਹੈ, ਰਾਹੀਂ ਕਬੀਰ ਜੀ ਦੱਸ ਰਹੇ ਹਨ ਕਿ ਕੁਦਰਤ ਦਾ ਅਟਲ ਨਿਯਮ ਹੈ ਕਿ ਜੋ ਜੀਵ ਇਸ ਧਰਤੀ ਤੇ ਪੈਦਾ ਹੋਇਆ ਹੈ ਉਸ ਨੇ ਖਤਮ ਹੋਣਾ ਹੀ ਹੈ ਭਾਵ ਇਹ ਜਗਤ ਸੁਪਨੇ ਦੀ ਤਰ੍ਹਾਂ ਹੈ ਅਤੇ ਜਿਸ ਨੇ ਸਤਿਸੰਗਤ ਮਾਣ ਕੇ ਉਸ ਪਰਮਾਤਮਾ ਨੂੰ ਯਾਦ ਕੀਤਾ ਹੈ ਉਹ ਮਨੁੱਖ ਇਸ ਮੋਹ ਮਾਇਆ ਦੇ ਜਾਲ ਤੋਂ ਨਿਰਲੇਪ ਰਹਿੰਦਾ ਹੈ ਕਿਉਂ ਜੋ ਉਸ ਨੂੰ ਸਮਝ

ਪੈ ਜਾਂਦੀ ਹੈ ਕੇ ਇਥੇ ਪੰਛੀ ਵਾਂਗ ਰੈਣ ਬਸੇਰਾ ਹੈ ਅਤੇ ਇਸ ਦੁਨੀਆ ਨੂੰ ਛੱਡ ਚਲੇ ਜਾਣਾ ਹੈ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 12 ਉਪਰ ਸੁਭਾਏਮਾਨ ਹੈ ਕਿ :

**ਆਸਾ ਮਹਲਾ ੫ ॥**
**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**
**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥**
**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
**ਕਹੁ ਨਾਨਕ ਹਮ ਨੀਚ ਕਰੰਮਾ ॥**
**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥** *(ਅੰਗ ੧੨)*

ਹੇ ਮਨੁੱਖ ! ਉਸ ਵਾਹਿਗੁਰੂ ਦੀ ਕਿਰਪਾ ਸਦਕਾ ਤੈਨੂੰ ਇਤਨਾ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ ਆਪਣੇ ਮਾਲਕ ਨੂੰ ਮਿਲਣ ਦਾ ਇਹੋ ਹੀ ਤੇਰਾ ਮੌਕਾ ਹੈ ਜੇਕਰ ਉਸ ਪ੍ਰਭੂ ਨੂੰ ਮਿਲਣ ਲਈ ਕੋਈ ਵੀ ਉਦਮ ਨਾ ਕੀਤਾ ਤਾਂ ਹੋਰ ਸਾਰੇ ਕੰਮ ਤੇਰੇ ਕਿਸੇ ਵੀ ਕੰਮ ਨਹੀਂ ਹਨ। ਇਸ ਲਈ ਸਾਧ ਸੰਗਤ ਦਾ ਸੰਗ ਕਰ ਉਸ ਪਰਮਾਤਮਾ ਦਾ ਸਿਮਰਨ ਕਰਿਆ ਕਰ। ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣ ਦਾ ਵੀ ਕੋਈ ਆਹਰ ਕਰ ਦੁਨਿਆਵੀ ਪ੍ਰੀਤ ਅੰਦਰ ਤੇਰਾ ਮਨੁੱਖੀ ਜੀਵਨ ਬੇਕਾਰ ਹੀ ਬੀਤ ਰਿਹਾ ਹੈ। ਹੇ ਭਾਈ ! ਤੂੰ ਵਾਹਿਗੁਰੂ ਦਾ ਸਿਮਰਨ ਨਹੀਂ ਕਰ ਰਿਹਾ ਅਤੇ ਆਪਣੇ ਮਨ ਨੂੰ ਵਿਕਾਰਾਂ ਨੂੰ ਰੋਕਣ ਦਾ ਕੋਈ ਯਤਨ ਨਹੀਂ ਕਰ ਰਿਹਾ ਭਾਵ ਤੂੰ ਅਜਿਹਾ ਕੋਈ ਧਰਮ ਨਹੀਂ ਕਮਾਉਂਦਾ। ਉਸ ਅਪਰੰਪਾਰ ਮਾਲਕ ਦਾ ਸਿਮਰਨ ਨਹੀਂ ਕੀਤਾ ਬਾਕੀ ਸਾਰੇ ਕੰਮ ਮੰਦੇ ਹਨ ਅਤੇ ਗੁਰੂ ਜੀ ਉਸ ਪਰਮਾਤਮਾ ਦੇ ਅੱਗੇ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ ਜੀ ! ਸਾਡੀ ਸ਼ਰਨ ਪਿਆਂ ਦੀ ਲਾਜ ਰੱਖ ਲੈ।

ਸੰਘਰਸ਼ ਦਾ ਨਾਮ ਹੀ ਜ਼ਿੰਦਗੀ ਹੈ ਇਸ ਜੀਵਨ ਅੰਦਰ ਟਕਰਾਅ ਵੀ ਹੈ ਅਤੇ ਮੁਸੀਬਤਾਂ ਦਾ ਟਾਕਰਾ ਵੀ ਕਰਨਾ ਪੈਂਦਾ ਹੈ। ਚੰਚਲ ਮਨ ਟਿਕਾ ਵਿਚ ਨਹੀਂ ਰਹਿੰਦਾ ਇਹ ਜਲਦੀ ਹੀ ਇਕ ਮੰਗ ਤੋਂ ਦੂਜੀ ਮੰਗ ਵਲ ਭੱਜਦਾ ਹੈ ਭਾਵੇਂ ਕਿਤਨੇ ਹੀ ਦੁਨਿਆਵੀ ਪਦਾਰਥ ਇਸ ਮਨ ਨੂੰ ਮਿਲ ਜਾਂਦੇ ਹਨ ਇਸ ਨੂੰ ਸਬਰ ਨਹੀਂ ਆਉਂਦਾ। ਇਹ ਹੋਰ ਤੋਂ ਹੋਰ ਦੀ ਤਮੰਨਾ ਕਰਦਾ ਹੀ ਰਹਿੰਦਾ ਹੈ। ਜਦੋਂ ਕੋਈ ਵਸਤ ਪ੍ਰਾਪਤ ਕਰ ਲੈਂਦਾ ਹੈ ਅਤੇ ਖੁਸ਼ੀ ਅੰਦਰ ਖੀਵਾ ਹੋ ਜਾਂਦਾ ਹੈ ਅਤੇ ਜੇਕਰ ਕੋਈ ਪ੍ਰਾਪਤੀ ਨਹੀਂ ਹੋ ਪਾਉਂਦੀ ਸਗੋਂ ਕਿਸੇ ਵਸਤ ਦਾ ਨੁਕਸਾਨ ਹੋ ਜਾਂਦਾ ਹੈ ਅਤੇ ਵਸਤ ਖੁੱਸ ਜਾਂਦੀ ਹੈ ਤਾਂ ਅਫਸੋਸ ਨਾਲ ਸਿਰ ਸੁੱਟ ਲੈਂਦਾ ਹੈ ਅਤੇ ਉਦਾਸ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਰਾਗ ਆਸਾ ਅੰਦਰ ਲਿਖਦੇ ਹਨ ਕਿ :

**ਆਸਾ ॥**
**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥**
**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥**
**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥**
**ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥**
**ਕਹਿ ਰਵਿਦਾਸ ਬਾਜੀ ਜਗੁ ਭਾਈ ॥**
**ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩॥੬॥** *(ਅੰਗ ੪੮੭)*

ਇਹ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 487 ਉਪਰ ਸੁਭਾਏਮਾਨ ਹੈ ਇਸ ਰਾਹੀਂ ਭਗਤ ਰਵਿਦਾਸ ਜੀ ਆਖਦੇ ਹਨ ਕਿ ਮਾਇਆ ਦੇ ਮੋਹ ਅੰਦਰ ਇਹ ਮਿੱਟੀ ਦਾ ਪੁਤਲਾ ਕਿਵੇਂ ਨਾਚ ਨੱਚ ਰਿਹਾ ਹੈ ਅਤੇ ਭਟਕ ਰਿਹਾ ਹੈ। ਮਾਇਆ ਨੂੰ ਚਾਰੇ ਪਾਸੇ ਲੱਭਦਾ ਹੈ ਅਤੇ ਉਸ ਨੂੰ ਮਾਇਆ ਦੀਆਂ ਗੱਲਾਂ ਹੀ ਚੰਗੀਆਂ ਲਗਦੀਆਂ ਹਨ। ਹਰ ਵੇਲੇ ਮਾਇਆ ਕਮਾਉਣ ਦੇ ਚੱਕਰ ਵਿਚ ਹੀ ਭਟਕਦਾ ਹੈ। ਜਦੋਂ ਕੁਝ ਧਨ ਆਦਿ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਹੰਕਾਰ ਕਰਨ ਲਗਦਾ ਹੈ ਅਤੇ ਜਿਸ ਸਮੇਂ ਧਨ ਚਲਾ ਜਾਂਦਾ ਹੈ ਤਾਂ ਰੋਣ ਲਗ ਜਾਂਦਾ ਹੈ। ਆਪਣੇ ਮਨ ਦੇ ਕਾਰਨ ਅਤੇ ਕਰਤੂਤਾਂ ਦੇ ਕਾਰਨ ਵੱਖ-ਵੱਖ ਚਸਕਿਆਂ ਦੇ ਅੰਦਰ ਫਸਿਆ ਹੋਇਆ ਹੈ। ਜਿਸ ਵੇਲੇ ਇਹ ਸਰੀਰ ਖ਼ਤਮ ਹੋ ਜਾਂਦਾ ਹੈ ਭਾਵ ਮੌਤ ਆ ਜਾਂਦੀ ਹੈ ਤਾਂ ਉਸ ਅਕਾਲ ਪੁਰਖ ਦੇ ਚਰਨਾਂ ਵਿਚ ਜਾਣ ਦੀ ਬਜਾਏ ਕਿਸੇ ਕੁਥਾਂ ਪੁੱਜ ਜਾਂਦਾ ਹੈ। ਭਗਤ ਰਵਿਦਾਸ ਜੀ ਆਖਦੇ ਹਨ ਕਿ ਇਹ ਸੰਸਾਰ ਇਕ ਖੇਡ ਹੈ ਜੋ ਉਹ ਖਿਡਾਰੀ ਆਪ ਹੀ ਖੇਡ ਰਿਹਾ ਹੈ ਅਤੇ ਮੇਰਾ ਉਸ ਮੁੱਖ ਖਿਡਾਰੀ ਨਾਲ ਪਿਆਰ ਹੋ ਚੁਕਾ ਹੈ।

ਪਰੰਤੂ ਸਬਰ ਅਤੇ ਸੰਤੋਖ ਕੇਵਲ ਉਸ ਕਰਤੇ ਨੂੰ ਆਪਣਾ ਆਪ ਸਮਰਪਿਤ ਕਰ ਹੀ ਆ ਸਕਦਾ ਹੈ। ਜਦੋਂ ਵੀ ਅਸੀਂ ਸਮਰਪਿਤ ਕਰ ਦਿੰਦੇ ਹਾਂ ਤਾਂ ਸਾਨੂੰ ਸ਼ਾਂਤੀ ਮਿਲਦੀ ਹੈ ਅਤੇ ਅਸੀਂ ਅਨੰਦ ਨਾਲ ਸਰਸ਼ਾਰ ਹੋ ਜਾਂਦੇ ਹਨ ਸਾਡੇ ਮਨ ਅੰਦਰ ਸੰਤੁਸ਼ਟੀ ਮਿਲਦੀ ਹੈ। ਇਸ ਲਈ ਮਨੁੱਖ ਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ ਕਿ ਆਪਣਾ ਆਪ ਉਸ ਵਾਹਿਗੁਰੂ ਨੂੰ ਕਿਵੇਂ ਸਮਰਪਿਤ ਕੀਤਾ ਜਾਵੇ। ਉਸ ਲਈ ਗੁਰੂ ਸਾਹਿਬਾਨ ਨੇ ਸਮਝਾਇਆ ਹੈ ਕਿ ਗੁਰਮੁਖ ਬਣੋ, ਉਸ ਕਰਤੇ ਦੀ ਰਜ਼ਾ ਵਿਚ ਖੁਸ਼ੀ ਮਨਾਓ, ਮਨਮੁਖ ਨਾ ਬਣੋ। ਹਉਮੈ ਨੂੰ ਦੂਰ ਭਜਾਓ, ਆਪਣੇ ਗੁਰੂ ਦਾ ਆਸਰਾ ਤੱਕੋ, ਕਿਸੇ ਮਨੁੱਖ ਦੇ ਆਸਰੇ ਨਾ ਜੀਵਨ ਗੁਜ਼ਾਰੋ। ਜੇ ਤੁਸੀਂ ਆਪਣੇ ਵਾਹਿਗੁਰੂ ਦਾ ਆਸਰਾ ਤੱਕੋਗੇ ਤਾਂ ਜ਼ਰੂਰ ਹੀ ਉਹ ਤੁਹਾਨੂੰ ਆਪਣੀ ਸ਼ਰਨ ਵਿਚ ਲਵੇਗਾ ਅਤੇ ਤੁਹਾਡਾ ਮਾਰਗ ਦਰਸ਼ਨ ਕਰੇਗਾ। ਸਬਰ ਸੰਤੋਖ ਨਾਲ ਰਹਿਣ ਦਾ ਭਰਪੂਰ ਯਤਨ ਕੀਤਾ ਜਾਵੇ। ਉਸ ਪਰਮਾਤਮਾ ਦੇ ਖ਼ਜ਼ਾਨੇ ਹਮੇਸ਼ਾ ਹੀ ਭਰੇ ਰਹਿੰਦੇ ਹਨ ਅਤੇ ਨਾ ਖਤਮ ਹੋਣ ਵਾਲੇ ਹਨ ਉਸ ਦੇ ਆਸਰੇ ਰਹਿ ਅਸੀਂ ਚਿੰਤਾ ਮੁਕਤ ਹੋ ਸਕਦੇ ਹਾਂ।

ਭਗਤ ਕਬੀਰ ਜੀ ਆਖਦੇ ਹਨ ਕਿ ਹੇ ਮਨੁੱਖ ! ਤੂੰ ਰੱਬ ਨੂੰ ਨਾ ਭੁਲਿਆ ਕਰ ਕਿਉਂ

ਜੋ ਇਸ ਮਨੁਖਾਂ ਜਨਮ ਦੇ ਅੰਦਰ ਹੀ ਤੈਨੂੰ ਉਸ ਅਪਰੰਪਾਰ ਨੂੰ ਸਿਮਰਨ ਕਰਨ ਦਾ ਮੌਕਾ ਮਿਲਿਆ ਹੈ, ਇਸ ਨੂੰ ਅਜਾਈਂ ਨਾ ਗੁਆ ਬੈਠੀਂ। ਕਿਸੇ ਵੀ ਹੋਰ ਜੂਨੀ ਦੇ ਅੰਦਰ ਇਹ ਸ਼ੁਭ ਅਵਸਰ ਪ੍ਰਾਪਤ ਨਹੀਂ ਹੋਵੇਗਾ। ਇਸ ਲਈ ਜਦੋਂ ਤਕ ਤੇਰੇ ਅੰਦਰ ਦਮ ਹੈ ਤਾਂ ਉਸ ਵਾਹਿਗੁਰੂ ਨੂੰ ਯਾਦ ਕਰਿਆ ਕਰ। ਫੇਰ ਜਦੋਂ ਤੇਰੀ ਸ਼ਕਤੀ ਜਵਾਬ ਦੇ ਜਾਵੇਗੀ ਤਾਂ ਤੂੰ ਯਾਦ ਨਹੀਂ ਕਰ ਸਕੇਂਗਾ ਅਤੇ ਪਛਤਾਇਆਂ ਵੀ ਕੁਝ ਨਹੀਂ ਹੋ ਸਕੇਗਾ। ਇਸ ਲਈ ਜੇਕਰ ਮਨੁੱਖਾਂ ਜਨਮ ਦਾ ਲਾਭ ਪ੍ਰਾਪਤ ਕਰਨਾ ਹੈ ਤਾਂ ਉਸ ਪਰਮਾਤਮਾ, ਜੋ ਸਮੁੱਚੀ ਖਲਕਤ ਦਾ ਸੁਆਮੀ ਹੈ, ਨੂੰ ਸਿਮਰਿਆ ਕਰ। ਭਗਤ ਕਬੀਰ ਜੀ ਨੇ ਲਿਖਿਆ ਹੈ ਕਿ:

**ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥**
**ਮਾਨਸ ਜਨਮ ਕਾ ਏਹੀ ਲਾਹੁ ॥੧॥** (*ਅੰਗ ੧੧੫੯*)

ਇਹ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 1159 ਉਪਰ ਸੁਭਾਏਮਾਨ ਹੈ।

ਸ਼ੇਖ ਫਰੀਦ ਜੀ ਲਿਖਦੇ ਹਨ ਕਿ ਹੈ ਫਰੀਦ ਜਿਨ੍ਹਾਂ ਕੰਮਾਂ ਦਾ ਕੋਈ ਵੀ ਫਾਇਦਾ ਨਹੀਂ ਹੈ, ਉਹ ਕੰਮ ਛੱਡ ਦੇ। ਕਿਤੇ ਅਜਿਹਾ ਨਾ ਹੋਵੇ ਕਿ ਅੰਤ ਸਮੇਂ ਤੈਨੂੰ ਆਪਣੇ ਕੀਤੇ ਕੰਮਾਂ ਕਾਰਨ ਉਸ ਮਾਲਕ ਦੇ ਦਰਬਾਰ ਅੰਦਰ ਸ਼ਰਮਿੰਦਗੀ ਉਠਾਣੀ ਪਵੇ। ਉਨ੍ਹਾਂ ਦੇ ਲਿਖੇ ਸ਼ਬਦਾਂ ਵਿਚ:

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥** (*ਅੰਗ ੧੩੮੧*)

ਇਸ ਲਈ ਹੁਣ ਮੌਕਾ ਹੈ ਉਸ ਸੁਆਮੀ ਨੂੰ ਸਿਮਰ ਤਾਂ ਜੋ ਇਸ ਮਨੁੱਖਾ ਜਨਮ ਦਾ ਲਾਹਾ ਲਿਆ ਜਾ ਸਕੇ। ਇਸ ਲਈ ਵਾਰ ਵਾਰ ਉਸ ਪ੍ਰੀਤਮ ਦਾ ਨਾਮ ਜਪਿਆ ਕਰ ਤਾਂ ਜੋ ਉਸ ਦੀ ਦਰਗਾਹ ਅੰਦਰ ਕਬੂਲ ਹੋ ਸਕੇਂ।

# ਰਵਿਦਾਸੁ ਜਪੈ ਰਾਮ ਨਾਮਾ

ਕਾਵਿ ਦਾ ਮਹੱਤਵਪੂਰਣ ਅਤੇ ਪ੍ਰਮੁੱਖ ਅੰਗ ਸੰਗੀਤ ਹੁੰਦਾ ਹੈ। ਭਗਤਾਂ ਰੱਬ ਦੇ ਪਿਆਰਿਆਂ ਨੇ ਜਦੋਂ ਵੀ ਵਜਦ ਵਿਚ ਆ ਕੇ ਜੋ ਕੁਝ ਵੀ ਉਚਾਰਿਆ ਉਹ ਕਵਿਤਾ ਨਾ ਹੋ ਕੇ ਬਾਣੀ ਅਖਵਾਇਆ। ਉਸ ਬਾਣੀ ਦੇ ਵਿਚ ਰਸ ਭਰੇ ਮਧੁਰ ਰੱਬੀ ਸੁਨੇਹੇ ਅਤੇ ਰੱਬ ਦੀਆਂ ਦਾਤਾਂ ਦਾ ਵਰਨਣ ਹੋਇਆ। ਰੱਬੀ ਅਨੁਭਵਾਂ ਨੂੰ ਸ਼ਬਦੀ ਜਾਮਾ ਪਹਿਨਾਇਆ ਗਿਆ ਤਾਂ ਜੋ ਪਰਮਾਰਥ ਦੇ ਰਸਤੇ ਉਪਰ ਚਲਣ ਵਾਲੇ ਇਹਨਾਂ ਹਕੀਕੀ ਅਨੁਭਵਾਂ ਤੋਂ ਫਾਇਦਾ ਉਠਾ ਪਰਮ ਪਦਵੀ ਨੂੰ ਪ੍ਰਾਪਤ ਕਰ ਸਕਣ। ਭਗਤਾਂ ਨੇ ਰੱਬੀ ਕੀਰਤਨ ਕੀਤਾ ਉਸ ਪਰਮ ਪੁਰਖ ਪਰਮਾਤਮਾ ਦੇ ਗੁਣਾਂ ਦਾ ਗਾਇਨ ਕੀਤਾ। ਉਹ ਸ਼ਬਦੀ ਜਾਮਾ ਪਹਿਨ ਕੇ ਸਾਰੇ ਅਨੁਭਵ ਬਾਣੀ ਬਣ ਗਏ। ਕਵਿਤਾ ਅਤੇ ਬਾਣੀ ਦਾ ਮੁੱਖ ਅੰਤਰ ਇਹੋ ਹੀ ਹੈ ਕਿ ਕਵਿਤਾ ਦਾ ਰੁੱਖ ਦੁਨੀਆ ਵੱਲ ਹੁੰਦਾ ਹੈ ਜਦੋਂ ਕਿ ਬਾਣੀ ਦਾ ਰੁਖ ਉਸ ਅਕਾਲ ਪੁਰਖ ਜਾਂ ਰੱਬ ਵਲ ਹੁੰਦਾ ਹੈ। ਬਾਣੀ ਦਾ ਮੁਲਾਂਕਣ ਕਰਨ ਹਿਤ ਕੋਈ ਵੀ ਕਾਵਿ ਸ਼ਾਸ਼ਤਰ ਹੋਂਦ ਵਿਚ ਨਹੀਂ ਆਇਆ ਹੈ ਇਸ ਲਈ ਭਗਤਾਂ ਦੀ ਬਾਣੀ ਨੂੰ ਪਰੰਪਰਾਗਤ ਢੰਗ ਨਾਲ ਹੀ ਵੇਖਣਾ ਚਾਹੀਦਾ ਹੈ। ਭਗਤ ਕਬੀਰ ਜੀ, ਭਗਤ ਸੈਣ ਅਤੇ ਭਗਤ ਧੰਨਾ ਜੀ ਆਦਿ ਨੇ ਆਰਤੀ ਦੀ ਪਰੰਪਰਾਗਤ ਵਿਧੀ ਨੂੰ ਨਾ ਸਵੀਕਾਰਿਆ। ਭਗਤ ਰਵਿਦਾਸ ਜੀ ਵਲੋਂ ਵਰਨਣ ਆਰਤੀ ਵਿਚ ਬੜੇ ਸੁੰਦਰ ਸ਼ਬਦਾਂ ਦੀ ਵਰਤੋਂ ਕਰ ਦਸਿਆ ਹੈ ਕਿ ਉਸ ਪਰਮਾਤਮਾ ਦਾ ਨਾਮ ਹੀ ਆਰਤੀ ਹੈ ਅਤੇ ਬਾਕੀ ਸਭ ਝੂਠੇ ਪਸਾਰੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ :

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥**
**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**
**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥**
**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**
**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**
**ਨਾਮ ਤੇਰੇ ਕੀ ਜੋਤਿ ਲਗਾਈ**
**ਭਇਓ ਉਜਿਆਰੋ ਭਵਨ ਸਗਲਾਰੇ ॥੨॥**
**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ**

**ਭਾਰ ਅਠਾਰਹ ਸਗਲ ਜੂਠਾਰੇ ॥**
**ਤੇਰੋ ਕੀਆ ਤੁਝਹਿ ਕਿਆ ਅਰਪਉ**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥**
**ਦਸ ਅਠਾ ਅਠਸਠੇ ਚਾਰੇ ਖਾਣੀ**
**ਇਹੈ ਵਰਤਣਿ ਹੈ ਸਗਲ ਸੰਸਾਰੇ ॥**
**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ**
**ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥** *(ਅੰਗ ੬੯੪)*

ਉਹ ਦੱਸਦੇ ਹਨ ਕਿ ਹੈ ਪ੍ਰਭੂ ਅਣਜਾਣ ਲੋਕ ਮੂਰਤੀਆਂ ਦੀ ਆਰਤੀ ਉਤਾਰਦੇ ਹਨ ਪਰੰਤੂ ਮੇਰੇ ਲਈ ਤੇਰਾ ਨਾਮ ਹੀ ਆਰਤੀ ਹੈ ਅਤੇ ਤੀਰਥਾਂ ਦਾ ਇਸ਼ਨਾਨ ਹੈ। ਹੇ ਭਾਈ! ਉਸ ਪ੍ਰਭੂ ਦੇ ਨਾਮ ਤੋਂ ਬਿਨਾਂ ਹੋਰ ਸਾਰੇ ਅਡੰਬਰ ਕੂੜੇ ਹਨ। ਤੇਰਾ ਨਾਮ ਮੇਰੀ ਉਪਾਸਨਾ ਵਾਲੀ ਚਟਾਈ ਹੈ, ਤੇਰਾ ਨਾਮ ਮੇਰੀ ਰਗੜਨ ਵਾਲੀ ਸਿਲ੍ਹ ਅਤੇ ਤੇਰਾ ਨਾਮ ਹੀ ਕੇਸਰ, ਜਿਸ ਨੂੰ ਲੈ ਕੇ ਮੈਂ ਤੇਰੇ ਉਪਰ ਛਿੜਕਾਓ ਕਰਦਾ ਹਾਂ। ਹੇ ਮੁਰਾਰ! ਤੇਰਾ ਨਾਮ ਹੀ ਪਾਣੀ ਹੈ ਅਤੇ ਤੇਰਾ ਨਾਮ ਹੀ ਚੰਨਣ। ਤੇਰੇ ਨਾਮ ਦਾ ਉਚਾਰਨ ਹੀ ਚੰਨਣ ਦਾ ਰਗੜਨ ਹੈ, ਨਾਮ ਨੂੰ ਲੈ ਕੇ ਮੈਂ ਇਸ ਦੀ ਭੇਟਾ ਤੈਨੂੰ ਚੜ੍ਹਾਉਂਦਾ ਹਾਂ। ਤੇਰਾ ਨਾਮ ਹੀ ਦੀਵਾ ਹੈ ਅਤੇ ਤੇਰੇ ਨਾਮ ਦੀ ਹੀ ਬਾਤੀ। ਤੇਰੇ ਨਾਮ ਦਾ ਤੇਲ ਲੈ ਕੇ ਮੈਂ ਇਸ ਨੂੰ ਉਸ ਵਿਚ ਪਾਉਂਦਾ ਹਾਂ। ਤੇਰੇ ਨਾਮ ਦੀ ਲਾਟ ਮੈਂ ਇਸ ਨੂੰ ਲਾਈ ਹੈ ਅਤੇ ਇਸ ਨੇ ਸਾਰੇ ਜਹਾਨ ਨੂੰ ਰੌਸ਼ਨ ਕਰ ਦਿੱਤਾ ਹੈ। ਤੇਰਾ ਨਾਮ ਹੀ ਧਾਗਾ ਹੈ ਅਤੇ ਤੇਰਾ ਨਾਮ ਹੀ ਪੁਸ਼ਪ ਮਾਲਾ ਹੈ। ਬਨਾਸਪਤੀ ਦੇ ਸਾਰੇ ਅਠਾਰਾਂ ਭਾਰ ਹੀ ਤੈਨੂੰ ਭੇਟਾ ਕਰਨ ਖਾਤਰ ਅਪਵਿੱਤਰ ਹਨ। ਮੈਂ ਤੇਰੇ ਬਣਾਏ ਹੋਏ ਦੀ ਤੈਨੂੰ ਭੇਟਾ ਕਿਉਂ ਕਰਾਂ। ਤੇਰੇ ਨਾਮ ਦੀ ਚੌਰ ਹੀ ਮੈਂ ਤੇਰੇ ਉਪਰ ਕਰਦਾ ਹਾਂ। ਸਾਰਾ ਸੰਸਾਰ ਹੀ ਅਠਾਰਾਂ ਪੁਰਾਣਾਂ, ਤੀਰਥਾਂ ਅਤੇ ਚਾਰਾਂ ਹੀ ਉਤਪਤੀ ਸੋਮਿਆਂ ਅੰਦਰ ਖੱਚਤ ਹੋਇਆ ਹੋਇਆ ਹੈ। ਰਵਿਦਾਸ ਜੀ ਆਖਦੇ ਹਨ ਹੇ ਪ੍ਰਭੂ ! ਕੇਵਲ ਤੇਰਾ ਨਾਮ ਹੀ ਮੇਰੀ ਪ੍ਰਤੱਖ ਪੂਜਾ ਹੈ। ਤੇਰੇ ਸੱਚੇ ਨਾਮ ਦਾ ਪ੍ਰਸ਼ਾਦ ਹੀ ਮੈਂ ਤੈਨੂੰ ਚੜ੍ਹਾਉਂਦਾ ਹਾਂ।

ਭਗਤੀ ਸਾਹਿਤ ਦਾ ਮੂਲ ਵਿਸ਼ਾ ਪਰਮਾਤਮਾ ਹੈ। ਪਰਮਾਤਮਾ ਦੇ ਦੋ ਸਰੂਪਾਂ ਸਰਗੁਣ ਅਤੇ ਨਿਰਗੁਣ ਦਾ ਬਿਆਨ ਭਾਰਤੀ ਅਧਿਆਤਮਕ ਸਾਹਿਤ ਵਿਚ ਬਹੁਤ ਹੀ ਵਿਸਥਾਰ ਹੋਇਆ ਮਿਲਦਾ ਹੈ। ਨਿਰਗੁਣ ਦਾ ਅਰਥ ਹੈ ਗੁਣ ਰਹਿਤ ਜਾਂ ਗੁਣ ਅਤੀਤ ਅਤੇ ਸਰਗੁਣ ਦਾ ਅਰਥ ਹੈ ਗੁਣ ਸਹਿਤ। ਗੁਣ ਅਤੀਤ ਨੂੰ ਗੁਣਾਂ ਦੀ ਸੀਮਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਉਹ ਸਰਬ ਸ਼ਕਤੀਮਾਨ ਪਰਮਾਤਮਾ ਸਰਬ ਵਿਆਪਕ ਹੈ ਅਤੇ ਘਟ ਘਟ ਵਿਚ ਵਸਦਾ ਹੈ। ਇਸ ਲਈ ਉਹ ਸਰਗੁਣ ਵੀ ਹੈ। ਗੁਰਬਾਣੀ ਦੇ ਅੰਦਰ ਪਰਮਾਤਮਾ ਨੂੰ ਨਿਰਗੁਣ ਅਤੇ ਸਰਗੁਣ ਦੋਵੇਂ ਹੀ ਮੰਨਿਆ ਗਿਆ ਹੈ। ਭਗਤੀ ਮਾਰਗ ਨਾਲ ਜੁੜੇ ਹੋਏ ਹੋਰ ਮਹਾਨ ਸੰਤਾਂ ਅਤੇ ਭਗਤਾਂ ਦੀ ਤਰ੍ਹਾਂ ਆਪ ਨਿਰਗੁਣ ਅਤੇ ਸਰਗੁਣ ਵਿਚ ਕੋਈ ਵਿਭਾਜਨ ਰੇਖਾ ਨਹੀਂ ਖਿੱਚਦੇ ਹਨ। ਨਿਰਗੁਣ ਪਰਮਾਤਮਾ ਦੇ ਪੂਜਕ ਹੋਣ ਦੇ ਬਾਵਜੂਦ, ਪ੍ਰਭੂ ਮਿਲਣ ਦੀ ਤੀਬਰ ਇੱਛਾ ਆਪ ਨੂੰ ਸਰਗੁਣ ਭਗਤੀ ਪਰੰਪਰਾ ਦੇ ਨੇੜੇ ਵੀ ਲੈ ਜਾਂਦੀ ਹੈ। ਇਸ ਤਰ੍ਹਾਂ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਦੇ ਅੰਦਰ ਸੰਤੁਲਨ ਦੀ ਸਿਰਜਣਾ ਕਰਦੇ ਦਿਸਦੇ ਹਨ। ਨਿਰਗੁਣ ਆਕਾਰ ਧਾਰਦਾ ਹੈ, ਬ੍ਰਹਿਮੰਡ ਰਚ ਕੇ ਉਸ

ਦੇ ਵਿਚ ਵੀ ਵੱਸਦਾ ਹੈ, ਇਸ ਲਈ ਸਰਗੁਣ ਹੈ। ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ :

**ਨਿਰਗੁਨੁ ਆਪਿ ਸਰਗੁਨੁ ਭੀ ਓਹੀ॥**
**ਕਲਾ ਧਾਰਿ ਜਿਨਿ ਸਗਲੀ ਮੋਹੀ॥**
**ਅਪਨੇ ਚਰਿਤ ਪ੍ਰਭਿ ਆਪਿ ਬਨਾਏ॥**
**ਅਪੁਨੀ ਕੀਮਤਿ ਆਪੇ ਪਾਏ॥**
**ਹਰਿ ਬਿਨੁ ਦੂਜਾ ਨਾਹੀ ਕੋਇ॥**
**ਸਰਬ ਨਿਰੰਤਰਿ ਏਕੋ ਸੋਇ॥** *(ਅੰਗ ੨੮੭)*

ਭਗਤ ਰਵਿਦਾਸ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ ਅਤੇ ਉਸ ਪਰਮ ਹਸਤੀ ਦੇ ਗੁਣਾਂ ਨੂੰ ਬੜੇ ਸੁੰਦਰ ਢੰਗ ਨਾਲ ਆਪਣੀ ਬਾਣੀ ਦੇ ਅੰਦਰ ਅੰਕਿਤ ਕੀਤਾ ਹੈ :

**ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ**
**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥**

*(ਅੰਗ ੬੫੮)*

ਉਪਰੋਕਤ ਸ਼ਬਦ ਰਾਹੀਂ ਭਗਤ ਰਵਿਦਾਸ ਜੀ ਆਖ ਰਹੇ ਹਨ ਕਿ ਸਾਰਿਆਂ ਦੇ ਅੰਦਰ ਇਕ ਸੁਆਮੀ ਨੇ ਅਨੇਕ ਰੂਪ ਧਾਰਨ ਕੀਤੇ ਹੋਏ ਹਨ ਅਤੇ ਉਹ ਮਾਲਕ ਸਾਰਿਆਂ ਦਿਲਾਂ ਦੇ ਅੰਦਰ ਆਨੰਦ ਮਾਣ ਰਿਹਾ ਹੈ। ਰਵਿਦਾਸ ਜੀ ਆਖਦੇ ਹਨ ਕਿ ਉਹ ਮਾਲਕ ਸਾਨੂੰ ਆਪਣੇ ਹੱਥਾਂ ਅਤੇ ਪੈਰਾਂ ਨਾਲੋਂ ਵੀ ਨੇੜੇ ਹੈ। ਇਸ ਲਈ ਜੋ ਕੁਝ ਕੁਦਰਤੀ ਹੋ ਰਿਹਾ ਉਸ ਨੂੰ ਹੋਣ ਦਿਉ।

ਸਵੈ ਜੀਵਨੀ ਲਿਖਣ ਦਾ ਰਿਵਾਜ ਭਾਰਤ ਦੇ ਅੰਦਰ ਪ੍ਰਚਲਿਤ ਨਹੀਂ ਸੀ ਅਤੇ ਇਹ ਰਿਵਾਜ ਮੁਗਲਾਂ ਦੇ ਆਉਣ ਨਾਲ ਆਇਆ ਸੀ ਕਾਰਨ ਇਹ ਦੱਸਿਆ ਜਾਂਦਾ ਹੈ ਭਾਰਤੀ ਫਿਲਾਸਫੀ ਅਤੇ ਅਧਿਆਤਮਿਕ ਲੋਕਾਂ ਦਾ ਵਿਚਾਰ ਸੀ ਕਿ ਇਹ ਦੁਨੀਆਂ ਇਕ ਮਿਥਿਆ ਹੈ ਅਤੇ ਆਤਮਾ ਇਸ ਦੁਨੀਆਂ ਦੇ ਅੰਦਰ ਚੋਲੇ ਬਦਲ-ਬਦਲ ਕੇ ਆਉਂਦੀ ਰਹਿੰਦੀ ਹੈ ਪਰੰਤੂ ਮੁਸਲਮਾਨ ਇਹ ਮਹਿਸੂਸ ਕਰਦੇ ਹਨ ਕਿ ਬਸ ਇਹੋ ਹੀ ਜੀਵਨ ਹੈ ਅਤੇ ਫੇਰ ਕਬਰਾਂ ਦੇ ਅੰਦਰ ਜਾ ਪੈਣਾ ਹੈ ਅਤੇ ਕਿਆਮਤ ਵਾਲੇ ਦਿਨ ਮੁਹਮੰਦ ਸਾਹਿਬ ਨੇ ਉਥੋਂ ਕੱਢਣਾ ਹੈ। ਤਾਂ ਹੀ ਉਹ ਮਕਬਰੇ ਬਣਾਉਂਦੇ ਸਨ ਅਤੇ ਆਪਣੇ ਬਾਰੇ ਲਿਖਦੇ ਸਨ। ਕਿਉਂਕਿ ਸਾਡੇ ਲੋਕ ਇਹ ਮਹਿਸੂਸ ਕਰਦੇ ਸਨ ਕਿ ਬਹੁਤ ਵਾਰ ਇਸ ਦੁਨੀਆ 'ਤੇ ਆਉਣਾ ਹੈ ਇਸ ਲਈ ਆਪਣਾ ਅੱਗਾ ਸਵਾਰਨ ਦੇ ਯਤਨ ਕਰਦੇ ਰਹੇ ਹਨ। ਇਸੇ ਕਾਰਨ ਹੀ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਉਨ੍ਹਾਂ ਦੀ ਬਾਣੀ ਅਤੇ ਹੋਰ ਸਾਖੀਆਂ ਦੀ ਮਦਦ ਨਾਲ ਸ਼ਬਦੀ ਚਿਤਰ ਉਤਾਰਨ ਦਾ ਯਤਨ ਕੀਤਾ ਗਿਆ ਹੈ। ਭਗਤ ਰਵਿਦਾਸ ਜੀ ਦੀ ਜਨਮ ਮਿਤੀ ਬਾਰੇ ਵਿਵਾਦ ਨੂੰ ਹੱਲ ਕਰਨ ਹਿੱਤ ਭਗਤਮਾਲ ਅਤੇ ਡਾਕਟਰ ਭੰਡਾਰਕਰ ਦੀ ਲੇਖਣੀ ਦਾ ਆਸਰਾ ਲੈ ਆਖਿਆ ਜਾਂਦਾ ਹੈ ਜਨਮ 1297 ਈਸਵੀ ਨੂੰ ਹੋਇਆ ਹੈ। ਪਰੰਤੂ ਡਾਕਟਰ ਭਗਵਤ ਵਰਤ ਮਿਸ਼ਰ ਨੇ ਆਪਣੀ ਖੋਜਾਂ ਰਾਹੀਂ ਜਨਮ ਬਾਰੇ

1398 ਈਸਵੀ ਦਾ ਜ਼ਿਕਰ ਕੀਤਾ ਹੈ। ਭਾਈ ਕਾਹਨ ਸਿੰਘ ਨਾਭਾ ਨੇ ਆਪ ਜੀ ਦਾ ਜਨਮ ਇਕ ਹਾੜ 1456 ਸੰਮਤ ਮੰਨਿਆ ਹੈ। ਮਾਤਾ ਪਿਤਾ ਦੇ ਨਾਮ ਬਾਰੇ ਪ੍ਰਿਥਵੀ ਸਿੰਘ ਆਜ਼ਾਦ ਨੇ ਪਿਤਾ ਦਾ ਨਾਮ ਰਾਘਵ ਅਤੇ ਮਾਤਾ ਦਾ ਨਾਮ ਕਰਮ ਦੇਵੀ ਦੱਸਿਆ ਹੈ। ਭਵਿੱਖਤ ਪੁਰਾਣ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਪਿਤਾ ਦੇ ਜਨਮ ਸਮੇਂ ਨਾਮ ਮਾਨਦਾਸ ਸੀ। (ਮਾਨਦਾਸ ਦਾ ਪੁੱਤਰ ਰਵਿਦਾਸ ਨਾਮ ਨਾਲ ਪ੍ਰਸਿੱਧ ਹੋਇਆ।) ਕਵੀ ਬਰਕਤ ਸਿੰਘ ਨੇ ਪਿਤਾ ਦਾ ਨਾਮ ਸੰਤੋਖਾ ਅਤੇ ਮਾਤਾ ਦਾ ਨਾਮ ਕੌਂਸ ਦੇਈ ਲਿਖਿਆ ਹੈ:

**ਏਸ ਸ਼ਹਿਰ ਦੀ ਬਸਤੀ ਅੰਦਰ ਸੀ ਇਕ ਭਗਤ ਪਿਆਰਾ।**
**ਨਾ ਸੰਤੋਖਾ ਦਾਸ ਸੀ ਉਸ ਦਾ ਜਾਤੀ ਦਾ ਚਮਿਆਰਾ।**
**ਕੌਂਸ ਦੇਈ ਸੀ ਤੀਵੀਂ ਉਸ ਦੀ ਵਡਿਆਂ ਭਾਗਾਂ ਵਾਲੀ।**

... ... ...

**ਕੌਂਸਾਂ ਦੇ ਘਰ ਬਾਲਕ ਹੋਇਆ ਚੰਨ ਨਾਲੋਂ ਵੱਧ ਸੋਹਣਾ।**

ਭਾਈ ਕਾਹਨ ਸਿੰਘ ਨਾਭਾ ਦੇ ਅਨੁਸਾਰ ਪਿਤਾ ਦਾ ਨਾਮ ਸੰਤੋਖਾ ਅਤੇ ਮਾਤਾ ਦਾ ਨਾਮ ਦਿਆਰੀ ਸੀ। ਆਪ ਜਾਤ ਦੇ ਚਮਿਆਰ ਸਨ ਅਤੇ ਆਪ ਜੀ ਦੇ ਵਡੇ ਵਡੇਰੇ ਜੁੱਤੀਆਂ ਬਣਾਉਣ ਦਾ ਕੰਮ ਕਰਦੇ ਸਨ। ਆਪ ਜੀ ਨੇ ਵੀ ਆਪਣੇ ਪਿਤਰੀ ਕਿੱਤੇ ਨੂੰ ਅਪਣਾਇਆ ਸੀ ਜਿਸ ਦਾ ਵਰਨਣ ਆਪ ਜੀ ਨੇ ਆਪਣੀ ਬਾਣੀ ਵਿਚ ਇਕ ਤੋਂ ਵੱਧ ਵਾਰ ਕੀਤਾ ਹੈ।

ਭਗਤ ਰਵਿਦਾਸ ਜੀ ਦੇ ਬਨਾਰਸ ਦੇ ਵਾਸੀ ਅਤੇ ਮਰੇ ਹੋਏ ਪਸ਼ੂ ਢੋਣ ਦਾ ਕੰਮ ਕਰਦੇ ਹੋਣ ਸਬੰਧੀ ਸੂਚਨਾ ਉਨ੍ਹਾਂ ਦੁਆਰਾ ਰਚਿਤ ਸ਼ਬਦ ਤੋਂ ਪ੍ਰਾਪਤ ਹੁੰਦੀ ਹੈ ਜੋ ਇਸ ਤਰ੍ਹਾਂ ਹੈ:

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ ॥** *(ਅੰਗ ੧੨੯੩)*

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਅਨੁਸਾਰ ਆਪ ਜੀ ਦਾ ਜਨਮ ਅਸਥਾਨ ਬਨਾਰਸ ਦੇ ਨੇੜੇ ਪਿੰਡ ਮੰਡੂਰ ਸੀ। ਪਰੰਤੂ ਆਪ ਜੀ ਦੇ ਜਨਮ ਅਸਥਾਨ ਬਾਰੇ ਸਹਿਮਤੀ ਹੈ ਕਿ ਇਹ ਅਸਥਾਨ ਬਨਾਰਸ ਦੇ ਆਸ ਪਾਸ ਹੈ। ਬਨਾਰਸ ਹਿੰਦੂ ਯੂਨੀਵਰਿਸਟੀ ਦੇ ਪੱਛਮੀ ਦਰਵਾਜ਼ੇ ਨੂੰ ਲੰਘ ਇਕ ਪਿੰਡ ਸੀਰ ਗੋਵਰਧਨਪੁਰਾ ਹੈ, ਜੋ ਬਨਾਰਸ ਦਾ ਹਿਸਾ ਹੈ, ਨੂੰ ਰਵਿਦਾਸ ਜੀ ਦਾ ਜਨਮ ਅਸਥਾਨ ਮੰਨਿਆ ਜਾਂਦਾ ਹੈ। ਇਸ ਅਸਥਾਨ ਉਪਰ ਇਕ ਰੰਬੀ ਅਤੇ ਇਕ ਸੰਖ, ਉਨ੍ਹਾਂ ਦੀਆਂ ਯਾਦਗਾਰੀ ਵਸਤਾਂ ਵੀ ਪਈਆਂ ਹਨ ਅਤੇ ਹੁਣ ਇਸ ਅਸਥਾਨ ਉਪਰ ਚਾਰ ਮੰਜ਼ਿਲਾਂ ਮੰਦਿਰ ਵੀ ਬਣਿਆ ਹੋਇਆ ਹੈ।

ਬਹੁਤ ਸਾਰੇ ਵਿਦਵਾਨ ਇਹ ਮੰਨਦੇ ਹਨ ਕਿ ਭਗਤ ਰਾਮਾਨੁਜ ਦੁਆਰਾ ਸ਼ੁਰੂ ਹੋਈ ਪ੍ਰੇਮਾ-ਭਗਤੀ ਦੀ ਪਰੰਪਰਾ ਵਿਚ ਦੇਵਾਨੰਦ, ਹਰੀਆਂ ਨੰਦ ਅਤੇ ਰਾਮਾਨੰਦ ਆਦਿ ਸੰਤ ਹੋਏ ਹਨ ਅਤੇ ਭਗਤ ਰਵਿਦਾਸ ਜੀ ਇਸ ਰਾਮਾਨੰਦ ਦੇ ਹੀ ਸ਼ਿਸ਼ ਸਨ। ਡਾਕਟਰ ਰਾਮ ਕੁਮਾਰ ਵਰਮਾ, ਮੈਕਾਲਿਫ, ਰਾਮ ਚੰਦਰ ਸ਼ੁਕਲ ਅਤੇ ਲਾਲ ਸਿੰਘ ਨਰੋਤਮ ਵੀ ਇਸ ਮਤ ਨਾਲ ਸਹਿਮਤ ਹਨ ਕਿ ਰਾਮਾਨੰਦ ਹੀ ਭਗਤ ਰਵਿਦਾਸ ਜੀ ਦੇ ਗੁਰੂ ਸਨ। ਪਰੰਤੂ ਰਵਿਦਾਸ ਬਾਣੀ ਵਿਚੋਂ ਇਸ ਦਾ ਕੋਈ ਵੀ ਸਬੂਤ ਨਹੀਂ ਮਿਲਿਆ ਹੈ। ਭਗਤ ਜੀ ਨੇ ਆਪਣੀ

ਬਾਣੀ ਵਿਚ ਇਹ ਤਾਂ ਦਰਜ ਕੀਤਾ ਮਿਲਦਾ ਹੈ ਕਿ ਨਾਮਦੇਵ ਜੀ, ਕਬੀਰ ਜੀ ਅਤੇ ਸਧਨਾ ਜੀ ਮਹਾਂਪੁਰਖ ਸਨ ਅਤੇ ਉਨ੍ਹਾਂ ਨੇ ਮੁਕਤੀ ਪ੍ਰਾਪਤ ਕਰ ਲਈ ਸੀ।

ਭਗਤ ਰਵਿਦਾਸ ਜੀ ਇਕ ਬਹੁਤ ਹੀ ਗਰੀਬ ਅਤੇ ਚਮਾਰ ਜਾਤੀ ਵਿਚੋਂ ਉੱਠ ਕੇ ਅਤੇ ਆਪਣੀ ਸਾਧਨਾ ਦੁਆਰਾ ਸਾਰੇ ਉਤਰੀ ਭਾਰਤ ਉਪਰ ਛਾ ਗਏ, ਇਥੋਂ ਤਕ ਕਿ ਦੂਰ ਦੁਰਾਡੇ ਦੇ ਰਾਜਪੂਤ ਘਰਾਣੇ ਵੀ ਆਪ ਜੀ ਦਾ ਪ੍ਰਭਾਵ ਕਬੂਲਣ ਲਗ ਪਏ। ਉਸ ਸਮੇਂ ਕੁਝ ਅਜਿਹੀਆਂ ਕਥਾਵਾਂ ਵੀ ਪ੍ਰਚਲਿਤ ਸਨ ਕਿ ਰਵਿਦਾਸ ਜੀ ਪਿਛਲੇ ਜਨਮ ਵਿਚ ਸ਼ੁੱਧ ਬ੍ਰਾਹਮਣ ਸਨ ਅਤੇ ਕਿਸੇ ਗਲਤੀ ਕਾਰਣ ਉਨ੍ਹਾਂ ਨੂੰ ਚਮਾਰ ਜਾਤੀ ਵਿਚ ਜਨਮ ਲੈਣਾ ਪਿਆ।

ਅਜਿਹੀ ਹੀ ਇਕ ਕਥਾ ਅਨੁਸਾਰ ਪਿਛਲੇ ਜਨਮ ਵਿਚ ਰਵਿਦਾਸ ਜੀ ਨੇ ਮਾਸ ਦਾ ਸੇਵਨ ਕੀਤਾ ਸੀ ਜਿਸ ਕਾਰਨ ਉਨ੍ਹਾਂ ਨੂੰ ਅਗਲੇ ਜਨਮ ਵਿਚ ਮੁਰਦੇ ਪਸ਼ੂ ਢੋਣ ਵਾਲੀ ਜਾਤੀ ਦੇ ਘਰ ਜਨਮ ਲੈਣਾ ਪਿਆ। ਅਜਿਹੀ ਇਕ ਹੋਰ ਕਥਾ ਅਨੁਸਾਰ ਰਵਿਦਾਸ ਨੇ ਆਪਣੇ ਪਿਛਲੇ ਜਨਮ ਵਿਚ ਇਕ ਮਲੇਛ ਦੇ ਘਰੋਂ ਭਿਖਿਆ ਲੈ ਕੇ ਆਪਣੇ ਗੁਰੂ ਨੂੰ ਖੁਆ ਦਿਤੀ ਸੀ ਪਤਾ ਲੱਗਣ ਤੇ ਰਾਮਾਨੰਦ ਜੀ ਨੇ ਉਨ੍ਹਾਂ ਨੂੰ ਅਗਲੇ ਜਨਮ ਵਿਚ ਕਿਸੇ ਮਲੇਛ ਦੇ ਘਰ ਪੈਦਾ ਹੋਣ ਦਾ ਸਰਾਪ ਦਿਤਾ ਸੀ। ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕਰਾਮਾਤੀ ਘਟਨਾਵਾਂ ਦਾ ਵਰਨਣ ਵੀ ਮਿਲਦਾ ਹੈ ਜਿਸ ਵਿਚ ਦੱਸਿਆ ਹੈ ਕਿ ਗੰਗਾ ਦੇਵੀ ਭਗਤ ਰਵਿਦਾਸ ਜੀ ਦੀ ਸਾਧਨਾ ਨਾਲ ਉਨ੍ਹਾਂ ਉਪਰ ਅਤਿਅੰਤ ਖੁਸ਼ ਸੀ। ਇਕ ਵਾਰ ਇਕ ਯਾਤਰੀ ਨੇ, ਜੋ ਗੰਗਾ ਦੀ ਯਾਤਰਾ ਉਪਰ ਜਾ ਰਿਹਾ ਸੀ, ਭਗਤ ਜੀ ਤੋਂ ਜੁੱਤੀ ਗੰਢਵਾਈ ਅਤੇ ਮਜ਼ਦੂਰੀ ਵਜੋਂ ਇਕ ਦਮੜੀ ਭਗਤ ਜੀ ਨੂੰ ਦਿਤੀ। ਰਵਿਦਾਸ ਜੀ ਨੇ ਉਹ ਦਮੜੀ ਯਾਤਰੀ ਨੂੰ ਮੋੜ ਕੇ ਆਖਿਆ ਕਿ ਇਹ ਦਮੜੀ ਮੇਰੇ ਵਲੋਂ ਮਾਂ ਗੰਗਾ ਨੂੰ ਅਰਪਿਤ ਕਰ ਦੇਣਾ। ਯਾਤਰੀ ਨੇ ਉਵੇਂ ਹੀ ਕੀਤਾ ਅਤੇ ਯਾਤਰੀ ਇਹ ਦੇਖ ਹੈਰਾਨ ਹੋਇਆ ਕਿ ਗੰਗਾ ਨੇ ਰਵਿਦਾਸ ਜੀ ਵਲੋਂ ਭੇਜੀ ਦਮੜੀ ਨੂੰ ਆਪਣਾ ਹੱਥ ਬਾਹਰ ਕੱਢ ਕੇ ਸਵੀਕਾਰ ਕੀਤਾ ਅਤੇ ਬਦਲੇ ਵਿਚ ਪ੍ਰਸ਼ਾਦ ਵਜੋਂ ਇਕ ਜੜਾਊ ਕੰਗਣ ਦਿਤਾ। ਇਤਨਾ ਸੁੰਦਰ ਕੰਗਣ ਵੇਖ ਯਾਤਰੀ ਦੀ ਨੀਯਤ ਵਿਗੜ ਗਈ ਅਤੇ ਉਹ ਕੰਗਣ ਨੂੰ ਵੇਚਣ ਲਈ ਸੁਨਿਆਰੇ ਕੋਲ ਚਲਾ ਗਿਆ ਅਤੇ ਸੁਨਿਆਰ ਨੇ ਓਹੀ ਕੰਗਣ ਰਾਜੇ ਨੂੰ ਭੇਟ ਕਰ ਦਿਤਾ। ਰਾਜੇ ਕੋਲੋਂ ਉਹ ਕੰਗਣ ਰਾਣੀ ਕੋਲ ਚਲਾ ਗਿਆ ਤਾਂ ਰਾਣੀ ਦੂਜਾ ਕੰਗਣ ਲੈਣ ਲਈ ਜ਼ਿਦ ਕਰਨ ਲਗੀ। ਜਦੋਂ ਪਤਾ ਲਗਾ ਕਿ ਇਹ ਕੰਗਣ ਤਾਂ ਗੰਗਾ ਨੇ ਰਵਿਦਾਸ ਲਈ ਪ੍ਰਸ਼ਾਦ ਵਜੋਂ ਦਿਤਾ ਸੀ ਤਾਂ ਰਾਜਾ ਅਤੇ ਰਾਣੀ ਭਗਤ ਰਵਿਦਾਸ ਕੋਲ ਜਾ ਪਹੁੰਚੇ। ਰਵਿਦਾਸ ਦੀ ਬੇਨਤੀ ਤੇ ਗੰਗਾ ਨੇ ਪਹਿਲੇ ਕੰਗਣ ਦੇ ਨਾਲ ਦਾ ਕੰਗਣ ਬਾਹਰ ਸੁੱਟ ਦਿਤਾ। ਇਸ ਨੂੰ ਦੇਖ ਰਾਜਾ ਅਤੇ ਰਾਣੀ ਭਗਤ ਜੀ ਦੇ ਅੱਗੇ ਸਰ ਝੁਕਾਇਆ ਅਤੇ ਉਨ੍ਹਾਂ ਨੂੰ ਗੁਰੂ ਮੰਨ ਲਿਆ। ਇਸ ਘਟਨਾ ਨੂੰ ਭਾਈ ਗੁਰਦਾਸ ਜੀ ਵਲੋਂ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦਰਜ ਕੀਤਾ ਹੈ ਕਿ :

**ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਿਰੇਟਾ।**
**ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।**
**ਜਿਉ ਕਰਿ ਮੈਲੈ ਚੀਥੜੈ ਹੀਰਾ ਲਾਲ ਅਮੋਲੁ ਪਲੇਟਾ।**

**ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।**
**ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।**
**ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।**
**ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜ ਅਮੇਟਾ।**
**ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।**
**ਭਗਤ ਜਨਾਂ ਹਰਿ ਮਾਂ ਪਿਉ ਬੇਟਾ॥੧੭॥**

ਇਕ ਹੋਰ ਸਾਖੀ ਅਨੁਸਾਰ ਗੰਗਾ ਨਦੀ ਆਪ ਦੀ, ਜੁੱਤੀਆਂ ਗੰਢਣ ਵਾਲੀ ਕੁਠਾਲੀ ਹੇਠ ਵਗਦੀ ਸੀ ਅਤੇ ਭਗਤ ਜੀ ਨੇ ਕਈ ਸ਼ਰਧਾਲੂਆਂ ਨੂੰ ਕੁਠਾਲੀ ਚੁੱਕ ਕੇ ਦਰਸ਼ਨ ਵੀ ਕਰਵਾਏ ਸਨ।

ਭਗਤ ਰਵਿਦਾਸ ਜੀ ਨੇ ਆਪਣਾ ਸਾਰਾ ਜੀਵਨ ਪਰਮਾਤਮਾ ਦੇ ਚਰਨਾਂ ਵਿਚ ਅਰਪਿਤ ਕਰਿ ਰੱਖਿਆ। ਭਾਵੇਂ ਉਹ ਰੁਜ਼ਗਾਰ ਖਾਤਰ ਜੁੱਤੀਆਂ ਗੰਢਣ ਅਤੇ ਮੁਰਦੇ ਜਾਨਵਰ ਢੋਣ ਦਾ ਕੰਮ ਕਰਦੇ ਰਹੇ ਪਰੰਤੂ ਦੁਨਿਆਵੀ ਧੰਦੇ ਉਨ੍ਹਾਂ ਨੂੰ ਆਪਣੇ ਵਲ ਖਿੱਚ ਨਾ ਪਾ ਸਕੇ। ਬਚਪਨ ਤੋਂ ਹੀ ਦੁਨੀਆਦਾਰੀ ਤੋਂ ਵੈਰਾਗੀ ਸਨ। ਮਾਪਿਆਂ ਨੇ ਆਪ ਦਾ ਵਿਆਹ ਬੀਬੀ ਲੌਣਾ ਜਾਂ ਲੋਨਾ ਨਾਲ ਕਰ ਕੇ ਸੋਚਿਆ ਕਿ ਸ਼ਾਇਦ ਰਵਿਦਾਸ ਦੁਨੀਆਦਾਰ ਬਣ ਜਾਵੇ ਪਰੰਤੂ ਪ੍ਰਭੂ ਦੀ ਪ੍ਰੀਤ ਕਾਰਨ ਉਹ ਦੁਨੀਆਦਾਰੀ ਵਲ ਨਾ ਖਿਚੇ ਜਾ ਸਕੇ ਅਤੇ ਸਦਾ ਰਾਮ-ਨਾਮ ਵਿਚ ਲੀਨ ਰਹਿੰਦੇ ਸਨ। ਉਹ ਆਪਣੇ ਰਚਿਤ ਸ਼ਬਦ ਵਿਚ ਲਿਖਦੇ ਹਨ ਕਿ :

**ਚਮਰਟਾ ਗਾਂਠਿ ਨ ਜਨਈ॥**
**ਲੋਗੁ ਗਠਾਵੈ ਪਨਹੀ॥੧॥ ਰਹਾਉ॥**
**ਆਰ ਨਹੀਂ ਜਿਹ ਤੋਪਉ॥**
**ਨਹੀ ਰਾਂਬੀ ਠਾਉ ਰੋਪਉ॥੧॥**
**ਲੋਗੁ ਗੰਠਿ ਗੰਠਿ ਖਰਾ ਬਿਗੂਚਾ॥**
**ਹਉ ਬਿਨੁ ਗਾਂਠੇ ਜਾਇ ਪਹੂਚਾ॥੨॥**
**ਰਵਿਦਾਸੁ ਜਪੈ ਰਾਮ ਨਾਮਾ॥**
**ਮੋਹਿ ਜਮ ਸਿਉ ਨਾਹੀ ਕਾਮਾ॥੩॥੭॥** *(ਅੰਗ ੬੫੯)*

ਆਪ ਜੀ ਲੋਕਾਈ ਨੂੰ ਗਿਆਨ ਦੀ ਰੋਸ਼ਨੀ ਵੰਡਣ ਲਈ ਅਤੇ ਦੀਨ ਦੁਖੀਆਂ ਨੂੰ ਜਾਗ੍ਰਿਤ ਕਰਨ ਖ਼ਾਤਰ ਭਾਰਤ ਦੇ ਅੰਦਰ ਬਹੁਤ ਸਾਰੀਆਂ ਯਾਤਰਾਵਾਂ ਕੀਤੀਆਂ। ਬਿਹਾਰ, ਰਾਜਸਥਾਨ, ਮਹਾਂਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ ਅਤੇ ਹੋਰ ਦੱਖਣੀ ਪ੍ਰਦੇਸਾਂ ਵਿਚ ਗਏ। ਆਪ ਜੀ ਨੇ ਇਕ ਯਾਤਰਾ ਰਾਣੀ ਝਾਲੀ ਕੋਲ ਚਿਤੌੜ ਦੀ ਕੀਤੀ ਸੀ। ਬਹੁਤ ਸਾਰੇ ਸਥਾਨ ਉਪਰ ਯਾਦਗਾਰਾਂ ਵੀ ਬਣਾਈਆਂ ਗਈਆਂ ਹਨ।

ਬਹੁਤ ਸਾਰੇ ਵਿਦਵਾਨ ਆਪ ਜੀ ਦੇ ਅਕਾਲ ਚਲਾਣੇ ਦੀ ਮਿਤੀ ਬਾਰੇ ਇਕ ਮਤ ਨਹੀਂ ਹਨ। ਪ੍ਰੋ. ਰਾਮ ਕੁਮਾਰ ਵਰਮਾ ਅਤੇ ਗਿਆਨੀ ਬਰਕਤ ਸਿੰਘ ਅਨੰਦ ਅਨੁਸਾਰ ਆਪ ਜੀ ਦਾ ਚਲਾਣਾ 28 ਮਾਘ ਸੰਮਤ 1575 (1518 ਈਸਵੀ ) ਨੂੰ ਹੋਇਆ ਸੀ। ਪਰੰਤੂ ਸ਼੍ਰੀ ਭਗਵਤ ਮਿਸ਼ਰ ਸੰਮਤ 1597 (1540 ਈਸਵੀ) ਅਤੇ ਸ਼੍ਰੀ ਪ੍ਰਿਥੀ ਸਿੰਘ ਆਜ਼ਾਦ

ਸੰਮਤ 1584 (1527 ਈਸਵੀ) ਦੀਆਂ ਮਿਤੀਆਂ ਦੱਸ ਰਹੇ ਹਨ। ਭਗਤ ਜੀ ਦੇ ਜੀਵਨ ਨਾਲ ਸੰਬਧਿਤ ਪੁਰਾਤਨ ਸਰੋਤਾਂ ਅਨੁਸਾਰ ਉਸ ਸਮੇਂ ਭਾਰਤ ਉਪਰ ਸਿਕੰਦਰ ਲੋਧੀ ਦਾ ਰਾਜ ਸੀ ਅਤੇ ਭਗਤ ਨਾਮਦੇਵ, ਕਬੀਰ, ਤਿਰਲੋਚਨ, ਸਧਨਾ, ਸੈਣ ਆਦਿ ਭਗਤ ਜਨ ਆਪ ਜੀ ਤੋਂ ਪਹਿਲਾਂ ਪਰਲੋਕ ਸਿਧਾਰ ਚੁਕੇ ਸਨ। ਇਸ ਤਰਾਂ ਨਾਲ ਆਪ ਜੀ ਦਾ ਅਕਾਲ ਚਲਾਣਾ ਸੰਮਤ 1546 (1489 ਈਸਵੀ) ਤੋਂ ਸੰਮਤ 1574 (1517 ਈਸਵੀ) ਤਕ ਨਿਸਚਤ ਕੀਤਾ ਜਾ ਸਕਦਾ ਹੈ। ਰਵਿਦਾਸ ਜੀ ਦੇ ਅੰਤਿਮ ਚਲਾਣੇ ਦੀ ਸਾਖੀ ਦੇ ਸਰੋਤ ਸੋਢੀ ਮੇਹਰਬਾਨ ਦੀ ਸਾਖੀ ਨਾਲ ਹੀ ਤੁਅੱਲਕ ਰੱਖਦੇ ਹਨ। ਉਸ ਅਨੁਸਾਰ ਠਾਕੁਰ ਜੀ ਆਪ ਆਏ ਅਤੇ ਆਪਣੇ ਬੀਬਾਣ ਵਿਚ ਰਵਿਦਾਸ ਜੀ ਨੂੰ ਸਣਦੇਹੀ ਸੱਚਖੰਡ ਵਿਚ ਲੈ ਗਏ ਸਨ। ਇਸ ਤਰ੍ਹਾਂ ਰਵਿਦਾਸ ਜੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਦੇ ਰੂਪ ਵਿਚ ਇਸ ਸੰਸਾਰ ਤੋਂ ਅੰਤਿਮ ਚਲਾਣਾ ਕਰ ਗਏ ਸਨ। ਆਪ ਜੀ ਦੀ ਬਾਣੀ ਵਿਚਲਾ ਸੰਦੇਸ਼ ਹਰੇਕ ਪ੍ਰਾਣੀ ਲਈ ਅਰਥਪੂਰਨ ਹੈ।

# ਛਠਮ ਪੀਰ ਬੈਠਾ ਗੁਰ ਭਾਰੀ

ਸਿੱਖ ਧਰਮ ਦੀ ਸ਼ੁਰੂਆਤ ਸਿਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ 1469 ਵਿਚ ਹੋਣ ਤੋਂ ਹੀ ਮੰਨੀ ਜਾ ਰਹੀ ਹੈ। ਉਨ੍ਹਾਂ ਨੇ ਗੁਰਿਆਈ ਭਾਈ ਲਹਿਣਾ ਜੀ ਨੂੰ ਅੰਗ ਲਗਾ ਕੇ, ਅੰਗਦ ਬਣਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿਤੀ ਸੀ। ਅੱਗੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਅਮਰੂ ਨੂੰ ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ ਆਦਿ ਬਹੁਤ ਸਾਰੇ ਵਰ ਦਿਤੇ ਅਤੇ ਸ੍ਰੀ ਗੁਰੂ ਅਮਰਦਾਸ ਜੀ ਬਣਾ ਦਿੱਤਾ। ਉਸ ਉਪਰੰਤ ਇਹ ਗੁਰਿਆਈ ਚੌਥੇ ਨਾਨਕ ਸੋਢੀ ਵੰਸ਼ ਦੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤੀ ਗਈ। ਪੰਚਮ ਪਾਤਸ਼ਾਹ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਬਣੇ। ਇਹ ਪੰਜੇ ਪਾਤਸ਼ਾਹ ਆਮ ਲੋਕਾਂ ਨੂੰ ਸੱਚੇ ਪਾਤਸ਼ਾਹ ਦਾ ਸਿਮਰਨ ਕਰਨ ਲਈ ਉਪਦੇਸ਼ ਦੇ ਰਹੇ ਸਨ। ਜੋ ਕਿ ਉਸ ਸਮੇਂ ਦੇ ਹਾਕਮਾਂ ਨੂੰ ਪਸੰਦ ਨਹੀਂ ਸੀ ਅਤੇ ਬਾਬੇ ਕਿਆਂ ਅਤੇ ਬਾਬਰ ਕਿਆਂ ਵਿਚਕਾਰ ਵਿਰੋਧ ਵਧ ਰਿਹਾ ਸੀ। ਵਾਰ-ਵਾਰ ਸਪੱਸ਼ਟ ਕਰ ਦੇਣ ਦੇ ਬਾਵਜੂਦ ਵਿਰੋਧ ਘਟ ਨਹੀਂ ਰਿਹਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ 1595 ਦੀ 19 ਜਨਵਰੀ ਨੂੰ ਇਕ ਲਾਲ ਗੁਰੂ ਕੀ ਵਡਾਲੀ ਵਿਖੇ ਪੈਦਾ ਹੋਇਆ, ਜਿਸ ਦਾ ਨਾਮ ਹਰਗੋਬਿੰਦ ਰਖਿਆ ਗਿਆ ਅਤੇ ਗੁਰੂ ਪੰਚਮ ਪਾਤਸ਼ਾਹ ਨੇ ਇਸ ਖੁਸ਼ੀ ਵਿਚ ਛੇਹਰਟਾ ਖੂਹ ਲਗਵਾਇਆ ਅਤੇ ਖੁਸ਼ੀ ਮਨਾਈ ਗਈ। ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਿਆ :

**ਸਤਿਗੁਰ ਸਾਚੈ ਦੀਆ ਭੇਜਿ ॥**
**ਚਿਰੁ ਜੀਵਨੁ ਉਪਜਿਆ ਸੰਜੋਗਿ ॥**
**ਉਦਰੈ ਮਾਹਿ ਆਇ ਕੀਆ ਨਿਵਾਸੁ ॥**
**ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥**
**ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥**
**ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥**
**ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥**
**ਮਿਟਿਆ ਸੋਗੁ ਮਹਾ ਅਨੰਦੁ ਥੀਆ ॥**
**ਗੁਰਬਾਣੀ ਸਖੀ ਅਨੰਦੁ ਗਾਵੈ ॥**
**ਸਾਚੇ ਸਾਹਿਬ ਕੈ ਮਨਿ ਭਾਵੈ ॥੨॥**
**ਵਧੀ ਵੇਲਿ ਬਹੁ ਪੀੜੀ ਚਾਲੀ ॥**

**ਧਰਮ ਕਲਾ ਹਰਿ ਬੰਧਿ ਬਹਾਲੀ॥**
**ਮਨ ਚਿੰਦਿਆ ਸਤਿਗੁਰੂ ਦਿਵਾਇਆ॥**
**ਭਏ ਅਚਿੰਤ ਏਕ ਲਿਵ ਲਾਇਆ॥੩॥**
**ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥**
**ਬੁਲਾਇਆ ਬੋਲੈ ਗੁਰ ਕੈ ਭਾਣਿ॥**
**ਗੁਝੀ ਛੰਨੀ ਨਾਹੀ ਬਾਤ॥**
**ਗੁਰੁ ਨਾਨਕੁ ਤੁਠਾ ਕੀਨੀ ਦਾਤਿ॥੪॥੭॥੧੦੧॥** *(ਅੰਗ ੩੯੬)*

ਇਸ ਅਸਥਾਨ ਉਪਰ ਪੰਜਵੇਂ ਨਾਨਕ ਲਗਭਗ ਤਿੰਨ ਸਾਲ 1594 ਤੋਂ 1597 ਤਕ ਰਹੇ ਸਨ। ਜਹਾਂਗੀਰ ਬਾਦਸ਼ਾਹ ਦੇ ਸਮੇਂ ਕੁਝ ਝੂਠੀਆਂ ਤੁਹਮਤਾਂ ਲਗਾ ਕੇ ਪੰਚਮ ਪਾਤਸ਼ਾਹ ਜੀ ਨੂੰ ਯਾਸਾ ਨਿਯਮ ਅਧੀਨ ਸ਼ਹੀਦ ਕਰ ਦਿਤਾ ਗਿਆ। ਇਸ ਕਾਨੂੰਨ ਅਨੁਸਾਰ ਸ਼ਹੀਦ ਹੋਣ ਵਾਲੇ ਦਾ ਖੂਨ ਧਰਤੀ 'ਤੇ ਇਸ ਲਈ ਡਿੱਗਣ ਨਹੀਂ ਦਿਤਾ ਜਾਂਦਾ, ਕਿਉਂ ਜੋ ਮੁਸਲਮਾਨ ਇਹ ਵਿਸ਼ਵਾਸ ਕਰਦੇ ਹਨ ਕਿ ਜੇਕਰ ਖੂਨ ਦੇ ਕਤਰੇ ਜ਼ਮੀਨ ਉਪਰ ਡਿੱਗਣਗੇ ਤਾਂ ਹੋਰ ਸ਼ਹੀਦ ਪੈਦਾ ਹੋਣਗੇ।

ਪੰਚਮ ਪਾਤਸ਼ਾਹ ਖੁਦ ਜਾਣੀ ਜਾਣ ਸਨ। ਇਸ ਲਈ ਉਨ੍ਹਾਂ ਨੇ ਕੋਈ ਕੌਤਕ ਦਿਖਾ ਕੇ ਇਸ ਦਾ ਵਿਰੋਧ ਨਹੀਂ ਕੀਤਾ ਸੀ। ਉਹ ਜਾਣਦੇ ਸਨ ਕਿ ਬਾਬਰ ਕਿਆਂ ਦੇ ਵਿਰੋਧ ਦਾ ਮੁਕਾਬਲਾ ਸ਼ਕਤੀ ਨਾਲ ਕਰਨ ਦਾ ਸਮਾਂ ਆ ਰਿਹਾ ਹੈ, ਇਸ ਲਈ ਸ਼ਹੀਦੀ ਲਈ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੂੰ ਕਿਹਾ ਸੀ ਕਿ ਗੁਰਗੱਦੀ ਹਰਗੋਬਿੰਦ ਨੂੰ ਦਿੱਤੀ ਜਾਵੇ ਅਤੇ ਉਸ ਨੂੰ ਦੋ ਤਲਵਾਰਾਂ, ਇਕ ਮੀਰੀ ਅਤੇ ਇਕ ਪੀਰੀ ਦੀ ਪਹਿਨਾਈਆਂ ਜਾਣ। ਬਾਬਾ ਬੁੱਢਾ ਜੀ ਦੁਆਰਾ ਇਸ ਹੁਕਮ ਦੀ ਪਾਲਣਾ 25 ਮਈ 1606 ਨੂੰ ਕੀਤੀ ਗਈ। ਉਸ ਵਕਤ ਗੁਰੂ ਹਰਗੋਬਿੰਦ ਜੀ ਦੀ ਉਮਰ ਕੇਵਲ 11 ਸਾਲ ਦੀ ਸੀ।

**ਪੰਜ ਪਿਆਲੇ ਪੰਜ ਪੀਰ**
**ਛਠਮ ਪੀਰ ਬੈਠਾ ਗੁਰ ਭਾਰੀ।**

ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਜੀ ਨੇ ਘੋੜ ਸਵਾਰੀ ਅਤੇ ਤਲਵਾਰਬਾਜ਼ੀ ਆਦਿ ਵਿਚ ਮੁਹਾਰਤ ਹਾਸਲ ਕੀਤੀ। ਉਹਨਾਂ ਨੇ ਗੁਰਬਾਣੀ ਦਾ ਵੀ ਪੂਰਨ ਅਧਿਐਨ ਕੀਤਾ। ਉਨ੍ਹਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਬਣਵਾਇਆ। ਅਕਾਲ ਤਖ਼ਤ ਤੋਂ ਭਾਵ ਸੱਚੇ ਅਕਾਲ (ਜਨਮ ਮਰਨ ਤੋਂ ਰਹਿਤ) ਪੁਰਖ ਦਾ ਤਖ਼ਤ, ਜੋ ਕਿ ਇਸ ਦੀਨ ਦੁਨੀਆਂ ਦਾ ਵਾਲੀ ਹੈ। ਇਤਿਹਾਸ ਵਿਚ ਦਰਜ ਹੈ ਕਿ ਛੇਵੇਂ ਪਾਤਸ਼ਾਹ ਦੀਆਂ ਤਿੰਨ ਸ਼ਾਦੀਆਂ ਹੋਈਆਂ। ਪਹਿਲੀ ਸ਼ਾਦੀ ਪਿੰਡ ਤੱਲਾ ਦੇ ਨਰਾਇਣ ਦਾਸ ਦੀ ਪੁੱਤਰੀ ਮਾਤਾ ਦਮੋਦਰੀ ਨਾਲ ਹੋਈ ਅਤੇ ਮਾਤਾ ਦਮੋਦਰੀ ਦੀ ਕੁੱਖੋਂ ਗੁਰਦਿੱਤਾ ਜੀ, ਬੀਬੀ ਵੀਰੋ ਅਤੇ ਅਨੀ ਰਾਇ ਜੀ ਪੈਦਾ ਹੋਏ। ਦੂਜੀ ਸ਼ਾਦੀ ਬਕਾਲਾ ਦੇ ਹਰੀ ਚੰਦ ਦੀ ਪੁੱਤਰੀ ਬੀਬੀ ਨਾਨਕੀ ਨਾਲ ਹੋਈ, ਜਿਸ ਦੀ ਕੁੱਖੋਂ ਤਿਆਗ ਮੱਲ ਜੋ ਤੇਗ਼ ਦੇ ਧਨੀ ਹੋਣ ਕਾਰਨ ਤੇਗ਼ ਬਹਾਦਰ ਬਣੇ ਅਤੇ ਨੌਂਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਪੈਦਾ ਹੋਏ। ਤੀਸਰੀ ਸ਼ਾਦੀ ਪਿੰਡ ਜੰਡਿਆਲੀ ਸ਼ੇਖੂਪੁਰਾ (ਪਾਕਿਸਤਾਨ) ਦੇ ਦਯਾ ਰਾਮ ਦੀ ਪੁੱਤਰੀ ਬੀਬੀ ਮਹਾਂਦੇਵੀ ਜੀ ਨਾਲ ਹੋਈ, ਜਿਸ ਦੀ ਕੁੱਖੋਂ ਸੂਰਜ ਮੱਲ ਅਤੇ ਅਟਲ ਰਾਇ ਜੀ

ਪੈਦਾ ਹੋਏ ਸਨ।

ਗੁਰੂ ਜੀ ਨੇ ਆਪਣੀ ਫੌਜ ਤਿਆਰ ਕੀਤੀ। ਗੁਰੂ ਜੀ ਆਪ ਵੀ ਸ਼ਸਤਰ ਵਿੱਦਿਆ ਵਿਚ ਮਾਹਰ ਸਨ। ਅੰਮ੍ਰਿਤਸਰ ਵਿਚ ਲੋਹਗੜ੍ਹ ਵਿਖੇ ਕਿਲ੍ਹਾ ਉਸਰਵਾਇਆ। ਉਨ੍ਹਾਂ ਨੇ ਇਕ ਝੰਡਾ ਅਤੇ ਨਗਾਰਾ ਵੀ ਬਣਵਾਇਆ। ਦੋਨੋਂ ਵੇਲੇ ਨਗਾਰੇ ਤੇ ਚੋਟ ਲਾਈ ਜਾਂਦੀ ਸੀ। ਬਾਬਰ ਕਿਆਂ ਨੂੰ ਇਹ ਰਾਸ ਨਾ ਆਇਆ। ਇਸ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਕਿਲ੍ਹੇ ਵਿਚ ਹੋਰ ਵੀ ਕੈਦੀ ਸਨ। ਗੁਰੂ ਜੀ ਜੇਲ੍ਹ ਅੰਦਰ ਵੀ ਸੱਚੇ ਅਕਾਲ ਪੁਰਖ ਦਾ ਉਪਦੇਸ਼ ਦੇਣ ਲੱਗ ਪਏ। ਹੋਰ ਕੈਦੀ ਵੀ ਗੁਰੂ ਜੀ ਦੀ ਸੰਗਤ ਦਾ ਆਨੰਦ ਮਾਣਨ ਲਗੇ। ਸੰਗਤਾਂ ਵੀ ਵਹੀਰਾਂ ਘੱਤ ਕੇ ਗਵਾਲੀਅਰ ਜਾਣ ਲੱਗ ਪਈਆਂ ਅਤੇ ਮੁਲਾਕਾਤ ਦਾ ਸਮਾਂ ਨਾ ਮਿਲਣ ਕਾਰਣ ਕਿਲ੍ਹੇ ਦੀ ਕੰਧ ਨੂੰ ਸਿਜਦੇ ਕਰ ਕੇ ਪਰਤਣ ਲੱਗ ਪਈਆਂ।

ਜਦੋਂ ਸਮੇਂ ਦੇ ਹਾਕਮਾਂ ਨੂੰ ਫਕੀਰਾਂ ਨੇ ਸਮਝਾਇਆ ਤਾਂ ਹਾਕਮ ਉਨ੍ਹਾਂ ਨੂੰ ਛੱਡਣ ਲਈ ਤਿਆਰ ਹੋ ਗਿਆ। ਇਹ ਸੁਣ ਕੇ ਬਾਕੀ ਕੈਦੀਆਂ ਨੂੰ ਅਫਸੋਸ ਹੋਇਆ ਤਾਂ ਗੁਰੂ ਜੀ ਨੇ ਇਕੱਲੇ ਰਿਹਾਅ ਹੋਣ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਸਾਰੇ ਕੈਦੀ ਮੇਰੇ ਨਾਲ ਰਿਹਾ ਕਰ ਦਿਤੇ ਜਾਣ। ਸਮੇਂ ਦੇ ਹਾਕਮ ਨੇ ਹੁਕਮ ਕੀਤਾ ਕਿ ਜਿੰਨੇ ਕੈਦੀ ਪੱਲਾ ਫੜ ਕੇ ਜਾ ਸਕਣਗੇ, ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਤਾਂ ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ ਅਤੇ ਆਪਣੇ ਨਾਲ ਬਵੰਜਾ ਕੈਦੀ ਰਿਹਾ ਕਰਵਾਏ। ਇਸ ਦਿਨ ਸਿੱਖਾਂ ਨੇ ਅੰਮ੍ਰਿਤਸਰ ਵਿਚ ਘਿਉ ਦੇ ਦੀਵੇ ਬਾਲੇ ਅਤੇ ਇਸ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ। ਅੱਜ ਤੱਕ ਵੀ ਇਹ ਦਿਨ ਬੰਦੀ ਛੋੜ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਤੋਂ ਬਾਅਦ ਜਹਾਂਗੀਰ ਨਾਲ ਸਬੰਧ ਚੰਗੇ ਹੋ ਗਏ। ਜਹਾਂਗੀਰ ਵਲੋਂ ਪੁਛੇ ਗਏ ਸਵਾਲਾਂ ਦੇ ਜਵਾਬ ਵਿਚ ਆਖਿਆ ਕਿ :

**ਔਰਤ ਇਮਾਨ, ਪੁੱਤਰ ਨਿਸ਼ਾਨ,**
**ਦੌਲਤ ਗੁਜ਼ਰਾਨ ਅਤੇ ਸੰਤ ਨਾ ਹਿੰਦੂ ਨਾ ਮੁਸਲਮਾਨ**

ਜਦੋਂ ਦਿੱਲੀ ਦੇ ਤਖ਼ਤ ਤੇ ਸ਼ਾਹ ਜਹਾਨ ਬੈਠਾ ਤਾਂ ਸਬੰਧ ਫਿਰ ਵਿਗੜਨੇ ਸ਼ੁਰੂ ਹੋ ਗਏ, ਕਿਉਂ ਜੋ ਉਸ ਨੂੰ ਸਿੱਖ ਧਰਮ ਦਾ ਵਧਣਾ ਫੁੱਲਣਾ ਪਸੰਦ ਨਹੀਂ ਸੀ। ਉਸ ਨੇ ਲਾਹੌਰ ਵਿਚ ਬਣੀ ਬਉਲੀ ਢੁਆ ਦਿਤੀ। ਸਿੱਖਾਂ ਅਤੇ ਮੁਗਲਾਂ ਦੀਆਂ ਲੜਾਈਆਂ ਜੋ ਮੁੱਢਲੇ ਤੌਰ 'ਤੇ ਘੋੜਿਆਂ ਦੇ ਖੋਹ ਲੈਣ ਤੋਂ ਸ਼ੁਰੂ ਹੋਈਆਂ ਸਨ, ਵੱਡੇ ਪੱਧਰ 'ਤੇ ਲੜੀਆਂ ਜਾਣ ਲੱਗੀਆਂ, ਜਿਸ ਵਿਚ ਕਾਫੀ ਮਾਲੀ ਅਤੇ ਜਾਨੀ ਨੁਕਸਾਨ ਹੋਣ ਲੱਗ ਪਿਆ। ਅੰਮ੍ਰਿਤਸਰ ਅਤੇ ਕਰਤਾਰਪੁਰ ਵਿਚ ਲੜਾਈਆਂ ਲੜੀਆਂ ਗਈਆਂ। ਗੁਰੂ ਜੀ ਨੇ ਆਪ ਤਲਵਾਰ ਹੱਥ ਵਿਚ ਲੈ ਕੇ ਅਗਵਾਈ ਕੀਤੀ ਤੇ ਲੜਾਈਆਂ ਜਿੱਤੀਆਂ। ਇਸ ਤਰ੍ਹਾਂ ਨਾਲ ਛਟਮ ਪੀਰ ਮੁਗਲਾਂ ਉਪਰ ਭਾਰੀ ਪਿਆ। ਇਸ ਤਰ੍ਹਾਂ ਗੁਰੂ ਜੀ ਨੇ ਦੋਵੇਂ ਤਲਵਾਰਾਂ ਵਰਤ ਕੇ ਸਿੱਖੀ ਨੂੰ ਅੱਗੇ ਵਧਾਇਆ। ਉਹਨਾਂ ਨੇ ਇਹ ਉਪਦੇਸ਼ ਦਿਤਾ ਕਿ ਹਰ ਇਕ ਸਿਖ ਨੂੰ ਸੰਤ ਸਿਪਾਹੀ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਸੰਤ ਪੁਣੇ ਵਿਚ ਉਹ ਅਕਾਲ ਪੁਰਖ ਨੂੰ ਧਿਆਵੇ ਅਤੇ ਸਿਪਾਹੀ ਰੂਪ ਵਿਚ ਹਮੇਸ਼ਾ ਜੰਗ ਲਈ ਵੀ ਤਤਪਰ ਰਹੇ।

ਸਿੱਖ ਧਰਮ ਵਿਚ ਬਾਣੀ ਅਤੇ ਤਲਵਾਰ ਦੇ ਆਸਰੇ ਸਿਖੀ ਨੂੰ ਅੱਗੇ ਵਲ ਲੈ ਕੇ

ਜਾਣ ਵਾਲੇ ਗੁਰੂ ਹਰਗੋਬਿੰਦ ਜੀ 1644 ਦੀ ਮਾਰਚ ਦੀ 2 ਤਰੀਕ ਨੂੰ ਕੀਰਤਪੁਰ (ਰੋਪੜ) ਵਿਖੇ ਜੋਤੀ ਜੋਤ ਸਮਾਏ। ਉਸ ਅਸਥਾਨ ਉਪਰ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਗੁਰਦਵਾਰਾ ਮੌਜੂਦ ਹੈ ਅਤੇ ਸੰਗਤ ਭਾਰੀ ਗਿਣਤੀ ਵਿਚ ਹਰ ਰੋਜ਼ ਉਥੇ ਹਾਜ਼ਰ ਹੁੰਦੀ ਹੈ। ਰੋਜ਼ਾਨਾ ਨਿਤਨੇਮ ਅਤੇ ਕੀਰਤਨ ਹੁੰਦਾ ਹੈ ਅਤੇ ਸੰਗਤਾਂ ਪੰਗਤ ਵਿਚ ਬੈਠ ਕੇ ਲੰਗਰ ਛਕਦੀਆਂ ਹਨ।

# ਦੋਹਿਤਾ ਬਾਣੀ ਦਾ ਬੋਹਿਥਾ

"ਦੋਹਿਤਾ ਬਾਣੀ ਦਾ ਬੋਹਿਥਾ" ਤੀਜੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਵਰ ਆਪਣੇ ਦੋਹਤੇ ਨੂੰ ਦਿਤਾ ਸੀ, ਜੋ ਉਹਨਾਂ ਨੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਰਚਨਾ ਕਰਕੇ ਬਾਣੀ ਦਾ ਅਥਾਹ ਖਜ਼ਾਨਾ ਦੁਨੀਆਂ ਨੂੰ ਸੌਂਪਿਆ ਅਤੇ ਆਪਣੇ ਨਾਨੇ ਵਲੋਂ ਦਿਤੇ ਵਰ ਨੂੰ ਸੱਚ ਸਿੱਧ ਕਰ ਵਿਖਾਇਆ। ਪੰਜਵੇਂ ਨਾਨਕ ਅਰਥਾਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਬੀਬੀ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ 1563 ਨੂੰ ਹੋਇਆ। ਆਪ ਜੀ ਦੇ ਪਿਤਾ ਚੌਥੇ ਨਾਨਕ ਸ੍ਰੀ ਗੁਰੂ ਰਾਮ ਦਾਸ ਜੀ ਸਨ। ਇਤਿਹਾਸ ਗਵਾਹੀ ਭਰਦਾ ਹੈ ਕਿ ਪੰਜਵੇਂ ਨਾਨਕ ਨੂੰ ਬਚਪਨ ਤੋਂ ਹੀ ਗੁਰੂ ਜੀ ਦਾ ਸਾਥ ਪ੍ਰਾਪਤ ਹੋਇਆ ਅਤੇ ਆਪ ਜੀ ਦਾ ਪਾਲਣ ਪੋਸ਼ਣ ਗੁਰੂ ਜੀ ਦੀ ਬਾਣੀ ਦੇ ਪ੍ਰਭਾਵ ਹੇਠ ਹੀ ਹੋਇਆ। ਆਪ ਜੀ ਬਾਣੀ ਸੁਣ-ਸੁਣ ਕੇ ਵੱਡੇ ਹੋਏ। ਆਪ ਜੀ ਦਾ ਸਾਰਾ ਜੀਵਨ ਔਕੜਾਂ ਭਰਪੂਰ ਸੀ, ਪਰੰਤੂ ਆਪ ਜੀ ਸਾਰਾ ਸਮਾਂ ਹੀ ਬਾਣੀ ਨਾਲ ਜੁੜੇ ਰਹੇ। ਭਾਵੇਂ ਆਪ ਜੀ ਦੇ ਵੱਡੇ ਭਾਈ ਪਿਰਥੀ ਚੰਦ ਨੇ ਆਪ ਜੀ ਦਾ ਹਰ ਸਮੇਂ ਵਿਰੋਧ ਕੀਤਾ ਅਤੇ ਜਦੋਂ ਇਨ੍ਹਾਂ ਨੂੰ ਗੁਰ ਗੱਦੀ ਸੌਂਪ ਦਿਤੀ ਗਈ, ਵਿਰੋਧ ਹੋਰ ਵਧ ਗਿਆ ਅਤੇ ਉਹ ਗੁਰੂ ਘਰ ਦਾ ਵੀ ਵਿਰੋਧੀ ਬਣ ਬੈਠਾ। ਵੱਖਰੇ ਤੌਰ 'ਤੇ ਪ੍ਰਚਾਰਕ ਬਣ ਬੈਠਾ। ਦਸਵੰਧ ਦੀ ਰਕਮ ਜੋ ਸੰਗਤ ਤੋਂ ਪ੍ਰਾਪਤ ਹੁੰਦੀ ਸੀ, ਆਪ ਲੈ ਲੈਂਦਾ ਸੀ ਅਤੇ ਲੰਗਰ ਲਈ ਗੁਰੂ ਘਰ ਵਿਚ ਭੇਜ ਦਿੰਦਾ ਅਤੇ ਗੁਰੂ ਘਰ ਵਿਚ ਔਕੜਾਂ ਵਧਾਉਂਦਾ ਹੀ ਰਿਹਾ।

ਗੁਰੂ ਜੀ ਇਨ੍ਹਾਂ ਗੱਲਾਂ ਵਲ ਧਿਆਨ ਨਾ ਦੇ ਕੇ ਪ੍ਰਚਾਰ ਵਿਚ ਲੱਗੇ ਰਹੇ ਅਤੇ ਕਈ ਵਾਰ ਆਪ ਨੂੰ ਅਤੇ ਮਾਤਾ ਗੰਗਾ ਜੀ ਨੂੰ ਅੰਨ ਪਾਣੀ ਤੋਂ ਬਿਨਾਂ ਹੀ ਸੌਣਾ ਪੈਂਦਾ ਜਾਂ ਕੇਵਲ ਛੋਲੇ ਖਾ ਕੇ ਹੀ ਸੌਂ ਜਾਂਦੇ। ਇਤਨੇ ਵਿਰੋਧ ਦੇ ਬਾਵਜੂਦ ਵੀ ਗੁਰੂ ਜੀ ਨੇ ਖਲਕਤ ਦੀ ਭਲਾਈ ਦੇ ਕੰਮ ਚਾਲੂ ਰੱਖੇ, ਜਿਨ੍ਹਾਂ ਵਿਚ ਨਵੇਂ ਨਗਰ ਵਸਾਉਣਾ ਵੀ ਸ਼ਾਮਲ ਸਨ। ਆਪ ਜੀ ਨੇ ਸੰਮਤ 1660 ਵਿਚ ਸ੍ਰੀ ਰਾਮਸਰ ਸਾਹਿਬ ਜੀ ਦੇ ਕੰਢੇ ਤੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਲਿਖਵਾਉਣਾ ਸ਼ੁਰੂ ਕੀਤਾ ਅਤੇ ਭਾਦੋਂ ਸੁਦੀ 1 ਸੰਮਤ 1661 ਨੂੰ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਵਿਚ ਪ੍ਰਕਾਸ਼ ਕਰ ਦਿਤਾ ਗਿਆ। ਉਸ ਸਮੇਂ ਇਸ ਗਰੰਥ ਨੂੰ ਪੋਥੀ ਸਾਹਿਬ ਹੀ ਆਖਿਆ ਜਾਂਦਾ ਸੀ, ਕਿਉਂ ਜੋ ਇਸ ਗਰੰਥ ਨੂੰ ਗੁਰਿਆਈ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੀ ਗਈ ਸੀ।

ਗੁਰੂ ਸਾਹਿਬਾਨ ਜੀ ਦੇ ਉਪਦੇਸ਼ਾਂ ਦੇ ਸਦਕਾ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਗੁਰੂ ਜੀ ਦੇ ਸੇਵਕ ਬਣ ਗਏ। ਤੀਸਰੇ ਨਾਨਕ ਵਲੋਂ ਜੋ 22 ਮੰਜੀਆਂ ਸਥਾਪਤ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚ ਇਕ ਮੰਜੀ ਧਾਰਕ ਮੁਸਲਮਾਨ ਅੱਲਾ ਯਾਰ ਖਾਨ ਵੀ ਸੀ,

ਜੋ ਕਿ ਕੱਟੜ ਮੁਸਲਮਾਨਾਂ ਨੂੰ ਹਜ਼ਮ ਨਹੀਂ ਹੋ ਰਿਹਾ ਸੀ। ਹੁਕਮਰਾਨਾਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਕੋਈ ਮੋਮਨ (ਮੁਸਲਿਮ ਧਰਮ ਨੂੰ ਮੰਨਣ ਵਾਲਾ) ਕਾਫਿਰ (ਮੁਸਲਿਮ ਧਰਮ ਨੂੰ ਨਾ ਮੰਨਣ ਵਾਲਾ) ਬਣ ਜਾਵੇ। ਉਹ ਤਾਂ ਕਾਫਿਰਾਂ ਨੂੰ ਮੋਮਨ ਬਣਾ ਰਹੇ ਸੀ। ਇਸ ਲਈ ਉਹਨਾਂ ਨੇ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਪਰੰਤੂ ਅਕਬਰ ਨੂੰ ਇਸ ਵਿਚ ਕੋਈ ਗ਼ਲਤ ਗੱਲ ਨਾ ਲੱਗੀ, ਕਿਉਂ ਜੋ ਉਹ ਇਕ ਖੁੱਲ੍ਹਦਿਲਾ ਇਨਸਾਨ ਸੀ। ਇਸ ਲਈ ਸ਼ਿਕਾਇਤ ਉਪਰ ਉਸ ਵੱਲੋਂ ਕੋਈ ਕਾਰਵਾਈ ਨਾ ਕੀਤੀ ਗਈ। ਪਰ ਅਕਬਰ ਸੰਮਤ 1661 (ਸੰਨ 1605) ਵਿਚ ਅੱਲ੍ਹਾ ਨੂੰ ਪਿਆਰਾ ਹੋ ਗਿਆ ਤਾਂ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ। ਉਹ ਇਕ ਕੱਟੜ ਮੁਸਲਮਾਨ ਸੀ ਅਤੇ ਹਰਮਨ ਪਿਆਰਾ ਹੋਣ ਲਈ ਉਸ ਨੇ ਜਨਤਾ ਨਾਲ ਇਕਰਾਰ ਕੀਤਾ ਕਿ ਉਹ ਦੀਨ ਦਾ ਰਖਵਾਲਾ ਬਣੇਗਾ।

ਇਸ ਸਮੇਂ ਗੁਰੂ ਜੀ ਦੇ ਦੋਖੀਆਂ ਨੂੰ ਆਪਣੇ ਅੰਦਰੋਂ ਗੁਬਾਰ ਕੱਢਣ ਦਾ ਮੌਕਾ ਮਿਲ ਗਿਆ। ਉਹਨਾਂ ਨੇ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਜਹਾਂਗੀਰ ਕੰਨਾ ਦਾ ਕੱਚਾ ਸੀ। ਨਤੀਜੇ ਵਜੋਂ ਉਸ ਦਾ ਮਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਵੈਰ ਦੇ ਜ਼ਹਿਰ ਅਤੇ ਈਰਖਾ ਨਾਲ ਭਰ ਦਿਤਾ ਗਿਆ। ਉਸ ਨੇ ਗੁਰੂ ਜੀ ਨੂੰ ਮੁਸਲਮਾਨ ਬਣਾਉਣ ਦਾ ਇਰਾਦਾ ਬਣਾ ਲਿਆ। ਜੇਕਰ ਉਹ ਇਸਲਾਮ ਕਬੂਲ ਨਾ ਕਰੇ ਤਾਂ ਯਾਸਾ ਕਾਨੂੰਨ ਅਨੁਸਾਰ ਸ਼ਹੀਦ ਕਰ ਦਿਤਾ ਜਾਵੇ। ਇਸ ਕਾਨੂੰਨ ਅਨੁਸਾਰ ਸਜ਼ਾ ਯਾਫਤਾ ਦਾ ਖ਼ੂਨ ਧਰਤੀ ਉਪਰ ਡਿੱਗਣ ਨਹੀਂ ਦਿਤਾ ਜਾਂਦਾ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਜੇਕਰ ਖ਼ੂਨ ਧਰਤੀ ਉਪਰ ਡਿਗੇਗਾ ਤਾਂ ਹੋਰ ਕਾਫ਼ਰ ਪੈਦਾ ਹੋਣਗੇ। ਇਹ ਇਰਾਦਾ ਉਸ ਨੇ ਆਪਣੀ ਸਵੈ-ਜੀਵਨੀ (ਤੁਜ਼ਕੇ ਜਹਾਂਗੀਰੀ ) ਵਿਚ ਲਿਖਿਆ ਹੈ। ਇਸ ਨਾਲ ਗੁਰੂ ਜੀ ਦੇ ਦੋਖੀਆਂ ਦਾ ਕੰਮ ਆਸਾਨ ਹੋ ਗਿਆ। ਹੁਣ ਤਾਂ ਜਹਾਂਗੀਰ ਨੂੰ ਬਹਾਨੇ ਦੀ ਲੋੜ ਸੀ, ਜੋ ਕਿ ਉਸ ਦੇ ਪੁੱਤਰ ਖ਼ੁਸਰੋ ਦੀ ਬਗ਼ਾਵਤ ਨਾਲ ਮਿਲ ਗਿਆ।

ਉਹ ਖ਼ੁਸਰੋ ਦਾ ਪਿੱਛਾ ਕਰਦਾ ਹੋਇਆ ਲਾਹੌਰ ਜਾ ਪੁੱਜਾ। ਉਸ ਨੂੰ ਕਿਸੇ ਥਾਂ ਵੀ ਰਿਪੋਰਟ ਨਾ ਮਿਲੀ, ਜਿਸ ਅਨੁਸਾਰ ਇਹ ਪਤਾ ਲੱਗੇ ਕਿ ਗੁਰੂ ਜੀ ਨੇ ਖ਼ੁਸਰੋ ਦੀ ਮਦਦ ਕੀਤੀ ਸੀ। ਜਿਥੇ ਵੀ ਖ਼ੁਸਰੋ ਦੇ ਸਾਥੀ ਮਿਲੇ, ਉਨ੍ਹਾਂ ਨੂੰ ਫੜ ਕੇ ਸਖ਼ਤ ਸਜ਼ਾਵਾਂ ਦਿਤੀਆਂ ਗਈਆਂ। ਪਰੰਤੂ ਗੁਰੂ ਘਰ ਦੇ ਦੋਖੀ ਇਹ ਮੌਕਾ ਵਿਅਰਥ ਨਹੀਂ ਜਾਣ ਦੇਣਾ ਚਾਹੁੰਦੇ ਸੀ, ਇਸ ਲਈ ਉਨ੍ਹਾਂ ਨੇ ਜਹਾਂਗੀਰ ਨੂੰ ਮਨਘੜਤ ਕਹਾਣੀ ਦੱਸੀ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੇ ਮਦਦ ਲਈ ਹੁੰਗਾਰਾ ਵੀ ਭਰਿਆ ਸੀ। ਜਹਾਂਗੀਰ ਕੋਲ ਪੜਤਾਲ ਲਈ ਸਮਾਂ ਨਹੀਂ ਸੀ ਅਤੇ ਉਹ ਵੀ ਤਾਂ ਬਹਾਨਾ ਹੀ ਲੱਭ ਰਿਹਾ ਸੀ। ਇਸ ਲਈ ਉਸ ਨੇ ਹੁਕਮ ਚਾੜ੍ਹ ਦਿਤਾ ਕਿ ਮੈਂ ਉਸ ਦੀ ਝੂਠ ਦੀ ਦੁਕਾਨ ਬਾਰੇ ਜਾਣਦਾ ਹਾਂ ਅਤੇ ਹੁਕਮ ਕਰਦਾ ਹਾਂ ਕਿ ਉਸ ਨੂੰ ਮੇਰੇ ਕੋਲ ਹਾਜ਼ਰ ਕੀਤਾ ਜਾਵੇ। ਉਨ੍ਹਾਂ ਦਾ ਘਰ ਘਾਟ ਅਤੇ ਬੱਚੇ ਮੁਰਤਜ਼ਾ ਖ਼ਾਨ ਨੂੰ ਸੌਂਪਣ ਅਤੇ ਜਾਇਦਾਦ ਜ਼ਬਤ ਕਰਨ ਦੇ ਹੁਕਮ ਕਰ ਅਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਕਰ ਦਿਤਾ ਗਿਆ। ਹੁਕਮ ਦੀ ਤਾਮੀਲ ਲਈ ਗੁਰੂ ਜੀ ਨੂੰ ਆਪਣੇ ਸੇਵਾਦਾਰਾਂ ਦੇ ਹਵਾਲੇ ਕਰ ਕੇ ਉਹ ਅੱਗੇ ਤੁਰ ਗਿਆ।

ਗੁਰੂ ਜੀ ਨੂੰ ਕਸ਼ਟ ਦੇਣ ਦਾ ਕੰਮ ਚੰਦੂ ਨੇ ਆਪਣੇ ਜ਼ਿੰਮੇਂ ਲੈ ਲਿਆ, ਕਿਉਂਕਿ ਉਸ ਨੂੰ ਗੁਰੂ ਜੀ ਨਾਲ ਚਿਰੋਕਾ ਵੈਰ ਸੀ। ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ

ਆਪਣੇ ਪੁੱਤਰ ਸ੍ਰੀ ਹਰਗੋਬਿੰਦ ਲਈ ਦਿੱਲੀ ਦੀ ਸੰਗਤ ਦੇ ਕਹਿਣ ਉਪਰ ਨਾ-ਮਨਜ਼ੂਰ ਕਰ ਦਿਤਾ ਸੀ, ਕਿਉਂ ਜੋ ਉਸ ਨੇ ਆਪਣੇ ਲਈ ਚੁਬਾਰਾ ਅਤੇ ਗੁਰੂ ਘਰ ਲਈ ਮੋਰੀ ਸ਼ਬਦਾਂ ਦੀ ਵਰਤੋਂ ਕੀਤੀ ਸੀ। ਇਸ ਕਾਰਨ ਦਿੱਲੀ ਦੀ ਸੰਗਤ ਵਿਚ ਭਾਰੀ ਰੋਸ ਸੀ। ਚੰਦੂ ਸਰਕਾਰੀ ਅਫ਼ਸਰ ਸੀ ਅਤੇ ਚੰਗਾ ਅਸਰ ਰਸੂਖ ਰੱਖਦਾ ਸੀ।

ਉਸ ਨੇ ਗੁਰੂ ਜੀ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿਤੇ। ਪਹਿਲੇ ਦਿਨ ਖਾਣ ਲਈ ਕੁਝ ਨਾ ਦਿਤਾ ਗਿਆ ਅਤੇ ਨਾ ਹੀ ਸੌਣ ਦਿਤਾ ਪਰ ਗੁਰੂ ਜੀ ਨਾਮ ਸਿਮਰਨ ਵਿਚ ਮਗਨ ਰਹੇ। ਦੂਜੇ ਦਿਨ ਉਬਲਦੇ ਪਾਣੀ ਵਿਚ ਬਿਠਾਇਆ ਗਿਆ। ਸਰੀਰ ਉਪਰ ਛਾਲੇ ਪੈ ਗਏ, ਉਪਰ ਤੱਤੀ ਰੇਤਾ ਪਾਈ ਗਈ। ਅਗਲੇ ਦਿਨ ਤੱਤੀ ਲੋਹ ਉਤੇ ਬਿਠਾਇਆ ਗਿਆ। ਨਾਮ ਸਿਮਰਨ ਵਿਚ ਲੀਨ ਗੁਰੂ ਜੀ ਨੇ ਮੁੱਖੋਂ ਉਚਾਰਿਆ :

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥**

ਸਰੀਰਕ ਕਸ਼ਟਾਂ ਦੇ ਕਾਰਨ ਗੁਰੂ ਜੀ ਸਰੀਰਕ ਤੌਰ 'ਤੇ ਨਿਰਬਲ ਹੋ ਗਏ। ਪੰਜ ਦਿਨ ਤਸੀਹੇ ਸਹਿਣ ਕਰਨ ਪਿਛੋਂ 28 ਜੇਠ 1663 ਜਾਂ 25 ਮਈ 1606 ਨੂੰ ਪੰਜ ਸਿੱਖਾਂ ਨੂੰ ਨਾਲ ਲੈ ਕੇ ਰਾਵੀ ਦਰਿਆ ਤੇ ਚਲੇ ਗਏ। ਕਿਨਾਰੇ ਬੈਠ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਆਪਣਾ ਪੰਜ ਭੂਤਕ ਸਰੀਰ ਤਿਆਗ ਦਿੱਤਾ। ਗੁਰੂ ਜੀ ਦੇ ਹੁਕਮ ਅਨੁਸਾਰ ਦੇਹ ਨੂੰ ਪੰਜਾਂ ਸਿੱਖਾਂ ਨੇ ਰਾਵੀ ਦੀ ਭੇਂਟ ਕਰ ਦਿੱਤਾ। ਇਸ ਅਸਥਾਨ 'ਤੇ ਗੁਰੂਦੁਆਰਾ ਡੇਰਾ ਸਾਹਿਬ ਲਾਹੌਰ ਹੈ, ਜੋ ਹੁਣ ਪਾਕਿਸਤਾਨ ਵਿਚ ਹੈ।

# ਅਨਿਨ ਸੇਵਕ ਭਾਈ ਨੰਦ ਲਾਲ ਜੀ ਗੋਯਾ

ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ 1666 ਵਿਚ ਮਾਤਾ ਗੁਜਰੀ ਜੀ ਦੀ ਕੁਖੋਂ ਪਟਨਾ ਸਾਹਿਬ (ਬਿਹਾਰ) ਵਿਖੇ ਬਾਲ ਗੋਬਿੰਦ ਰਾਏ ਨੇ ਜਨਮ ਲਿਆ। ਜਿਸ ਨੇ ਖ਼ਾਲਸਾ ਧਰਮ 1699 ਦੀ ਵਿਸਾਖੀ ਵਾਲੇ ਦਿਨ ਸਾਜਿਆ ਸੀ, ਇਕ ਅਜੀਬ ਨਜ਼ਾਰਾ ਪੇਸ਼ ਕੀਤਾ। ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ ਤੇ ਆਪੇ ਗੁਰੂ ਤੇ ਆਪੇ ਹੀ ਚੇਲਾ ਬਣੇ। ਪੰਜ ਪਿਆਰੇ ਸਜੇ ਤੇ ਫਿਰ ਤੋਂ ਆਪ ਉਨਾਂ ਤੋਂ ਪਾਹੁਲ ਛਕਿਆ। ਖੰਡੇ ਬਾਟੇ ਦੇ ਪਾਹੁਲ ਦੀ ਰੀਤ ਤੋਰੀ। ਸਿੱਖ ਧਰਮ ਦੀ ਵੱਖਰੀ ਪਛਾਣ ਬਣਾ ਦੇਣ, ਹਰ ਸਿਖ ਲਈ ਪੰਜ ਕਕਾਰ ਅਰਥਾਤ ਕੇਸ ਕੰਘਾ ਕੜਾ ਕਛਹਿਰਾ ਅਤੇ ਕਿਰਪਾਨ ਰਖਣੇ ਜ਼ਰੂਰੀ ਕੀਤੇ ਅਤੇ ਕੇਸਾਂ ਦੀ ਸੰਭਾਲ ਲਈ ਉਨਾਂ ਉਪਰ ਦਸਤਾਰ ਬੰਨ੍ਹਣੀ ਵੀ ਦੱਸੀ ਸੀ। ਦਸਤਾਰ ਬੰਨ੍ਹ ਕੇ ਸਿਖ ਦੀ ਆਪਣੀ ਵਖਰੀ ਪਛਾਣ ਬਣਦੀ ਹੈ। ਖਾਲਸੇ ਨੂੰ ਕੁਰਬਾਨੀ ਦਾ ਸਬਕ ਸਿਖਾਇਆ ਤੇ ਦੇਸ਼ ਅਤੇ ਕੌਮ ਦੀ ਖਾਤਰ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ ਸੀ। ਖਾਲਸੇ ਨੂੰ ਧਰਮ ਕਰਮ ਦੀ ਸਿਖਿਆ ਦੇਣ ਤੋਂ ਇਲਾਵਾ ਯੁਧ ਲਈ ਵੀ ਤਿਆਰ ਰਹਿਣ ਦੀ ਸਿਖਲਾਈ ਦਿਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੇਕਰ ਸੁਲਾਹ ਸਫਾਈ ਦੇ ਸਾਰੇ ਯਤਨ ਅਸਫਲ ਹੋ ਜਾਣ ਤਾਂ ਤਲਵਾਰ ਉਠਾ ਲੈਣੀ ਜਾਇਜ਼ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਵਿਚ ਭਾਈ ਨੰਦ ਲਾਲ ਜੀ ਗੋਯਾ ਨੇ ਲਿਖਿਆ ਹੈ ਕਿ :

**ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ ॥**
**ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ ॥੧੦੫॥**

ਗਰੀਬਾਂ ਦਾ ਰਾਖਾ ਗੁਰੂ ਗੋਬਿੰਦ ਸਿੰਘ ਰੱਬ ਦੀ ਰਖਿਆ ਵਿਚ ਗੁਰੂ ਗੋਬਿੰਦ ਸਿੰਘ ਰੱਬ ਵਲੋਂ ਪਰਵਾਣ ਗੁਰੂ ਗੋਬਿੰਦ ਸਿੰਘ ॥ (105)

**ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ ॥**
**ਹੁਮਲਾ ਫ਼ੈਜ਼ਿ ਨੂਰ ਗੁਰੁ ਗੋਬਿੰਦ ਸਿੰਘ ॥੧੦੬॥**

ਗੁਰੂ ਗੋਬਿੰਦ ਸਿੰਘ ਸੱਚ ਦਾ ਖ਼ਜ਼ਾਨਾ ਹੈ,
ਗੁਰੂ ਗੋਬਿੰਦ ਸਿੰਘ ਸਮੂਹ ਨੂਰ ਦੀ ਮਹਿਰ ਹੈ (106)

**ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ ॥**
**ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ ॥੧੦੭॥**

ਗੁਰੂ ਗੋਬਿੰਦ ਸਿੰਘ ਸੱਚ ਦੇ ਜਾਨਣ ਹਾਰਿਆਂ ਲਈ ਸੱਚ ਹੈ,
ਗੁਰੂ ਗੋਬਿੰਦ ਸਿੰਘ ਬਾਦਸ਼ਾਹਾਂ ਦਾ ਬਾਦਸ਼ਾਹ ਹੈ ॥ (107)

**ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥**
**ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ ॥੧੦੮॥**

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਗੁਰੂ ਗੋਬਿੰਦ ਸਿੰਘ ਦੁਸ਼ਮਨ ਦੀ ਜਾਨ ਨੂੰ ਕਬਜ਼ ਕਰ ਲੈਣ ਵਾਲਾ ਹੈ ॥ (108)
ਭਾਈ ਨੰਦ ਲਾਲ ਜੀ ਨੇ ਗੰਜ ਨਾਮਾ ਵਿਚ ਦਰਜ ਕੀਤਾ ਹੈ ਕਿ :

**ਖ਼ਾਲਸੋ ਬੇਕੀਨਾ ਗੁਰੁ ਗੋਬਿੰਦ ਸਿੰਘ ॥**
**ਹੱਕ ਹੱਕ ਆਈਨਾ ਗੁਰੁ ਗੋਬਿੰਦ ਸਿੰਘ ॥੧੨੪॥**

ਗੁਰੂ ਗੋਬਿੰਦ ਸਿੰਘ ਦਿਲ ਦਾ ਸਾਊ ਅਤੇ ਵੈਰ ਭਾਵ ਤੋਂ ਖ਼ਾਲੀ ਹੈ,
ਗੁਰੂ ਗੋਬਿੰਦ ਸਿੰਘ ਆਪ ਸੱਚ ਹੈ ਅਤੇ ਸੱਚ ਦਾ ਸ਼ੀਸ਼ਾ ਹੈ ॥ (124)

**ਹੱਕ ਹੱਖ ਅੰਦੇਸ਼ ਗੁਰੁ ਗੋਬਿੰਦ ਸਿੰਘ ॥**
**ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ ॥੧੨੫॥**

ਗੁਰੂ ਗੋਬਿੰਦ ਸਿੰਘ ਸੱਚ ਦਾ ਸੱਚਾ ਅਨੁਭਵੀ ਹੈ,
ਦਰਵੇਸ਼ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਹੈ ॥ (125)

ਭਾਈ ਨੰਦ ਲਾਲ ਜੀ ਦੇ ਵੱਡੇ ਵਡੇਰਿਆਂ ਬਾਰੇ ਇਤਿਹਾਸ ਵਿਚ ਕੋਈ ਵਰਣਨ ਨਹੀਂ ਹੈ। ਇਨ੍ਹਾਂ ਦੇ ਪਿਤਾ ਦਾ ਨਾਮ ਮੁਨਸ਼ੀ ਛਜੂ ਮੱਲ ਸੀ ਜੋ ਅਰਬੀ ਅਤੇ ਫ਼ਾਰਸੀ ਦੇ ਵਿਦਵਾਨ ਸਨ। ਗ਼ਜ਼ਨੀ (ਅਫਗਾਨਿਸਤਾਨ) ਵਿਚ 1633 ਵਿਚ ਮੁਨਸ਼ੀ ਜੀ ਦੇ ਘਰ ਬਾਲਕ ਨੰਦ ਲਾਲ ਜੀ ਦਾ ਜਨਮ ਹੋਇਆ। ਬਚਪਨ ਤੋਂ ਹੀ ਨੰਦ ਲਾਲ ਹੋਣਹਾਰ ਅਤੇ ਮੇਹਨਤੀ ਲੜਕਾ ਸੀ। ਵਾਰਤਕ ਰਚਨਾ ਤੇ ਕਵਿਤਾ ਵਿਚ ਉਸ ਨੂੰ ਖਾਸ ਸ਼ੌਂਕ ਸੀ। ਮੁਨਸ਼ੀ ਛਜੂ ਮਲ ਰਾਮਾਨੰਦੀ ਵੈਸ਼ਨੂ ਬੈਰਾਗੀਆਂ ਦਾ ਚੇਲਾ ਸੀ ਪਰੰਤੂ ਨੰਦ ਲਾਲ ਜੀ ਉਪਰ ਬਚਪਨ ਤੋਂ ਹੀ ਸਿੱਖ ਮੱਤ ਦਾ ਅਸਰ ਸੀ। ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਫ਼ਗ਼ਾਨਿਸਤਾਨ ਵਿਚ ਸਿੱਖ ਸੰਗਤਾਂ ਮੌਜੂਦ ਸਨ। ਕਾਬਲ ਕੰਧਾਰ ਅਤੇ ਗ਼ਜ਼ਨੀ ਵਿਚ ਸਿੱਖ ਗੁਰਦਵਾਰੇ ਮੌਜੂਦ ਸਨ, ਉਦੋਂ ਗੁਰਦਵਾਰੇ ਦੀ ਥਾਂ ਤੇ ਧਰਮਸ਼ਾਲਾ ਆਖਿਆ ਜਾਂਦਾ ਸੀ। ਸਿੱਖ ਮੱਤ ਦੇ ਅਸਰ ਹੇਠ ਹੋਣ ਕਾਰਣ 12 ਸਾਲ ਦੀ ਉਮਰ ਵਿਚ ਨੰਦ ਲਾਲ ਜੀ ਆਪਣੇ ਪਿਤਾ ਜੀ ਦੇ ਵਾਰ-ਵਾਰ ਆਖਣ ਦੇ ਬਾਵਜੂਦ ਬੈਰਾਗੀ ਗੁਰੂਆਂ ਤੋਂ ਦੀਖਿਆ ਲੈਣ ਅਤੇ ਕੰਠੀ ਪਾ ਲੈਣ ਤੋਂ ਇਨਕਾਰ ਕਰ ਦਿਤਾ ਸੀ।

ਸ਼ਾਹ ਜਹਾਂ ਦੇ ਰਾਜ ਸਮੇਂ ਮੁਨਸ਼ੀ ਛੱਜੂ ਮੱਲ ਸ਼ਾਹੀ ਦਰਬਾਰ ਵਿਚ ਨੌਕਰ ਹੋ ਗਿਆ ਸੀ। ਜਿਥੇ ਇਹਨਾਂ ਦੀ ਜਾਣ ਪਛਾਣ ਸ਼ਾਹਜ਼ਾਦਾ ਦਾਰਾ ਸ਼ਿਕੋਹ ਨਾਲ ਹੋ ਗਈ, ਜਿਹੜਾ ਹਿੰਦੀ ਅਤੇ ਸੰਸਕ੍ਰਿਤ ਦੇ ਵਿਦਵਾਨਾਂ ਦੀ ਕਦਰ ਕਰਦਾ ਸੀ ਅਤੇ ਆਪ ਵੀ ਇਨ੍ਹਾਂ ਦੋਵਾਂ ਭਾਸ਼ਾਵਾਂ ਦੇ ਭਾਰੀ ਵਿਦਵਾਨ ਸਨ। ਦਾਰਾ ਸ਼ਿਕੋਹ ਨੇ ਮੁਨਸ਼ੀ ਜੀ ਕੋਲੋਂ ਬਹੁਤ ਸਾਰੀਆਂ ਹਿੰਦੀ ਕਿਤਾਬਾਂ ਦਾ ਫ਼ਾਰਸੀ ਵਿਚ ਉਲਥਾ ਕਰਵਾਇਆ ਜੋ ਕਿ ਪ੍ਰਵਾਨ ਕਰ ਲਿਆ ਤੇ ਇਸ ਨਾਲ ਮੁਨਸ਼ੀ ਜੀ ਦੀ ਇੱਜ਼ਤ ਵਿਚ ਵਾਧਾ ਹੋ ਗਿਆ।

1639 ਵਿਚ ਸ਼ਾਹ ਜਹਾਂ ਨੇ ਦਾਰਾ ਸ਼ਿਕੋਹ ਨੂੰ ਕੰਧਾਰ ਦੀ ਲੜਾਈ ਲਈ ਭੇਜਿਆ

ਤਾਂ ਦਾਰਾ ਸ਼ਿਕੋਹ ਮੁਨਸ਼ੀ ਜੀ ਆਪਣੇ ਨਾਲ ਗ਼ਜ਼ਨੀ ਲੈ ਗਿਆ ਤੇ ਕੰਧਾਰ ਜਿਤ ਲੈਣ ਤੋਂ ਬਾਅਦ ਦੀਵਾਨ ਲਾ ਦਿਤਾ ਅਤੇ ਆਪ ਵਾਪਸ ਆ ਗਿਆ। ਨੰਦ ਲਾਲ ਜੀ ਦੀ ਉਮਰ ਕੇਵਲ 17 ਸਾਲ ਦੀ ਸੀ ਜਦੋਂ ਉਹਨਾਂ ਦੀ ਮਾਤਾ ਪਰਲੋਕ ਸਿਧਾਰ ਗਈ। ਦੋ ਸਾਲ ਬਾਅਦ ਦੀਵਾਨ ਛੱਜੂ ਮੱਲ 1652 ਵਿਚ ਕੰਧਾਰ ਵਿਚ ਹੀ ਪੂਰੇ ਹੋ ਗਏ। ਸਰਕਾਰ ਵਲੋਂ ਮੁਨਸ਼ੀ ਦੇ ਤੌਰ 'ਤੇ ਮੁਲਾਜ਼ਮਤ ਦਿਤੀ ਗਈ ਜਿਸ ਨੂੰ ਨੰਦ ਲਾਲ ਜੀ ਨੇ ਠੁਕਰਾ ਦਿਤਾ। ਹੁਣ ਉਸ ਨੂੰ ਇਹ ਫਿਕਰ ਸੀ ਕਿ ਉਹ ਇਸ ਬੇਗਾਨੇ ਦੇਸ਼ ਵਿਚ ਗੁਜ਼ਾਰਾ ਕਿਵੇਂ ਕਰੇਗਾ। ਇਸ ਲਈ ਫੈਸਲਾ ਕਰ ਲਿਆ ਕੇ ਭਾਰਤ ਵਿਚ ਹੀ ਜਾਇਆ ਜਾਵੇ। ਇਸ ਲਈ ਸਾਰਾ ਮਾਲ ਅਸਬਾਬ ਵੇਚ ਵੱਟ ਕੇ ਨਕਦੀ ਨਾਲ ਲੈ ਕੇ ਭਾਰਤ ਵਿਚ ਵਪਾਰ ਕਰਨ ਦੇ ਇਰਾਦੇ ਨਾਲ ਮੁਲਤਾਨ ਵਿਚ ਆਣ ਪੁਜਿਆ। ਇਥੇ ਕਾਰੋਬਾਰੀਆਂ ਨਾਲ ਮੇਲ ਜੋਲ ਵਧਾ ਲਿਆ ਅਤੇ ਆਪਣਾ ਮਕਾਨ ਵੀ ਬਣਾ ਲਿਆ। ਆਪ ਜੀ ਦਾ ਵਿਆਹ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਦੀ ਲੜਕੀ ਨਾਲ ਹੋ ਗਿਆ। ਆਪ ਦੀ ਪਤਨੀ ਰੋਜ਼ਾਨਾ ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਕਰਿਆ ਕਰਦੀ ਸੀ। ਆਪ ਜੀ ਵੀ ਸਿੱਖੀ ਵਲ ਹੋਰ ਪ੍ਰੇਰਿਤ ਹੋ ਗਏ। ਗੁਰਬਾਣੀ ਤੇ ਗੁਰ ਇਤਿਹਾਸ ਦੇ ਅਧਿਅਨ ਨਾਲ ਬੁਧੀ ਹੋਰ ਸੰਵਰ ਗਈ, ਅਨੁਭਵ ਵਧੇਰੇ ਚਮਕਾਂ ਮਾਰਨ ਲੱਗਾ। ਆਪ ਨੇ ਇਸ ਸਮੇਂ ਦੇ ਦੌਰਾਨ ਕੁਝ ਕਿਤਾਬਾਂ ਵੀ ਲਿਖੀਆਂ। ਆਪਣੀ ਲਿਆਕਤ ਤੇ ਮੁਹਾਰਤ ਸਦਕਾ ਮੁਲਤਾਨ ਦੇ ਹਾਕਮ ਦੇ ਦਫਤਰ ਵਿਚ ਮੁਨਸ਼ੀ ਪਦ ਤੇ ਲਾ ਦਿਤਾ ਗਿਆ। ਕੁਝ ਸਮੇਂ ਪਿਛੋਂ ਭਾਈ ਨੰਦ ਲਾਲ ਜੀ ਨੂੰ ਇਲਾਕਾ ਭੱਖੜ ਦੇ ਕਿਲ੍ਹੇ ਦਾ ਕਿਲ੍ਹੇਦਾਰ ਲਾਇਆ ਗਿਆ ਅਤੇ ਆਪਣੀ ਕਾਬਲੀਅਤ ਕਾਰਨ ਮੁਲਤਾਨ ਦੇ ਨਾਇਬ ਸੂਬੇਦਾਰ ਹੋ ਗਏ। ਔਰੰਗਜ਼ੇਬ ਦੇ ਰਾਜ ਸਮੇਂ ਕਿਸੇ ਕਾਰਨ ਨੰਦ ਲਾਲ ਜੀ ਨੂੰ ਨੌਕਰੀ ਤੋਂ ਮੁਕਤ ਕਰ ਦਿੱਤਾ ਜਿਸ ਕਾਰਨ ਇਨਾਂ ਦੇ ਜੀਵਨ ਵਿਚ ਅਜੀਬ ਪਲਟਾ ਆਇਆ।

ਭਾਈ ਨੰਦ ਲਾਲ ਜੀ ਦੀ 40 ਸਾਲ ਦੀ ਉਮਰ ਸੀ ਜਦੋਂ ਉਹਨਾਂ ਦੇ ਘਰ ਇਕ ਬੱਚਾ ਪੈਦਾ ਹੋਇਆ ਜਿਸ ਦਾ ਨਾਮ ਲਖਪਤ ਰਾਇ ਰਖਿਆ ਗਿਆ। ਇਹ ਬੱਚਾ ਜਦ ਵੱਡਾ ਹੋਇਆ ਤਾਂ ਇਸ ਦੇ ਘਰ ਕੋਈ ਔਲਾਦ ਪੈਦਾ ਨਾ ਹੋਈ। ਇਹਨਾਂ ਦਾ ਦੂਸਰਾ ਬੱਚਾ ਲੀਲ੍ਹਾ ਰਾਮ ਪੈਦਾ ਹੋਇਆ ਜਿਸ ਤੋਂ ਇਹਨਾਂ ਦੇ ਵੰਸ ਦਾ ਵਾਧਾ ਹੋਇਆ ਸੀ। ਇਸ ਸਮੇਂ ਤਕ ਆਪ ਨੂੰ ਗੁਰਬਾਣੀ ਦੀ ਕਾਫੀ ਡੂੰਘਾ ਗਿਆਨ ਹੋ ਚੁਕਾ ਸੀ ਤੇ ਸੰਗਤਾਂ ਰਾਹੀਂ ਇਹ ਵੀ ਪਤਾ ਲੱਗ ਚੁਕਾ ਸੀ ਕਿ ਗੁਰਗੱਦੀ ਉਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਹਨ। ਪਰਮਾਤਮਾ ਦੀ ਮੇਹਰ ਸਦਕਾ ਭਾਈ ਸਾਹਿਬ ਦੇ ਮਨ ਵਿਚ ਦਸਮ ਪਾਤਸ਼ਾਹ ਜੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਆਪਣੀ ਪਤਨੀ ਤੇ ਬੱਚਿਆਂ ਦਾ ਯੋਗ ਪ੍ਰਬੰਧ ਕਰ ਦਸਮ ਪਾਤਸ਼ਾਹ ਦੇ ਦਰਸ਼ਨਾਂ ਲਈ ਚੱਲ ਪਏ। ਕੁਝ ਦਿਨ ਲਾਹੌਰ ਰੁਕੇ ਫਿਰ ਅੰਮ੍ਰਿਤਸਰ ਚਲੇ ਗਏ। ਸ੍ਰੀ ਹਰਮੰਦਰ ਸਾਹਿਬ ਦੇ ਦਰਸ਼ਨ ਕਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਗਏ। ਉਹਨੀ ਦਿਨੀਂ ਅਨੰਦਪੁਰ ਸਾਹਿਬ ਨੂੰ ਮਾਖੋਵਾਲ ਆਖਿਆ ਜਾਂਦਾ ਸੀ ਅਤੇ ਹੁਣ ਇਸ ਦਾ ਨਾਮ ਸ੍ਰੀ ਆਨੰਦਪੁਰ ਸਾਹਿਬ ਕਰ ਦਿੱਤਾ ਗਿਆ ਹੈ। ਭਾਈ ਸਾਹਿਬ ਜੀ ਗੁਰੂ ਜੀ ਦੇ ਦਰਸ਼ਨ ਕਰ ਕੇ ਖੁਸ਼ ਹੋਏ ਤੇ ਉਥੇ ਹੀ ਟਿਕੇ ਰਹਿਣ ਦਾ ਮਨ ਬਣਾ ਲਿਆ। ਭਾਈ ਨੰਦ ਲਾਲ ਜੀ ਫ਼ਾਰਸੀ ਦੇ ਆਲਮ ਸਨ ਅਤੇ ਜਦੋਂ ਦਸਮ ਪਿਤਾ ਨੇ ਫ਼ਾਰਸੀ ਦੀ

ਰਚਨਾ ਸੁਣੀ ਤਾਂ ਇਤਨੇ ਪ੍ਰਭਾਵਿਤ ਹੋਏ ਕਿ ਬਵੰਜਾ ਕਵੀਆਂ ਦਾ ਸ਼੍ਰੋਮਣੀ ਕਵੀ ਥਾਪ ਦਿਤਾ। ਆਪ 'ਗੋਯਾ' ਤਖੱਲਸ ਨਾਲ ਕਵਿਤਾ ਰਚਨਾ ਕਰਦੇ ਸਨ। ਅਨੰਦਪੁਰ ਵਿਚ ਰਹਿੰਦੇ ਹੋਏ ਭਾਈ ਸਾਹਿਬ ਜੀ ਨੇ 514 ਸ਼ੇਅਰਾਂ ਦੀ ਪੁਸਤਕ ਬੰਦਗੀਨਾਮਾ ਲਿਖੀ ਤੇ ਗੁਰੂ ਸਾਹਿਬ ਜੀ ਨੂੰ ਭੇਟਾ ਕੀਤੀ ਜਿਸ ਨੂੰ ਸੁਣਨ ਉਪਰੰਤ ਗੁਰੂ ਸਾਹਿਬਾਂ ਨੇ ਉਸ ਦਾ ਨਾ ਜ਼ਿੰਦਗੀਨਾਮਾ ਕਰ ਦਿਤਾ ਸੀ।

ਸਾਲ 1683 ਵਿਚ ਦਸਮ ਪਿਤਾ ਤੋਂ ਆਗਿਆ ਲੈ ਕੇ ਭਾਈ ਸਾਹਿਬ ਅਨੰਦਪੁਰ ਤੋਂ ਆਗਰੇ ਆ ਗਏ। ਪਰੰਤੂ ਇਥੇ ਬਾਦਸ਼ਾਹ ਔਰੰਗਜ਼ੇਬ ਦੀ ਇੱਛਾ ਸੀ ਕਿ ਨੰਦ ਲਾਲ ਜੀ ਇਸਲਾਮ ਧਰਮ ਅਪਣਾ ਲੈਣ ਤਾਂ ਉਨਾਂ ਨੂੰ ਕੋਈ ਚੰਗੀ ਜ਼ਿਮੇਂਵਾਰੀ ਸੌਂਪੀ ਜਾ ਸਕਦੀ ਹੈ। ਇਹ ਗੱਲ ਭਾਈ ਸਾਹਿਬ ਨੂੰ ਮਨਜ਼ੂਰ ਨਹੀਂ ਸੀ ਇਸ ਲਈ ਵਾਪਸ ਅਨੰਦਪੁਰ ਗੁਰੂ ਜੀ ਕੋਲ ਪੁੱਜ ਗਏ। ਗੁਰੂ ਸਾਹਿਬ ਆਪ ਨੂੰ ਦੀਵਾਨ ਦੀ ਪਦਵੀ ਦੇਣਾ ਚਾਹੁੰਦੇ ਸਨ ਪਰ ਉਨ੍ਹਾਂ ਨੇ ਲੰਗਰ ਦੀ ਸੇਵਾ ਨੂੰ ਉੱਤਮ ਜਾਨਿਆ। 1704 ਤਕ ਭਾਈ ਸਾਹਿਬ ਅਨੰਦਪੁਰ ਹੀ ਰਹੇ। ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਹਨ:

1. ਜ਼ਿੰਦਗੀਨਾਮਾ, 2. ਫ਼ਾਰਸੀ ਵਿਚ ਦੀਵਾਨ-ਗੋਯਾ, 3. ਫ਼ਾਰਸੀ ਵਿਚ ਤੋਸੀਨ-ਓ-ਸਨਾ ਅਤੇ ਖਾਤਿਮਾ 4. ਫ਼ਾਰਸੀ ਵਿਚ ਗੰਜਨਾਮਾ 5. ਫ਼ਾਰਸੀ ਕਵਿਤਾ ਜੋਤ ਬਿਗਾਸ 6. ਪੰਜਾਬੀ ਵਿਚ ਰਹਿਤਨਾਮਾ 7. ਪੰਜਾਬੀ ਕਵਿਤਾ ਤਨਖਾਹਨਾਮਾ 8. ਪੰਜਾਬੀ ਵਿਚ ਜੋਤ ਬਿਗਾਸ 9. ਫ਼ਾਰਸੀ ਵਿਚ ਦਸਤੂਰ-ਅਲ-ਇਨਸ਼ਾ 10. ਅਰਜੁਲ ਅਲਫਾਜ਼

ਗੁਰੂ ਸਾਹਿਬ ਜਿਥੇ ਵੀ ਜਾਂਦੇ ਸਨ ਭਾਈ ਸਾਹਿਬ ਨੂੰ ਨਾਲ ਲੈ ਕੇ ਜਾਂਦੇ ਸਨ। ਜਦੋਂ ਗੁਰੂ ਜੀ ਨੰਦੇੜ ਗਏ ਤਾਂ ਭਾਈ ਸਾਹਿਬ ਵੀ ਨਾਲ ਸਨ। ਬਾਜਾਂ ਵਾਲੇ ਕਲਗੀਧਰ ਪਾਤਸ਼ਾਹ ਜੀ ਦੇ 1708 ਵਿਚ ਜੋਤੀ ਜੋਤ ਸਮਾ ਜਾਣ ਸਮੇਂ ਭਾਈ ਸਾਹਿਬ ਵੀ ਨੰਦੇੜ ਵਿਚ ਹੀ ਸਨ। ਉਨਾਂ ਨੇ ਗੁਰਿਆਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਬਖਸ਼ੀ ਸੀ ਅਤੇ ਸਿੱਖਾਂ ਨੂੰ ਸ਼ਬਦ ਗੁਰੂ ਨੂੰ ਗੁਰੂ ਮੰਨ ਲੈਣ ਦਾ ਉਪਦੇਸ਼ ਕੀਤਾ ਸੀ। ਭਾਈ ਨੰਦ ਲਾਲ ਜੀ ਦਸਮ ਪਿਤਾ ਜੀ ਦੇ ਪ੍ਰਲੋਕ ਸਿਧਾਰ ਜਾਣ ਤੋਂ ਲਗਭਗ ਤਿੰਨ ਸਾਲ ਬਾਅਦ ਪੰਜਾਬ ਆ ਗਏ ਸਨ ਅਤੇ ਅੰਤਲੇ ਸਮੇਂ 1712 ਵਿਚ ਮੁਲਤਾਨ ਵਿਖੇ ਹੀ ਸਨ। ਜਿਥੇ ਉਨਾਂ ਨੇ ਆਪਣੇ ਆਖਰੀ ਸਾਹ ਲਏ ਸਨ।

# ਮਨ ਦੀ ਲੋਚਾ

ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਚੌਥੇ ਗੁਰੂ ਸ੍ਰੀ ਰਾਮਦਾਸ ਜੀ ਨੂੰ ਲਾਹੌਰ ਵਿਖੇ ਜਾਣ ਲਈ ਹੁਕਮ ਕੀਤਾ ਸੀ ਅਤੇ ਨਾਲ ਹੀ ਆਦੇਸ਼ ਦਿੱਤਾ ਕਿ ਜਦੋਂ ਤਕ ਅਸੀਂ ਨਹੀਂ ਸੰਦੇਸ਼ ਭੇਜਦੇ ਤੁਸੀਂ ਉਥੇ ਹੀ ਨਿਵਾਸ ਕਰਨਾ। ਜਦੋਂ ਕਾਫੀ ਸਮਾਂ ਬੀਤ ਗਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਜੀ ਨੂੰ ਪੱਤਰ ਲਿਖਿਆ ਸੀ ਜਿਸ ਵਿਚ ਮਨ ਦੀ ਲੋਚਾ ਦਾ ਵਰਨਣ ਕੀਤਾ ਸੀ ਪਰ ਉਹ ਪੱਤਰ ਤਾਂ ਚੌਥੇ ਪਾਤਸ਼ਾਹ ਤਕ ਨਾ ਪੁੱਜਾ ਤਾਂ ਫਿਰ ਹੋਰ ਪੱਤਰ ਭੇਜਿਆ ਉਹ ਵੀ ਨਾ ਪੁੱਜਣ ਦਿੱਤਾ ਗਿਆ। ਹੇਠ ਲਿਖੇ ਸਲੋਕ ਵਿਚ ਉਨ੍ਹਾਂ ਨੇ ਚਾਰ ਪੱਤਰਾਂ ਰਾਹੀਂ ਮਨ ਦੀ ਦਸ਼ਾ ਦਾ ਬਿਆਨ ਕੀਤਾ ਹੈ ਕਿ ਕਿਸ ਤਰ੍ਹਾਂ ਉਹ ਦਰਸ਼ਨਾਂ ਦੀ ਤਾਂਘ ਵਿਚ ਉਸ ਸਮੇਂ ਦੀ ਉਡੀਕ ਵਿਚ ਹਨ ਕਿ ਕਦੋਂ ਸੱਦਾ ਆਵੇਗਾ ਅਤੇ ਮੈਂ ਪਿਤਾ ਗੁਰੂ ਦੇ ਦਰਸ਼ਨ ਕਰ ਸਕਾਂਗਾ।

**ਮਾਝ ਮਹਲਾ ੫ ਚਉਪਦੇ ਘਰੁ ੧ ॥**
**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ**
**ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥**
**ਹਉ ਘੋਲੀ ਜੀਉ ਘੋਲਿ ਘੁਮਾਈ**
**ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥**
**ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥**
**ਚਿਰੁ ਹੋਆ ਦੇਖੇ ਸਾਰਿੰਗਪਾਣੀ ॥**
**ਧੰਨੁ ਸੁ ਦੇਸੁ ਜਹਾ ਤੂੰ ਵਸਿਆ**
**ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥**
**ਹਉ ਘੋਲੀ ਹਉ ਘੋਲਿ ਘੁਮਾਈ**
**ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥**
**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ**
**ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥**

**ਹਉ ਘੋਲੀ ਜੀਉ ਘੋਲਿ ਘੁਮਾਈ**
**ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥**
**ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥**
**ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥**
**ਸੇਵ ਕਰੀ ਪਲੁ ਚਸਾ ਨ ਵਿਛੁੜਾ**
**ਜਨ ਨਾਨਕ ਦਾਸ ਤੁਮਾਰੇ ਜੀਉ ॥੪॥**
**ਹਉ ਘੋਲੀ ਜੀਉ ਘੋਲਿ ਘੁਮਾਈ**
**ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥** *(ਅੰਗ ੯੬-੯੭)*

ਇਸ ਸ਼ਬਦ ਰਾਹੀਂ ਗੁਰੂ ਜੀ ਬਿਆਨ ਕਰਦੇ ਹਨ ਕਿ ਮੈਂ ਆਪਣੇ ਗੁਰੂ ਪਿਆਰੇ ਤੋਂ ਕੁਰਬਾਨ ਜਾਂਦਾ ਹਾਂ ਅਤੇ ਉਸ ਦੁਆਰਾ ਉਚਾਰੇ ਗਏ ਸਹਜ ਵਿਚ ਰਸੇ ਹੋਏ ਬਚਨਾਂ ਨੂੰ ਤਰਸਦਾ ਹਾਂ। ਮੈਨੂੰ ਆਪਣੇ ਪਿਆਰੇ ਵਾਹਿਗੁਰੂ ਨੂੰ ਮਿਲਿਆਂ ਬਹੁਤ ਸਮਾਂ ਹੋ ਚੁਕਾ ਹੈ। ਗੁਰੂ ਜੀ ਉਸ ਸਥਾਨ ਨੂੰ ਧੰਨ ਆਖਦੇ ਹਨ ਜਿਥੇ ਉਹਨਾਂ ਦਾ ਪ੍ਰੀਤਮ ਵਸਦਾ ਹੈ। ਉਸ ਦੇਸ ਨੂੰ ਵੀ ਧੰਨ ਆਖਦੇ ਹਨ ਕਿਉਂ ਜੋ ਉਨ੍ਹਾਂ ਦਾ ਪਿਆਰਾ ਮਿੱਤਰ ਵਾਹਿਗੁਰੂ ਉਥੇ ਵੱਸਦਾ ਹੈ। ਗੁਰੂ ਜੀ ਦੀ ਥਾਂ ਵੀ ਪਿਆਰੀ ਲੱਗਦੀ ਹੈ ਅਤੇ ਪੂਜਣ ਯੋਗ ਬਣ ਜਾਂਦੀ ਹੈ। ਉਸ ਸੱਚੇ ਪਾਤਸ਼ਾਹ ਨੇ ਮੇਰੇ ਅੰਦਰ ਆਪਣੇ ਨਾਮ ਦੀ ਖਿੱਚ ਅਰਥਾਤ ਤਾਂਘ ਪੈਦਾ ਕਰ ਦਿੱਤੀ ਹੈ। ਮੇਰੇ ਮਨ ਅੰਦਰ ਹਰ ਸਮੇਂ ਆਪਣੇ ਪਿਆਰੇ ਨੂੰ ਮਿਲਣ ਦੀ ਇੱਛਾ ਬਣੀ ਹੋਈ ਹੈ। ਮੈਂ ਉਦੋਂ ਹੀ ਅਨੰਦਿਤ ਮਹਿਸੂਸ ਕਰਦਾ ਹਾਂ ਜਦ ਮੇਰਾ ਪ੍ਰਭੂ ਮੈਨੂੰ ਮਿਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਵਿਚ ਵਰਣਨ ਕਰਦੇ ਹਨ ਕਿ ਮੇਰਾ ਮਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਲਈ ਲੋਚਦਾ ਹੈ।

ਕੀ ਸਾਡੇ ਅੰਦਰ ਵੀ ਉਸ ਪਰਮਾਤਮਾ ਨੂੰ ਮਿਲਣ ਦੀ ਸਿੱਕ ਹੈ। ਜੇ ਇਸ ਦਾ ਉੱਤਰ ਨਾਂਹ ਵਿਚ ਹੈ ਤਾਂ ਅਸੀਂ ਆਪਣੇ ਮਕਸਦ ਤੋਂ ਕਾਫੀ ਦੂਰ ਹਾਂ। ਜੀਵਨ ਕਾਫੀ ਛੋਟਾ ਹੈ ਇਸ ਜੀਵਨ ਸਮੇਂ ਅੰਦਰ ਮਿਲਣ ਦੀ ਚਾਹਨਾ ਪੈਦਾ ਕਰਨ ਦੀ ਲੋੜ ਹੈ। ਇਸ ਲਈ ਇਸ ਵਿਚ ਸਾਨੂੰ ਆਪਣੇ ਅੰਦਰ ਉਸ ਵਾਹਿਗੁਰੂ ਨੂੰ ਮਿਲਣ ਦੀ ਇੱਛਾ ਪੈਦਾ ਕਰਨ ਦੀ ਲੋੜ ਹੈ। ਬਿਨਾ ਤਾਂਘ ਦੇ ਉਸ ਪ੍ਰਭੂ ਨਾਲ ਮਿਲਾਪ ਸੰਭਵ ਨਹੀਂ ਹੈ। ਪਿਆਰੇ ਨੂੰ ਮਿਲਣ ਦੀ ਪਿਆਸ ਕਾਰਣ ਮਨ ਨੂੰ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਇਹ ਪਿਆਸ ਤਾਂ ਪਿਆਰੇ ਸੰਤਾਂ ਨੂੰ ਮਿਲਣ ਦੁਆਰਾ ਹੀ ਬੁਝ ਸਕਦੀ ਹੈ। ਸੱਚਾ ਪਿਆਰ, ਮਿਲਣ ਦੀ ਸਿਕ, ਧੁਖ, ਤਾਂਘ, ਪਿਆਰੇ ਦਾ ਵਿਛੋੜਾ ਬਹੁਤ ਪੀੜਾ ਅਤੇ ਦੁਖਦਾਈ ਹੁੰਦਾ ਹੈ। ਜਿਥੇ ਪ੍ਰੇਮ ਹੈ ਉਥੇ ਹੀ ਬਿਰਹਾ ਹੈ ਅਤੇ ਬੈਰਾਗ ਹੈ। ਬਿਰਹਾ ਦੇ ਤਲ ਤੋਂ ਹੀ ਪਿਆਰ ਦੀ ਡੂੰਘਾਈ ਦਾ ਰਸਤਾ ਨਿਕਲਦਾ ਹੈ। ਇਕ ਔਰਤ ਦੀ ਤੁਲਣਾ ਪਰਮਾਤਮਾ ਨਾਲ ਕੀਤੀ ਗਈ ਹੈ ਕਿਉਂਕਿ ਉਸ ਦੇ ਅੰਦਰ ਸਿਰਜਨਾਤਮਕਤਾ ਅਤੇ ਸੁਹਜਾਤਮਿਕਤਾ ਭਰੀ ਹੋਈ ਹੈ ਉਸ ਦਾ ਮਿਲਾਪ ਉਸ ਨੂੰ ਸੰਪੂਰਣ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਉਹ ਉਸ ਮਿਲਾਪ ਲਈ ਆਪਣੇ ਮਨ ਅੰਦਰ ਲੋਚਾ ਰਖਦੀ ਹੈ। ਇਸ ਲੋਚਾ ਨੂੰ ਪੂਰਣ ਕਰਨ ਹਿਤ ਹੀ ਪ੍ਰਭੂ ਦੇ ਮਿਲਾਪ ਨੂੰ ਇਸਤਰੀ ਪੁਰਸ਼ ਦੇ ਆਪਸੀ ਮਿਲਣ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਜੋ ਬਿਹਬਲਤਾ ਪਿਆਰੇ ਤੋਂ ਦੂਰੀ ਕਾਰਨ ਹੁੰਦੀ ਹੈ ਉਸ ਦਾ ਅਸਲੀ ਰੂਪ ਹੀ ਪੰਜਵੇਂ ਨਾਨਕ

ਨੇ ਉਪਰੋਕਤ ਸਤਰਾਂ ਵਿਚ ਦਰਜ ਕੀਤਾ ਹੈ।

**ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ**
**੧ੴ ਸਤਿਗੁਰ ਪ੍ਰਸਾਦਿ ॥**
**ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ**
**ਗੁਰਮਤਿ ਨਾਮੁ ਪਰਗਾਸੇ ਰਾਮ ॥**
**ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ**
**ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥**
**ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ**
**ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥**
**ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ**
**ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥** *(ਅੰਗ ੫੩੮)*

ਬਿਰਹਾ ਦੇ ਅੰਦਰ ਮਨ ਆਖਦਾ ਹੈ ਕਿ ਹੇ ਮੇਰੀ ਸੋਹਣੀ ਜਿੰਦੇ! ਬੋਲ, ਹੇ ਪ੍ਰਭੂ! ਕਿਰਪਾ ਕਰ ਕੇ ਮੈਨੂੰ ਆ ਮਿਲ। ਹੇ ਜਿੰਦੇ! ਗੁਰੂ ਦੀ ਮਤਿ ਉਤੇ ਤੁਰਿਆਂ ਹੀ ਹਰਿ-ਨਾਮ ਹਿਰਦੇ ਵਿਚ ਚਮਕਦਾ ਹੈ। ਹੇ ਮੇਰੀ ਸੋਹਣੀ ਜਿੰਦੇ! ਦੱਸ ਕਿ ਮੈਂ ਪਰਮਾਤਮਾ ਤੋਂ ਬਿਨਾਂ ਕੁਮਲਾਈ ਰਹਿੰਦੀ ਹਾਂ, ਜਿਵੇਂ ਪਾਣੀ ਤੋਂ ਬਿਨਾਂ ਕਮਲ ਫੁੱਲ ਕੁਮਲਾਇਆ ਰਹਿੰਦਾ ਹੈ ਉਹੋ ਜਿਹੀ ਮੇਰੀ ਹਾਲਤ ਹੈ। ਹੇ ਮੇਰੀ ਸੋਹਣੀ ਜਿੰਦੇ! ਜਿਸ ਨੂੰ ਪੂਰੇ ਗੁਰੂ ਨੇ ਸੱਜਣ-ਹਰੀ ਮਿਲਾ ਦਿੱਤਾ, ਉਸ ਨੂੰ ਹਰੀ ਪ੍ਰਭੂ ਆਪਣੇ ਅੰਗ-ਸੰਗ ਵੱਸਦਾ ਦਿੱਸ ਪੈਂਦਾ ਹੈ। ਹੇ ਦਾਸ ਨਾਨਕ! ਆਖ ਹੇ ਮੇਰੀ ਸੋਹਣੀ ਜਿੰਦੇ! ਗੁਰੂ ਸਲਾਹੁਣ-ਜੋਗ ਹੈ, ਸਦਾ ਸਲਾਹੁਣ-ਜੋਗ ਹੈ। ਗੁਰੂ ਨੇ ਜਿਸ ਨੂੰ ਵੀ ਪਰਮਾਤਮਾ ਦੀ ਦੱਸ ਪਾ ਦਿੱਤੀ ਉਸ ਦਾ ਹਿਰਦਾ ਨਾਮ ਦੀ ਬਰਕਤਿ ਨਾਲ ਖਿੜ ਪੈਂਦਾ ਹੈ।4।1।

ਬਿਰਹਾ ਨੂੰ ਪਰਿਭਾਸ਼ਤ ਕਰਨਾ ਸ਼ਬਦਾਂ ਦੇ ਦਾਇਰੇ ਤੋਂ ਬਾਹਰ ਹੈ, ਫਿਰ ਵੀ ਯਤਨ ਕੀਤੇ ਗਏ ਹਨ। ਬਿਰਹਾ ਪਿਆਰੇ ਤੋਂ ਵਿੱਛੜ ਜਾਣਾ, ਸਰੀਰਕ ਰੂਪ ਵਿਚ ਅੱਖਾਂ ਤੋਂ ਦੂਰ ਚਲੇ ਜਾਣਾ, ਜਾਂ ਦੂਰ ਹੋ ਜਾਣਾ ਜਾਂ ਅੱਖਾਂ ਤੋਂ ਓਝਲ ਹੋ ਜਾਣਾ ਹੁੰਦਾ ਹੈ। ਬਿਰਹਾ ਇਕ ਸੱਚੇ ਪ੍ਰੇਮ ਦੀ ਬੇਹਬਲਤਾ ਦੀ ਨਿਸ਼ਾਨੀ ਹੁੰਦਾ ਹੈ। ਕੇਵਲ ਪ੍ਰੇਮ ਜਾਂ ਪਿਆਰ ਵਿਚ ਵਿਛੜੀਆਂ ਰੂਹਾਂ ਇਸ ਨੂੰ ਅਨੁਭਵ ਕਰ ਸਕਦੀਆਂ ਹਨ। ਵਾਹਿਗੁਰੁ ਪਤੀ ਦਾ ਮਨੁਖ ਨਾਲੋਂ ਵਿਛੜਨ ਦੀ ਤੁਲਣਾ ਪਤੀ ਪਤਨੀ ਦੇ ਰਿਸ਼ਤੇ ਵਿਚ ਵਿੱਛੜ ਜਾਣ ਨਾਲ ਕੀਤੀ ਗਈ ਹੈ। ਪਿਆਰ ਵਿਚ ਗੜੁੱਚ ਹੋਈਆਂ ਆਤਮਾਵਾਂ ਹੀ ਵਿਛੋੜੇ ਦੇ ਦੁੱਖ ਨੂੰ ਅਨੁਭਵ ਕਰਨ ਯੋਗ ਹੁੰਦੀਆਂ ਹਨ। ਜੀਵ ਆਪਣੇ ਕਰਤੇ ਤੋਂ ਵਿਛੜ ਕੇ ਬਿਰਹੋਂ ਦੀ ਅੱਗ ਵਿਚ ਬਲਦਾ ਹੈ ਅਤੇ ਵਿਛੋੜੇ ਦੇ ਦੁੱਖ ਨੂੰ ਸਮਝ ਸਕਦਾ ਹੈ। ਬਾਬਾ ਫਰੀਦ ਜੀ ਆਖਦੇ ਹਨ:

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥**

ਇਨ੍ਹਾਂ ਸਤਰਾਂ ਰਾਹੀਂ ਫਰੀਦ ਜੀ ਆਖਦੇ ਹਨ ਕਿ ਬਿਰਹਾ ਰਾਜਾ ਹੈ ਅਰਥਾਤ ਸੁਲਤਾਨ (ਬਾਦਸ਼ਾਹ) ਹੈ ਅਤੇ ਜਿਸ ਸਰੀਰ ਦੇ ਅੰਦਰ ਬਿਰਹਾ ਨਹੀਂ ਪੈਦਾ ਹੁੰਦਾ ਅਰਥਾਤ ਆਪਣੇ ਪਿਆਰੇ ਦਾ ਵਿਛੋੜਾ ਨਹੀਂ ਤੰਗ ਕਰਦਾ, ਉਹ ਸਰੀਰ ਮਸਾਣ ਵਾਂਗ ਹੈ, ਉਸ

ਵਿਚ ਕੋਈ ਜਾਨ ਨਹੀਂ ਹੈ। ਜਦੋਂ ਕਾਲੀ ਕੋਇਲ ਨੂੰ ਪੁਛਿਆ ਗਿਆ ਕਿ ਤੂੰ ਕਾਲੀ ਕਿਉਂ ਹੈਂ ਤਾਂ ਉੱਤਰ ਸੀ ਕਿ ਆਪਣੇ ਮਿੱਤਰ ਦੀ ਬਿਰਹੋਂ ਭਾਵ ਵਿਛੋੜੇ ਦੇ ਦੁੱਖ ਵਿਚ ਕਾਲੀ ਹੋ ਚੁਕੀ ਹਾਂ। ਉਸ ਸਰੀਰ ਦੀ ਕੋਈ ਵੁੱਕਤ ਨਹੀਂ ਜਿਸ ਅੰਦਰ ਵਿਛੋੜਾ ਨਹੀਂ ਹੈ ਉਸ ਨੂੰ ਤਾਂ ਸਾੜ ਦੇਣਾ ਚਾਹੀਦਾ ਹੈ।

ਇਹ ਮਨ ਮਾਇਆ ਵਿਚ ਇਤਨਾ ਗੁੰਨ੍ਹਿਆ ਹੋਇਆ ਹੈ ਅਤੇ ਗੜੁੱਚ ਹੈ ਕਿ ਅਸਲੀਅਤ ਤੋਂ ਮੂੰਹ ਮੋੜ ਕੇ ਜੀ ਰਿਹਾ ਹੈ। ਮਾਇਆ ਦਾ ਲੋਭੀ ਮਨ ਮਾਇਆ ਦੇ ਲਾਲਚ ਵਿਚ ਅੰਧਾ ਹੋ ਚੁਕਾ ਹੈ ਅਤੇ ਕੁਝ ਵੀ ਨਹੀਂ ਕਰ ਸਕਦਾ ਜੇਕਰ ਇਸ ਦੇ ਅੰਦਰ ਵਾਹਿਗੁਰੁ ਲਈ ਪ੍ਰੀਤ ਹੀ ਨਹੀਂ ਹੈ। ਕੇਵਲ ਪਰਮਾਤਮਾ ਦਾ ਨਾਮ ਹੀ ਬਿਰਹਾ ਨੂੰ ਸ਼ਾਂਤ ਕਰਨ ਵਿਚ ਸਹੀ ਹੋ ਸਕਦਾ ਹੈ। ਮਨ ਦੀ ਬਿਰਹਾ ਸ਼ਾਂਤ ਕਰਨ ਲਈ ਕੇਵਲ ਪ੍ਰਭੂ ਪਰਮਾਤਮਾ ਹੀ ਮਦਦਗਾਰ ਹੋ ਸਕਦਾ ਹੈ। ਹੋਰ ਕੀਤੇ ਯਤਨ ਬਿਰਹਾ ਨੂੰ ਮਿਲਾਪ ਵਿਚ ਤਬਦੀਲ ਨਹੀਂ ਕਰ ਸਕਦੇ, ਤਕਲੀਫਾਂ ਵਿਚ ਇਜ਼ਾਫ਼ਾ ਕਰ ਸਕਦੇ ਹਨ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਸੂਹੀ ਰਾਗ ਵਿਚ ਲਿਖਦੇ ਹਨ ਜੋ ਕਿ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਦੇ ਅੰਗ 749-750 ਉਪਰ ਸੁਭਾਇਮਾਨ ਹੈ।

**ਸੂਹੀ ਮਹਲਾ ੫ ॥**<br>
**ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥**<br>
**ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥**<br>
**ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥**<br>
**ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀਂ ਆਵੈ ਨੇਰੇ ॥੧॥ ਰਹਾਉ ॥**<br>
**ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥**<br>
**ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥**<br>
**ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥**<br>
**ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥**<br>
**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥**<br>
**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥**

ਹੇ ਮੇਰੇ ਪ੍ਰਭੂ-ਪਾਤਿਸ਼ਾਹ! ਤੂੰ ਆਪਣੇ ਸੰਤਾਂ ਦਾ ਰਾਖਾ ਹੈਂ, ਤੇਰੇ ਸੰਤ ਤੇਰੇ ਆਸਰੇ ਰਹਿੰਦੇ ਹਨ)। ਹੇ ਪ੍ਰਭੂ! ਤੇਰੇ ਸੇਵਕ ਨੂੰ ਕੋਈ ਡਰ ਪੋਹ ਨਹੀਂ ਸਕਦਾ, ਮੌਤ ਦਾ ਡਰ ਉਸ ਦੇ ਨੇੜੇ ਨਹੀਂ ਢੁਕਦਾ।1।ਰਹਾਉ। ਹੇ ਮੇਰੇ ਮਾਲਕ ਪ੍ਰਭੂ! ਜਿਸ ਮਨੁੱਖ ਦੇ ਸਿਰ ਉੱਤੇ ਤੂੰ ਹੱਥ ਰੱਖੇ, ਉਸ ਨੂੰ ਕੋਈ ਦੁੱਖ ਨਹੀਂ ਵਿਆਪਦਾ। ਉਹ ਮਨੁੱਖ ਮਾਇਆ ਦੇ ਨਸ਼ੇ ਵਿਚ ਮਸਤ ਹੋ ਕੇ ਤਾਂ ਬੋਲਣਾ ਹੀ ਨਹੀਂ ਜਾਣਦਾ, ਮੌਤ ਦਾ ਸਹਿਮ ਭੀ ਉਸ ਦੇ ਚਿੱਤ ਵਿਚ ਨਹੀਂ ਪੈਦਾ ਹੁੰਦਾ।1। ਹੇ ਮੇਰੇ ਮਾਲਕ! ਜੇਹੜੇ ਮਨੁੱਖ ਤੇਰੇ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ, ਉਹਨਾਂ ਦਾ ਜੰਮਣ ਮਰਨ ਦੇ ਗੇੜ ਦਾ ਦੁੱਖ ਦੂਰ ਹੋ ਜਾਂਦਾ ਹੈ, ਉਹਨਾਂ ਨੂੰ ਗੁਰੂ ਦਾ ਦਿੱਤਾ ਹੋਇਆ ਇਹ ਭਰੋਸਾ ਚੇਤੇ ਰਹਿੰਦਾ ਹੈ ਕਿ ਉਹਨਾਂ ਉਤੇ ਹੋਈ ਤੇਰੀ ਬਖ਼ਸ਼ਸ਼ ਨੂੰ ਕੋਈ ਮਿਟਾ ਨਹੀਂ ਸਕਦਾ।2। ਹੇ ਪ੍ਰਭੂ! ਤੇਰੇ ਸੰਤ ਤੇਰਾ ਨਾਮ ਸਿਮਰਦੇ ਰਹਿੰਦੇ ਹਨ, ਆਤਮਕ ਆਨੰਦ ਮਾਣਦੇ ਰਹਿੰਦੇ ਹਨ, ਅੱਠੇ ਪਹਰ ਤੇਰਾ ਆਰਾਧਨ ਕਰਦੇ ਹਨ। ਤੇਰੀ

ਸਰਨ ਵਿਚ ਆ ਕੇ, ਤੇਰੇ ਆਸਰੇ ਰਹਿ ਕੇ ਉਹ ਕਾਮਾਦਿਕ ਪੰਜੇ ਵੈਰੀਆਂ ਨੂੰ ਫੜ ਕੇ ਵੱਸ ਵਿਚ ਕਰ ਲੈਂਦੇ ਹਨ।3। ਹੇ ਮੇਰੇ ਮਾਲਕ-ਪ੍ਰਭੂ ! ਮੈਂ ਭੀ ਤੇਰੇ ਬਖ਼ਸ਼ਸ਼ ਦੀ ਕਦਰ ਨਹੀਂ ਸਾਂ ਜਾਣਦਾ, ਮੈਨੂੰ ਆਤਮਕ ਜੀਵਨ ਦੀ ਸੂਝ ਨਹੀਂ ਸੀ, ਤੇਰੇ ਚਰਨਾਂ ਵਿਚ ਸੁਰਤਿ ਟਿਕਾਣੀ ਭੀ ਨਹੀਂ ਜਾਣਦਾ ਸਾਂ, ਕਿਸੇ ਹੋਰ ਧਾਰਮਿਕ ਕੰਮ ਦੀ ਭੀ ਮੈਨੂੰ ਸੂਝ ਨਹੀਂ ਸੀ। ਪਰ ਤੇਰੀ ਮੇਹਰ ਨਾਲ ਮੈਨੂੰ ਸਭ ਤੋਂ ਵੱਡਾ ਗੁਰੂ ਨਾਨਕ ਮਿਲ ਪਿਆ, ਜਿਸ ਨੇ ਮੇਰੀ ਲਾਜ ਰੱਖ ਲਈ ਤੇ ਮੈਨੂੰ ਤੇਰੇ ਚਰਨਾਂ ਵਿਚ ਜੋੜ ਦਿੱਤਾ ਹੈ ।4।10।

ਪਰਮਾਤਮਾ ਨੇ ਮੇਰੇ ਅੰਦਰ ਹਰਿ ਨਾਮ ਦੀ ਤਾਂਘ ਪੈਦਾ ਕਰ ਦਿਤੀ ਹੈ ਅਤੇ ਤਾਂ ਹੀ ਆਨੰਦਿਤ ਹੋਵਾਂਗਾ ਜੇਕਰ ਮੈਨੂੰ ਮੇਰਾ ਪ੍ਰੀਤਮ ਮਿਲ ਜਾਵੇਗਾ । ਮੇਰੇ ਅੰਦਰ ਇਕ ਪੀੜਾ ਪੈਦਾ ਹੋ ਰਹੀ ਜੋ ਕੇਵਲ ਤੇ ਕੇਵਲ ਹਰਿ ਪਿਆਰੇ ਦੇ ਮਿਲਣ ਨਾਲ ਹੀ ਸ਼ਾਂਤ ਹੋ ਸਕਦੀ ਹੈ । ਹੇ ਪਰਵਰਦਗਾਰ ਮੇਰੀ ਸ਼ਰਧਾ ਪੂਰਨ ਕਰੋ ਅਤੇ ਮੇਰੇ ਪ੍ਰੀਤਮ ਦੇ ਦੀਦਾਰ ਕਰਵਾ ਦੇ ਅਤੇ ਮੇਰੇ ਅੰਦਰ ਉਸ ਦੇ ਨਾਮ ਦੇ ਅੰਮ੍ਰਿਤ ਦੀ ਬੂੰਦ ਪੈ ਜਾਵੇ ।

# ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ

**ਨਗਨ ਫਿਰਤ ਜੌ ਪਾਈਐ ਜੋਗੁ ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥**
**ਕਿਆ ਨਾਗੇ ਕਿਆ ਬਾਧੇ ਚਾਮ ॥**
**ਜਬ ਨਹੀਂ ਚੀਨਸਿ ਆਤਮ ਰਾਮ ॥੧॥ ਰਹਾਉ ॥**
**ਮੂਡ ਮੁੰਡਾਏ ਜੌ ਸਿਧਿ ਪਾਈ ॥**
**ਮੁਕਤੀ ਭੇਡ ਨ ਗਈਆ ਕਾਈ ॥੨॥**
**ਬਿੰਦੁ ਰਾਖਿ ਜੌ ਤਰੀਐ ਭਾਈ ॥**
**ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥**
**ਕਹੁ ਕਬੀਰ ਸੁਨਹੁ ਨਰ ਭਾਈ ॥**
**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥** *(ਅੰਗ ੩੨੪ )*

ਇਹ ਸ਼ਬਦ ਭਗਤ ਕਬੀਰ ਵਲੋਂ ਉਚਾਰੇ ਗਏ ਸਨ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੰਗ 324 ਉਪਰ ਸੁਭਾਏਮਾਨ ਹਨ ਜਿਸ ਦਾ ਸਧਾਰਨ ਭਾਸ਼ਾ ਵਿਚ ਅਰਥ ਇਹ ਹਨ ਕਿ ਮੁਕਤੀ ਪ੍ਰਾਪਤ ਕਰਨ ਲਈ ਰਾਮ ਨਾਮ ਦਾ ਆਸਰਾ ਅਤੀ ਜ਼ਰੂਰੀ ਹੈ, ਬਾਕੀ ਦੇ ਜੋ ਕੰਮ ਵਰਣਨ ਕੀਤੇ ਗਏ ਹਨ ਉਹ ਮੁਕਤੀ ਪ੍ਰਾਪਤ ਕਰਨ ਲਈ ਬਿਲਕੁਲ ਹੀ ਸਹਾਇਤਾ ਨਹੀਂ ਕਰਦੇ। ਜਦੋਂ ਕਿ ਵਾਰਿਸ ਸ਼ਾਹ ਨੇ ਇਸ ਸੰਬੰਧ ਵਿਚ ਇਸ ਤਰਾਂ ਦਰਜ ਹੈ:

**ਜੇ ਰਬ ਮਿਲਦਾ ਨਾਤਿਆਂ ਧੋਤਿਆਂ ਤਾਂ ਮਿਲਦਾ ਡਡੂਆਂ ਮਛੀਆਂ**
**ਜੇ ਰਬ ਮਿਲਦਾ ਜੰਗਲ ਬੇਲੇ ਤਾਂ ਮਿਲਦਾ ਗਾਈਆਂ ਵਛੀਆਂ**
**ਵਾਰਿਸ ਸ਼ਾਹ ਰਬ ਉਨ੍ਹਾ ਨੂੰ ਮਿਲਦਾ ਨੀਤਾਂ ਜਿਨ੍ਹਾਂ ਦੀਆਂ ਸਚੀਆਂ।**

ਜਦੋਂ ਕਬੀਰ ਜੀ ਨੂੰ ਇਹ ਸਮਝਾਇਆ ਗਿਆ ਕੇ ਤੁਹਾਨੂੰ ਬ੍ਰਾਹਮਣਾਂ ਦੇ ਆਖੇ ਰਸਤੇ 'ਤੇ ਚੱਲਣਾ ਚਾਹੀਦਾ ਹੈ ਕਿਉਂਕਿ ਬ੍ਰਾਹਮਣ ਬ੍ਰਹਮਾ ਜੀ ਦੇ ਮੂੰਹ ਵਿਚੋਂ ਪੈਦਾ ਹੋਏ ਹਨ ਅਤੇ ਸ਼ੂਦਰ ਉਸ ਦੇ ਪੈਰਾਂ ਵਿਚੋਂ ਪੈਦਾ ਹੋਏ ਹਨ। ਤਾਂ ਕਬੀਰ ਜੀ ਨੇ ਇਸ ਸਲੋਕ ਰਾਹੀਂ ਦਸਿਆ ਕਿ:

**ਗਰਭ ਵਾਸ ਮਹਿ ਕੁਲੁ ਨਹੀਂ ਜਾਤੀ ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥**
**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥**
**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**

**ਤਉ ਆਨ ਬਾਟ ਕਾਹੇ ਨਹੀਂ ਆਇਆ ॥੨॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥**
**ਹਮ ਕਤ ਲੋਹੂ ਤੁਮ ਕਤ ਦੂਧ ॥੩॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥** *(ਅੰਗ ੩੨੪)*

ਗਰਭ ਵਿਚ ਕਿਸੇ ਦੀ ਕੋਈ ਜ਼ਾਤ ਨਹੀਂ ਹੁੰਦੀ ਹੈ, ਅਸੀਂ ਸਾਰੇ ਹੀ ਬ੍ਰਹਮਾ ਜੀ ਦੀ ਔਲਾਦ ਹਾਂ। ਮੈਨੂੰ ਇਹ ਦਸੋ ਕੇ ਤੁਸੀਂ ਬ੍ਰਾਹਮਣ ਕਦੋਂ ਬਣੇ ਹੋ ? ਆਪਣਾ ਜਨਮ ਇਸ ਹੰਕਾਰ ਵਿਚ ਨਾ ਗੁਆਓ ਜੇਕਰ ਤੁਸੀਂ ਬ੍ਰਾਹਮਣੀ ਦੇ ਪੇਟ ਕਾਰਨ ਬ੍ਰਾਹਮਣ ਹੋ ਤਾਂ ਤੁਸੀਂ ਹੋਰ ਰਸਤੇ ਕਿਉਂ ਨਹੀਂ ਆਏ ? ਫਿਰ ਤੁਸੀਂ ਕਿਵੇਂ ਬ੍ਰਾਹਮਣ ਹੋ ਅਤੇ ਮੈਂ ਸ਼ੂਦਰ ਹਾਂ ਅਤੇ ਇਹ ਵੀ ਦਸੋ ਕੇ ਤੁਹਾਡੀਆਂ ਨਾੜਾਂ ਵਿਚ ਦੁੱਧ ਚਲਦਾ ਹੈ ਅਤੇ ਮੇਰੀਆਂ ਨਾੜਾਂ ਵਿਚ ਖੂਨ ਚਲਦਾ ਹੈ। ਮੈਂ ਤਾਂ ਇਹ ਆਖਦਾ ਹਾਂ ਕਿ ਬ੍ਰਾਹਮਣ ਕੇਵਲ ਉਹ ਹੈ ਜੋ ਬ੍ਰਹਮ ਉਪਰ ਵਿਚਾਰ ਕਰਦਾ ਹੈ।

ਭਗਤ ਕਬੀਰ ਜੀ ਲਿਖਦੇ ਹਨ ਕਿ ਜਾਤ ਪਾਤ ਦਾ ਮੁਕਤੀ ਪ੍ਰਾਪਤ ਨਾਲ ਕੋਈ ਸੰਬੰਧ ਨਹੀਂ ਹੈ, ਨਾ ਤਾਂ ਕੋਈ ਬ੍ਰਾਹਮਣ ਆਪਣੇ ਬ੍ਰਾਹਮਣ ਹੋਣ ਕਰਨ ਮੁਕਤੀ ਪ੍ਰਾਪਤ ਕਰੇਗਾ ਅਤੇ ਨਾ ਹੀ ਕੋਈ ਸ਼ੂਦਰ ਇਸ ਲਈ ਨਰਕ ਦਾ ਭਾਗੀ ਹੈ ਕਿ ਉਸ ਦੀ ਜਾਤ ਨੀਵੀਂ ਹੈ। ਕਬੀਰ ਜੀ ਦੇ ਜਨਮ ਦੇ ਸਬੰਧ ਵਿਚ ਵੱਖ ਵੱਖ ਵਿਚਾਰਧਾਰਾਵਾਂ ਪ੍ਰਚਲਿਤ ਹਨ। ਕੁਝ ਵਿਚਾਰਵਾਨ ਦਾ ਵਿਚਾਰ ਹੈ ਕਿ ਕਬੀਰ ਜੀ ਦਾ ਸਮਾਂ 1414 ਤੋਂ 1518 ਹੈ ਅਤੇ ਇਹ ਵੀ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਹ ਮੁਸਲਮਾਨ ਜੁਲਾਹਾ ਪਰਿਵਾਰ ਦੇ ਘਰ ਪੈਦਾ ਹੋਇਆ ਸੀ ਅਤੇ ਕੁਝ ਦਾ ਵਿਚਾਰ ਹੈ ਕੇ ਉਹ ਇਕ ਬ੍ਰਾਹਮਣ ਵਿਧਵਾ ਦਾ ਪੁੱਤਰ ਸੀ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਬੀਰ ਜੀ ਦਾ ਜਨਮ 1398 ਵਿਚ ਹੋਇਆ ਸੀ ਜੋ ਕਿ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕੇਵਲ 71 ਸਾਲ ਪੂਰਵ ਸੀ ਅਤੇ ਉਨ੍ਹਾਂ ਨੇ 120 ਸਾਲ ਦੀ ਉਮਰ ਬਿਤਾਈ ਸੀ ਅਜਿਹਾ ਵਿਸ਼ਵਾਸ ਕਬੀਰਪੰਥੀ ਮਹਿਸੂਸ ਕਰਦੇ ਹਨ ਅਤੇ ਇਸ ਵਿਚ ਅਟੁੱਟ ਵਿਸ਼ਵਾਸ ਰਖਦੇ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਚਲਾਣਾ 1518 ਵਿਚ ਮਗਹਰ (ਉੱਤਰ ਪ੍ਰਦੇਸ਼) ਹੋਇਆ ਸੀ। ਇਹ ਵੀ ਵਿਸ਼ਵਾਸ ਕੀਤਾ ਜਾ ਰਿਹਾ ਹੈ ਕਿ ਕਬੀਰ ਜੀ ਦਾ ਜਨਮ ਬਨਾਰਸ ਵਿਚ ਹੋਇਆ ਸੀ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਨੀਰੂ ਅਤੇ ਉਸ ਦੀ ਪਤਨੀ ਨੀਮਾ ਨੇ ਕੀਤਾ ਸੀ ਅਤੇ ਉਸ ਦਾ ਨਾਮ ਕਬੀਰ ਰਖਿਆ ਸੀ ਕਬੀਰ ਦਾ ਅਰਥ ਹੁੰਦਾ ਹੈ ਸਭ ਤੋਂ ਉੱਚਾ।

ਕਬੀਰ ਜੀ ਨੇ ਵਡੀ ਉਮਰ ਦੇ ਸੰਬੰਧ ਵਿਚ ਲਿਖਿਆ ਹੈ ਕਿ :

**ਜਨਨੀ ਜਾਨਤ ਸੁਤੁ ਬਡਾ ਹੋਤੁ ਹੈ**
**ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥** *(ਅੰਗ ੯੨)*

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕਬੀਰ ਜੀ ਦੇ 17 ਰਾਗਾਂ ਵਿਚ 227 ਪਦੇ ਅਤੇ 237 ਸਲੋਕ ਦਰਜ ਹਨ ਜੋ ਕਿ ਹੋਰ ਸੰਤਾਂ ਵਲੋਂ ਲਿਖੇ ਹੋਏ ਦਰਜ ਸਲੋਕਾਂ ਤੋਂ ਸਭ ਤੋਂ ਵੱਧ ਹਨ। ਕਬੀਰ ਜੀ ਬੁੱਤ ਪੂਜਾ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਵਲੋਂ ਜਾਤ ਪਾਤ ਦੇ ਵਿਰੁੱਧ ਵੀ ਅਵਾਜ਼ ਉਠਾਈ ਗਈ ਸੀ। ਉਹ ਇਕ ਉਚੇ ਦਰਜੇ ਦੇ ਸਮਾਜ ਸੁਧਾਰਕ

ਸਨ।

ਪੰਦਰ੍ਹਵੀਂ ਸਦੀ ਵਿਚ ਬਨਾਰਸ ਬ੍ਰਾਹਮਣਾਂ ਦੇ ਪੂਰਨ ਪ੍ਰਭਾਵ ਹੇਠ ਸੀ। ਕਬੀਰ ਨੀਵੀਂ ਜਾਤ ਜੁਲਾਹਾ ਨਾਲ ਸੰਬੰਧਿਤ ਹੋਣ ਕਾਰਨ ਆਪਣੇ ਵਿਚਾਰ ਲੋਕਾਂ ਤੱਕ ਪੁੱਜਦੇ ਕਰਨ ਵਿਚ ਭਾਰੀ ਮੁਸ਼ਕਿਲਾਂ ਨਾਲ ਜੂਝ ਰਿਹਾ ਸੀ। ਜਦੋਂ ਵੀ ਕਬੀਰ ਜੀ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਪਰਮਾਤਮਾ ਦੇ ਜਸ ਗਾਉਣ ਲਗਦੇ ਤਾਂ ਉਚ ਜਾਤੀ ਵਾਲੇ ਬ੍ਰਾਹਮਣ ਉਨ੍ਹਾਂ ਨੂੰ ਪਰੇਸ਼ਾਨ ਕਰਦੇ ਸੀ ਅਤੇ ਉਹ ਇਹ ਨਹੀਂ ਜਰਦੇ ਸੀ ਕਿ ਕੋਈ ਨੀਵੀਂ ਜਾਤੀ ਦਾ ਹੋ ਕੇ ਪਰਮਾਤਮਾ ਦੀ ਭਗਤੀ ਕਰੇ। ਭਾਵੇਂ ਉਹ ਕਾਫੀ ਸਮਾਂ ਬਨਾਰਸ ਵਿਚ ਰਹੇ ਉਥੇ ਉਹਨਾਂ ਨੂੰ ਗੁਰਮਤਿ ਦਾ ਗਿਆਨ ਪ੍ਰਾਪਤ ਨਾ ਹੋਇਆ ਅਤੇ ਉਹ ਬਨਾਰਸ ਜਾਂ ਸ਼ਿਵ ਪੁਰੀ ਛੱਡ ਕੇ ਮਗਹਰ ਆ ਗਏ। ਉਥੇ ਉਹਨਾਂ ਨੂੰ ਆਪਣੇ ਸਾਥੀ ਮਿਲ ਗਏ ਅਤੇ ਕੁਝ ਸਲੋਕ ਲਿਖੇ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ:

**ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥**
**ਪੂਰਬ ਜਨਮ ਹਉ ਤਪ ਕਾ ਹੀਨਾ॥੧॥**
**ਅਬ ਕਹੁ ਰਾਮ ਕਵਨ ਗਤਿ ਮੋਰੀ॥**
**ਤਜੀ ਲੇ ਬਨਾਰਸ ਮਤਿ ਭਈ ਥੋਰੀ॥੧॥ ਰਹਾਉ॥**
**ਸਗਲ ਜਨਮੁ ਸਿਵ ਪੁਰੀ ਗਵਾਇਆ॥**
**ਮਰਤੀ ਬਾਰ ਮਗਹਰਿ ਉਠਿ ਆਇਆ॥੨॥**
**ਬਹੁਤੁ ਬਰਸ ਤਪੁ ਕੀਆ ਕਾਸੀ॥**
**ਮਰਨੁ ਭਇਆ ਮਗਹਰ ਕੀ ਬਾਸੀ॥੩॥**
**ਕਾਸੀ ਮਗਹਰ ਸਮ ਬੀਚਾਰੀ॥**
**ਓਛੀ ਭਗਤਿ ਕੈਸੇ ਉਤਰਸਿ ਪਾਰੀ॥੪॥**
**ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥**
**ਮੁਆ ਕਬੀਰੁ ਰਮਤ ਸ੍ਰੀ ਰਾਮੈ॥੫॥੧੫॥** *(ਅੰਗ ੩੨੬)*

ਉਨ੍ਹਾਂ ਨੇ ਸਪਸ਼ਟ ਵਰਨਣ ਕੀਤਾ ਹੈ ਕਿ ਧਰਮ ਕਰਮ ਦਾ ਸਥਾਨ ਨਾਲ ਕੋਈ ਵੀ ਸਬੰਧ ਨਹੀਂ ਹੈ ਅਤੇ ਨਾ ਹੀ ਮੁਕਤੀ ਪ੍ਰਾਪਤ ਕਰਨ ਲਈ ਬਨਾਰਸ ਜਾਂ ਕਾਂਸ਼ੀ ਵਿਚ ਰਹਿਣਾ ਜ਼ਰੂਰੀ ਹੈ, ਮੁਕਤੀ ਪ੍ਰਾਪਤ ਕਰਨ ਲਈ ਰਾਮ ਨਾਮ ਦਾ ਸਿਮਰਨ ਹੀ ਜ਼ਰੂਰੀ ਹੈ। ਲੋਕ ਭਲਾਈ ਦੇ ਕੰਮ ਕਰੋ, ਜਾਤ ਪਾਤ ਨੂੰ ਤਿਆਗ ਦਿਉ ਅਤੇ ਉਸ ਪ੍ਰਭੂ ਵਿਚ ਲੀਨ ਹੋ ਜਾਉ। ਕਬੀਰ ਜੀ ਨੇ ਗਿਆਨ ਮਗਹਰ ਵਿਚ ਪ੍ਰਾਪਤ ਕੀਤਾ ਅਤੇ ਉਸ ਦਾ ਪ੍ਰਚਾਰ ਬਨਾਰਸ ਵਿਚ ਆ ਕੇ ਕੀਤਾ ਅਤੇ ਮਗਹਰ ਵਿਚ ਜਾ ਕੇ ਪ੍ਰਾਣ ਤਿਆਗੇ। ਇਹ ਭਰਮ ਤੋੜਨ ਦਾ ਯਤਨ ਕੀਤਾ ਕਿ ਕੇਵਲ ਕਾਂਸ਼ੀ ਜਾਂ ਬਨਾਰਸ ਵਿਚ ਮਰਨ ਵਾਲਾ ਹੀ ਮੁਕਤੀ ਨਹੀਂ ਪ੍ਰਾਪਤ ਕਰਦਾ, ਸਗੋਂ ਚੰਗੇ ਕੰਮ ਕਰਨ ਤੋਂ ਬਾਅਦ ਭਾਵੇਂ ਮਗਹਰ ਜਾਂ ਕਿਸੇ ਹੋਰ ਸਥਾਨ 'ਤੇ ਪ੍ਰਣ ਤਿਆਗਦਾ ਹੈ ਤਾਂ ਵੀ ਮੁਕਤ ਹੋ ਸਕਦਾ ਹੈ। ਇਸ ਲਈ ਚੰਗੇ ਕਰਮ ਕਰੋ ਅਤੇ ਉਸ ਰਾਮ ਨੂੰ ਧਿਆਓ ਜੋ ਘਟ ਘਟ ਵਿਚ ਰਮਿਆ ਹੋਇਆ ਹੈ। ਕੇਵਲ ਇਸ ਤਰ੍ਹਾਂ ਹੀ ਮੁਕਤੀ ਮਿਲ ਸਕਦੀ ਹੈ। ਕਬੀਰ ਦਾ ਇਹ ਵਿਸ਼ਵਾਸ ਸੀ ਕਿ ਮੇਰਾ ਪਰਮਾਤਮਾ ਨਾ ਆਦਮੀ ਹੈ ਅਤੇ ਨਾ ਹੀ ਦੇਵਤਾ, ਨਾ ਉਹ ਜੋਗੀ ਹੈ, ਨਾ ਉਹ ਜਤੀ। ਉਸ ਦਾ ਕੋਈ ਪੁੱਤਰ ਨਹੀਂ

ਅਤੇ ਨਾ ਹੀ ਉਸ ਦੀ ਕੋਈ ਮਾਤਾ ਹੈ। ਅਸੀਂ ਉਸ ਪਰਮਾਤਮਾ ਦਾ ਅੰਤ ਨਹੀਂ ਪਾ ਸਕਦੇ ਨਾ ਹੀ ਉਸ ਨੂੰ ਮੰਦਰ ਦੀਆਂ ਹੱਦਾਂ ਅੰਦਰ ਬੰਦ ਕੀਤਾ ਜਾ ਸਕਦਾ ਹੈ। ਉਸ ਵਿਚ ਖ਼ੂਨ ਨਹੀਂ ਅਤੇ ਨਾ ਉਸ ਦਾ ਕੋਈ ਸਰੀਰ ਹੈ। ਉਹ ਜਨਮ ਮਰਨ ਤੋਂ ਬਿਨਾਂ ਹੈ, ਸਗੋਂ ਉਸ ਦੇ ਹੁਕਮ ਨਾਲ ਸਭ ਪੈਦਾ ਹੁੰਦੇ ਹਨ ਅਤੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਉਹ ਕੇਵਲ ਪ੍ਰੇਮ ਭਗਤੀ ਨਾਲ ਅਨੁਭਵ ਕੀਤਾ ਜਾ ਸਕਦਾ ਹੈ ਉਸ ਦੀ ਪ੍ਰਾਪਤੀ ਨਾਲ ਜੀਵਾਂ ਦਾ ਜਨਮ ਮਾਰਨ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਸਦੀਵੀ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਕਬੀਰ ਜੀ ਵਿਗਿਆਨਕ ਸੋਚ ਰਖਦੇ ਸਨ ਇਸ ਦਾ ਪ੍ਰਗਟਾਅ ਉਨ੍ਹਾਂ ਦੁਆਰਾ ਰਚੇ ਹੋਏ ਇਸ ਸਲੋਕ ਤੋਂ ਸਪਸ਼ਟ ਹੈ:

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥**
**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥**
**ਭੂਲੀ ਮਾਲਨੀ ਹੈ ਏਉ ॥**
**ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥**
**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥**
**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥**
**ਪਾਖਾਨ ਗਢਿ ਕੈ ਮੂਰਤਿ ਕੀਨੀ੍ ਦੇ ਕੈ ਛਾਤੀ ਪਾਉ ॥**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥**
**ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥**
**ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥**
**ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥**
**ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥**

*(ਅੰਗ ੪੭੯)*

ਮਾਲਣ ਜਦੋਂ ਪੂਜਾ ਲਈ ਫੁੱਲ ਤੋੜ ਰਹੀ ਸੀ, ਉਸ ਨੂੰ ਦੇਖ ਕੇ ਆਖਦੇ ਹਨ ਕਿ ਜਿਹੜੇ ਪੱਤੇ ਤੂੰ ਤੋੜ ਰਹੀਂ ਹੈਂ, ਉਸ ਪੱਤੀ-ਪੱਤੀ ਵਿਚ ਜਾਨ ਹੈ ਪੱਤੇ, ਫੁੱਲ, ਡਾਲੀ, ਜਿਨ੍ਹਾਂ ਨੂੰ ਤੋੜ ਰਹੀਂ ਹੈਂ, ਇਨ੍ਹਾਂ ਸਾਰਿਆਂ ਵਿਚ ਜਾਨ ਹੈ, ਜਿਸ ਮੂਰਤੀ ਦੀ ਪੂਜਾ ਲਈ ਤੂੰ ਇਹ ਤੋੜੇ ਹਨ ਉਸ ਵਿਚ ਜਾਨ ਨਹੀਂ ਹੈ ਅਤੇ ਜੇਕਰ ਉਹ ਜਾਨ ਵਾਲਾ ਹੁੰਦਾ ਤਾਂ ਜਦੋਂ ਬੁੱਤ ਘੜਨ ਵਾਲੇ ਨੇ ਇਸ ਮੂਰਤੀ ਨੂੰ ਘੜਨ ਲਈ ਇਸ ਉਪਰ ਪੈਰ ਰਖਿਆ ਸੀ ਤਾਂ ਉਹ ਉਸ ਬੁਤ ਘਾੜੇ ਨੂੰ ਹੀ ਖਾ ਲੈਂਦੀ। ਜੇਹੜੇ ਚਾਵਲ ਅਤੇ ਦਾਲ ਤੂੰ ਚੜ੍ਹਾਵੇ ਲਈ ਵਰਤ ਰਹੀਂ ਹੈਂ ਉਹ ਤਾਂ ਪੁਜਾਰੀ ਜਾਂ ਉਸ ਦੇ ਬੱਚੇ ਖਾ ਜਾਣਗੇ, ਉਸ ਮੂਰਤੀ ਦੇ ਮੂੰਹ ਉਪਰ ਸਵਾਹ ਮਲ ਦਿਤੀ ਜਾਵੇਗੀ। ਮਾਲਣ ਨੂੰ ਸਮਝਾਇਆ ਹੈ ਕਿ ਮਾਲਣ ਤੂੰ ਭੁੱਲ ਚੁੱਕੀ ਹੈਂ ਅਤੇ ਲੋਕ ਵੀ ਭੁੱਲੇ ਹੋਏ ਹਨ ਪਰ ਮੈਂ ਨਹੀਂ ਭੁਲਿਆ, ਮੇਰਾ ਪਰਮਾਤਮਾ ਤਾਂ ਹਮੇਸ਼ਾ ਜਾਗਦਾ ਹੈ।

ਜਦੋਂ ਕਬੀਰ ਨੇ ਬ੍ਰਾਹਮਣਾਂ ਨੂੰ ਸੱਚੀਆਂ ਅਤੇ ਖਰੀਆਂ ਖਰੀਆਂ ਸੁਣਾਈਆਂ ਤਾਂ ਉਨ੍ਹਾਂ ਨੂੰ ਬਹੁਤ ਹੀ ਗੁੱਸਾ ਆਇਆ ਉਨ੍ਹਾਂ ਨੇ ਕਬੀਰ ਨੂੰ ਬੰਨ੍ਹ ਕੇ ਇਕ ਦਿਨ ਗੰਗਾ ਦਰਿਆ

ਵਿਚ ਸੁਟਵਾ ਦਿਤਾ। ਕਬੀਰ ਜੀ ਬਿਨਾਂ ਕਿਸੇ ਤਕਲੀਫ਼ ਦੇ ਦਰਿਆਂ ਤੋਂ ਬਾਹਰ ਆ ਗਏ ਉਸ ਸਬੰਧ ਵਿਚ ਉਚਾਰਿਆ ਸਲੋਕ ਇਸ ਪ੍ਰਕਾਰ ਹੈ :

**ਗੰਗ ਗੁਸਾਇਨਿ ਗਹਿਰ ਗੰਭੀਰ ॥**
**ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥**
**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥**
**ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥**
**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥**
**ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥**
**ਕਹਿ ਕੰਬੀਰ ਕੋਊ ਸੰਗ ਨ ਸਾਥ ॥**
**ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥** *(ਅੰਗ ੧੧੬੨)*

ਉਨ੍ਹਾਂ ਨੇ ਕਿਹਾ ਕੇ ਗੰਗਾ ਤਾਂ ਬੜੀ ਡੂੰਘੀ ਦੇਵੀ ਹੈ। ਮੈਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਉਸ ਵਿਚ ਸੁਟ ਦਿਤਾ ਗਿਆ ਸੀ, ਪਰੰਤੂ ਮੇਰਾ ਮਨ ਪ੍ਰਭੂ ਦੇ ਚਰਨਾਂ ਵਿਚ ਲਗਾ ਰਿਹਾ ਅਤੇ ਗੰਗਾ ਦੀਆਂ ਲਹਿਰਾਂ ਨੇ ਮੇਰੀਆਂ ਜ਼ੰਜੀਰਾਂ ਤੋੜ ਦਿਤੀਆਂ ਅਤੇ ਮੈਨੂੰ ਮਿਰਗਛਾਲਾ ਉਪਰ ਬਿਠਾ ਦਿਤਾ। ਮੇਰਾ ਰਾਖਾ ਤਾਂ ਕੇਵਲ ਪਰਮਾਤਮਾ ਹੈ ਜੋ ਜਲ ਅਤੇ ਥਲ ਉਪਰ ਮੌਜੂਦ ਹੈ ਅਤੇ ਉਸ ਨੇ ਮੈਨੂੰ ਰਖ ਲਿਆ ਹੈ। ਇਸ ਤਰ੍ਹਾਂ ਲੋਕਾਈ ਦੇ ਭਰਮ ਭੁਲੇਖੇ ਦੂਰ ਕਰਦੇ ਹੋਏ ਕਬੀਰ ਜੀ ਮਗਹਰ ਵਿਖੇ 1494 ਵਿਚ ਆਪਣਾ ਸਰੀਰ ਤਿਆਗ ਦਿਤਾ।

# ਜੋ ਮਨਿ ਚਿਤਿ ਨ ਚੇਤੇ ਸਨ

ਜ਼ਿੰਦਗੀ ਦੀਆਂ ਬਾਹਰੀ ਅਤੇ ਅੰਦਰੂਨੀ ਪਰਤਾਂ ਬਹੁ-ਦਿਸ਼ਾਵੀ ਹੋਣ ਕਾਰਣ ਇਸ ਵਿਚ ਫੁਲ ਕੰਡੇ, ਖੁਸ਼ੀ ਗਮੀ, ਹਾਸਾ ਅਤੇ ਰੋਣਾ, ਸੁਖ ਅਤੇ ਦੁਖ ਸਮਾਨਅੰਤਰ ਚਲਦਿਆਂ ਕਦੀ ਖੁਸ਼ੀ ਵਾਲਾ ਪੱਖ ਭਾਰੀ ਹੋ ਜਾਂਦਾ ਹੈ ਅਤੇ ਕਦੇ ਇਸ ਦੇ ਉਲਟ ਵੀ ਵਾਪਰ ਜਾਂਦਾ ਹੈ। ਜ਼ਿੰਦਗੀ ਦੀ ਗੱਡੀ ਨੂੰ ਲੀਹ ਦੇ ਉਪਰ ਰਖਣ ਲਈ ਜਿਥੇ ਸਖਤ ਮਿਹਨਤ ਜ਼ਰੂਰੀ ਸਮਝੀ ਜਾਂਦੀ ਹੈ, ਉਥੇ ਸਬਰ-ਸੰਤੋਖ ਵੀ ਅਹਮ ਭੂਮਿਕਾ ਨਿਭਾਉਣ ਵਾਲੇ ਹੋ ਨਿਬੜਦੇ ਹਨ, ਵਰਨਾ ਇਸ ਦੀ ਚਾਲ ਤੇਜ਼ ਜਾਂ ਮਧਮ ਹੋ ਕਿ ਕੋਈ ਅਜਿਹੀ ਘਟਨਾ ਵਾਪਰ ਸਕਦੀ ਹੈ ਜੋ ਜ਼ਿੰਦਗੀ ਵਿਚ ਚੱਲ ਰਹੀ ਸੱਪ ਅਤੇ ਪੌੜੀ ਵਾਲੀ ਖੇਡ ਨੂੰ ਖਤਮ ਵੀ ਕਰ ਸਕਦੀ ਹੈ। ਜ਼ਿੰਦਗੀ ਦੇ ਖੁਸ਼ਗਵਾਰ ਪਲਾਂ ਵਿਚ ਮਨੁਖ ਸਮੇਂ ਦੀ ਪੌੜੀ ਉਪਰ ਚੜ ਕੇ ਉਚਾਈ ਦੀਆਂ ਬੁਲੰਦੀਆਂ ਉਪਰ ਹੁੰਦਾ ਹੈ। ਹੋਰ ਅੱਗੇ ਵਧਣ ਦੀ ਤਮੰਨਾ ਉਸ ਨੂੰ ਹੋਰ ਉਪਰ ਵੱਲ ਲੈ ਕੇ ਜਾਂਦੀ ਹੈ ਪਰੰਤੂ ਬਿਲਕੁਲ ਉਸੇ ਵਕਤ ਕੋਈ ਅਜਿਹੀ ਮਾੜੀ ਘਟਨਾ ਵਾਪਰ ਜਾਂਦੀ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਕੋਈ ਵਖਤ ਪੈ ਜਾਂਦਾ ਹੈ ਜੋ ਮਨੁਖ ਨੂੰ ਸੱਪ ਦੇ ਮੂੰਹ ਰਾਹੀਂ ਥਲੇ ਜ਼ਮੀਨ 'ਤੇ ਲਿਆ ਸੁਟਦਾ ਹੈ।

ਮੌਤ ਇਕ ਅਟਲ ਸਚਾਈ ਹੈ ਅਤੇ ਮੌਤ ਦਾ ਨਾਮ ਸੁਣ ਕੇ ਹਰ ਛੋਟੇ ਵੱਡੇ ਦਾ ਤ੍ਰਾਹ ਨਿਕਲ ਜਾਂਦਾ ਹੈ। ਕੋਈ ਵੀ ਆਦਮੀ ਚਾਹੇ ਕਿਤਨਾ ਵੀ ਦੁਖੀ ਹੋਵੇ ਮਰਨਾ ਨਹੀਂ ਚਾਹੁੰਦਾ ਅਤੇ ਜਦੋਂ ਬੀਮਾਰੀ ਦੀ ਹਾਲਤ ਵਿਚ ਹੁੰਦਾ ਹੈ, ਡਾਕਟਰ ਨੂੰ ਬੇਨਤੀਆਂ ਕਰਦਾ ਹੈ ਕਿ ਉਸ ਨੂੰ ਬਚਾ ਲਿਆ ਜਾਵੇ। ਉਹ ਅਤੇ ਉਸ ਦਾ ਪਰਿਵਾਰ ਖੁਦਾ ਦੇ ਅੱਗੇ ਅਰਜ਼ੋਈਆਂ ਕਰਦੇ ਹਨ ਕਿ ਉਨ੍ਹਾਂ ਦੇ ਪਿਆਰੇ ਨੂੰ ਮੌਤ ਤੋਂ ਬਚਾ ਲਿਆ ਜਾਵੇ। ਧਨੀ ਰਾਮ ਚਾਤ੍ਰਿਕ ਵੀ ਮਰਨਾ ਨਹੀਂ ਮੰਗਦਾ ਭਾਵੇਂ ਉਹ ਦੇਸ਼ ਪਿਆਰ ਦਾ ਬਹਾਨਾ ਘੜਦਾ ਹੈ। ਉਸ ਨੇ ਲਿਖਿਆ ਹੈ:

**ਦਰਗਾਹੀ ਸਦੇ ਆ ਗਏ ਨੇ, ਸਮਾਨ ਤਿਆਰ ਸਫ਼ਰ ਦਾ।**
**ਤੇਰੇ ਬੂਹਿਓਂ ਹਿਲਣ ਨੂੰ, ਚਾਤ੍ਰਿਕ ਦਾ ਜੀ ਨਹੀਂ ਕਰਦਾ।**

ਇਸ ਲਈ ਮਰਨਾ ਕੌਣ ਚਾਹੁੰਦਾ ਹੈ ਫਿਰ ਵੀ ਮਰਨਾ ਤਾਂ ਸਾਰੀਆਂ ਨੇ ਹੀ ਹੈ। ਜੋ ਘੜਾ ਬਨਿਆ ਹੈ ਉਸ ਨੇ ਭਜਣਾ ਹੀ ਹੈ। ਜੇਕਰ ਉਮਰ ਭੋਗ ਕੇ ਮਰਦਾ ਹੈ ਤਾਂ ਹਰੇਕ ਹੀ ਉਸ ਦਾ ਚਲੇ ਜਾਣਾ ਠੀਕ ਹੀ ਲਗਦਾ ਹੈ। ਪਰੰਤੂ ਜਾਣ ਵਾਲਾ ਇਹ ਸੋਚਦਾ ਹੈ ਜੇਕਰ ਮੈਂ ਪੋਤਰੇ ਦਾ ਵਿਆਹ ਦੇਖ ਲੈਂਦਾ ਤਾਂ ਖੁਸ਼ ਮਨ ਨਾਲ ਰੁਖਸਤ ਹੋ ਜਾਣਾ ਸੀ। ਪਰੰਤੂ ਇਨ੍ਹਾਂ ਮਾੜੀਆਂ ਘਟਨਾਵਾਂ ਵਿਚ ਸੜਕਾਂ ਤੇ ਹੋਣ ਵਾਲਿਆਂ ਦੁਰਘਟਨਾਵਾਂ ਦਾ ਵਿਸ਼ੇਸ਼ ਅਹਮ ਰੋਲ ਹੁੰਦਾ ਹੈ। ਇਨ੍ਹਾਂ ਦੁਰਘਟਨਾਵਾਂ ਵਿਚ ਕਿਸੇ ਔਰਤ ਕੋਲੋਂ ਉਸ ਦਾ

ਪਤੀ ਖੋਹ ਲਿਆ ਜਾਂਦਾ ਹੈ। ਪਤੀ ਜੋ ਉਸ ਦਾ ਜੀਵਨ ਸਾਥੀ ਹੁੰਦਾ ਹੈ ਉਥੇ ਉਹ ਉਸ ਦੀ ਜੀਵਿਕਾ ਚਲਾਉਣ ਵਾਲਾ ਅਰਥਾਤ ਉਸ ਦੀ ਰੋਟੀ-ਰੋਜ਼ੀ ਦਾ ਸਹਾਰਾ ਵੀ ਹੁੰਦਾ ਹੈ। ਅਜੇਹੀ ਘਟਨਾ ਜੋ ਚਿਤ ਜਾਂ ਚੇਤੇ ਵਿਚ ਵੀ ਨਹੀਂ ਹੁੰਦੀ ਅਤੇ ਉਹ ਔਰਤ ਪਤੀ ਦੇ ਸਾਥ ਵਿਚ ਬਿਨਾਂ ਖੰਭਾਂ ਤੋਂ ਅਰਸ਼ੀਂ ਉਡਾਰੀਆਂ ਲਾ ਰਹੀ ਹੁੰਦੀ ਹੈ, ਉਸ ਨੂੰ ਇਕਦਮ ਹੀ ਧਰਤੀ ਉਪਰ ਪਟਕਾ ਕੇ ਸੁਟ ਦਿੰਦੀ ਹੈ ਅਤੇ ਉਹ ਫਿਰ ਜ਼ਿੰਦਗੀ ਵਿਚ ਸੰਭਲ ਨਹੀਂ ਸਕਦੀ। ਬਾਬਾ ਫਰੀਦ ਜੀ ਆਖਦੇ ਹਨ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 1383 ਉਪਰ ਸੁਭਾਏਮਾਨ ਹੈ:

**ਫਰੀਦਾ ਦਰੀਆਵੈ ਕੰਨੑੈ ਬਗੁਲਾ ਬੈਠਾ ਕੇਲ ਕਰੇ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥**
**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥**

*(ਅੰਗ ੧੩੮੩)*

ਜਿਸ ਵੀਰ ਦੇ ਸੁਖਾਂ ਲਈ ਹਰ ਭੈਣ ਹਰ ਸਮੇਂ ਰੱਬ ਦੇ ਤਰਲੇ ਕਰਦੀ ਨਹੀਂ ਥਕਦੀ, ਪੀਰ ਪੈਗੰਬਰ ਨੂੰ ਧਿਆਇਆ ਕਰਦੀ ਹੈ, ਉਸੇ ਭੈਣ ਕੋਲੋਂ ਵਾਪਰੀ ਹੋਈ ਅਣਚਾਹੀ ਘਟਨਾ ਵੀਰ ਨੂੰ ਖੋਹ ਲੈਂਦੀ ਹੈ। ਇਸ ਹੀ ਤਰ੍ਹਾਂ ਪਤਨੀ, ਭੈਣ, ਧੀ ਜਾਂ ਕੋਈ ਹੋਰ ਰਿਸ਼ਤਾ ਮਰਦ ਕੋਲੋਂ ਖੁੱਸ ਜਾਂਦਾ ਹੈ। ਅਜੇਹੀ ਹੀ ਕੋਈ ਘਟਨਾ ਕਿਸੇ ਮਾਸੂਮ ਬਾਲੜੀ ਕੋਲੋਂ ਉਸ ਦਾ ਪਿਤਾ ਵੀ ਖੋਹ ਸਕਦੀ ਹੈ ਤਾਂ ਉਸ ਦਾ ਸਾਰਾ ਜੀਵਨ ਹਨੇਰੀ ਖਾਈ ਵੱਲ ਹੋ ਤੁਰਦਾ ਹੈ।

ਅੰਜਾਈਂ ਜਾਂਦੀਆਂ ਮਨੁਖੀ ਜਾਨਾਂ ਵਿਚ ਬਹੁਤ ਜ਼ਿਆਦਾ ਹਿੱਸਾ ਸੜਕਾਂ 'ਤੇ ਹੋਣ ਵਾਲਿਆਂ ਦੁਰਘਟਨਾਵਾਂ ਵਿਚ ਹੁੰਦਾ ਹੈ। ਇਹ ਹਾਦਸੇ ਕਿਉਂ ਹੁੰਦੇ ਹਨ ? ਕਿਸ ਦਾ ਕਸੂਰ ਹੈ ? ਕੀ ਕੀਤਾ ਜਾਵੇ ਤਾਂ ਜੋ ਇਹ ਮੰਦੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ ? ਇਹ ਪ੍ਰਸ਼ਨ ਉਤਰਾਂ ਦੀ ਮੰਗ ਕਰ ਰਹੇ ਹਨ।

ਸੜਕਾਂ ਦੀ ਮੰਦੀ ਹਾਲਤ ਇਨ੍ਹਾਂ ਹਾਦਸਿਆਂ ਦੇ ਵਾਪਰਨ ਦਾ ਇੱਕ ਮੁਖ ਕਾਰਨ ਗਿਣਿਆ ਜਾ ਸਕਦਾ ਹੈ। ਸੜਕਾਂ ਦਾ ਠੀਕ ਤਰਾਂ ਸਾਂਭ ਸੰਭਾਲ ਨਾ ਹੋਣੀ ਵੀ ਹਾਦਸਿਆਂ ਨੂੰ ਸੱਦਾ ਦੇ ਰਹੀ ਹੁੰਦੀ ਹੈ। ਜਿਸ ਦੇ ਨਤੀਜੇ ਵਜੋਂ ਸੜਕਾਂ ਕਚੇ ਰਸਤਿਆਂ ਨਾਲੋਂ ਵੀ ਬਦਤਰ ਹਾਲਤ ਵਿਚ ਹੋ ਜਾਂਦੀਆਂ ਹਨ। ਕਈ ਵਾਰ ਸੜਕਾਂ ਦੇ ਟੋਏ ਵੇਖ ਕੇ ਪਤਾ ਨਹੀਂ ਲਗਦਾ ਕਿ ਸੜਕਾਂ ਵਿਚ ਟੋਏ ਹਨ ਜਾਂ ਟੋਇਆਂ ਵਿਚਕਾਰ ਸੜਕ ਹੈ। ਸਰਕਾਰ ਸੜਕਾਂ ਦਾ ਨਿਰਮਾਣ ਕਰਦੀ ਹੈ ਅਤੇ ਲੋਕ ਆਪਣੀਆਂ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਦੀ ਭੰਨ ਤੋੜ ਕਰ ਕੇ ਉਸੇ ਤਰ੍ਹਾਂ ਹੀ ਛੱਡ ਦਿੰਦੇ ਹਨ। ਇਸ ਪਿਛੇ ਸਾਡੀ ਨੈਤਿਕਤਾ ਦਾ ਅਹਿਮ ਪੱਖ ਨਜ਼ਰੀਂ ਪੈਂਦਾ ਹੈ ਕਿ ਅਸੀਂ ਆਪਣੇ ਹੱਕਾਂ ਪ੍ਰਤੀ ਤਾਂ ਸੁਚੇਤ ਹਾਂ ਪਰ ਫਰਜ਼ਾਂ ਤੋਂ ਮੂੰਹ ਫੇਰ ਲੈਂਦੇ ਹਾਂ। ਸੜਕਾਂ ਨੂੰ ਭੰਨ ਤੋੜ ਕੇ ਆਪਣੀ ਲੋੜ ਪੂਰਤੀ ਦਾ ਹੱਕ ਤਾਂ ਪ੍ਰਾਪਤ ਕਰ ਲੈਂਦੇ ਹਾਂ ਪਰੰਤੂ ਇਸ ਦੀ ਮੁਰੰਮਤ ਕਰਵਾ ਕੇ ਦੇਣ ਦੇ ਫਰਜ਼ ਤੋਂ ਪਾਸਾ ਵੱਟ ਲੈਂਦੇ ਹਾਂ। ਵਿਸ਼ੇਸ਼ ਵਿਅਕਤੀਆਂ ਦੀ ਆਮਦ ਤੇ ਬਣਾਏ ਜਾਂਦੇ ਸਵਾਗਤੀ ਗੇਟ ਸੜਕਾਂ ਨੂੰ ਵਿਗਾੜਨ ਵਿਚ ਚੰਗਾ ਚੋਖਾ ਹਿੱਸਾ ਪਾ ਰਹੇ ਹੁੰਦੇ ਹਨ। ਇਹ ਗੇਟ ਜੋ ਬਹੁਤ ਹੀ ਜ਼ਿਆਦਾ ਗਿਣਤੀ ਵਿਚ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਬਣਾਏ ਜਾਂਦੇ ਹਨ ਵੀ.ਆਈ.ਪੀ. ਦੇ ਲੰਘ

ਜਾਣ ਤੋਂ ਬਾਅਦ ਗੇਟ ਤਾਂ ਪੁੱਟ ਹੀ ਲਏ ਜਾਂਦੇ ਹਨ ਪਰੰਤੂ ਖੱਪੇ ਬਿਨਾਂ ਪੂਰਨ ਦੇ ਛੱਡ ਦਿਤੇ ਜਾਂਦੇ ਹਨ, ਜੋ ਕਿ ਦੁਰਘਟਨਾ ਨੂੰ ਸੱਦਾ ਦੇ ਰਹੇ ਹੁੰਦੇ ਹਨ।

ਸੜਕਾਂ ਦੇ ਲਈ ਵਰਤਿਆ ਸਮਾਨ ਵੀ ਮਿਆਰੀ ਕਿਸਮ ਦਾ ਨਹੀਂ ਹੁੰਦਾ। ਕੁਰਪਸ਼ਨ ਦਾ ਰਾਹ ਅਖਤਿਆਰ ਕਰ ਕੇ ਪਾਸ ਕਰਵਾਈ ਸੜਕ ਵੀ ਆਪਣੀ ਉਮਰ ਛੇਤੀ ਪੂਰੀ ਕਰ ਬੈਠਦੀ ਹੈ ਅਤੇ ਆਪਣੀ ਉਮਰ ਦੇ ਨਾਲ ਹੋਰ ਕਿੰਨੀਆਂ ਜਾਨਾਂ ਨੂੰ ਉਮਰ ਤੋਂ ਪਹਿਲਾਂ ਹੀ ਇਸ ਫਾਨੀ ਸੰਸਾਰ ਤੋਂ ਚਲਦਾ ਕਰਨ ਵਿਚ ਸਹਾਈ ਹੁੰਦੀਆਂ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਸੜਕਾਂ ਦਾ ਜੀਵਨ ਨਿਸਚਿਤ ਕਰਨ ਲਈ ਸੜਕਾਂ ਦੇ ਬਣਾਉਣ ਵਾਸਤੇ ਜ਼ਿਮੇਵਾਰੀ ਨਿਰਧਾਰਿਤ ਕੀਤੀ ਜਾਵੇ।

ਸੜਕਾਂ ਤੇ ਚਲਦੇ ਸਮੇਂ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਕਾਰਣ ਦੁਰਘਟਨਾਵਾਂ ਵਾਪਰਦੀਆਂ ਹਨ। ਬਹੁਤ ਵਾਰੀ ਤਾਂ ਸਾਨੂੰ ਸੜਕੀ ਨਿਯਮਾਂ ਦੀ ਜਾਣਕਾਰੀ ਹੀ ਨਹੀਂ ਹੁੰਦੀ। ਸੜਕ 'ਤੇ ਚਲਣ ਸਮੇਂ ਖੱਬੇ ਹੱਥ ਚੱਲਣਾ ਹੁੰਦਾ ਹੈ, ਕਿਸੇ ਹੋਰ ਨੂੰ ਕ੍ਰਾਸ ਕਰਨ ਸਮੇਂ ਕਿਸ ਤਰ੍ਹਾਂ ਦੀ ਸਾਵਧਾਨੀ ਵਰਤਣੀ ਹੈ, ਮੋੜ ਨੂੰ ਮੁੜਦੇ ਸਮੇਂ ਇਸ਼ਾਰਿਆਂ ਦੀ ਵਰਤੋਂ ਕਰਨੀ, ਚੁਰਸਤਾ ਪਾਰ ਕਰਨ ਸਮੇਂ ਬੱਤੀਆਂ ਦੀ ਉਡੀਕ ਕਰਨੀ, ਸੜਕ 'ਤੇ ਰੁਕਣ ਸਮੇਂ ਵਰਤੀ ਜਾਂਦੀ ਅਹਤਿਆਤ ਆਦਿ ਨਿਯਮਾਂ ਤੋਂ ਅਸੀਂ ਬਿਲਕੁਲ ਅਣਜਾਣ ਹੁੰਦੇ ਹਾਂ ਜਾਂ ਫਿਰ ਲਾਪਰਵਾਹੀ ਵਰਤਦੇ ਹਾਂ। ਬਾਲ, ਬੁੱਢੇ ਤੇ ਅਨਪੜ੍ਹ ਵਿਅਕਤੀ ਨਿਯਮਾਂ ਪ੍ਰਤਿ ਉਦਾਸੀਨ ਹੁੰਦੇ ਹਨ ਅਤੇ ਆਪਣੀ ਮਰਜ਼ੀ ਨਾਲ ਸੜਕਾਂ ਤੇ ਚਲਦੇ ਹੋਏ ਦੁਰਘਟਨਾਵਾਂ ਨੂੰ ਸਦਾ ਦੇ ਰਹੇ ਹੁੰਦੇ ਹਨ। ਸਾਰਿਆਂ ਨੂੰ ਸੜਕਾਂ ਤੇ ਚਲਣ ਦੀ ਜਾਣਕਾਰੀ ਦਿਤੀ ਜਾਣੀ ਅਤੀ ਜ਼ਰੂਰੀ ਹੈ। ਆਮ ਜਨਤਾ ਵਿਚ ਨਿਯਮਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਮੇਂ ਸਮੇਂ ਇਕੱਠ ਕੀਤੇ ਜਾ ਸਕਦੇ ਹਨ। ਪ੍ਰਿੰਟ ਮੀਡਿਆ ਅਤੇ ਟੀ.ਵੀ. ਦਾ ਪ੍ਰਯੋਗ ਲਾਹੇਵੰਦ ਸਿਧ ਹੋ ਸਕਦਾ ਹੈ। ਬਚਿਆਂ ਦੀ ਪੜ੍ਹਾਈ ਦੇ ਸਿਲੇਬਸ ਵਿਚ ਇਸ ਨੂੰ ਸ਼ਾਮਲ ਕਰ ਕੇ ਜਾਣਕਾਰੀ ਦਿਤੀ ਜਾ ਸਕਦੀ ਹੈ। ਇਕ ਸੂਝਵਾਨ ਨਾਗਰਿਕ ਨੂੰ ਇਨ੍ਹਾਂ ਨਿਯਮਾਂ ਦਾ ਗਿਆਨ ਜ਼ਰੂਰੀ ਹੈ। ਵਿਦਿਆਰਥੀਆਂ ਨੇ ਇਸ ਦੇਸ਼ ਦੇ ਸੂਝਵਾਨ ਨਾਗਰਿਕ ਬਣਨਾ ਹੈ ਇਸ ਲਈ ਹੈ ਕਿ ਇਮਤਿਹਾਨ ਦੇ ਨਜ਼ਰੀਏ ਦੇ ਨਾਲ ਨਾਲ ਉਨ੍ਹਾਂ ਦੇ ਜੀਵਨ ਵਿਚ ਕੰਮ ਅਉਣ ਵਾਲੇ ਪਹਿਲੂਆਂ ਬਾਰੇ ਵੀ ਉਨ੍ਹਾਂ ਨੂੰ ਦੱਸਿਆ ਜਾਵੇ। ਸੜਕਾਂ 'ਤੇ ਚਲਣ ਲਈ ਇਸ਼ਾਰੇ ਨਿਸਚਿਤ ਕੀਤੇ ਹੋਏ ਹਨ ਉਨ੍ਹਾਂ ਇਸ਼ਾਰਿਆਂ ਬਾਰੇ ਗਿਆਨ ਤਾਂ ਕੁਝ ਕੁ ਮੁਠੀ ਭਰ ਲੋਕਾਂ ਨੂੰ ਹੀ ਹੈ। ਬਾਕੀ ਲੋਕ ਤਾਂ ਇਨ੍ਹਾਂ ਇਸ਼ਾਰਿਆਂ ਤੋਂ ਪੂਰੀ ਤਰਾਂ ਅਣਜਾਣ ਹਨ ਜਿਵੇਂ ਕਿ ਚੁਰਸਤਾ ਪਾਰ ਕਰਨ ਲਈ ਜਾਂ ਹੋਰਨਾਂ ਥਾਵਾਂ ਤੋਂ ਸੜਕ ਨੂੰ ਪਾਰ ਕਰਨ ਲਈ ਜ਼ੈਬਰਾ ਕਰਾਸਿੰਗ ਬਣੇ ਹੁੰਦੇ ਹਨ ਲੋਕ ਉਨ੍ਹਾਂ ਨੂੰ ਸੁੰਦਰ ਲਕੀਰਾਂ ਜੋ ਸਜਾਵਟ ਲਈ ਬਣਾਈਆਂ ਗਈਆਂ ਸਮਝਦੇ ਹਨ ਅਤੇ ਆਪਣੀ ਮਨ ਮਰਜ਼ੀ ਨਾਲ ਸੜਕ ਨੂੰ ਪਾਰ ਕਰਦੇ ਹਨ ਤੇ ਪਾਰ ਕਰਦੇ ਹੋਏ ਆਪਣੀ ਜ਼ਿੰਦਗੀ ਦਾ ਸਫਰ ਹੀ ਮੁਕਾ ਬੈਠਦੇ ਹਨ। ਤੇ ਪਿਛਲੇ ਸਾਕ ਸਬੰਧੀਆਂ ਲਈ ਮੁਸੀਬਤਾਂ ਦਾ ਪਹਾੜ ਖੜਾ ਕਰ ਜਾਂਦੇ ਹਨ।

ਸਾਇਕਲ ਸਵਾਰ, ਸਕੂਟਰ ਸਵਾਰ ਤੇ ਪੈਦਲ ਯਾਤਰੀ ਕੁਝ ਡਰਾਈਵਰਾਂ ਵਲੋਂ ਦਿੱਤੇ ਇਸ਼ਾਰੇ ਸਮਝ ਨਹੀਂ ਸਕਦੇ ਜਾਂ ਇਸ਼ਾਰਿਆਂ ਪ੍ਰਤੀ ਉਦਾਸੀਨਤਾ ਵਿਖਾ ਆਪ ਮੁਸੀਬਤ ਨੂੰ ਗਲ ਲਾ ਲੈਂਦੇ ਹਨ ਤੇ ਹੋਰਨਾਂ ਲਈ ਵੀ ਮੁਸੀਬਤਾਂ ਖੜੀਆਂ ਕਰ ਦਿੰਦੇ ਹਨ। ਜ਼ਰੂਰੀ

ਨਹੀਂ ਕਿ ਹਾਦਸੇ ਜ਼ਿੰਦਗੀ ਦਾ ਅੰਤ ਕਰਦੇ ਹਨ। ਕਈ ਵਾਰ ਦੁਰਘਟਨਾ ਰਾਹੀਂ ਐਸੀ ਸੱਟ ਫੇਟ ਲਗਦੀ ਹੈ ਕਿ ਕਈ ਕਈ ਮਹੀਨੇ ਹਸਪਤਾਲ ਵਿਚ ਪਏ ਰਹਿਣ ਤੋਂ ਬਾਅਦ ਵੀ ਉਹ ਆਪਣਾ ਜੀਵਨ ਆਪ ਨਹੀਂ ਜੀ ਸਕਦੇ ਤੇ ਬਾਕੀ ਰਹਿਣ ਵਾਲੀ ਉਮਰ ਹੋਰ ਸਾਕ ਸੰਬੰਧੀਆਂ ਤੇ ਨਿਰਭਰ ਹੋ ਜਾਂਦੇ ਹਨ ਤੇ ਮੌਤ ਨਾਲੋਂ ਵੀ ਬਦਤਰ ਹਾਲਤ ਵਿਚ ਜੀ ਰਹੇ ਹੁੰਦੇ ਹਨ ਅਤੇ ਮੋਟੀ ਰਕਮ ਇਲਾਜ ਉਪਰ ਖਰਚ ਕਰ ਕੇ ਆਰਥਕ ਪਖੋਂ ਵੀ ਮੰਦੀ ਹਾਲਤ ਕਰ ਬੈਠਦੇ ਹਨ। ਪਰਿਵਾਰ ਵੀ ਹੋਰ ਬੋਝ ਥਲੇ ਜੀਵਨ ਬਸਰ ਕਰਨ ਲਈ ਮਜਬੂਰ ਹੁੰਦਾ ਹੈ। ਇਸ ਹਾਲਤ ਵਿਚ ਉਹ ਰੱਬ ਨੂੰ ਮਾੜਾ ਬੋਲਦੇ ਹਨ, ਭਗਵਾਨ ਨਾਲ ਮੇਹਣੋ ਮੇਹਣੀ ਹੁੰਦੇ ਹਨ ਅਤੇ ਕਦੇ ਵੀ ਇਹ ਨਹੀਂ ਮਹਿਸੂਸ ਕਰਦੇ ਕਿ ਉਨ੍ਹਾਂ ਦੀ ਵੀ ਕੋਈ ਗਲਤੀ ਸੀ।

ਡਰਾਈਵਰਾਂ ਦੇ ਲੰਬੇ ਸਫਰ ਤੇ ਬਿਨਾਂ ਆਰਾਮ ਕੀਤੇ ਚਲਣਾ ਵੀ ਦੁਰਘਟਨਾਵਾਂ ਦਾ ਕਾਰਨ ਹੈ। ਆਰਥਿਕ ਮਜਬੂਰੀ ਡਰਾਈਵਰ ਨੂੰ ਸਮਰਥਾ ਤੋਂ ਵੱਧ ਸਮਾਂ ਡਰਾਈਵਿੰਗ ਕਰਵਾਉਂਦੀ ਹੈ ਜਿਸ ਨਾਲ ਉਸ ਨੂੰ ਓਵਰ ਟਾਈਮ ਮਿਲਦਾ ਹੈ ਜੋ ਕਿ ਉਸ ਦੀ ਘਰ ਦੀਆਂ ਨੂੰ ਲੋੜਾਂ ਨੂੰ ਪੂਰਨ ਕਰਨ ਵਿਚ ਸਹਾਈ ਹੁੰਦੀ ਹੈ। ਪਰੰਤੂ ਸਰੀਰਕ ਸਮਰਥਾ ਤੋਂ ਵਧੇਰੇ ਸਮਾਂ ਡਰਾਈਵਿੰਗ ਕਰਨ ਕਾਰਣ ਉਹਨਾਂ ਨੂੰ ਰਸਤੇ ਵਿਚ ਵੀ ਘੇਰ ਸਕਦੀ ਹੈ ਨਤੀਜਨ ਗੱਡੀ ਦੀ ਟੱਕਰ ਹੋ ਕਾਰਣ ਮਾਲੀ ਅਤੇ ਜਾਨੀ ਨੁਕਸਾਨ ਹੋ ਸਕਦਾ ਹੈ। ਡਰਾਇਵਿੰਗ ਜਿਹੇ ਸਖਤ ਕੰਮ ਪ੍ਰਤੀ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ। ਕਿਸੇ ਵੀ ਡਰਾਈਵਰ ਨੂੰ ਨਿਸਚਿਤ ਸਮੇਂ ਤੋਂ ਵੱਧ ਸਮੇਂ ਲਈ ਗੱਡੀ ਚਲਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਕਰਨ ਹਿਤ ਤਨਖਾਹ ਵਿਚ ਯੋਗ ਵਾਧਾ ਕੀਤਾ ਜਾ ਸਕਦਾ ਹੈ।

ਸੜਕਾਂ ਉਪਰ ਲੱਗੇ ਹੋਏ ਇਸ਼ਤਿਹਾਰੀ ਫਲੈਕਸ ਬੋਰਡ ਵੀ ਦੁਰਘਟਨਾ ਦਾ ਕਾਰਣ ਬਣਦੇ ਹਨ ਬੋਰਡ ਉਪਰ ਬਣੇ ਹੋਏ ਅਸ਼ਲੀਲ ਅਧਨੰਗੇ ਚਿਤਰ ਤੇ ਦੂਹਰੇ ਅਰਥਾਂ ਵਾਲੀ ਭਾਸ਼ਾ ਆਮ ਲੋਕਾਂ ਦੇ ਨਾਲ ਨਾਲ ਡਰਾਈਵਰ ਨੂੰ ਵੀ ਆਕ੍ਰਿਸ਼ਤ ਕਰਦੇ ਹਨ ਜਿਸ ਨਾਲ ਇਸ ਦਾ ਧਿਆਨ ਡਰਾਈਵਿੰਗ ਤੋਂ ਉਖੜ ਸਕਦਾ ਹੈ ਤੇ ਦੁਰਘਟਨਾ ਵਾਪਰ ਸਕਦੀ ਹੈ ਇਸ ਲਈ ਜ਼ਰੂਰੀ ਹੈ ਕੇ ਅਜੇਹੇ ਬੋਰਡ ਸੜਕਾਂ 'ਤੇ ਨਾ ਲਾਏ ਜਾਣ। ਇਸ਼ਤਿਹਾਰ ਦੇਣ ਲਈ ਹੋਰ ਪ੍ਰਸਾਰ ਮਾਧਿਅਮ ਜਿਵੇਂ ਅਖਬਾਰ, ਟੀ.ਵੀ. ਤੇ ਰੇਡੀਓ ਆਦਿ ਨੂੰ ਵਰਤਿਆ ਜਾ ਸਕਦਾ ਹੈ।

# ਗੁਰਿਆਈ ਦੀ ਪੱਗ ਅਰਜਨ ਲਧੀ

ਸਿੱਖਾਂ ਦੀ ਦਸਤਾਰ ਜਾਂ ਪੱਗੜੀ ਬਾਰੇ ਭਾਰਤ ਦੇਸ਼ ਤੋਂ ਬਾਹਰ ਗਿਆਨ ਦੀ ਘਾਟ ਹੋਣ ਕਾਰਣ ਹੀ ਹਵਾਈ ਅੱਡੇ ਉਪਰ ਦਸਤਾਰ ਵਾਲੇ ਸਿੱਖਾਂ ਨੂੰ ਦਸਤਾਰ ਉਤਾਰ ਕੇ ਤਲਾਸ਼ੀ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਕਿ ਬਿਲਕੁਲ ਵੀ ਠੀਕ ਨਹੀਂ ਕਿਹਾ ਜਾ ਸਕਦਾ। ਦਸਤਾਰ ਤਾਂ ਸਿੱਖ ਲਈ ਪਹਿਰਾਵੇ ਦਾ ਹਿੱਸਾ ਹੈ। ਇਹ ਕੇਵਲ ਅੰਮ੍ਰਿਤਧਾਰੀ ਸਿੱਖਾਂ ਲਈ ਹੀ ਜ਼ਰੂਰੀ ਨਹੀਂ ਕਿ ਉਹ ਕੇਸਾਂ ਦੀ ਸਾਂਭ ਸੰਭਾਲ ਲਈ ਕੇਸਾਂ ਉੱਪਰ ਦਸਤਾਰ ਸਜਾ ਕੇ ਰੱਖਣ ਸਗੋਂ ਇਹ ਤਾਂ ਹਰੇਕ ਸਿੱਖ ਲਈ ਕੇਸਾਂ ਨੂੰ ਢਕ ਕੇ ਰਖਣ ਲਈ ਜ਼ਰੂਰੀ ਹੈ। ਸੋ ਦਸਤਾਰ ਕੇਵਲ ਧਾਰਮਿਕ ਚਿੰਨ੍ਹ ਹੀ ਨਹੀਂ, ਸਿੱਖ ਦੇ ਪਹਿਰਾਵੇ ਦਾ ਹਿੱਸਾ ਹੈ।

ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ :

**ਜੇ ਅਜੇ ਦੂਰ ਹੈ ਸਵੇਰਾ**
**ਤਾਂ ਇਸ ਵਿਚ ਕਸੂਰ ਹੈ ਮੇਰਾ**
**ਕਿਉਂ ਕੋਸੀਏ ਰਾਤਾਂ ਨੂੰ...**

ਫ਼ਾਰਸੀ ਵਿਚ ਇਕ ਕਹਾਵਤ ਹੈ ਕਿ ਕਿਸੇ ਪੁਰਖ ਦੀ ਪਹਿਚਾਨ ਰਫ਼ਤਾਰ, ਦਸਤਾਰ ਅਤੇ ਗੁਫ਼ਤਾਰ ਤੋਂ ਕੀਤੀ ਜਾਂਦੀ ਹੈ। ਰਫਤਾਰ ਤੋਂ ਅਰਥ ਹੈ, ਚਾਲ। ਜੇਕਰ ਚਾਲ ਠੀਕ ਨਹੀਂ ਤਾਂ ਪੁਰਖ ਠੀਕ ਨਹੀਂ ਹੈ ਅਤੇ ਉਸ ਨੂੰ ਕੋਈ ਸਮੱਸਿਆ ਹੈ। ਇਸ ਤਰ੍ਹਾਂ ਦਸਤਾਰ ਤੋਂ ਅਰਥ ਹੈ, ਪਗੜੀ ਜੇਕਰ ਸਿਰ 'ਤੇ ਪਗੜੀ ਹੈ ਅਤੇ ਸੁੰਦਰ ਹੈ ਤਾਂ ਪੁਰਖ ਚੰਗੇ ਚਜ ਆਚਾਰ ਦਾ ਮਾਲਕ ਹੈ ਵਰਨਾ ਉਸ ਵਿਚ ਖੋਟ ਹੈ। ਇਸ ਤਰਾਂ ਗੁਫ਼ਤਾਰ ਦਾ ਅਰਥ ਹੈ ਗੁਫਤ-ਗੂ ਅਥਵਾ ਗੱਲਬਾਤ ਕਰਨ ਦਾ ਢੰਗ।

ਸਿੱਖ ਧਰਮ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸਿਰ ਤੇ ਪੱਗ ਬਨਣ ਦੀ ਪ੍ਰਥਾ ਸੀ ਅਤੇ ਗੁਰਿਆਈ ਦੇਣ ਸਮੇਂ ਪੱਗ ਬੰਨ੍ਹਾਈ ਜਾਂਦੀ ਸੀ। ਇਸ ਲਈ ਪਹਿਲੀ ਪਾਤਸ਼ਾਹੀ ਵਲੋਂ ਭਾਈ ਲਹਿਣੇ ਨੂੰ ਦਸਤਾਰ ਸਜਾ ਕੇ ਗੁਰੂ ਅੰਗਦ ਦੇਵ ਬਣਾ ਦਿਤਾ ਸੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਿਰ ਉੱਪਰ ਪਗੜੀ (ਸਿਰੋਪਾ) ਸਜਾ ਕੇ ਉਨ੍ਹਾਂ ਨੂੰ ਗੁਰਿਆਈ ਦਿੱਤੀ। ਇਸ ਤਰਾਂ ਪ੍ਰਥਾ ਅੱਗੇ ਚਲਦੀ ਰਹੀ। ਪੁਰਾਣੇ ਸਮੇਂ ਵਿਚ ਕੇਵਲ ਉੱਚੀਆਂ ਜਾਤਾਂ ਵਾਲੇ ਹੀ ਸਿਰ ਉੱਪਰ ਪਗੜੀ ਸਜਾ ਸਕਦੇ ਸਨ। ਆਮ ਜਨਤਾ ਨੂੰ ਨੰਗੇ ਸਿਰ ਹੀ ਜੀਵਨ ਬਿਤਾਉਣਾ ਪੈਂਦਾ ਸੀ। ਇਕ ਵਾਰੀ ਇਕ ਆਦਮੀ ਨਹਾ ਕੇ ਪੱਗ ਖੂਹ 'ਤੇ ਹੀ ਭੁੱਲ ਗਿਆ ਤੇ ਨੰਗੇ ਸਿਰ ਘਰ ਜਾ ਪੁੱਜਾ। ਜਦੋਂ ਘਰ ਦੀਆਂ ਸੁਆਣੀਆਂ ਨੇ ਨੰਗੇ ਸਿਰ ਡਿੱਠਾ ਤਾਂ ਉਹ ਰੋਣ ਕੁਰਲਾਣ ਲਗ ਪਈਆਂ ਕਿਉਂਕਿ ਨੰਗੇ ਸਿਰ ਤੋਂ ਭਾਵ ਕਿਸੇ ਰਿਸ਼ਤੇਦਾਰ ਦਾ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਣਾ

ਮੰਨਿਆ ਜਾਂਦਾ ਸੀ।

ਜਦੋਂ ਦੋ ਦੋਸਤ ਇੱਕ ਦੂਜੇ ਲਈ ਦੁੱਖ ਸੁੱਖ ਸਾਂਝੇ ਕਰਦੇ ਹਨ ਅਤੇ ਲੰਬਾ ਸਮਾਂ ਸਾਥ ਨਿਭਾਉਣ ਦਾ ਫੈਸਲਾ ਕਰ ਲੈਂਦੇ ਹਨ ਤਾਂ ਉਹ ਪੱਗਾਂ ਵਟਾ ਲੈਂਦੇ ਹਨ ਅਤੇ ਪੱਗ-ਵੱਟ ਭਰਾ ਬਣ ਜਾਂਦੇ ਹਨ।

ਭਾਰਤ ਵਿਚ ਬਾਪੂ ਦੇ ਪੂਰਾ ਹੋ ਜਾਣ ਤੇ ਵੱਡੇ ਪੁੱਤਰ ਨੂੰ ਜ਼ਿੰਮੇਵਾਰੀ ਦੀ ਪੱਗ ਬੰਨਣ ਦਾ ਰਿਵਾਜ ਹਾਲੇ ਵੀ ਪ੍ਰਚੱਲਤ ਹੈ। ਜਦੋਂ ਭਾਦਰੋਂ ਸੁਦੀ ਤੀਜ ਸੰਮਤ 1638 ਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਪਰਲੋਕ ਗਮਨ ਕਰ ਗਏ ਤਾਂ ਬਜ਼ੁਰਗ ਹੋਣ ਦੇ ਨਾਤੇ ਸ੍ਰੀਚੰਦ ਪੁੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੋ ਪੱਗਾਂ ਭਿਜਵਾਈਆਂ ਸਨ। ਪਹਿਲੀ ਪੱਗ ਪ੍ਰਿਥੀ ਚੰਦ ਨੂੰ ਵੱਡਾ ਪੁੱਤਰ ਹੋਣ ਕਾਰਨ ਬੰਨ੍ਹਾਈ ਗਈ ਅਤੇ ਦੂਸਰੀ ਪੱਗ ਗੁਰਿਆਈ ਮਿਲਣ ਲਈ ਅਰਜਨ ਦੇਵ ਨੂੰ ਦਿਤੀ ਗਈ ਸੀ। ਤਾਂ ਹੀ ਤਾਂ ਆਖਿਆ ਗਿਆ ਕਿ "ਮਰਨੇ ਦੀ ਪੱਗ ਪ੍ਰਿਥੀਏ ਬੱਧੀ, ਗੁਰਿਆਈ ਦੀ ਪੱਗ ਅਰਜਨ ਲਧੀ"। ਇਸ ਗੱਲ ਤੋਂ ਸਪਸ਼ਟ ਹੈ ਕਿ ਬਾਬਾ ਸ੍ਰੀਚੰਦ ਜੀ ਨੂੰ ਇਹ ਮਾਲੂਮ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੁੰਦਿਆਂ ਹੋਇਆਂ ਹੀ ਗੁਰੂ ਅਰਜਨ ਦੇਵ ਨੂੰ ਗੁਰਿਆਈ ਦਾ ਤਿਲਕ ਦਿਤਾ ਸੀ। ਪ੍ਰਿਥੀ ਚੰਦ ਚੌਥੇ ਪਾਤਸ਼ਾਹ ਦਾ ਵੱਡਾ ਪੁੱਤਰ ਹੋਣ ਕਾਰਨ ਪੱਗ ਦਿਤੀ ਜਾਣੀ ਜ਼ਰੂਰੀ ਸੀ, ਪਰੰਤੂ ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਖਸ਼ੀ ਗਈ ਸੀ, ਇਸ ਲਈ ਉਨ੍ਹਾਂ ਨੂੰ ਵੀ ਪੱਗ ਦਿਤੀ ਜਾਣੀ ਸੀ। ਜਿਸ ਕਾਰਨ ਬਾਬਾ ਸ੍ਰੀਚੰਦ ਨੇ ਦੋ ਪੱਗਾਂ ਭੇਜੀਆਂ ਸਨ।

ਇਸ ਲਈ ਇਕ ਹੋਰ ਕਾਰਣ ਇਹ ਵੀ ਦਸਿਆ ਜਾਂਦਾ ਹੈ ਕਿ ਜਦੋਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਵਿਖੇ ਕਤਲ ਕੀਤਾ ਗਿਆ ਤਾਂ ਉਥੇ ਹਾਜ਼ਰ ਲੋਕਾਂ ਨੇ ਸਿੱਖ ਹੋਣ ਤੋਂ ਇਨਕਾਰ ਕਰ ਦਿਤਾ ਸੀ। ਦਸਮ ਪਾਤਸ਼ਾਹ ਨੇ ਐਸਾ ਸਿਖ ਸਾਜਣ ਦੀ ਸੋਚ ਸੋਚੀ ਕਿ ਮੇਰਾ ਸਿਖ ਹਜ਼ਾਰਾਂ ਵਿਚੋਂ ਪਛਾਣਿਆ ਜਾ ਸਕਦਾ ਹੋਵੇ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਲਈ ਪਗੜੀ ਦੀ ਵਿਵਸਥਾ ਕੀਤੀ ਸੀ। ਉਨ੍ਹਾਂ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਿਰਜਨਾ ਕੀਤੀ ਸੀ। ਇਸ ਦਿਨ ਪੰਜ ਪਿਆਰੇ ਸਜੇ ਗਏ।

1. ਦਯਾ ਰਾਮ ਵਾਸੀ ਲਾਹੌਰ ਜੋ ਅੰਮ੍ਰਿਤ ਛਕ ਕੇ ਭਾਈ ਦਯਾ ਸਿੰਘ ਜੀ ਬਣੇ।
2. ਧਰਮ ਦਾਸ ਵਾਸੀ ਹਸਤਿਨਾਪੁਰ ਜਾਤ ਜਟ ਜੋ ਅੰਮ੍ਰਿਤ ਛਕ ਕੇ ਭਾਈ ਧਰਮ ਸਿੰਘ ਜੀ ਬਣੇ।
3. ਮੋਹਕਮ ਚੰਦ ਵਾਸੀ ਦਵਾਰਕਾ ਜਾਤ ਛੀਂਬਾ ਜੋ ਅੰਮ੍ਰਿਤ ਛਕ ਕੇ ਭਾਈ ਮੋਹਕਮ ਸਿੰਘ ਜੀ ਬਣੇ।
4. ਸਾਹਿਬ ਚੰਦ ਵਾਸੀ ਬਿਦਰ ਜਾਤ ਨਾਈ ਜੋ ਅੰਮ੍ਰਿਤ ਛਕ ਕੇ ਭਾਈ ਸਾਹਿਬ ਸਿੰਘ ਜੀ ਬਣੇ।
5. ਹਿਮਤ ਰਾਇ ਵਾਸੀ ਜਗਨਨਾਥ ਜਾਤ ਕੁਹਾਰ ਜੋ ਅੰਮ੍ਰਿਤ ਛਕ ਕੇ ਭਾਈ ਹਿਮਤ ਸਿੰਘ ਜੀ ਬਣੇ।

ਸਿਖਾਂ ਨੂੰ ਪੰਜ ਕਕਾਰ ਵੀ ਬਖਸ਼ੇ ਗਏ, ਜੋ ਇਸ ਤਰ੍ਹਾਂ ਹਨ : ਕੱਛਾ, ਕੜਾ, ਕਿਰਪਾਨ, ਕੰਘਾ ਅਤੇ ਕੇਸ। ਕੇਸਾਂ ਦੀ ਸੰਭਾਲ ਲਈ ਦਸਤਾਰ ਸਜਾਉਣੀ ਜ਼ਰੂਰੀ ਕੀਤੀ ਗਈ।

ਅਮਰੀਕਾ ਵਿਚ 9/11 ਵਾਲਾ ਕਾਂਡ ਵਾਪਰ ਜਾਣ ਉਪਰੰਤ ਪੱਗ ਦੀ ਜਾਣਕਾਰੀ ਦੀ ਘਾਟ ਹੋਣ ਕਰਨ ਸਿਖਾਂ ਨੂੰ ਓਸਾਮਾ/ਮੁਸਲਮਾਨ ਸਮਝਿਆ ਜਾਣ ਲੱਗ ਪਿਆ ਅਤੇ ਗਲਤੀ ਨਾਲ ਸਿਖ ਦੁਸ਼ਮਣੀ ਦਾ ਸ਼ਿਕਾਰ ਹੋਏ ਅਤੇ ਸਿਖਾਂ ਨੂੰ ਗੋਲੀ ਨਾਲ ਮਾਰ ਦਿਤਾ ਗਿਆ। ਇਸ ਲਈ ਜ਼ਰੂਰੀ ਹੈ ਕਿ ਸਿਖਾਂ ਨੂੰ ਆਪਣੀ ਪਛਾਣ ਬਣਾਈ ਰੱਖਣ ਲਈ ਸਮੁੱਚੀ ਕੌਮ ਨੂੰ ਜਾਗ੍ਰਿਤ ਕਰਨਾ ਪਵੇਗਾ ਅਤੇ ਜਿਸ ਦੇਸ਼ ਵਿਚ ਹੋ, ਉਥੋਂ ਦੇ ਵਾਸੀਆਂ ਨੂੰ ਵੀ ਦਸਤਾਰ ਦੇ ਸੰਬੰਧ ਵਿਚ ਪੂਰੀ ਜਾਣਕਾਰੀ ਦਿਤੀ ਜਾਵੇ।

# ਪਾਠੁ ਪੜਿਓ ਅਰੁ ਬੇਦੁ ਬੀਚਾਰਿਓ

ਬਾਬਰ ਨੂੰ ਜਾਬਰ ਆਖਣ ਵਾਲੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਸਿੱਖ ਅਖਵਾਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿਚ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ ਸੀ। ਸਿੱਖ ਧਰਮ ਦੀ ਸ਼ੁਰੂਆਤ ਉਦੋਂ ਤੋਂ ਹੀ ਮੰਨੀ ਜਾਂਦੀ ਹੈ।

ਜਦੋਂ ਦਾ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿਚ ਰਾਜ ਸੱਤਾ ਪ੍ਰਾਪਤ ਹੋਈ ਹੈ, ਉਸ ਸਮੇਂ ਤੋਂ ਹੀ ਉਸ ਪਾਰਟੀ ਦੇ ਇਕ ਹਿੱਸੇ ਵਲੋਂ ਜ਼ੋਰ-ਸ਼ੋਰ ਨਾਲ ਕਿਹਾ ਜਾ ਰਿਹਾ ਹੈ ਕਿ ਹਿੰਦੁਸਤਾਨ ਵਿਚ ਵੱਸਣ ਵਾਲੇ ਸਾਰੇ ਹਿੰਦੂ ਹਨ। ਨਜਮਾ ਹੇਪਤੁਲਾ ਜੀ ਵਲੋਂ ਵੀ ਕਿਹਾ ਗਿਆ, ਫਿਰ ਭਾਵੇਂ ਉਨ੍ਹਾਂ ਨੇ ਸ਼ਬਦ ਦਾ ਹੇਰ ਫੇਰ ਕਰ ਇਹ ਕਿਹਾ ਕਿ ਮੈਂ ਤਾਂ ਹਿੰਦੀ ਕਿਹਾ ਸੀ ਹਿੰਦੂ ਨਹੀਂ। ਇਕ ਹੋਰ ਸੰਘ ਨੇਤਾ ਨੇ ਤਾਂ ਕਿਹਾ ਕਿ ਸਿੱਖ, ਜੈਨ ਜਾਂ ਬੋਧੀ ਵੀ ਹਿੰਦੂ ਹਨ। ਸਿੱਖ ਵਾਰ-ਵਾਰ ਇਹ ਦੱਸ ਚੁਕੇ ਹਨ ਤੇ ਹੁਣ ਵੀ ਆਖ ਰਹੇ ਹਨ ਕਿ ਅਸੀਂ ਹਿੰਦੂ ਨਹੀਂ ਹਾਂ ਅਤੇ ਸਿੱਖ ਇਕ ਵੱਖਰੀ ਕੌਮ ਹੈ। ਇਸ ਦੇ ਸਿਧਾਂਤ ਵੱਖਰੇ ਹਨ। ਬੁੱਤ ਪੂਜਾ ਨਹੀਂ ਕਰਦੇ ਅਤੇ ਨਾ ਹੀ ਬੁੱਤ ਪੂਜਾ ਵਿਚ ਵਿਸ਼ਵਾਸ ਰਖਦੇ ਹਨ। ਜਦੋਂ ਕਿ ਸਾਰੇ ਹਿੰਦੂ ਮੰਦਰ ਦੇ ਅੰਦਰ ਬਣੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ। ਇਸ ਮੂਰਤੀ ਪੂਜਾ ਦੇ ਸਬੰਧ ਵਿਚ ਇਕ ਸਲੋਕ ਜੋ ਕਬੀਰ ਜੀ ਨੇ ਜੋ ਫਰਮਾਇਆ ਉਹ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ:

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥**
**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥**
**ਭੂਲੀ ਮਾਲਨੀ ਹੈ ਏਉ ॥**
**ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥**
**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥**
**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥**
**ਪਾਖਾਨ ਗਢਿ ਕੈ ਮੂਰਤਿ ਕੀਨੀ੍ ਦੇ ਕੈ ਛਾਤੀ ਪਾਉ ॥**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥**
**ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥**
**ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥**
**ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥**

**ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥**

*(ਅੰਗ ੪੭੯)*

ਮਾਲਣ ਜਦੋਂ ਪੂਜਾ ਲਈ ਫੁੱਲ ਤੋੜ ਰਹੀ ਸੀ ਉਸ ਨੂੰ ਦੇਖ ਕੇ ਆਖਦੇ ਹਨ ਕਿ ਜਿਹੜੇ ਪੱਤੇ ਤੂੰ ਤੋੜ ਰਹੀ ਹੈਂ ਉਸ ਪੱਤੀ ਪੱਤੀ ਵਿਚ ਜਾਨ ਹੈ, ਪੱਤੇ, ਫੁੱਲ, ਡਾਲੀ, ਜਿਨ੍ਹਾਂ ਨੂੰ ਤੋੜ ਰਹੀ ਹੈਂ ਇਨ੍ਹਾਂ ਸਾਰਿਆਂ ਵਿਚ ਜਾਨ ਹੈ, ਜਿਸ ਮੂਰਤੀ ਦੀ ਪੂਜਾ ਲਈ ਤੂੰ ਇਹ ਤੋੜੇ ਹਨ ਉਸ ਵਿਚ ਜਾਨ ਨਹੀਂ ਹੈ ਅਤੇ ਜੇਕਰ ਉਹ ਜਾਨ ਵਾਲਾ ਹੁੰਦਾ ਤਾਂ ਜਦੋਂ ਬੁਤ ਘੜਨ ਵਾਲੇ ਨੇ ਇਸ ਮੂਰਤੀ ਨੂੰ ਘੜਨ ਲਈ ਇਸ ਉਪਰ ਪੈਰ ਰਖਿਆ ਸੀ ਤਾਂ ਉਹ ਉਸ ਬੁੱਤਘਾੜੇ ਨੂੰ ਹੀ ਖਾ ਲੈਂਦੀ। ਜਿਹੜੇ ਚਾਵਲ ਅਤੇ ਦਾਲ ਤੂੰ ਚੜ੍ਹਾਵੇ ਲਈ ਵਰਤ ਰਹੀਂ ਹੈਂ ਉਹ ਤਾਂ ਪੁਜਾਰੀ ਜਾਂ ਉਸ ਦੇ ਬੱਚੇ ਖਾ ਜਾਣਗੇ, ਉਸ ਮੂਰਤੀ ਦੇ ਮੂੰਹ ਉਪਰ ਸਵਾਹ ਮਲ ਦਿਤੀ ਜਾਵੇਗੀ। ਮਾਲਣ ਨੂੰ ਸਮਝਾਇਆ ਹੈ ਕਿ ਮਾਲਣ ਤੂੰ ਭੁੱਲ ਚੁੱਕੀ ਹੈ ਅਤੇ ਲੋਕ ਵੀ ਭੁੱਲੇ ਹੋਏ ਹਨ ਪਰ ਮੈਂ ਨਹੀਂ ਭੁੱਲਿਆ, ਮੇਰਾ ਪਰਮਾਤਮਾ ਤਾਂ ਹਮੇਸ਼ਾ ਜਾਗਦਾ ਹੈ। ਉਪਰੋਕਤ ਸਲੋਕ ਰਾਹੀਂ ਇਹ ਸਪਸ਼ਟ ਹੈ ਕਿ ਸਿਖ ਧਰਮ ਵਿਗਿਆਨਕ ਅਧਾਰ ਤੇ ਬੁੱਤ ਪੂਜਾ ਦਾ ਖੰਡਨ ਕਰਦਾ ਹੈ ਤਾਂ ਇਹ ਸੱਜਣ ਦੱਸਣ ਦੀ ਖੇਚਲ ਕਰਨ ਕਿ ਕਿਸ ਅਧਾਰ 'ਤੇ ਸਿੱਖ ਹਿੰਦੂ ਹਨ। ਹੋਰ ਵੀ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ ਜਿਸ ਰਾਹੀਂ ਪਤਾ ਲੱਗਦਾ ਹੈ ਕਿ ਸਿੱਖ ਇੱਕ ਵਖਰੀ ਕੌਮ ਹੈ।

ਜਦੋਂ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਧਿਐਨ ਕਰਦੇ ਹਾਂ ਤਾਂ ਉਸ ਵਿਚ ਦਰਜ ਬਾਣੀ ਵੀ ਸਾਨੂੰ ਸਪਸ਼ਟ ਕਰਦੀ ਹੈ ਕਿ ਜਿਸ ਢੰਗ ਨਾਲ ਹਿੰਦੂ ਲੋਕ ਪੂਜਾ ਅਰਚਨਾ ਕਰਦੇ ਹਨ। ਉਸ ਢੰਗ ਨਾਲ ਪਰਮਾਤਮਾ ਨੂੰ ਪਾਇਆ ਨਹੀਂ ਜਾ ਸਕਦਾ। ਜੇਕਰ ਅਸੀਂ ਮੌਨ ਰਹਿ ਕੇ ਪਰਮਾਤਮਾ ਨੂੰ ਮਿਲਣਾ ਲੋਚਦੇ ਹਾਂ ਤਾਂ ਇਹ ਵਿਅਰਥ ਹੈ। ਇਸ ਤਰ੍ਹਾਂ ਹੀ ਦਰਜ ਹੇਠਲੇ ਸਲੋਕ ਜੋ ਪੰਨਾ 641--642 ਤੇ ਸੁਭਾਏਮਾਨ ਹੈ, ਵਿਚ ਦਸਿਆ ਗਿਆ ਹੈ :

**ਸੋਰਠਿ ਮਹਲਾ ੫ ਘਰੁ ੨ ਅਸਟਪਦੀਆ**
**ੴ ਸਤਿਗੁਰ ਪ੍ਰਸਾਦਿ ॥**
**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥**
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥**
**ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥**
**ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥**
**ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥**
**ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥**
**ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥**
**ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥**

*(ਅੰਗ ੬੪੧-੬੪੨)*

ਉਪਰੋਕਤ ਸਲੋਕ ਵਿਚ ਸਪੱਸ਼ਟ ਆਦੇਸ਼ ਦਿਤੇ ਹਨ ਕਿ ਹੇ ਭਾਈ ! ਕੋਈ ਮਨੁੱਖ ਵੇਦ ਆਦਿਕ ਧਰਮ-ਪੁਸਤਕ ਨੂੰ ਪੜ੍ਹਦਾ ਹੈ ਅਤੇ ਵਿਚਾਰਦਾ ਹੈ। ਕੋਈ ਮਨੁੱਖ ਨਿਵਲੀਕਰਮ ਕਰਦਾ ਹੈ, ਕੋਈ ਕੁੰਡਲਨੀ ਨਾੜੀ ਰਸਤੇ ਪ੍ਰਾਣ ਚਾੜ੍ਹਦਾ ਹੈ । ਪਰ ਇਹਨਾਂ ਸਾਧਨਾਂ ਨਾਲ ਕਾਮਾਦਿਕ ਪੰਜਾਂ ਨਾਲੋਂ ਸਾਥ ਮੁੱਕ ਨਹੀਂ ਸਕਦਾ। ਸਗੋਂ ਵਧੀਕ ਅਹੰਕਾਰ ਵਿਚ ਮਨੁੱਖ ਬੱਝ ਜਾਂਦੇ ਹਨ।1।

ਹੇ ਭਾਈ ! ਮੇਰੇ ਵੇਖਦਿਆਂ ਲੋਕ ਅਨੇਕਾਂ ਹੀ ਮਿਥੇ ਹੋਏ ਧਾਰਮਿਕ ਕਰਮ ਕਰਦੇ ਹਨ, ਪਰ ਇਹਨਾਂ ਤਰੀਕਿਆਂ ਨਾਲ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਨਹੀਂ ਜਾ ਸਕਦਾ। ਹੇ ਭਾਈ ! ਮੈਂ ਤਾਂ ਇਹਨਾਂ ਕਰਮਾਂ ਦਾ ਆਸਰਾ ਛੱਡ ਕੇ ਮਾਲਕ-ਪ੍ਰਭੂ ਦੇ ਦਰ ਤੇ ਆ ਡਿੱਗਾ ਹਾਂ ਤੇ ਅਰਜ਼ੋਈ ਕਰਦਾ ਰਹਿੰਦਾ ਹਾਂ—ਹੇ ਪ੍ਰਭੂ ! ਮੈਨੂੰ ਭਲਾਈ ਬੁਰਾਈ ਦੀ ਪਰਖ ਕਰ ਸਕਣ ਵਾਲੀ ਅਕਲ ਦੇ ।ਰਹਾਉ।

ਹੇ ਭਾਈ ! ਕੋਈ ਮਨੁੱਖ ਚੁੱਪ ਸਾਧੀ ਬੈਠਾ ਹੈ, ਕੋਈ ਕਰ-ਪਾਤੀ ਬਣ ਗਿਆ ਹੈ ਭਾਂਡਿਆਂ ਦੇ ਥਾਂ ਆਪਣੇ ਹੱਥ ਹੀ ਵਰਤਦਾ ਹੈ, ਕੋਈ ਜੰਗਲ ਵਿਚ ਨੰਗਾ ਤੁਰਿਆ ਫਿਰਦਾ ਹੈ। ਕੋਈ ਮਨੁੱਖ ਸਾਰੇ ਤੀਰਥਾਂ ਦਾ ਰਟਨ ਕਰ ਰਿਹਾ ਹੈ, ਕੋਈ ਸਾਰੀ ਧਰਤੀ ਦਾ ਭ੍ਰਮਣ ਕਰ ਰਿਹਾ ਹੈ, ਪਰ ਇਸ ਤਰ੍ਹਾਂ ਭੀ ਮਨ ਦੀ ਡਾਂਵਾਂ-ਡੋਲ ਹਾਲਤ ਮੁੱਕਦੀ ਨਹੀਂ ।2।

ਹੇ ਭਾਈ ! ਕੋਈ ਮਨੁੱਖ ਆਪਣੀ ਮਨੋ-ਕਾਮਨਾ ਅਨੁਸਾਰ ਤੀਰਥਾਂ ਉੱਤੇ ਜਾ ਵੱਸਿਆ ਹੈ, ਮੁਕਤੀ ਦਾ ਚਾਹਵਾਨ ਆਪਣੇ ਸਿਰ ਉਤੇ ਸ਼ਿਵ ਜੀ ਵਾਲਾ ਆਰਾ ਰਖਾਂਦਾ ਹੈ ਤੇ ਆਪਣੇ ਆਪ ਨੂੰ ਚਿਰਾ ਲੈਂਦਾ ਹੈ । ਪਰ ਜੇ ਕੋਈ ਮਨੁੱਖ ਇਹੋ ਜਿਹੇ ਲੱਖਾਂ ਹੀ ਜਤਨ ਕਰੇ, ਇਸ ਤਰ੍ਹਾਂ ਭੀ ਮਨ ਦੀ ਵਿਕਾਰਾਂ ਦੀ ਮੈਲ ਨਹੀਂ ਲਹਿੰਦੀ ।3।

ਹੇ ਭਾਈ ! ਕੋਈ ਮਨੁੱਖ ਸੋਨਾ, ਇਸਤ੍ਰੀ, ਵਧੀਆ ਘੋੜੇ, ਵਧੀਆ ਹਾਥੀ ਅਤੇ ਇਹੋ ਜਿਹੇ ਕਈ ਕਿਸਮਾਂ ਦੇ ਦਾਨ ਕਰਨ ਵਾਲਾ ਹੈ । ਕੋਈ ਮਨੁੱਖ ਅੰਨ ਦਾਨ ਕਰਦਾ ਹੈ, ਕੱਪੜੇ ਦਾਨ ਕਰਦਾ ਹੈ, ਜ਼ਮੀਨ ਦਾਨ ਕਰਦਾ ਹੈ । ਇਸ ਤਰ੍ਹਾਂ ਭੀ ਪਰਮਾਤਮਾ ਦੇ ਦਰ ਤੇ ਪਹੁੰਚ ਨਹੀਂ ਸਕੀਦਾ ।4।

ਜਦੋਂ ਕਿ ਇਹ ਸਾਰੇ ਹਿੰਦੂ ਧਰਮ ਵਿਚ ਕਰਨ ਲਈ ਸਮਝਾਇਆ ਜਾਂਦਾ ਹੈ ਸਿੱਖ ਧਰਮ ਵਿਚ ਇਹ ਕਰਮ ਨਾ ਕਰਨ ਲਈ ਕਿਹਾ ਗਿਆ ਹੈ । ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਸਰਲ ਅਰਥ ਕਰ ਕੇ ਦੱਸ ਦਿਤਾ ਹੈ ਕਿਹੜੇ ਕਰਮ ਵਾਧੂ ਹਨ ਅਤੇ ਜੇਕਰ ਤੁਸੀਂ ਉਸ ਅਕਾਲ ਪੁਰਖ ਤੋਂ ਸਹੀ ਸੇਧ ਲੈਣੀ ਹੈ ਤਾਂ ਇਹ ਕਰਮ ਛੱਡ ਕੇ ਪਰਮਾਤਮਾ ਦੇ ਲੜ ਲੱਗ ਜਾ । ਗੁਰੂ ਜੀ ਨੇ ਅੱਗੇ ਦਸਿਆ ਹੈ ਕਿ :

**ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥**
**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥**
**ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥**
**ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥**
**ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥**
**ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥**
**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**

**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥**
**ਤੇਰੋ ਸੇਵਕੁ ਇਹ ਰੰਗਿ ਮਾਤਾ ॥**
**ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ**
**ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥**

*(ਅੰਗ ੬੪੨)*

ਹੇ ਭਾਈ ! ਕੋਈ ਮਨੁੱਖ ਦੇਵ-ਪੂਜਾ ਵਿਚ, ਦੇਵਤਿਆਂ ਨੂੰ ਨਮਸਕਾਰ ਡੰਡਉਤ ਕਰਨ ਵਿਚ, ਛੇ ਕਰਮਾਂ ਦੇ ਕਰਨ ਵਿਚ ਮਸਤ ਰਹਿੰਦਾ ਹੈ। ਪਰ ਉਹ ਭੀ ਇਹਨਾਂ ਮਿੱਥੇ ਹੋਏ ਧਾਰਮਿਕ ਕਰਮਾਂ ਦੇ ਕਰਨ ਕਰਕੇ ਆਪਣੇ ਆਪ ਨੂੰ ਧਰਮੀ ਜਾਣ ਕੇ ਅਹੰਕਾਰ ਨਾਲ ਕਰਦਾ ਕਰਦਾ ਮਾਇਆ ਦੇ ਮੋਹ ਦੇ ਬੰਧਨਾਂ ਵਿਚ ਜਕੜਿਆ ਰਹਿੰਦਾ ਹੈ। ਇਸ ਤਰੀਕੇ ਭੀ ਪਰਮਾਤਮਾ ਨੂੰ ਨਹੀਂ ਮਿਲ ਸਕੀਦਾ ।5।

ਜੋਗ-ਮਤ ਵਿਚ ਸਿੱਧਾਂ ਦੇ ਪ੍ਰਸਿੱਧ ਚੌਰਾਸੀ ਆਸਣ ਹਨ। ਇਹ ਆਸਣ ਕਰ ਕਰ ਕੇ ਭੀ ਮਨੁੱਖ ਥੱਕ ਜਾਂਦਾ ਹੈ। ਉਮਰ ਤਾਂ ਲੰਮੀ ਕਰ ਲੈਂਦਾ ਹੈ, ਪਰ ਇਸ ਤਰ੍ਹਾਂ ਪਰਮਾਤਮਾ ਨਾਲ ਮਿਲਾਪ ਨਾਲ ਨਹੀਂ ਬਣਦਾ, ਮੁੜ ਮੁੜ ਜਨਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ ।6।

ਹੇ ਭਾਈ ! ਕਈ ਐਸੇ ਹਨ ਜੋ ਰਾਜ-ਹਕੂਮਤ ਦੇ ਰੰਗ-ਤਮਾਸ਼ੇ ਮਾਣਦੇ ਹਨ, ਰਾਜਿਆਂ ਵਾਲੇ ਠਾਠ-ਬਾਠ ਬਣਾਉਂਦੇ ਹਨ, ਲੋਕਾਂ ਉੱਤੇ ਹੁਕਮ ਚਲਾਉਂਦੇ ਹਨ, ਕੋਈ ਉਹਨਾਂ ਦਾ ਹੁਕਮ ਮੋੜ ਨਹੀਂ ਸਕਦਾ। ਸੁੰਦਰ ਇਸਤ੍ਰੀ ਦੀ ਸੇਜ ਮਾਣਦੇ ਹਨ, ਆਪਣੇ ਸਰੀਰ ਉਤੇ ਚੰਦਨ ਤੇ ਅਤਰ ਵਰਤਦੇ ਹਨ। ਪਰ ਇਹ ਸਭ ਕੁਝ ਤਾਂ ਭਿਆਨਕ ਨਰਕ ਵਲ ਲੈ ਜਾਣ ਵਾਲਾ ਹੈ ।7।

ਹੇ ਭਾਈ ! ਸਾਧ ਸੰਗਤ ਵਿਚ ਬੈਠ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ—ਇਹ ਕੰਮ ਹੋਰ ਸਾਰੇ ਕਰਮਾਂ ਨਾਲੋਂ ਸ੍ਰੇਸ਼ਟ ਹੈ। ਪਰ, ਹੇ ਨਾਨਕ ! ਆਖ—ਇਹ ਅਵਸਰ ਉਸ ਮਨੁੱਖ ਨੂੰ ਹੀ ਮਿਲਦਾ ਹੈ ਜਿਸ ਦੇ ਮੱਥੇ ਉਤੇ ਪੂਰਬਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਲੇਖ ਲਿਖਿਆ ਹੁੰਦਾ ਹੈ ।8।

ਹੇ ਭਾਈ ! ਤੇਰਾ ਸੇਵਕ ਤੇਰੀ ਸਿਫ਼ਤਿ-ਸਾਲਾਹ ਦੇ ਰੰਗ ਵਿਚ ਮਸਤ ਰਹਿੰਦਾ ਹੈ। ਹੇ ਭਾਈ ! ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ, ਉਸ ਦਾ ਇਹ ਮਨ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ। ਰਹਾਉ ਦੂਜਾ ।1।3।

ਉਪਰੋਕਤ ਸਲੋਕ ਦੇ ਅਰਥ, ਜੋ ਪ੍ਰੋਫ਼ੈਸਰ ਸਾਹਿਬ ਜੀ ਨੇ ਕੀਤੇ ਹਨ, ਰਾਹੀਂ ਵੀ ਸਰਲ ਅਖਰਾਂ ਵਿਚ ਦਸਿਆ ਹੈ ਪਰਮਾਤਮਾ ਕਿਸ ਤਰਾਂ ਨਾਲ ਦਇਆਵਾਨ ਹੁੰਦਾ ਹੈ ਅਤੇ ਜੋ ਕੰਮ ਉਪਰ ਲਿਖੇ ਹਨ ਉਨ੍ਹਾਂ ਨੂੰ ਕਰਨ ਤੋਂ ਵਰਜਿਆ ਹੈ, ਜਦੋਂ ਕਿ ਹਿੰਦੂ ਧਰਮ ਵਿਚ ਇਹ ਕੰਮ ਕੀਤੇ ਜਾਂਦੇ ਹਨ । ਰਾਜਨੀਤਿਕ ਪਾਰਟੀਆਂ ਜੋ ਆਪਣੇ ਆਪ ਨੂੰ ਸਿੱਖ ਜਨਤਾ ਦੇ ਪ੍ਰਤੀਨਿਧ ਆਖਦੀਆਂ ਹਨ, ਇਸ ਬਿਆਨ ਪ੍ਰਤੀ ਲੰਬੀ ਚੁੱਪ ਧਾਰੀ ਬੈਠੀਆਂ ਹਨ। ਅਸਲ ਵਿਚ ਬਾਕੀ ਪਾਰਟੀਆਂ ਆਪਣੇ ਆਪਣੇ ਹਿਤ ਦੇਖ ਕੇ ਬਿਆਨ ਕਰਦੀਆਂ ਹਨ ਠੀਕ ਗਲਤ ਦਾ ਵਿਚਾਰ ਘਟ ਹੀ ਕਰਦੀਆਂ ਜਾਪਦੀਆਂ ਹਨ। ਕਈ ਵਾਰ ਤਾਂ

ਇੰਜ ਲੱਗਦਾ ਹੈ ਕਿ ਇਹ ਬਿਆਨ ਦਿਵਾ ਕਿ ਜਨਤਾ ਨੂੰ ਹੋਰ ਮਸਲਿਆਂ ਵਿਚ ਉਲਝਾਈ ਰਖਣ ਦਾ ਯਤਨ ਕੀਤਾ ਜਾਂਦਾ ਹੈ ਅਤੇ ਸਰਕਾਰ ਵਲੋਂ ਕੀਤੇ ਜਾ ਰਹੇ ਗਲਤ ਕੰਮਾਂ ਵਲ ਜਨਤਾ ਦੀ ਨਜ਼ਰ ਨਾ ਪਵੇ। ਪਰ ਜਨਤਾ ਜੋ ਹੈ ਸਭ ਜਾਨਤੀ ਹੈ ਹੁਣ ਤੁਸੀਂ ਜਨਤਾ ਨੂੰ ਫਜ਼ੂਲ ਕੰਮਾਂ ਵਿਚ ਨਹੀਂ ਉਲਝਾ ਸਕਦੇ। ਜਨਤਾ ਠੀਕ ਗਲਤ ਬਾਰੇ ਸੋਚ ਸਕਦੀ ਹੈ।

ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ ਮੀਰੀ-ਪੀਰੀ, ਭਗਤੀ ਅਤੇ ਸ਼ਕਤੀ ਦਾ ਸੁਮੇਲ। ਇਹ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦੀ ਵਿਆਖਿਆ ਹੈ ਕਿ ਮਨੁੱਖ ਦਾ ਸਰੀਰ ਅਤੇ ਆਤਮਾ ਵੱਖ ਨਹੀਂ ਕੀਤੀ ਜਾ ਸਕਦੀ। ਸਰੀਰ ਗ੍ਰਹਿਸਤੀ ਵਿਚ ਰਹਿ ਰਿਹਾ ਹੋਵੇ ਤਾਂ ਆਪਣੇ ਕਰਮਾਂ ਲਈ ਆਤਮਾ ਦੀ ਸੇਧ ਲਵੇ। ਪ੍ਰਭੂ ਪ੍ਰਾਪਤੀ ਲਈ ਪਰਿਵਾਰ ਤਿਆਗ ਕੇ ਜੰਗਲ ਦੇ ਰਾਹ ਜਾਣ ਦੀ ਲੋੜ ਨਹੀਂ ਕਿਉਂਕਿ ਪਰਮਾਤਮਾ ਹਰ ਆਤਮਾ ਵਿਚ ਵਸਦਾ ਹੈ। ਗ੍ਰਿਹਸਤੀ ਵਿਚ ਰਹਿ ਕੇ ਰੂਹ ਦਾ ਵਿਕਾਸ ਹੋ ਸਕਦਾ ਹੈ। ਹਿੰਦੂ ਧਰਮ ਘਰ ਬਾਰ ਛਡ ਜੰਗਲ ਬੇਲੇ ਘੁੰਮ ਪਰਮਾਤਮਾ ਨੂੰ ਪ੍ਰਾਪਤ ਕਰਨ ਵਿਚ ਯਕੀਨ ਰਖਦੇ ਹਨ। ਗ੍ਰਿਹਸਤੀ ਜੀਵਨ ਨੂੰ ਪਰਮਾਤਮਾ ਨੂੰ ਮਿਲਣ ਵਿਚ ਅੜਿਕਾ ਸਮਝਿਆ ਜਾਂਦਾ ਹੈ। ਸ਼ਕਤੀ ਦਾ ਮਕਸਦ ਸਮਾਜ ਵਿਚ ਇਨਸਾਫ਼ ਅਤੇ ਬਰਾਬਰਤਾ ਬਰਕਰਾਰ ਰੱਖਣਾ ਹੈ ਪਰ ਅਸਲੀਅਤ ਵਿਚ ਸ਼ਕਤੀ ਦੂਜਿਆਂ 'ਤੇ ਕੰਟਰੋਲ ਰੱਖਣ ਦਾ ਅਜਿਹਾ ਹਥਿਆਰ ਬਣ ਜਾਂਦਾ ਹੈ ਕਿ ਜੇ ਇਸ ਉੱਪਰ ਧਰਮ ਦਾ ਕੁੰਡਾ ਨਾ ਹੋਵੇ ਤਾਂ ਇਸ ਦੇ ਤਾਨਾਸ਼ਾਹ ਅਤੇ ਮਾਰੂ ਹੋ ਜਾਣ ਦੀ ਸੰਭਾਵਨਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਸਿਰਜਨਾ ਤੋਂ ਬਾਅਦ ਪੰਜ ਪਿਆਰਿਆਂ ਅੱਗੇ ਝੁਕ ਕੇ ਅੰਮ੍ਰਿਤ ਦੀ ਦਾਤ ਲੈਣਾ ਸਪਸ਼ਟ ਸੰਕੇਤ ਹੈ ਕਿ ਕੋਈ ਵੀ ਮਨੁੱਖ ਉੱਚਾ ਨਹੀਂ ਹੈ ਅਤੇ ਸਰਵਉੱਚ ਤਾਂ ਬਿਲਕੁਲ ਵੀ ਨਹੀਂ। ਕੇਵਲ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਸਰਵਉੱਚ ਹਨ। ਸੰਗਤ ਨੂੰ ਪੰਥ ਦਾ ਦਰਜਾ ਦਿੱਤਾ ਅਤੇ ਗ੍ਰੰਥ ਦੀ ਹਾਜ਼ਰੀ ਵਿੱਚ ਪੰਥ ਨੂੰ ਸ਼ਕਤੀ ਦਿੱਤੀ ਕਿ ਕੌਮ ਨਾਲ ਸਬੰਧਤ ਮਸਲਿਆਂ ਦਾ ਹੱਲ ਲੱਭਿਆ ਜਾਵੇ। ਜਦੋਂ ਕਿ ਹਿੰਦੂ ਧਰਮ ਇਸ ਸਿਧਾਂਤ ਨੂੰ ਨਹੀਂ ਮੰਨਦਾ ਅਤੇ ਹਿੰਦੂ ਸ਼ਬਦ ਗੁਰੂ ਨੂੰ ਗੁਰੂ ਨਹੀਂ ਮੰਨਦੇ ਉਹ ਮਨੁੱਖੀ ਪੂਜਾ ਜਾਂ ਮੂਰਤੀ ਵਿਚ ਵਿਸ਼ਵਾਸ ਰਖਦੇ ਹਨ। ਸੰਗਤ ਵਿਚ ਸ਼ਕਤੀ ਦਾ ਯਕੀਨ ਨਹੀਂ ਰਖਿਆ ਜਾਂਦਾ।

ਇਤਿਹਾਸ ਦੇ ਵਰਕੇ ਖੋਲ੍ਹਣ ਨਾਲ ਅਸੀਂ ਦੇਖ ਸਕਦੇ ਹਾਂ ਕਿ ਕਿਵੇਂ ਔਰੰਗਜ਼ੇਬ ਨੇ ਹਿੰਦੂ ਧਰਮ ਨੂੰ ਖ਼ਤਮ ਕਰ ਦੇਣ ਦੇ ਯਤਨ ਕੀਤੇ। ਔਰੰਗਜ਼ੇਬ ਲਗਭਗ ਸਵਾ ਮਣ ਜਨੇਊ ਰੋਜ਼ ਦਾ ਇੱਕਠਾ ਕਰਦਾ ਸੀ ਉਸ ਨੇ ਧਾਰ ਲਿਆ ਸੀ ਕਿ ਸਭ ਨੂੰ ਮੁਸਲਮਾਨ ਬਣਾ ਦੇਵਾਂਗਾ। ਜੇਕਰ ਮੁਸਲਮਾਨ ਬਣਨਾ ਕਬੂਲ ਨਹੀਂ ਕਰਨਗੇ ਤਾਂ ਮੌਤ ਦੇ ਘਾਟ ਉਤਰ ਦਿਤਾ ਜਾਵੇਗਾ। ਉਸ ਸਮੇਂ ਦੇ ਘਟਨਾ-ਕ੍ਰਮ ਦੇ ਨਤੀਜਿਆਂ ਬਾਰੇ ਇਕ ਕਵੀ ਨੇ ਵਰਣਨ ਕੀਤਾ ਹੈ :

**ਬਾਤ ਕਰੂੰ ਅਬ ਕੀ ਨਾ ਤਬ ਕੀ ,**
**ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਬ ਕੀ**

ਜਨੇਊ ਪਹਿਨਣਾ ਹਰ ਹਿੰਦੂ ਲਈ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ

ਜਨੇਊ ਪਾਣ ਲਈ ਘਰ ਵਿਚ ਇੱਕਠ ਕੀਤਾ ਗਿਆ ਸੀ ਤਾਂ ਉਸ ਸਮੇਂ ਗੁਰੂ ਜੀ ਨੇ ਜਨੇਊ ਨੂੰ ਪਾਉਣ ਤੋਂ ਇਨਕਾਰ ਕਰ ਦਿਤਾ ਸੀ ਅਰਥਾਤ ਉਨ੍ਹਾਂ ਨੇ ਇਸ ਨੂੰ ਗਲਤ ਕਿਹਾ ਸੀ ਜਿਸ ਦਾ ਵਰਣਨ ਆਸਾ ਜੀ ਦੀ ਵਾਰ ਵਿਚ ਬਾਖੂਬੀ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ :

**ਸਲੋਕੁ ਮਃ ੧ ॥**
**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**
**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥**
**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥**

*(ਅੰਗ ੪੭੧)*

ਇਸ ਸਲੋਕ ਰਾਹੀਂ ਸਮਝਾਇਆ ਗਿਆ ਹੈ ਕਿ ਮੈਨੂੰ ਕਿਸ ਕਿਸਮ ਦਾ ਜਨੇਊ ਲੋੜ ਹੈ, ਉਹ ਜਨੇਊ ਜੋ ਤੇਰੇ ਪਾਸ ਹੈ ਉਸ ਨੇ ਤਾਂ ਟੁੱਟ ਜਾਣਾ ਹੈ, ਮੈਲ ਵੀ ਲਗਣੀ ਹੈ, ਤੇ ਅੱਗ ਇਸ ਨੂੰ ਜਲਾ ਸਕਦੀ ਹੈ। ਉਨ੍ਹਾਂ ਨੇ ਆਪਣੇ ਸ਼ਬਦਾਂ ਦੇ ਰਾਹੀਂ ਜਤਨ ਕੀਤਾ ਕਿ ਇਹ ਰਸਮਾਂ ਝੂਠੀਆਂ ਹਨ। ਇਨ੍ਹਾਂ ਨੂੰ ਤਿਆਗ ਦਿਓ ਅਤੇ ਅਕਾਲ ਪੁਰਖ ਨੂੰ ਮੰਨੋ। ਹਿੰਦੂ ਧਰਮ ਨੂੰ ਬਚਾਉਣ ਦੀ ਖਾਤਰ ਸਿਖਾਂ ਦੇ ਨੌਂਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਦਿਤੀ ਸੀ। ਇਸ ਬਾਰੇ ਦਸਮ ਪਿਤਾ ਵਲੋਂ ਬਚਿਤਰ ਨਾਟਕ ਵਿਚ ਇਸ ਪ੍ਰਕਾਰ ਲਿਖਿਆ ਹੈ :

**ਧਰਮ ਹੇਤਿ ਸਾਕਾ ਜਿਨਿ ਕੀਆ ॥**
**ਸੀਸੁ ਦੀਆ ਪਰ ਸਿਰਰੁ ਨ ਦੀਆ ॥**
**ਨਾਟਕ ਚੇਟਕ ਕੀਏ ਕੁਕਾਜਾ ॥**
**ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥**
**ਦੋਹਰਾ ॥**
**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥**

ਅਤੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰ ਔਰੰਗਜ਼ੇਬ ਦੇ ਦੋ ਧਰਮਾਂ ਤੋਂ ਇਕ ਕਰਨ ਦੇ ਇਰਾਦੇ ਨੂੰ ਠੱਲ੍ਹ ਪਾ ਕੇ ਤੀਸਰੇ ਧਰਮ ਸਿੱਖ ਧਰਮ ਨੂੰ ਪੂਰਨ ਬਲ ਬਖਸ਼ਿਆ ਸੀ। ਇਤਿਹਾਸ ਦਸਦਾ ਹੈ ਕਿ ਸਮਾਂ ਅਜਿਹਾ ਵੀ ਆਇਆ ਸੀ ਜਿਸ ਅਨੁਸਾਰ ਹਰ ਹਿੰਦੂ ਪਰਿਵਾਰ ਵਿਚ ਇਕ ਮੈਂਬਰ ਨੂੰ ਸਿੱਖ ਸਜਾਇਆ ਜਾਂਦਾ ਸੀ। ਜੇਕਰ ਸਿੱਖ ਹਿੰਦੂ ਹੀ ਹਨ ਤਾਂ ਪਰਿਵਾਰ ਦੇ ਇਕ ਮੈਂਬਰ ਨੂੰ ਸਿੱਖ ਸਜਾਣ ਦੀ ਲੋੜ

ਕਿਉਂ ਪਈ ? ਇਸ ਲਈ ਹੁਣ ਚਿੱਟੇ ਦਿਨ ਵਾਂਗਰਾਂ ਜਾਣ ਲੈਣਾ ਚਾਹੀਦਾ ਹੈ ਕਿ ਸਿੱਖ ਇਕ ਵਖਰੀ ਕੌਮ ਹੈ ਅਤੇ ਹਿੰਦੂ ਨਹੀਂ ਹਨ? ਇਸ ਲਈ ਸੰਘ ਦੇ ਨੇਤਾਵਾਂ ਨੂੰ ਆਪਣੇ ਇਨ੍ਹਾਂ ਬਿਆਨਾਂ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਸਿੱਖ ਹਿੰਦੂ ਨਹੀਂ ਹਨ ? ਸਿੱਖ ਧਰਮ ਤਾਂ ਹਿੰਦੂ ਧਰਮ ਦਾ ਰਾਖਾ ਹੈ ਜੇਕਰ ਹਿੰਦੂ ਧਰਮ ਦੀ ਰਖਿਆ ਨਾ ਕੀਤੀ ਜਾਂਦੀ ਤਾਂ ਹਿੰਦੁਸਤਾਨ ਜਿਸ ਨੂੰ ਹਿੰਦੂਆਂ ਦਾ ਦੇਸ਼ ਕਹਿਣ ਦਾ ਜਤਨ ਕੀਤਾ ਜਾ ਰਿਹਾ ਹੈ ਵੀ ਇੱਕ ਮੁਸਲਮਾਨ ਦੇਸ਼ ਹੁੰਦਾ। ਇਸ ਲਈ ਅਜਿਹੇ ਲੋਕਾਂ ਲਈ ਹੀ ਬਾਵਾ ਬਲਵੰਤ ਲਿਖਦਾ ਹੈ :

**ਹਜ਼ਾਰਾਂ ਹੀ ਸਾਲਾਂ ਤੋਂ ਇਹ ਕਹਿਣ ਵਾਲੇ,**
**ਖੁਦ ਤੁਰ ਗਏ ਪਰ ਬਾਕੀ ਹੈ ਦੁਨੀਆ।**
**ਓਹ ਤੱਤਾਂ ਦੀ ਅਸਲੀਅਤ ਨਾ ਸਮਝ ਸਕੇ,**
**ਜੋ ਕਹਿੰਦੇ ਰਹੇ ਫਾਨੀ ਖਾਕੀ ਹੈ ਦੁਨੀਆ।**
**ਹਕੀਕਤ ਹੈ ਦੁਨੀਆ, ਸਚਾਈ ਹੈ ਦੁਨੀਆ,**
**ਮਨੁਖਾਂ ਦੀ ਮੇਹਨਤ ਤੇ ਜੀਵਨ ਦੀ ਚਾਹ ਨੇ,**
**ਸਗੋਂ ਹੋਰ ਸੋਹਣੀ ਬਣਾਈ ਹੈ ਦੁਨੀਆ।**

ਬਾਵਾ ਬਲਵੰਤ ਦੇ ਕਥਨ ਅਨੁਸਾਰ ਬਹੁਤ ਹੀ ਲੋਕ ਆਏ ਤੇ ਤੁਰ ਗਏ ਜਿਨ੍ਹਾਂ ਨੇ ਸਿਖਾਂ ਦੀ ਹਸਤੀ ਮਿਟਾਣ ਦੇ ਯਤਨ ਕੀਤੇ। ਉਹ ਇਸ ਦੁਨੀਆ ਤੋਂ ਚਲੇ ਗਏ ਪਰੰਤੂ ਸਿੱਖ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ ਹਨ ਤੇ ਚੜ੍ਹਦੀ ਕਲਾ ਵਿਚ ਹੀ ਰਹਣਗੇ।

# ਜਿਹਬਾ ਮਣੀਆ ਮੰਤੁ

ਜੀਵਨ ਇੱਕ ਚਲਦੀ ਧਾਰਾ ਦਾ ਨਾਂ ਹੈ, ਕਈ ਜੀਵਨ ਇਸ ਨਾਸ਼ਵਾਨ ਦੁਨੀਆ ਤੇ ਆਏ ਅਤੇ ਆ ਆ ਕੇ ਚਲੇ ਗਏ। ਉਨ੍ਹਾਂ ਵਿਚੋਂ ਕੁਝ ਜੀਵਨ ਹੀ ਵਰਨਣ ਯੋਗ ਹਨ। ਬਾਬਾ ਫ਼ਰੀਦ ਜੀ ਦੇ ਸਲੋਕਾਂ ਅਨੁਸਾਰ

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥੫॥**

*(ਅੰਗ ੪੮੮ )*

ਭਾਵ ਪੂਰਣ ਤੌਰ ਤੇ ਸਪਸ਼ਟ ਹੈ। ਪਰੰਤੂ ਜਾਣ ਵਾਲੇ ਕਿਹੋ ਜਿਹਾ ਜੀਵਨ ਜੀ ਕੇ ਗਏ ਹਨ ਇਸ ਉਪਰ ਨਿੱਠ ਬੈਠ ਕੇ ਵਿਚਾਰ ਕਰਨ ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ ਕੇ ਨੀਵਾਂ ਰਹਿਣਾ ਸਾਰੇ ਗੁਣਾਂ ਦਾ ਨਿਚੋੜ ਹੈ ਅਰਥਾਤ ਸਾਰੇ ਗੁਣਾਂ ਨਾਲੋਂ ਚੰਗਾ ਗੁਣ ਹੈ।

**ਸਲੋਕੁ ਮਃ ੧॥**
**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥**
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**
**ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥**
**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥**
**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥**
**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥**

*(ਅੰਗ ੪੭੦)*

ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਆਸਾ ਵਿਚ ਲਿਖਦੇ ਹਨ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਅੰਗ 470 ਉਪਰ ਸੁਭਾਏਮਾਨ ਹੈ (ਜੋ ਉਪਰ ਦਿੱਤਾ ਜਾ ਚੁੱਕਾ ਹੈ) ਦੇ ਅਰਥ ਭਾਈ ਸਾਹਿਬ ਸਿੰਘ ਜੀ ਅਨੁਸਾਰ ਇਸ ਤਰਾਂ ਹਨ ਕਿ ਸਿੰਬਲ ਦਾ ਬਿਰਖ ਤੀਰ ਵਰਗਾ ਸਿੱਧਾ ਅਤੇ ਮੋਟਾ ਹੁੰਦਾ ਹੈ ਉਪਰ ਜੋ ਪੰਛੀ ਫਲ ਖਾਣ ਦੀ ਆਸ ਰੱਖ ਉਸ ਉਪਰ ਆ ਬੈਠਦੇ ਹਨ ਉਹ ਨਿਰਾਸ ਹੋ ਕੇ ਚਲੇ ਜਾਂਦੇ ਹਨ ਕਿਉਂਕਿ ਉਸ ਦੇ ਫਲ ਬੇਸੁਆਦੇ ਹੁੰਦੇ ਹਨ ਅਤੇ ਪੱਤੇ ਵੀ ਕਿਸੇ ਵੀ ਕੰਮ ਦੇ ਨਹੀਂ ਹੁੰਦੇ ਹਨ। ਹੈ ਨਾਨਕ ! ਨੀਵੇਂ ਰਹਿਣ ਵਿਚ ਹੀ ਮਿਠਾਸ ਹੈ ਅਤੇ ਇਹੋ ਹੀ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਸਾਰ ਹੈ। ਹਰੇਕ ਜੀਵ ਆਪਣੇ

ਸੁਆਰਥ ਲਈ ਲਿਫ਼ਦਾ ਹੈ ਕਿਸੇ ਦੂਸਰੇ ਦੇ ਖਾਤਿਰ ਨਹੀਂ। ਜੇ ਕਰ ਤਕੜੀ ਉਪਰ ਤੋਲਿਆ ਜਾਂਦਾ ਹੈ ਤਾਂ ਨੀਵਾਂ ਪੱਲੜਾ ਹੀ ਭਾਰਾ ਹੋਇਆ ਕਰਦਾ ਹੈ। ਸ਼ਿਕਾਰੀ ਮਿਰਗ ਦੇ ਸ਼ਿਕਾਰ ਲਈ ਨਿੰਵ ਕੇ ਦੂਹਰਾ ਹੋ ਜਾਂਦਾ ਹੈ ਪਰੰਤੂ ਜੇ ਹਿਰਦੇ ਅਰਥਾਤ ਦਿਲ ਦੇ ਅੰਦਰ ਖੋਟਾਪਣ ਹੈ ਤਾਂ ਸਿਰ ਨਿਵਾਉਣ ਦਾ ਕੋਈ ਵੀ ਲਾਭ ਨਹੀਂ ਹੁੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਨਿੰਵਣ ਤੋਂ ਭਾਵ ਕੇਵਲ ਸਿਰ ਨਿਵਾਨਾਂ ਨਹੀਂ ਹੈ, ਮਨੋਂ ਨਿਵਣਾ ਹੈ।

ਇੱਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਦੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਨੇ ਗੁੱਸੇ ਵਿਚ ਆ ਕੇ ਲੱਤ ਮਾਰੀ ਤਾਂ ਤੀਸਰੇ ਪਾਤਸ਼ਾਹ ਨੇ ਉਨ੍ਹਾਂ ਦੀ ਲੱਤ ਫੜ ਲਈ ਅਤੇ ਪੈਰ ਨੂੰ ਘੁਟਣ ਲੱਗ ਪਏ ਕਿ ਮੱਤੇ ਇਨ੍ਹਾਂ ਬੁੱਢੜੇ ਹੱਡਾਂ ਕਾਰਣ ਤੁਹਾਨੂੰ ਕੋਈ ਸੱਟ ਲਗ ਗਈ ਹੋਵੇ ਅਤੇ ਪੈਰ ਦਰਦ ਕਰਨ ਲੱਗ ਪਿਆ ਹੋਵੇ। ਇਹ ਹੈ ਅਤ ਦਰਜੇ ਦੀ ਨਿਮਰਤਾ। ਇਸ ਨਿਮਰਤਾ ਨੂੰ ਅਪਣਾਏ ਜਾਣ ਦੀ ਲੋੜ ਹੈ ਜਿਸ ਦੇ ਅਪਣਾ ਲੈਣ ਨਾਲ ਸਾਡਾ ਜੀਵਨ ਸੁਆਦ ਭਰਪੂਰ ਹੋ ਜਾਂਦਾ ਹੈ।

ਇਸ ਨਿਮਰਤਾ ਨੂੰ ਪਾਉਣ ਲਈ ਹਉਮੈ ਦਾ ਤਿਆਗ ਕਰਨਾ ਪੈਂਦਾ ਹੈ। ਜਦੋਂ ਜਦੋਂ ਵੀ ਹੰਕਾਰ ਕਿਸੇ ਮਨੁੱਖ ਦੇ ਅੰਦਰ ਅਪਣਾ ਵਾਸਾ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਨਿਮਰਤਾ ਨੂੰ ਨਿਕਾਲਾ ਦਿੰਦਾ ਹੈ। ਹੰਕਾਰ ਹਉਮੈ ਵਿਚੋਂ ਉਪਜਦਾ ਹੈ। ਜੇਕਰ ਅਸੀਂ ਇਸ ਹਉਮੈ ਤੋਂ ਦੂਰ ਹੋ ਕੇ ਜੀਵਨ ਗੁਜ਼ਾਰਨਾ ਸਿੱਖਣਾ ਹੈ ਤਾਂ ਸਾਨੂੰ ਇਸ ਲਈ ਸ਼ੁਰੂ ਤੋਂ ਹੀ ਯਤਨਸ਼ੀਲ ਹੋਣਾ ਪਵੇਗਾ। ਬਚਪਨ ਵਿਚ ਮਾਤਾ ਪਿਤਾ ਤੋਂ, ਆਪਣੇ ਵਡੇਰਿਆਂ ਤੋਂ ਇਸ ਹਉਮੈ ਨੂੰ ਤਿਆਗ ਦੇ ਢੰਗ ਤਰੀਕੇ ਸਿੱਖਣ ਦੀ ਲੋੜ ਹੈ।

ਅੱਗ ਅਤੇ ਪਾਣੀ ਸਾਡੇ ਜੀਵਨ ਵਿਚ ਜਿਉਂਦੀਆਂ ਜਾਗਦੀਆਂ ਮਿਸਾਲਾਂ ਹਨ। ਅੱਗ ਹਉਮੈ ਦਾ ਸ਼ਿਕਾਰ ਹੈ ਇਸ ਦੀਆਂ ਲਾਟਾਂ ਉੱਚੀਆਂ ਉਠਦੀਆਂ ਹਨ ਅਤੇ ਸਭ ਕੁਝ ਫਨਾਹ ਕਰਦੀਆਂ ਹੋਈਆਂ ਅੱਗੇ ਵਧਦੀਆਂ ਹਨ ਪਿੱਛੇ ਬਚਦੀ ਹੈ ਸਵਾਹ ਅਤੇ ਨੁਕਸਾਨ ਹੋਈਆਂ ਵਸਤਾਂ ਦੀਆਂ ਯਾਦਾਂ। ਅੱਗ ਵਿਚ ਤਹਿਸ ਨਹਿਸ ਹੋ ਚੁਕੀਆਂ ਜਾਨਾਂ ਸਾਨੂੰ ਬੀਤੇ ਹੋਏ ਪਲ ਯਾਦ ਕਰਵਾਇਆ ਕਰਦੀਆਂ ਹਨ ਅਤੇ ਦੁੱਖਾਂ ਦੀ ਪੰਡ ਸਾਡੇ ਹਵਾਲੇ ਕਰ ਦਿੰਦੀਆਂ ਹਨ। ਜਦੋਂ ਅਸੀਂ ਪਾਣੀ ਦੇ ਵਿਵਹਾਰ ਵਲ ਤੱਕਦੇ ਹਾਂ ਉਹ ਸਾਨੂੰ ਨਿਮਰਤਾ ਦੀ ਮੂਰਤ ਜਾਪਦਾ ਹੈ ਜੋ ਕਿ ਹਮੇਸ਼ਾ ਨਿਵਾਣ ਵਲ ਜਾਂਦਾ ਹੈ ਅਤੇ ਜੇਕਰ ਅੱਗ ਵੀ ਰਸਤੇ ਵਿਚ ਮਿਲਦੀ ਹੈ ਤਾਂ ਗਰਮ ਨਹੀਂ ਹੁੰਦਾ ਸਗੋਂ ਉਸ ਨੂੰ ਵੀ ਠੰਡਾ ਕਰ ਅੱਗੇ ਵਲ ਵੱਧ ਜਾਂਦਾ ਹੈ। ਇਸ ਲਈ ਯਤਨ ਕੀਤਾ ਜਾਵੇ ਕਿ ਪਾਣੀ ਤੋਂ ਨਿਮਰਤਾ ਸਿੱਖੀ ਜਾਵੇ। ਮਿੱਠੜੇ ਬੋਲ ਬੋਲ ਕਿ ਹੰਕਾਰੀ ਦਾ ਮਨ ਜਿਤਿਆ ਜਾਵੇ। ਜਦੋਂ ਮਿੱਠੇ ਬੋਲ ਅੱਗ ਉਪਰ ਪਾਣੀ ਬਣ ਕੇ ਡਿਗਦੇ ਹਨ ਅਤੇ ਉਸ ਵਿਚੋਂ ਜਿਹੜਾ ਪਾਣੀ ਗਰਮ ਹਵਾ ਵਿਚ ਉੱਡ ਜਾਂਦਾ ਹੈ ਉਹ ਵੀ ਅਗਲੇਰੇ ਦਿਨਾਂ ਵਿਚ ਤ੍ਰੇਲ ਬਣ ਠੰਡਕ ਹੀ ਦਿਆ ਕਰਦਾ ਹੈ। ਸਨਿਮਰ ਵਿਅਕਤੀ ਅੱਗ ਵਾਂਗ ਗਰਮ ਨਹੀਂ ਹੁੰਦਾ ਸਗੋਂ ਪਾਣੀ ਵਾਂਗ ਠੰਡਾ ਹੀ ਰਹਿੰਦਾ ਹੈ।

ਨਿਮਰਤਾ ਪ੍ਰਾਪਤ ਕਰਨੀ ਅਸਾਨ ਨਹੀਂ ਹੈ, ਇਸ ਲਈ ਬਹੁਤ ਹੀ ਘਾਲਣਾ ਘਾਲਣੀ ਪੈਂਦੀ ਹੈ। ਜੀਵਨ ਨੂੰ ਕੁਠਾਲੀ ਵਿਚ ਢਾਲਣਾ ਪੈਂਦਾ ਹੈ। ਗਿਆਨ ਪ੍ਰਾਪਤ ਕਰਨਾ ਪੈਂਦਾ ਹੈ। ਥੋੜ੍ਹਾ ਗਿਆਨ ਹੰਕਾਰ ਭਰਦਾ ਹੈ ਅਤੇ ਵਧੇਰੇ ਗਿਆਨ ਇਸ ਹੰਕਾਰ ਨੂੰ ਖਤਮ ਕਰਦਾ ਹੈ। ਮਨੁੱਖ ਵਧੇਰੇ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਹੀ ਨਿਮਰਤਾ ਦੇ

ਨੇੜੇ ਤੇੜੇ ਪੁੱਜਣ ਦੇ ਯੋਗ ਹੋ ਜਾਂਦਾ ਹੈ। ਜਦੋਂ ਫਿਰ ਗਿਆਨ ਨੂੰ ਵਿਚਾਰਦਾ ਹੈ ਤਾਂ ਫਿਰ ਹਉਮੈ/ਹੰਕਾਰ ਤੋਂ ਦੂਰ ਹੋ ਜਾਂਦਾ ਹੈ ਅਤੇ ਸਨਿਮਰ ਹੋ ਜਾਇਆ ਕਰਦਾ ਹੈ ਅਤੇ ਜੀਵਨ ਜਾਚ ਸਿੱਖਦਾ ਹੈ। ਗਿਆਨ ਪ੍ਰਾਪਤੀ ਤੋਂ ਭਾਵ ਕੇਵਲ ਕਿਤਾਬੀ ਗਿਆਨ ਹੀ ਨਹੀਂ ਹੈ। ਇਸ ਤੋਂ ਉਪਰ ਜੋ ਪੜ੍ਹ ਕੇ ਵਿਚਾਰਦਾ ਹੈ ਤਾਂ ਹੀ ਗੁਣੀ ਗਿਆਨੀ ਬਣਦਾ ਹੈ। ਬਾਬਾ ਫ਼ਰੀਦ ਜੀ ਨੇ ਨਿਮਰਤਾ ਨੂੰ ਸਭ ਤੋਂ ਵੱਡਾ ਗੁਣ ਦੱਸਦੇ ਹਨ ਅਤੇ ਸਵਾਲ ਜਵਾਬ ਦੇ ਲਹਿਜੇ ਵਿਚ ਬਿਆਨ ਕਰਦੇ ਹਨ। ਇਹ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 1384 ਅੰਗ ਉਪਰ ਸੁਭਾਏਮਾਨ ਹਨ। ਸਲੋਕ ਅੰਕ 126 ਅਤੇ 127 ਵਿਚ ਦਰਸਾਇਆ ਹੈ ਕਿ :

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥**
**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥**

ਨਿਮਰਤਾ ਨੂੰ ਮਨੁੱਖੀ ਸੁਭਾਵ ਦਾ ਕੀਮਤੀ ਗਹਿਣਾ ਮੰਨਿਆ ਗਿਆ ਹੈ, ਇਸ ਨੂੰ ਧਾਰਨ ਕਰਕੇ ਜੀਵਨ ਰੂਪੀ ਗੱਡੀ ਨੂੰ ਸੁਚੱਜੇ ਰੂਪ ਵਿਚ ਬਿਨਾਂ ਕਿਸੇ ਦੁਰਘਟਨਾ ਤੋਂ ਮੰਜ਼ਿਲ ਤਕ ਪੁਜਾਇਆ ਜਾ ਸਕਦਾ ਹੈ।

ਨਿਮਰਤਾ ਦੇ ਰਸਤੇ ਦੀਆਂ ਰੁਕਾਵਟਾਂ ਧਨ, ਕਥਿਤ ਉੱਚੀ ਜਾਤ ਅਤੇ ਪਦਵੀ ਦਾ ਹੰਕਾਰ ਆਦਿ ਹਨ। ਹਉਮੈ ਨੂੰ ਗੁਰੂ ਸਾਹਿਬਾਨ ਨੇ ਮਾਨਵ ਦਾ ਸਾਰਿਆਂ ਤੋਂ ਵੱਡਾ ਦੁਸ਼ਮਣ ਗਰਦਾਨਿਆ ਹੈ ਅਤੇ ਇਸ ਨੂੰ ਦੀਰਘ ਰੋਗ ਮੰਨਿਆ ਹੈ। ਸਾਨੂੰ ਸਭ ਛੋਟੇ ਅਤੇ ਵੱਡੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਨੂੰ ਕਿਸੇ ਦੀ ਚੁਗਲੀ ਨਿੰਦਿਆ ਬਿਲਕੁਲ ਹੀ ਨਹੀਂ ਕਰਨੀ ਚਾਹੀਦੀ। ਜੇਕਰ ਦੁਸ਼ਮਣ ਵੀ ਮਿਲਦਾ ਹੈ ਤਾਂ ਉਸ ਨਾਲ ਪਿਆਰ ਭਰਿਆ ਸਲੂਕ ਕੀਤਾ ਜਾਣਾ ਲੋੜੀਦਾ ਹੈ। ਹਰੇਕ ਦਾ ਭਲਾ ਚਿਤਵਨਾ ਅਤੇ ਭਲਾ ਕਰਨ ਲਈ ਯਤਨਸ਼ੀਲ ਰਹਿਣਾ, ਕਿਸੇ ਨੂੰ ਵੀ ਨਫਰਤ ਨਾ ਕਰਨੀ ਸਗੋਂ ਪਿਆਰ ਭਰੀ ਮਿਲਣੀ ਕਰਨੀ, ਕਿਸੇ ਦੀ ਗਲਤੀ ਨੂੰ ਮੁਆਫ ਕਰਨਾ ਨਿਮਰਤਾ ਪ੍ਰਾਪਤੀ ਦੇ ਜ਼ਰੂਰੀ ਗੁਣ ਹਨ। ਜੇਕਰ ਸਾਡੇ ਅੰਦਰ ਦਯਾ, ਸੰਤੋਖ, ਪਰਉਪਕਾਰ ਦੀ ਭਾਵਨਾ, ਸਚਾਈ ਨੂੰ ਅਪਣਾ ਲੈਣ ਦਾ ਗੁਣ, ਆਕੜ ਨਾ ਕਰਨਾ ਆਦਿ ਜਿਹੇ ਗੁਣ ਹੋਣ ਤਾਂ ਅਸੀਂ ਸਨਿਮਰ ਹੋ ਸਕਦੇ ਹਾਂ।

ਮਿਠਾਸ ਭਰੀ ਜ਼ੁਬਾਨ ਬੋਲਣ ਨਾਲ ਹਉਮੈ ਦਾ ਨਾਸ ਕੀਤਾ ਜਾ ਸਕਦਾ ਹੈ। ਨਿਮਰਤਾ ਦਾ ਗੁਣ ਪ੍ਰਾਪਤ ਹੋ ਜਾਣ ਸਦਕਾ ਕੁੜੱਤਣ ਦਾ ਖ਼ਾਤਮਾ ਹੁੰਦਾ ਜਾਂਦਾ ਹੈ ਅਤੇ ਸ਼ਹਿਦ ਨਾਲ ਗੁੰਨੇ ਹੋਏ ਸ਼ਬਦ ਜ਼ੁਬਾਨ ਵਿਚੋਂ ਆਪ ਮੁਹਾਰੇ ਫੁੱਟਦੇ ਹਨ। ਹਾਸਾ ਖੇੜਾ ਸਾਡੇ ਅੰਗ ਸੰਗ ਹੀ ਦਿਖਾਈ ਦਿੰਦਾ ਹੈ ਅਤੇ ਸਾਡੇ ਸਾਰੀ ਫੁਲਵਾੜੀ ਫੁੱਲਾਂ ਦੀ ਭਰੀ ਹੋਈ ਨਜ਼ਰੀ ਪੈਂਦੀ ਹੈ।

ਸਿੱਖ ਮਤ ਧਾਰਨ ਕਰਨ ਵਾਲੇ ਲੋਕਾਂ ਦੇ ਅਤੇ ਸਾਰੀ ਖਲਕਤ ਨੂੰ ਸਿਧੇ ਰਾਹ ਪਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਧਾਰਮਿਕ ਆਗੂ ਅਤੇ ਇਨਕਲਾਬੀ ਢੰਗ ਨਾਲ ਸੁਧਾਰ ਕਰਨ ਵਾਲੇ ਸਨ ਉਹ ਆਪਣੇ ਅੰਦਰ ਨਿਮਰਤਾ ਦਾ ਗੁਣ ਸਮੋਈ ਰੱਖਦੇ ਸਨ। ਉਨ੍ਹਾਂ ਨੇ ਮਿਠਾਸ ਅਤੇ ਨਿਮਰਤਾ ਨੂੰ ਸਾਰੇ ਗੁਣਾਂ ਅਤੇ ਚੰਗਿਆਈਆ ਦਾ ਨਿਚੋੜ

ਦਸਦੇ ਰਹੇ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਨੀਵਿਆਂ ਤੋਂ ਨੀਵਿਆਂ ਵਿਚ ਸ਼ਾਮਲ ਕਰਦੇ ਰਹੇ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਲਿਖਿਆ ਹੈ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਅੰਗ 468 ਉਪਰ ਸੁਭਾਏਮਾਨ ਅਤੇ ਰਾਗ ਆਸਾ ਵਿਚ ਹੈ :

**ਪਉੜੀ ॥**
**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥**
**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ॥**
**ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ ॥**
**ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥**
**ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥**

ਗੁਰਬਾਣੀ ਦੇ ਅੰਦਰ ਥਾਂ ਥਾਂ ਉਪਰ ਅਜਿਹੇ ਸਲੋਕਾਂ ਦਾ ਵਰਨਣ ਮਿਲਦਾ ਹੈ ਜੋ ਕਿ ਉਨ੍ਹਾਂ ਦੀ ਸ਼ਖਸ਼ੀਅਤ ਵਿਚ ਨਿਮਰਤਾ ਦਾ ਗੁਣ ਹੋਣ ਦੀ ਤਸਦੀਕ ਕਰਦੇ ਹਨ, ਉਹ ਆਪਣੇ ਆਪ ਨੂੰ ਨਾਨਕ ਨੀਚ ਜਾਂ ਨਾਨਕ ਵਿਚਾਰ ਆਖਦੇ ਹਨ।

ਸਾਨੂੰ ਵੀ ਸੁਚੱਜੀ ਜੀਵਨ ਜਾਚ ਪਾਉਣ ਲਈ ਇਸ ਗੁਣ ਦਾ ਧਾਰਨੀ ਹੋਣਾ ਚਾਹੀਦਾ ਹੈ। ਮਿਠਾਸ ਨੂੰ ਸ਼ਬਦਾਂ ਵਿਚ ਪਰੋਣ ਦੀ ਲੋੜ ਹੈ। ਕੁੜੱਤਣ ਨੂੰ ਅਲਵਿਦਾ ਕਹਿਣ ਦੀ ਲੋੜ ਹੈ। ਨੀਵਾਂ ਹੋਣ ਦੀ ਲੋੜ ਹੈ। ਮਿਠਾਸ ਅਤੇ ਨਿਮਰਤਾ ਦਾ ਧਾਰਨੀ ਹੋ ਕੇ ਕੂੜ ਅਤੇ ਕੁੜੱਤਣ ਤੋਂ ਕਿਨਾਰਾ ਕਰ ਕੇ ਸੁਹਜਮਈ, ਸ਼ਾਂਤਮਈ ਅਤੇ ਖੁਸ਼ੀਆਂ ਭਰਪੂਰ ਜੀਵਨ ਜਿਉਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ।

# ਹਰ ਕ੍ਰਿਸ਼ਨ ਭਯੋ ਅਸਟਮ ਬਲਬੀਰਾ

ਜਦੋਂ ਵੀ ਸਿੱਖ ਅਰਦਾਸ ਕਰਦਾ ਹੈ ਤਾਂ ਉਹ ਸਰਬਤ ਦੇ ਭਲੇ ਲਈ ਕਰਦਾ ਹੈ ਅਤੇ ਉਹ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮਨ ਵਿਚ ਵਸਾ ਕੇ ਅਕਾਲ ਪੁਰਖ ਤੋਂ ਸਾਰੀ ਖਲਕਤ ਦਾ ਭਲਾ ਮੰਗਦਾ ਹੈ ਅਤੇ ਇਹ ਵਿਸ਼ਵਾਸ ਰਖਦਾ ਹੈ ਕਿ ਜੋ ਵਾਹਿਗੁਰੂ ਕਰ ਰਿਹਾ ਹੈ ਭਾਵੇਂ ਆਮ ਆਦਮੀ ਦੀ ਸਮਝ ਤੋਂ ਪਰੇ ਦੀ ਗਲ ਹੈ, ਠੀਕ ਹੀ ਕਰ ਰਿਹਾ ਹੈ। ਕਈ ਵਾਰ ਆਮ ਆਦਮੀ ਪਰੇਸ਼ਾਨ ਹੋ ਜਾਂਦਾ ਹੈ ਅਤੇ ਸੋਚਦਾ ਹੈ ਕਿ ਇਹ ਪਰਮਾਤਮਾ ਨੇ ਠੀਕ ਨਹੀਂ ਕੀਤਾ, ਮੇਰੇ ਨਾਲ ਬੇਇਨਸਾਫੀ ਹੋਈ ਹੈ ਅਤੇ ਕੁਝ ਸਮਾਂ ਲੰਘ ਜਾਣ ਬਾਅਦ ਮਹਿਸੂਸ ਕਰਨ ਲਗਦਾ ਹੈ ਕਿ ਪਰਮਾਤਮਾ ਨੇ ਠੀਕ ਹੀ ਕੀਤਾ ਸੀ। ਇਹ ਇਸ ਲਈ ਜਾਪਦਾ ਹੈ ਕਿਉਂਕਿ ਸਾਡੇ ਪਾਸ ਉਸ ਦੇ ਕੰਮ ਦਾ ਮੁਲਾਂਕਣ ਕਰਨ ਵਾਲੀ ਅੱਖ ਹੀ ਨਹੀਂ ਹੈ। ਅਸੀਂ ਕੇਵਲ ਆਪਣਾ ਚੰਗਾ ਅਤੇ ਮਾੜਾ ਵੇਖਦੇ ਹਾਂ, ਜਦੋਂ ਕਿ ਉਸ ਮਾਲਕ ਨੇ ਸਾਰੀ ਲੋਕਾਈ ਦਾ ਸੋਚਣਾ ਹੈ।

**ਸ੍ਰੀ ਹਰਕ੍ਰਿਸ਼ਨ ਧਿਆਈਏ ,**
**ਜਿਸ ਡਿਠੈ ਸਭ ਦੁਖ ਜਾਏ।**

ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਜਨਮ ਬਿਕਰਮੀ ਸੰਮਤ 1713 ਦੇ ਸਾਵਣ ਮਹੀਨੇ ਦੀ 8 ਤਰੀਕ ਜਾਂ 1656 ਦੀ ਜੁਲਾਈ ਮਹੀਨੇ ਦੀ 23 ਤਰੀਕ ਨੂੰ ਮਾਤਾ ਕ੍ਰਿਸ਼ਨ ਕੌਰ ਜੀ (ਸੁਲਖਣੀ ਜੀ) ਜੀ ਦੀ ਕੁੱਖ ਵਿਚੋਂ ਅਤੇ ਸਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਘਰ ਕੀਰਤਪੁਰ ਸਾਹਿਬ ਜ਼ਿਲਾ ਰੋਪੜ ਵਿਖੇ ਹੋਇਆ। ਇਥੇ ਇਹ ਵੀ ਵਰਣਨ ਯੋਗ ਹੈ ਕਿ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰ ਰਾਏ ਜੀ ਦਾ ਜਨਮ ਵੀ ਕੀਰਤਪੁਰ ਸਾਹਿਬ (ਰੋਪੜ) ਵਿਖੇ ਹੀ ਹੋਇਆ ਸੀ। ਆਪ ਜੀ ਦਾ ਬਚਪਨ ਉਹਨਾਂ ਦੇ ਪਿਤਾ ਜੀ ਦੀ ਨਿਗਰਾਨੀ ਵਿਚ ਬੀਤ ਰਿਹਾ ਸੀ ਪਰੰਤੂ 20 ਅਕਤੂਬਰ 1661 ਨੂੰ ਸਤਵੇਂ ਪਾਤਸ਼ਾਹ ਜੀ ਨੂੰ ਅਕਾਲ ਪੁਰਖ ਦਾ ਸਦਾ ਆ ਗਿਆ ਅਤੇ ਆਪ ਜੀ ਨੂੰ ਕੇਵਲ ਪੰਜ ਸਾਲ ਦੀ ਉਮਰ ਵਿਚ ਉਸੇ ਦਿਨ ਗੁਰਿਆਈ ਦਿਤੀ ਗਈ। ਭਾਵੇਂ ਆਪ ਜੀ ਦੇ ਵਡੇ ਭਰਾ ਰਾਮ ਰਾਏ ਜੀ ਸਨ ਪਰੰਤੂ ਜਦੋਂ ਸਮੇਂ ਦੇ ਹਾਕਮ ਔਰੰਗਜ਼ੇਬ ਨਾਲ ਮੁਲਾਕਾਤ ਸਮੇਂ ਉਨ੍ਹਾਂ ਨੇ ਗੁਰਬਾਣੀ ਦੀ ਤੁਕ ਨੂੰ ਮਨਮਤ ਨਾਲ ਬਦਲ ਦਿਤਾ ਸੀ। ਗੁਰਬਾਣੀ ਵਿਚ ਦਰਜ ਹੈ :

**ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ**

ਅਤੇ ਰਾਮ ਰਾਏ ਨੇ ਇਸ ਨੂੰ ਬਦਲ ਕਿ ਦੱਸਿਆ ਸੀ ਕਿ ਇਹ ਇਸ ਤਰ੍ਹਾਂ ਹੈ

**ਮਿੱਟੀ ਬੇਈਮਾਨ ਕੀ ਪੇੜੇ ਪਈ ਘੁਮਿਆਰ**

ਇਸ ਘਟਨਾ ਤੇ ਸ੍ਰੀ ਗੁਰੂ ਹਰ ਰਾਏ ਜੀ ਨੇ ਆਦੇਸ਼ ਦਿਤੇ ਸਨ ਕਿ ਰਾਮ ਰਾਏ ਹੁਣ ਸਾਡੇ ਮਥੇ ਨਾ ਲਗੇ ਅਤੇ ਗੁਰੂ ਜੀ ਨੇ ਇਸ ਅਪਰਾਧ ਕਾਰਣ ਉਸ ਨਾਲੋਂ ਆਪਣਾ ਨਾਤਾ ਤੋੜ ਲਿਆ ਸੀ। ਇਸ ਲਈ ਹੀ ਗੁਰਿਆਈ ਉਸ ਨੂੰ ਨਾ ਦੇ ਕੇ ਛੋਟੇ ਪੁੱਤਰ ਨੂੰ ਬਖਸ਼ੀ ਗਈ ਸੀ ਅਤੇ ਉਨਾ ਨੂੰ ਗੁਰਿਆਈ ਦੇ ਯੋਗ ਜਾਣਿਆ ਗਿਆ ਸੀ ਇਸ ਉਪਰ ਰਾਮ ਰਾਏ ਖਫਾ ਹੋ ਗਿਆ ਅਤੇ ਉਸ ਨੇ ਸਮੇਂ ਦੇ ਸ਼ਾਸਕ ਪਾਸ ਅਪੀਲ ਕੀਤੀ ਕਿ ਮੇਰੇ ਨਾਲ ਬੇਇਨਸਾਫੀ ਹੋਈ ਹੈ, ਮੈਂ ਵੱਡਾ ਪੁੱਤਰ ਹੋਣ ਕਾਰਣ ਗੱਦੀ ਦਾ ਵਾਰਸ ਸੀ, ਪਰ ਗੱਦੀ ਮੇਰੇ ਛੋਟੇ ਵੀਰ ਨੂੰ ਦਿੱਤੀ ਗਈ ਹੈ ਤਾਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿਲੀ ਬੁਲਾ ਭੇਜਿਆ। ਪਰੰਤੂ ਸਤਵੇਂ ਪਾਤਸ਼ਾਹ ਦਾ ਹੁਕਮ ਸੀ ਕਿ ਔਰੰਗਜ਼ੇਬ ਦੇ ਮੱਥੇ ਨਹੀਂ ਲਗਣਾ ਅਤੇ ਰਾਮ ਰਾਏ ਨੂੰ ਇਸ ਗੱਲ ਦਾ ਪਤਾ ਸੀ। ਉਹ ਸਿਆਸਤ ਖੇਡ ਰਿਹਾ ਸੀ ਕਿ ਜੇਕਰ ਗੁਰੂ ਜੀ ਹਾਜ਼ਰ ਹੋ ਗਏ ਤਾਂ ਮੈਂ ਰੌਲਾ ਪਾ ਦੇਵਾਂਗਾ ਕਿ ਛੋਟੇ ਵੀਰ ਨੇ ਆਪਣੇ ਪਿਤਾ ਦਾ ਹੁਕਮ ਨਹੀਂ ਮਨਿਆ ਅਤੇ ਜੇਕਰ ਹਾਜਰ ਨਾ ਹੋਇਆ ਤਾਂ ਸ਼ਾਸਕ ਨੂੰ ਉਸ ਦੇ ਵਿਰੁੱਧ ਭੜਕਾ ਦੇਵਾਂਗਾ ਅਤੇ ਮੈਂ ਇਸ ਨੂੰ ਗ੍ਰਿਫਤਾਰ ਕਰਵਾ ਕੇ ਮੰਗਵਾਂਵਾਂਗਾ। ਇਹ ਸੋਚ ਉਸ ਨੇ ਚਾਲ ਚੱਲੀ ਸੀ।

ਪਹਿਲਾਂ ਤਾਂ ਔਰੰਗਜ਼ੇਬ ਨੇ ਰਾਮ ਰਾਏ ਨੂੰ ਟਾਲਣ ਦਾ ਯਤਨ ਕੀਤਾ ਅਤੇ ਸ਼ਾਸਕ ਦੇ ਸੇਵਾਦਾਰਾਂ ਵਲੋਂ ਕਿਹਾ ਗਿਆ ਕਿ ਤੁਹਾਡੇ ਪਾਸ ਬਾਦਸ਼ਾਹ ਵਲੋਂ ਮਿਲੀ ਹੋਈ ਜਾਗੀਰ ਹੈ, ਉਥੇ ਜਾ ਕੇ ਰਹੋ ਅਤੇ ਆਰਾਮ ਨਾਲ ਜੀਵਨ ਬਸਰ ਕਰੋ ਅਤੇ ਇਸ ਝਗੜੇ ਨੂੰ ਨਾ ਚੁਕੋ। ਪਰ ਉਹ ਇਸ ਗੱਲ ਤੇ ਰਾਜ਼ੀ ਨਾ ਹੋਇਆ। ਔਰੰਗਜ਼ੇਬ ਨੇ ਸਭ ਸੋਚ ਵਿਚਾਰ ਕਰਨ ਤੋਂ ਬਾਅਦ ਗੁਰਗੱਦੀ ਆਪਣੇ ਖਾਸ ਕੋਲ ਆ ਜਾਣ ਤੇ ਕੋਈ ਖਤਰਾ ਨਾ ਮਹਿਸੂਸ ਕਰ ਕੇ ਦੋਵਾਂ ਧਿਰਾਂ ਨੂੰ ਹਾਜ਼ਰ ਹੋਣ ਲਈ ਆਖ ਭੇਜਿਆ। ਔਰੰਗਜ਼ੇਬ ਨੂੰ ਵੀ ਇਲਮ ਸੀ ਕੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਮੈਨੂੰ ਨਾ ਮਿਲਣ ਦੇ ਆਦੇਸ਼ ਮਿਲੇ ਹੋਏ ਹਨ ਇਸ ਲਈ ਉਸ ਨੇ ਰਾਜਾ ਜੈ ਸਿੰਘ ਨੂੰ ਕਿਹਾ ਕੇ ਤੁਸੀਂ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਸਦੋ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਪੱਤਰ ਲਿਖਿਆ ਅਤੇ ਨਾਲ ਹੀ ਦਿੱਲੀ ਦੀ ਸੰਗਤ ਵਲੋਂ ਵੀ ਲਿਖਿਆ ਕੇ ਤੁਸੀਂ ਦਿੱਲੀ ਜ਼ਰੂਰ ਪੁਜੋ।

ਸੰਗਤਾਂ ਦੇ ਮਨ ਵਿਚ ਡਰ ਸੀ ਕਿ ਔਰੰਗਜ਼ੇਬ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਹੋ ਸਕਦਾ ਹੈ ਉਹ ਗੁਰੂ ਜੀ ਨਾਲ ਮਾੜਾ ਵਰਤਾਉ ਕਰੇ ਅਤੇ ਸੰਗਤਾਂ ਦੇ ਮਨ ਵਿਚ ਇਹ ਵੀ ਡਰ ਸੀ ਕੇ ਜੋ ਜਹਾਂਗੀਰ ਨੇ ਪੰਜਵੇਂ ਪਾਤਸ਼ਾਹ ਨਾਲ ਕੀਤਾ ਸੀ, ਦੁਬਾਰਾ ਉਹ ਕਾਰਾ ਨਾ ਹੋ ਜਾਵੇ। ਕਾਫੀ ਸੋਚ ਵਿਚਾਰ ਤੋਂ ਬਾਅਦ ਦਿੱਲੀ ਦੀ ਸੰਗਤ ਦੇ ਸੱਦੇ ਨੂੰ ਮੰਨ ਕੇ ਗੁਰੂ ਜੀ ਦਾ ਦਿੱਲੀ ਜਾਣ ਸੰਬੰਧੀ ਫੈਸਲਾ ਕਰ ਲਿਆ ਗਿਆ ਅਤੇ ਸੰਗਤਾਂ ਵੀ ਨਾਲ ਜਾਣ ਲਈ ਤਿਆਰ ਹੋ ਗਈਆਂ।

ਦਿੱਲੀ ਵਿਚ ਗੁਰੂ ਜੀ ਨੂੰ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਰੁਕਣ ਲਈ ਸਥਾਨ ਦਿਤਾ ਗਿਆ, ਅੱਜ ਕਲ੍ਹ ਇਸ ਜਗ੍ਹਾ ਉਪਰ ਗੁਰਦਵਾਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ ਅਤੇ ਹਰ ਵੇਲੇ ਦਰਸ਼ਨਾਂ ਲਈ ਖੁੱਲ੍ਹਾ ਰਹਿੰਦਾ ਹੈ, ਗੁਰਬਾਣੀ ਦਾ ਕੀਰਤਨ ਪਰਵਾਹ ਚਲਦਾ ਰਹਿੰਦਾ ਹੈ, ਲੰਗਰ ਵੀ ਵਰਤਦਾ ਹੈ ਅਤੇ ਸੰਗਤਾਂ ਜਾਪ ਕਰਦਿਆਂ ਹੋਈਆਂ ਲੰਗਰ ਛਕਦੀਆਂ ਹਨ। ਇਸ ਥਾਂ ਉਪਰ ਹੀ ਰਾਣੀ ਨੇ ਗੁਰੂ ਸਾਹਿਬ ਦੀ ਪਰਖ ਕਰਨ ਲਈ

ਆਪ ਗੋਲੀਆਂ ਦੇ ਕਪੜੇ ਪਹਿਨ ਲਏ ਅਤੇ ਗੋਲੀਆਂ ਨੂੰ ਰਾਣੀਆਂ ਵਾਲੇ ਕਪੜੇ ਪੁਆ ਦਿਤੇ ਸੀ ਅਤੇ ਗੁਰੂ ਜੀ ਦਾ ਇਮਤਿਹਾਨ ਲਿਆ ਕਿ ਦਸੋ ਖਾਂ ਰਾਣੀ ਕਿਹੜੀ ਹੈ। ਤਾਂ ਗੁਰੂ ਜੀ ਸਾਰੇ ਚੇਹਰੇ ਦੇਖ ਕੇ ਅਸਲ ਰਾਣੀ ਦੀ ਗੋਦ ਵਿਚ ਜਾ ਬੈਠੇ ਅਤੇ ਆਖਿਆ ਕਿ ਰਾਣੀ ਜੀ ਤੁਸੀਂ ਗੋਲੀਆਂ ਵਾਲੇ ਕਪੜੇ ਕਿਉਂ ਪਾਏ ਹਨ। ਇਸ ਤਰਾਂ ਉਹ ਪ੍ਰੀਖਿਆ ਵਿਚੋਂ ਸਫਲ ਹੋਏ ਸਨ।

ਰਾਜਾ ਜੈ ਸਿੰਘ ਨੇ ਬਹੁਤ ਜ਼ੋਰ ਲਾਇਆ ਕਿ ਗੁਰੂ ਜੀ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਪਰੰਤੂ ਗੁਰੂ ਜੀ ਨਾ ਮੰਨੇ ਅਤੇ ਸ਼ਾਹਜ਼ਾਦੇ ਆਏ ਅਤੇ ਉਨ੍ਹਾਂ ਨੂੰ ਉਪਦੇਸ਼ ਦੇ ਕੇ ਭੇਜ ਦਿਤਾ। ਰਾਮ ਰਾਏ ਦੇ ਦਾਅਵੇ ਦੇ ਸੰਬੰਧ ਵਿਚ ਆਖ ਭੇਜਿਆ ਕੇ ਗੁਰਗੱਦੀ ਵਿਰਾਸਤ ਨਹੀਂ ਹੈ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕਰ ਦਿਤਾ ਕਿ ਗੁਰਿਆਈ ਗੁਰੂ ਨਾਨਕ ਦੇਵ ਜੀ ਵਲੋਂ ਆਪਣੇ ਪੁਤਰਾਂ ਨੂੰ ਨਾ ਦੇ ਕੇ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਸੀ ਜੋ ਕਿ ਇਕ ਸੇਵਕ ਸੀ ਅਤੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਗੁਰਿਆਈ ਆਪਣੇ ਪੁਤਰਾਂ ਨੂੰ ਨਹੀਂ ਬਖਸ਼ੀ ਸੀ। ਸੋ ਇਹ ਰੀਤ ਹੈ ਗੁਰਿਆਈ ਕੇਵਲ ਜੱਦੀ ਹਕ ਨਹੀਂ ਹੈ ਇਹ ਜੇਕਰ ਮੇਰੇ ਪਿਤਾ ਜੀ ਵਲੋਂ ਮੈਨੂੰ ਦਿਤੀ ਗਈ ਹੈ ਤਾਂ ਇਹ ਕੋਈ ਅਨੋਖੀ ਗਲ ਨਹੀਂ ਹੈ। ਅਤੇ ਇਹ ਵੀ ਸਪੱਸ਼ਟ ਕਰ ਦਿਤਾ ਕੇ ਗੁਰਬਾਣੀ ਵਿਚ 'ਮਿਟੀ ਮੁਸਲਮਾਨ ਕੀ' ਹੈ ਅਤੇ 'ਮਿੱਟੀ ਬੇਈਮਾਨ ਕੀ' ਨਹੀਂ ਹੈ। ਮੇਰੇ ਵੀਰ ਰਾਮ ਰਾਏ ਨੇ ਅਜੇਹਾ ਕੰਮ ਕੀਤਾ ਹੈ ਜਿਸ ਨੂੰ ਕੋਈ ਵੀ ਸਿਖ ਨਹੀਂ ਕਰ ਸਕਦਾ ਅਤੇ ਇਸ ਲਈ ਪਿਤਾ ਜੀ ਨੇ ਇਸ ਨੂੰ ਤਿਆਗ ਦਿਤਾ ਸੀ। ਇਸ ਲਈ ਉਸ ਨਾਲ ਕੋਈ ਵੀ ਬੇਇਨਸਾਫੀ ਨਹੀਂ ਹੋਈ ਹੈ।

ਜਦੋਂ ਗੁਰੂ ਜੀ ਦਿੱਲੀ ਵਲ ਜਾ ਰਹੇ ਸੀ ਤਾਂ ਰਸਤੇ ਵਿਚ ਪੰਜੋਖਰਾ ਵਿਖੇ ਆਪ ਜੀ ਨੂੰ ਇਕ ਹੰਕਾਰੀ ਪੰਡਿਤ ਲਾਲ ਚੰਦ ਮਿਲਿਆ ਜਿਸ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਨਾਮ ਤਾਂ ਕ੍ਰਿਸ਼ਨ ਤੋਂ ਵੱਡਾ ਰੱਖਿਆ ਹੈ ਅਤੇ ਕ੍ਰਿਸ਼ਨ ਜੀ ਨੇ ਗੀਤਾ ਦੀ ਰਚਨਾ ਕੀਤੀ ਸੀ ਕੀ ਤੁਸੀਂ ਉਸ ਦੇ ਅਰਥ ਕਰ ਸਕਦੇ ਹੋ ? ਗੁਰੂ ਜੀ ਨੇ ਉੱਤਰ ਦਿਤਾ ਕਿ ਜੇਕਰ ਅਸੀਂ ਅਰਥ ਕਰ ਦਿਤੇ ਤਾਂ ਤੈਨੂੰ ਇਹ ਜਾਪੇਗਾ ਕਿ ਇਹ ਅਰਥ ਇਸ ਨੂੰ ਯਾਦ ਕਰਵਾਏ ਗਏ ਹਨ ਜਾਂ ਪਹਿਲਾਂ ਤੋਂ ਹੀ ਸਿੱਖੇ ਹੋਏ ਹਨ ਅਤੇ ਤੁਹਾਨੂੰ ਯਕੀਨ ਨਹੀਂ ਆਵੇਗਾ। ਇਸ ਲਈ ਤੁਸੀਂ ਪਿੰਡ ਵਿਚੋਂ ਜੇਹੜਾ ਮਰਜ਼ੀ ਆਦਮੀ ਲੈ ਆਉ, ਅਸੀਂ ਉਸ ਤੋਂ ਅਰਥ ਕਰਵਾ ਦੇਵਾਂਗੇ। ਪੰਡਿਤ ਮਨ ਵਿਚ ਬਹੁਤ ਖੁਸ਼ ਹੋਇਆ ਕਿ ਹੁਣ ਤਾਂ ਉਸ ਦੀ ਜਿੱਤ ਯਕੀਨੀ ਹੈ ਅਤੇ ਇਲਾਕੇ ਵਿਚ ਮੇਰੀ ਖੂਬ ਪ੍ਰਸਿਧੀ ਹੋ ਜਾਵੇਗੀ। ਉਸ ਨੇ ਪਿੰਡ ਵਿਚੋਂ ਇਕ ਅਨਪੜ੍ਹ ਅਤੇ ਭੋਲਾ ਝੀਵਰ ਜਾਤ ਦਾ ਛੱਜੂ ਰਾਮ ਲੈ ਕੇ ਆਂਦਾ ਜਿਸ ਤੋਂ ਗੀਤਾ ਦੇ ਅਰਥ ਕਰਵਾਉਣੇ ਸਨ ਅਤੇ ਉਸ ਨੂੰ ਵਿਸ਼ਵਾਸ ਸੀ ਕਿ ਛੱਜੂ ਰਾਮ ਤਾਂ ਬਿਲਕੁਲ ਹੀ ਸਾਫ਼ ਸਲੇਟ ਹੈ ਹੁਣ ਤਾਂ ਮੈਂ ਗੁਰੂ ਜੀ ਨੂੰ ਨੀਚਾ ਦਿਖਾ ਸਕਾਂਗਾ। ਪਰੰਤੂ ਸਚੇ ਪਾਤਸ਼ਾਹ ਤਾਂ ਉਸ ਦੇ ਦਿਲ ਅੰਦਰਲੀਆਂ ਜਾਣਦੇ ਸਨ ਉਹ ਬਿਲਕੁਲ ਵੀ ਨਾ ਘਬਰਾਏ ਅਤੇ ਚੇਹਰੇ ਤੇ ਪਹਿਲਾਂ ਵਰਗਾ ਹੀ ਨੂਰ ਦਿਸ ਰਿਹਾ ਸੀ। ਗੁਰੂ ਜੀ ਨੇ ਛੱਜੂ ਦੇ ਸਿਰ ਤੇ ਛੜੀ ਰਖ ਦਿਤੀ ਅਤੇ ਲਾਲ ਚੰਦ ਨੂੰ ਪੁਛਣ ਲਈ ਕਿਹਾ। ਲਾਲ ਚੰਦ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਅਨਪੜ੍ਹ ਛੱਜੂ ਰਾਮ ਨੇ ਗੀਤਾ ਦੇ ਠੀਕ ਅਰਥ ਉਸ ਨੂੰ ਸਮਝਾ ਦਿਤੇ। ਇਸ 'ਤੇ ਲਾਲ ਚੰਦ ਸ਼ਰਮਿੰਦਾ

ਹੋ ਗਿਆ ਅਤੇ ਗੁਰੂ ਜੀ ਦਾ ਹੀ ਹੋ ਗਿਆ। ਬਾਅਦ ਵਿਚ ਦਸਵੇਂ ਪਾਤਸ਼ਾਹ ਇਹ ਲਾਲ ਚੰਦ ਅਮ੍ਰਿਤ ਛਕ ਕੇ ਲਾਲ ਸਿੰਘ ਬਣ ਗਿਆ ਅਤੇ ਮੁਗਲਾਂ ਨਾਲ ਹੋਈਆਂ ਲੜਾਈਆਂ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਜਦੋਂ ਗੁਰੂ ਜੀ ਹਾਲੇ ਦਿੱਲੀ ਵਿਚ ਹੀ ਸਨ, ਉਥੇ ਹੈਜੇ ਦੀ ਬੀਮਾਰੀ ਫੈਲ ਗਈ। ਗੁਰੂ ਜੀ ਨੇ ਦੁਖੀਆਂ ਦੀ ਸੇਵਾ ਆਪ ਕੀਤੀ ਅਤੇ ਫੈਲੀ ਹੋਈ ਬੀਮਾਰੀ ਹੈਜੇ ਅਤੇ ਚੇਚਕ ਦੇ ਮਰੀਜ਼ਾਂ ਦੀ ਸੇਵਾ ਵਿਚ ਜੁਟ ਗਏ। ਸੰਗਤਾਂ ਵੀ ਨਾਲ ਸਨ ਉਨ੍ਹਾਂ ਨੂੰ ਵੀ ਦੁਖੀਆਂ ਦੀ ਸੇਵਾ ਵਿਚ ਲਾ ਦਿਤਾ। ਉਨ੍ਹਾਂ ਨੇ ਇਸ ਗਲ ਦੀ ਪ੍ਰਵਾਹ ਨਾ ਕੀਤੀ ਕਿ ਇਹ ਬੀਮਾਰੀ ਉਨ੍ਹਾਂ ਨੂੰ ਵੀ ਹੋ ਸਕਦੀ ਹੈ ਅਤੇ ਸੇਵਾ ਵਿਚ ਲਗੇ ਰਹੇ।

**ਹਰ ਕ੍ਰਿਸ਼ਨ ਭਯੋ ਅਸਟਮ ਬਲਬੀਰਾ**
**ਜਿਨ ਪਹੁੰਚ ਦੇਹਲੀ ਤਜਿਓ ਸਰੀਰਾ**
**ਬਾਲ ਰੂਪ ਧਰਿ ਸਵਾਂਗ ਰਚਾਇਓ**
**ਤਬ ਸਹਿਜੇ ਤਨ ਕੋ ਛੋਡ ਸਿਧਾਇਓ।**

ਚੇਚਕ ਦੀ ਨਾਮੁਰਾਦ ਬੀਮਾਰੀ ਨਾਲ 1664 ਦੀ 16 ਅਪ੍ਰੈਲ ਨੂੰ ਜੋਤੀ ਜੋਤ ਸਮਾ ਗਏ ਅਤੇ ਜਾਣ ਲਗੇ ਸੰਗਤਾਂ ਨੂੰ ਉਨ੍ਹਾਂ ਦੇ ਪੁੱਛਣ 'ਤੇ ਇਹ ਆਦੇਸ਼ ਦਿਤਾ ਕਿ ਅਗਲੇ ਗੁਰੂ ਬਾਬਾ ਬਕਾਲੇ ਹਨ। ਇਸ ਤਰਾਂ ਨਾਲ ਸੰਗਤਾਂ ਨੂੰ ਬਾਬਾ ਬਕਾਲੇ ਦਾ ਹੁਕਮ ਦਿਤਾ ਅਤੇ ਸੰਗਤਾਂ ਵਲੋਂ ਅੰਤਿਮ ਸੰਸਕਾਰ ਜਮਨਾ ਨਦੀ ਦੇ ਕਿਨਾਰੇ ਭੋਗਲ ਪਿੰਡ ਵਿਚ ਕੀਤਾ ਗਿਆ ਜਿਥੇ ਅੱਜ ਕਲ ਗੁਰਦਵਾਰਾ ਬਾਲਾ ਸਾਹਿਬ ਹੈ, ਉਥੇ ਅਲਾਹੀ ਬਾਣੀ ਦਾ ਕੀਰਤਨ ਹੁੰਦਾ ਹੈ ਅਤੇ ਲੰਗਰ ਵੀ ਅਤੁੱਟ ਵਰਤਦਾ ਹੈ।

# ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ

ਪਾਵਨ ਪਵਿੱਤਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 305 ਉਪਰ ਸੁਭਾਏਮਾਨ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦਾ ਰਚਿਤ ਹੈ ਜੋ ਇਸ ਤਰਾਂ ਹੈ

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ ॥**

*(ਅੰਗ ੩੦੫)*

ਭਾਈ ਕਾਹਨ ਸਿੰਘ ਜੀ ਦੇ ਅਨੁਸਾਰ, ਜੋ ਮਨੁੱਖ ਸਤਿਗੁਰ ਦਾ (ਸੱਚਾ) ਸਿੱਖ ਅਖਵਾਉਂਦਾ ਹੈ (ਭਾਵ ਜਿਸ ਨੂੰ ਲੋਕ ਸੱਚਾ ਸਿੱਖ ਆਖਦੇ ਹਨ) ਉਹ ਰੋਜ਼ ਸਵੇਰੇ ਉੱਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ, ਹਰ ਰੋਜ਼ ਸਵੇਰੇ ਉੱਦਮ ਕਰਦਾ ਹੈ, ਇਸ਼ਨਾਨ ਕਰਦਾ ਹੈ, (ਤੇ ਫਿਰ ਨਾਮ ਰੂਪ) ਅੰਮ੍ਰਿਤ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ, ਸਤਿਗੁਰ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ ਤੇ (ਇਸ ਤਰ੍ਹਾਂ) ਉਸ ਦੇ ਸਾਰੇ ਪਾਪ ਵਿਕਾਰ ਲਹਿ ਜਾਂਦੇ ਹਨ, ਫਿਰ ਦਿਨ ਚੜ੍ਹੇ ਸਤਿਗੁਰ ਦੀ ਬਾਣੀ ਦਾ ਕੀਰਤਨ ਕਰਦਾ ਹੈ ਤੇ (ਦਿਹਾੜੀ) ਬਹਿੰਦਿਆਂ ਉੱਠਦਿਆਂ (ਭਾਵ ਕਿਰਤ ਕਰਦਿਆਂ) ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰੁ ਦੇ ਮਨ ਵਿਚ ਉਹ ਸਿੱਖ ਚੰਗਾ ਲੱਗਦਾ ਹੈ ਜੋ ਪਿਆਰੇ ਪ੍ਰਭੂ ਨੂੰ ਹਰ ਦਮ ਯਾਦ ਕਰਦਾ ਹੈ।

ਇਸ ਲਈ ਹਰ ਸਿੱਖ ਜਾਂ ਨਾਨਕ ਨਾਮ ਲੇਵਾ ਲਈ ਇਹ ਜ਼ਰੂਰੀ ਹੈ ਕਿ ਉਹ ਅੰਮ੍ਰਿਤ ਵੇਲੇ, ਸ਼ਾਮ ਵੇਲੇ ਅਤੇ ਸੌਣ ਵੇਲੇ ਪ੍ਰਭੂ ਦਾ ਜਪ ਕਰੇ।

## ਅਮ੍ਰਿਤ ਵੇਲੇ ਲਈ ਬਾਣੀਆਂ

ਜਪੁਜੀ ਸਾਹਿਬ (ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ)

ਜਪੁ ਸਾਹਿਬ (ਦਸਮ ਪਾਤਸ਼ਾਹ ਜੀ ਦੀ ਰਚਨ)
ਤ੍ਵਪ੍ਰਸਾਦ ਸਵਯੇ (ਸ੍ਰਾਵਗ ਸੁਧ ਵਾਲੇ) (ਦਸਮ ਪਾਤਸ਼ਾਹ ਜੀ ਦੀ ਰਚਨਾ)
ਚੌਪਈ ਸਾਹਿਬ (ਦਸਮ ਪਾਤਸ਼ਾਹ ਜੀ ਦੀ ਰਚਨਾ) ਅਤੇ
ਅਨੰਦ ਸਾਹਿਬ ਦੀਆਂ ਛੇ ਪੌੜੀਆਂ (ਸ੍ਰੀ ਗੁਰੂ ਅਮਰਦਾਸ ਜੀ ਦੀ ਰਚਨਾ)

## ਸ਼ਾਮ ਵੇਲੇ ਦੀ ਬਾਣੀ

ਰਹਰਾਸਿ ਸਾਹਿਬ

## ਰਾਤ ਨੂੰ ਸਾਉਣ ਵੇਲੇ ਲਈ ਬਾਣੀ

ਕੀਰਤਨ ਸੋਹਿਲਾ

ਰਹਰਾਸਿ ਸਾਹਿਬ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਸਲੋਕ ਰਾਗ ਗੂਜਰੀ ਮਹਲਾ ੪ ਪੜ੍ਹਦੇ ਹਾਂ ਜੋ ਕਿ ਅੰਗ 492 ਉਪਰ ਸੁਭਾਏਮਾਨ ਹੈ, ਵਿਚ ਲਿਖਦੇ ਹਨ ਕਿ :

**ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥**

ਅਤੇ ਰਹਰਾਸਿ ਸਾਹਿਬ ਵਿਚ ਹੀ ਰਾਗ ਆਸਾ ਮਹਲਾ ੪ ਪੜ੍ਹਦੇ ਹਾਂ ਜੋ ਕਿ ਅੰਗ 348 ਉਪਰ ਸੁਭਾਏਮਾਨ ਹੈ ਵਿਚ ਲਿਖਦੇ ਹਨ ਕਿ :

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥**
**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥**

ਅਤੇ ਰਹਰਾਸਿ ਸਾਹਿਬ ਵਿਚ ਹੀ ਪੜ੍ਹਦੇ ਹਾਂ ਜੋ ਅੰਗ 365 ਉਪਰ ਸੁਭਾਏਮਾਨ ਹੈ, ਵਿਚ ਲਿਖਿਆ ਹੈ ਕਿ :

**ਆਸਾ ਮਹਲਾ ੪ ਘਰੁ ੨**
**ੴ ਸਤਿਗੁਰ ਪ੍ਰਸਾਦਿ ॥**
**ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥**
**ਜੋ ਤਉ ਭਾਵੈ ਸੋਈ ਥੀਸੀ**
**ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥**

ਅਤੇ ਕੀਰਤਨ ਸੋਹਿਲਾ ਸਾਹਿਬ ਵਿਚ ਪੜ੍ਹਿਆ ਜਾਂਦਾ ਸਲੋਕ ਵੀ ਚੌਥੇ ਪਾਤਸ਼ਾਹ ਦੀ ਰਚਨਾ ਹੈ ਜੋ ਅੰਗ 171 ਉਪਰ ਸੁਭਾਏਮਾਨ ਹੈ --------

**ਗਉੜੀ ਪੂਰਬੀ ਮਹਲਾ ੪ ॥**
**ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥**
**ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥**

ਚੌਥੇ ਪਾਤਸ਼ਾਹ ਜਿਨ੍ਹਾਂ ਦਾ ਬਚਪਨ ਦਾ ਨਾਮ ਜੇਠਾ (ਪਹਿਲੇ ਪੁੱਤਰ ਨੂੰ ਜੇਠਾ ਪੁੱਤਰ ਆਖਿਆ ਜਾਂਦਾ ਹੈ ਅਤੇ ਇਹ ਮਾਪਿਆ ਦਾ ਪਹਿਲਾ ਪੁੱਤਰ ਸੀ ਇਸ ਲਈ ਜੇਠਾ ਆਖਿਆ ਗਿਆ) ਸੀ, ਦਾ ਜਨਮ ਸ੍ਰੀ ਹਰੀ ਦਾਸ ਸੋਢੀ ਜੀ ਦੇ ਘਰ ਮਾਤਾ ਦਯਾ ਜੀ

ਦੀ ਕੁਖੋਂ ਚੂਨਾ ਮੰਡੀ ਲਾਹੌਰ (ਪੱਛਮੀ ਪੰਜਾਬ, ਪਾਕਿਸਤਾਨ) ਕਤਕ ਵਦੀ 2 (25 ਅੱਸੂ) ਸੰਮਤ 1591 ਅਰਥਾਤ ਅਕਤੂਬਰ 9 ਸੰਨ 1534 ਨੂੰ ਹੋਇਆ। ਇਨ੍ਹਾਂ ਦਾ ਇਕ ਭਰਾ ਹਰਦਿਆਲ ਅਤੇ ਇਕ ਭੈਣ ਰਾਮਦਾਸੀ ਵੀ ਸੀ। ਅੱਠ ਸਾਲ ਦੀ ਉਮਰ ਵਿਚ ਮਾਤਾ ਜੀ ਅਤੇ ਪਿਤਾ ਜੀ ਚਲਾਣਾ ਕਰ ਗਏ ਅਤੇ ਬਚੇ ਯਤੀਮ ਹੋ ਗਏ। ਇਨ੍ਹਾਂ ਦੀ ਨਾਨੀ ਇਨ੍ਹਾਂ ਨੂੰ ਬਾਸਰਕੇ (ਅੰਮ੍ਰਿਤਸਰ) ਲੈ ਆਏ। ਛੋਟੀ ਉਮਰ ਵਿਚ ਹੀ ਘੁੰਗਣੀਆਂ ਵੇਚਣ ਲਗ ਪਏ। ਕਾਲੇ ਛੋਲੇ ਉਬਾਲ ਕੇ ਉਸ ਵਿਚ ਨਮਕ ਪਾ ਕੇ ਘੁੰਗਣੀਆਂ ਬਣਾਈਆਂ ਜਾਂਦੀਆਂ ਹਨ। ਕਈ ਵਾਰ ਗਰੀਬਾਂ ਨੂੰ ਮੁਫਤ ਵੀ ਖੁਆ ਦਿੰਦੇ ਸੀ, ਇਸ ਉਪਰ ਨਾਨਾ ਜੀ ਗੁਸੇ ਹੋਇਆ ਕਰਦੇ ਸਨ। ਵਡੇ ਹੋ ਕੇ ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਗਏ ਅਤੇ ਇਸ ਤੋਂ ਬਾਅਦ ਵਾਰ ਵਾਰ ਸੰਗਤ ਵਿਚ ਜਾਣ ਲਗ ਪਏ। ਜੇਠਾ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਪਿਆਰ ਨਾਲ ਰਾਮਦਾਸ ਹੀ ਆਖਦੇ ਸਨ।

ਇਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਾਤਾ ਰਾਮ ਕੌਰ ਜੀ ਨੇ ਕਿਹਾ ਕੇ ਹੁਣ ਆਪਣੀ ਪੁਤਰੀ ਬੀਬੀ ਭਾਨੀ ਲਈ ਵਰ ਲਭਣ ਦੀ ਲੋੜ ਹੈ ਤਾਂ ਗੁਰੂ ਜੀ ਨੇ ਪੁਛਿਆ ਕਿ ਵਰ ਕਿਹੋ ਜਿਹਾ ਹੋਵੇ ਤਾਂ ਸਬੱਬ ਨਾਲ ਭਾਈ ਜੇਠਾ ਜੀ ਘੁੰਗਣੀਆਂ ਵੇਚਦੇ ਹੋਏ ਸਾਹਮਣੇ ਦੀ ਲੰਘੇ ਤਾਂ ਮਾਤਾ ਜੀ ਬੋਲੇ ਵਰ ਇਸ ਲੜਕੇ ਜਿਹਾ ਹੋਵੇ ਤਾਂ ਗੁਰੂ ਜੀ ਬੋਲੇ ਇਸ ਵਰਗਾ ਤਾਂ ਇਹੋ ਹੀ ਹੈ ਅਤੇ ਗੁਰੂ ਜੀ ਨੇ ਬਿਨਾਂ ਉਚ ਨੀਚ ਅਤੇ ਜਾਤ ਪਾਤ ਵਿਚਾਰਨ ਦੇ ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਜੀ ਨਾਲ 22 ਫੱਗਣ 1610 ਨੂੰ ਕਰ ਦਿਤਾ।

ਜੇਠਾ ਜੀ ਸੇਵਾ ਵਿਚ ਲਗ ਗਏ ਅਤੇ ਗੋਇੰਦਵਾਲ ਗੁਰੂ ਜੀ ਦੇ ਘਰ ਹੀ ਰਹਿਣ ਲੱਗ ਪਏ ਅਤੇ ਕਦੇ ਵੀ ਜੁਆਈ ਬਣ ਕੇ ਨਾ ਰਹੇ ਸਗੋਂ ਸੇਵਾਦਾਰ ਬਣ ਕੇ ਸੇਵਾ ਵਿਚ ਲਗੇ ਰਹੇ। ਲੋਕਾਂ ਦੀ ਸਹੂਲਤ ਲਈ ਇਕ ਬਾਉਲੀ ਬਣਵਾਈ ਗਈ ਜਿਸ ਦੀਆਂ 84 ਪੌੜੀਆਂ ਹਨ ਇਸ ਬਾਉਲੀ ਦੀ ਸੇਵਾ ਚਲ ਰਹੀ ਸੀ, ਜਦੋਂ ਇਕ ਵਾਰ ਲਾਹੌਰ ਤੋਂ ਕੁਝ ਲੋਕ ਜੋ ਭਾਈ ਜੇਠਾ ਜੀ ਦੇ ਰਿਸ਼ਤੇ ਵਿਚੋਂ ਸਨ, ਗੋਇੰਦਵਾਲ ਆਏ ਤਾਂ ਉਨ੍ਹਾਂ ਨੇ ਜੇਠਾ ਜੀ ਨੂੰ ਸਿਰ ਉਪਰ ਟੋਕਰੀ ਚੁੱਕ ਕੇ ਸੇਵਾ ਕਰਦੇ ਦੇਖਿਆ ਤਾਂ ਗੁਰੂ ਜੀ ਪਾਸ ਗਿਲਾ ਕੀਤਾ ਕਿ ਤੁਸੀਂ ਜੁਆਈ ਤੋਂ ਮਜ਼ਦੂਰੀ ਕਰਵਾ ਰਹੇ ਹੋ ਇਹ ਚੰਗਾ ਨਹੀਂ ਹੈ। ਇਸ ਉਪਰ ਜੇਠਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਇਹ ਲੋਕ ਭੋਲੇ ਹਨ ਇਨ੍ਹਾਂ ਦੀ ਗੱਲ ਦਾ ਗੁੱਸਾ ਨਾ ਕਰਨਾ।

ਗੁਰੂ ਅਮਰਦਾਸ ਜੀ ਜਾਣੀ ਜਾਣ ਸਨ ਪਰੰਤੂ ਆਮ ਲੋਕਾਈ ਨੂੰ ਕੋਈ ਭੁਲੇਖਾ ਨਾ ਹੋਵੇ ਇਸ ਲਈ ਉਨ੍ਹਾਂ ਨੇ ਗੁਰਿਆਈ ਲਈ ਪਰਖ ਕਰਨੀ ਚਾਹੀ ਅਤੇ ਬੀਬੀ ਦਾਨੀ ਦੇ ਪਤੀ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਨੂੰ ਥੜ੍ਹੇ ਬਣਾ ਦੇਣ ਲਈ ਹੁਕਮ ਕੀਤਾ। ਅਗਲੇ ਦਿਨ ਥੜ੍ਹੇ ਬਣਾਏ ਗਏ ਅਤੇ ਗੁਰੂ ਜੀ ਨੇ ਵੇਖ ਕੇ ਆਖਿਆ ਕਿ ਇਹ ਠੀਕ ਨਹੀਂ ਬਣੇ, ਢਾਹ ਕੇ ਦੁਬਾਰਾ ਬਣਾਏ ਜਾਣ। ਅਗਲੇ ਦਿਨ ਫਿਰ ਬਣਾਏ ਗਏ ਅਤੇ ਸ਼ਾਮ ਵੇਲੇ ਫਿਰ ਗੁਰੂ ਜੀ ਨੇ ਠੀਕ ਨਾ ਹੋਣ ਕਾਰਣ ਢਾਹ ਦੇਣ ਲਈ ਆਖਿਆ। ਇਸ ਤਰ੍ਹਾਂ ਤਿੰਨ ਚਾਰ ਵਾਰ ਹੋਇਆ ਅਤੇ ਆਖਰੀ ਵਾਰ ਜਦ ਗੁਰੂ ਜੀ ਨੇ ਢਾਹ ਦੇਣ ਲਈ ਆਖਿਆ ਤਾਂ ਭਾਈ ਰਾਮਾ ਜੀ ਆਖਣ ਲਗੇ ਕਿ ਤੁਸੀਂ ਹੁਣ ਬੁੱਢੇ ਹੋ ਗਏ ਹੋ ਤੁਹਾਨੂੰ ਪਤਾ ਨਹੀਂ ਲੱਗਦਾ ਮੈਂ ਤਾਂ ਉਸ ਤਰ੍ਹਾਂ ਹੀ ਬਣਾਇਆ ਹੈ ਜਿਸ ਤਰ੍ਹਾਂ ਆਖਿਆ ਸੀ ਮੈਂ ਇਸ ਤੋਂ ਚੰਗਾ ਨਹੀਂ ਬਣਾ ਸਕਦਾ। ਭਾਈ ਜੇਠਾ ਜੀ ਨੂੰ ਜਦੋਂ ਢਾਹ ਦੇਣ ਲਈ ਆਖਿਆ ਤਾਂ ਉਹ

ਆਖਣ ਲਗੇ ਕਿ ਮੈਨੂੰ ਸੁਮਤ ਬਖਸ਼ੋ ਤਾਂ ਜੋ ਮੈਂ ਦੁਬਾਰਾ ਠੀਕ ਤਰਾਂ ਨਾਲ ਬਣਾ ਸਕਾਂ। ਭਾਦੋਂ ਸੁਦੀ 15 (1ਅਸੂ) ਸੰਮਤ 1631 ਅਰਥਾਤ ਇਕ ਸਤੰਬਰ 1574, ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਪੰਜ ਪੈਸੇ ਅਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਤੋਂ ਤਿਲਕ ਲਗਵਾਇਆ ਅਤੇ ਗੁਰਿਆਈ ਬਖਸ਼ ਦਿਤੀ। ਗੁਰਿਆਈ ਮਿਲਣ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਸ਼ਬਦ ਉਚਾਰਿਆ ਜੋ ਗੁਰੂ ਗਰੰਥ ਸਾਹਿਬ ਜੀ ਦੇ ਅੰਗ 167 ਉਪਰ ਸੁਭਾਏਮਾਨ ਹੈ :

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**
**ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ**
**ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥**

*(ਅੰਗ ੧੬੭)*

1631 ਸੰਮਤ ਨੂੰ ਆਪ ਜੀ ਵਲੋਂ ਗੁਰੂ ਕਾ ਚੱਕ ਜਾਂ ਚੱਕ ਰਾਮਦਾਸ ਜਾਂ ਰਾਮਦਾਸ ਪੁਰਾ ਵਸਾਇਆ ਗਿਆ ਜੋ ਬਾਅਦ ਵਿਚ ਮੁੱਖ ਵਪਾਰਕ ਕੇਂਦਰ ਅੰਮ੍ਰਿਤਸਰ ਬਣਿਆ। ਇਸੇ ਸਥਾਨ ਉਪਰ ਆਪ ਜੀ ਵਲੋਂ 1634 ਵਿਚ ਇਕ ਸਰੋਵਰ ਬਣਵਾਇਆ ਜੋ ਕਿ ਅੰਮ੍ਰਿਤ ਦਾ ਸਰੋਵਰ ਹੈ ਅਤੇ ਇਸ ਲਈ ਇਸ ਨਗਰ ਦਾ ਨਾਮ ਅੰਮ੍ਰਿਤਸਰ ਪੈ ਗਿਆ। ਆਪ ਜੀ ਵਲੋਂ ਬਾਣੀ ਦੀ ਰਚਨਾ ਵੀ ਕੀਤੀ ਗਈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਪ ਜੀ ਵਲੋਂ ਰਚਿਤ 688 ਸ਼ਬਦ ਹਨ ਜਿਸ ਵਿਚੋਂ ਅੰਗ 773-774 ਉਪਰ ਸੁਭਾਏਮਾਨ ਲਾਵਾਂ ਦਾ ਸ਼ਬਦ ਅਨੰਦ ਕਾਰਜ ਦੀ ਰਸਮ ਨੂੰ ਪਕਿਆਂ ਕਰਨ ਵਿਚ ਸਹੀ ਹੋਇਆ ਹੈ ਅਤੇ ਸਿਖ ਧਰਮ ਨਾਲ ਸੰਬੰਧਿਤ ਜਾਂ ਨਾਨਕ ਨਾਮ ਲੇਵਾ ਵਿਆਹ ਦੇ ਸਮੇਂ ਲਾਵਾਂ ਦਾ ਪਾਠ ਅਨੰਦ ਕਾਰਜ ਦੇ ਸਮੇਂ ਕਰ ਕੇ ਗੁਰੂ ਗਰੰਥ ਸਾਹਿਬ ਦੇ ਦੁਆਲੇ ਚਕਰ ਲਾਓਂਦੇ ਹਨ।ਲਾਵਾਂ ਦਾ ਸ਼ਲੋਕ ਇਸ ਪ੍ਰਕਾਰ ਹੈ :

**ਸੂਹੀ ਮਹਲਾ ੪ ॥**
**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥**
**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥**

--------

**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥**
**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥**

*(ਅੰਗ ੭੭੪)*

ਆਖਰੀ ਸਮਾਂ ਆ ਜਾਣ 'ਤੇ ਆਪ ਜੀ ਵਲੋਂ ਆਪਣੇ ਤਿੰਨ ਪੁੱਤਰਾਂ ਬਾਬਾ ਪਿਰਥੀ ਚੰਦ, ਬਾਬਾ ਮਹਾਂਦੇਵ ਅਤੇ ਅਰਜਨ ਦੇਵ ਵਿਚੋਂ ਛੋਟੇ ਪੁਤਰ ਸ੍ਰੀ ਅਰਜਨ ਦੇਵ ਜੀ ਨੂੰ ਗੁਰਗੱਦੀ ਦੇ ਯੋਗ ਜਾਣ ਕੇ, ਭਾਦਰੋਂ ਸੁਦੀ 3 (ਦੋ ਅੱਸੂ ) ਸੰਮਤ 1638 ਅਰਥਾਤ ਇਕ ਸਤੰਬਰ 1581 ਨੂੰ ਗੁਰਿਆਈ ਬਖਸ਼ ਦਿਤੀ ਅਤੇ ਸੰਗਤਾਂ ਨੂੰ ਉਹਨਾਂ ਦੇ ਲੜ ਲਾ ਕੇ ਉਸੇ ਦਿਨ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਭੱਟਾਂ ਵਲੋਂ ਕੀਤੀ ਗਈ ਉਸਤਤ ਵੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸੁਭਾਏਮਾਨ

ਹੈ ਜੋ ਇਸ ਪ੍ਰਕਾਰ ਹੈ :

**ਗੁਰ ਅਮਰਦਾਸ ਕੀ ਅਕਥ ਕਥਾ ਹੈ**
**ਇਕ ਜੀਹ ਕਛੁ ਕਹੀ ਨ ਜਾਈ ॥**
**ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ**
**ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥**

*(ਅੰਗ ੧੪੦੬)*

# ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

ਮੈਂ ਤੁਹਾਡਾ ਬੰਦਾ ਹਾਂ, ਮੈਨੂੰ ਬਖਸ਼ ਦਿਓ। ਆਪ ਜੀ ਵਲੋਂ ਕੀਤੇ ਹਰ ਹੁਕਮ ਦੀ ਪਾਲਣਾ ਕਾਰਣ ਲਈ ਤਿਆਰ ਹਾਂ। ਇਹ ਸ਼ਬਦ ਸੰਤ ਮਾਧੋ ਦਾਸ ਬੈਰਾਗੀ ਦੇ ਸਨ ਜਿਸ ਵਲੋਂ ਚੋਜੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰ ਚਲਾਏ ਗਏ ਕਿਸੇ ਜੰਤਰ ਮੰਤਰ ਦਾ ਅਸਰ ਨਹੀਂ ਹੋਇਆ ਸੀ ਅਤੇ ਉਸ ਨੇ ਅਧੀਨਗੀ ਕਬੂਲ ਲਈ ਸੀ। ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਉਸ ਦਾ ਨਾਮ ਬੰਦਾ ਸਿੰਘ ਰਖਿਆ ਅਤੇ ਉਸ ਨੂੰ ਖਾਲਸੇ ਦੀ ਰਹਿਤ ਅਤੇ ਅਸੂਲਾਂ ਦੀ ਜਾਣਕਾਰੀ ਦਿਤੀ। ਉਸ ਨੂੰ ਸਿੱਖ ਇਤਿਹਾਸ ਦੀ ਜਾਣਕਾਰੀ ਵਿਸ਼ੇਸ਼ ਕਰਕੇ ਪੰਜਵੇਂ ਅਤੇ ਨੌਂਵੇਂ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਵੱਖ ਵੱਖ ਲੜਾਈਆਂ, ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਹਿੰਦੂਆਂ ਅਤੇ ਸਿਖਾਂ ਉਪਰ ਕੀਤੇ ਗਏ ਜ਼ੁਲਮਾਂ ਤੇ ਅਤਿਆਚਾਰਾਂ ਦਾ ਹਾਲ ਦੱਸਿਆਂ। ਇਹ ਸਾਰੀ ਜਾਣਕਾਰੀ ਪ੍ਰਾਪਤ ਕਰ ਲੈਣ ਨਾਲ ਬਾਬਾ ਬੰਦਾ ਸਿੰਘ ਜੀ ਦੇ ਅੰਦਰ ਬੀਰ-ਰਸ ਪੈਦਾ ਹੋਇਆ ਅਤੇ ਉਸ ਨੇ ਗੁਰੂ ਜੀ ਤੋਂ ਪੰਜਾਬ ਜਾਣ ਅਤੇ ਜ਼ਾਲਮਾਂ ਨੂੰ ਸੋਧਣ ਦੀ ਆਗਿਆ ਮੰਗੀ ਸੀ।

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥੨੨॥**

ਤਾਂ ਗੁਰੂ ਜੀ ਨੇ ਇਹ ਜਾਣਦੇ ਹੋਏ ਕਿ ਇਸ ਸਮੇਂ ਤਲਵਾਰ ਉਠਾ ਲੈਣੀ ਠੀਕ ਹੈ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਦੀ ਬੇਨਤੀ ਮਨ ਕੇ ਉਸ ਨੂੰ ਆਗਿਆ ਦਿਤੀ ਕਿ ਪੰਜਾਬ ਵਿਚ ਖਾਲਸੇ ਦੇ ਜਥੇਦਾਰ ਬਣ ਕੇ ਜ਼ਾਲਮਾਂ ਨੂੰ ਸੋਧਣ ਦੀ ਲੋੜ ਹੈ।

ਬਾਬਾ ਬੰਦਾ ਸਿੰਘ ਜੀ ਦਾ ਜਨਮ ਪਿੰਡ ਰਾਜੌਰੀ, ਜੋ ਕਿ ਪੱਛਮੀ ਕਸ਼ਮੀਰ ਦੇ ਰਾਜ ਪੁੰਛ ਵਿਚ ਹੈ, ਕਤਕ ਸੁਦੀ 13 ਸੰਮਤ 1727 ਅਰਥਾਤ ਸੰਨ 1670 ਨੂੰ ਹੋਇਆ ਸੀ। ਇਨ੍ਹਾਂ ਦੇ ਪਿਤਾ ਰਾਜਪੂਤ ਰਾਮਦੇਵ ਜੀ ਇਕ ਵਾਹੀਕਾਰ ਸਨ। ਉਨ੍ਹਾਂ ਨੇ ਆਪਣੇ ਪੁੱਤਰ ਦਾ ਨਾਮ ਲਛਮਣ ਦਾਸ ਰਖਿਆ। ਪਿਤਾ ਜੀ ਨੇ ਇਨ੍ਹਾਂ ਨੂੰ ਵਾਹੀ ਤੋਂ ਇਲਾਵਾ ਸ਼ਿਕਾਰ ਖੇਡਣਾ, ਘੋੜ ਸਵਾਰੀ, ਸ਼ਸਤਰਾਂ ਦੀ ਵਰਤੋਂ ਦੀ ਸਿਖਿਆ ਦਿੱਤੀ ਸੀ। ਨਰਮ ਦਿਲ ਲਛਮਣ ਦਾਸ ਤੋਂ ਇਕ ਵਾਰ ਸ਼ਿਕਾਰ ਖੇਡਦਿਆਂ ਹਿਰਨੀ ਦਾ ਸ਼ਿਕਾਰ ਹੋ ਗਿਆ। ਜਦੋਂ ਉਸ ਸ਼ਿਕਾਰ ਦੇ ਟੋਟੇ ਕੀਤੇ ਗਏ ਤਾਂ ਉਸ ਦੇ ਪੇਟ ਵਿਚੋਂ ਦੋ ਬਚੇ ਨਿਕਲੇ ਸਨ। ਜੋ ਕਿ ਲਛਮਣ ਦਾਸ ਦੇ ਸਨਮੁਖ ਤੜਫ ਤੜਫ ਕੇ ਮਰ ਗਏ ਸਨ। ਇਸ ਦ੍ਰਿਸ਼ ਨੇ ਉਸ ਉਪਰ ਡੂੰਘਾ ਅਸਰ ਕੀਤਾ ਅਤੇ ਉਹ ਘਰ ਬਾਰ ਛੱਡ ਗਏ ਅਤੇ ਸਾਧੂ ਬਣ ਗਏ। ਸਾਧੂ ਹੋ ਕੇ ਜਾਨਕੀ ਪ੍ਰਸ਼ਾਦ ਤੋਂ ਉਪਦੇਸ਼ ਲਿਆ ਜਿਸ ਨੇ ਇਸ ਨੂੰ ਮਾਧੋ ਦਾਸ ਬੈਰਾਗੀ ਨਾਮ ਦਿਤਾ। ਬੈਰਾਗੀਆਂ ਦੀ ਮੰਡਲੀ ਨਾਲ ਘੁੰਮਦੇ ਹੋਏ ਪੰਜਾਬ ਪੁੱਜਾ ਜਿਥੇ ਉਸ ਨੇ ਸਾਧੂ ਰਾਮ ਦਾਸ

ਤੋਂ ਉਪਦੇਸ਼ ਲਿਆ ਪਰੰਤੂ ਮਨ ਨੂੰ ਸ਼ਾਂਤੀ ਪ੍ਰਾਪਤ ਨਾ ਹੋਈ।

ਸਾਧੂ ਬਾਣੇ ਵਿਚ ਘੁੰਮਦਾ ਹੋਇਆ ਗੋਦਾਵਰੀ ਦੇ ਕੰਢੇ ਨਾਸਿਕ ਪੁੱਜ ਗਿਆ ਉਥੇ ਔਘੜ ਨਾਥ ਦਾ ਚੇਲਾ ਬਣ ਗਿਆ। ਉਸ ਪਾਸੋਂ ਜੋਗ ਰਾਹੀਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਦੇ ਸਾਧਨ ਸਿਖੇ ਅਤੇ ਕਮਾਏ ਆਪਣੇ ਗੁਰੂ ਔਘੜ ਨਾਥ ਦੀ ਮੌਤ ਹੋ ਜਾਣ ਪਿਛੋਂ ਮਾਧੋ ਦਾਸ ਨੰਦੇੜ ਚਲਾ ਗਿਆ। ਉਥੇ ਉਸ ਨੇ ਇਕ ਕੁਟੀਆ ਬਣਾਈ ਅਤੇ ਤਪ (ਭਜਨ) ਕਾਰਣ ਲੱਗ ਪਿਆ। ਹੌਲੀ ਹੌਲੀ ਲੋਕਾਂ ਨੂੰ ਰਿਧੀਆਂ ਸਿਧੀਆਂ ਦੇ ਚਮਤਕਾਰ ਦਿਖਾ ਕੇ ਆਪਣੀ ਪ੍ਰਸਿਧੀ ਵਧਾ ਲਈ ਅਤੇ ਇਕ ਵੱਡਾ ਮੱਠ ਜਾਂ ਡੇਰਾ ਬਣਾ ਲਿਆ ਅਤੇ ਆਪ ਉਸ ਡੇਰੇ ਦਾ ਮਹੰਤ ਬਣ ਗਿਆ। ਉਸ ਦੇ ਡੇਰੇ ਵਿਚ ਜੋ ਵੀ ਸੰਤ ਸਾਧੂ ਆਉਂਦੇ ਉਨ੍ਹਾਂ ਦਾ ਜੰਤਰਾਂ ਮੰਤਰਾਂ ਰਾਹੀਂ ਖ਼ੂਬ ਮੌਜੂ ਬਣਾਉਂਦਾ ਸੀ ਅਤੇ ਜਦੋਂ ਮਹਾਂਬਲੀ ਸੱਚੇ ਪਾਤਸ਼ਾਹ ਸਤਿਗੁਰੂ ਉਸ ਡੇਰੇ ਵਿਚ ਪੁੱਜੇ ਤਾਂ ਉਨ੍ਹਾਂ ਉਪਰ ਰਿਧੀਆਂ ਸਿਧੀਆਂ ਜੰਤਰਾਂ ਮੰਤਰਾਂ ਦਾ ਕੋਈ ਅਸਰ ਨਾ ਹੋਇਆ ਤਾਂ ਉਸ ਨੇ ਉਨ੍ਹਾ ਤੋਂ ਖਿਮਾਂ ਮੰਗੀ ਅਤੇ ਉਨ੍ਹਾਂ ਦਾ ਬੰਦਾ ਬਣ ਗਿਆ ਸੀ।

ਦਸਮੇਸ਼ ਗੁਰੂ ਜੀ ਨੇ ਪੰਜ ਪਿਆਰੇ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਭਾਈ ਦਯਾ ਸਿੰਘ, ਭਾਈ ਰਣ ਸਿੰਘ ਅਤੇ ਹੋਰ ਵੀਹ ਸਿੰਘ ਨਾਲ ਦੇ ਕੇ ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਵਲ ਤੋਰ ਦਿਤਾ। ਲੜਾਈ ਲਈ ਆਪਣੇ ਭੱਥੇ ਵਿਚੋਂ ਪੰਜ ਤੀਰ, ਇਕ ਨਿਸ਼ਾਨ ਅਤੇ ਇਕ ਨਗਾਰਾ ਵੀ ਦਿੱਤਾ। ਵਿਦਾਈ ਸਮੇਂ ਗੁਰੂ ਜੀ ਨੇ ਕੁਝ ਜ਼ਰੂਰੀ ਹਦਾਇਤਾਂ ਵੀ ਦਿਤੀਆਂ ਸਨ ਅਤੇ ਉਪਦੇਸ਼ ਦਿੱਤਾ ਕਿ ਇਨ੍ਹਾਂ ਹਦਾਇਤਾਂ ਨੂੰ ਮੰਨ ਕੇ ਚਲਦੇ ਰਹੋਗੇ ਤਾਂ ਗੁਰੂ ਹਮੇਸ਼ਾਂ ਅੰਗ ਸੰਗ ਰਹੇਗਾ।

1. ਜਤ ਰਖਣਾ, 2. ਪਰਾਈ ਇਸਤਰੀ ਦੇ ਨੇੜੇ ਨਹੀਂ ਜਾਣਾ, 3. ਸਿਖੀ ਰਹਿਤ ਵਿਚ ਪੱਕੇ ਰਹਿਣਾ, 4. ਮਨ, ਬਚਨ ਅਤੇ ਕਰਮ ਕਰਕੇ ਪਵਿੱਤਰ ਰਹਿਣਾ, 5. ਆਪਣੇ ਆਪ ਨੂੰ ਗੁਰੂ ਪੰਥ ਦਾ ਦਾਸ ਸਮਝਣਾ, 6. ਪੰਥ ਦੀ ਆਗਿਆ ਦੇ ਅਨੁਸਾਰੀ ਰਹਿਣਾ, 7. ਆਪਣੇ ਆਪ ਨੂੰ ਗੁਰੂ ਨਾ ਮੰਨਣਾ ਅਤੇ ਨਾ ਹੀ ਗੁਰੂ ਆਖਵਾਉਣਾ, 8. ਹਰ ਸਮੇਂ ਪੰਜ ਪਿਆਰਿਆਂ ਦੀ ਸਲਾਹ ਨਾਲ ਚਲਣਾ, 9. ਦੀਨਾਂ ਅਨਾਥਾਂ ਅਤੇ ਦੁਖੀਆਂ ਦੀ ਮਦਦ ਕਰਨੀ, 10. ਵੰਡ ਕੇ ਛਕਣਾ, 11. ਵਾਹਿਗੁਰੂ ਉਪਰ ਭਰੋਸਾ ਰਖਣਾ, 12. ਜਦੋਂ ਵੀ ਕੋਈ ਭੀੜ ਬਣੇ ਅਰਦਾਸ ਕਰਨੀ ਗੁਰੂ ਮਦਦ ਕਰੇਗਾ।

ਗੁਰੂ ਜੀ ਨੇ ਸਿਖ ਸੰਗਤਾਂ ਨੂੰ ਵੀ ਬਾਬਾ ਬੰਦਾ ਸਿੰਘ ਦੀ ਸਹਾਇਤਾ ਕਰਨ ਲਈ ਲਿਖਿਆ। ਰਸਤੇ ਵਿਚੋਂ ਹੀ ਬਾਬਾ ਬੰਦਾ ਸਿੰਘ ਜੀ ਨੇ ਸੁਨੇਹੇ ਭੇਜ ਦਿਤੇ ਕੇ ਸਰਹਿੰਦ ਦੇ ਫੌਜਦਾਰ ਅਤੇ ਉਸ ਦੇ ਮਦਦਗਾਰ ਸੁਚਾ ਨੰਦ ਨੂੰ ਸਜ਼ਾ ਦੇਣ ਲਈ ਆ ਰਹੇ ਹਾਂ ਅਤੇ ਇਹ ਵੀ ਦਸਿਆ ਕੇ ਪਹਾੜੀ ਰਾਜਿਆਂ ਜਿਨ੍ਹਾਂ ਨੇ ਗੁਰੂ ਜੀ ਨਾਲ ਵੈਰ ਕਮਾਇਆ ਸੀ ਨੂੰ ਵੀ ਸੋਧਿਆ ਜਾਵੇਗਾ। ਸਿੰਘ ਵਹੀਰਾਂ ਘੱਤ ਬਾਬਾ ਜੀ ਨਾਲ ਆ ਰਲੇ। ਬਾਬ ਜੀ ਸਰਹਿੰਦ ਵਲ ਵਧ ਰਹੇ ਸਨ ਅਤੇ ਨਾਲੋ ਨਾਲ ਫੌਜ ਵਿਚ ਵੀ ਵਾਧਾ ਹੋ ਰਿਹਾ ਸੀ। 26 ਨਵੰਬਰ1709 ਨੂੰ ਸਮਾਣੇ ਤੇ ਹਮਲਾ ਕੀਤਾ ਗਿਆ। ਸਮਾਣੇ ਦੇ ਜਲਾਲਦੀਨ ਨੇ ਦਿੱਲੀ ਵਿਚ ਨੌਵੇਂ ਪਾਤਸ਼ਾਹ ਦਾ ਸੀਸ ਤਲਵਾਰ ਨਾਲ ਕਟਿਆ ਸੀ ਅਤੇ ਇਥੋਂ ਦੇ ਪਠਾਣਾਂ ਨੇ ਛੋਟੇ ਸਾਹਿਬਜ਼ਾਦਿਆਂ ਦੇ ਸੀਸ ਕਟੇ ਸਨ ਇਸ ਕਾਰਣ ਖਾਲਸੇ ਨੂੰ ਪੂਰਾ ਰੰਜ ਸੀ। ਮੁਗਲਾਂ

ਨੇ ਟਾਕਰਾ ਕੀਤਾ ਪਰ ਹਾਰ ਗਏ ਜ਼ਾਲਮਾਂ ਨੂੰ ਸਜ਼ਾ ਦੇ ਕੇ ਅਗੇ ਵਲ ਵਧੇ।

ਸ਼ਾਹਬਾਦ, ਵਜ਼ੀਰ ਖਾਂ ਦਾ ਪਿੰਡ ਕੁੰਜਪੁਰਾ, ਮੁਸਤਫਾਬਾਦ ਆਦਿ ਨੂੰ ਜਿੱਤ ਕੇ ਕਪੂਰੀ ਪੁੱਜ ਗਏ। ਇਥੋਂ ਦਾ ਬਦਚਲਣ ਹਾਕਮ ਕਦਮਦੀਨ ਲੋਕਾਈ ਉਪਰ ਬਹੁਤ ਜ਼ੁਲਮ ਕਰਦਾ ਸੀ। ਕਪੂਰੀ ਨੂੰ ਜਿਤ ਲੈਣ ਤੋਂ ਬਾਅਦ ਸਢੌਰੇ ਵਲ ਗਏ ਇਥੋਂ ਦੇ ਹਾਕਮ ਉਸਮਾਨ ਖਾਂ ਨੇ ਦਸਮੇਸ਼ ਪਿਤਾ ਦੇ ਸੇਵਕ ਸੱਯਦ ਬੁੱਧੂ ਸ਼ਾਹ ਨੂੰ ਕਤਲ ਕੀਤਾ ਸੀ ਕਿਉਂ ਜੋ ਉਸ ਨੇ ਭੰਗਾਣੀ ਦੇ ਯੁਧ ਵਿਚ ਸਿੱਖਾਂ ਦੀ ਮਦਦ ਕੀਤੀ ਸੀ। ਸਢੌਰੇ ਉਪਰ ਜਿੱਤ ਪ੍ਰਾਪਤ ਕਰ ਕੇ ਹਾਕਮ ਅਤੇ ਉਸ ਦੇ ਸਾਥੀਆਂ ਨੂੰ ਫਾਹੇ ਲਾਇਆ ਗਿਆ। ਇਸ ਤਰ੍ਹਾਂ ਸੋਧ ਲਾਉਂਦੇ ਹੋਏ ਸਰਹਿੰਦ ਵਲ ਵਧਿਆ ਜਾ ਰਿਹਾ ਸੀ ਅਤੇ ਹੋਰ ਪਾਸਿਆਂ ਤੋਂ ਖਾਲਸਾ ਜੋਸ਼ ਨਾਲ ਸਰਹਿੰਦ ਵਲ ਵਧ ਰਿਹਾ ਸੀ, ਮਾਝੇ ਅਤੇ ਦੁਆਬੇ ਦੇ ਸਿੱਖ ਵੀ ਕੀਰਤਪੁਰ ਆਣ ਮਿਲੇ ਸੂਬਾ ਸਰਜਹੰਦ ਨੇ ਸਿੱਖ ਫੌਜਾਂ ਨੂੰ ਰੋਕਣ ਲਈ ਨਵਾਬ ਮਲੇਰਕੋਟਲਾ ਨੂੰ ਆਖਿਆ। ਉਹ ਆਪਣੀ ਫੌਜ ਲੈ ਕੇ ਰੋਪੜ ਵਲ ਵਧਿਆ। ਉਸ ਥਾਂ ਉਪਰ ਦੋ ਦਿਨ ਲੜਾਈ ਹੋਈ ਖਾਲਸੇ ਨੇ ਜਿੱਤ ਪ੍ਰਾਪਤ ਕੀਤੀ। ਖਾਲਸਾ ਮਾਰੋ ਮਾਰ ਕਰਦਾ ਸਰਹਿੰਦ ਵਲ ਵਧ ਰਿਹਾ ਸੀ।

ਅਗੋਂ ਵਜ਼ੀਰ ਖਾਂ ਭਾਰੀ ਫੌਜ ਨਾਲ ਟਾਕਰੇ ਲਈ ਆ ਗਿਆ ਸਰਹੰਦ ਤੋਂ ਲਗਭਗ 10 ਕੋਹ ਦੀ ਦੂਰੀ ਉਪਰ ਚਾਪੜ-ਚਿੜੀ ਦੇ ਮੈਦਾਨ ਵਿਚ 12 ਮਈ 1710 ਨੂੰ ਬੜੀ ਸਖਤ ਲੜਾਈ ਹੋਈ ਵਜ਼ੀਰ ਖਾਂ ਨੂੰ ਹਾਰ ਹੋਈ ਉਓਹ ਮਾਰਿਆ ਗਿਆ। ਗੁਰੂ ਕੀ ਮਾਰੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ। ਪਾਪੀ ਸੁੱਚਾ ਨੰਦ ਦਾ ਕਤਲ ਕਰ ਦਿੱਤਾ ਗਿਆ ਹੋਰ ਵੀ ਦੁਸ਼ਟਾਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਪਰ ਕਿਸੇ ਭਲੇਮਾਣਸ ਨੂੰ ਕੁਝ ਨਾ ਆਖਿਆ ਗਿਆ। ਸ਼ੇਖ ਮੁਹਮਦ ਅਲਫਸਾਨੀ ਦੀ ਮਜ਼ਾਰ ਅਤੇ ਹੋਰ ਕਈ ਯਾਦਗਾਰਾਂ ਨੂੰ ਨਾ ਛੇੜਿਆ ਗਿਆ। ਇਸ ਜਿੱਤ ਨਾਲ ਕਰਨਾਲ ਤੋਂ ਲੁਧਿਆਣਾ ਤਕ ਦਾ ਸਰਹਿੰਦ ਸੂਬਾ ਸਿੱਖਾਂ ਦੇ ਕਬਜ਼ੇ ਵਿਚ ਹੋ ਗਿਆ ਇਸ ਦੀ ਸਾਲਾਨਾ ਆਮਦਨੀ ਉਸ ਸਮੇਂ ਲਗਭਗ 36 ਲਖ ਸੀ। ਬਾਬਾ ਬਾਜ ਸਿੰਘ ਜੀ ਨੂੰ ਸਰਹਿੰਦ ਦਾ ਸੂਬਾ ਲਾਇਆ ਗਿਆ। ਬਾਬਾ ਬੰਦਾ ਸਿੰਘ ਜੀ ਨੇ ਸਢੌਰੇ ਦੇ ਨੇੜੇ ਮੁਖਲਿਸਪੁਰ ਨੂੰ ਆਪਣਾ ਟਿਕਾਣਾ ਬਣਾ ਲਿਆ, ਉਥੋਂ ਦੇ ਕਿਲ੍ਹੇ ਦੀ ਮੁਰੰਮਤ ਕਰ ਕੇ ਉਸ ਦਾ ਨਾਮ ਲੋਹਗੜ੍ਹ ਰੱਖ ਦਿੱਤਾ। ਰਾਜ ਸੰਭਾਲਿਆ ਅਤੇ ਗੁਰੂ ਦੇ ਨਾਮ ਦਾ ਸਿੱਕਾ ਚਲਾਇਆ।

ਇਨ੍ਹਾਂ ਜਿਤਾਂ ਦਾ ਹਾਲ ਪਤਾ ਲੱਗ ਜਾਣ ਤੇ ਬਹਾਦੁਰ ਸ਼ਾਹ ਦੱਖਣ ਵਲੋਂ ਆਇਆ ਅਤੇ ਸਾਰੇ ਫੌਜਦਾਰਾਂ ਨੂੰ ਪੰਜਾਬ ਵਲ ਵਧਣ ਲਈ ਹੁਕਮ ਦਿਤਾ। ਸ਼ਾਹੀ ਫੌਜ ਦਸੰਬਰ 4, 1710 ਨੂੰ ਲੋਹਗੜ੍ਹ ਦੇ ਨੇੜੇ ਪੁੱਜੀ ਖਾਲਸੇ ਨੇ ਹਮਲਾ ਕੀਤਾ ਅਤੇ ਸ਼ਾਹੀ ਫੌਜ ਦੇ ਪੈਰ ਉਖੜ ਗਏ। ਕਿਲ੍ਹੇ ਦੇ ਦੁਆਲੇ ਸਠ ਹਜ਼ਾਰ ਫੌਜ ਨੇ ਘੇਰਾ ਪਾ ਲਿਆ ਪਰ ਹਮਲਾ ਕਰਨ ਦੀ ਹਿੰਮਤ ਨਾ ਹੋਈ, 10 ਦਸੰਬਰ ਦੀ ਰਾਤ ਨੂੰ ਬਾਬਾ ਬੰਦਾ ਸਿੰਘ ਜੀ ਵੈਰੀ ਦਲ ਨੂੰ ਕੱਟਦੇ ਕੱਟਦੇ ਕਿਲ੍ਹੇ ਵਿਚੋਂ ਨਿਕਲ ਗਏ ਅਤੇ ਨਾਹਨ ਦੀਆਂ ਪਹਾੜੀਆਂ ਵਲ ਚਲੇ ਗਏ। ਹੋਰ ਸਿਖਾਂ ਨੂੰ ਸੰਦੇਸ਼ੇ ਭੇਜੇ ਗਏ ਸਾਰੇ ਪਾਸਿਆਂ ਤੋਂ ਸਿੱਖ ਕੀਰਤਪੁਰ ਸਾਹਿਬ ਇਕੱਠੇ ਹੋਣ ਲਗੇ। ਪਹਿਲਾਂ ਪਹਾੜੀ ਰਾਜਿਆਂ ਨਾਲ ਟਾਕਰਾ ਕੀਤਾ ਅਤੇ ਫਿਰ ਚੰਬੇ ਦੇ ਰਾਜੇ ਨੇ ਆਪਣੇ ਘਰਾਣੇ ਦੀ ਲੜਕੀ ਬਾਬਾ ਜੀ ਨੂੰ ਵਿਆਹ ਦਿਤੀ ਜਿਸ ਦੀ ਕੁੱਖ ਵਿਚੋਂ ਅਜੈ ਸਿੰਘ ਪੈਦਾ ਹੋਇਆ। ਕੁਝ ਚਿਰ ਇਥੇ ਰੁਕੇ ਅਤੇ ਰਾਇਪੁਰ, ਬੇਹਰਾਮਪੁਰ, ਕਲਾਨੌਰ ਅਤੇ

ਬਟਾਲਾ ਜਿੱਤ ਲਏ ਸਨ। ਪਰੰਤੂ ਸ਼ਾਹੀ ਫੌਜਾਂ ਮਗਰ ਪੈ ਗਈਆਂ ਇਹ ਥਾਂ ਖਾਲੀ ਕਰਨਾ ਪਿਆ।

18 ਫਰਵਰੀ 1712 ਨੂੰ ਬਹਾਦੁਰ ਸ਼ਾਹ ਮਰ ਗਿਆ ਕੁਝ ਚਿਰ ਦਿੱਲੀ ਦੇ ਤਖ਼ਤ ਦਾ ਝਗੜਾ ਰਿਹਾ ਅਤੇ ਬਾਬਾ ਜੀ ਨੇ ਸਢੌਰਾ ਅਤੇ ਲੋਹਗੜ੍ਹ ਜਿਤ ਲਏ, ਲੋਹਗੜ੍ਹ ਸਿੱਖਾਂ ਦੀ ਰਾਜਧਾਨੀ ਬਣ ਗਿਆ। ਇਹ ਸਥਾਨ ਅਕਤੂਬਰ 1713 ਵਿਚ ਫਿਰ ਖਾਲੀ ਕਰਨਾ ਪਿਆ ਅਤੇ ਸ਼ਾਹੀ ਫੌਜਾਂ ਨੇ ਸਿੱਖਾਂ ਨੂੰ ਚੁਣ ਚੁਣ ਕੇ ਮਰਨਾ ਸ਼ੁਰੂ ਕਰ ਦਿਤਾ। ਖਾਲਸਾ ਦਲ ਦੀ ਗਿਣਤੀ ਕਾਫੀ ਘਟ ਗਈ ਸੀ। ਬਹੁਤ ਵਡੀ ਫੌਜ ਜੁੜ ਕੇ ਬਾਬਾ ਜੀ ਵਿਰੁਧ ਲੜੀ। ਇਕ ਵਾਰ ਤਾਂ ਸ਼ਾਹੀ ਫੌਜ ਦੇ ਪੈਰ ਉਖੜ ਗਏ ਪਰ ਘੱਟ ਗਿਣਤੀ ਹੋਣ ਕਰਕੇ ਬਹੁਤਾ ਚਿਰ ਨਾ ਡਟ ਸਕੇ। ਗੁਰਦਾਸਪੁਰ ਤੋਂ ਚਾਰ ਕੁ ਮੀਲਾਂ ਦੀ ਦੂਰੀ ਤੇ ਗੁਰਦਾਸ ਨੰਗਲ ਵਿਚ ਘੇਰੇ ਗਏ। ਉਥੇ ਉਹਨਾਂ ਨੇ ਇਕ ਹਵੇਲੀ ਵਿਚ ਮੋਰਚਾ ਕਾਇਮ ਕਰ ਲਿਆ ਅਤੇ ਦੁਆਲੇ ਇਕ ਖਾਈ ਪੁਟ ਕੇ ਨੇੜੇ ਦੀ ਨਹਿਰ ਵਿਚੋਂ ਭਰ ਲਈ।

ਸ਼ਾਹੀ ਫੌਜ ਨੇ ਘੇਰਾ ਪਾ ਲਿਆ ਪਰ ਖਾਲਸਾ ਦਲ ਉਪਰ ਹਮਲਾ ਕਰਨ ਦੀ ਦਲੇਰੀ ਨਾ ਕੀਤੀ। ਘੇਰਾ ਕਰੜਾ ਕਰ ਲਿਆ। ਅੰਦਰ ਰਸਦ ਮੁਕ ਗਈ ਬਾਲਣ ਵੀ ਮੁਕ ਗਿਆ। ਭੁਖ ਨੇ ਮੰਦਾ ਹਾਲ ਕਰ ਦਿਤਾ। ਸ਼ਾਹੀ ਫੌਜ ਦਸੰਬਰ 7, 1715 ਨੂੰ ਦਰਵਾਜ਼ਾ ਭੰਨ ਕੇ ਅੰਦਰ ਦਾਖਲ ਹੋ ਗਈ ਬਾਬਾ ਬੰਦਾ ਸਿੰਘ ਨੂੰ ਸਾਥੀਆਂ ਸਮੇਤ ਫੜ ਲਿਆ ਗਿਆ। ਮੁਸ਼ਕਾਂ ਕੱਸ ਕੇ ਲਾਹੌਰ ਵੱਲ ਲੈ ਗਏ। ਉਨ੍ਹਾਂ ਦੀ ਪਤਨੀ ਅਤੇ ਅਜੈ ਸਿੰਘ ਨੂੰ ਵੀ ਫੜ ਲੈ ਗਿਆ। ਸ਼ਹੀਦਾਂ ਦੇ ਸਿਰ ਨੇਜ਼ਿਆਂ ਉਪਰ ਟੰਗ ਕੇ ਲਾਹੌਰ ਪੁਚਾਏ ਗਏ। ਲਾਹੌਰ ਤੋਂ ਦਿੱਲੀ ਵਲ ਲੈ ਕੇ ਗਏ ਰਾਹ ਵਿਚੋਂ ਹੋਰ ਸਿੱਖ ਵੀ ਫੜ ਲਏ ਗਏ। ਇਸ ਤਰ੍ਹਾਂ ਬਾਬਾ ਜੀ ਨਾਲ ਲਗਭਗ ਸਾਢੇ ਸਤ ਸੌ ਸਿੱਖ ਦਿੱਲੀ ਪੁਚਾਏ ਗਏ।

29 ਫਰਵਰੀ 1716 ਨੂੰ ਦਿੱਲੀ ਪੁੱਜ ਕੇ ਜਲੂਸ ਕਢਿਆ ਗਿਆ ਜਲੂਸ ਦੇ ਅਗੇ ਲਗਭਗ ਦੋ ਹਜ਼ਾਰ ਸਿਖਾਂ ਦੇ ਸਿਰ ਬਾਂਸਾਂ ਉਪਰ ਟੰਗੇ ਹੋਏ ਸਨ। ਉਨ੍ਹਾਂ ਦੇ ਪਿਛੇ ਬਾਬਾ ਜੀ ਲੋਹੇ ਦੇ ਪਿੰਜਰੇ ਵਿਚ ਬੰਦ ਹਾਥੀ ਉਪਰ ਬਿਠਾਏ ਹੋਏ ਸਨ ਇਹਨਾਂ ਦੇ ਮਗਰ ਦੋ-ਦੋ ਨਰੜੇ ਹੋਏ ਅਤੇ ਐਲਾਨੇ ਊਠਾਂ ਉਪਰ ਸੁਟੇ ਹੋਏ ਸਿੱਖ ਕੈਦੀ ਸਨ। 5 ਮਾਰਚ 1716 ਨੂੰ ਕਤਲ ਕਰਨਾ ਸ਼ੁਰੂ ਕੀਤਾ ਗਿਆ, ਹਰ ਰੋਜ਼ ਇਕ ਸੌ ਸਿੰਘ ਕਤਲ ਕੀਤੇ ਜਾਂਦੇ ਸਨ ਪਰ ਕਿਸੇ ਨੇ ਵੀ ਧਰਮ ਨਾ ਛਡਿਆ।

9 ਜੂਨ 1717 ਨੂੰ ਬਾਬਾ ਜੀ ਦੀ ਵਾਰੀ ਆਈ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ, ਉਨ੍ਹਾਂ ਦੇ ਇਨਕਾਰ ਕਰਨ ਤੇ ਉਨ੍ਹਾਂ ਦੇ ਪੁਤਰ ਅਜੈ ਨੂੰ ਗੋਦੀ ਵਿਚ ਬਿਠਾ ਦਿੱਤਾ ਗਿਆ ਅਤੇ ਉਹਨਾਂ ਨੂੰ ਉਸ ਨੂੰ ਮਾਰਨ ਲਈ ਆਖਿਆ ਗਿਆ ਜਦੋਂ ਨਾ ਮੰਨੇ ਤਾਂ ਜਲਾਦ ਨੇ ਬੱਚੇ ਨੂੰ ਮਾਰ ਦਿਤਾ ਅਤੇ ਤੜਫਦਾ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਇਸ ਤਰ੍ਹਾਂ ਤਸੀਹੇ ਦਿੱਤੇ ਗਏ, ਮਾਸ ਨੋਚਿਆ ਗਿਆ ਅਤੇ ਅੰਗ ਅੰਗ ਕੱਟ ਦਿਤੇ ਗਏ। ਇਸ ਤਰ੍ਹਾਂ ਉਸ ਧਰਮ ਵੀਰ ਅਤੇ ਤਿਆਗੀ ਬੰਦੇ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ।

# ਸੀਸ ਦੀਆ ਪਰ ਸੀ ਨਾ ਉਚਰੀ

ਹਿੰਦੂ ਧਰਮ ਦੀ ਰਖਿਆ ਲਈ ਅਤੇ ਦੇਸ਼, ਜੋ ਕਿ ਨਿਰਦਈ ਹਕੂਮਤ ਦੇ ਕਬਜ਼ੇ ਵਿਚ ਸੀ, ਦੇ ਜ਼ਾਲਮ ਪੰਜੇ ਵਿਚੋਂ ਮੁਕਤੀ ਦਿਵਾਉਣ ਵਾਸਤੇ ਕੌਮ ਨੂੰ ਤਿਆਰ ਕਰਨ ਲਈ ਮਹਾਨ ਕੁਰਬਾਨੀ ਦੇਣ ਵਾਲੇ ਨੌਂਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ ਜੋ ਕਿ ਹਿੰਦ ਦੀ ਚਾਦਰ ਬਣੇ। ਉਹਨਾਂ ਦੀ ਅਦੁੱਤੀ ਕੁਰਬਾਨੀ ਬਾਰੇ ਦਸਮੇਸ਼ ਪਿਤਾ ਜੀ ਨੇ ਬਚਿੱਤਰ ਨਾਟਕ ਵਿਚ ਇਸ ਤਰਾਂ ਲਿਖਿਆ ਕਿ :

**ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮੈਂ ਸਾਕਾ।**
**ਸਾਧਨ ਹੇਤ ਇਤੀ ਜਿਨ ਕਰੀ, ਸੀਸ ਦੀਆ ਪਰ ਸੀ ਨਾ ਉਚਰੀ॥੧੩॥**

ਅਤੇ ਉਸ ਤਿਲਕ ਦੀ ਰਾਖੀ ਲਈ, ਜੋ ਸਿਖਾਂ ਦੇ ਪਹਿਲੇ ਗੁਰੂ ਜੀ ਨੇ ਪਹਿਨਣ ਤੋਂ ਇਨਕਾਰ ਕੀਤਾ ਸੀ, ਸ੍ਰੀ ਗੁਰੂ ਤੇਗ ਬਹਾਦਰ ਨੇ ਬਲੀਦਾਨ ਦਿਤਾ। ਇਤਿਹਾਸ ਦੇ ਉਪਰ ਨਜ਼ਰ ਮਾਰਿਆਂ ਕਿਤੇ ਵੀ ਇਹ ਨਹੀਂ ਲਿਖਿਆ ਮਿਲਦਾ ਕਿ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਨੇ ਕਿਸੇ ਹੋਰ ਧਰਮ ਦੀ ਰਾਖੀ ਲਈ ਆਪਣਾ ਸਵੈ ਕੁਰਬਾਨ ਕੀਤਾ ਹੋਵੇ। ਗੁਰੂ ਸਾਹਿਬਾਨ ਦੀ ਕੁਰਬਾਨੀ ਇਸ ਕਸਵਟੀ ਤੇ ਪੂਰੀ ਉਤਰਦੀ ਹੈ। ਦੁਨੀਆ ਦੀ ਇਹ ਵਿਲੱਖਣ ਉਦਾਹਰਣ ਹੈ ਕਿ ਕੋਈ ਆਪ ਚਲ ਕੇ ਸ਼ਹੀਦ ਹੋਣ ਲਈ ਉਸ ਵਲ ਨੂੰ ਕਦਮ ਵਧ ਰਿਹਾ ਹੋਵੇ। ਗੁਰੂ ਸਾਹਿਬ ਆਪ ਇਹ ਧਾਰ ਕੇ ਕੁਝ ਸਿਖਾਂ ਨਾਲ ਇਕ ਖਾਸ ਮੰਤਵ ਲਈ ਭਾਵ ਸ਼ਹਾਦਤ ਦੇਣ ਲਈ ਦਿੱਲੀ ਵਲ ਗਏ ਸਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ 5 (ਦੇਸੀ ਮਹੀਨੇ ਵਿਸਾਖ ਦੀ ਪੰਜ ਤਾਰੀਖ) ਸੰਮਤ 1678 ਅਰਥਾਤ ਅਪ੍ਰੈਲ ਪਹਿਲੀ ਸੰਨ 1621 ਨੂੰ ਮਾਤਾ ਨਾਨਕੀ ਜੀ ਦੀ ਕੁੱਖ ਵਿਚੋਂ ਛੇਵੇਂ ਨਾਨਕ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ ਸੀ। ਸ੍ਰੀ ਹਰਗੋਬਿੰਦ ਸਾਹਿਬ ਜੀ ਦੇ ਪੰਜ ਪੁਤਰ ਅਤੇ ਦੋ ਧੀਆਂ ਸਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ, ਦੋ ਲੜਕਿਆਂ ਅਤੇ ਇਕ ਲੜਕੀ ਤੋਂ ਛੋਟੇ ਸਨ। ਬਚਪਨ ਤੋਂ ਹੀ ਤਿਆਗੀ ਸੁਭਾਵ ਦੇ ਮਾਲਕ ਸੀ ਅਤੇ ਸ਼ੁਰੂ ਤੋਂ ਹੀ ਡੂੰਘੇ ਵਿਚਾਰਵਾਨ, ਨਿਰਭੈ, ਦਲੇਰ ਅਤੇ ਸੰਤ ਸਰੂਪ ਬਿਰਤੀ ਵਾਲੇ ਸਨ। ਪੜ੍ਹਾਈ ਲਿਖਾਈ ਦਾ ਕੰਮ ਅਤੇ ਧਾਰਮਿਕ ਸਿਖਲਾਈ ਦੇ ਕੰਮ ਦੇ ਨਾਲ ਨਾਲ ਸ਼ਸਤਰ ਵਿਦਿਆ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਦੇਖ ਰੇਖ ਅਧੀਨ ਹੋਈ ਸੀ। ਇਸ ਕਾਰਣ ਹੀ ਆਪ ਜਵਾਨ, ਸੁੰਦਰ, ਸੂਰਬੀਰ, ਬਲਵਾਨ, ਵਿਦਵਾਨ, ਸ਼ਸ਼ਤਰ ਧਾਰੀ ਅਤੇ ਰਾਜਨੀਤੀ ਦੇ ਚੰਗੇ ਜਾਣਕਾਰ ਬਣੇ। ਸੰਮਤ 1691 ਵਿਚ ਕਰਤਾਰਪੁਰ ਵਿਖੇ ਜੰਗ ਵਿਚ ਚੰਗੇ ਜੌਹਰ ਵਿਖਾਏ ਅਤੇ ਕਈ ਵੈਰੀ ਮਿੱਟੀ ਵਿਚ ਮਿਲਾ ਦਿਤੇ ਇਸ ਲਈ ਇਨ੍ਹਾ ਦਾ ਨਾਮ ਤਿਆਗ ਮਲ ਤੋਂ ਤੇਗ ਬਹਾਦਰ

ਰਖ ਦਿਤਾ ਗਿਆ। ਮੀਰੀ ਪੀਰੀ ਦੇ ਮਾਲਕ ਨੇ ਇਸ ਸਬੰਧੀ ਪਹਿਲਾਂ ਹੀ ਕਿਹਾ ਸੀ ਕਿ ਇਹ ਲੜਕਾ ਤੇਗ ਦਾ ਧਨੀ ਹੋਵੇਗਾ।

ਆਪ ਜੀ ਦਾ ਜੀਵਨ ਬੜਾ ਹੀ ਸਾਦਾ ਅਤੇ ਸੁਖਮਈ ਸੀ ਅਤੇ ਮਨ ਸੰਸਾਰਕ ਲਾਲਚ ਤੋਂ ਅਡੋਲ ਸੀ। ਆਪ ਇਕ ਚਿਤ ਹੋ ਕੇ ਪਰਮਾਤਮਾ ਦਾ ਸਿਮਰਨ ਕਰਦੇ ਸਨ। ਆਪ ਜੀ ਦਾ ਵਿਵਾਹ ਸ੍ਰੀ ਲਾਲ ਚੰਦ ਜੀ ਦੀ ਪੁਤਰੀ ਬੀਬੀ ਗੁਜਰੀ ਜੀ ਨਾਲ ਸਿਖੀ ਰਵਾਇਤਾਂ ਅਨੁਸਾਰ ਸੰਮਤ 1689 ਦੇ ਅੱਸੂ ਦੀ 15 ਤਾਰੀਖ ਨੂੰ ਹੋਇਆ ਸੀ। ਸ੍ਰੀ ਲਾਲ ਚੰਦ ਜੀ ਕਰਤਾਰਪੁਰ ਜਿਲਾ ਜਲੰਧਰ ਦੇ ਵਸਨੀਕ ਸਨ। ਜਦੋਂ ਅੰਤਲਾ ਸਮਾਂ ਆਉਣ ਤੇ ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਸ੍ਰੀ ਗੁਰਦਿਤਾ ਜੀ ਦੇ ਪੁਤਰ ਹਰਿ ਰਾਏ ਨੂੰ ਦਿਤੀ ਸੀ ਤਾਂ ਇਨ੍ਹਾਂ ਦੇ ਮਨ ਵਿਚ ਰੱਤੀ ਭਰ ਵੀ ਰੋਸ ਨਹੀਂ ਆਇਆ ਸੀ ਅਤੇ ਫੇਰ ਗੁਰਗੱਦੀ ਲਈ ਸ੍ਰੀ ਗੁਰੂ ਹਰਿ ਰਾਏ ਜੀ ਨੇ ਆਪਣੇ ਪੁੱਤਰ ਨੂੰ ਚੁਣ ਲਿਆ ਸੀ ਭਾਵੇਂ ਉਹ (ਸ੍ਰੀ ਗੁਰੂ ਹਰਕ੍ਰਿਸ਼ਨ ਜੀ) ਹਾਲੇ ਕੇਵਲ ਪੰਜ ਸਾਲ ਦੇ ਹੀ ਸਨ, ਤਦ ਵੀ ਆਪ ਜੀ ਦੇ ਮਨ ਵਿਚ ਕਿਣਕਾ ਮਾਤਰ ਵੀ ਵਿਰੋਧ ਦਾ ਖਿਆਲ ਨਹੀਂ ਆਇਆ ਸੀ। 1701 ਸੰਮਤ ਵਿਚ ਜਦੋਂ ਛੇਵੇਂ ਪਾਤਸ਼ਾਹ ਜੀ ਜੋਤੀ ਜੋਤ ਸਮਾਂ ਗਏ ਤਾਂ ਆਪ ਜੀ ਆਪਣੀ ਮਾਤਾ ਨਾਨਕੀ ਅਤੇ ਆਪਣੀ ਪਤਨੀ ਸ੍ਰੀਮਤੀ ਗੁਜਰੀ ਸਮੇਤ ਆਪਣੇ ਨਾਨਕੇ ਬਕਾਲੇ ਚਲੇ ਗਏ। ਆਪ ਜੀ ਇਕ ਸਾਦੇ ਮਕਾਨ ਵਿਚ ਸਾਦਗੀ ਵਾਲਾ ਜੀਵਨ ਗੁਜ਼ਾਰਦੇ ਰਹੇ ਅਤੇ ਜ਼ਿਆਦਾ ਸਮਾਂ ਭੋਰੇ ਵਿਚ ਤਪ ਕਰਦੇ ਸਨ ਇਥੇ ਉਹਨਾਂ ਨੇ ਆਪਣੇ ਜੀਵਨ ਦੇ ਲਗਭਗ 20-21 ਸਾਲ ਬਿਤਾਏ।

ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਜਦੋਂ ਚੇਤ ਸੁਦੀ 14 ਅਰਥਾਤ 3 ਵਿਸਾਖ ਸੰਮਤ 1721 ਨੂੰ ਅਕਾਲ ਚਲਾਣਾ ਕਰ ਗਏ ਅਤੇ ਜੋਤੀ ਜੋਤ ਸਮਾਉਨ ਤੋਂ ਪਹਿਲਾਂ ਸੰਗਤਾਂ ਨੂੰ ਆਦੇਸ਼ ਦਿਤਾ ਕਿ ਅਗਲਾ ਗੁਰੂ ਬਾਬਾ ਬਕਾਲੇ ਹੈ। ਇਸ ਐਲਾਨ ਦੇ ਨਾਲ ਜਿਤਨੇ ਵੀ ਸੋਢੀ ਅਠਵੇਂ ਗੁਰੂ ਦੇ ਰਿਸ਼ਤੇ ਵਿਚ ਬਾਬੇ ਲਗਦੇ ਸਨ ਬਕਾਲੇ ਵਿਖੇ ਮੰਜੀਆਂ ਡਾਹ ਕੇ ਗੁਰੂ ਅਖਵਾਣ ਲਗ ਪਏ ਅਤੇ ਸੰਗਤਾਂ ਪਾਸੋਂ ਕਾਰ ਭੇਟਾਂ ਆਦਿ ਲੇਣ ਲਗ ਪਏ। ਪਰੰਤੂ ਤਿਆਗ ਦੀ ਮੂਰਤੀ ਤੇਗ ਬਹਾਦਰ ਜੀ ਕਿਸੇ ਵੀ ਝਗੜੇ ਵਿਚ ਨਾ ਪਏ ਭਾਵੇਂ ਕਿ ਉਹ ਜਾਣੀ ਜਾਣ ਸਨ ਕੇ ਗੁਰਿਆਈ ਸਾਨੂੰ ਹੀ ਦਿਤੀ ਗਈ ਹੈ। ਇਸ ਤਰ੍ਹਾਂ ਨਾਲ ਲਗਭਗ ਇਕ ਸਾਲ ਦਾ ਸਮਾਂ ਬੀਤ ਗਿਆ। ਸਿੱਖ ਸੰਗਤਾਂ ਨੂੰ ਕਿਸੇ ਵੀ ਗੁਰੂ ਤੋਂ ਆਤਮਿਕ ਸ਼ਾਂਤੀ ਪ੍ਰਾਪਤ ਨਹੀਂ ਹੋ ਰਹੀ ਸੀ, ਸੰਗਤਾਂ ਦੇ ਮਨ ਨੂੰ ਠੰਡ ਨਹੀਂ ਮਿਲ ਰਹੀ ਸੀ ਕਿਉਂਕਿ ਸੰਗਤਾਂ ਨੂੰ ਪੂਰਨ ਗੁਰੂ ਦੇ ਦਰਸ਼ਨ ਨਹੀਂ ਹੋ ਰਹੇ ਸਨ ਅਤੇ ਉਹ ਸਚੇ ਗੁਰੂ ਦੀ ਭਾਲ ਵਿਚ ਸਨ।

ਮਾਰਚ 1665 ਵਿਚ ਇਕ ਸਿੱਖ ਭਾਈ ਮਖਣ ਸ਼ਾਹ ਲੁਬਾਣਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਬਕਾਲੇ ਪੁਜਾ ਵਿਸਾਖੀ ਨੇੜੇ ਹੋਣ ਕਾਰਣ ਭਾਰੀ ਗਿਣਤੀ ਵਿਚ ਸੰਗਤਾਂ ਆ ਰਹੀਆਂ ਸਨ। ਇਹ ਰਿਵਾਜ ਸੀ ਕਿ ਜਿਥੇ ਗੁਰੂ ਜੀ ਹੋਇਆ ਕਰਦੇ ਸਨ, ਭਾਰੀ ਗਿਣਤੀ ਵਿਚ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਵਿਸਾਖੀ ਮੌਕੇ ਪੁੱਜਦੀਆਂ ਸਨ। ਭਾਈ ਮੱਖਣ ਸ਼ਾਹ ਇਕ ਵਪਾਰੀ ਸੀ ਅਤੇ ਗੁਜਰਾਤ ਦੇ ਇਲਾਕੇ ਦਾ ਗੁਰੂ ਜੀ ਦਾ ਮਸੰਦ ਸੀ ਉਹ ਕਾਰ ਭੇਟਾਂ ਦੀਆਂ 1000 ਮੋਹਰਾਂ ਆਪਣੇ ਨਾਲ ਲੈ ਕੇ ਆਇਆ ਸੀ ਕੁਝ ਇਤਿਹਾਸਕਾਰ 500 ਮੋਹਰਾਂ ਲਿਖਦੇ ਹਨ। ਉਸ ਨੂੰ ਬਕਾਲੇ ਪੁੱਜ ਕੇ ਪਤਾ ਲੱਗਾ ਕਿ

ਬਹੁਤ ਸਾਰੇ ਸੋਢੀ ਗੁਰੂ ਬਣ ਬੈਠੇ ਹਨ। ਉਹ ਫੈਸਲਾ ਨਾ ਕਰ ਸਕਿਆ ਕਿ ਅਸਲ ਗੁਰੂ ਕਿਹੜਾ ਹੈ, ਇਸ ਲਈ ਉਸ ਨੇ ਹਰ ਮੰਜੀਦਾਰ ਨੂੰ ਦੋ-ਦੋ ਮੋਹਰਾਂ ਮੱਥਾ ਟੇਕ ਦਿਤੀਆਂ ਪਰੰਤੂ ਮਨ ਦੀ ਤਸੱਲੀ ਨਾ ਹੋਈ ਉਸ ਨੂੰ ਪੁੱਛਣ ਤੇ ਪਤਾ ਲੱਗਾ ਕਿ ਇਕ ਹੋਰ ਸੋਢੀ ਵੀ ਹੈ ਜੋ ਭੋਰੇ ਵਿਚ ਰਹਿ ਕਿ ਭਗਤੀ ਕਰ ਰਿਹਾ ਹੈ। ਜਦੋਂ ਉਥੇ ਪੁਜਾ ਤਾਂ ਮਾਤਾ ਗੁਜਰੀ ਜੀ ਨੇ ਦੱਸਿਆ ਕਿ ਉਹ ਕਿਸੇ ਨੂੰ ਮਿਲਦੇ ਨਹੀਂ ਪਰੰਤੂ ਮੱਖਣ ਸ਼ਾਹ ਨੇ ਬੇਨਤੀ ਕਰ ਕੇ ਗੁਰੂ ਦਾ ਬੂਹਾ ਖੁਲ੍ਹਵਾਇਆ। ਦੋ ਮੋਹਰਾਂ ਮੱਥਾ ਟੇਕਿਆ ਅਤੇ ਜਾਣ ਲਗਾ ਤਾਂ ਗੁਰੂ ਜੀ ਬੋਲੇ ਭਗਤਾ ਗੁਰੂ ਦੀ ਅਮਾਨਤ ਦੇਣੀ ਹੀ ਠੀਕ ਹੈ, 1000 ਵਿਚੋਂ ਕੇਵਲ ਦੋ ਮੋਹਰਾਂ ਹੀ ਦੇ ਰਿਹਾ ਹੈਂ। ਇਸ ਤੇ ਮੱਖਣ ਸ਼ਾਹ ਨੇ ਬਾਕੀ ਮੋਹਰਾਂ ਵੀ ਮੱਥਾ ਟੇਕ ਦਿਤੀਆਂ ਅਤੇ ਬਾਹਰ ਆ ਕੇ ਦੱਸ ਦਿਤਾ ਕਿ ਗੁਰੂ ਲੱਭ ਪਿਆ ਹੈ। ਇਹ ਸੁਣ ਕੇ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਆ ਗਈਆਂ। ਜਿਹੜਾ ਸਿੱਖ ਦਿੱਲੀ ਤੋਂ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਆਇਆ ਸੀ ਉਸ ਨੇ ਗੁਰੂ ਜੀ ਨੂੰ ਭੇਟ ਕੀਤਾ ਅਤੇ ਬਾਬਾ ਬੁਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਤਿਲਕ ਦਿਤਾ ਇਸ ਦਿਨ ਮਾਰਚ ਮਹੀਨੇ ਦੀ 20 ਤਾਰੀਖ ਸੀ ਅਤੇ ਸੰਨ 1665 ਦਾ ਸੋਮਵਾਰ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਦੋਂ ਗੁਰਗੱਦੀ ਸੰਭਾਲ ਲਈ ਤਾਂ ਇਹ ਗਲ ਧੀਰ ਮਲ ਦੇ ਮਨ ਨੂੰ ਨਾ ਜੱਚੀ ਇਸ ਲਈ ਉਸ ਨੇ ਆਪਣੇ ਸਾਥੀਆਂ ਅਤੇ ਮਸੰਦਾ ਰਾਹੀਂ ਗੁਰੂ ਜੀ ਨੂੰ ਜਾਨੋਂ ਮਾਰਨ ਦੀ ਵਿਉਂਤ ਬਣਾਈ ਅਤੇ ਆਪਣੇ ਮਸੰਦ ਸ਼ੀਹੇਂ ਦੇ ਰਾਹੀਂ ਇਸ ਯੋਜਨਾ ਨੂੰ ਸਫਲ ਕਰਨ ਲਈ ਤਿਆਰ ਕੀਤਾ। ਉਸ ਨੇ ਗੁਰੂ ਜੀ ਉਪਰ ਗੋਲੀ ਚਲਾ ਦਿਤੀ ਜਿਸ ਨਾਲ ਆਪ ਜੀ ਨੂੰ ਜ਼ਖਮ ਹੋ ਗਿਆ ਪਰੰਤੂ ਆਪ ਜੀ ਨੇ ਕੋਈ ਵਿਰੋਧ ਨਾ ਕੀਤਾ। ਧੀਰ ਮਲ ਦੇ ਸਾਥੀ ਗੁਰੂ ਜੀ ਦਾ ਕਾਫੀ ਸਾਮਾਨ ਲੁੱਟ ਕੇ ਲਈ ਗਏ। ਮੱਖਣ ਸ਼ਾਹ ਨੂੰ ਇਸ ਦੀ ਖਬਰ ਹੋ ਗਈ ਤਾਂ ਉਸ ਨੇ ਆਪਣੇ ਸਾਥੀ ਲੈ ਕੇ ਧੀਰ ਮਲ ਦੇ ਸਾਥੀਆਂ ਨੂੰ ਘੇਰ ਕੇ ਸਾਰਾ ਸਾਮਾਨ ਵਾਪਸ ਲੈ ਲਿਆ ਪਰੰਤੂ ਜਦੋਂ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਆਦੇਸ਼ ਦਿਤਾ ਕੇ ਧੀਰ ਮਲ ਦੀਆਂ ਸਾਰੀਆਂ ਵਸਤਾਂ ਵਾਪਸ ਕਰ ਦਿਤੀਆਂ ਜਾਣ। ਸਿਖਾਂ ਨੇ ਸਾਰੀਆਂ ਵਸਤਾਂ ਮੋੜ ਦਿਤੀਆਂ ਪਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਵਾਪਸ ਨਾ ਕੀਤੀ ਜਿਹੜੀ ਬਾਦ ਵਿਚ ਗੁਰੂ ਜੀ ਨੇ ਆਪ ਵਾਪਸ ਭੇਜ ਦਿਤੀ ਸੀ।

ਗੁਰੂ ਜੀ ਆਪ ਜਾਣੀ ਜਾਣ ਸਨ ਅਤੇ ਆਉਣ ਵਾਲੇ ਸਮੇਂ ਨੂੰ ਮੁੱਖ ਰਖ ਕੇ ਲੋਕਾਂ ਨੂੰ ਸਹੀ ਸੇਧ ਦੇਣ ਲਈ ਅਤੇ ਹੋਰ ਗੁਰੂ ਘਰਾਂ ਦੇ ਦਰਸ਼ਨਾਂ ਲਈ ਚਲ ਪਏ। ਤਰਨ ਤਾਰਨ ਸਾਹਿਬ, ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਦੀ ਯਾਤਰਾ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਪੁਜੇ। ਆਪ ਜੀ ਨੇ ਅੰਮ੍ਰਿਤ ਸਰੋਵਰ ਵਿਖੇ ਇਸ਼ਨਾਨ ਕੀਤਾ ਅਤੇ ਜਦੋਂ ਸ੍ਰੀ ਹਰਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਤਾਂ ਮਸੰਦਾਂ ਅਤੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ ਅਤੇ ਗੁਰੂ ਜੀ ਥੜੇ ਤੋਂ ਹੀ ਵਾਪਸ ਮੁੜ ਆਏ ਜਿਥੇ ਗੁਰਦਵਾਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ। ਮਾਝੇ ਦੀ ਯਾਤਰਾ ਤੇ ਸਿੱਖੀ ਪਰਚਾਰ ਕਰਨ ਤੋਂ ਬਾਅਦ ਗੁਰੂ ਜੀ ਕੀਰਤਪੁਰ ਸਾਹਿਬ ਗਏ। ਉਸ ਸਥਾਨ ਉਪਰ ਵੀ ਧੀਰ ਮਲੀਏ ਆਪ ਜੀ ਦਾ ਵਿਰੋਧ ਕਰ ਰਹੇ ਸਨ। ਗੁਰੂ ਜੀ ਆਪਨੇ ਸੁਭਾਅ ਅਨੁਸਾਰ ਕਿਸੇ ਨੂੰ ਵੀ ਦੁਖੀ ਨਹੀਂ ਕਰਨਾ ਚਾਹੁੰਦੇ ਸਨ ਇਸ ਲਈ ਉਨ੍ਹਾਂ ਨੇ ਰਾਜਾ ਕਹਿਲੂਰ ਪਾਸੋਂ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਸਤਿਲੁਜ ਦਰਿਆ

ਦੇ ਕੰਡੇ ਨਗਰ ਚੱਕ ਨਾਨਕੀ ਵਸਾਇਆ ਜੋ ਬਾਅਦ ਵਿਚ ਆਨੰਦਪੁਰ ਸਾਹਿਬ ਬਣਿਆ ਅਤੇ ਦਸਮੇਸ਼ ਪਿਤਾ ਨੇ ਇਸ ਨਗਰ ਵਿਚ ਖਾਲਸੇ ਦੀ ਸਿਰਜਨਾ ਕੀਤੀ।

ਗੁਰੂ ਜੀ ਨੇ ਇਕ ਖਾਸ ਮੰਤਵ ਨਾਲ ਦੇਸ਼ ਦਾ ਚੱਕਰ ਲਾਉਣ ਦਾ ਫੈਸਲਾ ਕੀਤਾ ਮੰਤਵ ਇਹ ਸੀ ਕੇ ਜਿਥੇ ਸਿੱਖੀ ਪੁੱਜ ਚੁੱਕੀ ਹੈ ਉਸ ਦੀ ਸੰਭਾਲ ਕੀਤੀ ਜਾਵੇ ਅਤੇ ਜਿਥੇ ਹਾਲੇ ਨਹੀਂ ਪੁੱਜ ਸਕੀ ਉਥੇ ਸਿੱਖੀ ਦੇ ਕੇਂਦਰ ਸਥਾਪਤ ਕੀਤੇ ਜਾਣ ਅਤੇ ਪ੍ਰਚਾਰ ਕੀਤਾ ਜਾਵੇ। ਔਰੰਗਜ਼ੇਬ ਦੇ ਰਾਜ ਵਿਚ ਅਤਿਆਚਾਰ ਹੋ ਰਹੇ ਸਨ, ਇਸ ਲਈ ਲੋਕਾਈ ਨੂੰ ਇਸ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਜਾਣਾ ਜ਼ਰੂਰੀ ਹੋ ਗਿਆ ਸੀ। ਗੁਰੂ ਜੀ ਹਿੰਦੂ ਧਰਮ ਦੇ ਬਹੁਤ ਸਾਰੇ ਤੀਰਥਾਂ ਤੇ ਪੁੱਜ ਕੇ ਪਰਚਾਰ ਕੀਤਾ। ਸਾਰੇ ਦੇਸ਼ ਦੀ ਯਾਤਰਾ ਕਰਦੇ ਹੋਏ ਗੁਰੂ ਜੀ ਪਟਨਾ ਪੁਜੇ ਤਾਂ ਸੰਗਤਾਂ ਵਲੋਂ ਚੰਗਾ ਸਵਾਗਤ ਕੀਤਾ ਅਤੇ ਰਿਹਾਇਸ਼ ਵੀ ਤਿਆਰ ਕਰਵਾ ਦਿਤੀ। ਪਰਿਵਾਰ ਨੂੰ ਇਥੇ ਛੱਡ ਕੇ ਆਪ ਜੀ ਬੰਗਾਲ ਅਤੇ ਆਸਾਮ ਦੇ ਵਲ ਚਲ ਪਏ। ਗੁਰੂ ਜੀ ਢਾਕੇ ਵਿਚ ਹੀ ਸਨ ਜਦੋਂ ਬਾਲ ਗੋਵਿੰਦ ਰਾਏ ਦੇ ਜਨਮ ਦੀ ਖਬਰ ਮਿਲੀ।

ਔਰੰਗਜ਼ੇਬ ਨੇ ਤਖ਼ਤ ਸੰਭਾਲਦਿਆਂ ਹੀ ਰਾਜ ਪ੍ਰਬੰਧ ਨੂੰ ਇਸਲਾਮਿਕ ਤਰੀਕੇ ਨਾਲ ਚਲਾਉਣ ਦਾ ਹੁਕਮ ਕਰ ਦਿੱਤਾ ਅਤੇ ਇਹ ਵੀ ਆਦੇਸ਼ ਦਿਤਾ ਕਿ ਲੋਕਾਂ ਦਾ ਜੀਵਨ ਕੁਰਾਨ ਅਨੁਸਾਰ ਬਣਾਇਆ ਜਾਵੇਗਾ। ਹਿੰਦੂ ਅਤੇ ਸਿੱਖਾਂ ਨੂੰ ਕਾਫ਼ਿਰ ਆਖਿਆ ਅਤੇ ਇਹਨਾਂ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਣ ਲਗਾ। ਹਿੰਦੂ ਮੰਦਰ ਅਤੇ ਸਿਖ ਗੁਰਦਵਾਰੇ ਢਾਹ ਕੇ ਮਸੀਤਾਂ ਬਣਵਾਈਆਂ ਗਈਆਂ। ਇਹਨਾਂ ਲੋਕਾਂ ਉਪਰ ਟੈਕਸ ਲਗਾਏ ਗਏ ਇਸ ਤਰ੍ਹਾਂ ਨਾਲ ਹਿੰਦੂ ਸਿਖਾਂ ਉਪਰ ਜ਼ੁਲਮ ਢਾਇਆ ਜਾਣ ਲਗਾ। ਪੰਜਾਬ ਅਤੇ ਕਸ਼ਮੀਰ ਵਿਚ ਹਾਹਾਕਾਰ ਮੱਚੀ ਹੋਈ ਸੀ। ਲੋਕ ਰੱਬ ਦਾ ਭਾਣਾ ਮੰਨ ਕੇ ਜਰ ਰਹੇ ਸਨ। ਪੰਜਾਬ ਵਿਚ ਕੁਝ ਚਿਰ ਰਹਿਣ ਪਿਛੋਂ ਗੁਰੂ ਜੀ ਨੇ ਆਪਣਾ ਪਰਿਵਾਰ ਵੀ ਮੰਗਵਾ ਲਿਆ ਅਤੇ ਆਨੰਦਪੁਰ ਸਾਹਿਬ ਵਿਚ ਗੋਵਿੰਦ ਰਾਏ ਦੀ ਪੜ੍ਹਾਈ ਲਿਖਾਈ ਦਾ ਪ੍ਰਬੰਧ ਕਰ ਦਿਤਾ।

ਕਸ਼ਮੀਰ ਵਿਚ ਸਖਤੀ ਜ਼ਿਆਦਾ ਵਰਤੀ ਜਾ ਰਹੀ ਸੀ, ਮੁਗਲ ਇਸ ਧਰਤੀ ਦੇ ਸਰਰਗ ਨੂੰ ਨਿਰੋਲ ਮੁਸਲਮਾਨਾਂ ਦਾ ਸਥਾਨ ਬਨਾਉਣਾ ਲੋਚਦੇ ਸਨ। ਇਸ ਹਾਲਤ ਨੂੰ ਵੇਖ ਕੇ ਪੰਡਿਤਾਂ ਨੇ ਛੇ ਮਹੀਨੇ ਦੀ ਮੋਹਲਤ ਲੈ ਲਈ ਜਿਸ ਤੇ ਸਮੇਂ ਦੇ ਹਾਕਮ ਨੇ ਤਾੜਨਾ ਕੀਤੀ ਕੇ ਜੇਕਰ ਇਸਲਾਮ ਧਰਮ ਨਾ ਅਪਣਾਇਆ ਤਾਂ ਸਿਰ ਕਲਮ ਕਰ ਦਿਤੇ ਜਾਣਗੇ। ਕਸ਼ਮੀਰ ਦੇ ਪੰਡਿਤ ਇਕਠੇ ਹੋ ਕੇ ਗੁਰੂ ਜੀ ਕੋਲ ਪੁਜੇ ਅਤੇ ਮਸਲੇ ਦਾ ਹੱਲ ਪੁਛਿਆ ਜਿਸ ਉਪਰ ਗੁਰੂ ਜੀ ਨੇ ਕਿਹਾ ਕੇ ਤੁਸੀਂ ਸੰਦੇਸ਼ਾ ਦੇ ਦਿਉ ਕਿ ਜੇਕਰ ਸਾਡਾ ਧਾਰਮਿਕ ਗੁਰੂ ਇਸਲਾਮ ਧਰਮ ਧਾਰਨ ਕਰ ਲਵੇਗਾ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ। ਇਸ ਕਥਨ ਦੀ ਪ੍ਰੋੜ੍ਹਤਾ ਬਾਲ ਗੋਵਿੰਦ ਰਾਏ ਵਲੋਂ ਵੀ ਕੀਤੀ ਗਈ। ਕਸ਼ਮੀਰ ਦੇ ਸੂਬੇ ਨੂੰ ਖਬਰ ਕਰ ਦਿਤੀ ਗਈ ਅਤੇ ਉਸ ਨੇ ਸਾਰੀ ਗਲ ਔਰੰਗਜ਼ੇਬ ਤਕ ਪੁੱਜਦੀ ਕਰ ਦਿਤੀ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਕੇ ਦਿੱਲੀ ਲੈ ਕੇ ਆਉਣ ਦੇ ਹੁਕਮ ਕਰ ਦਿਤੇ।

ਪੰਡਿਤਾਂ ਨੂੰ ਸੰਦੇਸ਼ਾ ਦੇ ਕੇ ਗੁਰੂ ਜੀ ਨੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ

ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਕਰਨ ਵਾਸਤੇ ਤਿਆਰੀ ਕੱਸ ਲਈ ਅਤੇ ਪੰਜਾਬ ਦਾ ਤੂਫਾਨੀ ਦੌਰਾ ਕੀਤਾ। ਆਪ ਜੀ ਨੇ ਸਿਖਾਇਆ ਕਿ ਨਾ ਡਰੋ ਅਤੇ ਨਾ ਹੀ ਡਰਾਉ। ਉਨ੍ਹਾਂ ਦੇ ਸਲੋਕ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਅੰਗ ਉਪਰ ਸੁਭਾਏਮਾਨ ਹਨ ਵਿਚ ਆਖਿਆ ਹੈ ਕਿ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥**

ਉਨ੍ਹਾਂ ਦੇ ਅਨੁਸਾਰ ਜ਼ੁਲਮ ਕਰਨਾ ਅਤੇ ਜ਼ੁਲਮ ਸਹਾਰਨਾ ਦੋਵੇਂ ਹੀ ਗਲਤ ਹਨ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਉਪਦੇਸ਼ ਸੁਣਦੇ ਅਤੇ ਉਸ ਉਪਰ ਅਮਲ ਕਰਨ ਲਈ ਤਿਆਰ ਹੋ ਰਹੇ ਸਨ। ਲੋਕ ਹੁੰਮ-ਹੁਮਾ ਕੇ ਪੁਜਦੇ ਅਤੇ ਕਾਫੀ ਭੇਟਾ ਵੀ ਦੇ ਰਹੇ ਸਨ ਜੋ ਲੋਕ ਭਲਾਈ ਲਈ ਵਰਤੀ ਜਾ ਰਹੀ ਸੀ। ਇਹ ਇਕੱਠ ਵੇਖ ਕੇ ਹਾਕਮ ਨੂੰ ਖਬਰਾਂ ਪੁਚਾਈਆਂ ਗਈਆਂ ਕਿ ਗੁਰੂ ਸਾਹਿਬ ਇਕ ਨਵੀਂ ਲਹਿਰ ਪੈਦਾ ਕਰ ਰਹੇ ਹਨ ਜੋ ਕਿ ਹਕੂਮਤ ਲਈ ਵੰਗਾਰ ਬਣ ਸਕਦੀ ਹੈ। ਪਰੰਤੂ ਗੁਰੂ ਜੀ ਤਾਂ ਕਸ਼ਮੀਰ ਦੇ ਪੰਡਿਤਾਂ ਨੂੰ ਦਿਤੇ ਹੋਏ ਆਪਣਾ ਵਚਨ ਨਿਭਾਉਣ ਲਈ ਉਪਦੇਸ਼ ਦਿੰਦੇ ਹੋਏ ਗੁਰੂ ਜੀ ਆਗਰੇ ਪੁੱਜ ਗਏ ਉਸ ਸਮੇਂ ਬਹੁਤ ਸਾਰੀ ਸੰਗਤ ਨਾਲ ਸੀ। ਆਪ ਜੀ ਨੇ ਪੰਜ ਸਿਖ—ਦੀਵਾਨ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਊਦਾ ਜੀ ਅਤੇ ਭਾਈ ਚੀਮਾ ਜੀ ਨੂੰ ਨਾਲ ਰੱਖ ਕੇ ਬਾਕੀ ਸੰਗਤ ਨੂੰ ਵਾਪਸ ਮੁੜ ਜਾਣ ਦੇ ਆਦੇਸ਼ ਦਿਤੇ। ਇਹ ਪਹਿਲਾ ਮੌਕਾ ਸੀ ਜਦੋਂ ਕੋਈ ਸ਼ਹੀਦ ਆਪਣੇ ਉਦੇਸ਼ ਵਲ ਅਗੇ ਵਲ ਵੱਧ ਰਿਹਾ ਸੀ।

ਆਗਰੇ ਪੁੱਜ ਕੇ ਗੁਰੂ ਜੀ ਨੂੰ ਕਿਲ੍ਹੇ ਦੇ ਫੌਜਦਾਰ ਵਲੋਂ ਇਕ ਸੌ ਸਵਾਰ ਭੇਜ ਕੇ ਆਪ ਜੀ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਿਲ੍ਹੇ ਵਿਚ ਕੈਦ ਕਰ ਲਿਆ। ਦਿੱਲੀ ਖਬਰ ਕੀਤੀ ਤਾਂ 1200 ਸਵਾਰ ਆ ਕੇ ਗੁਰੂ ਜੀ ਨੂੰ ਪੰਜ ਸਾਥੀਆਂ ਸਮੇਤ ਦਿੱਲੀ ਲੈ ਗਏ ਅਤੇ ਉਥੇ ਕਰੜੇ ਪ੍ਰਬੰਧਾਂ ਹੇਠ ਕੈਦ ਕਰ ਲਿਆ। ਉਨ੍ਹਾਂ ਨੂੰ ਕਈ ਲਾਲਚ ਦਿਤੇ ਗਏ ਅਤੇ ਸਖਤੀ ਵੀ ਵਰਤੀ ਗਈ ਜਿਹੜੀ ਉਨ੍ਹਾਂ ਨੂੰ ਡੁਲਾ ਨਾ ਸਕੀ। ਉਸ ਸਮੇਂ ਔਰੰਗਜ਼ੇਬ ਰਾਵਲਪਿੰਡੀ ਵਲ ਲੜਾਈ ਕਰ ਰਿਹਾ ਸੀ ਅਤੇ ਕਾਹਲੀ ਨਾ ਕਰਨ ਲਈ ਆਦੇਸ਼ ਦੇ ਰਿਹਾ ਸੀ। ਇਸ ਲਈ ਕਾਫੀ ਦੇਰ ਸਖਤੀ ਕੀਤੀ ਜਾਂਦੀ ਰਹੀ। ਜਦੋਂ ਕੋਈ ਵੀ ਯਤਨ ਸਫਲ ਹੁੰਦਾ ਨਾ ਲਗਾ ਤਾਂ ਇਹ ਹੁਕਮ ਕੀਤਾ ਕਿ ਪਹਿਲਾਂ ਨਾਲ ਆਏ ਸਿਖਾਂ ਨੂੰ ਤਸੀਹੇ ਦੇ ਕੇ ਖਤਮ ਕੀਤਾ ਜਾਵੇ। ਇਸ ਤਰ੍ਹਾਂ ਗੁਰੂ ਜੀ ਮੰਨ ਜਾਣਗੇ ਪਰ ਇਹ ਸੰਭਵ ਨਹੀਂ ਹੋ ਸਕਿਆ। ਦੀਵਾਨ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਫਿਰ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਪਾਇਆ ਗਿਆ ਫਿਰ ਸਤੀ ਦਾਸ ਜੀ ਨੂੰ ਰੂੰ (ਕਪਾਹ) ਵਿਚ ਜਿੰਦਾ ਹੀ ਸਾੜ ਦਿਤਾ ਗਿਆ। ਇਹ ਤਸੀਹੇ ਵੀ ਗੁਰੂ ਜੀ ਨਾ ਡੁਲਾ ਸਕੇ ਅਤੇ ਭਾਈ ਊਦਾ ਜੀ ਤੇ ਭਾਈ ਚੀਮਾ ਜੀ ਗੁਰੂ ਜੀ ਤੋਂ ਆਗਿਆ ਲੈ ਕੇ ਜੇਲ੍ਹ ਵਿਚੋਂ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਭੱਜ ਨਿਕਲੇ। ਦਰਬਾਰੀਆਂ ਨੂੰ ਗੁਰੂ ਜੀ ਦੇ ਭੱਜ ਜਾਣ ਦਾ ਡਰ ਸਤਾਉਣ ਲਗਾ। ਉਨ੍ਹਾਂ ਨੇ ਗੁਰੂ ਜੀ ਲਈ ਇਕ ਪਿੰਜਰਾ ਤਿਆਰ ਕਰਵਾਇਆ ਅਤੇ ਉਸ ਪਿੰਜਰੇ ਵਿਚ ਡੱਕ ਦਿਤਾ ਗਿਆ ਅਤੇ ਇਹ ਵੀ ਫੈਸਲਾ ਕੀਤਾ ਕਿ ਗੁਰੂ ਜੀ ਬਾਰੇ ਨਿਰਣੇ ਵਿਚ ਦੇਰੀ ਕਰਨੀ ਠੀਕ ਨਹੀਂ ਹੋਵੇਗੀ।

ਔਰੰਗਜ਼ੇਬ ਵਲੋਂ ਹੁਕਮ ਕੀਤਾ ਗਿਆ ਗੁਰੂ ਜੀ ਨੂੰ ਤਿੰਨ ਕੰਮਾਂ ਵਿਚੋਂ ਇਕ ਕਰਨਾ ਜ਼ਰੂਰੀ ਹੈ

1 ਇਸਲਾਮ ਕਬੂਲ ਕਰੋ, 2. ਕਰਾਮਾਤ ਦਿਖਾਉ, 3. ਮੌਤ ਲਈ ਤਿਆਰ ਹੋ ਜਾਉ।

ਪਰੰਤੂ ਗੁਰੂ ਜੀ ਨੇ ਉਤਰ ਦਿਤਾ

1. ਅਸੀਂ ਆਪਣਾ ਧਰਮ ਨਹੀਂ ਛੱਡਣਾ ਹੈ, 2. ਕਰਾਮਾਤ ਨਹੀਂ ਵਿਖਾਉਣੀ ਹੈ, 3. ਤੁਹਾਡੀ ਜੋ ਮਰਜ਼ੀ ਹੈ ਕਰ ਲਵੋ।

ਨਵੰਬਰ 1675 ਦੇ ਸ਼ੁਰੂ ਹੁੰਦਿਆਂ ਹੀ ਔਰੰਗਜ਼ੇਬ ਨੇ ਹੁਕਮ ਕੀਤਾ ਕਿ ਜੇ ਕਰ ਗੁਰੂ ਜੀ ਇਸਲਾਮ ਕਬੂਲ ਨਹੀਂ ਕਰਦੇ ਅਤੇ ਬਾਕੀ ਸ਼ਰਤਾਂ ਨਹੀਂ ਮੰਨਦੇ ਤਾਂ ਕਤਲ ਕਰ ਦਿੱਤਾ ਜਾਵੇ। ਇਸ ਲਈ ਉਨ੍ਹਾਂ ਨੂੰ 1675 ਦੀ 11 ਨਵੰਬਰ ਵੀਰਵਾਰ ਵਾਲੇ ਦਿਨ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿਤਾ ਗਿਆ। ਗੁਰੂ ਜੀ ਦੇ ਸੀਸ ਅਤੇ ਧੜ ਨੂੰ ਉਥੇ ਹੀ ਸਖਤ ਪਹਰੇ ਹੇਠ ਛੱਡ ਦਿੱਤਾ ਗਿਆ। ਇਸ ਗੱਲ ਦੀ ਇਤਿਹਾਸ ਗਵਾਹੀ ਭਰਦਾ ਹੈ ਕਿ ਗੁਰੂ ਜੀ ਦੇ ਸ਼ਹੀਦ ਹੁੰਦੀਆਂ ਇਕ ਐਸਾ ਗਰਦ ਦਾ ਭਰਿਆ ਤੂਫ਼ਾਨ ਉਠਿਆ ਕਿ ਲੋਕੀਂ ਭੱਜ ਨੱਠੇ। ਰਾਤ ਨੂੰ ਆਨੰਦਪੁਰ ਸਾਹਿਬ ਤੋਂ ਆਏ ਅਤੇ ਉਥੇ ਹੀ ਹਾਜ਼ਰ ਇਕ ਸਿੱਖ ਨੇ ਭੇਸ ਵਟਾ ਕੇ ਭਾਈ ਜੈਤਾ ਜੀ ਨੇ ਸੀਸ ਚੁੱਕ ਲਿਆ ਅਤੇ ਚਾਦਰੇ ਵਿਚ ਲਪੇਟ ਕੇ ਆਨੰਦਪੁਰ ਲੈ ਗਿਆ ਅਤੇ ਦਸਮ ਪਾਤਸ਼ਾਹ ਕੋਲ ਪੁਜਦਾ ਕਰ ਦਿਤਾ। ਦਸਮ ਪਾਤਸ਼ਾਹ ਨੇ ਭਾਈ ਜੈਤਾ ਜੀ ਨੂੰ ਅਪਨੀ ਛਾਤੀ ਨਾਲ ਲਾਇਆ ਅਤੇ ਆਖਿਆ 'ਰੰਘਰੇਟਾ ਗੁਰੂ ਕਾ ਬੇਟਾ'। ਇਹ ਰੰਘਰੇਟਾ ਸਿੱਖ ਅਛੂਤ ਭਾਈਚਾਰੇ ਦਾ ਸੀ ਜੋ ਬਾਅਦ ਵਿਚ ਅੰਮ੍ਰਿਤ ਛਕ ਕੇ ਜੀਵਨ ਸਿੰਘ ਬਣਿਆ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ। ਦਸ਼ਮੇਸ਼ ਪਿਤਾ ਅਤੇ ਗੁਰੂ ਜੀ ਦੀ ਸੰਗਤ ਨੇ ਸੀਸ ਦਾ ਸਸਕਾਰ ਪੂਰੇ ਆਦਰ ਮਾਣ ਨਾਲ ਕੀਤਾ ਸੀ।

ਉਸ ਤੂਫ਼ਾਨ ਦਾ ਲਾਹਾ ਲੈਂਦੇ ਹੋਏ ਇਕ ਸਿੱਖ ਭਾਈ ਲੱਖੀ ਸ਼ਾਹ ਵਣਜਾਰਾ ਬਹੁਤ ਹੀ ਚੁਸਤੀ ਨਾਲ ਗੁਰੂ ਜੀ ਦਾ ਧੜ ਆਪਣੇ ਗੱਡੇ ਵਿਚ ਰਖ ਕੇ ਆਪਣੇ ਘਰ ਲੈ ਗਿਆ। ਘਰ ਵਿਚ ਹੀ ਚਿਖਾ ਬਣਾ ਕੇ ਧੜ ਨੂੰ ਘਰ ਸਮੇਤ ਆਗ ਲਗਾ ਦਿਤੀ ਇਸ ਤਰਾਂ ਧੜ ਦਾ ਸਸਕਾਰ ਕਰ ਦਿਤਾ ਗਿਆ। ਜਿਸ ਸਥਾਨ ਉਪਰ ਕਤਲ ਕੀਤਾ ਗਿਆ ਸੀ ਉਸ ਥਾਂ ਉਪਰ ਗੁਰਦਵਾਰਾ ਸੀਸ ਗੰਜ ਸੁਸ਼ੋਭਿਤ ਹੈ ਅਤੇ ਜਿਸ ਥਾਂ ਉਪਰ ਧੜ ਦਾ ਸਸਕਾਰ ਕੀਤਾ ਗਿਆ ਸੀ ਉਸ ਸਥਾਨ ਉਪਰ ਗੁਰਦਵਾਰਾ ਰਕਾਬ ਗੰਜ ਸੁਸ਼ੋਭਿਤ ਹੈ। ਇਤਿਹਾਸ ਦੇ ਅੰਦਰ ਇਹ ਪਹਿਲਾ ਮੌਕਾ ਸੀ ਜਿਸ ਵਿਚ ਕਿਸੇ ਸ਼ਹੀਦ ਦੇ ਸਿਰ ਅਤੇ ਧੜ ਦਾ ਅਲਗ ਅਲਗ ਥਾਂ ਤੇ ਸਸਕਾਰ ਕੀਤਾ ਗਿਆ ਹੋਵੇ। ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਅਤੇ ਦੇਸ਼ ਦੀ ਜਾਲਮ ਹਕੂਮਤ ਦੀ ਈਨ ਨਾ ਮੰਨੀ ਅਤੇ ਆਪਣੇ ਆਪ ਨੂੰ ਦੇਸ਼ ਖਾਤਰ ਕੁਰਬਾਨ ਕਰ ਦਿੱਤਾ ਸੀ। ਇਸ ਬਾਰੇ ਦਸਮ ਪਿਤਾ ਵੱਲੋਂ ਬਚਿੱਤਰ ਨਾਟਕ ਵਿਚ ਅੰਗ 130 ਉਪਰ ਇਸ ਪ੍ਰਕਾਰ ਲਿਖਿਆ ਹੈ :

**ਧਰਮ ਹੇਤਿ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥**

**ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਸਿਰ ਸਿੱਖ ਧਰਮ ਦੇ ਨਾਇਕ ਨੇ ਆਪਣੇ ਸਰੀਰ ਦਾ ਠੀਕਰਾ ਭੰਨਿਆ ਸੀ ਅਤੇ ਇਸ ਸਬੰਧੀ ਸ੍ਰੀ ਦਸਮ ਗਰੰਥ ਦੇ ਅੰਗ 131 ਉਪਰ ਸੁਭਾਏਮਾਨ ਹੈ ਕਿ :

**ਦੋਹਰਾ ॥**
**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥**

ਇਤਿਹਾਸ ਦੇ ਅਨੁਸਾਰ ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਸਾਥੀਆਂ ਨੂੰ ਸ਼ਹੀਦ ਕੀਤਾ ਗਿਆ ਸੀ ਤਾਂ ਜੋ ਉਹ ਡਰ ਜਾਣ ਤੇ ਸ਼ਾਇਦ ਇਸਲਾਮ ਕਬੂਲ ਲੈਣ।

## ਭਾਈ ਮਤੀ ਦਾਸ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸਿਖ ਧਰਮ ਦੇ ਛੇਵੇਂ ਗੁਰੂ, ਵਲੋਂ ਅਕਾਲ ਤਖ਼ਤ ਸਾਹਿਬ ਤੋਂ 1606 ਈਸਵੀ ਨੂੰ ਇੱਕ ਹੁਕਨਾਮਾ ਜਾਰੀ ਕੀਤਾ ਗਿਆ ਸੀ ਜਿਸ ਰਾਹੀਂ ਸਾਰੇ ਨਾਨਕ ਨਾਮ ਲੇਵਾ ਨੂੰ ਹਰਮੰਦਰ ਸਾਹਿਬ ਜੀ ਵਿਚ ਇੱਕਠੇ ਹੋਣ ਦਾ ਸੁਨੇਹਾ ਸੀ। ਇਨ੍ਹਾਂ ਹੁਕਮਾਂ ਨੂੰ ਮੰਨਦੇ ਹੋਏ ਭਾਈ ਪਰਾਗਾ ਜੀ ਹਰਿਮੰਦਰ ਸਾਹਿਬ ਵਿਚ ਪਹੁੰਚੇ ਸਨ। ਉਸ ਇੱਕਠ ਵਿਚ ਛੇਵੀਂ ਜੋਤ ਨੇ ਸੰਗਤਾਂ ਨੂੰ ਦਸਿਆ ਸੀ ਕਿ ਜ਼ੁਲਮ ਅਤੇ ਸਿਤਮ ਦੀ ਅੱਤ ਹੋ ਜਾਣ ਪਿਛੋਂ ਇਸ ਨੂੰ ਸਹਾਰਨਾ ਜਾਗੀਆਂ ਕੌਮਾਂ ਲਈ ਅਤੀ ਮੁਸ਼ਕਿਲ ਹੋ ਜਾਂਦਾ ਹੈ ਇਸ ਲਈ ਹੁਣ ਸਮਾਂ ਹਥਿਆਰਬੰਦ ਹੋ ਜਾਣ ਦਾ ਹੈ ਕਿਉਂ ਜੋ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਨਾਲ ਵੀ ਮੁਗਲਾਂ ਦੇ ਪੱਥਰ ਦਿਲ ਬੇਖੌਫ਼ ਹਨ ਤੇ ਨਰਮ ਨਹੀਂ ਹੋ ਸਕੇ। ਇਸ ਲਈ ਗੁਰੂ ਘਰ ਲਈ ਆਪਾਂ ਵਾਰ ਦੇਣ ਵਾਲਿਆਂ ਦੀ ਲੋੜ ਹੈ। ਕੌਮੀਅਤ ਦੀ ਰਾਖੀ ਲਈ ਪੰਜ ਬਹਾਦਰ ਅਗੇ ਆਏ ਜਿਨ੍ਹਾਂ ਵਿਚ ਭਾਈ ਪਰਾਗਾ ਜੀ, ਭਾਈ ਜੇਠਾ ਜੀ, ਭਾਈ ਲੰਗਾਹ ਜੀ, ਭਾਈ ਮੋਖਾ ਜੀ ਅਤੇ ਭਾਈ ਬਿਧੀ ਚੰਦ ਜੀ ਸ਼ਾਮਲ ਸਨ। ਇਨ੍ਹਾਂ ਪੰਜਾਂ ਦੇ ਅਧੀਨ ਸੌ ਸੌ ਦੇ ਜਥੇ ਦੀ ਸਥਾਪਨਾ ਕਰ ਦਿਤੀ ਗਈ ਅਤੇ ਇਹ ਭਵਿੱਖਤ ਦੇ ਨਾਲ ਨਜਿਠਣ ਦੀ ਯੋਜਨਾਬੰਦੀ ਦਾ ਢੰਗ ਸੀ।

ਭਾਈ ਪਰਾਗਾ ਜੀ ਦੀ ਬਗੀਚੀ ਦੇ ਫੁੱਲ ਭਾਈ ਲਖੀ ਦਾਸ ਜੀ ਅਤੇ ਉਨ੍ਹਾਂ ਦੇ ਬਾਗ ਵਿਚੋਂ ਭਾਈ ਹੀਰਾ ਨੰਦ ਜੀ ਦੇ ਖੇਤਾਂ ਵਿਚਲੇ ਦੋ ਫਲਾਂ ਦੇ ਰੁੱਖ ਉਪਰ ਕੋਮਲ ਲਗਰਾਂ ਨੂੰ ਲਗੇ। ਦੋ ਫੁੱਲ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ, ਜਿਨ੍ਹਾਂ ਨੂੰ ਜ਼ਾਲਮ ਸਰਕਾਰ ਵਲੋਂ 1675 ਵਿਚ ਤੋੜ ਕੇ ਮਸਲਣ ਦਾ ਯਤਨ ਕੀਤਾ ਗਿਆ ਉਹ ਸ਼ਹੀਦ ਬਣ, ਸਿੱਖ ਧਰਮ ਦੇ ਇਤਿਹਾਸ ਵਿਚ ਮੋਤੀ ਦੀ ਤਰ੍ਹਾਂ ਚਮਕ ਰਹੇ ਹਨ। ਭਾਈ ਕਾਹਨ ਸਿੰਘ ਨਾਭਾ ਜੀ ਨੇ ਭਾਈ ਪਰਾਗਾ ਜੀ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦਾ ਪਿਤਾ ਮੰਨਿਆ ਹੈ ਪਰੰਤੂ ਨਵੀਆਂ ਖੋਜਾਂ ਰਾਹੀਂ ਪਤਾ ਲੱਗ ਚੁੱਕਾ ਹੈ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਭਾਈ ਪਰਾਗਾ ਜੀ ਦੇ ਪੜਪੋਤੇ ਸਨ।

ਇਤਿਹਾਸ ਰਾਹੀਂ ਪ੍ਰਾਪਤ ਉਪਰੋਕਤ ਵੇਰਵੇ ਰਾਹੀਂ ਮਾਲੂਮ ਹੁੰਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਪਰਿਵਾਰ ਦਾ ਗੁਰੂ ਘਰ ਨਾਲ ਲੰਬੇ ਸਮੇਂ ਤੋਂ ਰਿਸ਼ਤਾ ਸੀ। ਭਾਈ ਪਰਾਗਾ ਜੀ ਦਾ ਸਮੂਹ ਪਰਿਵਾਰ ਪੂਰੀ ਤਰ੍ਹਾਂ ਹੀ ਗੁਰੂ ਘਰ ਨੂੰ ਸਮਰਪਿਤ ਸੀ। ਜਦੋਂ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਬਾਲਕ ਅਵਸਥਾ ਵਿਚ ਸਨ, ਛੇਵੀਂ ਪਾਤਸ਼ਾਹੀ ਉਨ੍ਹਾਂ ਨੂੰ ਬਚਿਆਂ ਵਾਂਗ ਹੀ ਸਮਝਦੇ ਸਨ ਅਤੇ ਬਹੁਤ ਪਿਆਰ ਕਰਦੇ ਸਨ। ਭਾਈ ਮਤੀ ਦਾਸ ਜੀ ਜ਼ਿਲ੍ਹਾ ਜੇਹਲਮ ਦੇ ਪਿੰਡ ਕਰਿਆਲਾ, ਜੋ ਹੁਣ ਪਾਕਿਸਤਾਨ ਵਿਚ ਹੈ, ਦੇ ਵਾਸੀ ਸਨ ਅਤੇ ਨੌਂਵੇਂ ਗੁਰੂ ਜੀ ਨਾਲ ਦਿੱਲੀ ਵਿਖੇ ਸ਼ਹਾਦਤ ਪ੍ਰਾਪਤ ਕਰਨ ਵਾਲੇ ਸਨ। ਭਾਈ ਮਤੀ ਦਾਸ ਜੀ ਨੂੰ ਨੌਂਵੇਂ ਪਾਤਸ਼ਾਹ ਨੇ ਗੁਰੂ ਘਰ ਦਾ ਦੀਵਾਨ ਬਣਾਇਆ ਹੋਇਆ ਸੀ ਅਤੇ ਜਦੋਂ ਗੁਰੂ ਸਾਹਿਬ ਜੀ ਪੂਰਬ ਵਲ ਦੀ ਯਾਤਰਾ ਉਪਰ ਗਏ ਸਨ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗਵਾਲ ਜੀ ਅਤੇ ਭਾਈ ਦਿਆਲਾ ਜੀ ਉਨ੍ਹਾਂ ਦੇ ਨਾਲ ਗਏ ਸਨ। ਜਦੋਂ ਕਸ਼ਮੀਰ ਦੇ ਬ੍ਰਾਹਮਣਾਂ ਵਲੋਂ ਗੁਰੂ ਸਾਹਿਬ ਨੂੰ ਧਰਮ ਦੀ ਰਖਿਆ ਪ੍ਰਤੀ ਬੇਨਤੀ ਕੀਤੀ ਸੀ ਅਤੇ ਉਨਾਂ ਨੇ ਉਸ ਮਸਲੇ ਦੇ ਬੇਹਤਰ ਹੱਲ ਲਈ ਕੁਰਬਾਨੀ ਦੇਣ ਦਾ ਵਿਚਾਰ ਬਣਾਇਆ ਸੀ ਤਾਂ ਗ੍ਰਿਫਤਾਰੀ ਸਮੇਂ ਹੋਰ ਸਿਖਾਂ ਦੇ ਨਾਲ ਭਾਈ ਮਤੀ ਦਾਸ ਜੀ ਨੂੰ ਵੀ ਗ੍ਰਿਫਤਾਰ ਕਰ ਨਾਲ ਹੀ ਲਿਆਂਦਾ ਗਿਆ ਸੀ ।

ਭਾਈ ਮਤੀ ਦਾਸ ਜੀ ਨੂੰ ਸਿੱਖੀ ਵਿਚ ਪੂਰੇ ਉਤਰਨ ਦਾ ਮਾਣ ਪ੍ਰਾਪਤ ਹੋਇਆ ਜਦੋਂ ਉਨਾਂ ਨੇ ਦਿੱਲੀ ਵਿਚਲੀ ਕੈਦ ਸਮੇਂ ਦਿਤੇ ਗਏ ਤਸੀਹਿਆਂ ਨੂੰ ਖੁਸ਼ੀ ਨਾਲ ਪ੍ਰਵਾਨ ਕਰ ਲਿਆ ਸੀ। ਜਦੋਂ ਦਿੱਲੀ ਵਿਚ ਕਾਜ਼ੀ ਵਲੋਂ ਗੁਰੂ ਸਾਹਿਬ ਨਾਲ ਬਦਤਮੀਜ਼ੀ ਕੀਤੀ ਤੇ ਆਪ ਜੀ ਤੋਂ ਸਹਿਣ ਨਾ ਹੋਈ ਤਾਂ ਆਪ ਜੀ ਨੂੰ ਗੁਰੂ ਜੀ ਨੂੰ ਪੁਛਿਆ ਕਿ ਜੇਕਰ ਤੁਸੀਂ ਆਖੋ ਤਾਂ ਮੈਂ ਦਿੱਲੀ ਤੇ ਲਾਹੌਰ ਨੂੰ ਹਰਾ ਸਕਦਾ ਹਾਂ। ਪਰੰਤੂ ਗੁਰੂ ਸਾਹਿਬ ਨੇ ਜ਼ੁਲਮ ਦਾ ਮੁਕਾਬਲਾ ਕਰ ਕੇ ਉਦਾਹਰਨ ਕਾਇਮ ਕਰਨ ਵਿਚ ਹੀ ਭਲਾਈ ਹੈ ਤਾਂ ਹੀ ਮਨੁਖ ਹਿੰਮਤੀ ਬਣ ਸਕਦਾ ਹੈ। ਆਪ ਜੀ ਵਲੋਂ ਇਸ ਹੁਕਮ ਨਾਲ ਸਹਿਮਤੀ ਪ੍ਰਗਟਾਈ ਤੇ ਆਪ ਜੀ ਸ਼ਹੀਦ ਹੋ ਜਾਣ ਲਈ ਤਿਆਰ ਹੋਏ ਅਤੇ ਗੁਰੂ ਸਾਹਿਬ ਜੀ ਦੀ ਅੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿਤਾ ਗਿਆ ਅਤੇ ਆਪ ਜੀ ਦੇ ਸਰੀਰ ਦੇ ਦੋਵਾਂ ਹਿਸਿਆ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਆਵਾਜ਼ ਆ ਰਹੀ ਸੀ। ਇਸ ਸ਼ਹਾਦਤ ਨੂੰ ਇਤਿਹਾਸ ਦੇ ਪੰਨਿਆਂ ਉਪਰ ਕੁਝ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ ਕਿ ਰਹਿੰਦੀ ਦੁਨੀਆ ਤਕ ਇਸ ਸ਼ਹੀਦੀ ਨੂੰ ਯਾਦ ਰਖਿਆ ਜਾ ਸਕੇ।

## ਭਾਈ ਸਤੀ ਦਾਸ ਜੀ

ਵਿਗਿਆਨ ਤਰੱਕੀ ਕਰ ਰਿਹਾ ਹੈ ਵਿਗਿਆਨ ਨੇ ਬਹੁਤ ਨਵੀਆਂ ਨਵੀਆਂ ਨਵੀਆਂ ਕੀਤੀਆਂ ਹਨ ਪਰੰਤੂ ਮੌਤ ਵਾਲੇ ਰਹੱਸ ਤੋਂ ਹਾਲੇ ਤਕ ਪਰਦਾ ਨਹੀਂ ਚੁਕਿਆ ਜਾ ਸਕਿਆ ਹੈ। ਭਾਵੇਂ ਬਹੁਤ ਸਾਰੀਆਂ ਬੀਮਾਰੀਆਂ, ਜੋ ਮੌਤ ਦਾ ਕਾਰਣ ਬਣ ਰਹੀਆਂ ਸਨ, ਦੇ ਇਲਾਜ ਦੇ ਯਤਨ ਕੀਤੇ ਗਏ ਹਨ ਅਤੇ ਜਨਮ ਅਤੇ ਮੌਤ ਵਿਚਲੇ ਸਮੇਂ ਨੂੰ ਵਧਾਇਆ ਜਾ ਸਕਿਆ ਹੈ। ਪਰੰਤੂ ਮੌਤ ਕਿਸੇ ਨੂੰ ਨਾ ਆਵੇ ਇਹ ਹਾਲੇ ਤਕ ਸੰਭਵ ਨਹੀਂ ਹੋ ਸਕਿਆ ਹੈ। ਮੌਤ ਦੇ ਭਿਆਨਕ ਹੋਣ ਸਦਕਾ ਇਸ ਦਾ ਡਰ ਹਰ ਮਨੁੱਖ ਦੇ ਅੰਦਰ

ਹੁੰਦਾ ਹੈ। ਜੇਕਰ ਅਸੀਂ ਧਰਮਾਂ ਬਾਰੇ ਇਤਿਹਾਸ ਵੱਲ ਪਾਈਏ ਤਾਂ ਸਾਨੂੰ ਅਜੇਹੇ ਚੇਹਰੇ ਵੀ ਦਿਸ ਜਾਂਦੇ ਹਨ ਜੋ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਨੂੰ ਵੀ ਮਾਸੀ ਆਖਣ ਤੋਂ ਵੀ ਨਹੀਂ ਗੁਰੇਜ਼ ਕਰਦੇ। ਇਹ ਲੋਕ ਆਪਣੀ ਮੌਤ ਨੂੰ ਨਹੀਂ ਉਡੀਕਦੇ ਸਗੋਂ ਧਰਮ ਦੀ ਖਾਤਰ ਜਾਂ ਮਨੁੱਖੀ ਭਲਾਈ ਦੀ ਖਾਤਰ ਮੌਤ ਨੂੰ ਆਪ ਜਾ ਮਿਲਦੇ ਹਨ। ਅਜੇਹੇ ਸੂਰਬੀਰਾਂ ਵਿਚ ਭਾਈ ਸਤੀ ਦਾਸ ਵੀ ਸ਼ਾਮਲ ਹੋਇਆ ਸੀ। ਜਦੋਂ ਨੌਵੇਂ ਪਾਤਸ਼ਾਹ ਨੂੰ ਸ਼ਹੀਦ ਕਰਨ ਲਈ ਗ੍ਰਿਫਤਾਰ ਕਰ ਕੇ ਦਿੱਲੀ ਲਿਆਂਦਾ ਗਿਆ ਸੀ। ਦੋਨੋਂ ਭਰਾ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਨਾਲ ਹੀ ਸਨ।

ਭਾਈ ਸਤੀ ਦਾਸ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੇ ਭਾਈ ਨੰਦ ਲਾਲ ਜੀ ਸਨ ਜਿਨਾਂ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਦੀ ਮੁਹਾਰਤ ਹਾਸਲ ਸੀ। ਆਪ ਜੀ ਉਚ ਕੋਟੀ ਦੇ ਵਿਦਵਾਨ ਤੋਂ ਇਲਾਵਾ ਸਾਰੇ ਧਰਮਾਂ ਬਾਰੇ ਗਿਆਨ ਰਖਦੇ ਸਨ। ਜਦੋਂ ਭਾਈ ਮਤੀ ਦਾਸ ਜੀ ਗੁਰੂ ਘਰ ਦੇ ਦੀਵਾਨ ਦੀ ਸੇਵਾ ਕਰ ਰਹੇ ਸਨ ਤਾਂ ਭਾਈ ਸਤੀ ਦਾਸ ਜੀ ਲਿਖਾਰੀ ਦੀ ਭੂਮਿਕਾ ਨਿਭਾ ਰਹੇ ਸਨ। ਗੁਰੂ ਜੀ ਵਲੋਂ ਬਾਣੀ ਦਾ ਫ਼ਾਰਸੀ ਭਾਸ਼ਾ ਵਿਚ ਅਨੁਵਾਦ ਕਰਦੇ ਸਨ। ਇਹ ਵੀ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਜਦੋਂ ਗੁਰੂ ਸਾਹਿਬ ਔਰਗਜ਼ੇਬ ਦੇ ਹੁਕਮਾਂ ਕਾਰਣ ਚਾਂਦਨੀ ਚੌਂਕ ਵਿਚ ਗ੍ਰਿਫਤਾਰੀ ਸਮੇਂ ਨਵੀਂ ਬਾਣੀ ਉਚਾਰਦੇ ਸਨ ਭਾਈ ਸਤੀ ਦਾਸ ਜੀ ਉਸ ਬਾਣੀ ਨੂੰ ਲਿਖ ਰਹੇ ਸਨ। ਪਰੰਤੂ ਇਸ ਬਾਣੀ ਨੂੰ ਸਮੇਂ ਦੇ ਹਾਕਮਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਹ ਵਰਣਨ ਭਾਈ ਕੇਸਰ ਸਿੰਘ ਜੀ ਵਲੋਂ ਰਚਿਤ ਬੰਸਾਵਲੀਨਾਮੇ ਵਿਚ ਦਰਜ ਮਿਲਦਾ ਹੈ।

ਨੌਵੇਂ ਗੁਰੂ ਨੂੰ ਡੁਲਾਉਣ ਲਈ ਉਨਾਂ ਦੇ ਸਾਥੀਆਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰ ਦੇਣ ਦੀ ਨੀਤੀ ਵਜੋਂ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਬੰਨ੍ਹ ਕੇ ਅੱਗ ਲਗਾਣ ਦਾ ਰਸਤਾ ਚੁਣਿਆ ਗਿਆ ਸੀ। ਪਰੰਤੂ ਭਾਈ ਸਾਹਿਬ ਨੇ ਆਖਿਆ ਕਿ ਮੈਨੂੰ ਸਰੀਰ ਦੀ ਕੋਈ ਚਿੰਤਾ ਨਹੀਂ ਹੈ ਮੌਤ ਦਾ ਡਰ ਤਾਂ ਮੈਂ ਪਹਿਲਾਂ ਹੀ ਮਨੋਂ ਵਿਸਾਰ ਚੁਕਾ ਹਾਂ। ਉਨ੍ਹਾਂ ਨੇ ਇਸ ਤਰ੍ਹਾਂ ਮੌਤ ਨੂੰ ਜੱਫੀ ਵਿਚ ਲੈ ਲਿਆ, ਜਿਸ ਤਰ੍ਹਾਂ ਆਪਣੇ ਪਿਆਰੇ ਨੂੰ ਮਿਲਿਆ ਜਾਂਦਾ ਹੈ। ਉਨ੍ਹਾਂ ਨੇ ਲਾੜੀ ਮੌਤ ਨਾਲ ਸ਼ਾਦੀ ਕਰ ਅਗਲੀਆਂ ਨਸਲਾਂ ਲਈ ਮਿਸਾਲ ਕਾਇਮ ਕਰ ਦਿਤੀ।

## ਭਾਈ ਦਿਆਲਾ ਜੀ

ਦਿੱਲੀ ਦੇ ਚਾਂਦਨੀ ਚੌਂਕ ਵਿਚ ਨੌਵੇਂ ਪਾਤਸ਼ਾਹ ਜੀ ਨੂੰ ਸ਼ਹੀਦੀ ਵਾਲਾ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਭਾਈ ਦਿਆਲਾ ਜੀ ਉਨ੍ਹਾਂ ਤਿੰਨਾਂ ਵਿਚ ਸ਼ਾਮਲ ਸਨ। ਭਾਈ ਦਿਆਲਾ ਜੀ ਦੇ ਪਿਤਾ ਭਾਈ ਮਾਧੀ ਦਾਸ ਜੀ ਸਨ ਜੋ ਭਾਈ ਮੂਲਾ ਜੀ ਦੇ ਪੋਤੇ ਅਤੇ ਭਾਈ ਬੱਲੂ ਜੀ ਦੇ ਪੁਤਰ ਸਨ। ਜਦੋਂ ਕਿ ਕੁਝ ਇਤਿਹਾਸਕਾਰ ਭਾਈ ਦਿਆਲਾ ਜੀ ਨੂੰ ਭਾਈ ਮਤੀ ਦਾਸ ਜੀ ਦਾ ਪੁਤਰ ਵੀ ਲਿਖਿਆ ਹੈ ਅਤੇ ਕਈ ਇਤਿਹਾਸਕਾਰਾਂ ਵਲੋਂ ਭਾਈ ਦਿਆਲਾ ਜੀ ਨੂੰ ਭਾਈ ਮਨੀ ਸਿੰਘ ਜੀ ਦਾ ਭਰਾ ਵੀ ਮੰਨਿਆ ਹੈ ਅਤੇ ਭਾਈ ਦਿਆਲਾ ਜੀ ਦੇ ਜਨਮ ਨੂੰ ਪਿੰਡ ਦੁੱਲਟ ਰਿਆਸਤ ਪਟਿਆਲਾ ਦਾ ਦਸਿਆ ਗਿਆ ਹੈ। ਇਸ ਸਬੰਧੀ ਹੋਰ ਖੋਜ

ਕਰਨ ਦੀ ਲੋੜ ਭਾਸਦੀ ਹੈ।

ਭਾਈ ਦਿਆਲਾ ਜੀ ਦੇ ਪਰਵਾਰਿਕ ਸਬੰਧ ਸਿਖਾਂ ਦੇ ਪੰਜਵੇਂ ਪਾਤਸ਼ਾਹ ਤੋਂ ਸ਼ੁਰੂ ਹੁੰਦੇ ਹਨ ਜਦੋਂ ਭਾਈ ਮੂਲਾ ਜੀ ਜੋ ਕਿ ਉਪਰੋਕਤ ਅਨੁਸਾਰ ਭਾਈ ਦਿਆਲਾ ਜੀ ਦੇ ਪੜਦਾਦਾ ਜੀ ਸਨ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਅਤੇ ਉਨਾਂ ਦੀ ਸ਼ਰਨ ਵਿਚ ਟਿਕ ਗਏ ਸਨ। ਛੇਵੇਂ ਪਾਤਸ਼ਾਹ ਦੇ ਸਮੇਂ ਉਨਾਂ ਦੀ ਉਮਰ ਕਾਫੀ ਹੋ ਚੁਕੀ ਸੀ ਅਤੇ ਆਪਣੇ ਪੁਤਰ ਭਾਈ ਬੱਲੂ ਜੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿਤਾ ਸੀ। ਭਾਈ ਬੱਲੂ ਜੀ ਨੇ ਬਹਾਦਰੀ ਦਾ ਸਬੂਤ ਦਿਤਾ ਅਤੇ ਹਰ ਲੜਾਈ ਸਮੇਂ ਗੁਰੂ ਸਾਹਿਬ ਦਾ ਸਾਥ ਦਿਤਾ ਅਤੇ ਮੁਗਲਾਂ ਵਿਰੁਧ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ। ਬਾਅਦ ਵਿਚ ਭਾਈ ਮਾਧੀ ਦਾਸ ਜੀ ਗੁਰੂ ਸੇਵਾ ਵਿਚ ਪੂਜ ਗਏ ਅਤੇ ਉਨਾ ਦਾ ਪੁਤਰ ਭਾਈ ਦਿਆਲਾ ਵੀ ਮੇਹਰ ਸਦਕਾ ਗੁਰੂ ਜੀ ਦਾ ਸੰਗੀ ਹੋ ਗਿਆ। ਜਦੋਂ ਨੌਂਵੇਂ ਪਾਤਸ਼ਾਹ ਪੂਰਬ ਵਲ ਪ੍ਰਚਾਰ ਲਈ ਗਏ ਸਨ ਭਾਈ ਦਿਆਲਾ ਜੀ ਨੂੰ ਪਟਨਾ ਵਿਖੇ ਸੰਗਤ ਦਾ ਮੁਖੀ ਬਣਾ ਦਿਤਾ ਗਿਆ ਸੀ। ਪਟਨਾ ਵਿਖੇ ਹੀ ਬਾਲ ਗੋਬਿੰਦ ਰਾਏ ਨੇ ਅਵਤਾਰ ਧਾਰਿਆ ਸੀ ਕਿਉਂ ਜੋ ਮਾਤਾ ਗੁੱਜਰ ਕੌਰ ਅਤੇ ਪਰਿਵਾਰ ਉਸ ਸਮੇਂ ਪਟਨਾ ਸਾਹਿਬ ਵਿਖੇ ਹੀ ਸੀ। ਪੂਰਬ ਦੀ ਯਾਤਰਾ ਤੋਂ ਬਾਅਦ ਨੌਂਵੇਂ ਗੁਰੂ ਜੀ ਪੰਜਾਬ ਅਪੜ ਗਏ ਅਤੇ ਉਥੋਂ ਹੀ ਭਾਈ ਦਿਆਲਾ ਜੀ ਨੂੰ ਸੰਦੇਸ਼ ਕੀਤਾ ਕਿ ਤੁਸੀਂ ਹੁਣ ਪਰਿਵਾਰ ਨੂੰ ਨਾਲ ਲੈ ਕੇ ਪੰਜਾਬ ਆ ਜਾਵੋ।

ਜਦੋਂ ਨੌਂਵੇਂ ਪਾਤਸ਼ਾਹ ਨੂੰ ਕੇ ਦਿੱਲੀ ਲੈ ਕੇ ਆਏ ਤਾਂ ਭਾਈ ਮਤੀ ਦਾਸ , ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਨਾਲ ਲਿਆਂਦਾ ਗਿਆ ਸੀ। ਲੰਬਾ ਸਮਾਂ ਕੈਦ ਵਿਚ ਰਹੇ। ਗੁਰੂ ਸਾਹਿਬ ਨੂੰ ਡੁਲਾਉਣ ਦੇ ਯਤਨਾਂ ਵਜੋਂ ਭਾਈ ਮਤੀ ਦਾਸ ਜੀ ਨੂੰ ਉਨ੍ਹਾਂ ਦੇ ਸਨਮੁਖ ਆਰਿਆਂ ਨਾਲ ਚੀਰ ਦਿਤਾ ਗਿਆ। ਗੁਰੂ ਸਾਹਿਬ ਬਿਲਕੁਲ ਨਾ ਡੋਲੇ ਅਤੇ ਸਿਖਾਂ ਦੀ ਨਿਡਰਤਾ ਅਤੇ ਗੁਰੂ ਸਾਹਿਬ ਦੇ ਸਿਦਕ ਤੋਂ ਹਾਕਮ ਪਰੇਸ਼ਾਨ ਹੋ ਰਹੇ ਸਨ। ਉਨਾਂ ਵਲੋਂ ਦਿਤੇ ਤਸੀਹੇ ਸਿਖਾਂ ਉਪਰ ਕੋਈ ਅਸਰ ਨਹੀਂ ਪਾ ਰਹੇ ਸਨ। ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਬਿਠਾਨ ਲਈ ਜਦੋਂ ਸਰਕਾਰ ਦੇ ਹੁਕਮ ਦੇ ਬਝੇ ਨੇੜੇ ਹੋਏ ਤਾਂ ਭਾਈ ਦਿਆਲਾ ਜੀ ਆਪ ਹੀ ਉਸ ਉਬਲਦੀ ਦੇਗ ਵਿਚ ਬੈਠ ਗਏ। ਵਾਹਿਗੁਰੂ ਦਾ ਜਾਪੁ ਕਰਦੇ ਹੋਏ ਮੌਤ ਨੂੰ ਪਰਵਾਨ ਕਰ ਲਿਆ। ਇਸ ਤਰਾਂ ਭਾਈ ਦਿਆਲਾ ਜੀ ਸਿਖੀ ਦੇ ਇਮਤਿਹਾਨ ਵਿਚੋਂ ਸਫਲ ਹੋਏ ਸਨ।

ਦਸਮ ਪਿਤਾ ਜੀ ਵਲੋਂ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਚ ਰੁਕਣ ਸਮੇਂ, 1705 ਈਸਵੀ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਿਤ ਬਾਣੀ ਦਰਜ ਕੀਤੀ। ਪਹਿਲਾਂ ਬਾਣੀ 30 ਰਾਗਾਂ ਵਿਚ ਦਰਜ ਸੀ। 31ਵਾਂ ਰਾਗ ਜੈਜੈਵੰਤੀ ਦਰਜ ਕੀਤਾ ਗਿਆ ਅਤੇ ਨਾਵੇਂ ਮਹੱਲੇ ਦੇ ਸਲੋਕ ਦਰਜ ਕਰ ਕੇ ਗੁਰੂ ਗਰੰਥ ਸਾਹਿਬ ਨੂੰ ਸੰਪੂਰਨ ਕੀਤਾ। ਦਸਮ ਪਿਤਾ ਨੇ 1708 ਵਿਚ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ ਸੰਗਤਾਂ ਨੂੰ ਸ਼ਬਦ ਗੁਰੂ ਨੂੰ ਗੁਰੂ ਥਾਪ ਦਿਤਾ। ਉਨ੍ਹਾਂ ਨੇ ਇਹ ਸ਼ਬਦ ਉਚਾਰਿਆ ਸੀ :

**ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ,**

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ॥
ਗੁਰੂ ਗਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ,
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੇਂ ਲੈਹ॥

# ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**

*(ਅੰਗ ੯੮੨)*

ਗੁਰੂ ਰੂਪ ਵਿਚ ਧੁਰ ਕੀ ਬਾਣੀ ਆਦ ਗੁਰੂ ਗਰੰਥ ਸਾਹਿਬ ਵਿਚ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਅਤੇ ਹੋਰਨਾ ਸਿਖਾਂ ਨੂੰ ਨਾਲ ਲੈ ਕੇ ਸੰਕਿਲਤ ਕੀਤੀ ਸੀ। ਇਹ ਬਾਣੀ ਪੇਹ?ਲਾਂ ਪੋਥੀਆਂ ਵਿਚ ਦਰਜ ਸੀ ਅਤੇ ਪੋਥੀਆਂ ਪਹਲੇ ਪਾਤਸ਼ਾਹ ਤੋਂ ਦੂਜੇ ਪਾਤਸ਼ਾਹ ਕੋਲ ਫਿਰ ਤੀਜੇ ਪਾਤਸ਼ਾਹ ਕੋਲ ਇਸ ਤਰਾਂ ਨਾਲ ਪਰਵਾਹ ਪੰਚਮ ਪਾਤਸ਼ਾਹ ਤਕ ਹੁੰਦਾ ਰਿਹਾ ਸੀ। ਪੰਚਮ ਪਾਤਸ਼ਾਹ ਵਲੋਂ ਆਦ ਸ਼੍ਰੀ ਗਰੰਥ ਸਾਹਿਬ ਨੂੰ ਲਿਖਣ ਦਾ ਇਹ ਕਾਰਜ 30 ਅਗਸਤ 1604 ਸੰਮਤ 1661 ਨੂੰ ਸੰਪੂਰਨ ਕੀਤਾ ਗਿਆ ਸੀ ਅਤੇ ਪਹਲਾ ਪ੍ਰਕਾਸ਼ ਸਤੰਬਰ 1 ,1604 ਸੰਮਤ 1661 ਨੂੰ ਹਰਮੰਦਰ ਸਾਹਿਬ ਵਿਖੇ ਕੀਤਾ ਗਿਆ ਅਤੇ ਬਾਬਾ ਬੁਢਾ ਜੀ ਪਹਲੇ ਮੁਖ ਗ੍ਰੰਥੀ ਬਨੇ ਸਨ।

ਮੁਗਲਾਂ ਨਾਲ ਲੜਾਈਆਂ ਲੜਨ ਤੋਂ ਬਾਦ ਜਦੋਂ ਦਸਮੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਵਿਖੇ ਪੁਜੇ ਸਨ ਤਾਂ ਭਾਈ ਮਨੀ ਸਿੰਘ ਜੀ ਨਾਲ ਲੈ ਕੇ ਇਸ ਆਦ ਗਰੰਥ ਸਾਹਿਬ ਜੀ ਨੂੰ ਸੰਪੂਰਨ ਕੀਤਾ। ਪਹਿਲਾਂ ਇਸ ਗ੍ਰੰਥ ਵਿਚ 30 ਰਾਗ ਦਰਜ ਸਨ ਅਤੇ ਰਾਗ ਜੈ ਜੈ ਵੰਤੀ ਦਰਜ ਕੀਤਾ ਤਾਂ 31 ਰਾਗ ਹੋ ਗਏ ਨਾਲ ਹੀ ਸ਼?ਲੋਕ ਮੋਹੱਲਾ 9 ਦਰਜ ਕੀਤੇ ਗਏ। ਅਤੇ ਸੰਪੂਰਨਤਾ 1706 ਵਿਚ ਹੋਈ। 1708 ਵਿਚ ਦਸਵੇਂ ਗੁਰੂ ਜੀ ਨੇ ਇਸ ਨੂੰ ਗੁਰੂ ਪਦਵੀ ਦਿਤੀ ਅਤੇ ਸਿਖਾਂ ਨੂੰ ਆਦੇਸ਼ ਦਿਤਾ ਕਿ ਸਾਡੇ ਤੋਂ ਬਾਦ ਇਸ ਨਿਰਾਲੇ ਪੰਥ ਦਾ ਗੁਰੂ ਸ਼ਬਦ ਗੁਰੂ ਹੋਵੇਗਾ। ਇਸ ਸੰਬੰਧ ਵਿਚ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਵਿਚ ਦਰਜ ਹੈ ਕਿ

**ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ**
**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ**
**ਗੁਰੂ ਗਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ**
**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ॥**

ਸਿਖਾਂ ਨੂੰ ਸ਼ਬਦ ਗੁਰੂ ਦੇ ਲੜ ਲਾ ਕੇ ਦਸਮੇਂ ਪਾਤਸ਼ਾਹ ਗੁਰੁ ਚਰਨਾ ਵਿਚ ਜਾ ਬਿਰਾਜੇ ਸਨ ਅਤੇ ਉਸ ਦਿਨ ਤੋਂ ਅਜ ਤਕ ਸਿਖ ਸੰਗਤ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮਨ ਕੇ ਇਸ ਦੇ ਵਿਚ ਅਥਾਹ ਵਿਸ਼ਵਾਸ ਕਰਦੀ ਹੈ ਅਤੇ ਜਦੋਂ ਵੀ ਕਿਸੇ ਸਿਖ ਨੂੰ ਜੋ ਸਿਖ ਸੰਗਤ ਨੂੰ ਦੁਬਿਧਾ ਹੁੰਦੀ ਹੈ ਅਤੇ ਅਗਵਾਈ ਦੀ ਲੋੜ ਮੇਹ?ਸੂਸ ਹੁੰਦੀ ਹੈ ਤਾਂ

ਇਕ ਮਨ ਇਕ ਚਿਤ ਹੋ ਕੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁਖ ਅਰਦਾਸ ਕੀਤੀ ਜਾਂਦੀ ਹੈ ਅਤੇ ਮੁਖ ਵਾਕ ਲਿਆ ਜਾਂਦਾ ਹੈ ਅਤੇ ਸੰਗਤ ਨੂੰ ਸੁਯੋਗ ਅਗਵਾਈ ਪ੍ਰਾਪਤ ਹੋ ਜਾਂਦੀ ਹੈ। ਕਿਓਂ ਜੋ ਇਹ ਬਾਣੀ ਕਿਸੇ ਮਨੁਖ ਦੇ ਆਖੇ ਹੋਏ ਸ਼ਬਦ ਨਹੀਂ ਹਨ ਇਹ ਤਾਂ ਧੁਰ ਕੀ ਬਾਣੀ ਹੈ ਅਤੇ ਇਸ ਬਾਰੇ ਲਿਖਿਆ ਹੈ ਕਿ

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ ॥** (ਪੰਨਾ ੩੦੮)

ਜਦੋਂ ਵੀ ਗੁਰੂ ਜੀ ਨੂੰ ਧੁਰ ਤੋਂ ਬਾਣੀ ਫੁਰਦੀ ਸੀ ਤਾਂ ਆਖਦੇ ਸਨ ਭਈ ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ ਅਤੇ ਉਨ੍ਹਾ ਨੇ ਵਰਣਨ ਕੀਤਾ ਹੈ ਕਿ

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥** (ਅੰਗ ੭੨੨)

ਇਸ ਗੁਰੂ ਗਰੰਥ ਸਾਹਿਬ ਜੀ ਵਿਚ ਅਟਲ ਸਚਾਈਆਂ ਦਾ ਵਰਣਨ ਹੈ ਅਤੇ ਭੂਲੇ ਭਟਕੇ ਲੋਕਾਂ ਨੂੰ ਠੀਕ ਰਸਤਾ ਚੁਣ ਕੇ ਉਸ ਉਪਰ ਚਲਣ ਲਈ ਅਗਵਾਈ ਵੀ ਦਿਤੀ ਗਈ ਹੈ ਉਨ੍ਹਾ ਨੇ ਠੀਕ ਜੀਵਨ ਜਾਚ ਸਿਖਾਈ ਹੈ ਅਤੇ ਵਿਗਿਆਨਕ ਪਖ ਨੂੰ ਵੀ ਦਰਸਾਇਆ ਹੈ ਅਤੇ ਅੰਧ ਵਿਸ਼ਵਾਸ ਖਤਮ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ ਉਨ੍ਹਾ ਨੇ ਲਿਖਿਆ ਹੈ ਕਿ

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥**
**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥**
**ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥**
*ਅੰਗ ੪੭੯*

ਸਪਸ਼ਟ ਹੈ ਪਤੇ ਦੇ ਵਿਚ ਜਾਨ ਹੈ ਅਤੇ ਜਿਸ ਲਈ ਇਹ ਪਤੇ ਤੋੜੇ ਜਾ ਰਹੇ ਹਨ ਓਹ ਪਥਰ ਬੇਜਾਨ ਹੈ। ਹੋਰ ਵੀ ਬਹੁਤ ਸਾਰੀਆਂ ਉਦਾਹਰਨਾ ਦਿਤੀਆਂ ਜਾ ਸਕਦੀਆਂ ਹਨ। ਮਨੁਖ ਨੂੰ ਵੇਹ?ਮਾਂ ਅਤੇ ਭਰਮਾਂ ਵਿਚੋਂ ਕਢਣ ਦੇ ਉਪਰਾਲੇ ਕੀਤੇ ਗਏ ਹਨ? ਗੁਰੂ ਜੀ ਨੇ ਅਪਨੀ ਅਕਲ ਨਾਲ ਵਿਚਾਰ ਕਰਨ ਲਈ ਲਿਖਿਆ ਹੈ ਜਿਵੇਂ

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥** *(ਪੰਨਾ ੧੨੪੫)*

ਗੁਰ ਗਰੰਥ ਸਾਹਿਬ ਜੀ ਵਿਚ ਅਨੇਕ ਬੋਲੀਆਂ ਦਰਜ ਕੀਤੀਆਂ ਗਈਆਂ ਹਨ ਜਾਤ ਪਾਤ ਨੂੰ ਵਿਚਾਰੇ ਬਿਨਾ ਇਸ ਵਿਚ ਚਮਿਆਰ ਰਵਿਦਾਸ , ਛੀਂਬਾ ਨਾਮਦੇਵ, ਬ੍ਰਾਹਮਣ ਪਰਮਾਨੰਦ ਮੁਸਲਮਾਨ ਮਿਰਾਸੀ ਸੱਤਾ ਅਤੇ ਬਲਵੰਡ ਅਤੇ ਮਰਦਾਨਾ ,ਬਾਬਾ ਫਰੀਦ ਅਤੇ ਸੰਤ ਕਬੀਰ ਜੀ ਦੀ ਬਾਣੀ ਵੀ ਦਰਜ ਕੀਤੀ ਗਈ ਹੈ। ਅਨੇਕ ਧਰਮ ,ਅਨੇਕ ਬੋਲੀਆਂ ,ਅਨੇਕ ਜਾਤਾਂ ਹੋਣ ਦੇ ਬਾਵਜੂਦ ਇਸ ਗਰੰਥ ਵਿਚ ਇਕ ਅਕਾਲ ਪੁਰਖ ਦੀ ਉਸਤਤ ਅਤੇ ਸਾਰੀ ਅਨੇਕਤਾ ਨੂੰ ਏਕਤਾ ਵਿਚ ਪਰੋਇਆ ਹੋਇਆ ਹੈ। ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਛੇ ਪਾਤਸ਼ਾਹੀਆਂ ਤੋਂ ਇਲਾਵਾ 15 ਸੰਤਾ ਅਤੇ ਭਗਤਾਂ ਅਤੇ ਭੱਟਾ ਦੀ ਬਾਣੀ ਵੀ ਦਰਜ ਹੈ। ਇਸ ਪੂਰਨ ਗਰੰਥ ਵਿਚ ਕੁਲ 1430 ਅੰਗ ਹਨ ਅਤੇ ਦੁਨੀਆ

ਦਾ ਇਕ ਹੀ ਗਰੰਥ ਹੈ ਜਿਸ ਦਾ ਰੋਜ਼ਾਨਾ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਰਾਤ ਸਮੇਂ ਸੁਖ ਆਸਨ ਕੀਤਾ ਜਾਂਦਾ ਹੈ।

ਇਸ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਇਹ ਗੁਰੂ ਜੀ ਵਲੋਂ ਖੁਦ ਲਿਖਵਾਇਆ ਗਿਆ ਹੈ ਅਤੇ

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

*(ਪੰਨਾ ੯੬੬)*

ਇਸ ਤਰਾਂ ਸਾਰੀਆਂ ਪਾਤਸ਼ਾਹੀਆਂ ਇਕੋ ਜੋਤ ਸਨ ਅਤੇ ਕਿਸੇ ਵੀ ਥਾਂ ਉਪਰ ਅਪਨੀ ਖੁਦ ਦੀ ਉਸਤਤ ਜਾਂ ਆਪਣੇ ਜੀਵਨ ਸੰਬੰਧੀ ਵਰਣਨ ਨਹੀਂ ਮਿਲਦਾ ਹੈ ਸਗੋਂ ਕੇਵਲ ਤੇ ਕੇਵਲ ਉਸ ਅਕਾਲ ਪੁਰਖ ਦੀ ਸਿਫਤ ਸਲਾਹ ਕੀਤੀ ਗਈ ਹੈ। ਬਾਕੀ ਗਰੰਥ ਜੇਹੜੇ ਦੁਨੀਆ ਉਪਰ ਉਪਲਬਧ ਹਨ ਓਹਨਾ ਨੂੰ ਬਾਦ ਵਿਚ ਪੈਰੋਕਾਰਾਂ ਵਲੋਂ ਲਿਖਿਆ ਜਾਂ ਲਿਖਾਇਆ ਗਿਆ ਹੈ। ਪ੍ਰੰਤੂ ਇਸ ਗੁਰੂ ਗਰੰਥ ਸਾਹਿਬ ਵਿਚ ਜੋ ਅਕਾਲ ਪੁਰਖ ਨੇ ਲਿਖਵਾਇਆ ਹੈ ਓਹ ਹੀ ਦਰਜ ਹੈ

**ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥**
**ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥** *(ਅੰਗ ੫੬੬)*

# ਸਿੱਖ ਧਰਮ ਦਾ ਮੁਢਲਾ ਸਬਕ

## (ੳ) ਸਿੱਖ

ਸਿੱਖੀ ਦੀ ਪਾਠਸ਼ਾਲਾ ਵਿਚ ਦਾਖਲ ਹੋਣ ਵਾਲਾ ਕੋਈ ਵੀ ਇਸਤ੍ਰੀ ਜਾਂ ਪੁਰਸ਼ ਜਿਹੜਾ

1 ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਨੂੰ ਮੰਨਦਾ ਹੈ

2 ਸ਼੍ਰੀ ਅਕਾਲ ਪੁਰਖ ਵਿੱਚ ਵਿਸ਼ਵਾਸ ਰੱਖਦਾ ਹੈ

3 ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਤਕ ਦਸਾਂ ਗੁਰੂਆਂ ਨੂੰ ਮੰਨਦਾ ਹੈ

4 ਕਿਸੇ ਵੀ ਹੋਰ ਧਰਮ ਨੂੰ ਨਹੀਂ ਮੰਨਦਾ ਹੈ

5 ਦਸਮ ਪਿਤਾ ਦੇ ਪਾਹੁਲ ਵਿਚ ਵਿਸ਼ਵਾਸ ਰਖਦਾ ਹੈ

6 ਬੁੱਤ ਪੂਜਾ ਵਿਚ ਵਿਸ਼ਵਾਸ ਨਹੀਂ ਰੱਖਦਾ ਹੈ

7 ਕੁੱਠਾ (ਹਲਾਲ) ਮਾਸ ਨਹੀਂ ਖਾਦਾ ਹੈ

8 ਤਮਾਕੂ ਦਾ ਸੇਵਨ ਨਹੀਂ ਕਰਦਾ ਹੈ

ਸਿੱਖ ਅਖਵਾਉਂਦਾ ਹੈ।

## (ਅ) ਗੁਰੂ

ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਣ ਵਾਲਾ ਗੁਰੂ ਅਖਵਾਉਂਦਾ ਹੈ।ਦਸ ਗੁਰੂ ਸਾਹਿਬਾਨ ਵਿਚ ਇਕੋ ਹੀ ਜੋਤ ਹੈ ਅਤੇ ਇਹ ਜਾਗਦੀ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੀ ਹੈ ਅਤੇ ਸ਼ਬਦ ਗੁਰੂ ਅਖਵਾਉਦੀਂ ਹੈ। ਕਿਸੇ ਵੀ ਸਿੱਖ ਲਈ ਜੀਵਨ ਜਾਂਚ ਦਾ ਕੇਂਦਰ ਬਿੰਦੂ ਇਹ ਸ਼ਬਦ ਗੁਰੂ ਹੈ ਜੋ ਕਿ ਕਿਸੇ ਸਿੱਖ ਨੂੰ ਅਗਿਆਨਤਾ ਵਿਚੋਂ ਕੱਢ ਕੇ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦਾ ਹੈ। ਸਿੱਖ ਮੱਤ ਵਿਚ ਗੁਰੂ ਅਕਾਲ ਪੁਰਖ ਲਈ ਵਰਤਿਆ ਜਾਂਦਾ ਹੈ। ਉਹ ਪ੍ਰਮਾਤਮਾ ਹੀ ਗੁਰੂ ਰੂਪ ਹੈ ਜੋ ਕਿ ਸਿੱਖ ਨੂੰ ਸਿੱਧੇ ਮਾਰਗ ਤੇ ਪਾਉਦਾਂ ਹੈ ਅਤੇ ਆਤਮਿਕ ਵਿਕਾਸ ਦੀ ਸੋਝੀ ਪ੍ਰਾਪਤ ਹੁੰਦੀ ਹੈ।

## (ੲ) ਚਾਰ ਸਾਹਿਬਜ਼ਾਦੇ

ਜਦੋਂ ਵੀ ਕੋਈ ਸਿੱਖ ਅਰਦਾਸ ਕਰਦਾ ਹੈ ਤਾਂ ਉਹ ਸਿੰਘ ਅਤੇ ਸਿੰਘਣੀਆਂ ਦੀਆਂ ਧਰਮ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ ਅਤੇ ਛੋਟੀ ਉਮਰੇ ਸ਼ਹੀਦੀ ਪ੍ਰਾਪਤ ਕਰ ਲੈਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰੇ ਲਾਲਾਂ ਨੂੰ ਵੀ ਨਾਲ ਹੀ ਨੱਤ ਮਸਤਕ

ਹੁੰਦਾ ਹੈ। ਚਾਰ ਸਾਹਿਬਜ਼ਾਦੇ ਹਨ

1 ਬਾਬਾ ਅਜੀਤ ਸਿੰਘ ਜੀ
2 ਬਾਬਾ ਜੁਝਾਰ ਸਿੰਘ ਜੀ
3 ਬਾਬਾ ਜ਼ੋਰਾਵਰ ਸਿੰਘ ਜੀ
4 ਬਾਬਾ ਫਤਿਹ ਸਿੰਘ ਜੀ

ਉਪਰੋਕਤ ਦਰਜ ਚਾਰੇ ਸਾਹਿਬਜ਼ਾਦਿਆਂ ਨੇ ਛੋਟੀ ਉਮਰੇ ਹੀ ਸ਼ਹਾਦਤ ਦਾ ਜਾਮ ਪੀਤਾ ਸੀ ਇਸ ਲਈ ਇਨ੍ਹਾਂ ਨੂੰ ਸਤਿਕਾਰ ਨਾਲ ਬਾਬਾ ਆਖਦੇ ਹਾਂ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ- ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਦੇਸੀ ਮਹੀਨੇ ਪੋਹ ਅਰਥਾਤ 26 ਦਸੰਬਰ 1705 ਵਿੱਚ ਜਿਉਦੇਂ ਹੀ ਨੀਹਾਂ ਵਿਚ ਚਿਣ ਦਿਤਾ ਗਿਆ ਸੀ ਅਤੇ ਵੱਡੇ ਸਾਹਿਬਜ਼ਾਦਿਆਂ- ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਚਮਕੋਰ ਦੀ ਗੜ੍ਹੀ ਵਿਚ ਮੁਗਲਾਂ ਨਾਲ ਦੋ ਹੱਥ ਕਰਦੇ ਹੋਏ ਦੇਸੀ ਮਹੀਨੇ ਪੋਹ ਅਰਥਾਤ 21 ਦਸੰਬਰ 1705 ਨੂੰ ਸ਼ਹੀਦੀ ਜਾਮ ਪੀਤਾ ਸੀ।

## (ਸ) ਪੰਜ ਪਿਆਰੇ

ਖਾਲਸੇ ਦੀ ਸਿਰਜਣਾ ਦਸਵੇਂ ਪਾਤਸ਼ਾਹ ਵਲੋਂ 1699 ਦੀ ਵਿਸਾਖੀ ਵਾਲੇ ਦਿਨ ਕੀਤੀ ਗਈ ਸੀ ਅਤੇ ਸਭ ਤੋਂ ਪਹਿਲਾ ਸੀਸ ਅਰਪਿਤ ਕਰਨ ਵਾਲੇ ਸਿੱਖਾਂ ਨੂੰ ਖੰਡੇ ਬਾਟੇ ਦਾ ਪਾਹੁਲ ਛਕਾ ਕੇ ਸਿੰਘ ਸਜਾ ਦਿਤਾ ਗਿਆ ਸੀ ਅਤੇ ਉਨ੍ਹਾਂ ਨੂੰ ਪੰਜ ਪਿਆਰੇ ਆਖਿਆ ਗਿਆ। ਉਹਨਾਂ ਦੇ ਨਾਮ ਹਨ-

1 ਭਾਈ ਦਇਆ ਸਿੰਘ ਜੀ
2 ਭਾਈ ਧਰਮ ਸਿੰਘ ਜੀ
3 ਭਾਈ ਹਿੰਮਤ ਸਿੰਘ ਜੀ
4 ਭਾਈ ਮੋਹਕਮ ਸਿੰਘ ਜੀ
5 ਭਾਈ ਸਾਹਿਬ ਸਿੰਘ ਜੀ

## (ਹ) ਅੰਮ੍ਰਿਤ

ਸ਼੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ, ਪੰਜ ਸਿੰਘਾਂ ਅਰਥਾਤ ਪੰਜ ਪਿਆਰਿਆ ਵਲੋਂ,ਲੋਹੇ ਦੇ ਬਾਟੇ ਵਿਚ ਸ਼ੁਧ ਜਲ ਪਾ ਕੇ ਉਸ ਵਿਚ ਪਤਾਸਿਆਂ ਨੂੰ ਖੰਡੇ ਨਾਲ ਘੋਲ ਕੇ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਇਹ ਪੰਜ ਸਿੰਘ ਜਾਂ ਪੰਜ ਪਿਆਰੇ ਬੀਰ ਆਸਨ ਵਿਚ ਬੈਠ ਕੇ ਸ਼੍ਰੀ ਗੁਰੂ ਗਰੰਥ ਸਾਹਿਬ ਦੀ ਹਜੂ?ਰੀ ਵਿਚ ਪੰਜ ਬਾਣੀਆਂ (ਜਪੁਜੀ ਸਾਹਿਬ,ਜਾਪੁ ਸਾਹਿਬ,ਚੌਪਈ ਸਾਹਿਬ,ਤਵਪ੍ਰਸਾਦਿ ਸਵੱਯੇ-ਸ੍ਰਾਵਗ ਸੁਧ ਵਾਲੇ(10),ਅਤੇ ਅਨੰਦ ਸਾਹਿਬ) ਦਾ ਪਾਠ ਕਰਦਿਆਂ ਅਮ੍ਰਿਤ ਤਿਆਰ ਕਰਦੇ ਹਨ। ਇਸ ਅੰਮ੍ਰਿਤ ਨੂੰ ਛੱਕ ਕੇ ਸਿੰਘ ਸੱਜ ਜਾਈਦਾ ਹੈ।

## (ਕ) ਖਾਲਸਾ

ਅੰਮ੍ਰਿਤ ਧਾਰੀ ਸਿੱਖਾਂ ਨੂੰ ਖਾਲਸਾ ਆਖਿਆ ਜਾਦਾਂ ਹੈ।ਇਹ ਖਾਲਸਾ ਸ਼ਬਦ ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਖਾਲਿਸ ਅਥਵਾ ਸੁੱਧ ਜਾਂ ਨਿਰੋਲ ਜਿਸ ਵਿਚ ਕੋਈ ਵੀ ਖੋਟ ਨਾ ਹੋਵੇ।ਅਰਬੀ ਭਾਸ਼ਾ ਵਿਚ ਖਾਲਿਸਾਹ ਦਾ ਅਰਥ ਹੈ ਉਹ ਜ਼ਮੀਨ ਜੋ ਖਾਲੀ ਹੈ ਅਤੇ ਉਸ ਉਪਰ ਕੋਈ ਮਾਲਕੀ ਨਹੀਂ ਹੈ ਅਤੇ ਸਰਕਾਰ ਹੀ ਉਸ ਜ਼ਮੀਨ ਦੀ ਮਾਲਿਕ ਹੈ। ਦਸਵੇਂ ਪਾਤਸ਼ਾਹ ਨੇ ਅਜਿਹਾ ਖਾਲਸਾ ਸਿਰਜਿਆ ਜੋ ਕੇਵਲ ਅਕਾਲ ਪੁਰਖ ਦੇ ਅਧੀਨ ਹੈ ਅਤੇ ਉਸ ਤੌਂ ਬਿਨਾ ਕਿਸੇ ਹੋਰ ਨੂੰ ਸਿਰ ਨਹੀਂ ਝੁਕਾਉਦਾ ਅਤੇ ਕਿਸੇ ਵੀ ਦੇਵੀ ਜਾਂ ਦੇਵਤਾ ਂਨੂੰ ਨਹੀਂ ਮੰਨਦਾ ਹੈ।

## (ਖ) ਕਕਾਰ

ਖਾਲਸਾ ਪੰਜ ਕਕਾਰਾਂ ਦਾ ਧਾਰਨੀ ਹੁੰਦਾ ਹੈ। ਹਰੇਕ ਸਿੱਖ ਲਈ ਇਹ ਪੰਜੇ ਕਕਾਰ ਇਕੋ ਹੀ ਹਨ ਇਹ ਪੰਜਾਬੀ ਦੇ ਅੱਖਰ ਕ ਤੌਂ ਸੁ?ਰੂ ਹੁੰਦੇ ਹਨ ਇਸ ਲਈ ਇਹ ਕਕਾਰ ਅਖਵਾਉਦੇ ਹਨ। ਖੰਡੇ ਬਾਟੇ ਦੇ ਅੰਮ੍ਰਿਤ ਛੱਕਣ ਵਾਲੇ ਅੰਮ੍ਰਿਤਧਾਰੀ ਸਿੰਘ ਲਈ ਪੰਜ ਕਕਾਰ ਧਾਰਨ ਕਰਨੇ ਜ਼ਰੂਰੀ ਹਨ ਇਹ ਕਕਾਰ ਹਨ-

1 ਕੇਸ—ਸਿੱਖ ਧਰਮ ਦੀ ਮੁਢਲੀ ਨਿਸ਼ਾਨੀ ਅਤੇ ਸੰਤਪੁਣੇ ਦੀ ਕੁਦਰਤੀ ਦਿੱਖ
2 ਕੰਘਾ—ਕੇਸਾਂ ਨੂੰ ਸੰਵਾਰਣ ਲਈ
3 ਕਛਿਹਰਾ—ਨੇਕ ਚਰਿੱਤਰ ਦੀ ਨਿਸ਼ਾਨੀ
4 ਕੜਾ(ਲੋਹੇ ਦਾ)—ਕਲਾਈ ਤੇ ਪਹਿਨਣ ਲਈ
5 ਕਿਰਪਾਨ—ਸਵੈ ਰਖਿਆ ਲਈ ਅਤੇ ਮਜ਼ਲੂਮਾਂ ਦੀ ਰੱਖਿਆ ਲਈ

ਕੇਸਾਂ ਉਪਰ ਦਸਤਾਰ ਸਜਾ ਕੇ ਰੱਖਣੀ ਹੈ।

## (ਗ) ਤਖਤ

ਸਿੱਖਾਂ ਦੇ ਪੰਜ ਤਖ਼ਤ ਹਨ ਅਤੇ ਪੰਜਾਂ ਤਖਤਾਂ ਦਾ ਬਰਾਬਰ ਦਾ ਸਤਿਕਾਰ ਕੀਤਾ ਜਾਦਾਂ ਹੈ ਅਤੇ ਉੱਚਤਾ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਅਕਾਲ ਤਖਤ ਸਾਹਿਬ ਦੀ ਮਹੱਤਤਾ ਸਭ ਨਾਲੋਂ ਵਧੇਰੇ ਹੈ ਇਸ ਲਈ ਸਾਰੀ ਸਿੱਖ ਕੋਮ ਦੇ ਮਸਲੇ ਇਸ ਤਖਤ ਤੇ ਹੀ ਵਿਚਾਰੇ ਜਾਂਦੇ ਹਨ।

ਸਰਬੱਤ ਖਾਲਸਾ ਦਾ ਸੱਦਾ ਅਕਾਲ ਤਖਤ ਤੋਂ ਹੀ ਜਾਰੀ ਕੀਤਾ ਜਾਂਦਾ ਹੈ।ਅਤੇ ਸਬੰਧਿਤ ਇਲਾਕਿਆਂ ਦੇ ਮਸਲੇ ਜੋ ਸਿੱਖ ਸੰਗਤ ਨਾਲ ਜੁੜੇ ਹੁੰਦੇ ਹਨ, ਉਨਾਂ ਤੇ ਵਿਚਾਰ ਬਾਕੀ ਤਖਤਾਂ ਉਪਰ ਕੀਤੀ ਜਾਂਦੀ ਹੈ ਅਤੇ ਫੈਸਲੇ ਲਏ ਜਾਂਦੇ ਹਨ। ਪਰੰਤੂ ਹੁਕਮਨਾਮਾ ਬਣਨ ਲਈ ਇਹਨਾਂ ਫੈਸਲਿਆਂ ਉਪਰ ਅਕਾਲ ਤਖਤ ਦੀ ਹੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

ਤਖਤ ਸ਼ਬਦ ਫਾਰਸੀ ਭਾਸ਼ਾ ਨਾਲ ਸਬੰਧਿਤ ਹੈ ਜਿਸ ਦਾ ਮਤਲਬ ਹੈ ਰਾਜ ਸਿੰਘਾਸਨ ਜਾਂ ਬੈਠਣ ਲਈ ਚੌਕੀ।ਪ੍ਰੰਤੂ ਸਿੱਖ ਧਰਮ ਵਿਚ ਤਖਤ ਰੂਹਾਨੀ ਅਤੇ ਦੁਨਿਆਵੀ ਪੱਖਾਂ ਦੀ ਸੱਤਾ ਦੀ ਚੌਂਕੀ ਦਾ ਪ੍ਰਤੀਕ ਹੈ। ਖਾਲਸੇ ਦੇ ਇਹ ਪੰਜ ਤਖਤ ਹਨ----

1 ਸ਼੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਪੰਜਾਬ

2 ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਬਿਹਾਰ
3 ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਪੰਜਾਬ
4 ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਹਾਂਰਾਸ਼ਟਰ
5 ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪੰਜਾਬ

## (ਘ) ਮੂਲ ਮੰਤਰ

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਅਕਾਲ ਪੁਰਖ ਹੀ ਸਿਖ ਧਰਮ ਦਾ ਮੂਲ ਮੰਨਿਆ ਗਿਆ

ੴ—ਸਰਵ ਵਿਆਪਕ ਅਕਾਲ ਪੁਰਖ ਕੇਵਲ ਇਕ ਹੈ ਅਤੇ ਉਸ ਵਰਗਾ ਕੋਈ ਹੋਰ ਨਹੀਂ ਹੈ।

ਸਤਿਨਾਮੁ—ਉਸ ਦਾ ਨਾਮ ਸੱਚਾ ਹੈ ਅਤੇ ਹਮੇਸ਼ਾ ਵਾਸਤੇ ਹੈ।

ਕਰਤਾ—ਉਹ ਸਭ ਕੁਝ ਦਾ ਰਚਨਹਾਰ ਹੈ।

ਪੁਰਖੁ—ਉਹ ਸਭ ਦੀ ਰਚਨਾ ਕਰ ਕੇ ਉਸ ਵਿਚ ਹੀ ਵੱਸਦਾ ਹੈ।

ਨਿਰਭਉ—ਉਸ ਨੂੰ ਕਿਸੇ ਦਾ ਭਉ ਜਾਂ ਡਰ ਨਹੀਂ ਹੈ ਅਰਥਾਤ ਡਰ ਰਹਿਤ ਹੈ।

ਨਿਰਵੈਰ—ਉਸ ਨੂੰ ਕਿਸੇ ਨਾਲ ਵੀ ਵੈਰ ਨਹੀਂ ਹੈ ਅਰਥਾਤ ਵੈਰ ਵਿਰੋਧ ਰਹਿਤ ਹੈ।

ਅਕਾਲ—ਉਹ ਕਾਲ ਜਾਂ ਮੌਤ ਤੋ ਮੁਕਤ ਹੈ।

ਮੂਰਤਿ—ਉਸ ਦੀ ਕੋਈ ਸ਼ਕਲ ਜਾਂ ਮੂਰਤ ਨਹੀਂ ਹੈ।

ਅਜੂਨੀ—ਉਹ ਜੂਨਾਂ ਤੋ ਰਹਿਤ ਹੈ ਅਰਥਾਤ ਉਹ ਜੰਮਣ ਮਰਣ ਵਿਚ ਨਹੀਂ ਆਉਦਾ ਹੈ।

ਸੈਭੰ—ਉਹ ਆਪਣੇ ਆਪ ਹੀ ਪ੍ਰਗਟ ਹੋਇਆ ਹੈ ਉਸ ਦੀ ਸਿਰਜਨਾ ਕਿਸੇ ਨੇ ਨਹੀਂ ਕੀਤੀ ਹੈ।

ਗੁਰ ਪ੍ਰਸਾਦਿ—ਗੁਰੂ ਦੀ ਅਪਾਰ ਕਿਰਪਾ ਸਦਕਾ ਹੀ ਅਜਿਹੇ ਅਕਾਲ ਪੁਰਖ ਨੂੰ ਮਿਲਿਆ ਜਾ ਸਕਦਾ ਹੈ।

## (ਚ) ਨਿੱਤਨੇਮ

ਸੱਖੀ ਜੀਵਨ ਜਾਚ ਦਾ ਜ਼ਰੂਰੀ ਅੰਗ ਨਿੱਤਨੇਮ ਹੈ ਇਸ ਅਨੁਸਾਰ ਰੋਜ਼ਾਨਾ ਨਿਯਮ ਨਾਲ ਗੁਰਬਾਣੀ ਦਾ ਪਾਠ ਕੀਤਾ ਜਾਂਦਾ ਹ

ਅੰਮ੍ਰਿਤ ਵੇਲੇ—ਜਪੁਜੀ ਸਾਹਿਬ ,ਜਾਪੁ ਸਾਹਿਬ ,ਤਵਪ੍ਰਸਾਦਿ ਸਵੈਯੇ (10) ਸ੍ਰਾਵਗ ਸੁਧ ਵਾਲੇ

ਸ਼ਾਮ ਵੇਲੇ—ਸੋ ਦਰੁ ਰਹਿਰਾਸ ਸਾਹਿਬ

ਰਾਤ ਨੂੰ ਸੋਣ ਵੇਲੇ—ਕੀਰਤਨ ਸੋਹਿਲਾ ਸਾਹਿਬ

ਸਿੱਖੀ ਦੀ ਮਰਿਆਦਾ ਅਨੁਸਾਰ ਹਰੇਕ ਸਿੱਖ ਲਈ ਉਪਰੋਕਤ ਅਨੁਸਾਰ ਬਾਣੀਆ

ਦਾ ਪਾਠ ਜ਼ਰੂਰੀ ਹੈ।

**(ਛ) ਗੁਰ ਮੰਤਰ**

ਪਰਮਾਤਮਾ ਦੇ ਤਮਾਮ ਗੁਣ ਗੁਰ ਮੰਤਰ ਵਿਚ ਹਨ ਅਤੇ ਉਸ ਦੇ ਰੰਗ ਵਿਚ ਰਹਿਣ ਲਈ ਵਾਹਿਗੁਰੂ ਗੁਰ ਮੰਤਰ ਹੈ ।

ਗੁ ਦਾ ਅਰਥ ਹੈ ਹਨੇਰਾ ਅਤੇ ਰੂ ਦਾ ਅਰਥ ਹੈ ਦੂਰ ਕਰਨਾ ।ਇਸ ਲਈ ਗੁਰੂ ਉਹ ਹੈ ਜੋ ਹਨੇਰੇ ਨੂੰ ਦੂਰ ਕਰ ਕੇ ਚਾਨਣ ਵੱਲ ਲੈ ਕੇ ਜਾਂਦਾ ਹੈ ।ਅਤੇ ਵਾਹੁ ਦਾ ਅਰਥ ਹੈ ਵਾਹ ਤੂੰ ਅਥਾਹ ਸ਼ਕਤੀਆਂ ਦਾ ਮਾਲਕ ਹੈਂ ।

ਇਸ ਲਈ ਗੁਰ ਮੰਤਰ ਦਾ ਅਰਥ ਹੈ ਕਿ ਹੇ ਸਰਬਸ਼ਕਤੀ ਮਾਨ ਤੂੰ ਬੇਅੰਤ ਹੈਂ ਅਤੇ ਮਨੁਖਾਂ ਨੂੰ ਅਗਿਆਨਤਾ ਦੇ ਹਨੇਰੇ ਵਿਚੋ ਕੱਢ ਕੇ ਚਾਨਣ ਵੱਲ ਲੈ ਕੇ ਜਾਣ ਦੀ ਅਸਥਾਹ ਸਮਰੱਥਾ ਰੱਖਦਾ ਹੈ।

**(ਜ) ਸੰਗਤ**

ਜਦੋਂ ਗੁਰੂ ਨੂੰ ਮੰਨਣ ਵਾਲੇ ਗੁਰਮੁਖ ਕਿਸੇ ਅਸਥਾਨ ਤੇ ਇਕੱਠੇ ਹੁੰਦੇ ਹਨ ਤਾਂ ਇਸ ਇਕੱਠ ਨੂੰ ਸੰਗਤ ਕਿਹਾ ਜਾਂਦਾ ਹੈ।ਜੇਕਰ ਇਹ ਸੰਗਤ ਇਕੱਠੀ ਹੋ ਕੇ ਅਕਾਲ ਪੁਰਖ ਦੀ ਸਿਫਤ ਸਲਾਹ ਕਰਦੀ ਹੈ ਜਾਂ ਨਾਮ ਦਾ ਸਿਮਰਨ ਕਰਦੀ ਹੈ ਜਾਂ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਹੈ ਤਾਂ ਇਹ ਸੰਗਤ ਸਤਿ ਸੰਗਤ ਅਖਵਾਉਦੀ ਹੈ।ਸੰਗਤ ਵਿੱਚ ਉਚ ਨੀਚ ਦਾ ਭਰਮ ਜਾਂ ਛੂਤ ਛਾਤ ਦਾ ਵਿਤਕਰਾ ਬਿਲਕੁਲ ਨਹੀਂ ਹੁੰਦਾ।ਆਮ ਤੋਰ ਤੇ ਸੰਗਤ ਗੁਰਦੁਆਰਿਆਂ ਅਤੇ ਹੋਰ ਸਥਾਨਾਂ ਤੇ ਇਕੱਠੀ ਹੁੰਦੀ ਹੈ ਉਥੇ ਸੱਚੇ ਪਾਤਸ਼ਾਹ ਦੀ ਉਸਤਤ ਕੀਤੀ ਜਾਂਦੀ ਹੈ ਅਤੇ ਪ੍ਰਮਾਤਮਾ ਦਾ ਨਾਮ ਲਿਆ ਜਾਂਦਾ ਹੈ।

**(ਝ) ਲੰਗਰ**

ਲੰਗਰ ਦੀ ਪ੍ਰਥਾ ਸਿੱਖਾਂ ਵਿਚ ਪ੍ਰੇਮ ਭਾਵਨਾ,ਭਾਈਚਾਰੇ ਅਤੇ ਸੇਵਾ ਦੀ ਭਾਵਨਾ ਦਰਸਾਉਦੀ ਹੈ।ਕੁਝ ਖਰਚਾ ਕਰਨ ਤੋ ਬਿਨਾ ਪੇਟ ਦੀ ਭੁਖ ਦੀ ਪੂਰਤੀ ਲਈ ਮਿਲਣ ਵਾਲੇ ਅਨਾਜ ਨੂੰ ਲੰਗਰ ਆਖਿਆ ਜਾਂਦਾ ਹੈ।ਸਿੱਖ ਸੰਗਤਾਂ ਪੰਗਤ ਵਿਚ ਬੈਠ ਕੇ ਲੰਗਰ ਛੱਕ ਕੇ ਅਨੰਦਿਤ ਮਹਿਸੂਸ ਕਰਦੀਆਂ ਹਨ ।ਪੰਗਤ ਵਿਚ ਬੈਠ ਕੇ ਲੰਗਰ ਛੱਕਣ ਦੀ ਪ੍ਰਥਾ ਤੀਜੇ ਨਾਨਕ ਸ੍ਰੀ ਗੁਰੂ ਅਮਰ ਦਾਸ ਜੀ ਨੇ ਚਲਾਈ ਸੀ। ਉਸ ਸਮੇਂ ਦੇ ਸ਼ਾਸ਼ਕ ਨੂੰ ਵੀ ਗੁਰੂ ਜੀ ਨੂੰ ਮਿਲਣ ਤੋ ਪਹਿਲਾਂ ਲੰਗਰ ਛਕਾਇਆ ਗਿਆ ਸੀ।ਹਰੇਕ ਨੂੰ ਬਿਨਾ ਕਿਸੇ ਭੇਦ ਭਾਵ ਤੋ ਇਕ ਪੰਗਤ ਵਿਚ ਬਿਠਾ ਕੇ ਲੰਗਰ ਛਕਾਉਣ ਦੀ ਇਹ ਬਖਸ਼ਿਸ ਅੱਜ ਤਕ ਸੰਸਾਰ ਦੇ ਸਾਰੇ ਗੁਰੂ ਘਰਾਂ ਵਿਚ ਚਲਾਈ ਜਾ ਰਹੀ ਹੈ।ਇਸ ਪ੍ਰਥਾ ਦਾ ਸਿੱਖ ਸੰਗਤਾਂ ਨਾਲ ਅਤੁੱਟ ਸਬੰਧ ਹੈ।

**(ਟ) ਗੁਰਦੁਆਰਾ**

ਗੁਰਦੁਆਰਾ ਸਿੱਖੀ ਜੀਵਨ ਜਾਚ ਦਾ ਅਭਿਆਸ ਸਥਾਨ ਹੈ।ਗੁਰੂਦੁਆਰਾ ਦਾ ਅਰਥ

ਹੈ ਗੁਰੂ ਦਾ ਘਰ ਜਾਂ ਗੁਰੂ ਦਾ ਦੁਆਰ।

ਗੁਰਦੁਆਰੇ ਜਾ ਕੇ ਕੋਈ ਵੀ ਮਨੁਖ ,ਸ੍ਰੀ ਗੁਰੂ ਗਰੰਥ ਸਾਂਹਿਬ ,ਜੋ ਉਥੇ ਬਿਰਾਜਮਾਨ ਹੁੰਦੇ ਹਨ, ਨੂੰ ਮੱਥਾ ਟੇਕਦਾ ਹੈ ਅਤੇ ਉਥੇ ਸੰਗਤ ਵਿੱਚ ਬੈਠ ਕੇ ਜਾਂ ਇਕੱਲੇ ਹੀ ਪ੍ਰਮਾਤਮਾ ਦੀ ਉਸਤਤ ਕਰਦਾ ਹੈ।ਗੁਰੂਦੁਆਰਾ ਜਗਿਆਸੂਆਂ ਲਈ ਆਤਮਕ ਗਿਆਨ ਦਾ ਸਾਧਨ,ਭੁਖਿਆਂ ਲਈ ਅੰਨ ਪਰਾਪਤੀ ਦਾ ਸਥਾਨ,ਵਿਦਿਆਰਥੀਆਂ ਲਈ ਵਿਦਿਆ ਪ੍ਰਾਪਤੀ ਦਾ ਸਥਾਨ,ਮੁਸਾਫਿਰਾਂ ਲਈ ਅਰਾਮਗਾਹ ਅਤੇ ਇਸਤ੍ਰੀ ਜਾਤੀ ਦੀ ਇਜ਼ਤ ਰੱਖਣ ਲਈ ਮਜ਼ਬੂਤ ਕਿਲਾ ਹੁੰਦਾ ਹੈ।ਗੁਰੂਦੁਆਰੇ ਗੁਰ ਉਪਦੇਸ਼ ਲਈ ਸੋਮੇ, ਧਾਰਮਿਕ ਸਿਖਿਆ ਲਈ ਕੇਂਦਰ,ਪੂਜਾ ਪਾਠ ਲਈ ਯੋਗ ਅਸਥਾਨ,ਸਮਾਜ ਸੇਵਾ ਅਤੇ ਸਾਂਝੀਆਂ ਪੰਥਕ ਅਤੇ ਹੋਰ ਵਿਚਾਰਾਂ ਲਈ ਸਥਾਨ,ਸਮਾਜਿਕ ਅਤੇ ਧਾਰਮਿਕ ਜੀਵਨ ਲਈ ਸਿਖਲਾਈ ਕੇਂਦਰ ਹੁੰਦੇ ਹਨ।

## (ਠ) ਸੇਵਾ ਸਿਮਰਨ

ਸਿੱਖ ਧਰਮ ਦੀਆਂ ਮੁਢਲੀਆਂ ਸ਼ਕਤੀਆਂ ਜਾਂ ਮੂਲ ਸਿਧਾਂਤ ਸੇਵਾ ਅਤੇ ਸਿਮਰਨ ਹਨ।ਸੇਵਾ ਤੋਂ ਭਾਵ ਟਹਿਲ ਜਾਂ ਖਿਦਮਤ ।ਸਿਮਰਨ ਦਾ ਅਰਥ ਹੈ ਚੇਤਾ ,ਚਿੰਤਨ ਜਾਂ ਯਾਦ ਕਰਨਾ ।ਸੇਵਾ ਸਿੱਖੀ ਦੀ ਪਰਖ ਦੀ ਕਸੌਟੀ ਹੈ ਅਤੇ ਇਸ ਨੂੰ ਸਿਖਾਉਣ ਦਾ ਪ੍ਰਬੰਧ ਗੁਰਦੁਆਰਿਆਂ ਵਿਚ ਕੀਤਾ ਜਾਂਦਾ ਹੈ।ਪਰਮਾਤਮਾ ਜਾਂ ਉਸ ਅਕਾਲ ਪੁਰਖ ਦੇ ਅਸੀਮ ਗੁਣਾ ਨੂੰ ਮਨ ਵਿਚ ਵਸਾ ਉਸ ਦੇ ਤਮਾਮ ਗੁਣਾ ਨੂੰ ਨਿਰੰਤਰ ਯਾਦ ਕਰਨਾ ਉਸ ਪ੍ਰਭੂ ਦਾ ਸਿਮਰਨ ਅਖਵਾਉਦਾਂ ਹੈ।ਉਸ ਅਕਾਲ ਪੁਰਖ ਦੇ ਸਰਗੁਣ ਸਰੂਪ ਦੀ ਭਗਤੀ ਸੇਵਾ ਹੈ ਜਦੋਂ ਕਿ ਨਿਰਗੁਣ ਸਰੂਪ ਦੀ ਉਪਾਸਨਾ ਸਿਮਰਨ ਹੈ।ਸੇਵਾ ਅਤੇ ਸਿਮਰਨ ਸਿੱਖ ਧਰਮ ਦਾ ਕੇਂਦਰ ਬਿੰਦੂ ਹਨ ਅਤੇ ਸਿੱਖੀ ਦਾ ਸਾਰਾ ਖਜ਼ਾਨਾ ਇਹਨਾ ਵਿਚੋਂ ਹੀ ਉਪਜਦਾ ਹੈ।

## (ਡ) ਨਿਸ਼ਾਨ ਸਾਹਿਬ

ਨਿਸ਼ਾਨ ਸਾਹਿਬ ਜਿਸ ਦੇ ਜੁਗੋ ਜੁਗ ਅਟੱਲ ਹੋਣ ਦੀ ਰੋਜ਼ਾਨਾ ਅਰਦਾਸ ਕੀਤੀ ਜਾਦੀ ਹੈ,ਹਰ ਗੁਰਦੁਆਰੇ ਵਿੱਚ ਕਿਸੇ ਉਚੇ ਸਥਾਨ ਉਪਰ ਸ਼ਸ਼ੋਭਿਤ ਹੁੰਦਾ ਹੈ।ਇਸ ਦੀ ਪੁਸ਼ਾਕ ਦਾ ਰੰਗ ਕੇਸਰੀ ਜਾਂ ਸੁਰਮਈ ਹੁੰਦਾ ਹੈ।ਇਸ ਦੀ ਚੋਟੀ ਉਪਰ ਸਰਬਲੋਹ ਦਾ ਖੰਡਾ ਜਾਂ ਭਾਲਾ ਹੁੰਦਾ ਹੈ।ਤਿਕੋਨ ਦੀ ਸ਼ਕਲ ਵਾਲਾ ਰੁਸ਼ਮੀ ਜਾਂ ਸੂਤੀ ਕਪੜੇ ਦਾ ਝੰਡਾ ਸਿੱਖ ਕੌਮ ਦੀ ਪ੍ਰਭੂ ਸੱਤਾ ਦਾ ਪ੍ਰਤੀਕ ਹੈ।

## (ਢ) ਗੁਰਮੁਖੀ ਲਿੱਪੀ

ਗੁਰੂ ਸਾਹਿਬ ਵਲੋਂ ਪੰਜਾਬੀ ਵਰਣਮਾਲਾ ਦੇ ਅੱਖਰਾਂ ਦੀ ਵਰਤੋਂ ਕੀਤੀ ਗਈ ਸੀ ਅਤੇ ਗੁਰੂ ਜੀ ਦੇ ਮੁੱਖ ਤੋ ਉਚਾਰਣ ਹੋਣ ਕਰਕੇ ਇਸ ਨੂੰ ਗੁਰਮੁਖੀ ਲਿਪੀ ਆਖਿਆ ਜਾਂਦਾ ਹੈ।ਹਰ ਸਿੱਖ ਬੱਚੇ ਬੱਚੀ ਨੂੰ ਇਸ ਲਿਪੀ ਦਾ ਅਧਿਅਨ ਕਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨਾ ਚਾਹੀਦਾ ਹੈ।ਦੂਸਰੇ ਨਾਨਕ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹਨਾਂ ਅੱਖਰਾਂ ਨੂੰ ਵਿਵਸਥਤ ਕਰ ਕੇ ਪ੍ਰਚਲਿਤ ਕੀਤਾ ਸੀ ਇਸ ਲਿਪੀ ਵਿਚ ਸਵਰ 3,ਅੱਧ-

ਸਵਰ 2 ਅਤੇ ਵਿਅੰਜਨ-30 ਅਰਥਾਤ ਕੁਲ 35 ਅੱਖਰ ਹਨ ਅਤੇ ਇਸ ਨੂੰ ਪੈਂਤੀ ਵੀ ਆਖਿਆ ਜਾਂਦਾ ਹੈ।ਹੁਣ ਪੈਰ ਬਿੰਦੀ ਦੇ ( ਸ਼,ਖ਼,ਗ਼,ਜ਼,ਫ਼,ਲ਼) ਛੇ ਅੱਖਰ ਪਾ ਕੇ ਗਿਣਤੀ ਵੱਧ ਗਈ ਹੈ।

## (ਣ) ਕੀਰਤਨ

ਅਕਾਲ ਪੁਰਖ ਜਾਂ ਉਸ ਵਾਹਿਗੁਰੂ ਦੀ ਕੀਰਤੀ ਕਰਨ ਵਾਲੇ ਗਾਇਨ ਨੂੰ ਕੀਰਤਨ ਆਖਿਆ ਜਾਂਦਾ ਹੈ।ਨਿਰੰਕਾਰ ਦਾ ਜੱਸ, ਗੁਰਬਾਣੀ ਵਿਚੋ ਸਿਧੀ ਧਾਰਨਾ ਵਿੱਚ ਜਾਂ ਸੁਰਤਾਲ ਵਿੱਚ ਕੀਤਾ ਜਾਂਦਾ ਹੈ, ਕੀਰਤਨ ਅਖਵਾਉਂਦਾਂ ਹੈ।ਕੀਰਤਨ ਸਿੱਖ ਧਰਮ ਦੀ ਭਗਤੀ ਦਾ ਇਕ ਖਾਸ ਹਿੱਸਾ ਹੈ ।ਸਿੱਖ ਰਹਿਤ ਮਰਿਆਦਾ ਅਨੁਸਾਰ ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ ।ਸੰਗਤ ਵਿਚ ਕੀਰਤਨ, ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ, ਹੋ ਸਕਦਾ ਹੈ ।

## (ਤ) ਅਰਦਾਸ

ਫਾਰਸੀ ਦੇ ਸ਼ਬਦ ਅਰਦਾਸ ਨੂੰ ਦੋ ਹਿਸਿਆਂ ਵਿਚ ਅਰਜ਼ ਅਤੇ ਦਾਸ਼ਤ ਵਿਚ ਵੰਡ ਕੇ ਇਸ ਦੇ ਅਰਥ ਸਮਝੇ ਜਾ ਸਕਦੇ ਹਨ ਅਰਜ਼ ਦਾ ਅਰਥ ਹੈ ਅਰਜ਼ੋਈ ਜਾਂ ਬੇਨਤੀ ਅਤੇ ਦਾਸ਼ਤ ਦਾ ਅਰਥ ਹੈ ਪੇਸ਼ ਕਰਨਾ ।ਇਸ ਲਈ ਅਰਦਾਸ ਦਾ ਅਰਥ ਹੈ ਬੇਨਤੀ ਪੇਸ਼ ਕਰਨਾ। ਅਰਦਾਸ ਵਿਚ ਸਿੱਖ ਇਤਹਾਸ ਦਾ ਵੀ ਜ਼ਿਕਰ ਹੈ ਜਿਸ ਵਿਚ ਰੋਜ਼ਾਨਾ ਦਸ ਗੁਰੂ ਸਾਹਿਬਾਨ,ਗੁਰੂ ਗ੍ਰੰਥ ਸਾਹਿਬ,ਪੰਜ ਪਿਆਰਿਆ ,ਸਿਖੀ ਸਿਧਾਂਤਾਂ ਅਤੇ ਧਰਮ ਦੀ ਖਾਤਰ ਸ਼ਹੀਦ ਸਿੰਘਾਂ ਸਿੰਘਣੀਆਂ ਨੂੰ ਯਾਦ ਕੀਤਾ ਜਾਂਦਾਂ ਹੈ। ਸਿੱਖ ਧਰਮ ਵਿੱਚ ਹਰੇਕ ਕੰਮ ਦੀ ਪੂਰਤੀ ਲਈ ਸਿੱਖ ਕੇਵਲ ਅਕਾਲ ਪੁਰਖ ਦੇ ਅੱਗੇ ਹੀ ਅਰਦਾਸ ਕਰਦਾ ਹੈ ਅਤੇ ਜੇ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਹੋਵੇ ਤਾਂ ਕਿਸੇ ਪਾਸੇ ਵੀ ਮੂੰਹ ਕਰਕੇ ਅਰਦਾਸ ਕੀਤੀ ਜਾਣੀ ਪ੍ਰਵਾਨ ਹੈ। ਹਰ ਇਕ ਸਿੱਖ ਨੂੰ ਕੋਈ ਵੀ ਕੰਮ ਸ਼ੁਰੂ ਕਰਨ ਤੋ ਪਹਿਲਾਂ ਉਸ ਵਾਹਿਗੁਰੂ ਦੇ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਤਾਂ ਜੋ ਕੀਤੇ ਹੋਏ ਕੰਮ ਉਪਰ ਅਹੰਕਾਰ ਨਾ ਹੋਵੇ ਅਤੇ ਨਿਮਰਤਾ ਵੀ ਉਸ ਵਿਚ ਬਣੀ ਰਹੇ।

## (ਥ) ਸਰਬਤ ਦਾ ਭਲਾ

ਸਿੱਖ ਸਾਰੀ ਮਨੁਖਾ ਜਾਤੀ ਵਿਚ ਪ੍ਰਮਾਤਮਾ ਨੂੰ ਹਾਜ਼ਰ ਮੰਨਦਾ ਹੈ ਅਤੇ ਇਸ ਲਈ ਪ੍ਰਭੂ ਦੀ ਜੋਤ ਸਮਝ ਕੇ ਬਿਨਾ ਭੇਦ ਭਾਵ ਦੇ ਪਿਆਰ ਕਰਦਾ ਹੈ ਅਤੇ ਸਰਬਤ ਦੇ ਭਲੇ ਦੀ ਮੰਗ ਕਰਦਾ ਹੈ।ਸਿੱਖਾਂ ਦੇ ਗੋਰਵਮਈ ਇਤਿਹਾਸ ਵਿਚ ਸਰਬਤ ਦੇ ਭਲੇ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਜਿਹਨਾ ਵਿਚੋ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਕਨ੍ਹਈਆ ਜੀ ਵਰਨਣ ਯੋਗ ਹਨ। ਹਰੇਕ ਸਿੱਖ ਅਰਦਾਸ ਕਰਨ ਵੇਲੇ ਅੰਤ ਵਿਚ ਇਹ ਹੀ ਆਖਦਾ ਹੈ-

**ਨਾਨਕ ਨਾਮ ਚੜ੍ਹਦੀ ਕਲਾ**

## (ਦ) ਅਨੰਦ ਕਾਰਜ

ਹਰੇਕ ਸਿੱਖ ਅਤੇ ਸਿੱਖਣੀ ਦਾ ਵਿਆਹ ਇਸ ਅਨੰਦ ਕਾਰਜ ਵਿਧੀ ਰਾਹੀਂ ਹੁੰਦਾ ਹੈ ਅਨੰਦ ਕਾਰਜ ਦੇ ਸਮੇਂ ਲੜਕਾ ਅਤੇ ਲੜਕੀ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁਖ ਬੈਠ ਕੇ ਸ੍ਰੀ ਗੁਰੂ ਰਾਮ ਦਾਸ ਜੀ ਵਲੋਂ ਉਚਾਰੀ ਹੋਈ ਬਾਣੀ ਲਾਵਾਂ ਦਾ ਪਾਠ ਸੁਣਦੇ ਹਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗਿਰਦ ਚਾਰ ਪ੍ਰਕਰਮਾ ਕਰਦੇ ਹਨ।ਹਰੇਕ ਸਿੰਘ ਅਤੇ ਸਿੰਘਣੀ ਦਾ ਵਿਆਹ ਬਿਨਾ ਜਾਤ ਪਾਤ ਅਤੇ ਗੋਤ ਵਿਚਾਰਨ ਤੋ ਕਰਨਾ ਚਾਹੀਦਾ ਹੈ।

## (ਧ) ਸਿੱਖ ਤਿਉਹਾਰ

ਹਰ ਕੋਮ ਆਪਣੇ ਆਪਣੇ ਤਿਉਹਾਰ ਮੰਨਾਉਦੀ ਹੈ।ਇਸ ਤਰਾਂ ਸਿੱਖ ਕੋਮ ਦੇ ਇਹ ਆਪਣੇ ਤਿਉਹਾਰ ਹਨ-

1 ਸਿੱਖ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ
2 ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਵਸ
3 ਗੁਰੂ ਸਾਹਿਬਾਨ ਦੇ ਗੁਰਗੱਦੀ ਦਿਵਸ
4 ਗੁਰੂ ਸਾਹਿਬਾਨ ਦੇ ਸ਼ਹੀਦੀ ਦਿਵਸ ਅਤੇ ਜੋਤੀ ਜੋਤ ਸਮਾਉਣ ਦੇ ਦਿਵਸ
5 ਪੁਰਾਤਨ ਅਤੇ ਵਰਤਮਾਨ ਗੁਰਸਿਖਾਂ ਦੇ ਇਤਿਹਾਸਿਕ ਦਿਨ
6 ਵਿਸਾਖੀ ਜਾਂ ਖਾਲਸਾ ਸਿਰਜਨਾ ਦਿਵਸ

## (ਨ) ਮੀਰੀ ਪੀਰੀ

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸੰਯੁਕਤ ਰੂਪ ਵਿਚ ਮੀਰੀ ਅਤੇ ਪੀਰੀ (ਸ਼ਕਤੀ ਅਤੇ ਭਗਤੀ) ਦੇ ਸਿਧਾਂਤ ਦੀ ਜਿਉਦੀ ਜਾਗਦੀ ਮਿਸਾਲ ਹਨ।ਰਾਜਨੀਤਿਕ ਅਤੇ ਅਧਿਆਤਮਿਕ ਵਿਚਾਰਧਾਰਾ ਦਾ ਸੁਮੇਲ ਹੀ ਮੀਰੀ ਅਤੇ ਪੀਰੀ ਦੀ ਪਰੰਪਰਾ ਦਾ ਲਖਾਇਕ ਹੈ। ਪੰਜਵੇ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਛੇਵੇਂ ਨਾਨਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਸਮੇਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ ਗਈਆਂ ਸਨ ਅਤੇ ਛੇਵੇ ਪਾਤਸ਼ਾਹ ਜੀ ਨੇ ਹੀ ਅਕਾਲ ਤਖਤ ਦੀ ਸਥਾਪਨਾ ਕਰ ਕੇ ਸਿੱਖਾਂ ਦੇ ਮਨਾ ਵਿਚ ਰਾਜਸੀ ਚੇਤਨਤਾ ਪੈਦਾ ਕੀਤੀ ਸੀ ਇਸ ਲਈ ਉਹਨਾਂ ਨੂੰ ਮੀਰੀ ਪੀਰੀ ਦਾ ਮਾਲਕ ਕਿਹਾ ਜਾਂਦਾ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋ ਖਾਲਸੇ ਦੀ ਸਾਜਨਾ ਕਰਕੇ ਸਿੰਘ ਨੂੰ ਸੰਤ ਸਿਪਾਹੀ ਦਾ ਰੂਪ ਦਿਤਾ ਅਤੇ ਜੋ ਬਾਅਦ ਵਿਚ ਗੁਰੂ ਗਰੰਥ ਅਤੇ ਗੁਰੂ ਪੰਥ ਵਿਚ ਵਿਚਰ ਰਿਹਾ ਹੈ।

## (ਪ) ਗਤਕਾ

ਖਾਲਸੇ ਦੀ ਇਕ ਖੇਡ ਗਤਕਾ ਹੈ ਜੋ ਕਿ ਤਾਕਤ ਹਾਸਲ ਕਰਨ ਦੇ ਨਾਲ ਨਾਲ

ਸਰੀਰਕ ਤੰਦਰੁਸਤੀ ਅਤੇ ਯੁਧ ਕਲਾ ਵਿਚ ਪ੍ਰਵੀਨਤਾ ਪ੍ਰਦਾਨ ਕਰਦੀ ਹੈ। ਇਸ ਖੇਡ ਵਿਚ ਇਕ ਲੰਮੀ ਸੋਟੀ ਅਤੇ ਲੱਕੜ ਜਾਂ ਲੋਹੇ ਦੀ ਢਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਦੋ ਵਿਅਕਤੀਆਂ ਵਿਚ ਖੇਡੀ ਜਾਣ ਵਾਲੀ ਇਸ ਖੇਡ ਵਿਚ ਲੱਠ ਜਾਂ ਸੋਟੀ ਨਾਲ ਹਮਲਾ ਕਰਦੇ ਹਨ ਅਤੇ ਢਾਲ ਨਾਲ ਉਸ ਹਮਲੇ ਨੂੰ ਰੋਕਿਆ ਜਾਂਦਾ ਹੈ। ਇਸ ਖੇਡ ਨੂੰ ਖੇਡਣ ਨਾਲ ਖਿਡਾਰੀਆਂ ਵਿਚ ਫੁਰਤੀਲਾਪਣ, ਜੋਸ਼ ਅਤੇ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ। ਗਤਕੇ ਦੀ ਇਸ ਖੇਡ ਨੂੰ ਸਿੰਘਾਂ ਵਲੋਂ ਕ੍ਰਿਪਾਨ ਨਾਲ ਵੀ ਖੇਡਿਆ ਜਾਂਦਾ ਹੈ। ਦਸਵੇਂ ਪਾਤਸ਼ਾਹ ਦੇ ਸਮੇਂ ਇਹ ਖੇਡ ਯੁਧ ਕਲਾ ਵਿਚ ਪ੍ਰਵੀਨਤਾ ਹਾਸਲ ਕਰਨ ਲਈ ਹਰ ਸਿੱਖ ਲਈ ਜੀਵਨ ਜਾਚ ਦਾ ਜ਼ਰੂਰੀ ਹਿੱਸਾ ਬਣ ਗਈ। ਇਹ ਖੇਡ ਕਾਫੀ ਸਮੇਂ ਤਕ ਸਿੰਘਾਂ ਵਿਚ ਹਰਮਨਪਿਆਰੀ ਰਹੀ। ਅੱਜ ਕਲ ਇਸ ਨੂੰ ਸਿੱਖ ਤਿਉਹਾਰਾਂ ਜਾਂ ਨਗਰ ਕੀਰਤਨ ਸਮੇਂ ਹੀ ਦੇਖਿਆ ਜਾ ਸਕਦਾ ਹੈ।

### (ਫ) ਖੰਡਾ

ਦੋ ਧਾਰੀ ਅਕਾਰ ਵਾਲਾ ਇਹ ਸ਼ਸ਼ਤਰ ਸਿੱਖ ਸ਼ਸ਼ਤਰਾਂ ਵਿਚ ਵਿਸ਼ੇਸ ਸਥਾਨ ਰੱਖਦਾ ਹੈ ਇਹ ਕ੍ਰਿਪਾਨ ਤੋਂ ਭਾਰਾ ਅਤੇ ਸ਼ਕਤੀ ਦਾ ਪ੍ਰਤੀਕ ਹੈ। ਇਹ ਦੋ ਧਾਰੀ ਖੰਡਾ ਮੀਰੀ ਪੀਰੀ (ਸ਼ਕਤੀ ਅਤੇ ਭਗਤੀ) ਦੇ ਇਕੱਠੇ ਹੋਣ ਦਾ ਸੂਚਕ ਹੈ ਇਸ ਦੀ ਵਰਤੋਂ ਨਿਸ਼ਾਨ ਸਾਹਿਬ ਉਪਰ ਕੀਤੀ ਜਾਂਦੀ ਹੈ।ਖੰਡੇ ਤੋਂ ਇਹ ਸੰਦੇਸ਼ ਪ੍ਰਾਪਤ ਹੁੰਦਾ ਹੈ -

1 ਦੋ ਕ੍ਰਿਪਾਨਾਂ—ਰੂਹਾਨੀ ਅਤੇ ਦੁਨਿਆਵੀ ਸੱਤਾ, ਮੀਰੀ ਅਤੇ ਪੀਰੀ ਜਾਂ ਸ਼ਕਤੀ ਅਤੇ ਭਗਤੀ ਦੀ ਨਿਸ਼ਾਨੀ ਹਨ

2 ਖੰਡਾ—ਭਰਮ ਅਤੇ ਅਗਿਆਨ ਦੀਆਂ ਜੜਾਂ ਪੁਟਣ ਦੀ ਨਿਸ਼ਾਨੀ

3 ਚੱਕਰ—ਸ੍ਰਿਸ਼ਟੀ ਵਿਚਲੇ ਚੱਕਰ ਦੀ ਨਿਸ਼ਾਨੀ

### (ਬ) ਨਿਹੰਗ

ਦਸਵੇਂ ਗੁਰੂ ਜੀ ਦੀਆਂ ਲਾਡਲੀਆਂ ਫੌਜਾਂ ਨੂੰ ਨਿਹੰਗ ਸਿੰਘ ਆਖਿਆ ਜਾਂਦਾ ਹੈ।ਨਿਹੰਗ ਦਾ ਭਾਵ ਹੈ ਬੇਪ੍ਰਵਾਹ,ਨਿਧੱੜਕ,ਨਿਡਰ।ਨਿਹੰਗ ਸਿੰਘ ਮੋਹ ਮਾਇਆ ਅਤੇ ਮੌਤ ਦੇ ਡਰ ਤੋਂ ਮੁਕਤ ਹੁੰਦੇ ਹਨ।ਇਹਨਾਂ ਦੀ ਪਛਾਣ ਹੈ ਕਿ ਇਹ ਹਮੇਸ਼ਾ ਗੁਰੂ ਜੀ ਦਾ ਬਖਸ਼ਿਆ ਬਾਣਾ ਪਾ ਕੇ ਅਤੇ ਸਸ਼ਤਰ ਸਜਾ ਕੇ ਤਿਆਰ ਬਰਤਿਆਰ ਰਹਿੰਦੇ ਹਨ। ਇਹਨਾਂ ਦੀ ਵਿਸ਼ੇਸਤਾ ਯੁਧ ਦੇ ਮੈਦਾਨ ਵਿਚ ਫਤਿਹ ਪ੍ਰਾਪਤ ਕਰਨਾ ਜਾਂ ਸ਼ਹੀਦ ਹੋ ਜਾਣ ਤਕ ਜੰਗ ਦੇ ਮੈਦਾਨ ਵਿਚ ਡਟੇ ਰਹਿਣਾ ਅਤੇ ਸਮਾਜ ਵਿਚ ਨਿਰਭਉ ਹੋ ਕੇ ਰਹਿਣਾ ਹੁੰਦੀ ਹੈ। ਤਰੁਣਾ ਦਲ ਅਤੇ ਬੁਢਾ ਦਲ ਇਸ ਦੇ ਦੋ ਹਿੱਸੇ ਹਨ।

### (ਭ) ਨਗਾਰਾ

ਆਮ ਤੋਰ ਤੇ ਨਗਾਰਾ ਯੁਧ ਦਾ ਸਾਜ਼ ਮੰਨਿਆ ਜਾਂਦਾ ਹੈ। ਯੁਧ ਆਰੰਭ ਕਰਨ ਲਈ ਲੜਾਈ ਦੇ ਮੈਦਾਨ ਵਿਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਨਿਹੰਗ ਸਿੰਘਾਂ ਦੇ ਇਕ ਸਥਾਨ ਤੋਂ ਦੂਜੇ ਸਥਾਨ ਤੇ ਜਾਣ ਵੇਲੇ ਲਾਡਲੀਆ ਫੌਜਾਂ ਦੀ ਵਹੀਰ ਦੇ ਅੱਗੇ ਅੱਗੇ

ਨਗਾਰਾ ਵਜਾਇਆ ਜਾਂਦਾ ਹੈ ਜੋ ਕਿ ਉਹਨਾ ਦੇ ਆਗਮਨ ਦਾ ਪ੍ਰਤੀਕ ਹੁੰਦਾ ਹੈ। ਕਈ ਗੁਰੂਦੁਆਰਿਆਂ ਵਿਚ ਕਿਸੇ ਖਾਸ ਸਮੇਂ ਜਾਂ ਅਰਦਾਸ ਵੇਲੇ ਨਗਾਰੇ ਦੀ ਵਰਤੋਂ ਕੀਤੀ ਜਾਂਦੀ ਹੈ। ਦਸਵੇਂ ਗੁਰੂ ਜੀ ਵਲੋਂ ਇਕ ਨਗਾਰਾ ਤਿਆਰ ਕਰਵਾਇਆ ਗਿਆ ਜਿਸ ਨੂੰ ਯੁਧ ਸਮੇਂ ਵਰਤਿਆ ਗਆ ਸੀ ਅਤੇ ਇਸ ਨੂੰ ਰਣਜੀਤ ਨਗਾਰਾ ਆਖਿਆ ਜਾਂਦਾ ਸੀ।

## (ਮ) ਜੈਕਾਰਾ

ਸਿੱਖਾਂ ਦਾ ਜੈਕਾਰਾ ਹੈ-

**ਬੋਲੇ ਸੋ ਨਿਹਾਲ**
**ਸਤਿ ਸ੍ਰੀ ਅਕਾਲ**

ਜੋ ਸਿੱਖ ਸਤਿ ਸ੍ਰੀ ਅਕਾਲ ਨੂੰ ਉਤਸ਼ਾਹ ਅਤੇ ਪ੍ਰੇਮ ਨਾਲ ਬੋਲਦਾ ਹੈ ਉਹ ਨਿਹਾਲ ਹੋਵੇਗਾ ਅਰਥਾਤ ਉਸ ਅਕਾਲ ਪੁਰਖ ਦੀ ਬਖਸ਼ਿਸ ਪ੍ਰਾਪਤ ਕਰੇਗਾ।ਸਤਿ ਸ੍ਰੀ ਅਕਾਲ ਵਿਚ ਸਤਿ ਦਾ ਅਰਥ ਹੈ ਸੱਚ, ਸ੍ਰੀ ਦਾ ਅਰਥ ਹੈ ਸਰਬ ਸ੍ਰੇਸ਼ਟ ਅਤੇ ਅਕਾਲ ਦਾ ਅਰਥ ਹੈ ਕਾਲ ਤੋਂ ਰਹਿਤ ਜਾਂ ਜਨਮ ਮਰਨ ਤੋਂ ਰਹਿਤ।ਇਹ ਜੈਕਾਰਾ ਸਿਖਾਂ ਦੀ ਚੜਦੀ ਕਲਾ ਦਾ ਪ੍ਰਤੀਕ ਹੈ।ਅਤੇ ਅਰਦਾਸ ਤੋਂ ਬਾਅਦ ਦੀਵਾਨ ਹਾਲ ਵਿਚ ਬੁਲਾਇਆ ਜਾਂਦਾ ਹੈ।

## (ਯ) ਫਤਿਹ

ਜਦੋਂ ਵੀ ਦੋ ਸਿੱਖ ਆਪਸ ਵਿਚ ਮਿਲਦੇ ਹਨ ਤਾਂ ਫਤਿਹ ਗਜਾਉਦੇਂ ਹਨ ਫਤਿਹ ਇਹ ਹੈ-

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਿਹ**

ਫਤਿਹ ਨਿਮਰਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਪ੍ਰਤੀਕ ਹੁੰਦਾ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਸੇਵਕਾਂ ਨੂੰ ਆਪਸ ਵਿਚ ਮਿਲਣ ਸਮੇਂ ਫਤਿਹ ਬੁਲਾਉਣ ਦਾ ਹੁਕਮ ਦਿਤਾ ਸੀ।

# ਸਰਸਾ ਨਦੀ ਪਾਰ ਕਰਨ ਤੋਂ ਬਾਦ ਵਾਲਾ ਸਮਾਂ

ਸਿਖ ਧਰਮ ਦੇ ਇਤਿਹਾਸ ਉਪਰ ਨਜ਼ਰ ਪਾਈ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ਕੁਰਬਾਨੀਆਂ ਦੇ ਨਾਲ ਭਰਿਆ ਹੋਇਆ ਹੈ। ਸਿਖ ਕੌਮ ਨੂੰ ਭਖਦੀ ਭੱਠੀ ਵਿਚ ਰਖ ਕੇ ਤਿਆਰ ਕੀਤਾ ਗਿਆ ਹੈ। ਮੌਤ ਦਾ ਹਰ ਸੰਭਵ ਢੰਗ ਸਮੇਂ ਦੇ ਹੁਕਮਰਾਨਾ ਵਲੋਂ ਇਸ ਕੌਮ ਉਪਰ ਅਜ਼ਮਾਇਆ ਗਿਆ ਹੈ ਫਿਰ ਵੀ ਇਹ ਕੌਮ ਹਮੇਸ਼ਾ ਚੜਦੀ ਕਲਾਂ ਵਿਚ ਰਹੀ ਹੈ ਢੁਕਵੀਂ ਜੀਵਨ ਜਾਂਚ ਵਿਚ ਵਿਚਰਦੀ ਹੋਈ ਇਹ ਕੌਮ ਸਚ ਅਤੇ ਹਕ ਦਾ ਜਜ਼ਬਾ ਸੰਭਾਲਦੀ ਹੋਈ ਅਣਖ ਨਾਲ ਜੀਵਨ ਬਿਤਾ ਰਹੀ ਸਮੇਂ ਨਾਲ ਕਦਮ ਮਿਲਾ ਕੇ ਅਗੇ ਅਤੇ ਹੋਰ ਅਗੇ ਵਧ ਰਹੀ ਹੈ। ਇਸ ਜੁਝਾਰੂ ਕੌਮ ਦਾ ਸਾਰਾ ਇਤਿਹਾਸ ਹੀ ਖੂਨ ਨਾਲ ਲਥ ਪਥ ਹੈ। ਪੰਜਵੇਂ ਪਾਤਸ਼ਾਹ ਦੀ ਕੁਰਬਾਨੀ ਇਕ ਮਿਸਾਲ ਹੈ ਉਨ੍ਹਾਂ ਨੇ ਤਤੀ ਤਵੀ ਉਪਰ ਬੈਠ ਕੇ ਉਸ ਅਕਾਲ ਪੁਰਖ ਦਾ ਭਾਣਾ ਮਿਠਾ ਕਰ ਕੇ ਮਨਿਆ ਸੀ ਅਤੇ ਮੁਖ ਤੋਂ ਉਚਾਰਿਆ ਸੀ, ਤੇਰਾ ਭਾਣਾ ਮੀਠਾ ਲਾਗੇ। ਨੌਵੇਂ ਪਾਤਸ਼ਾਹ ਦੀ ਕੁਰਬਾਨੀ ਦੇਸ਼ ਅਤੇ ਧਰਮ ਦੀ ਖਾਤਰ ਸੀ ਜੋ ਬਿਲਕੁਲ ਹੀ ਨਿਰਸਵਾਰਥ ਸੀ ਅਤੇ ਗੁਰੂ ਜੀ ਨੇ ਕੁਰਬਾਨੀ ਹਿੰਦੂ ਧਰਮ ਨੂੰ ਬਚਾਣ ਲਈ ਦਿਤੀ ਸੀ ਜੇ ਉਨ੍ਹਾਂ ਨੇ ਇਹ ਕੁਰਬਾਨੀ ਨਾ ਦਿਤੀ ਹੁੰਦੀ ਤਾਂ ਹਿੰਦੂ ਧਰਮ ਦਾ ਇਤਿਹਾਸ ਕੁਝ ਹੋਰ ਹੀ ਹੋਣਾ ਸੀ।

ਤਾਂ ਹੀ ਕਿਸੇ ਕਵੀ ਨੇ ਵਰਣਨ ਕੀਤਾ ਹੈ -

**ਬਾਤ ਕਰੂੰ ਅਬ ਕੀ ਨਾ ਤਬ ਕੀ**
**ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਬ ਕੀ**

ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਅਤੇ ਪਹਾੜੀ ਰਾਜਿਆਂ ਨਾਲ ਬਹੁਤ ਸਾਰੀਆਂ ਲੜਾਈਆਂ ਲੜੀਆਂ ਸਨ। ਇਨ੍ਹਾਂ ਵਾਚ ਫ਼ਤੇਹ ਪ੍ਰਾਪਤ ਕੀਤੀ ਸੀ। ਇਸ ਤਰਾਂ ਇਕ ਵਾਰ 6 ਪੋਹ ਸੰਮਤ 1761 ਨੂੰ ਤਿਨ ਸਾਲ ਦੇ ਘੇਰੇ ਅਤੇ ਜੰਗ ਤੋਂ ਪਿਛੋਂ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਕਸਮਾਂ ਅਤੇ ਇਕਰਾਰਾਂ ਉਤੇ ਇਤਬਾਰ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਦਾ ਕਿਲਾ ਖਾਲੀ ਕੀਤਾ। ਉਸ ਸਮੇਂ ਆਪ ਜੀ ਦੇ ਚਾਰ ਸਾਹਿਬਜ਼ਾਦੇ—ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤੇਹ ਸਿੰਘ ਜੀ, ਆਪ ਜੀ ਦੇ ਮਾਤਾ ਜੀ—ਮਾਤਾ ਗੁਜਰੀ ਜੀ, ਆਪ ਜੀ ਦੇ ਮਹਲ—ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਜੀ, ਹੋਰ ਸਭ ਪਰਿਵਾਰ ਅਤੇ ਬਹੁਤ ਸਾਰੇ ਸਿਖ ਆਪ ਜੀ ਦੇ ਨਾਲ ਸਨ। ਆਪ ਜੀ ਰੋਪੜ ਵਲ ਜਾ ਰਹੇ ਸਨ ਅਤੇ ਜਦੋਂ ਸਰਸਾ ਨਦੀ ਕੋਲ ਪੁਜੇ ਅਤੇ ਸਰਸਾ ਨਦੀ ਪਾਰ ਕਰਨ ਲਾਗੇ ਤਾਂ ਵੈਰੀ ਕਸਮਾਂ ਤੋੜ ਕੇ ਆ ਪਏ। ਉਸ ਵੇਲੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਕੁਝ ਸਿੰਘਾਂ

ਨੂੰ ਨਾਲ ਲੇ ਕੇ ਵੈਰੀ ਦਲ ਦਾ ਰਾਹ ਰੋਕਿਆ। ਕਾਫੀ ਸਮਾਂ ਡਟ ਕੇ ਲੜਾਈ ਕੀਤੀ ਅਤੇ ਵੈਰੀ ਨੂੰ ਅਗੇ ਨਾ ਵਧਣ ਦਿਤਾ ਅਤੇ ਜਦ ਗੁਰੂ ਜੀ ਸਰਸਾ ਪਰ ਕਰ ਗਏ ਤਾਂ ਬਾਬਾ ਅਜੀਤ ਸਿੰਘ ਜੀ ਵੀ ਨਦੀ ਪਰ ਕਰ ਕੇ ਉਨ੍ਹਾਂ ਨਾਲ ਸ਼ਾਮਲ ਹੋ ਗਏ। ਕਸਮਾਂ ਤੋੜ ਦੇਣ ਦੇ ਸਬੰਧ ਵਿਚ ਬਾਜਾਂ ਵਾਲੇ ਨੇ ਆਪਣੇ ਜ਼ਫ਼ਰਨਾਮੇ ਦੇ ਵਿਚ ਲਿਖਿਆ ਹੈ -

**ਮਰਾ ਏਤਬਾਰੇ ਬਰੀਂ ਕਸਮ ਨੇਸਤ ॥**
**ਕਿ ਏਜ਼ਦ ਗਵਾਹ ਅਸਤੋ ਯਜ਼ਦਾਂ ਯਕੇਸਤ ॥੧੩॥**

I have faith in your oaths; the Lord Himself is the Witness.13.

**ਨ ਕਤਰਹ ਮਰਾ ਏਤਬਾਰੇ ਬਰੋਸਤ ॥**
**ਕਿ ਬਖ਼ਸ਼ੀਉ ਦੀਵਾਂ ਹਮਹ ਕਿਜ਼ਬਗੋਸਤ ॥੧੪॥**

I have not an iota of faith in such a person, whose officers have relinquished the path of Turth.14

ਇਥੇ ਸਾਰਾ ਪਰਿਵਾਰ ਵਿਛੜ ਗਿਆ ਦੋਵੇਂ ਵਡੇ ਸਾਹਿਬਜ਼ਾਦੇ ਅਤੇ ਗੁਰੂ ਗੋਬਿੰਦ ਸਿੰਘ ਅਲਗ ਹੋ ਗਏ। ਦੋਵੇਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵਖ ਹੋ ਗਏ। ਕੁਝ ਸਿਖ ਅਤੇ ਗੁਰੂ ਕੇ ਮਹਲ ਅਲਗ ਹੋ ਗਏ ਸਨ। ਵੈਰੀ ਫੌਜਾਂ ਵੀ ਪਿਛਾ ਕਰ ਰਹੀਆਂ ਸਨ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਉਨ੍ਹਾਂ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਆਪ ਜੀ ਦੇ ਨਾਲ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਅਤੇ ਕੇਵਲ 40 ਸਿੰਘ ਸੂਰਮੇ ਸਨ ਜਦੋਂ ਕੇ ਦੁਸ਼ਮਨ ਫੌਜ ਹਜ਼ਾਰਾਂ ਦੀ ਗਿਣਤੀ ਵਿਚ ਸੀ। ਸਿੰਘ ਪੰਜ ਪੰਜ ਦੀ ਗਿਣਤੀ ਵਿਚ ਗੜ੍ਹੀ ਵਿਚੋਂ ਨਿਕਲ ਕੇ ਮੁਕਾਬਲਾ ਕਰਦੇ ਰਹੇ।

ਬਾਬਾ ਅਜੀਤ ਸਿੰਘ ਜੀ ਦੀ ਉਮਰ ਉਸ ਵੇਲੇ ਕੇਵਲ 18 ਸਾਲ ਦੀ ਸੀ। ਬਾਬਾ ਜੀ ਨੇ ਆਪਣੇ ਪਿਤਾ ਜੀ ਤੋਂ ਵੈਰੀ ਦਲ ਨੂੰ ਮਜਾ ਛਕਾਣ ਦੀ ਆਗਿਆ ਮੰਗੀ ਤਾਂ ਗੁਰੂ ਜੀ ਨੇ ਪਿਠ ਥਾਪੜੀ ਅਤੇ ਧਰਮ ਯੁਧ ਵਿਚ ਜੂਝਣ ਅਤੇ ਅਕਾਲ ਪੁਰਖ ਦੇ ਦਰਬਾਰ ਵਿਚ ਪੁੱਜ ਜਾਣ ਲਿਆ ਆਸ਼ੀਰਵਾਦ ਦਿਤਾ। ਬਾਬਾ ਜੀ ਪੰਜ ਸਿਖਾਂ ਨਾਲ ਲਲਕਾਰਾ ਮਾਰਦੇ ਹੋਏ ਗੜ੍ਹੀ ਵਿਚੋਂ ਬਾਹਰ ਆਏ। ਪੇਹ?ਲਾਂ ਤੀਰਾਂ ਨਾਲ ਵੈਰੀਆਂ ਦੇ ਬਹੁਤ ਸਾਰੇ ਆਦਮੀ ਪਰ ਬੁਲਾਏ ਜਦੋਂ ਤੀਰ ਮੁਕ ਗਏ ਤਾਂ ਨੇਜਾ ਫੜ ਵੈਰੀਆਂ ਦੇ ਆਹੂ ਲਾਹੇ। ਜਦੋਂ ਇਕ ਲੋਹੇ ਦੀ ਵਰਦੀ ਵਾਲੇ ਮੁਸਲਮਾਨ ਦੀ ਹਿਕ ਵਿਚ ਨੇਜਾ ਮਾਰਿਆ ਅਤੇ ਜਦੋਂ ਨੇਜਾ ਪੁਟਣ ਲਗੇ ਤਾਂ ਨੇਜਾ ਦੋ ਟੋਟੇ ਹੋ ਗਿਆ ਅਤੇ ਉਨ੍ਹਾਂ ਨੇ ਤਲਵਾਰ ਸੂਤ ਲਈ ਅਤੇ ਕਈਆਂ ਨੂੰ ਪਰ ਬੁਲਾ ਕੇ ਸਹੀਦ ਹੋ ਗਏ ਆਪ ਜੀ ਦੀ ਸ਼ਹੀਦੀ ਪੋਹ 8 ਸੰਮਤ 1761 ਅਰਥਾਤ 22 ਦਸੰਬਰ 1704 ਨੂੰ ਹੋਈ ਸੀ।

ਕਲਗੀਧਰ ਪਿਤਾ ਦੇ ਦੂਸਰੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਜੀ ਦਾ ਜਨਮ ਸੰਮਤ 1741 ਅਰਥਾਤ 1690 ਵਿਚ ਹੋਇਆ ਸੀ ਅਤੇ ਉਮਰ ਕੇਵਲ 14 ਸਾਲ ਦੀ ਸੀ ਜਦੋਂ ਇਹ ਦੇਖਿਆ ਕੇ ਵਡਾ ਵੀਰ ਅਕਾਲ ਪੁਰਖ ਦੀ ਗੋਦ ਵਿਚ ਪੁੱਜ ਗਿਆ ਹੈ ਤਾਂ ਛੋਟੇ ਵੀਰ ਨੇ ਆਪਣੇ ਪਿਤਾ ਜੀ ਤੋਂ ਆਗਿਆ ਲੈ ਕੇ ਜੰਗ ਮੈਦਾਨ ਵਿਚ ਪੁੱਜ ਗਿਆ ਅਤੇ ਵੈਰੀਆਂ ਦੇ ਆਹੂ ਲਾਹ ਕੇ ਵੀਰ ਗਤੀ ਪ੍ਰਾਪਤ ਕੀਤੀ ਅਤੇ ਵਡੇ ਵੀਰ ਕੋਲ ਅਕਾਲ ਪੁਰਖ ਦੀ ਗੋਦ ਵਿਚ ਜਾ ਪੁੱਜਾ। ਮੈਦਾਨ ਵਿਚ ਇਤਨੀ ਬੀਰਤਾ ਨਾਲ ਲੜਾਈ ਕੀਤੀ

ਕੇ ਵਿਰੋਧੀ ਵੀ ਹੈਰਾਨ ਹੋ ਗਏ ਸਨ। ਆਪ ਜੀ ਦੀ ਸ਼ਹੀਦੀ 8 ਪੋਹ ਸੰਮਤ 1761 ਅਰਥਾਤ 22 ਦਸੰਬਰ 1704 ਨੂੰ ਹੋਈ ਸੀ।

ਬਾਬਾ ਜੋਰਾਵਰ ਸਿੰਘ ਜੀ ਜਨਮ ਮਘਰ ਸੁਦੀ 3 ਸੰਮਤ 1753 ਅਰਥਾਤ ਅਤੇ ਬਾਬਾ ਫ਼ਤੇਹ ਸਿੰਘ ਜੀ ਜਨਮ ਫਗਣ ਸੁਦੀ 7 ਸੰਮਤ 1755 ਅਰਥਾਤ 1699 ਅਤੇ ਮਾਤਾ ਗੁਜਰੀ ਜੀ ਆਨੰਦਪੁਰ ਛਡਣ ਸਮੇਂ ਸਰਸਾ ਨਦੀ ਉਪਰ ਹਫੜਾ ਦਫੜੀ ਸਮੇਂ ਗੁਰੂ ਜੀ ਨਾਲੋਂ ਵਿਛੜ ਗਏ ਸਨ। ਥੋੜੀ ਦੂਰ ਜਾਣ ਤੋਂ ਬਾਦ ਉਨ੍ਹਾਂ ਨੂੰ ਆਪਣਾ ਪੁਰਾਣਾ ਰਸੋਈਆਂ ਗੰਗੂ ਬ੍ਰਾਹਮਨ ਮਿਲ ਗਿਆ ਅਤੇ ਓਹ ਇਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਬਾਦ ਵਿਚ ਉਸ ਦਾ ਮਨ ਬੇਈਮਾਨ ਹੋ ਗਿਆ ਅਤੇ ਮਾਤਾ ਜੀ ਦੀ ਮੋਹਰਾਂ ਵਾਲੀ ਥੈਲੀ ਚੁਰਾ ਲਈ ਅਤੇ ਫਿਰ ਉਸ ਨੂੰ ਇਹ ਸੁਝਿਆ ਕੇ ਇਨ੍ਹਾਂ ਨੂੰ ਫੜਾ ਦੇਵਾਂ ਇਸ ਤਰਾਂ ਧਨ ਪ੍ਰਾਪਤ ਕਰ ਲਵਾਂ ਅਤੇ ਨਾਲੇ ਸੂਬੇ ਪਾਸੋਂ ਇਨਾਮ ਮਿਲੇਗਾ। ਇਹ ਖਿਆਲ ਕਰ ਕੇ ਉਸ ਨੇ ਨਾਮਕ ਹਰਾਮੀ ਕੀਤੀ ਅਤੇ ਮੋਰਿੰਡੇ ਦੇ ਥਾਨੇਦਾਰ ਨੂੰ ਇਤਲਾਹ ਕਰ ਦਿਤੀ। ਓਹ ਤੁਰੰਤ ਹੀ ਤਿਨਾ ਨੂੰ ਫੜ ਕੇ ਲੈ ਗਿਆ ਅਤੇ ਸਰਹਿੰਦ ਦੇ ਨਵਾਬ ਪਾਸ ਹਾਜਰ ਕਰ ਦਿਤਾ? ਅਤੇ ਨਵਾਬ ਨੇ ਬੁਰਜ ਵਿਚ ਕੈਦ ਕਰ ਦਿਤਾ।

ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚੇਹਰੀ ਵਿਚ ਲੈ ਜਾਇਆ ਗਿਆ। ਉਥੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ ਪ੍ਰੰਤੂ ਉਨ੍ਹਾਂ ਨੇ ਗਜ ਕੇ ਵਾਹੇਗੁਰੂ ਜੀ ਕੀ ਫ਼ਤੇਹ ਬੁਲਾਈ। ਉਨ੍ਹਾਂ ਦੀ ਨਿਰਭੈਤਾ, ਦਲੇਰੀ ਅਤੇ ਚੇਹਰਿਆਂ ਉਪਰ ਜਲਾਲ ਦੇਖ ਸਾਰੇ ਵਾਹ ਵਾਹ ਕਰਨ ਲਗੇ। ਵਜੀਰ ਖਾਂ ਨੇ ਆਖਿਆ ਕੇ ਤੁਹਾਡੇ ਪਿਤਾ ਅਤੇ ਦੋਵੇਂ ਭਰਾ ਕਤਲ ਕੀਤੇ ਜਾ ਚੁਕੇ ਹਨ ਤੁਸੀਂ ਆਪਣੀ ਜਾਨ ਬਚਾ ਸਕਦੇ ਹੋ। ਤੁਹਾਨੂੰ ਪੂਰੇ ਸੁਖ ਆਰਾਮ ਵਿਚ ਪਾਲਿਆ ਜਾਵੇਗਾ, ਪੜਾਇਆ ਜਾਵੇਗਾ ਵਡੇ ਹੋਵੋਗੇ ਤਾਂ ਚੰਗੇ ਘਰਾਂ ਵਿਚ ਵਿਆਹ ਹੋਵੇਗਾ ਜਾਗੀਰਾਂ ਮਿਲਣਗੀਆਂ ਅਤੇ ਪੂਰੀ ਉਮਰ ਮੌਜਾਂ ਕਰੋਗੇ? ਇਸ ਲਈ ਕਲਮਾਂ ਪੜੋ ਅਤੇ ਮੁਸਲਮਾਨ ਹੋ ਜਾਓ। ਜੇ ਕਰ ਨਹੀਂ ਮੰਨੋਗੇ ਤਾਂ ਮਾਰ ਦਿਤੇ ਜਾਓਗੇ।

ਸਾਹਿਬਜ਼ਾਦੇ ਜੋਰਾਵਰ ਸਿੰਘ ਦੀ ਉਮਰ ਉਸ ਸਮੇਂ ਕੇਵਲ 8 ਸਾਲ ਦੀ ਸੀ ਅਤੇ ਸਾਹਿਬਜ਼ਾਦੇ ਫ਼ਤੇਹ ਸਿੰਘ ਦੀ ਉਮਰ ਕੇਵਲ 6 ਸਾਲ ਦੀ ਸੀ ਅਤੇ ਉਸ ਕਲਗੀਧਰ ਦੇ ਪੁਤਰ ਸਨ ਇਸ ਲਈ ਉਨ੍ਹਾਂ ਨੇ ਬਿਨਾ ਕਿਸੇ ਘਬਰਾਹਟ ਦੇ ਸੂਬੇ ਨੂੰ ਉਤਰ ਦਿਤਾ ਕੇ ਅਸੀਂ ਆਪਣਾ ਧਰਮ ਛਡ ਕੇ ਜੀਵਨ ਜੀਣ ਲਈ ਤਿਆਰ ਨਹੀਂ ਹਾਂ ਤੁਹਾਡਾ ਜਿਵੇਂ ਮਨ ਹੈ ਉਸ ਤਰਾਂ ਕਰੋ। ਹੋਰ ਵੀ ਲਾਲਚ ਅਤੇ ਡਰਾਵੇ ਦਿਤੇ ਗਏ ਪਰ ਇਹ ਚੋਜੀ ਪਿਤਾ ਦੇ ਲਾਲ ਰਤੀ ਭਰ ਵੀ ਨਾ ਡੋਲੇ। ਅੰਤ ਵਿਚ ਸੂਬੇ ਵਲੋਂ ਨੀਹਾਂ ਵਿਚ ਚਿਣੇ ਜਾਣ ਅਤੇ ਕਤਲ ਕਰ ਦਿਤੇ ਜਾਣ ਦਾ ਹੁਕਮ ਸੁਣਾ ਦਿਤਾ ਗਿਆ। ਹੁਕਮ ਸੁਣ ਕੇ ਸਾਹਿਬਜ਼ਾਦਿਆਂ ਨੇ ਜੈਕਾਰਾ ਛਡਿਆ। ਇਸ ਸਮੇਂ ਹਾਜਰ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹਮਦ ਖਾਂ ਨੇ ਸੂਬੇ ਨੂੰ ਮਸ਼ਵਰਾ ਦਿਤਾ ਕਿ ਇਨ੍ਹਾਂ ਮਾਸੂਮ ਨਿਆਣਿਆ ਨੂੰ ਨਿਰਦੋਸ਼ ਸਜਾ ਠੀਕ ਨਹੀਂ ਹੈ ਪਰ ਉਸ ਦੀ ਕਿਸੇ ਨੇ ਨਾ ਸੁਣੀ।ਇਸ ਸਮੇਂ ਮੌਜੂਦ ਸੁਚਾ ਨੰਦ ਨੇ ਕਿਹਾ ਸੀ ਕਿ ਸਪਾਂ ਦੇ ਪੁਤ ਮਿਤ ਨਹੀਂ ਹੋ ਸਕਦੇ ਹਨ ਅਤੇਇਨ੍ਹਾ ਦੇ ਸਿਰ ਫੇਹ ਦੇਣੇ ਚਾਹੀਦੇ ਹਨ।

ਇਸ ਕੁਲੇਹਣੀ ਘੜੀ ਦੇ ਸਬੰਧ ਵਿਚ ਇਕ ਸ਼ਾਇਰ ਨੇ ਇਸ ਤਰਾਂ ਲਿਖਿਆ ਹੈ:

**ਏਹ ਦੌਰ ਭੀ ਦੇਖਾ, ਤਾਰੀਖ ਕੀ ਨਜ਼ਰੌ ਨੇ ,**
**ਲਮਹੋ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ**

ਦੋਵਾਂ ਸਾਹਿਬਜ਼ਾਦਿਆਂ ਨੂੰ ਪੋਹ 13 ਸੰਮਤ 1761 ਅਰਥਾਤ 27 ਦਸੰਬਰ 1704 ਵਾਲੇ ਦਿਨ ਨੀਹਾਂ ਵਿਚ ਚਿਨਾ ਦਿਤਾ ਗਿਆ ਅਤੇ ਵਾਰ ਮੁਸਲਮਾਨ ਬਣ ਜਾਣ ਲਈ ਆਖਿਆ ਗਿਆ ਪਰੰਤੂ ਸਾਹਿਬਜ਼ਾਦੇ ਅਡੋਲ ਖੜੇ ਵਾਹੇਗੁਰੂ ਦਾ ਜਪ ਕਰਦੇ ਰਹੇ। ਜਦੋਂ ਕੰਧ ਮੋਢਿਆਂ ਤਕ ਪਹੁੰਚ ਗਈ ਤਾਂ ਉਨ੍ਹਾਂ ਦੇ ਸੀਸ ਕਟ ਦਿਤੇ ਗਏ ਸਨ।

ਕਿਸੇ ਸ਼ਾਇਰ ਵਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਖੂਬਸੂਰਤ ਬਿਆਨ ਕੀਤਾ ਹੈ। ਉਸ ਦੀਆਂ ਸਤਰਾਂ ਕੁਝ ਇਸ ਤਰਾਂ ਹਨ -----

**ਹਮ ਜਾਨ ਦੇ ਕੇ ਔਰੋਂ ਕੀ ਜਾਨੇ ਬਚਾ ਚਲੇ।**
**ਸਿੱਖੀ ਕੀ ਨੀਂਵ ਹਮ ਹੈ ਸਿਰੋਂ ਪਿ ਉਠਾ ਚਲੇ।**
**ਗੁਰਿਆਈ ਕਾ ਹੈਂ ਕਿਸਾ ਜਹਾਂ ਮੈ ਬਨਾ ਚਲੇ।**
**ਸਿੰਘੋਂ ਕਿ ਸਲਤਨਤ ਕਾ ਹੈ ਪੌਦਾ ਲਗਾ ਚਲੇ।**
**ਗੱਦੀ ਤੋਂ ਤਖਤ ਬੱਸ ਅਬ ਕੌਮ ਪਾਇਗੀ।**
**ਦੁਨੀਆ ਮੈ ਜ਼ਾਲਿਮੋਂ ਦਾ ਨਿਸ਼ਾਂ ਤਕ ਮਿਟਾਏਗੀ।**

ਜਿਸ ਥਾਂ ਉਪਰ ਸ਼ਹੀਦ ਕੀਤਾ ਗਿਆ ਉਥੇ ਅਜ ਕਲ ਗੁਰਦਵਾਰਾ ਫ਼ਤੇਹਗੜ ਸਾਹਿਬ ਹੈ ਅਤੇ ਹਰ ਸਾਲ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ।

ਜ਼ਫਰਨਾਮਾ ਵਿਚ ਦਸਵੇਂ ਪਾਤਸ਼ਾਹ ਨੇ ਇਹ ਵੀ ਲਿਖਿਆ ਹੈ -

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥**
**ਕਿ ਬਾਕੀ ਬਮਾਂਦਸਤ ਪੇਚੀਦਹ ਮਾਰ ॥੭੮॥**

What, if you have killed my four sons, the hooded cobra still sits coiled up.78.

ਜਦੋਂ ਮਾਤਾ ਗੁਜਰੀ ਜੀ ,ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਿਖਲਾਈ ਦਿਤੀ ਸੀ ਕਿ ਧਰਮ ਨੂੰ ਕਿਸੇ ਵੀ ਲਾਲਚ ਵਿਚ ਆ ਕੇ ਨਹੀਂ ਤਿਆਗਣਾ ,ਆਪਣੇ ਦਾਦੇ ਦੀ ਕੁਰਬਾਨੀ ਸਬੰਧੀ ਜਾਣਕਾਰੀ ਦਿਤੀ ਸੀ ਅਤੇ ਮੁਗਲਾਂ ਦੇ ਅਤਿਆਚਾਰਾਂ ਸਬੰਧੀ ਦਸਿਆ ਸੀ, ਨੂੰ ਪਤਾ ਲਗਾ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿਤਾ ਗਿਆ ਹੈ ਤਾਂ ਓਹ ਉਸ ਠੰਡੇ ਬੁਰਜ ਵਿਚ ਹੀ ਪਰਲੋਕ ਸਿਧਾਰ ਗਏ ਅਤੇ ਅਕਾਲ ਪੁਰਖ ਦੇ ਚਰਨਾ ਵਿਚ ਜਾ ਬਿਰਾਜੇ ਸਨ। ਇਸ ਸਬੰਧੀ ਕਿਸੇ ਕਵੀ ਨੇ ਬਿਆਨ ਕੀਤਾ ਹੈ ਕਿ -

**ਮੇਰਾ ਨਾਂ ਗੁਜਰੀ ਮੇਰੀ ਅੱਲ ਗੁਜਰੀ।**
**ਇਹੋ ਜਿਹੀ ਕਹਾਰੀ ਤਾਂ ਮੇਰੇ ਉੱਤੇ,**
**ਘੜੀ-ਘੜੀ ਗੁਜਰੀ ਪਲ-ਪਲ ਗੁਜਰੀ।**
**ਪਹਿਲਾਂ ਪਤੀ ਦਿੱਤਾ ਫਿਰ ਮੈਂ ਪੋਤੇ ਦਿੱਤੇ,**
**ਆ ਹੁਣ ਮੌਤ ਮੈਨੂੰ ਕਹਿੰਦੀ ਚਲ ਗੁਜਰੀ।**
**ਜਿਹੜੀ ਆਈ ਸਿਰ 'ਤੇ ਉਹ ਮੈਂ ਝੱਲ ਗੁਜਰੀ।**

# ਭਾਈ ਬੁਢੇ ਬਰਨਨ ਕੀਆ, ਸਤਗੁਰ ਸਰੋਤਾ ਆਪ

ਇਕ ਵਾਰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਾਬਾ ਬੁਢਾ ਜੀ ਨੂੰ ਕਿਹਾ ਕਿ ਤੁਸੀਂ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਬਾਰੇ ਥੋੜਾ ਜਿਹਾ ਅਨੁਭਵ ਦਿਓ। ਬਾਬਾ ਜੀ ਨੇ ਕਿਹਾ : ਕਿਸੇ ਵਿਚ ਕੀ ਸ਼ਕਤੀ ਹੈ ਜੋ ਗੁਰੂ ਸਾਹਿਬਾਨ ਬਾਰੇ ਦਸ ਸਕੇ। ਗੁਰੂ ਨਾਨਕ ਜੀ ਨਿਰਾ ਨੂਰ ਸਨ, ਗੁਰੂ ਅੰਗਦ ਜੀ ਨਿਰੇ ਸਾਧੂ, ਸ਼ਾਂਤੀ ਪਿਆਰ ਅਤੇ ਦਯਾ ਦੀ ਮੂਰਤ। ਸਾਰੀ ਉਮਰ ਮਾਇਆ ਨੂੰ ਹਥ ਨਾ ਲਾਇਆ। ਗੁਰੂ ਅਮਰਦਾਸ ਜੀ ਦਾ ਇਕ ਹਥ ਸਦਾ ਅਸੀਸ ਲਈ ਉਠਿਆ ਰਹਿੰਦਾ ਸੀ ਅਤੇ ਦੂਜਾ ਸੇਵਾ ਵਿਚ ਲੱਗਾ ਰਹਿੰਦਾ। ਗੁਰੂ ਰਾਮਦਾਸ ਜੀ ਬਿਰਹੁ ਦੀ ਮੂਰਤ ਸਨ। ਨੈਨ ਹਰ ਵੇਲੇ ਨੀਰ ਨਾਲ ਭਰੇ ਹੀ ਦਿਸਦੇ। ਕਿਹੋ ਜਿਹਾ ਨਜ਼ਾਰਾ ਬਣਿਆ ਹੋਇਆ ਸੀ ਕਿ ਗੁਰੂ ਜੀ ਸਰੋਤਾ ਸਨ ਅਤੇ ਬਾਬਾ ਜੀ ਸੁਨਾ ਰਹੇ ਸਨ।

**ਭਾਈ ਬੁਢੇ ਬਰਨਨ ਕੀਆ, ਸਤਗੁਰ ਸਰੋਤਾ ਆਪ**

ਗੁਰੂ ਜੀ ਨੇ ਪਰਸ਼ਾਦਾ ਵੀ ਉਥੇ ਹੀ ਛਕਿਆ। ਬਾਬਾ ਬੁਢਾ ਜੀ ਇਤਨੇ ਵਜੂਦ ਵਿਚ ਆਏ ਅਤੇ ਕਿਹਾ ਗੁਰੂ ਦੋਖੀਆਂ ਨੂੰ ਤੁਸੀਂ ਵਿਆਕੁਲ ਕਰ ਦੇਵੋਗੇ ਅਤੇ ਆਪ ਜੀ ਦਾ ਪੋਤਰਾ ਤਾਂ ਜ਼ੁਲਮ ਦੀ ਜੜ ਹੀ ਉਖਾੜ ਦੇਵੇਗਾ। ਗੁਰੂ ਸਾਹਿਬਾਨ ਦੇ ਇਸ ਅਨਿਨ ਸੇਵਕ ਜਿਨ੍ਹਾ ਨੇ ਛੇ ਪਾਤਸ਼ਾਹੀਆਂ ਦੇ ਪ੍ਰਤਖ ਦਰਸ਼ਨ ਕੀਤੇ ਸਨ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਗੁਰਿਆਈ ਪ੍ਰਾਪਤ ਕਰਨ ਤੋਂ ਮਿਲੇ ਸਨ, ਦਾ ਜਨਮ ਪਿੰਡ ਕਥੂਨੰਗਲ ਜ਼ਿਲਾ ਅੰਮ੍ਰਿਤਸਰ ਵਿਚ ਸੰਮਤ 1565 ਅਰਥਾਤ ਅਕਤੂਬਰ 22, 1506 ਈਸਵੀ ਵਿਚ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਮਾਤਾ ਮੋਰਾਂ ਅਤੇ ਪਿਤਾ ਜੀ ਦਾ ਨਾਮ ਭਾਈ ਸੁਘਾ ਜੀ ਸੀ। ਮਾਪਿਆ ਵਲੋਂ ਨਾਮ ਬੂੜਾ ਰਖਿਆ। ਮਗਰੋਂ ਮਾਪੇ ਰਮਦਾਸ ਰਹਿਣ ਲੱਗ ਪਏ। ਜਦ ਬਾਬਾ ਬੁਢਾ ਜੀ ਦੀ ਉਮਰ ਬਾਰਾਂ ਸਾਲਾਂ ਦੀ ਹੋਈ ਤਾਂ ਗੁਰੂ ਨਾਨਕ ਦੇਵ ਜੀ ਫਿਰਦੇ ਹੋਏ ਰਮਦਾਸ ਦੇ ਕੋਲ ਆ ਰੁਕੇ। ਇਨ੍ਹਾਂ ਨੇ ਬਾਬਾ ਨਾਨਕ ਜੀ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਨੂੰ ਗੁਰੂ ਜੀ ਬੜੇ ਪਿਆਰੇ ਲਗੇ ਅਤੇ ਮਨ ਵਿਚ ਗੁਰੂ ਜੀ ਦੀ ਸੇਵਾ ਕਰਨ ਦਾ ਚਾਅ ਪੈਦਾ ਹੋਇਆ। ਓਹ ਉਨ੍ਹਾਂ ਲਈ ਦੁਧ ਅਤੇ ਮਖਣ ਦੇ ਪੈੜੇ ਲੈ ਕੇ ਹਾਜਰ ਹੋਇਆ।

ਗੁਰੂ ਜੀ ਨੇ ਪੁਛਿਆ—ਕਾਕਾ ਤੇਰਾ ਨਾਮ ਕੀ ਹੈ। ਅਤੇ ਕੀ ਕੰਮ ਕਰਦਾ ਹੈਂ।

ਬੂੜਾ—ਸਚੇ ਪਾਤਸ਼ਾਹ ! ਮਾਪਿਆ ਨੇ ਮੇਰਾ ਨਾਮ ਬੂੜਾ ਰਖਿਆ ਹੈ। ਅਤੇ ਮੈਂ ਮਝੀਆਂ ਦਾ ਵਾਗੀ ਹਾਂ।

ਗੁਰੂ ਜੀ—ਤੂੰ ਸਾਡੇ ਪਾਸ ਕੀ ਇਛਾ ਧਾਰ ਕੇ ਆਇਆ ਹੈਂ। ਅਤੇ ਤੂੰ ਕੀ ਚਾਹੌਂਦਾ

ਹੈਂ।

ਬੂੜਾ—ਜੀ ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੋਂ ਬਚਾਓ। ਇਸ ਚੁਰਾਸੀ ਦੇ ਗੇੜ ਵਿਚ ਕਢ ਕੇ ਮੁਕਤੀ ਪ੍ਰਦਾਨ ਕਰੋ।

ਗੁਰੂ ਜੀ ਨੇ ਕਿਹਾ ਕੇ ਤੇਰੀ ਖੇਡਣ ਦੀ ਉਮਰ ਹੈ ਤੇਨੂੰ ਮੌਤ ਦੇ ਖਿਆਲਾਂ ਅਤੇ ਮੁਕਤੀ ਦੇ ਖਿਆਲਾਂ ਦਾ ਧਿਆਨ ਵਡੇ ਹੋ ਕੇ ਕਰਨ ਦੀ ਲੋੜ ਹੈ। ਤਾਂ ਬੂੜੇ ਨੇ ਆਖਿਆ ਕੇ ਹੋ ਸਕਦਾ ਹੈ ਮੈਂ ਵਡਾ ਨਾ ਹੋਵਾਂ ਅਤੇ ਮੌਤ ਪੇਹ?ਲਾਂ ਹੀ ਘੇਰ ਲਵੇ।ਗੁਰੂ ਜੀ ਦੇ ਪੁਛਣ ਤੇ ਕਿ ਇਹ ਵਿਚਾਰ ਤੇਰੇ ਮਨ ਵਿਚ ਕਿਵੇਂ ਆਇਆ। ਤਾਂ ਬੂੜੇ ਨੇ ਦਸਿਆ ਕਿ ਕੁਝ ਸਮਾਂ ਹੋਇਆ ਕੁਝ ਪਠਾਨ ਸਾਡੇ ਪਿੰਡ ਵਿਚੋਂ ਲੰਘੇ ਸਨ ਓਹ ਬਦੋ ਬਦੀ ਸਦੀਆਂ ਫਸਲਾਂ ਵਧ ਕੇ ਲੈ ਗਏ ਸਨ ਜਿਸ ਵਿਚ ਕਚੀਆਂ ਅਤੇ ਪਕੀਆਂ ਅਤੇ ਅਧ ਪਕੀਆਂ ਫਸਲਾਂ ਸ਼ਾਮਲ ਸਨ। ਇਸੇ ਤਰਾਂ ਮੌਤ ਵੀ ਜਦੋਂ ਮਰਜੀ ਆ ਕੇ ਬਚੇ ਗਭਰੂ ਅਤੇ ਬੁਢੇ ਨੂੰ ਆ ਕੇ ਨਪ ਲਵੇਗੀ। ਇਸ ਲਈ ਮੈਨੂੰ ਮੌਤ ਤੋਂ ਡਰ ਲਗਦਾ ਹੈ ਅਤੇ ਮੇਰਾ ਇਹ ਡਰ ਦੂਰ ਕਰ ਦਿਓ ਸਚੇ ਪਾਤਸ਼ਾਹ ਜੀ।

ਗੁਰੂ ਜੀ ਨੇ ਹੱਸ ਕੇ ਉਤਰ ਦਿਤਾ ਤੂੰ ਬਚਾ ਨਹੀਂ ਬੁਢਾ ਹੈਂ ਅਤੇ ਗਲਾਂ ਬੁਢਿਆਂ ਵਾਲੀਆਂ ਕਰ ਰਿਹਾ ਹੈਂ। ਹੋਸਲਾਂ ਰਖ ਰੱਬ ਮੌਤ ਨਾਲੋਂ ਕੀਤੇ ਵਡਾ ਹੈ ਅਤੇ ਬਲਵਾਨ ਹੈ ਜੇ ਕਰ ਤੂੰ ਰੱਬ ਦਾ ਹੋ ਜਾਵੇਂ ਤਾਂ ਮੌਤ ਤੈਨੂੰ ਡਰਾ ਨਹੀਂ ਸਕੇਗੀ ਅਤੇ ਓਹ ਤੇਰੇ ਤੋਂ ਡਰਨ ਲੱਗ ਜਾਵੇਗੀ ਤੂੰ ਜਨਮ ਮਾਰਨ ਦੇ ਗੇੜ ਤੋਂ ਮੁਕਤ ਹੋ ਜਾਵੇਂਗਾ। ਰੱਬ ਨੂੰ ਹਮੇਸ਼ਾ ਯਾਦ ਰਖਿਆ ਕਰ ਉਸ ਦਾ ਨਾਮ ਜਪਿਆ ਕਰ ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ,ਪੂਰੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕਰਿਆ ਕਰ ਤੇਰੇ ਸਭ ਦੁਖ ਦੂਰ ਹੋ ਜਾਣਗੇ।

ਉਸ ਦਿਨ ਤੋਂ ਬਾਦ ਉਸ ਦਾ ਨਾਮ ਬਾਬਾ ਬੁਢ?ਾ ਜੀ ਪੈ ਗਿਆ ਬਾਬਾ ਬੁਢਾ ਜੀ ਨੇ ਸਿਖੀ ਧਾਰਨ ਕਰ ਲਈ। ਵੀਹ ਸਾਲ ਦੇ ਹੋ ਜਾਣ ਤੇ ਆਪ ਜੀ ਦੀ ਸ਼ਾਦੀ ਬੀਬੀ ਮਰੋਯਾਂ ਦੇ ਨਾਲ ਬਟਾਲਾ ਦੇ ਨੇੜੇ ਅਚਲ ਵਿਖੇ ਹੋਈ ਸੀ। ਆਪ ਪਰਿਵਾਰ ਸਮੇਤ ਕਰਤਾਰਪੁਰ ਆ ਗਏ ਸਨ ਅਤੇ ਗੁਰੂ ਦੇ ਦਰਬਾਰ ਵਿਚ ਰਹਨ ਲਗ ਪਏ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ ਰਹਿੰਦੇ ਅਤੇ ਨਾਮ ਜਪਣ ਵਿਚ ਹੀ ਮਗਨ ਰਹਿੰਦੇ ਸਨ। ਇਨ੍ਹਾਂ ਦਾ ਜੀਵਨ ਸਿਖੀ ਲਈ ਰੋਲ ਮਾਡਲ ਬਣਿਆ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸੇਵਾ ਵਿਚ ਜੁਟੇ ਹੋਏ ਦੇਖ ਕੇ ਵਰ ਵੀ ਦਿਤਾ ਸੀ ਕਿ : ਤੇਰੇ ਤੋਂ ਕਦੇ ਓਹਲੇ ਨਾ ਹੋਸਾਂ। ਬਾਬਾ ਬੁਢਾ ਜੀ ਨੇ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਦੇਸ਼ ਮੰਗਿਆ ਤਾਂ ਗੁਰੂ ਜੀ ਨੇ ਆਖਿਆ :ਨਾਮ ਇਕਾਗਰ ਮਨ ਜਪਿਆਂ ਕਲਯਾਨ ਹੁੰਦਾ ਹੈ। ਸੇਵਾ ਕਰਦਿਆਂ ਅਹੰਕਾਰ ਨਹੀਂ ਆਂਦਾ ਅਤੇ ਆਰਜਾ ਵਿਚ ਵਾਧਾ ਹੁੰਦਾ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਤਾਂ ਗੁਰਿਆਈ ਦਾ ਤਿਲਕ ਬਾਬਾ ਬੁਢਾ ਜੀ ਨੇ ਲਗਾਇਆ ਸੀ।

ਇਕ ਵਾਰ ਬਾਬਾ ਬੁਢਾ ਜੀ ਨੇ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਪੁਛਿਆ ਕਿ ਪਾਤਸ਼ਾਹ ਜੀ ਦੱਸੋ ਜੇ ਕਰ ਕੋਈ ਬੁਰਾਈ ਕਰੇ ਤਾਂ ਉਸ ਨਾਲ ਕੀ ਕੀਤਾ ਜਾਵੇ। ਤਾਂ ਮਹਾਰਾਜ ਨੇ ਕਿਹਾ ਕਿ ਭਲਾਈ। ਜੇ ਕਰ ਓਹ ਫਿਰ ਵਰਰ ਬੁਰਾਈ ਕਰੇ ਤਾਂ ਫਿਰ ਕੀ ਕਰੀਏ। ਉਤਰ ਮਿਲਿਆ ਕਿ ਫਿਰ ਵੀ ਭਲਾਈ। ਜੇ ਕਰ ਓਹ ਬਾਰ ਬਾਰ ਬੁਰਾਈ ਕਰੇ ਤਾਂ ਫਿਰ ਉਸ

ਨਾਲ ਭਲਾਈ ਕਿਓਂ ਕੀਤੀ ਜਾਵੇ, ਬਾਬਾ ਜੀ ਨੇ ਆਖਿਆ। ਜੇ ਕਰ ਓਹ ਬੁਰਾਈ ਕਰਨ ਲਈ ਦ੍ਰਿੜ ਹੈ ਤਾਂ ਅਸੀਂ ਕਿਓਂ ਭਲਾਈ ਛਡ ਦੇਵੀਏ। ਇਕ ਮਨੁਖ ਕਰੇ ਜਿਆਦਿਤੀ ਅਤੇ ਦੂਜਾ ਸਹ ਲਵੇ ਤਾਂ ਸਹਾਰਨ ਵਾਲੌਂ ਦੇ ਸਦਕੇ ਜਾਈਏ, ਗੁਰੂ ਪਿਤਾ ਨੇ ਆਖਿਆ। ਜਬਰ ਕਰਨ ਵਾਲੇ ਨੂੰ ਗੁਰੂ ਆਪ ਸੰਭਾਲਦਾ ਹੈ।

ਵਾਹਿਗੁਰੁ ਦਾ ਸੁਭਾਵ ਹੈ—ਨਾ ਫੜੋ, ਨਾ ਫੜੋ , ਫੜੇ ਤਾਂ ਛਾਡੇ ਹੀ ਨਾ। ਚੋਟ ਉਪਰ ਚੋਟ ਲਗਾਵੇ।

ਗੁਰੂ ਰਾਮਦਾਸ ਜੀ ਨੇ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਦੇਣ ਤੋਂ ਪੇਹ?ਲਾਂ ਬਾਬਾ ਬੁਢਾ ਜੀ ਨੂੰ ਆਖਿਆ ਕਿ ਗੁਰੂ ਨਾਨਕ ਦੇ ਤੁਸੀਂ ਪਿਆਰੇ ਹੋ। ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦੇ ਦਰਸ਼ਨਾ ਨਾਲ ਤ੍ਰਿਪਤ ਹੋ? ਇਹ ਦਸੋ ਕਿ ਬੇਟਾ ਅਰਜਨ ਅਜਰ ਜਰਨ ਜੋਗਾ ਹੈ ਜਾਂ ਨਹੀਂ ਜੋ ਠੀਕ ਲਗਦਾ ਹੈ ਦਸੋ। ਬਾਬਾ ਜੀ ਨੇ ਕਿਹਾ ਕਿ ਤੁਸੀਂ ਜਾਣੀ ਜਾਣ ਹੋ ਅਤੇ ਦੇਖ ਚੁਕੇ ਹੋ ਕਿ ਪਿਰਥੀ ਚੰਦ ਵਲ ਛਲ ਕਰਕੇ ਗੱਦੀ ਲਈ ਯਤਨ ਕਰਦਾ ਹੈ ਅਤੇ ਅਰਜਨ ਜੀ ਵਿਚ ਸੇਹਨ ਸ਼ੀਲਤਾ ਬਹੁਤ ਹੈ ਅਤੇ ਹੰਕਾਰ ਬਿਲਕੁਲ ਹੀ ਨਹੀਂ ਹੈ। ਉਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ। ਪਿਰਥੀ ਚੰਦ ਨੇ ਗੁਸਾ ਕਢਣਾ ਚਾਹਿਆ ਤਾਂ ਮਿਠੇ ਬਚਣਾ ਨਾਲ ਸਚਾਈ ਸਮਝਾਈ। ਫਿਰ ਵੀ ਬਹੁਤ ਮੁਸ਼ਕਿਲਾਂ ਖੜੀਆਂ ਕੀਤੀਆਂ ਪ੍ਰੰਤੂ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਇਕ ਨਾ ਚਲਣ ਦਿਤੀ।

ਇਨ੍ਹਾਂ ਦਾ ਗੁਰੂ ਘਰ ਵਿਚ ਵਿਸ਼ੇਸ਼ ਦਰਜਾ ਅਤੇ ਮਾਣ ਸੀ। ਇਸ ਤਰਾਂ ਤੀਸਰੀ, ਚੌਥੀ, ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਨੂੰ ਵੀ ਗੁਰਿਆਈ ਦੇਣ ਸਮੇਂ ਤਿਲਕ ਬਾਬਾ ਬੁਢਾ ਜੀ ਪਾਸੋਂ ਹੀ ਲਗਵਾਇਆ ਗਿਆ ਸੀ। ਝਬਾਲ ਜ਼ਿਲਾ ਅੰਮ੍ਰਿਤਸਰ ਦੇ ਕੋਲ ਕਾਫੀ ਸਾਰੀ ਭੂਮੀ ਗੁਰੂ ਜੀ ਨੂੰ ਭੇਟਾ ਵਿਚ ਮਿਲੀ ਹੋਈ ਸੀ ਇਥੇ ਬਾਬਾ ਜੀ ਗੁਰੂ ਸਾਹਿਬਾਨ ਦੇ ਪਸੂਆਂ ਦੀ ਦੇਖ ਭਲ ਕਰਦੇ ਸਨ ਜਦੋਂ ਓਹ ਇਸ ਬੀੜ ਵਿਚ ਚਰਦੇ ਸਨ। ਘਾਹ ਖੋਤ ਕੇ ਪਸ਼ੂਆਂ ਨੂੰ ਪਾਇਆ ਕਰਦੇ ਸਨ ਅਤੇ ਆਪਣੇ ਆਪ ਨੂੰ ਗੁਰੂ ਜੀ ਦਾ ਘਾਹੀ ਆਖਿਆ ਕਰਦੇ ਸਨ ਇਸ ਬੀੜ ਦਾ ਨਾਮ ਬਾਬੇ ਦੀ ਬੀੜ ਪੈ ਗਿਆ ਸੀ ਅੱਜ ਕਲ ਇਥੇ ਗੁਰਦਵਾਰਾ ਹੈ ਜਿਥੇ ਸੰਗਤਾਂ ਭਾਰੀ ਗਿਣਤੀ ਵਿਚ ਹਾਜਰੀ ਭਰਦੀਆਂ ਹਨ।

ਸ੍ਰੀ ਅੰਮ੍ਰਿਤਸਰ ਦੇ ਸਰੋਵਰ ਅਤੇ ਸ਼੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਦੇ ਆਪ ਮੁਖ ਪ੍ਰਬੰਧਕ ਬਣੇ ਸਨ ਸ਼੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਬਾਬਾ ਬੁਢਾ ਜੀ ਦੀ ਬੇਰੀ ਹੁਣ ਤਕ ਮੌਜੂਦ ਹੈ ਜਿਸ ਦੇ ਹੇਠਾਂ ਬੈਠ ਕੇ ਬਾਬਾ ਜੀ ਸੇਵਾ ਕਰਵਾਂਦੇ ਸਨ ਅਤੇ ਮਜਦੂਰਾਂ ਤੇ ਰਾਜ ਮਿਸਤਰੀਆਂ ਨੂੰ ਤਨਖਾਹ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਦੇ ਸਨ। ਜਦੋਂ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਕੇ ਉਸ ਦਾ ਪ੍ਰਕਾਸ਼ ਕੀਤਾ ਗਿਆ ਤਾਂ ਬਾਬਾ ਬੁਢਾ ਜੀ ਨੂੰ ਪਹਲਾ ਗ੍ਰੰਥੀ ਬਣਾਇਆ ਗਿਆ ਸੀ।

ਬਾਬਾ ਬੁਢਾ ਜੀ 125 ਸਾਲ ਦੀ ਉਮਰ ਭੋਗ ਕੇ ਸੰਮਤ 1688 ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਪਿੰਡ ਰਮਦਾਸ ਵਿਚ ਸਵਰਗਵਾਸ ਹੋਏ। ਗੁਰੂ ਜੀ ਨੇ ਬਾਬਾ ਜੀ ਦਾ ਸਸਕਾਰ ਆਪਣੇ ਹਥੀਂ ਕੀਤਾ। ਅਰਥੀ ਨੂੰ ਇਕ ਪਾਸੇ ਤੋਂ ਗੁਰੂ ਹਰਗੋਬਿੰਦ ਜੀ ਨੇ ਮੋਢਾ ਦਿਤਾ ਦੂਜੇ ਪਾਸੇ ਭਾਈ ਭਾਨਾ ਜੀ ਸਨ। ਭਾਈ ਗੁਰਦਾਸ ਜੀ ਅਤੇ ਭਾਈ ਅਜਿਤਾ ਜੀ ਨੇ ਦੂਜੇ ਪਾਸੇ ਤੋਂ ਮੋਢਾ ਦਿਤਾ ਹੋਇਆ ਸੀ। ਰਾਹ ਵਿਚ ਨਿਰੋਲ ਸ਼ਬਦ ਗਏ ਜਾ ਰਹੇ

ਸਨ। ਚੰਦਨ ਦੀ ਚਿਖਾ ਸਵਾਰੀ ਗਈ। ਵਾਤਾਵਰਨ ਕਰੁਨਾਮਈ ਹੋ ਚੁਕਾ ਸੀ।

**ਚਿਖਾ ਉਪਰ ਜਬ ਹੀ ਧਰੀ ਸਾਹਿਬ ਬੁਢੇ ਦੇਹ।**
**(ਗੁਰੂ) ਹਰਗੋਬਿੰਦ ਕੇ ਨੈਣ ਤੇ ਚਲਿਆ ਨੀਰ ਸਨੇਹ।**

ਭਾਨਾ ਜੀ ਨੇ ਉਚੇਚਾ ਸਭ ਸੰਗਤਾਂ ਨੂੰ ਆਖਿਆ ਕਿ ਚਿੰਤਾ ਕਿਸੇ ਗਲ ਦੀ ਨਹੀਂ ਕਰਨੀ ਹੈ। ਇਹ ਜਗਤ ਦੀ ਰੀਤ ਹੈ ਸਭ ਨੇ ਆਪਣਾ ਆਪਣਾ ਕਰਤਵ ਨਿਭਾ ਕੇ ਚਲੇ ਜਾਣਾ ਹੈ। ਭਾਈ ਗੁਰਦਾਸ ਜੀ ਨੂੰ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨ ਨੂੰ ਆਖਿਆ ਗਿਆ।

**ਸ਼੍ਰੀ ਗੁਰੂ ਗਰੰਥ ਦਾ ਪਾਠ ਕਰਾਯੋ।**
**ਭਾਈ ਗੁਰਦਾਸ ਕਰਤ ਸੁਖ ਪਾਯੋ।**

ਭੋਗ ਸਮੇਂ ਗੁਰੂ ਹਰਗੋਬਿੰਦ ਜੀ ਨੇ ਕਿਹਾ : ਬਾਬਾ ਬੁਢ?ਾ ਜੀ ਜਿਹੀ ਜੀਵਨ ਕਾਰ ਕਿਸੇ ਨਹੀਂ ਨਿਭਾਈ। ਜੋ ਓਹ ਸਦਾ ਕਹਿੰਦੇ ਸਨ ਓਹ ਹੀ ਯਾਦ ਰਖਣਾ। ਬਾਬਾ ਜੀ ਕਿਹਾ ਕਰਦੇ ਸਨ

**ਕਰੋ ਕਾਰ, ਸਭ ਕਰੋ ਹੀਲਾ, ਭਜਨ ਪਾਠ, ਅਰਦਾਸ ਬੰਦਗੀ,**

ਪਰ

**ਨਾਲ ਟੇਕ ਰਖੋ ਮੇਹਰਾਂ ਤੇ।**
**ਸਦਾ ਕਿਰਪਾ ਦੀ ਘਾਲ ਘਾਲੋ।**

ਜਿਥੇ ਬਾਬਾ ਜੀ ਦਾ ਸਸਕਾਰ ਕੀਤਾ ਗਿਆ ਉਸ ਸਥਾਨ ਉਪਰ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਸੰਗਤ ਹੁਮ ਹੁਮਾ ਕੇ ਪੁਜਦੀ ਹੈ ਗੁਰੂ ਕਾ ਲੰਗਰ ਅਟੁਟ ਵਰਤਦਾ ਹੈ।

# ਸਿਰ ਧਰ ਤਲੀ ਗਲੀ ਮੇਰੀ ਆਓ

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜਿਨ੍ਹਾ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਨੇ ਆਦੇਸ਼ ਦਿਤਾ ਸੀ ਕੇ ਸਿਖਾਂ ਨੂੰ ਸੰਤ ਸਿਪਾਹੀ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਸੰਤ ਤੋਂ ਭਾਵ ਪ੍ਰਮਾਤਮਾ ਦਾ ਸਿਮਰਨ ਕਰਨ ਵਾਲੇ ਅਤੇ ਸਿਪਾਹੀ ਤੋਂ ਭਾਵ ਯੁਧ ਲਈ ਤਤਪਰ ਰੇਹਨ ਵਾਲੇ ਅਤੇ ਬਾਬਾ ਦੀਪ ਸਿੰਘ ਜੀ ਇਸ ਦੀ ਮਸਾਲ ਹਨ। ਉਨ੍ਹਾ ਨੇ ਸਾਰੀ ਜ਼ਿੰਦਗੀ ਸਿਖੀ ਜੀਵਨ ਵਿਚ ਬਿਤਾਈ ਅਤੇ ਅੰਤਲੇ ਸਮੇਂ 13 ਨਵੰਬਰ 1757 ਨੂੰ ਲੜਦੇ ਲੜਦੇ ਸ਼ਹੀਦ ਹੋ ਗਏ।

ਪਹੂਵਿੰਡ (ਅੰਮ੍ਰਿਤਸਰ) ਵਿਚ ਪਿਤਾ ਭਾਈ ਭਗਤਾ ਜੀ ਦੇ ਘਰ ਮਾਤਾ ਜੇਓਨੀ ਦੀ ਕੁਖ ਨੂੰ 26 ਜਨਵਰੀ 1682 ਨੂੰ ਸੁਲਖਨੀ ਕੀਤਾ ਅਤੇ ਬਚਪਨ ਦਾ ਨਾਮ ਦੀਪਾ (ਪ੍ਰਕਾਸ਼/ ਚਾਨਣ) ਰਖਿਆ ਗਿਆ। ਕਈ ਇਤਿਹਾਸਕਾਰਾਂ ਨੇ ਜਨਮ ਮਿਤੀ 20 ਜਨਵਰੀ 1682 ਦਰਜ ਕੀਤੀ ਹੈ। 12 ਸਾਲ ਦੀ ਉਮਰ ਵਿਚ ਆਪਣੇ ਮਾਤਾ ਪਿਤਾ ਨਾਲ ਦਸਮੇਂ ਪਾਤਸ਼ਾਹ ਦੇ ਦਰਸ਼ਨ ਕਰਨ ਲਈ ਸ੍ਰੀ ਆਨੰਦਪੁਰ ਸਾਹਿਬ ਗਏ ਅਤੇ ਸੇਵਾ ਵਿਚ ਲਗ ਗਏ ਉਥੇ ਹੀ ਓਨਹਾ ਨੇ ਭਾਈ ਮਨੀ ਸਿੰਘ ਜੀ ਅਤੇ ਹੋਰ ਵਿਦਵਾਨਾਂ ਤੋਂ ਗੁਰਮੁਖੀ ਸਿਖੀ ਅਤੇ ਤਲਵਾਰਬਾਜੀ, ਘੋੜਸਵਾਰੀ ਅਤੇ ਸ਼ਸਤ੍ਰਕਲਾ ਵਿਚ ਨਿਪੁੰਨਤਾ ਹਾਸਲ ਕੀਤੀ। ਗੁਰਮੁਖੀ ਸਿਖਾਂ ਤੋ ਪਿਛੋਂ ਓਹ ਸਿਖ ਸਿਧਾਂਤ ਤੋਂ ਜਾਣੂ ਹੋਏ ਅਤੇ ਉਹਨਾ ਨੇ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਹੋਰ ਸਿਖ ਫਲਸਫੇ ਦੀ ਜਾਣਕਾਰੀ ਲਈ ਅਤੇ ਨਿਪੁਨਤਾ ਹਾਸਲ ਕੀਤੀ।

**ਪੀਓ ਪਾਹੁਲ ਖੰਡੇ ਧਰ ਹੋਵੇ ਜਨਮ ਸੁਹੇਲਾ**

18 ਸਾਲ ਦੀ ਉਮਰ ਵਿਚ ਆਨੰਦਪੁਰ ਸਾਹਿਬ ਵਿਖੇ ਹੀ ਪੰਜ ਪਿਆਰਿਆਂ ਤੋਂ ਖੰਡੇ ਬਾਟੇ ਦਾ ਪਾਹੁਲ ਛਕਿਆ ਅਤੇ ਜਨਮ ਸੁਹੇਲਾ ਕਰ ਲਿਆ ਅਤੇ ਗੁਰੂ ਵਾਲੇ ਦੀਪ ਸਿੰਘ ਬਣ ਗਏ।

**ਖਾਲਸਾ ਅਕਾਲ ਪੁਰਖ ਕਿ ਫੌਜ ,**
**ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ,**

ਅਕਾਲ ਪੁਰਖ ਦੀ ਫੋਜ ਵਿਚ ਸ਼ਾਮਲ ਹੋ ਗਏ ਅਤੇ ਹਮੇਸ਼ਾਂ ਹੀ ਜਰੂਰਤ ਮੰਦਾ ਅਤੇ ਕਮਜ਼ੋਰਾਂ ਦੇ ਮਦਦਗਾਰ ਰਹੇ ,ਸਚ ਅਤੇ ਨਿਆਂ ਦੀ ਪ੍ਰਾਪਤੀ ਲਈ ਝੂਜਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ 1702 ਵਿਚ ਦੀਪ ਸਿੰਘ ਜੀ ਨੂੰ ਪਿੰਡ ਜਾ ਕੇ ਮਾਤਾ ਪਿਤਾ ਦੀ ਸੇਵਾ ਕਰਨ ਦਾ ਹੁਕਮ ਦਿਤਾ ਅਤੇ ਹੁਕਮ ਦੇ ਬਝ੍ਹੇ ਪਿੰਡ ਪ੍ਹੁਜ ਕੇ ਖੇਤੀ ਵਿਚ ਲਗ ਗਏ ਅਤੇ ਬਜੁਰਗਾਂ ਦੀ ਸੇਵਾ ਵਿਚ ਜੁਟ ਪਏ ਪਹੂਵਿੰਡ ਵਿਚ 1704 ਵਿਚ ਜਾਣਕਾਰੀ ਮਿਲੀ ਕੇ ਚੋਜੀ ਗੁਰੂ ਦਸਮੇਂ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਛਡ ਦਿਤਾ

ਹੈ ਅਤੇ ਵਡੇ ਸਾਹਿਬਜ਼ਾਦੇ ਸ੍ਰੀ ਅਜੀਤ ਸਿੰਘ ਅਤੇ ਸ੍ਰੀ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਵਿਚ ਸ਼ਹੀਦੀ ਪਾ ਗਏ ਹਨ ਅਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਓਹਨਾਂ ਤੋਂ ਵਿਛੜ ਚੁਕੇ ਹਨ। ਇਹ ਖਬਰ ਸੁਣ ਕੇ ਪਿੰਡ ਛਡ ਕੇ ਕਲਗੀਆਂ ਵਾਲੇ ਦੇ ਦਰਸ਼ਨ ਕਰਨ ਲਈ ਨਿਕਲ ਪਏ। ਦੀਪ ਸਿੰਘ ਜੀ ਦਾ ਮੇਲ ਗੁਰੂ ਜੀ ਨਾਲ ਪੰਜਵੇ ਤਖ਼ਤ ਤਲਵੰਡੀ ਸਾਬੋ (ਬਠਿੰਡਾ) ਵਿਖੇ ਹੋਇਆ ਓਥੇ ਹੀ ਪਤਾ ਲਗਾ ਕੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਸ੍ਰੀ ਜੋਰਾਵਰ ਸਿੰਘ ਅਤੇ ਫ਼ਤੇਹ ਸਿੰਘ ਨੂੰ ਨੀਹਾਂ ਵਿਚ ਚਿਣਵਾ ਦਿਤਾ ਗਿਆ ਸੀ ਕਿਓਂ ਜੋ ਓਨਾ ਨੇ ਵਜ਼ੀਰ ਖਾਨ ਦੇ ਹੁਕਮ ਅਨੁਸਾਰ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿਤਾ ਸੀ ਅਤੇ ਮਾਤਾ ਗੁਜਰੀ ਜੀ ਨੇ ਇਸ ਖਬਰ ਨੂੰ ਸੁਣ ਕੇ ਠੰਡੇ ਬੁਰਜ ਵਿਚ ਹੀ ਪ੍ਰਮਾਤਮਾ ਦੀ ਗੋਦ ਵਿਚ ਜਾ ਬਿਰਾਜੇ ਸਨ। ਕਿਸੇ ਕਵੀ ਨੇ ਇਸ ਤਰਾਂ ਲਿਖਿਆ ਹੈ -

ਗੁਜਰੀ ਲੋਕ ਮੈਨੂੰ ਤਾਹੀਓਂ ਆਖਦੇ ਨੇ, ਮਾਤਾ ਗੁਜਰੀ ਅੱਗੋਂ ਜਵਾਬ ਦਿੱਤਾ-

**ਮੇਰਾ ਨਾਂ ਗੁਜਰੀ ਮੇਰੀ ਅੱਲ ਗੁਜਰੀ।**
**ਇਹੋ ਜਿਹੀ ਕਹਾਰੀ ਤਾਂ ਮੇਰੇ ਉੱਤੇ,**
**ਘੜੀ-ਘੜੀ ਗੁਜਰੀ ਪਲ-ਪਲ ਗੁਜਰੀ।**
**ਪਹਿਲਾਂ ਪਤੀ ਦਿੱਤਾ ਫਿਰ ਮੈਂ ਪੋਤੇ ਦਿੱਤੇ,**
**ਆ ਹੁਣ ਮੌਤ ਮੈਨੂੰ ਕਹਿੰਦੀ ਚਲ ਗੁਜਰੀ।**
**ਜਿਹੜੀ ਆਈ ਸਿਰ।'ਤੇ ਉਹ ਮੈਂ ਝੱਲ ਗੁਜਰੀ।**

1705 ਤੋਂ 1728 ਤਕ ਓਨਹਾ ਨੇ ਭਾਈ ਮਨੀ ਸਿੰਘ ਦੇ ਸਾਥ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਹਥ ਲਿਖਤ ਬੀੜਾਂ ਬਣਾਈਆਂ ਅਤੇ ਸਾਰੇ ਤਖਤਾਂ ਤੇ ਭੇਜੀਆਂ। ਬਹੁਤ ਸਾਰੇ ਗੁਟਕੇ ਵੀ ਹਥ ਲਿਖਤ ਤਿਆਰ ਕੀਤੇ ਗਏ ਆਪ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮੁਖ ਗ੍ਰੰਥੀ ਵੀ ਰਹੇ।

ਬਾਬਾ ਜੀ ਨੇ 1709 ਵਿਚ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਅਤੇ ਸਢੌਰਾ ਦੇ ਹਾਕਮ ਤੋਂ ਪੀਰ ਬੁਧੂ ਸ਼ਾਹ ਦੀ ਮੋਤ ਦਾ ਇੰਤਕਾਮ ਲਿਆ। 1755 ਵਿਚ ਛੋਟੇ ਘਲੂਘਾਰੇ ਵਿਚੋਂ ,ਜਿਥੇ ਲਗਭਗ 10,000 ਸਿਖਾਂ ਨੇ ਕੁਰਬਾਨੀਆਂ ਦਿਤੀਆਂ, ਵਿਚ ਸ਼ਾਮਲ ਸਨ ਅਤੇ ਸਿਖ ਕੋਮ ਦੀ ਹੋਰ ਸੇਵਾ ਲਈ ਅਗੇ ਵਾਧੇ। 1753 ਵਿਚ ਮੁਗਲ ਗਵਰਨਰ ਨੇ ਸਿਖਾਂ ਨਾਲ ਸੰਧੀ ਕਰ ਲਈ ਅਤੇ ਬਾਬਾ ਦੀਪ ਸਿੰਘ ਜੀ ਨੇ ਨਵਾਬ ਕਪੂਰ ਸਿੰਘ ਨਾਲ ਮਿਲ ਕੇ ਦਲ ਖਾਲਸਾ ਬਣਾਇਆ ਜੋ ਦੋ ਹਿਸਿਆਂ ਬੁਢਾ ਦਲ ਅਤੇ ਤਰੁਨਾ ਦਲ ਵਿਚ ਵੰਡਿਆ ਗਿਆ ਜੋ ਫਿਰ ਪੰਜ ਜਥਿਆਂ ਵਿਚ ਹੋ ਗਿਆ ਅਤੇ ਇਕ ਜਥਾ ਬਾਬਾ ਦੀਪ ਸਿੰਘ ਜੀ ਦਾ ਹੋ ਗਿਆ ਜੋ 1748 ਵਿਚ ਮਿਸਲ ਬਣਿਆ ਅਤੇ ਇਸ ਮਿਸਲ ਦਾ ਨਾ ਸਹੀਦੀ ਮਿਸਲ ਸੀ। ਤਲਵੰਡੀ ਸਾਬੋ ਵਿਚ ਤਖ਼ਤ ਦੇ ਨਾਲ ਬੁਰਜ ਬਾਬਾ ਦੀਪ ਸਿੰਘ ਜੀ ਸ਼ਹੀਦ ਹੈ ਜਿਥੇ ਬਾਬਾ ਜੀ ਨੇ ਰਹ ਕੇ ਭਗਤੀ ਕੀਤੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਕਈ ਹਮਲੇ ਕੀਤੇ ਅਤੇ ਬਹੁਤ ਸਾਰਾ ਮਾਲ ਲੁਟ ਕੇ ਲੈ ਗਿਆ। ਚੌਥੇ ਹਮਲੇ ਸਮੇਂ ਸਿਖਾਂ ਨੂੰ ਖਤਮ ਕਰਨ ਲਈ ਅਤੇ ਗੁਰੁਦਵਾਰੇ ਦਾ ਨੁਕਸਾਨ ਕਰਨ ਲਈ ਤੇਮੁਰ ਸ਼ਾਹ ਨੂੰ ਹੁਕਮ ਕਰ ਕੇ ਚਲਾ ਗਿਆ। ਉਸ ਨੇ ਦਿਵਾਲੀ

ਨਾ ਮਨੋਨ ਦਾ ਹੁਕਮ ਚਾੜ ਦਿਤਾ ।ਅੰਮ੍ਰਿਤਸਰ ਵਿਚ ਮੁਗਲ ਫੋਜਾਂ ਦਾ ਟਾਕਰਾ ਕਰਨ ਲਈ ਸਿਖਾਂ ਦਾ ਜਥਾ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਤਲਵੰਡੀ ਸਾਬੋ ਤੋਂ ਨਿਕਲਿਆ ਰਸਤੇ ਵਿਚ ਹੋਰ ਸਿਖ ਸੰਗਤਾਂ ਸ਼ਾਮਲ ਹੁੰਦੀਆਂ ਗਈਆਂ ਅਤੇ ਗਿਣਤੀ 5000 ਹੋ ਗਈ ਉਸ ਸਮੇਂ ਬਾਬਾ ਜੀ ਨੇ ਖੰਡੇ ਨਾਲ ਲਕੀਰ ਖਿਚ ਕੇ ਆਖਿਆ ਕੇ ਜੋ ਮੌਤ ਤੋਂ ਨਹੀਂ ਡਰਦੇ ਅਤੇ ਆਰ ਪਾਰ ਦੀ ਲੜਾਈ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਲਕੀਰ ਲੰਘ ਆਓ ਤਾਂ ਹਾਜ਼ਰ ਸਾਰੇ ਸਿਖ ਲਕੀਰ ਲੰਘ ਗਏ ਤਾਂ ਓਹਨਾਂ ਨੇ ਇਹ ਸ਼ਬਦ ਉਚਾਰਿਆ :

**ਜਓ ਤਓ ਪ੍ਰੇਮ ਖੇਲਣ ਕਾ ਚਾਓ,ਸਿਰ ਧਰ ਤਲੀ ਗਲੀ ਮੇਰੀ ਆਓ**
**ਇਤ ਮਾਰਗ ਪਰ ਧਰੀਜੇ ,ਸਿਰ ਦੀਜੇ ਕਾਣ ਨਾ ਕੀਜੇ**

*(ਸ ਗ ਗ ਸ ਪਨਾ ੧੪੧੨ )*

ਸਿਖ ਫੋਜ ਦਾ ਟਾਕਰਾ ਮੁਗਲ ਫੋਜ ਨਾਲ 11 ਨਵਮ?ਬਰ 1757 ਨੂੰ ਗੋਹਲਵੜ (ਅੰਮ੍ਰਿਤਸਰ) ਵਿਖੇ ਹੋਇਆ ।ਸਿਖਾਂ ਨੇ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਮੁਗਲ ਫੋਜ ਨਾਲ ਡਟ ਕੇ ਲੜਾਈ ਕੀਤੀ ਬਾਬਾ ਜੀ ਕੋਲ 15 ਕਿਲੋ ਜਾਂ 32 ਪੋਂਡ ਦਾ ਖੰਡਾ ਸੀ ਜੋ ਓਹ ਸਜੇ ਹਥ ਨਾਲ ਵਾਹ ਰਹੇ ਸੀ ਕੇ ਅਚਾਨਕ ਇਕ ਪਾਸੇ ਤੋਂ ਓਨਾਹ ਦੇ ਸਿਰ ਤੇ ਵਾਰ ਹੋਇਆ ਅਤੇ ਸਿਰ ਧੜ ਨਾਲੋਂ ਵਖ ਹੋ ਗਿਆ ਉਨਾਹ ਨੇ ਸਿਰ ਨੂੰ ਇਕ ਹਥ ਤੇ ਰਖ ਕੇ ਲੜਾਈ ਲੜਦੇ ਅਗੇ ਵਧਦੇ ਗਏ ਮੁਗਲ ਫੋਜ ਉਨਾਹ ਨੂੰ ਇਸ ਤਰਾਂ ਲੜਦਿਆਂ ਵੇਖ ਡਰ ਕੇ ਭਜਣ ਲਗ ਪਈ ਇਸ ਤਰਾਂ ਵਧਦੇ ਹੋਈ ਬਾਬਾ ਜੀ ਨੇ ਆਪਣਾ ਸਿਰ ਹਰਮੰਦਰ ਸਾਹਿਬ ਵਲ ਵਗਾਹ ਮਾਰਿਆ ਜੋ ਕੇ ਪਰਕਰਮਾ ਵਿਚ ਜਾ ਡਿਗਾ ਅਤੇ ਓਨਾਹ ਆਪਣਾ ਪ੍ਰਣ ਨਿਭਾਯਾ । ਓਹ ਲੜਾਈ ਸਿਖ ਜਿਤ ਗਏ ਅਤੇ 1757 ਦੀ ਦਿਵਾਲੀ /ਬੰਦੀ ਛੋੜ ਦਿਵਸ ਹਰਮੰਦਰ ਸਾਹਿਬ ਵਿਚ ਮਨਾਈ/ਮਨਾਇਆ ਗਈ/ਗਿਆ ।

ਇਸ ਲਈ ਸੰਗਤ ਨੂੰ ਸਨਿਮਰ ਬੇਨਤੀ ਹੈ ਕੇ ਜਦੋਂ ਵੀ ਅੰਮ੍ਰਿਤਸਰ ਜਾਣ ਦਾ ਮੋਕਾ ਮਿਲੇ ਪਰਕਰਮਾ ਵਿਚ ਜਾਪੁ ਕਰਦੇ ਰੇਹਨ ਕਿਓਂ ਜੋ ਓਸ ਪ੍ਰਕਰਮਾ ਨੂੰ ਪ੍ਰਾਪਤ ਕਰਨ ਲਈ ਬਹੁਤ ਕੁਰਬਾਨੀਆ ਦਿਤੀਆਂ ਗਈਆਂ ਹਨ ।

# ਦੂਧੁ ਪੀਉ ਮੇਰੋ ਮਨੁ ਪਤੀਆਇ

ਪਾਵਨ ਪਵਿਤਰ ਸ਼ਬਦ ਗੁਰੂ ਸ਼੍ਰੀ ਗੁਰੂ ਗਰੰਥ ਸਾਹਿਬ ਗੁਰਬਾਣੀ ਦਾ ਇਕ ਵਿਸ਼ਾਲ ਸਮੁੰਦਰ ਹੈ। ਇਸ ਦੀ ਸਿਰਜਨਾ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਪੋਥੀ ਸਾਹਿਬ ਨੂੰ ਪਰਮੇਸ਼ਵਰ ਦਾ ਸਥਾਨ ਦਿਤਾ ਗਿਆ। ਇਸ ਵਿਚ ਛੇ ਗੁਰੂ ਸਾਹਿਬਾਨ ਤੋਂ ਇਲਾਵਾ ਪੰਦਰਾਂ ਭਗਤਾਂ ਦੀ ਬਾਣੀ ਵੀ ਦਰਜ ਕੀਤੀ ਗਈ। ਭਗਤ ਨਾਮਦੇਵ ਜੀ ਵਲੋਂ ਰਚਿਤ ਬਾਣੀ ਵਿਚੋਂ 61 ਸ਼ਲੋਕ ਵੀ ਪੋਥੀ ਸਾਹਿਬ ਵਿਚ ਦਰਜ ਕੀਤੇ ਗਏ ਹਨ। ਓਹਨਾ ਵਲੋਂ ਦਰਜ ਸ਼ਲੋਕਾਂ ਵਿਚ ਇਹ ਸਮਝਾਇਆ ਗਿਆ ਗਿਆ ਹੈ ਕੇ ਸਿਮਰਨ ਦੀ ਬਰਕਤ ਸਦਕਾ ਸਰਬ ਵਿਆਪਕ ਪਰਮਾਤਮਾ ਹਿਰਦੇ ਵਿਚ ਹੀ ਲਭਿਆ ਜਾ ਸਕਦਾ ਹੈ ਇਸ ਵਾਸਤੇ ਨਿਡਰਤਾ ਪੈਦਾ ਹੋ ਜਾਂਦੀ ਹੈ। ਸਿਮਰਨ ਦੇ ਨਾਲ ਪਰਮਾਤਮਾ ਵਾਲੇ ਗੁਣ ਭਗਤਾਂ ਦੇ ਅੰਦਰ ਆ ਜਾਂਦੇ ਹਨ ਜਿਵੇਂ ਇਸ ਸ਼ਲੋਕ ਤੋਂ ਸਪਸ਼ਟ ਹੈ:

**ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥**
**ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥੧॥**
**ਬੇਧੀਅਲੇ ਗੋਪਾਲ ਗੋੁਸਾਈ ॥**
**ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥੧॥ ਰਹਾਉ ॥**
**ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥**
**ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥**
**ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥**
**ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥**
**ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥**
**ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥**

*(ਪੰਨਾ ੧੩੫੦)*

ਮਹਾਂਰਾਸ਼ਟਰ ਦੇ ਪਿੰਡ ਨਰਸੀ ਬਾਮਣੀ ਵਿਖੇ 1270 ਈਸਵੀ ਦੀ 29 ਅਕਤੂਬਰ ਨੂੰ ਕਪੜੇ ਦੇ ਇਕ ਵਡੇ ਵਪਾਰੀ ਦਾਮਾ ਸ਼ੇਟੀ ਦੇ ਘਰ ਮਾਤਾ ਗੋਨਾ ਬਾਈ ਦੀ ਕੁਖ ਵਿਚੋਂ ਇਕ ਬਾਲਕ ਨਾਮਦੇਵ ਨੇ ਜਨਮ ਲਿਆ। ਇਹ ਪਿੰਡ ਕ੍ਰਿਸ਼ਨਾ ਨਦੀ ਦੇ ਕੰਢੇ ਉਪਰ ਵਸਿਆ ਹੋਇਆ ਸੀ। ਦਾਮਾ ਸ਼ੇਟੀ ਦਰਜੀ ਜਾਤ ਦੇ ਸਨ। ਛੋਟੀ ਉਮਰ ਵਿਚ ਹੀ ਭਗਤ ਨਾਮਦੇਵ ਜੀ ਦੇ ਮਾਤਾ ਪਿਤਾ ਨੂੰ ਪਿੰਡ ਛਡਣਾ ਪਿਆ ਅਤੇ ਪੰਧਰਪੁਰ ਚਲੇ ਗਏ। ਪੰਧਰਪੁਰ ਵਿਚ ਸ਼੍ਰੀ ਵਿਠਲ ਦੇਵ ਜੀ ਦਾ ਮੰਦਰ ਸੀ। ਓਹ ਬਚਪਨ ਵਿਚ ਹੀ ਦੋ ਪਥਰਾਂ ਨੂੰ ਵਜਾ ਕੇ ਵਿਠਲ ਦੇ ਨਾਮ ਨਾਲ ਪਰਮਾਤਮਾ ਦੀ ਉਸਤਤ ਗੋਣ ਲਗ ਪਏ। ਪਾਂਧੇ ਪਾਸ ਪੜ੍ਹਨ

ਲਈ ਪੰਜ ਸਾਲ ਦੀ ਉਮਰ ਹੋਣ ਉਪਰੰਤ ਭੇਜ ਦਿਤਾ ਗਿਆ।

ਜਦੋਂ ਨਾਮਦੇਵ ਜੀ ਅਠ ਸਾਲ ਦੇ ਹੋਏ ਤਾਂ ਉਨ੍ਹਾ ਦੇ ਪਿਤਾ ਜੀ ਬਾਹਰ ਜਾਣ ਲਗੇ ਸਨ ਤਾਂ ਨਾਮਦੇਵ ਜੀ ਨੂੰ ਠਾਕਰਾਂ ਨੂੰ ਮੰਦਰ ਵਿਚ ਭੋਗ ਲਗਵੌਂਨ ਲਈ ਆਖ ਕੇ ਚਲੇ ਗਏ। ਇਸ ਵਾਰਤਾ ਨੂੰ ਇਸ ਤਰਾਂ ਬਿਆਨ ਕੀਤਾ ਗਿਆ ਹੈ :

**ਦੂਧੁ ਕਟੋਰੈ ਗਡਵੈ ਪਾਨੀ ॥**
**ਕਪਲ ਗਾਇ ਨਾਮੈ ਦੁਹਿ ਆਨੀ ॥੧॥**
**ਦੂਧੁ ਪੀਉ ਗੋਬਿੰਦੇ ਰਾਇ ॥**
**ਦੂਧੁ ਪੀਉ ਮੇਰੋ ਮਨੁ ਪਤੀਆਇ ॥**
**ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥**
**ਸੋੲਿਨ ਕਟੋਰੀ ਅੰਮ੍ਰਿਤ ਭਰੀ ॥**
**ਲੈ ਨਾਮੈ ਹਰਿ ਆਗੈ ਧਰੀ ॥੨॥**
**ਏਕੁ ਭਗਤੁ ਮੇਰੇ ਹਿਰਦੇ ਬਸੈ ॥**
**ਨਾਮੇ ਦੇਖਿ ਨਰਾਇਨੁ ਹਸੈ ॥੩॥**
**ਦੂਧੁ ਪੀਆਇ ਭਗਤੁ ਘਰਿ ਗਇਆ ॥**
**ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥** *(ਪੰਨਾ ੧੧੬੩)*

ਅਗਲੇ ਦਿਨ ਮੰਦਰ ਵਿਚ ਜਾ ਕੇ ਮੂਰਤੀਆਂ ਦੇ ਅਗੇ ਦੁਧ ਰਖ ਕੇ ਠਾਕਰ ਨੂੰ ਦੁਧ ਪੀਣ ਲਈ ਬੇਨਤੀਆਂ ਕਰਨ ਲਗੇ ਓਹਨਾ ਨੂੰ ਇਹ ਇਲਮ ਨਹੀਂ ਸੀ ਕੇ ਮੂਰਤੀਆਂ ਨੂੰ ਦੁਧ ਦਿਖਾਇਆ ਜਾਂਦਾ ਹੈ ਅਤੇ ਠਾਕਰ ਦੁਧ ਨਹੀਂ ਪੀਂਦੇ ਹਨ। ਜਦੋਂ ਠਾਕੁਰ ਨੇ ਦੁਧ ਨਾ ਪੀਤਾ ਤਾਂ ਓਹ ਰੋ ਰੋ ਕੇ ਠਾਕਰ ਨੂੰ ਦੁਧ ਪੀਣ ਲਈ ਕਹਨ ਲਗੇ। ਕਿਹਾ ਜਾਂਦਾ ਹੈ ਉਨ੍ਹਾ ਦਾ ਸਚਾ ਪਿਆਰ ਦੇਖ ਠਾਕਰ ਨੇ ਦੁਧ ਪੀ ਲਿਆ ਉਸ ਪਿਛੋਂ ਨਾਮਦੇਵ ਨੇ ਠਾਕਰ ਦਾ ਧਨਵਾਦ ਕਰਦੇ ਹੋਏ ਕਿਹਾ ਕੇ ਅਮ੍ਰਿਤ ਵਰਗੇ ਦੁਧ ਦੀ ਭਰੀ ਕੌਲੀ ਨਾਮੇ ਨੇ ਹਰਿ ਅਗੇ ਰਖ ਦਿਤੀ। ਠਾਕਰ ਨਾਮੇ ਦਾ ਪਿਆਰ ਦੇਖ ਕੇ ਹਸ ਪਏ। ਨਾਮਾ ਠਾਕਰ ਨੂੰ ਦੁਧ ਪਿਲਾ ਕੇ ਘਰ ਪੁਜਾ ਇਸ ਤਰਾਂ ਉਨ੍ਹਾਂ ਦੀ ਪਰਮਾਤਮਾ ਪ੍ਰਤੀ ਸ਼ਰਧਾ ਹੋਰ ਵਧ ਗਈ। ਨਾਮਦੇਵ ਜੀ ਦੀ ਸ਼ਾਦੀ ਗਿਆਰਾਂ ਸਾਲ ਦੀ ਉਮਰ ਵਿਚ ਗੋਵਿੰਦ ਸ਼ੇਟੀ ਸਦਵਰਤੇ ਦੀ ਲੜਕੀ ਰਾਜ?ਬਾਈ ਨਾਲ ਕਰ ਦਿਤੀ ਗਈ ਜਿਸ ਦੀ ਕੁਖ ਵਿਚੋਂ ਚਾਰ ਲੜਕੇ ਅਤੇ ਇਕ ਲੜਕੀ ਨੇ ਜਨਮ ਲਿਆ।

**ਦੇਵਾ ਪਾਹਨ ਤਾਰੀਅਲੇ ॥**
**ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥**
**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥**
**ਚਰਨ ਬਧਿਕ ਜਨ ਤੇਊ ਮੁਕਤਿ ਭਏ ॥**
**ਹਉ ਬਲਿ ਬਲਿ ਜਿਨ ਰਾਮ ਕਹੇ ॥੧॥**
**ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥**
**ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ**
**ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥**

*(ਪੰਨਾ ੩੪੫)*

ਇਸ ਸ਼ਬਦ ਦੇ ਰਾਹੀਂ ਨਾਮਦੇਵ ਜੀ ਨੇ ਓਹਨਾ ਉਤਸ਼ਾਹ ਭਰੀਆਂ ਅਤੇ ਪ੍ਰੇਮ ਭਰੀਆਂ ਸਾਖੀਆਂ ਦਾ ਜ਼ਿਕਰ ਕਰ ਕੇ ਮਨੁਖ ਨੂੰ ਬੰਦਗੀ ਕਰਨ ਵਲ ਉਤਸ਼ਾਹਿਤ ਕੀਤਾ ਹੈ ਓਹ ਦਸਦੇ ਹਨ ਜੇ ਕਰ ਪਥਰ, ਜਿਸ ਉਪਰ ਰਾਮ ਅਖਰ ਲਿਖਿਆ ਹੈ ,ਤਰ ਸਕਦੇ ਹਨ ਤਾਂ ਮਨੁਖ ਜੋ ਰਾਮ ਨੂੰ ਧਿਆ ਰਿਹਾ ਹੈ ਓਹ ਵੀ ਤਰ ਸਕਦਾ ਹੈ ਇਸ ਲਈ ਬੰਦੇ ਤੂੰ ਮਨ ਲਗਾ ਕੇ ਬੰਦਗੀ ਕਰ ਤੇਰਾ ਵੀ ਪਾਰ ਉਤਾਰਾ ਹੋ ਸਕਦਾ ਹੈ।

ਇਕ ਵਾਰ ਨਾਮਦੇਵ ਜੀ ਸੰਤਾ ਦੀ ਸੰਗਤ ਵਿਚ ਸਨ ਤਾਂ ਇਕ ਸੰਤ ਨੇ ਕਿਹਾ ਕੇ ਜਦੋਂ ਤਕ ਤੁਸੀਂ ਗੁਰੂ ਧਾਰਨ ਨਹੀਂ ਕਰਦੇ ਉਦੋਂ ਤਕ ਤੁਸੀਂ ਕਚੇ ਭਾਂਡੇ ਹੀ ਹੋ। ਇਹ ਸੁਣ ਕੇ ਨਾਮਦੇਵ ਜੀ ਵਿਸ਼ੋਬਾ ਖੋਚਰ ਨੂੰ ਗੁਰੂ ਧਾਰਨ ਲਈ ਤੁਰ ਪਏ। ਵਿਸ਼ੋਬਾ ਖੋਚਰ ਨਾਮਦੇਵ ਦੇ ਪੁੱਜਣ ਤੋਂ ਪੇਹ?ਲਾਂ ਇਕ ਕੋਹੜੀ ਦਾ ਰੂਪ ਧਾਰਨ ਕਰ ਕੇ ਸ਼ਿਵਲਿੰਗ ਉੱਪਰ ਪੈਰ ਰੱਖ ਕੇ ਲੇਟ ਗਿਆ। ਨਾਮਦੇਵ ਨੇ ਜਦੋਂ ਔਧਨਾਥ ਦੇ ਮੰਦਰ ਅੰਦਰ ਵਿਸ਼ੋਭਾ ਖੋਚਰ ਨੂੰ ਇਸ ਤਰਾਂ ਲੇਟੇ ਹੋਏ ਦੇਖਿਆ ਤਾਂ ਇਤਰਾਜ਼ ਕੀਤਾ। ਵਿਸ਼ੋਭਾ ਖੋਚਰ ਨੇ ਆਖਿਆ ਤੁਸੀਂ ਮੇਰੇ ਪੈਰ ਉਸ ਪਾਸੇ ਵਲ ਕਰ ਦਿਓ ਜਿਧਰ ਤੁਹਾਨੂੰ ਲਗਦਾ ਹੈ ਸ਼ਿਵਲਿੰਗ ਨਹੀਂ ਹੈ। ਜਦੋਂ ਨਾਮਦੇਵ ਨੇ ਪੈਰ ਚੁਕ ਕੇ ਦੂਜੇ ਪਾਸੇ ਕੀਤੇ ਤਾਂ ਉਸ ਨੂੰ ਉਸ ਪਾਸੇ ਵਲ ਸ਼ਿਵਲਿੰਗ ਨਜਰ ਆਇਆ। ਇਸ ਤੋਂ ਪ੍ਰਭਾਵਿਤ ਹੋ ਕੇ ਨਾਮਦੇਵ ਨੇ ਵਿਸ਼ੋਭਾ ਖੋਚਰ ਨੂੰ ਗੁਰੂ ਧਾਰਨ ਕਰ ਲਿਆ। ਨਾਮਦੇਵ ਦੇ ਗੁਰੂ ਨੇ ਉਸ ਨੂੰ ਸਚ ਦੀ ਸੋਝੀ ਕਰਵਾ ਦਿਤੀ ਅਤੇ ਮਨ ਦੇ ਬਹੁਤ ਸਾਰੇ ਭਰਮ ਦੂਰ ਕਰ ਦਿਤੇ। ਹਰ ਵਸਤੂ ਵਿਚ ਉਸ ਨੂੰ ਪਰਮਾਤਮਾ ਦੇ ਦਰਸ਼ਨ ਹੋਣ ਲਗੇ।

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥**
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥**
**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀਂ ਕੋਈ ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥**

*(ਅੰਗ ੪੮੫)*

ਇਸ ਸ਼ਬਦ ਰਾਹੀਂ ਓਹ ਸਮਝਾ ਰਹੇ ਹਨ ਕੇ ਇਕ ਪਰਮਾਤਮਾ ਅਨੇਕ ਰੂਪਾਂ ਵਿਚ ਹਰ ਥਾਂ ਮੌਜੂਦ ਹੈ ਮੈਂ ਜਿਧਰ ਵੀ ਦੇਖਦਾ ਹਾਂ ਉਸ ਪਾਸੇ ਮੈਨੂੰ ਪਰਮਾਤਮਾ ਹੀ ਦਿਖਾਈ ਦਿੰਦਾ ਹੈ ਪਰੰਤੂ ਇਸ ਭੇਟ ਨੂੰ ਕੋਈ ਵਿਰਲਾ ਹੀ ਸਮਝ ਸਕਦਾ ਹੈ ਸਾਰੇ ਲੋਕ ਮੋਹ ਮਾਯਾ ਦੇ ਜਲ ਵਿਚ ਫਸੇ ਹੋਏ ਹਨ ਹਰ ਥਾਂ ਤੇ ਪ੍ਰਭੂ ਆਪ ਵਰਤ ਰਿਹਾ ਹੈ ਪਾਣੀ ਦੀਆਂ ਝਗਾਂ ਅਤੇ ਬੁਲਬਲੇ ਪਾਣੀ ਤੋਂ ਵਖ ਨਹੀਂ ਹੁੰਦੇ ਉਸੇ ਤਰਾਂ ਇਹ ਸਾਰੀ ਖੇਡ ਪਰਮਾਤਮਾ ਦੀ ਰਚੀ ਹੋਈ ਹੈ ਪੂਰੇ ਧਿਆਨ ਨਾਲ ਵਿਚਾਰ ਕੇ ਇਸ ਦੀ ਸਮਝ ਪੈ ਸਕਦੀ ਹੈ।

**ਸਤਿਗੁਰੁ ਮਿਲੈ ਤ ਸਹਸਾ ਜਾਈ ॥**
**ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥**

ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥

ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥4॥1॥ {ਪੰਨਾ 525}

ਨਾਮਦੇਵ ਨੇ ਮੂਰਤੀ ਪੂਜਾ ਛਡ ਦਿਤੀ ਉਨ੍ਹਾਂ ਨੇ ਕਿਹਾ ਕੇ ਮੈਂ ਕੇਹੜੇ ਪਥਰ ਦੀ ਪੂਜਾ ਕਰਾਂ ਇਕ ਪਥਰ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਦੂਜੇ ਉਪਰ ਪੈਰ ਰਖੇ ਜਾਂਦੇ ਹਨ ਜੇ ਪਹਲਾ ਪਥਰ ਜਿਸ ਦੀ ਪੂਜਾ ਕਰਦੇ ਹਾਂ ਦੇਵਤਾ ਹੈ ਤਾਂ ਦੂਸਰਾ ਪਥਰ ਜਿਸ ਉਪਰ ਪੈਰ ਟਿਕਾਂਦੇ ਹਾਂ ਓਹ ਵੀ ਤਾਂ ਦੇਵਤਾ ਹੀ ਹੈ। ਮੇਰੇ ਗੁਰੂ ਨੇ ਮੇਰਾ ਭੁਲੇਖਾ ਦੂਰ ਕਰ ਦਿਤਾ ਹੈ ਅਤੇ ਉਸ ਹਰੀ ਦੇ ਸਿਮਰਨ ਵਿਚ ਲਗਾ ਦਿਤਾ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਨੇ ਦੇਵਤਿਆਂ ਦੀ ਪੂਜਾ ,ਤੀਰਥਾਂ ਦੇ ਇਸ਼ਨਾਨ ਤੇ ਹੋਰ ਪੁਨ ਦਾਨ ਵਲੋਂ ਧਿਆਨ ਹਟਾ ਲਿਆ ਅਤੇ ਉਨ੍ਹਾਂ ਨੇ ਆਪਣੀ ਰਚਿਤ ਬਾਣੀ ਵਿਚ ਆਮ ਲੋਕਾਂ ਨੂੰ ਦਸਿਆ ਕੇ ਭੈਰੋਂ ਦੇ ਪੁਜਾਰੀ ਭੂਤ ਬਣਨਗੇ। ਸੀਤਲਾ ਦੇ ਪੁਜਾਰੀ ਖੋਤੇ ਬਣ ਕੇ ਮਿੱਟੀ ਉਡਾਣਗੇ। ਸ਼ਿਵ ਜੀ ਦਾ ਧਿਆਨ ਧਾਰਨ ਵਾਲੇ ਬਲਦ ਉਪਰ ਚੜ ਕੇ ਡੌਰੂ ਵਜਾਣਗੇ ਅਤੇ ਮਹਾਂ ਮਾਈ ਦੇ ਭਗਤ ਆਦਮੀ ਅਤੇ ਇਸਤਰੀਆਂ ਬਣ ਕੇ ਪੈਦਾ ਹੋਣਗੇ। ਸਿਮਰਨ ਦੇ ਬਰਾਬਰ ਇਹ ਕੰਮ ਨਹੀਂ ਹੋ ਸਕਦੇ ਜਿਸ ਤਰਾਂ ਬਨਾਰਸ ਵਿਚ ਉਲਟਾ ਲਟਕ ਕੇ ਤਪ ਕਰਨਾ ,ਸਰੀਰ ਤੀਰਥਾਂ ਉਪਰ ਤਿਆਗਣਾ ,ਅਸ਼ਵਮੇਧ ਯਗ ਕਰਨੇ ਜਾਣ ਪੁਨ ਦਾਨ ਦੇਣਾ ਆਦ। ਇਨ੍ਹਾਂ ਵਿਚਾਰਾਂ ਨੂੰ ਆਮ ਲੋਕਾਈ ਤਕ ਪੁਚਾਣ ਲਈ ਅਤੇ ਲੋਕਾਂ ਨੂੰ ਸਚੇ ਰਾਹ ਦੀ ਪ੍ਰੇਰਨਾ ਦੇਣ ਲਈ ਨਾਮਦੇਵ ਜੀ ਬਹੁਤ ਸਾਰੇ ਥਾਂਵਾਂ ਦਾ ਭਰਮਨ ਕੀਤਾ ਸੀ।

ਅਸੁਮੇਧ ਜਗਨੇ ॥ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥1॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥1॥ ਰਹਾਉ ॥

ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥ ਮੁਖਿ ਬੇਦ ਚਤੁਰ ਪੜਤਾ ॥2॥

ਸਗਲ ਧਰਮ ਅਛਿਤਾ ॥ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥ ਖਟੁ ਕਰਮ ਸਹਿਤ ਰਹਤਾ ॥3॥

ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥ ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥4॥1॥ {ਪੰਨਾ 873}

ਅਤੇ ਇਸ ਸ਼ਬਦ ਰਾਹੀਂ ਸਪਸ਼ਟ ਕਰ ਦਿਤਾ ਕੇ ---------

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥1॥

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥1॥ ਰਹਾਉ ॥

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥

ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥2॥

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ

॥

ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥3॥

ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ?ਿ ਲੀਜੈ ॥

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥4॥4॥ {ਪੰਨਾ 973}

ਦਿੱਲੀ ਦੇ ਬਾਦਸ਼ਾਹ ਮੁਹਮਦ ਬਿਨ ਤੁਗਲਕ ਨੂੰ ਜਦੋਂ ਖਬਰ ਮਿੱਲੀ ਕੇ ਨਾਮਦੇਵ ਜੀ ਦਿੱਲੀ ਆਏ ਹੋਏ ਹਨ ਤਾਂ ਉਸ ਨੇ ਕਰਾਮਾਤ ਦਿਖਾਣ ਲਈ ਉਨ੍ਹਾਂ ਨੂੰ ਆਪਨੇ ਪਾਸ ਬੁਲਾਇਆ। ਬਾਦਸ਼ਾਹ ਨੇ ਨਾਮਦੇਵ ਜੀ ਨੂੰ ਬਨ੍ਹ ਲਿਆ। ਇਸ ਵਾਰਤਾਲਾਪ ਨੂੰ ਉਨ੍ਹਾਂ ਨੇ ਆਪਣੇ ਸ਼ਬਦਾਂ ਵਿਚ ਵਰਣਨ ਕੀਤਾ ਹੈ ------------

ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥1॥

ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥1॥ ਰਹਾਉ ॥

ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥2॥ (ਅੰਗ 1165)

ਸੁਲਤਾਨ ਨੇ ਜਦੋਂ ਮਰੀ ਗਊ ਨੂੰ ਜਿੰਦਾ ਕਰ ਦੇਣ ਲਈ ਆਖਿਆ ਤਾਂ ਉਨ੍ਹਾਂ ਨੇ ਸਪਸ਼ਟ ਕੀਤਾ ਕੇ ਇਹ ਤਾਂ ਪਰਮਾਤਮਾ ਦਾ ਕੰਮ ਹੈ ਅਤੇ ਮੇਰਾ ਕੀਤਾ ਇਹ ਨਹੀਂ ਹੋ ਸਕਦਾ ਸਭ ਕੁਝ ਰਾਮ ਹੀ ਕਰਨ ਯੋਗ ਹੈ ਇਹ ਸੁਣ ਕੇ ਬਾਦਸ਼ਾਹ ਗੁਸੇ ਵਿਚ ਆ ਗਿਆ ਅਤੇ ਨਾਮਦੇਵ ਨੂੰ ਮਾਰਨ ਲਈ ਹਾਥੀ ਛਡ ਦਿਤਾ ਗਿਆ। ਉਨ੍ਹਾਂ ਦੇ ਸ਼ਬਦਾਂ ਵਿਚ ਇਸ ਤਰਾਂ ਲਿਖਿਆ ਹੈ ---------

ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥3॥

ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥4॥

ਬਾਦਿਸਾਹੁ ਚੜ?ਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥5॥ (ਅੰਗ 1165 )

ਇਹ ਦੇਖ ਨਾਮਦੇਵ ਦੀ ਮਾਂ ਰੋਂਦੀ ਹੋਈ ਨਾਮਦੇਵ ਕੋਲ ਆਈ ਅਤੇ ਸਮਝਾਇਆ ਕੇ ਤੂੰ ਹਿੰਦੂਆਂ ਦਾ ਰਾਮ ਛਡ ਅਤੇ ਮੁਸਲਮਾਨਾ ਦਾ ਖੁਦਾ ਆਖਣ ਲਗ ਜਾ।ਪਰੰਤੂ ਨਾਮਦੇਵ ਜੀ ਨੇ ਜਵਾਬ ਦਿਤਾ ਕੇ ਤੂੰ ਮੇਰੀ ਮਾਂ ਨਹੀਂ ਅਤੇ ਮੈਂ ਤੇਰਾ ਪੁਤਰ ਨਹੀਂ ਹਾਂ। ਮੈਂ ਤਾਂ ਉਸ ਹਰਿ ਦੇ ਗੁਣ ਗਾਵਾਂਗਾ ਭਾਵੇਂ ਮੇਰਾ ਸਰੀਰ ਚਲਾ ਜਾਵੇ। ਨਾਮਦੇਵ ਜੀ ਨੂੰ ਹਾਥੀ ਨੇ ਆਪਣੀ ਸੁੰਡ ਮਾਰੀ ਅਤੇ ਉਸ ਦੇ ਹਰੀ ਨੇ ਉਸ ਨੂੰ ਬਚਾ ਲਿਆ। ਉਨ੍ਹਾ ਦੇ ਸ਼ਬਦਾਂ ਵਿਚ ਇਸ ਤਰਾਂ ਲਿਖਿਆ ਗਿਆ ਹੈ -----------

ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥6॥

ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥ ਪਿੰਡੁ ਪੜੈ ਤਉ ਹਰਿ ਗੁਨ ਗਾਇ ॥7॥

ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥8॥ (ਅੰਗ 1165)

ਨਾਮਦੇਵ ਜੀ ਆਮ ਜਨਤਾ ਨੂੰ ਸਚ ਦਾ ਮਾਰਗ ਦਸਦੇ ਹੋਏ ਅਯੋਧ?ਯਾ ਪ?ਜ

ਗਏ। ਉਥੇ ਮੰਦਿਰ ਵਿਚ ਭਜਨ ਬੰਦਗੀ ਕਰ ਰਹੇ ਸਨ ਤਾਂ ਦਰਵਾਜੇ ਤੇ ਰਸ ਭਿਨਾ ਭਜਣ ਸੁਨਣ ਵਾਲਿਆਂ ਦੀ ਭੀੜ ਲਗ ਗਈ। ਉਸ ਭੀੜ ਵਿਚ ਨੀਵੀਂ ਜਾਤ ਦੇ ਸ਼ੂਦਰ ਬਹੁਤ ਗਿਣਤੀ ਵਿਚ ਸਨ। ਮੰਦਿਰ ਦੇ ਅੰਦਰ ਜਾਣ ਸਮੇਂ ਬ੍ਰਾਹਮਣਾਂ ਨੂੰ ਉਨ੍ਹਾਂ ਸ਼ੁਦਰਾਂ ਵਿਚੋਂ ਲੰਘ ਕੇ ਜਾਣ ਸਮੇਂ ਭਿਟੈ ਜਾਣ ਦਾ ਡਰ ਸੀ ਅਤੇ ਨੀਵੀਂ ਜਾਤ ਦੇ ਛੀਮ?ਬੇ ਨਾਮਦੇਵ ਦੀ ਸ਼ੋਭਾ ਦੀ ਈਰਖਾ ਸੀ। ਉਨ੍ਹਾਂ ਨੇ ਨਾਮਦੇਵ ਜੀ ਨੂੰ ਮੰਦਿਰ ਵਿਚੋਂ ਬਾਹਰ ਕਢ ਦਿਤਾ। ਨਾਮਦੇਵ ਜੀ ਨੇ ਮੰਦਿਰ ਦੇ ਪਿਛੇ ਬੈਠ ਕੇ ਪਰਮਾਤਮਾ ਨੂੰ ਰੋਸ ਪਰਗਟ ਕੀਤਾ ਕੇ ਮੈਂ ਤਾਂ ਖੁਸ਼ੀ ਖੁਸ਼ੀ ਮੰਦਿਰ ਵਿਚ ਤੇਰੀ ਉਸਤਤ ਦੇ ਗੀਤ ਗਾ ਰਿਹਾ ਸੀ ਬ੍ਰਾਹਮਣਾ ਨੇ ਮੈਨੂ ਬਾਹਰ ਕਢ ਦਿਤਾ ਹੈ ਕਿਓਂਕੇ ਮੇਰੀ ਜਾਤ ਨੀਵੀਂ ਹੈ ਜਿਵੇਂ ਨਾਮਦੇਵ ਜੀ ਪਰਮਾਤਮਾ ਨਾਲ ਵਾਰਤਾਲਾਪ ਕਰ ਰਹੇ ਸਨ ਮੰਦਿਰ ਦਾ ਮੂੰਹ ਘੁਮਦਾ ਜਾ ਰਿਹਾ ਸੀ। ਇਸ ਘਟਨਾ ਨੂੰ ਉਨ੍ਹਾਂ ਨੇ ਆਪਣੇ ਸ਼ਲੋਕਾਂ ਵਿਚ ਲਿਖਿਆ ਹੈ ਜੋ ਕੇ ਸ਼੍ਰੀ ਗੁਰੂ ਗਰੰਥ ਸਾਹਿਬ ਵਿਚ ਸੁਭਾਏਮਾਨ ਹੈ :

**ਹਸਤ ਖੇਲਤ ਤੇਰੇ ਦੇਹੁਰੇ ਆਇਆ ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥**
**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥**
**ਲੈ ਕਮਲੀ ਚਲਿਓ ਪਲਟਾਇ ॥**
**ਦੇਹੁਰੈ ਪਾਛੈ ਬੈਠਾ ਜਾਇ ॥੨॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥**
**ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥** *(ਪੰਨਾ ੧੧੬੪)*

ਬਾਬਾ ਨਾਮਦੇਵ ਜੀ ਨੇ ਘੋਮਾਨ ਪਿੰਡ ਵਸਾਇਆ ਜੋ ਕੇ ਹਰਗੋਬਿੰਦਪੁਰ ਤੋਂ ਪਛਮ ਵਲ 10 ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਬਟਾਲਾ ਸ਼ੇਹਰ ਤੋਂ 26 ਕਿਲੋਮੀਟਰ ਦਖਣ ਪੂਰਬ ਵਿਚ ਹੈ। ਇਸ ਪਿੰਡ ਵਿਚ ਉਨ੍ਹਾਂ ਨੇ ਲਗਭਗ 17 ਸਾਲ ਬਿਤਾਏ ਸਨ। ਨਾਮਦੇਵ ਜੀ ਹਰ ਸ਼ੈ ਵਿਚੋਂ ਪਰਮਾਤਮਾ ਦੇ ਦਰਸ਼ਨ ਕਰਦੇ ਹੋਏ ਅਤੇ ਲੋਕਾਂ ਨੂੰ ਸਿਧੇ ਰਸਤੇ ਤੇ ਲਾਓਂਦੇ ਹੋਏ 1350 ਈਸਵੀ ਵਿਚ ਉਸ ਪਰਮਾਤਮਾ ਵਿਚ ਹੀ ਅਭੇਦ ਹੋ ਗਏ।

# ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ

**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥**
**ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥**
**ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥**
**ਜਿਸੁ ਅੰਦਰਿ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥** *(ਅੰਗ ੨੭)*

ਗੁਰਬਾਣੀ ਵਿਚ ਦਰਜ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਉਪਰੋਕਤ ਸਤਰਾਂ ਸਪਸ਼ਟ ਕਰਦੀਆਂ ਹਨ ਕਿ ਗੁਰਬਾਣੀ ਹੀ ਸ਼ਬਦ ਗੁਰੂ ਹੈ ਇਸ ਗੁਰੂ ਨੂੰ ਮਨ ਕੇ ਮਨ ਵਿਚ ਧਿਆਇਆ ਜਾਵੇ ਤਾਂ ਮਨ ਅਤੇ ਤਨ ਦੋਵੇਂ ਹੀ ਨਿਰਮਲ ਹੋ ਜਾਂਦੇ ਹਨ। ਕੁਸੰਭ ਦਾ ਰੰਗ ਤਾਂ ਝੂਠਾ ਹੈ ਅਤੇ ਜਦੋਂ ਰੰਗ ਉਤਰ ਜਾਂਦਾ ਹੈ ਤਾਂ ਮਨ ਦੁਖੀ ਹੁੰਦਾ ਹੈ। ਪਰੰਤੂ ਜਿਸ ਦੇ ਅੰਦਰ ਸ਼ਬਦ ਨਾਮ ਦਾ ਪ੍ਰਗਾਸ ਹੋ ਜਾਂਦਾ ਹੈ ਉਹ ਹਮੇਸ਼ਾ ਲਈ ਹੀ ਸਥਿਰ ਹੋ ਜਾਂਦਾ ਹੈ। ਇਹ ਗੁਰਬਾਣੀ ਦਾ ਅਥਾਹ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋਕਾਈ ਦੇ ਭਲੇ ਲਈ ਤਿਆਰ ਕੀਤਾ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਸ ਆਦਿ ਗੁਰੂ ਗਰੰਥ ਸਾਹਿਬ ਜੀ ਨੂੰ 1708 ਵਿਚ ਗੁਰਿਆਈ ਬਖਸ਼ੀ ਅਤੇ ਸੰਗਤਾਂ ਨੂੰ ਸੰਦੇਸ਼ ਦਿਤਾ ਕਿ ਅੱਜ ਤੋਂ ਬਾਅਦ ਸ਼ਬਦ ਗੁਰੂ, ਜਿਸ ਨੂੰ ਪਹਿਲਾਂ ਪੋਥੀ ਸਾਹਿਬ ਆਖਿਆ ਜਾਂਦਾ ਸੀ, ਸ੍ਰੀ ਗੁਰੂ ਗਰੰਥ ਸਾਹਿਬ ਹੀ ਤੁਹਾਡਾ ਗੁਰੂ ਹੋਵੇਗਾ। ।ਨ੍ਹਾ ਨੇ ਇਹ ਸ਼ਬਦ ਉਚਾਰਿਆ -

**ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ,**
**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗਰੰਥ,**
**ਗੁਰੂ ਗਰੰਥ ਜੀ ਮਾਨਿਉ ਪਰਗਟ ਗੁਰਾਂ ਕੀ ਦੇਹ,**
**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ ॥**

ਗੁਰਬਾਣੀ ਦੇ ਅੰਦਰ ਦਰਜ ਬਾਣੀ ਨੂੰ ਸੁਣਨ ਅਤੇ ਮੰਨ ਲੈਣ ਵਾਲੇ ਪੁਰਖਾਂ ਦੇ ਅੰਦਰ ਨਿਮਰਤਾ,ਭਲਾਈ,ਨਾਜ਼ੁਕਤਾ ਅਤੇ ਨੇਕ ਕੰਮ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ ਉਹ ਸੱਜਣ ਪੁਰਸ਼ ਸਮਾਜ ਦਾ ਇਕ ਆਦਰ ਯੋਗ ਪੁਰਖ ਬਣ ਜਾਂਦਾ ਹੈ ਅਤੇ ਨਿਡਰ, ਬੁਰੇ ਕੰਮਾਂ ਨੂੰ ਤਿਆਗ ਕਰ ਦੇਣ ਵਾਲਾ ਅਤੇ ਸਮਾਜ ਵਿਚ ਹੋ ਰਹੇ ਨੁਕਸਾਨਾਂ ਤੋਂ ਖਲਕਤ ਦਾ ਬਚਾ ਕਰਦਾ ਹੈ। ਹੇਠ ਲਿਖੇ ਸ਼ਬਦ ਵਿਚ ਸਪਸ਼ਟ ਹੈ-

**ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥**
**ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ॥**
**ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ॥**

**ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ॥੧॥** *(ਅੰਗ ੨੭)*

ਉਹ ਪੁਰਖ ਆਪ ਵੀ ਕਿਸੇ ਤੋਂ ਨਹੀਂ ਡਰਦਾ ਅਤੇ ਨਾ ਹੀ ਕਿਸੇ ਹੋਰ ਨੂੰ ਡਰਾ ਕੇ ਰਖਦਾ ਹੈ। ਗੁਰਬਾਣੀ ਵਿਚ ਦਰਜ ਹੈ-

**ਭੈ ਕਾਹੂ ਕਉ ਦੇਤ ਨਹਿ ,ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥** *(ਅੰਗ ੧੪੨੭)*

ਸ੍ਰੀ ਗੁਰੂ ਗਰੰਥ ਸਾਹਿਬ ਦੇ ਵਿਚ ਕੇਵਲ ਛੇ ਗੁਰੂ ਸਾਹਿਬਾਨ ਦੀ ਬਾਣੀ ਹੀ ਦਰਜ ਨਹੀਂ ਹੈ ਇਸ ਵਿਚ ਪੰਦਰਾਂ ਭਗਤਾਂ, ਚਾਰ ਪ੍ਰਮੁਖ ਸੇਵਾਦਾਰਾਂ ਅਤੇ ਗਿਆਰਾਂ ਭੱਟਾਂ ਦੀ ਬਾਣੀ ਵੀ ਦਰਜ ਕੀਤੀ ਗਈ ਹੈ। ਇਨ੍ਹਾਂ ਵਿਚ ਕੁਝ ਹਿੰਦੂ, ਕੁਝ ਮੁਸਲਮਾਨ, ਕੁਝ ਉਚੀਆਂ ਅਤੇ ਕੁਝ ਕਥਿਤ ਨੀਵੀਆਂ ਜਾਤਾਂ ਦੇ ਵੀ ਸਨ। ਉਹ ਸਾਰੇ ਭਾਰਤ ਦੇ ਵਖ ਵਖ ਹਿਸਿਆਂ ਵਿਚੋ ਸਨ ਅਤੇ ਉਨ੍ਹਾਂ ਦੁਆਰਾ ਵਰਤੀ ਗਈ ਭਾਸ਼ਾ ਵੀ ਵਖਰੀ ਵਖਰੀ ਸੀ ਇਸ ਅਨੇਕਤਾ ਨੂੰ ਏਕਤਾ ਵਿਚ ਪਰੋ ਕੇ ਪੰਜਾਬੀ ਭਾਸ਼ਾ ਵਿਚ ਪੇਸ਼ ਕੀਤਾ ਅਤੇ ਇਸ ਨੂੰ ਪਵਿਤ੍ਰਤਾ ਪ੍ਰਦਾਨ ਕੀਤੀ ਅਤੇ ਸਾਰੇ ਜੱਗ ਵਿਚ ਚਾਨਣ ਦਾ ਪ੍ਰਸਾਰ ਕੀਤਾ ਗਿਆ। ਗੁਰਬਾਣੀ ਵਿਚ ਦਰਜ ਕੀਤਾ ਗਿਆ ਹੈ-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਵਿਚ ਗੁਰੂ ਸਾਹਿਬਾਨ ਦੀ ਰਚਿਤ ਬਾਣੀ ਨੂੰ ਪੋਥੀ ਰੂਪੀ ਇਸ ਸਮੁੰਦਰ ਦੀ ਰਚਨਾ ਕੀਤੀ ਜਿਸ ਵਿਚ ਹੀਰੇ ਮੋਤੀ ਅਤੇ ਜਵਾਹਰ ਸਮੋਏ ਹੋਏ ਹਨ ਅਤੇ ਇਸ ਪੋਥੀ ਨੂੰ ਪਰਮੇਸ਼ਵਰ ਦਾ ਥਾਨ ਐਲਾਨ ਕੀਤਾ ਸੀ-

**ਪੋਥੀ ਪਰਮੇਸਰ ਕਾ ਥਾਨੁ॥**
**ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥**
*(ਅੰਗ ੧੨੨੬)*

ਪੋਥੀ ਜੋ ਇਸ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਸਤਿਕਾਰ ਨਾਲ ਅਤੇ ਸਮਰਪਣ ਦੀ ਭਾਵਨਾ ਨਾਲ ਸਾਡੇ ਪਾਸ ਮੌਜੂਦ ਹੈ,ਵਿਚ 31 ਰਾਗਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚਿਤ 2218 ਸ਼ਬਦ ਹਨ ਅਤੇ ਸਭ ਤੋਂ ਘੱਟ ਭਗਤ ਸੂਰਦਾਸ ਵਲੋਂ ਰਚਿਤ ਕੇਵਲ ਅੱਧਾ ਦੋਹਾ ਜਾਂ ਇਕੋ ਸ਼ਬਦ/ਸ਼ਲੋਕ ਜੋ ਅੰਗ 1253 ਉਪਰ ਇਸ ਪ੍ਰਕਾਰ ਦਰਜ ਹੈ-

**ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥** *(ਅੰਗ ੧੨੫੩)*

ਇਸ ਦਾ ਅਰਥ ਹੈ ਹੇ ਮੇਰੇ ਮਨ ਉਹਨਾ ਬੰਦਿਆਂ ਦਾ ਸਾਥ ਛੱਡ ਦੇ, ਜੋ ਪਰਮਾਤਮਾ ਵਲੋਂ ਬੇਮੁਖ ਹਨ। ਭਗਤ ਕਬੀਰ ਜੀ ਦੁਆਰਾ ਰਚਿਤ 541 ਸਲੋਕ ਦਰਜ ਹਨ।

ਗੁਰਬਾਣੀ ਦਾ ਸੰਦੇਸ਼ ਆਮ ਲੋਕਾਈ ਤਕ ਪੁਜਦਾ ਕਰਨ ਲਈ ਆਮ ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਰਚਿਆ ਗਿਆ ਸੀ। ਇਸ ਤੋਂ ਪਹਿਲਾਂ ਪਵਿਤਰ ਗਰੰਥ ਕੇਵਲ ਸੰਸਕ੍ਰਿਤ ਵਿਚ ਹੀ ਰਚੇ ਜਾਂਦੇ ਸਨ। ਜਦੋਂ ਗੁਰੂ ਸਾਹਿਬਾਨ ਨੇ ਇਸ ਗੁਰਬਾਣੀ ਨੂੰ ਪੰਜਾਬੀ ਵਿਚ ਰਚਿਆ ਤਾਂ ਪੰਡਿਤਾਂ ਵਲੋਂ ਵਿਰੋਧ ਕੀਤਾ ਗਿਆ ਅਤੇ ਕਸ਼ਮੀਰੀ ਪੰਡਿਤਾਂ ਵਲੋਂ

ਆਮ ਲੋਕਾਂ ਨੂੰ ਇਸ ਗਰੰਥ ਨੂੰ ਨਾ ਪੜਨ ਲਈ ਆਖਿਆ ਗਿਆ। ਜਦੋਂ ਇਹ ਸੰਦੇਸ਼ ਗੁਰੂ ਜੀ ਕੋਲ ਪੁਜਾ ਕਿ ਪੰਜਾਬੀ ਭਾਸ਼ਾ ਦਾ ਵਿਰੋਧ ਇਸ ਕਦਰ ਹੋ ਰਿਹਾ ਹੈ ਤਾਂ ਉਨ੍ਹਾ ਨੇ ਸਮਝਾਇਆ ਕਿ ਮੈਨੂੰ ਵੀ ਸੰਸਕ੍ਰਿਤ ਚੰਗੀ ਲਗਦੀ ਹੈ ਪਰੰਤੂ ਸੰਸਕ੍ਰਿਤ ਉਸ ਡੂਘੇਂ ਖੂਹ ਦੇ ਪਾਣੀ ਦੀ ਤਰਾਂ ਹੈ ਜਿਸ ਨੂੰ ਪ੍ਰਾਪਤ ਕਰਨ ਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ ਪਰੰਤੂ ਉਹ ਪਾਣੀ ਥੋੜੇ ਲੋਕਾਂ ਦੀ ਪਿਆਸ ਹੀ ਬੁਝਾ ਸਕਣ ਦੇ ਯੋਗ ਹੈ ਅਤੇ ਬਹੁਤ ਸਾਰੇ ਲੋਕਾਂ ਦੀ ਪਿਆਸ ਬੁਝਾਣ ਲਈ ਜ਼ਿਆਦਾ ਮਾਤਰਾ ਵਿਚ ਪਾਣੀ ਦੀ ਲੋੜ ਹੈ ਜੋ ਕੇਵਲ ਇਕ ਵਗਦੀ ਹੋਈ ਨਦੀ ਹੀ ਦੇ ਸਕਦੀ ਹੈ ਅਤੇ ਆਸਾਨੀ ਨਾਲ ਪ੍ਰਾਪਤ ਹੋ ਸਕਦਾ ਹੈ। ਜੇ ਕਰ ਪੰਡਿਤਾਂ ਨੂੰ ਸੰਸਕ੍ਰਿਤ ਪਿਆਰੀ ਹੈ ਤਾਂ ਮੇਰੇ ਸਿਖਾਂ ਨੂੰ ਸ਼ਬਦ ਗੁਰੂ ਚੰਗਾ ਲਗਦਾ ਹੈ। ਜੇ ਕਰ ਰੱਬੀ ਗਿਆਨ ਸੰਸਕ੍ਰਿਤ ਵਿਚ ਉਪਲੱਭਦ ਜਾਂ ਆਮ ਭਾਸ਼ਾ ਵਿਚ ਅਤੇ ਆਮ ਲੋਕਾਂ ਦੀ ਪਹੁੰਚ ਵਿਚ ਹੈ ਤਾਂ ਇਸ ਦੀ ਪਵਿਤ੍ਰਤਾ ਵਿਚ ਕੋਈ ਵੀ ਫਰਕ ਨਹੀਂ ਹੈ। ਜਿਵੇਂ ਜੇ ਕਰ ਸੁ?ਧ ਘਿਉ ਨੂੰ ਮਿੱਟੀ ਦੇ ਦੀਵੇ ਦੀ ਬਜਾਏ ਚਾਂਦੀ ਜਾਂ ਸੋਨੇ ਦੇ ਦੀਵੇ ਵਿਚ ਪਾ ਕੇ ਚਾਨਣ ਕੀਤਾ ਜਾਵੇ ਤਾਂ ਪ੍ਰਕਾਸ਼ ਵਿਚ ਕੋਈ ਵੀ ਫਰਕ ਨਹੀਂ ਹੁੰਦਾ ਹੈ।

ਗੁਰਬਾਣੀ ਦੇ ਅੰਦਰ ਵੰਡ ਕੇ ਛਕਣ ਲਈ ਉਪਦੇਸ਼ ਦਿਤਾ ਗਿਆ ਹੈ ਜਿਸ ਕਾਰਨ ਆਪਸੀ ਪਿਆਰ ਅਤੇ ਮਿਲਵਰਤਨ ਵਿਚ ਵਾਧਾ ਹੁੰਦਾ ਹੈ ਇਸ ਤਰਾਂ ਸਿਦਕ ਅਤੇ ਹਮਦਰਦੀ ਦੀ ਭਾਵਨਾ ਉਪਜਦੀ ਹੈ। ਗੁਰਬਾਣੀ ਵਿਚ ਦਰਜ ਹੈ-

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** *(ਅੰਗ ੧੨੪੫)*

ਅਤੇ ਉਨ੍ਹਾਂ ਨੇ ਇਹ ਵੀ ਸਮਝਾਇਆ ਕਿ ਇਹ ਧਨ ਵੰਡ ਕੇ ਖਾਧਿਆ ਖੁਟਦਾ ਨਹੀਂ ਹੈ ਅਤੇ ਗੁਰੂ ਸਾਹਿਬਾਨ ਦੀ ਮੇਹਰ ਵਰਤਦੀ ਹੈ ਇਸ ਲਈ ਇਸ ਤਰਾਂ ਲਿਖਿਆ ਹੈ-

**ਖਾਵਹਿ ਖਰਚਹਿ ਰਲਿ ਮਿਲ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥** *(ਅੰਗ ੧੮੬)*

ਗੁਰਬਾਣੀ ਆਜ਼ਾਦੀ ਦਾ ਵਾਤਾਵਰਨ ਸਿਰਜਦੀ ਹੈ ਅਤੇ ਆਪਸੀ ਪਿਆਰ ਦੀ ਸਿਖਿਆ ਦਿੰਦੀ ਹੈ ਇਕ ਦੂਜੇ ਨਾਲ ਹਮਦਰਦੀ ਦੀ ਭਾਵਨਾ ਉਤਪਨ ਕਰਦੀ ਹੈ। ਗੁਰਬਾਣੀ ਵਿਚ ਦਰਜ ਹੈ-

**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥**
**ਬ੍ਰਹਮੁ ਪਸਾਰੁ ਪਸਾਰਿ? ਭਤਿਰਿ ਸਤਿਗੁਰ ਤੇ ਸੋਝੀ ਪਾਈ॥੨॥**
**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**
**ਦੂਰਿ ਪਰਾਇ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥**
*(ਅੰਗ ੬੭੧)*

ਬੁਰੇ ਦਾ ਭਲਾ ਲੋਚਨ ਦੇ ਸਬੰਧ ਵਿਚ ਬਾਬਾ ਫਰੀਦ ਜੀ ਨੇ ਆਪਣੇ ਸ਼ਲੋਕ ਵਿਚ ਵਰਣਨ ਕੀਤਾ ਹੈ ਜੋ ਕਿ ਗੁਰਬਾਣੀ ਵਿਚ ਦਰਜ ਹੈ-

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨਾ ਹਢਾਇ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥** *(ਅੰਗ ੧੩੮੨)*

ਸੇਵਾ ਕਰਨ ਲਈ ਮਨੁਖ ਨੂੰ ਆਖਿਆ ਗਿਆ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ -

**ਵਿਣ ਸੇਵਾ ਧ੍ਰਿਗ ਹਥ ਪੈਰ ,ਹੋਰ ਨਿਹਫਲ ਕਰਨੀ**

ਚੜਦੀ ਕਲਾ ਵਿਚ ਰਹਿਣ ਲਈ ਨਿਰਸਵਾਰਥ ਸੇਵਾ ਦਾ ਉਪਦੇਸ਼ ਦਿਤਾ ਹੈ ਅਤੇ ਇਸ ਤਰਾਂ ਵਰਨਣ ਕੀਤਾ ਹੈ-

**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥੪॥੩੩॥** *(ਅੰਗ ੨੫)*

ਗੁਰਬਾਣੀ ਦੇ ਵਿਚ ਮਨੁਖ ਨੂੰ ਬਾਣੀ ਦੇ ਲੜ ਲੱਗਣ ਲਈ ਆਖਿਆ ਗਿਆ ਅਤੇ ਸੁਚੇ ਤੇ ਸਚੇ ਕਰਮ ਕਰਨ ਲਈ ਸਮਝਾਇਆ ਗਿਆ ਹੈ। ਗੁਰੂ ਜੀ ਨੇ ਦਸਿਆ ਹੈ ਕਿ ਮਨੁਖ ਲਈ ਚਜ ਆਚਾਰ ਸਭ ਤੋਂ ਉਤਮ ਹੈ। ਸੰਤੋਖ ਸਬਰ ਨਾਲ ਜੀਵਨ ਜਿਉਣ ਦੀ ਸਿਖਿਆ ਦਿਤੀ ਗਈ ਹੈ ਉਨ੍ਹਾਂ ਨੇ ਲਿਖਿਆ ਹੈ-

**ਸਲੋਕ ਮਹਲਾ ੧॥**
**ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥**
**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥**
**ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥**
**ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥੧॥** *(ਅੰਗ ੧੨੪੫)*

ਨਸ਼ਿਆਂ ਤੋਂ ਦੂਰ ਰਹਿਣ ਲਈ ਸਿਖਾਇਆ ਗਿਆ ਉਨ੍ਹਾਂ ਨੇ ਲਿਖਿਆ ਹੈ-

**ਲੋਕ ਮਹਲਾ ੩॥**
**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥**
**ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥** *(ਅੰਗ ੫੫੪)*

ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਦੀ ਹਾਲਤ ਬਿਆਨ ਕਰਦੇ ਹੋਏ ਕਿਸੇ ਕਵੀ ਦੁਆਰਾ ਸੱਚ ਬਿਆਨਦਾ ਦੋਹਾ ਲਿਖਿਆ ਹੈ-

**ਹਮ ਤੋ ਤੋਲਤ ਜਾਨਤ ਤਕੜੀ,**
**ਨੰਗੀ ਕਰਦ ਕਭੀ ਨਹੀਂ ਪਕੜੀ।**
**ਚਿੜੀ ਉੜੇ ਤੋ ਹਮ ਡਰ ਜਾਏਂ,**
**ਮੁਗਲੋਂ ਸੇ ਕੈਸੇ ਲੜ ਪਾਏਂ।**

ਪਰੰਤੂ ਦਸਵੇਂ ਪਾਤਸ਼ਾਹ ਨੇ ਖਾਲਸੇ ਦੀ ਸਿਰਜਨਾ ਕਰਕੇ ਸੂਰਮੇ ਬਹਾਦਰ ਬਨਾਏ

ਇਹ ਸਭ ਗੁਰੂ ਜੀ ਦੀ ਪ੍ਰੇਰਣਾ ਅਤੇ ਬਾਣੀ ਦਾ ਅਸਰ ਸੀ ਕਿ ਆਮ ਲੋਕਾਈ ਮੁਗਲਾਂ ਨਾਲ ਜੰਗਾਂ ਲੜਨ ਲਈ ਤਿਆਰ ਹੋਈ। ਸਿਖ ਦੀ ਵੱਖਰੀ ਪਛਾਣ ਬਣਾਈ। ਪੰਜ ਕਕਾਰ ,ਕੇਸ,ਕੰਘਾ,ਕੜਾ,ਕਿਰਪਾਨ ਅਤੇ ਕਛਿਹਰਾ,ਧਾਰਨ ਕਰਨ ਲਈ ਆਖਿਆ। ਹਰ ਮਰਦ ਸਿਖ ਦੇ ਨਾਮ ਨਾਲ ਸਿੰਘ ਭਾਵ ਸ਼ੇਰ ਅਤੇ ਇਸਤਰੀ ਸਿਖਣੀ ਲਈ ਨਾਮ ਨਾਲ ਕੌਰ ਭਾਵ ਰਾਜਕੁਮਾਰੀ ਲਗਾਉਣ ਲਈ ਆਦੇਸ਼ ਦਿਤਾ ਸੀ।

ਆਦਿ ਗੁਰੂ ਗਰੰਥ ਸਾਹਿਬ ਵਰਤਮਾਨ ਸਮੇਂ ਗੁਰਗੱਦੀ ਤੇ ਬਿਰਾਜਮਾਨ ਹੈ ਅਤੇ ਸਾਰੀ ਲੋਕਾਈ ਲਈ ਚਾਨਣ ਮੁਨਾਰਾ ਹੈ ਅਤੇ ਚਾਨਣ ਵੰਡ ਰਿਹਾ ਹੈ।

# ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥
ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥
ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥
ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥੨॥ *(ਪੰਨਾ ੧੪੮)*

ਉਪਰੋਕਤ ਸ਼ਬਦ ਦੂਸਰੇ ਨਾਨਕ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਅਤੇ ਪਾਵਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 148 ਉਪਰ ਸੁਭਾਏਮਾਨ ਹੈ। ਇਸ ਸ਼ਬਦ ਦੇ ਅਰਥ ਭਾਈ ਕਾਹਨ ਸਿੰਘ ਜੀ ਨਾਭਾ ਅਨੁਸਾਰ—ਹੇ ਨਾਨਕ (ਦੂਜਿਆਂ ਦੀ ਪੜਚੋਲ ਕਰਨ ਦੀ ਥਾਂ) ਜੇ ਮਨੁਖ ਆਪਣੇ ਆਪ ਨੂੰ ਪਰਖੇ, ਤਾਂ ਉਸਨੂੰ (ਅਸਲ) ਪਾਰਖੂ ਸਮਝੋ, (ਦੂਜਿਆਂ ਦੇ ਵਿਕਾਰ ਲਭਣ ਦੇ ਥਾਂ) ਜੇ ਮਨੁਖ ਅਪਨਾ (ਆਤਮਕ) ਰੋਗ ਅਤੇ ਰੋਗ ਦਾ ਇਲਾਜ ਦੋਵੇਂ ਸਮਝ ਲਵੇ ਤਾਂ ਉਸ ਨੂੰ ਸਿਆਣਾ ਹਕੀਮ ਜਾਣ ਲਵੋ (ਏਹੋ ਜਿਹਾ 'ਸੁਜਾਣ ਵੈਦ।') (ਜ਼ਿੰਦਗੀ ਦੇ) ਰਾਹ ਵਿਚ (ਹੋਰਨਾਂ ਨਾਲ) ਝੇੜੇ ਨਹੀਂ ਪਾ ਬੈਠਦਾ, ਓਹ (ਆਪਣੇ ਆਪ ਨੂੰ ਜਗਤ ਵਿਚ) ਮੁਸਾਫ਼ਿਰ ਜਾਣਦਾ ਹੈ, (ਆਪਣੇ) ਅਸਲੇ (ਪ੍ਰਭੂ) ਨਾਲ ਡੂੰਘੀ ਸਾਂਝ ਪਾ ਕੇ, ਜੋ ਭੀ ਗੱਲ ਕਰਦਾ ਹੈ, ਆਪਣਾ ਸਮਾਂ ਸਤਸੰਗੀਆਂ ਨਾਲ (ਮਿਲ ਕੇ) ਗੁਜ਼ਾਰਦਾ ਹੈ। ਉਹ ਮਨੁਖ ਲੱਬ ਦੇ ਆਸਰੇ ਨਹੀਂ ਤੁਰਦਾ, ਸਚ ਵਿਚ ਟਿਕਿਆ ਰਹਿੰਦਾ ਹੈ (ਐਸਾ ਮਨੁਖ ਆਪ ਤਾਂ ਤੁਰਦਾ ਹੀ ਹੈ ਹੋਰਨਾ ਲਈ ਭੀ) ਪ੍ਰਮਾਣੀਕ ਵਿਚੋਲਾ ਬਣ ਜਾਂਦਾ ਹੈ। (ਪਰ ਜੇ ਆਪ ਹੋਵੇ ਮਨਮੁਖ ਅਤੇ ਅੜੇ ਗੁਰਮੁਖਾਂ ਨਾਲ, ਉਹ ਇਉਂ ਹੀ ਹੈ ਜਿਵੇਂ ਆਕਾਸ਼ ਨੂੰ ਤੀਰ ਮਾਰਦਾ ਹੈ) ਜੋ ਮਨੁਖ ਆਕਾਸ਼ ਵਲ ਤੀਰ ਚਲਾਂਦਾ ਹੈ (ਉਸ ਦਾ) ਤੀਰ ਕਿਵੇਂ (ਨਿਸ਼ਾਨੇ ਤੇ) ਅਪੜੇ। ਉਹ ਆਕਾਸ਼ ਤਾਂ ਅਗੋਂ ਅਪਹੁੰਚ ਹੈ ਸੋ (ਯਕੀਨ) ਜਾਨੋ ਕੇ ਤੀਰ ਚਲਾਨ ਵਾਲਾ ਵਿਨਿਆਂ ਹੀ ਜਾਂਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਦਾ ਬਚਪਨ ਦਾ ਨਾਮ ਲਹਿਣਾ ਸੀ, ਦਾ ਜਨਮ ਮਾਤਾ ਦਯਾ ਕੌਰ ਜੀ ਦੀ ਕੁਖੋਂ ਪਿਤਾ ਸ੍ਰੀ ਫੇਰੂ ਮੱਲ ਜੀ ਦੇ ਘਰ 31 ਮਾਰਚ 1504 ਅਰਥਾਤ 5 ਵਿਸਾਖ ਸੰਮਤ 1561 ਨੂੰ ਮੁਕਤਸਰ ਜਿਲੇ ਦੇ ਪਿੰਡ ਮਤੇ ਦੀ ਸਰਾਂ ਵਿਖੇ ਹੋਇਆ ਸੀ ਉਸ ਦਿਨ ਸੰਮਤ 1561 ਦੇ ਵਿਸਾਖ ਦੀ ਪਹਿਲੀ ਵਦੀ ਸੀ ਅਤੇ ਐਤਵਾਰ ਦਾ ਦਿਹਾੜਾ ਸੀ। ਦਸਿਆ ਜਾਂਦਾ ਹੈ ਕਿ ਇਹ ਪਿੰਡ ਕੁਝ ਸਮੇਂ ਪਿਛੋਂ ਉਜੜ ਕੇ ਥੇਹ

ਹੋ ਗਿਆ ਸੀ ਅਤੇ ਨੇੜੇ ਵਸੇ ਪਿੰਡ ਦਾ ਨਾਮ ਨਾਂਗੇ ਦੀ ਸਰਾਂ (ਸਰਾਏ ਨਾਗਾ) ਪੈ ਗਿਆ। ਭਾਈ ਫੇਰੂ ਜੀ ਇਕ ਚੰਗੇ ਧਨਾਢ ਅਤੇ ਇਲਾਕੇ ਦੇ ਚੌਧਰੀ ਦੇ ਮੁਨਸ਼ੀ, ਫਿਰੋਜ਼ਪੁਰ ਦੇ ਮੁਸਲਮਾਨ ਹਾਕਮ ਦੇ ਖਜ਼ਾਨਚੀ ਸਨ। ਉਹ ਪਿੰਡ ਵਿਚ ਹੀ ਦੁਕਾਨਦਾਰੀ ਕਰਦੇ ਸਨ। ਵਿਹਾਰ ਚੰਗਾ ਸੀ ਅਤੇ ਦੇਵੀ ਦੇ ਭਗਤ ਸਨ ਹਰ ਸਾਲ ਦੇਵੀ ਦੇ ਭਗਤਾਂ ਨੂੰ ਨਾਲ ਲੈ ਕੇ ਦੇਵੀ ਦੇ ਦਰਸ਼ਨਾ ਨੂੰ ਜਾਂਦੇ ਸਨ।

ਸ੍ਰੀ ਲਹਿਣਾ ਜੀ ਦਾ ਵਿਆਹ ਸ੍ਰੀ ਦੇਵੀ ਚੰਦ ਜੀ ਦੀ ਲੜਕੀ ਬੀਬੀ ਖੀਵੀ ਜੀ ਨਾਲ 1576 ਵਿਚ ਹੋਇਆ ਸੀ। ਸ੍ਰੀ ਦੇਵੀ ਚੰਦ ਜੀ ਖਡੂਰ ਸਾਹਿਬ ਜਿਲਾ ਅੰਮ੍ਰਿਤਸਰ ਨੇੜੇ ਪਿੰਡ ਸੰਘਰ ਦੇ ਵਸਨੀਕ ਸਨ ਇਹ ਪਿੰਡ ਕੁਝ ਸਮੇਂ ਪਿਛੋਂ ਉਜੜ ਗਿਆ ਸੀ ਇਸ ਦੇ ਥੇਹ ਖਡੂਰ ਸਾਹਿਬ ਦੇ ਕੋਲ ਹਨ। ਪਰਮਾਤਮਾ ਨੇ ਭਾਈ ਲੇਹਨਾ ਜੀ ਨੂੰ ਦੋ ਪੁਤਰ ਸ੍ਰੀ ਦਾਸੂ ਜੀ ਅਤੇ ਸ੍ਰੀ ਦਾਤੂ ਜੀ ਅਤੇ ਦੋ ਧੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਦੀ ਦਾਤ ਬਖਸ਼ੀ ਸੀ। ਭਾਈ ਫੇਰੂ ਜੀ ਮੁਸਲਮਾਨ ਹਾਕਮ ਦੇ ਵਤੀਰੇ ਤੋਂ ਤੰਗ ਆ ਕੇ ਆਪਣੀ ਭੈਣ ਸਭਰਾਈ ਦੇ ਸਹੁਰੇ ਪਿੰਡ ਖਡੂਰ ਸਾਹਿਬ ਆ ਵਸੇ। ਸੰਮਤ 1583 ਵਿਚ ਓਹ ਪਰਲੋਕ ਸਿਧਾਰ ਗਏ ਅਤੇ ਸਾਰਾ ਕਾਰ ਵਿਹਾਰ ਸ਼੍ਰੀ ਲੇਹਨਾ ਜੀ ਨੇ ਪੂਰੀ ਸਿਆਣਪ ਨਾਲ ਸੰਭਾਲ ਲਿਆ ਅਤੇ ਆਪਣੇ ਪਿਤਾ ਜੀ ਵਾਂਗ ਹੀ ਦੇਵੀ ਭਗਤਾਂ ਨਾਲ ਦੇਵੀ ਦਰਸ਼ਨਾ ਲਈ ਜਾਇਆ ਕਰਦੇ ਸਨ।

ਅੰਮ੍ਰਿਤ ਵੇਲੇ ਪਿੰਡ ਦੇ ਟੋਭੇ ਤੇ ਇਸ਼ਨਾਨ ਕਰਨ ਗਏ ਤਾਂ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖ ਭਾਈ ਜੋਧਾਂ ਜੀ ਗੁਰਬਾਣੀ ਦਾ ਪਾਠ ਕਰ ਰਹੇ ਸੀ ਇਹ ਵੀ ਕੋਲ ਜਾ ਬੈਠੇ ਬਾਣੀ ਨੇ ਆਪਣਾ ਅਸਰ ਕੀਤਾ ਅਤੇ ਪਤਾ ਲਗਾ ਕੇ ਇਹ ਬਾਣੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਤਾਂ ਭਾਈ ਲਹਿਣਾ ਜੀ ਦੇ ਮਨ ਵਿਚ ਦਰਸ਼ਨ ਕਰਨ ਦੀ ਚਾਹਨਾ ਹੋਈ ਜੋ ਕਿ ਵਧਦੀ ਹੀ ਗਈ। ਉਹਨਾਂ ਨੇ ਸੰਮਤ 1589 ਵਿਚ ਦੇਵੀ ਭਗਤਾਂ ਨਾਲ ਕਰਤਾਰਪੁਰ ਦੇ ਰਸਤੇ ਜਾਣ ਦਾ ਵਿਚਾਰ ਬਣਾ ਲਿਆ।

ਸੰਗਤ ਨੂੰ ਡੇਰੇ ਵਿਚ ਛਡ ਕੇ ਆਪ ਘੋੜੀ ਤੇ ਸਵਾਰ ਹੋ ਗੁਰੂ ਜੀ ਦੇ ਦਰਸ਼ਨਾ ਲਈ ਚਲੇ ਗਏ ਰੱਬ ਦੀ ਕਰਨੀ ਨਾਲ ਅਗੋਂ ਗੁਰੂ ਜੀ ਮਿਲ ਪਏ ਪਰ ਭਾਈ ਲਹਿਣਾ ਜੀ ਇਸ ਪਖੋਂ ਅਨਜਾਣ ਸਨ। ਜਦੋਂ ਰਸਤਾ ਪੁਛਿਆ ਤਾਂ ਗੁਰੂ ਜੀ ਨੇ ਪਿਛੇ ਪਿਛੇ ਆ ਜਾਣ ਲਈ ਆਖ ਦਿਤਾ। ਜਦੋਂ ਗੁਰੂ ਜੀ ਦੇ ਅਸਥਾਨ ਤੇ ਪੁੱਜ ਗਏ ਤਾਂ ਗੁਰੂ ਜੀ ਨੇ ਘੋੜੀ ਨੂੰ ਤਬੇਲੇ ਵਿਚ ਬੰਨ੍ਹ ਕੇ ਆਣ ਲਈ ਆਖ ਦਿਤਾ ਅਤੇ ਆਪ ਆਸਨ ਤੇ ਜਾ ਬਿਰਾਜੇ। ਜਦੋਂ ਭਾਈ ਲਹਿਣਾ ਜੀ ਨੇ ਡਿਠਾ ਤਾਂ ਉਹ ਕਹਿਣ ਲਗੇ ਮੈਥੋਂ ਗਲਤੀ ਹੋ ਗਈ ਹੈ ਕਿਉਂ ਕਿ ਮੈਂ ਘੋੜੀ ਤੇ ਸਾਂ ਅਤੇ ਤੁਸੀਂ ਪੈਦਲ ਸੀ। ਗੁਰੂ ਜੀ ਨੇ ਉਤਰ ਦਿਤਾ ਕੇ ਤੁਸੀਂ ਸਾਡੇ ਮਹਿਮਾਨ ਹੋ ਅਤੇ ਮਹਿਮਾਨ ਦਾ ਆਦਰ ਕਰਨਾ ਮੇਰਾ ਫਰਜ਼ ਸੀ। ਅਤੇ ਮਹਿਮਾਨ ਦਾ ਨਾਮ ਪੁਛਿਆ। ਜਵਾਬ ਮਿਲਿਆ ਕੇ ਮੇਰਾ ਨਾਮ ਲਹਿਣਾ ਹੈ ਤਾਂ ਗੁਰੂ ਜੀ ਨੇ ਆਖਿਆ ਕਿ ਤੂੰ ਲਹਿਣਾ ਹੈ ਅਤੇ ਅਸੀਂ ਤੇਰਾ ਦੇਣਾ ਹੈ। ਲਹਿਣੇਦਾਰ ਘੋੜੀ ਤੇ ਹੀ ਆਓਂਦੇ ਹਨ। ਆਪਣੇ ਮਨ ਵਿਚੋਂ ਭਰਮ ਨੂੰ ਨਿਕਾਲ ਦੇ। ਭਾਈ ਲਹਿਣਾ ਜੀ ਦੀ ਮਿਲ ਕੇ ਅਤੇ ਸੰਖੇਪ ਵਿਚਾਰ ਪਿਛੋਂ ਸ਼ੰਕਾ ਮਿਟ ਗਈ ਤਾਂ ਉਸ ਨੇ ਸੰਗਤ ਨੂੰ ਸੰਦੇਸ਼ ਘਲ ਦਿਤਾ ਕੇ ਦੋਸਤੋ ਤੁਸੀਂ ਜਾ ਸਕਦੇ ਹੋ ਹੁਣ ਮੈਨੂੰ ਤਾਂ ਥਾਂ ਮਿਲ ਗਿਆ ਹੈ। ਥੋੜੇ

ਦਿਨ ਗੁਰ ਉਪਦੇਸ਼ ਸੁਣਦੇ ਰਹੇ ਅਤੇ ਸੇਵਾ ਵਿਚ ਲੀਨ ਰਹੇ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਹੁਣ ਜਾਓ ਅਤੇ ਘਰ ਦਾ ਪਰਬੰਧ ਕਰਨ ਤੋਂ ਬਾਦ ਆ ਜਾਣਾ। ਗੁਰੂ ਜੀ ਦਾ ਹੁਕਮ ਮਨ ਕਿ ਘਰ ਦੇ ਵਿਹਾਰ ਦਾ ਪਰਬੰਧ ਕਰ ਕੇ ਮੁੜ ਕਰਤਾਰਪੁਰ ਪੁੱਜ ਗਏ।

ਕਰਤਾਰਪੁਰ ਜਾਣ ਸਮੇਂ ਸਵਾ ਮਣ ਨਮਕ ਦੀ ਪੰਡ ਸਿਰ ਤੇ ਚੁਕ ਕੇ ਗਏ। ਪੰਡ ਘਰ ਰਖ ਕੇ ਗੁਰੂ ਜੀ ਜੋ ਖੇਤਾਂ ਵਿਚ ਸਨ ਉਥੇ ਓਹਨਾ ਨੂੰ ਜਾ ਮਿਲੇ। ਗੁਰੂ ਜੀ ਝੋਨੇ ਵਿਚ ਜੜੀ ਬੂਟੀ ਕਢ ਰਹੇ ਸਨ ਭਾਈ ਲਹਿਣਾ ਜੀ ਵੀ ਓਸੇ ਕੰਮ ਲਗ ਗਏ ਅਤੇ ਗੁਰੂ ਜੀ ਨੇ ਘਾਹ ਦੀ ਪੰਡ ਡੰਗਰਾਂ ਲਈ ਲੈ ਕੇ ਜਾਣ ਲਈ ਆਖਿਆ। ਉਹਨਾਂ ਨੇ ਗਿੱਲੀ ਪੰਡ ਚੁੱਕ ਲਈ ਅਤੇ ਸਤਿਨਾਮ ਦਾ ਜਾਪ ਕਰਦੇ ਚਲਦੇ ਗਏ ਅਤੇ ਚਿਕੜ ਨਾਲ ਕਪੜੇ ਖਰਾਬ ਹੋ ਗਏ। ਇਹ ਤਕ ਕੇ ਮਾਤਾ ਸੁਲਖਨੀ ਜੀ ਨੇ ਕਿਹਾ ਕਿ ਪਹਿਲਾਂ ਇਹ ਇਕ ਲੂਣ ਦੀ ਪੰਡ ਲੈ ਕੇ ਆਇਆ ਸੀ ਹੁਣ ਤੁਸੀਂ ਗਿਲਾ ਘਾਹ ਚਕਵਾ ਕੇ ਇਸ ਦੇ ਕਪੜੇ ਖਰਾਬ ਕਰਵਾ ਦਿਤੇ ਹਨ ਤਾਂ ਗੁਰੂ ਜੀ ਨੇ ਕਿਹਾ ਕੇ ਇਹ ਘਾਹ ਦੀ ਪੰਡ ਨਹੀਂ ਇਹ ਤਾਂ ਦਿਨ ਦੁਨੀਆ ਦਾ ਛਤਰ ਹੈ ਤੁਸੀਂ ਕਰਤਾਰ ਦੇ ਰੰਗ ਦੇਖਦੇ ਰਹੋ।

ਜਾਣੀ ਜਾਣ ਗੁਰੂ ਜੀ ਨੇ ਪਹਿਲਾਂ ਹੀ ਦੇਖ ਲਿਆ ਸੀ ਕਿ ਗੁਰਗੱਦੀ ਲਈ ਇਹ ਲਹਿਣਾ ਹੀ ਯੋਗ ਫਿਰ ਵੀ ਚੰਗੀ ਤਰਾਂ ਪੱਕਾ ਕਰਨ ਲਈ ਕਈ ਵਾਰ ਇਮਤਿਹਾਨ ਲਿਆ ਬਾਕੀ ਸਾਰੇ ਪ੍ਰੀਖਿਆ ਵਿਚ ਪਿਛੇ ਰਹ ਜਾਂਦੇ ਅਤੇ ਭਾਈ ਲਹਿਣਾ ਜੀ ਹੀ ਪੂਰੇ ਉਤਰਦੇ ਸਨ। ਗੁਰੂ ਜੀ ਨੇਮ ਨਾਲ ਰਾਵੀ ਉਪਰ ਇਸ਼ਨਾਨ ਕਰਨ ਜਾਂਦੇ ਸਨ ਇਕ ਦਿਨ ਸਿਆਲ ਰੁਤੇ ਆਪ ਜੀ ਸੇਵਕਾਂ ਨਾਲ ਜਿਨ੍ਹਾ ਵਿਚ ਭਾਈ ਬੁਢਾ ਜੀ, ਭਾਈ ਅਜਿਤਾ ਜੀ, ਭਾਈ ਸਧਾਰਨ ਜੀ ਅਤੇ ਸ੍ਰੀ ਲਹਿਣਾ ਜੀ ਰਾਵੀ ਉਪਰ ਇਸ਼ਨਾਨ ਕਰਨ ਲਈ ਗਏ। ਬਾਰਸ਼ ਹੋਣ ਲਗ ਪਈ ਸਾਰੇ ਸਿਖ ਮੁੜ ਗਏ ਪਰ ਲਹਿਣਾ ਜੀ ਵਾਪਸ ਨਾ ਗਏ ਜਦ ਗੁਰੂ ਜੀ ਇਸ਼ਨਾਨ ਕਰਕੇ ਆਏ ਤਾਂ ਪੁਛਿਆ ਕੇ ਤੁਸੀਂ ਕਿਓਂ ਨਹੀਂ ਗਏ ਤਾਂ ਲਹਿਣਾ ਜੀ ਨੇ ਆਖਿਆ ਕਿ ਮੈਂ ਆਪ ਜੀ ਦਾ ਸੇਵਕ ਹਾਂ ਅਤੇ ਖ਼ਸਮ ਨੂੰ ਛਡ ਕੇ ਚਲੇ ਜਾਣਾ ਸੇਵਕ ਦਾ ਧਰਮ ਨਹੀਂ ਹੁੰਦਾ।

ਇਸ ਤਰਾਂ ਕਈ ਢੰਗਾਂ ਨਾਲ ਆਪ ਜੀ ਨੇ ਪਰੀਖਿਆ ਲਈ ਅਤੇ ਜਦੋਂ ਨਾਮ ਜਪਣ, ਕਿਰਤ ਕਰਨ, ਨਿਤ ਦੇ ਵਿਹਾਰ ਅਤੇ ਉਹਨਾਂ ਦੇ ਸ਼ਰਧਾ ਭਰੇ ਸੁਭਾਵ ਤੋਂ ਗੁਰੂ ਜੀ ਨੇ ਨਿਸਚਾ ਕਰ ਲਿਆ ਕੇ ਹੁਣ ਭਾਈ ਲਹਿਣਾ ਜੀ ਗੁਰਗੱਦੀ ਦੇ ਯੋਗ ਹਨ ਤਾਂ 17 ਹਾੜ ਸੰਮਤ 1596 ਨੂੰ ਭਾਈ ਲਹਿਣਾ ਜੀ ਅਗੇ ਪੰਜ ਪੈਸੇ ਅਤੇ ਨਰੇਲ ਰਖ ਕੇ ਮਥਾ ਟੇਕਿਆ ਅਤੇ ਬਾਬਾ ਬੁਢਾ ਜੀ ਤੋਂ ਤਿਲਕ ਲਗਵਾਇਆ ਅਤੇ ਆਪਣੇ ਅੰਗ ਲਾ ਕੇ ਭਾਈ ਲਹਿਣੇ ਤੋਂ ਅੰਗਦ ਕਰ ਦਿਤਾ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾ ਨੂੰ ਕੁਝ ਸਮਾਂ ਖਡੂਰ ਸਾਹਿਬ ਬਿਤਾਨ ਲਈ ਭੇਜ ਦਿਤਾ।

ਗੁਰੂ ਨਾਨਕ ਦੇਵ ਜੀ ਦੇ ਅਕਾਲ ਚਲਾਣੇ ਤੋਂ ਬਾਦ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਸੰਭਾਲ ਲਈ ਤੇ ਸੰਗਤ ਦੂਰੋਂ ਦੂਰੋਂ ਦਰਸ਼ਨਾ ਲਈ ਆਉਣ ਲਗੀ। ਦੋਵੇਂ ਵੇਲੇ ਕੀਰਤਨ ਹੁੰਦਾ ਅਤੇ ਸਭ ਲਈ ਲੰਗਰ ਵਰਤਦਾ ਸੀ। ਕਿਹਾ ਜਾਂਦਾ ਹੈ ਕਿ ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਹਮਾਯੂੰ ਬਾਦਸ਼ਾਹ ਪੰਜਾਬ ਵਿਚੋਂ ਲੰਘ ਰਿਹਾ ਸੀ ਤਾਂ ਉਹ ਗੁਰੂ ਅੰਗਦ ਦੇਵ ਜੀ ਕੋਲ ਖਡੂਰੇ ਪੁਜਾ। ਗੁਰੂ ਜੀ ਆਪਣੇ ਧਿਆਨ ਵਿਚ ਬੈਠੇ ਸਨ ਉਨ੍ਹਾ ਨੇ ਕੋਈ

ਖਿਆਲ ਨਾ ਕੀਤਾ ਹਮਾਂਯੂ ਨੇ ਗੁੱਸਾ ਕੀਤਾ ਅਤੇ ਗੁਰੂ ਜੀ ਦਾ ਕਤਲ ਕਰਨ ਲਈ ਤਲਵਾਰ ਨੂੰ ਮਿਆਂ ਵਿਚੋਂ ਖਿਚਣ ਲਗਾ ਤਾਂ ਗੁਰੂ ਜੀ ਬੋਲੇ ਜੇਹੜੀ ਤਲਵਾਰ ਫ਼ਕ?ੀਰਾਂ ਲਈ ਖਿਚਣ ਲਗਾਂ ਹੈਂ ਓਹ ਸ਼ੇਰ ਸ਼ਾਹ ਦੇ ਟਾਕਰੇ ਵੇਲੇ ਕਿਥੇ ਸੀ। ਓਹ ਸ਼ਰਮਿੰਦਾ ਹੋਇਆ ਅਤੇ ਗੁਰੂ ਜੀ ਤੋਂ ਮੁਆਫੀ ਮੰਗੀ

ਰੱਬ ਦਾ ਭਾਣਾ ਮੰਨ ਕੇ ਉਸ ਦੀ ਰਜ਼ਾ ਵਿਚ ਖੁਸ਼ ਰੇਹਨ ਦਾ ਉਪਦੇਸ਼ ਦਿੰਦੇ ਓਹਨਾ ਨੇ ਗੁਰਬਾਣੀ ਦੀ ਰਚਨਾ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਵੀ ਆਪਣੇ ਕੋਲ ਸੰਭਾਲ ਕੀਤੀ। ਗੁਰਮੁਖੀ ਨੂੰ ਮੌਜੂਦਾ ਰੂਪ ਦਿਤਾ। ਸੰਸਕ੍ਰਿਤ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਬਾਹਰ ਸੀ ਇਸ ਲਈ ਉਨ੍ਹਾ ਨੇ ਗੁਰਮੁਖੀ ਵਿਚ ਬਾਣੀ ਲਿਖੀ ? ਉਨ੍ਹਾਂ ਨੇ ਲਿਖਿਆ ਕਿ :

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥** *(ਪੰਨਾ ੪੬੩)*

ਭਾਵੇਂ ਸੌ ਚੰਦ੍ਰਮਾ ਹੋ ਜਾਣ ਅਤੇ ਹਜ਼ਾਰ ਸੂਰਜ ਹੋਵਣ ਫਿਰ ਵੀ ਇਤਨੇ ਚਾਨਣ ਤੋਂ ਬਾਦ ਗੁਰੂ ਤੋਂ ਬਿਨਾ ਘੁਪ ਅੰਧੇਰਾ ਹੀ ਹੁੰਦਾ ਹੈ।ਉਨ੍ਹਾ ਨੇ ਜੀਵਨ ਦੀਆਂ ਸਚਾਈਆਂ ਨੂੰ ਆਪਣੇ ਸ਼ਬਦਾਂ ਵਿਚ ਲਿਖਿਆ ਅਤੇ ਦਸਿਆ ਕਿ-

**ਸਲੋਕੁ ਮਹਲਾ ੨ ॥**
**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥**
**ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥**
**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥**
**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥** *(ਪੰਨਾ ੪੭੪)*

ਉਨ੍ਹਾ ਨੇ ਆਮ ਲੋਕਾਂ ਨੂੰ ਸਮਝਾਇਆ ਕੇ ਅਸੀਂ ਉਸ ਮਾਲਕ ਦੇ ਹੁਕਮ ਵਿਚ ਹਾਂ ਅਤੇ ਲਿਖਿਆ ਕਿ -

**ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥**
**ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥** *(ਪੰਨਾ ੬੫੩)*

ਅਤੇ ਉਸ ਮਾਲਿਕ ਦੇ ਹੁਕਮ ਅਨੁਸਾਰ ਹੀ ਦੁਨੀਆ ਚਲ ਰਾਹੀ ਹੈ ਅਤੇ ਜਦੋਂ ਮਾਲਿਕ ਦਾ ਹੁਕਮ ਆ ਜਾਣਦਾ ਹੈ ਤਾਂ ਦੁਨੀਆ ਨੂੰ ਤਿਆਗ ਕੇ ਜਾਣਾ ਪੈ ਜਾਂਦਾ ਹੈ :

**ਸਲੋਕ ਮਹਲਾ ੨ ॥**
**ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥**
**ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥**
**ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥**
**ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥**
**ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥**
**ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ ॥**
**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥** *(ਪੰਨਾ ੧੨੩੯)*

ਗੁਰ ਇਤਿਹਾਸ ਨੂੰ ਸੰਭਾਲਣ ਦਾ ਯਤਨ ਆਪ ਜੀ ਵਲੋਂ ਹੀ ਕੀਤਾ ਗਿਆ ਸ। ਜਦੋਂ ਸਚ ਖੰਡ ਵਾਪਸੀ ਦਾ ਸਮਾਂ ਆਇਆ ਤਾਂ ਆਪ ਜੀ ਨੇ 29 ਮਾਰਚ 1552 ਅਰਥਾਤ ਵਿਸਾਖ 3 ਸੰਮਤ 1609 (ਚੇਤ ਸੁਦੀ 4) ਨੂੰ ਗੁਰਆਈ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਜੋਤੀ ਜੋਤ ਸਮਾ ਗਏ।

# ਹਰਿ ਬਿਸਰਤ ਤੇਰੇ ਗੁਣ ਗਲਿਆ

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥**
**ਚਿਤ ਚੇਤਸਿ ਕੀ ਨਹੀਂ ਬਾਵਰਿਆ ॥**
**ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥**

*(ਮਾਰੂ ਮਹਲਾ ੧ ਘਰੁ ੧, ਅੰਗ ੯੯੦)*

ਉਪਰੋਕਤ ਸ਼ਬਦ ਦਾ ਪਾਠ ਮਿਠੀ ਅਵਾਜ਼ ਵਿਚ ਬੀਬੀ ਅਮਰੋ, ਜੋ ਕੇ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਸੀ, ਕਰ ਰਹੀ ਸੀ, ਜਦੋਂ ਇਕ ਦਿਨ ਅਮ੍ਰਿਤ ਵੇਲੇ ਇਹ ਸ਼ਬਦ ਸ੍ਰੀ ਅਮਰਦਾਸ ਜੀ ਨੇ ਸੁਣਿਆ ਤਾਂ ਸਾਰਾ ਸ਼ਬਦ ਸੁਣਨ ਪਿਛੋਂ, ਸ੍ਰੀ ਅਮਰਦਾਸ ਜੀ ਨੇ ਉਨ੍ਹਾਂ ਮਹਾਂਪੁਰਖਾਂ ਨੂੰ ਗੁਰੂ ਧਾਰਨ ਦਾ ਮਨ ਬਣਾ ਲਿਆ ਜਿਨ੍ਹਾ ਦਾ ਇਹ ਸ਼ਬਦ ਸੀ ਕਿਉਂਕਿ :

ਭਾਈ ਕਾਹਨ ਸਿੰਘ ਜੀ ਨਾਭਾ ਅਨੁਸਾਰ ਇਸ ਸ਼ਬਦ ਦਾ ਅਰਥ ਇਹ ਸੀ ਕਿ ਹੇ ਹਰੀ ਤੇਰੇ ਗੁਣਾ ਦਾ ਅੰਤ ਨਹੀਂ ਪੈ ਸਕਦਾ (ਤੂੰ ਅਚਰਜ ਖੇਡ ਰਚੀ ਹੈ ਕਿ ਤੇਰੀ ਕੁਦਰਤ ਵਿਚ ਜੀਵਾਂ ਦਾ) ਆਚਰਨ ਮਾਨੋ ਕਾਗਜ਼ ਹੈ ।( ਉਸ ਬਣ ਰਹੇ ਕਾਗਜ਼ ਉਪਰ ਮਨ ਦੇ ਸੰਸਕਾਰਾ ਦੀ ਸਿਆਹੀ ਨਾਲ) ਚੰਗੇ ਮੰਦੇ ਨਵੇਂ ਲੇਖ ਲਿਖੇ ਜਾ ਰਹੇ ਹਨ (ਭਾਵ ਮਨ ਵਿਚ ਹੁਣ ਤਕ ਦੇ ਇਕਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੀਵ ਜੇਹੜੇ ਚੰਗੇ ਮੰਦੇ ਨਵੇਂ ਕੰਮ ਕਰਦੇ ਹਨ ,ਓਹ ਕੰਮ ਆਚਰਨ ਰੂਪ ਕਾਗਜ਼ ਉਤੇ ਨਵੇਂ ਚੰਗੇ ਮੰਦੇ ਸੰਸਕਾਰ ਉਕਰਦੇ ਜਾਂਦੇ ਹਨ ।) (ਇਸ ਤਰਾਂ) ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕਠ ਰੂਪ ਸੁਭਾਵ ਜਿਉਂ ਜਿਓਂ ਜੀਵਾਂ ਨੂੰ ਪ੍ਰੇਰਦਾ ਹੈ ਤਿਵੇਂ ਤਿਵੇਂ ਹੀ ਓਹ ਜੀਵਨ ਰਾਹ ਤੇ ਤੁਰ ਸਕਦੇ ਹਨ ।1।

ਹੇ ਕਮਲੇ ਮਨ ! ਤੂੰ ਪਰਮਾਤਮਾ ਨੂੰ ਕਿਓਂ ਨਹੀਂ ਯਾਦ ਕਰਦਾ । ਜਿਓਂ ਜਿਓਂ ਤੂੰ ਪਰਮਾਤਮਾ ਨੂੰ ਵਿਸਾਰ ਰਿਹਾ ਹੈਂ ,ਤਿਓਂ ਤਿਓਂ ਤੇਰੇ ਅੰਦਰ ਗੁਣ ਘਟਦੇ ਜਾ ਰਹੇ ਹਨ ।1।(ਰਹਾਓ)

ਅਗਲੇ ਦਿਨ ਬੀਬੀ ਅਮਰੋ, ਜੋ ਕੇ ਸ਼੍ਰੀ ਅਮਰਦਾਸ ਜੀ ਦੇ ਭਤੀਜੇ ਨੂੰ ਵਿਆਹੀ ਹੋਈ ਸੀ , ਤੋਂ ਪਤਾ ਲਗਾ ਕਿ ਇਹ ਸ਼ਬਦ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਹੈ ਅਤੇ ਉਨ੍ਹਾ ਦੀ ਗੱਦੀ ਉਨ੍ਹਾ ਵਲੋਂ ਮੇਰੇ ਪਿਤਾ ਜੀ ਨੂੰ ਬਖਸ਼ੀ ਗਈ ਸੀ ਅਤੇ ਅੱਜ ਕਲ ਭੂਲੀ ਹੋਈ ਜਨਤਾ ਨੂੰ ਓਹ ਸਿਧੇ ਰਸਤੇ ਉਪਰ ਲਿਅਓਨ ਦਾ ਯਤਨ ਕਰ ਰਹੇ ਹਨ ਅਤੇ ਇਸ ਸਮੇਂ ਖਡੂਰ ਸਾਹਿਬ ਵਿਚ ਹਨ । ਸ੍ਰੀ ਅਮਰਦਾਸ ਜੀ ਬੀਬੀ ਅਮਰੋ ਨੂੰ ਨਾਲ ਲੈ ਕੇ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਚਲੇ ਗਏ । ਖਡੂਰ ਸਾਹਿਬ ਪ?ਜ

ਕੇ ਓਹਨਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਨਿਮਰਤਾ ਸਾਹਿਤ ਆਪਣਾ ਸਿਖ ਬਣਾ ਲੇਣ ਲਈ ਅਰਜ਼ ਗੁਜ਼ਾਰੀ। ਉਸ ਦਿਨ ਤੋਂ ਹੀ ਆਪਣੀ ਉਚੀ ਜਾਤ ਦਾ ਮਾਣ ਤਿਆਗ ਕੇ ਗੁਰੂ ਘਰ ਵਿਚ ਸੇਵਾ ਸ਼ੁਰੂ ਕਰ ਦਿਤੀ। ਦਸਿਆ ਜਾਂਦਾ ਹੈ ਕੇ ਉਸ ਸਮੇਂ ਆਪ ਜੀ ਦੀ ਉਮਰ 61-62 ਸਾਲ ਦੀ ਸੀ ਅਤੇ ਗੁਰੂ ਜੀ ਦੀ ਉਮਰ 36 ਸਾਲ ਦੀ ਸੀ। ਇਸ ਉਮਰ ਦੇ ਫ਼ਰਕ ਹੋਣ ਕਾਰਣ ਵੀ ਸ਼੍ਰੀ ਅਮਰਦਾਸ ਜੀ ਨੂੰ ਉਨ੍ਹਾ ਨੂੰ ਆਪਣਾ ਗੁਰੂ ਧਾਰਨ ਕਰਨ ਵਿਚ ਵੀ ਕੋਈ ਮੁਸ਼ਕਿਲ ਨਾ ਲਗੀ।

ਸ੍ਰੀ ਅਮਰਦਾਸ ਜੀ ਦਾ ਜਨਮ ਵਿਸਾਖ ਸੁਦੀ 14 ਸੰਮਤ 1536 (ਜੇਠ 8)ਅਰਥਾਤ 5 ਮਈ 1479 ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਭੱਲਾ ਖਤ੍ਰੀ ਸ਼੍ਰੀ ਤੇਜ ਭਾਨ ਦੇ ਘਰ ਮਾਤਾ ਸੁਲਖਣੀ (ਲਖਮੀ )ਜੀ ਦੀ ਕੁਖ ਵਿਚੋਂ ਹੋਇਆ। ਦੋਵੇਂ ਜੀ ਧਾਰਮਿਕ ਸੁਭਾਵ ਦੇ ਸਨ। ਸ਼੍ਰੀ ਤੇਜ ਭਾਨ ਜੀ ਦੁਕਾਨਦਾਰੀ ਅਤੇ ਖੇਤੀ ਦਾ ਕੰਮ ਕਰਦੇ ਸਨ। ਓਹਨਾਂ ਤੋਂ ਮਗਰੋਂ ਸ਼੍ਰੀ ਅਮਰਦਾਸ ਜੀ ਵੀ ਏਹੋ ਕੰਮ ਕਰਨਾ ਆਰੰਭ ਕਰ ਦਿਤਾ ਓਹ ਆਪਣੀ ਘੋੜੀ ਉਪਰ ਸੌਦਾ ਲਿਜਾ ਕੇ ਫੇਰੀ ਦਾ ਕੰਮ ਵੀ ਕਰਦੇ ਸਨ।ਆਪ ਜੀ ਦੀ ਸ਼ਾਦੀ ਸ਼੍ਰੀ ਦੇਵੀ ਚੰਦ ਬੇਹਲ ਜਾਤ ਖਤ੍ਰੀ ਦੀ ਬੇਟੀ ਬੀਬੀ ਰਾਮ ਕੌਰ ਜੀ ਨਾਲ ਹੋਇਆ ਅਤੇ ਓਹਨਾ ਦੇ ਘਰ ਦੋ ਧੀਆਂ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਅਤੇ ਦੋ ਪੁਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਪੈਦਾ ਹੋਏ ਸਨ।

ਸ੍ਰੀ ਅਮਰਦਾਸ ਜੀ ਦਾਨ ਪੁੰਨ, ਸੰਤ ਸੇਵਾ, ਜਪ ਤਪ ਅਤੇ ਧਰਮ ਦੀ ਕਿਰਤ ਕਰਨ ਵਾਲੇ ਸਨ। ਆਪ ਜੀ ਗੰਗਾ ਦੀ ਯਾਤਰਾ ਉਪਰ ਜਾਇਆ ਕਰਦੇ ਸਨ। ਇਕ ਵਾਰ ਵਾਪਸੀ ਸਮੇਂ ਇਕ ਬ੍ਰਹਮਚਾਰੀ ਆਪ ਜੀ ਨੂੰ ਮਿਲਿਆ ਅਤੇ ਕਾਫੀ ਸਮਾਂ ਉਸ ਨਾਲ ਵਾਰਤਾਲਾਪ ਕਰਦੇ ਆ ਰਹੇ ਸਨ। ਉਸ ਨੇ ਜਦੋਂ ਆਪ ਜੀ ਨੂੰ ਗੁਰੂ ਬਾਰੇ ਪੁਛਿਆ ਕੇ ਤੁਹਾਡਾ ਗੁਰੂ ਕੋਣ ਹੈ। ਆਪ ਜੀ ਨੇ ਉਤਰ ਦਿਤਾ ਕੇ ਮੈਂ ਹਾਲੇ ਤਕ ਗੁਰੂ ਨਹੀਂ ਧਾਰਿਆ ਹੈ। ਇਹ ਸੁਣ ਕੇ ਬ੍ਰਹਮਚਾਰੀ ਕੁਝ ਮੰਦੇ ਬਚਨ ਬੋਲ ਕੇ ਸਥ ਛਡ ਗਿਆ ਅਤੇ ਆਪ ਜੀ ਦੇ ਅੰਦਰ ਗੁਰੂ ਧਾਰਨ ਦੀ ਇਛਾ ਪੈਦਾ ਕਰ ਗਿਆ। ਆਪ ਜੀ ਨੇ ਉਪਰ ਪੇਹ?ਲਾਂ ਦੱਸੇ ਅਨੁਸਾਰ ਸੰਮਤ 1597 ਵਿਚ ਸ਼੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਧਾਰਨ ਕਰ ਲਿਆ।

ਸਿਖੀ ਦਾ ਪਹਲਾ ਨਿਯਮ ਹੁਕਮ ਮੰਨਣ ਵਾਲਾ ਦੂਸਰੇ ਨਾਨਕ ਸ਼੍ਰੀ ਗੁਰੂ ਅੰਗਦ ਦੇਵ ਜੀ ਵਲੋਂ ਕਮਾਈ ਕਰ ਕੇ ਦਿਖਾਇਆ ਗਿਆ ਸੀ। ਅਗਲੇ ਨਿਯਮ ਦੀ ਕਮਾਈ ਸੇਵਾ ਵਾਲੀ ਸ਼੍ਰੀ ਅਮਰਦਾਸ ਜੀ ਵਲੋਂ ਕੀਤੀ ਗਈ। ਅੰਮ੍ਰਿਤ ਵੇਲੇ, ਬਿਆਸਾ ਦਰਿਆ, ਜੋ ਕਿ ਲਗ ਭਗ ਢਾਈ-ਤਿੰਨ ਕੋਹ ਦੂਰ ਸੀ, ਤੋਂ ਪਾਣੀ ਦੀ ਗਾਗਰ ਲਿਆ ਕੇ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਫਿਰ ਦਿਨ ਭਰ ਲੰਗਰ ਵਿਚ ਹਰ ਤਰਾਂ ਦੀ ਸੇਵਾ ਕਰਦੇ ਸਨ ਅਤੇ ਦਿਲ ਵਿਚ ਗੁਰਬਾਣੀ ਦਾ ਪਾਠ ਜਾਂ ਸਤਿਨਾਮ ਦਾ ਜਾਪ ਕਰਦੇ ਰਹਿੰਦੇ ਸਨ। ਮਨ ਵਿਚ ਕੋਈ ਵੀ ਲਾਲਚ ਦੀ ਇੱਛਾ ਨਹੀਂ ਸੀ। ਇਸ ਤਰਾਂ ਨਾਲ ਆਪ ਗੁਰੂ ਜੀ ਦੀ ਸੇਵਾ ਵਿਚ ਜੀਵਨ ਗੁਜ਼ਾਰ ਰਹੇ ਸਨ।

ਗੁਰੂ ਅੰਗਦ ਦੇਵ ਜੀ ਨੂੰ ਗੋਂਦੇ ਮਰਵਾਹੇ ਨੇ ਬਿਆਸ ਦਰਿਆ ਦੇ ਕੋਲ ਨਗਰੀ ਵਸਾਉਣ ਦੀ ਬੇਨਤੀ ਕੀਤੀ। ਗੁਰੂ ਜੀ ਦੇ ਪੁਤਰਾਂ ਸ੍ਰੀ ਦਾਤੂ ਜੀ ਅਤੇ ਸ੍ਰੀ ਦਾਸੂ ਜੀ ਵਲੋਂ ਇਨਕਾਰ ਕਰ ਦੇਣ ਤੇ ਸ਼੍ਰੀ ਅਮਰਦਾਸ ਜੀ ਨੂੰ ਇਹ ਕਾਰਜ ਕਰਨ ਲਈ ਅਖ ਦਿਤਾ

ਤਾਂ ਓਹਨਾਂ ਨੇ ਗੌਂਦੇ ਨਾਲ ਜਾ ਕੇ ਸੰਗਤਾਂ ਦੀ ਮਦਦ ਨਾਲ ਉਸਾਰੀ ਸ਼ੁਰੂ ਕਰਵਾ ਦਿਤੀ? ਇਹ ਨਗਰੀ ਸੰਮਤ 1606 ਵਿਚ ਵਸਾਈ ਗਈ ਅਤੇ ਇਸ ਨਗਰ ਦਾ ਨਾਮ ਗੋਇੰਦਵਾਲ ਰਖ ਦਿਤਾ ਗਿਆ।

ਇਹ ਜਾਣ ਕੇ ਅਕਾਲ ਪੁਰਖ ਵਲੋਂ ਸਾਨੂੰ ਸਦਾ ਅਓਨ ਵਾਲਾ ਹੈ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਵਿਸਾਖ 3 ਸੰਮਤ 1609 ਅਰਥਾਤ ਸੰਨ 1552 ਦੀ ਮਾਰਚ ਦੀ 29 ਤਾਰੀਖ ਨੂੰ ਸਾਰੀ ਸੰਗਤ ਦੇ ਸਨਮੁਖ ਸ਼੍ਰੀ ਅਮਰਦਾਸ ਜੀ ਦੇ ਅਗੇ ਪੰਜ ਪੈਸੇ ਅਤੇ ਨਰੇਲ ਰਖ ਮੱਥਾ ਟੇਕਿਆ ਅਤੇ ਬਾਬਾ ਬੁਢ?ਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ ਫੇਰ ਗੁਰੂ ਜੀ ਦੀ ਆਗਿਆ ਅਨੁਸਾਰ ਸਾਰੀ ਸੰਗਤ ਨੇ ਗੁਰੂ ਜੀ ਅਗੇ ਮੱਥਾ ਟੇਕਿਆ ਪਰੰਤੂ ਦਾਸੂ ਜੀ ਅਤੇ ਦਾਤੂ ਜੀ ਨੇ ਮੱਥਾ ਨਾ ਟੇਕਿਆ। ਓਹ ਗੁੱਸੇ ਹੋ ਗਏ ਕੇ ਗੱਦੀ ਸਾਨੂੰ ਕਿਓਂ ਨਹੀਂ ਦਿਤੀ ਗਈ। ਇਸ ਲਈ ਗੁਰੂ ਜੀ ਦੇ ਆਦੇਸ਼ ਅਨੁਸਾਰ ਗੁਰੂ ਅਮਰਦਾਸ ਜੀ ਗੋਇੰਦਵਾਲ ਜਾ ਟਿਕੇ।

ਗੁਰੂ ਅਮਰਦਾਸ ਜੀ ਨੇ ਅਨੁਭਵ ਕੀਤਾ ਕੇ ਬਹੁਤ ਸਾਰੇ ਮਨੁਖ ਸਿਖੀ ਧਾਰਨ ਕਾਰ ਲੇਣ ਤੋਂ ਬਾਦ ਵੀ ਭੇਦ ਭਾਵ ਰਖਦੇ ਹਨ ਇਸ ਲਈ ਓਨਹਾਂ ਨੇ ਛੂਤ ਛਾਤ,ਜਾਤ ਪਾਤ ਅਤੇ ਊਚ ਨੀਚ ਦੇ ਵਿਰੁਧ ਅਵਾਜ਼ ਬੁਲੰਦ ਕੀਤੀ ਅਤੇ ਇਸ ਕੰਮ ਵਲ ਵਿਸ਼ੇਸ਼ ਧਿਆਨ ਦਿਤਾ। ਪੇਹ?ਲਾਂ ਤੋਂ ਚਲ ਰਹੀ ਲੰਗਰ ਪ੍ਰਥਾ ਨੂੰ ਹੋਰ ਪਕੇਰਾ ਕੀਤਾ ਅਤੇ ਹਰੇਕ ਦਰਸ਼ਨ ਕਰਨ ਲਈ ਆਓਨ ਵਾਲੇ ਲਈ ਪੰਗਤ ਵਿਚ ਬੇਠ ਲੰਗਰ ਛਕਣਾ ਜਰੂਰੀ ਕੀਤਾ। ਸਭ ਜਾਤਾਂ ਦੇ ਲੋਕ ਇਕੋ ਪੰਗਤ ਵਿਚ ਬੇਠ ਪਰਸ਼ਾਦਾ ਛਕਦੇ ਅਤੇ ਉਸ ਤੋਂ ਬਾਦ ਗੁਰੂ ਦਰਸ਼ਨ ਲਈ ਜਾਂਦੇ ਸਨ। ਇਹ ਨਿਯਮ ਸਭ ਵਡੇ ਛੋਟੇ ਲਈ ਲਾਗੂ ਸੀ। ਇਕ ਵਾਰ ਸਮੇਂ ਦਾ ਬਾਦਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨ ਲਈ ਆਇਆ ਅਤੇ ਉਸ ਨੇ ਪੇਹ?ਲਾਂ ਲੰਗਰ ਛਕਿਆ ਅਤੇ ਗੁਰੂ ਜੀ ਦੇ ਦਰਸ਼ਨ ਕੀਤੇ। ਲੰਗਰ ਪ੍ਰਥਾ ਤੋਂ ਓਹ ਇਤਨਾ ਖੁਸ਼ ਹੋਇਆ ਕੇ ਉਸ ਨੇ ਲੰਗਰ ਲਈ ਜਾਗੀਰ ਦੇਣ ਦੀ ਇਛਾ ਪਰਗਟ ਕੀਤੀ ਤਾਂ ਗੁਰੂ ਜੀ ਨੇ ਕਿਹਾ ਕੇ ਲੰਗਰ ਸੰਗਤਾਂ ਦੀ ਕਮਾਈ ਨਾਲ ਚਲੇ ਤਾਂ ਠੀਕ ਹੈ ਇਸ ਲਈ ਉਨ੍ਹਾ ਨੇ ਜਾਗੀਰ ਲੇਣ ਤੋਂ ਨਾਹ ਕਰ ਦਿਤੀ।

ਆਪ ਜੀ ਵਲੋਂ ਬਾਣੀ ਦੀ ਰਚਨਾ ਵੀ ਕੀਤੇ ਗਈ ਸ਼੍ਰੀ ਗੁਰੂ ਗਰੰਥ ਸਾਹਿਬ ਵਿਚ ਆਪ ਜੀ ਵਲੋਂ ਰਚਿਤ 907 ਸ਼ਲੋਕ ਦਰਜ ਹਨ। ਉਨ੍ਹਾ ਵਿਚ ਮੁਖ ਅਨੰਦ ਸਾਹਿਬ ਜੀ ਦੀ ਰਚਨਾ ਹੈ ਜਿਸਦਾ ਹਰ ਸਿਖ ਵਲੋਂ ਅਮ੍ਰਿਤ ਵੇਲੇ ਹੋਰ ਬਾਣੀਆ ਦੇ ਨਾਲ ਜਪ ਕੀਤਾ ਜਾਂਦਾ ਹੈ। ਇਸ ਦਾ ਜਪ ਕਰਨ ਨਾਲ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ। ਮਨ ਨੂੰ ਖੁਸ਼ੀ ਮਿਲਦੀ ਹੈ। ਇਸ ਪਾਠ ਦੀਆਂ ਕੁਲ 40 ਪੌੜੀਆਂ ਹਨ। ਹਰ ਖੁਸ਼ੀ ਜਾਂ ਗ਼ਮੀ ਦੇ ਸਮੇਂ ਅਨੰਦ ਸਾਹਿਬ ਦੀਆਂ ਪੇਹ?ਲੀਆਂ ਪੰਜ ਪੌੜੀਆਂ ਅਤੇ ਅੰਤਮ ਪੌੜੀ ਦਾ ਜਪ ਕੀਤਾ ਜਾਂਦਾ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**
**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**
**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**
**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

*(ਪੰਨਾ ੯੧੭)*

ਇਸ ਸ਼ਬਦ ਦੀ ਅੰਤਿਮ ਪੰਕਤੀ ਵਿਚ ਗੁਰੂ ਜੀ ਦਸਦੇ ਹਨ ਕੇ ਉਸ ਹਿਰਦੇ-ਘਰ ਵਿਚ ਸੁਖ ਪੈਦਾ ਹੁੰਦਾ ਹੈ, ਉਸ ਹਿਰਦੇ (ਮੰਨੋ) ਵਿਚ ਇਕ ਰਸ (ਵਾਜੇ) ਵਜਦੇ ਹਨ।

**ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥**
**ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥**
**ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥**
**ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥**

*(ਪੰਨਾ ੨੬)*

ਗੁਰੂ ਜੀ ਦਸਦੇ ਹਨ ਕੇ ਜਿਨ੍ਹਾਂ ਨੇ ਸਤਗੁਰੁ ਜੀ ਦੀ ਸ਼ਰਨ ਲਈ ਹੈ ਉਨ੍ਹਾਂ ਨੂੰ ਸਾਰੇ ਪਦਾਰਥਾਂ ਦਾ ਖ਼ਜ਼ਾਨਾ ਪ੍ਰਭੂ ਨਾਮ ਪ੍ਰਾਪਤ ਕਰ ਲਿਆ ਹੈ ਓਹਨਾਂ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਰਸ ਰਚ ਗਿਆ ਹੈ ਓਹਨਾਂ ਦੇ ਮਨ ਵਿਚੋਂ ਅਹੰਕਾਰ ਦੂਰ ਹੋ ਗਿਆ ਹੈ ਓਹਨਾਂ ਦੇ ਹਿਰਦੇ ਦਾ ਕੌਲ ਫੁਲ ਖਿੜ ਗਿਆ ਹੈ ਓਹਨਾਂ ਦੀ ਸੂਰਤ ਆਤਮਕ ਅਡੋਲਤਾ ਵਿਚ ਲਗ ਗਈ ਹੈ ਓਹਨਾਂ ਦਾ ਪਵਿਤਰ ਮਨ ਹਰ ਵੇਲੇ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਓਹਨਾਂ ਨੂੰ ਪਰਮਾਤਮਾ ਦੀ ਹਜੂਰੀ ਵਿਚ ਆਦਰ ਮਿਲਦਾ ਹੈ।

ਹਿੰਦੁਸਤਾਨ ਵਿਚ ਚਿਰਾਂ ਤੋਂ ਚਲਦੀ ਆ ਰਹੀ ਸਤੀ ਦੀ ਰਸਮ ਬੰਦ ਕਾਰਣ ਵਲ ਵਿਸ਼ੇਸ਼ ਧਿਆਨ ਦਿਤਾ। ਇਸ ਰਸਮ ਮੁਤਾਬਕ ਔਰਤ ਨੂੰ ਆਪਣੇ ਪਤੀ ਦੀ ਚਿਖਾ ਨਾਲ ਜਿਓਂਦੇ ਹੀ ਸੜਨਾ ਪੈਂਦਾ ਸੀ। ਗੁਰੂ ਜੀ ਦੇ ਉਪਦੇਸ਼ ਅਨੁਸਾਰ ਸਤੀ ਓਹ ਹੈ ਜੋ ਆਪਣੇ ਪਤੀ ਦੀ ਮੌਤ ਤੋਂ ਬਾਦ ਚਲ ਚਲਣ ਉਚਾ ਅਤੇ ਸੁਚਾ ਰਖ ਕੇ ਪਰਮਾਤਮਾ ਦੀ ਬੰਦਗੀ ਕਰੇ। ਆਪ ਜੀ ਨੇ ਉਸ ਸਮੇਂ ਪਰਚਲਤ ਘੁੰਡ ਕਢਕੇ ਪਰਦੇ ਅੰਦਰ ਰਹਨ ਦੇ ਰਿਵਾਜ ਨੂੰ ਵੀ ਖਤਮ ਕੀਤਾ ਅਤੇ ਮਾਈਆਂ ਬੀਬੀਆਂ ਖੁਲੇ ਮੂੰਹ ਸੰਗਤ ਵਿਚ ਬੇਠ ਕੇ ਗੁਰੂ ਜਸ ਕਰਦੀਆਂ ਅਤੇ ਸੁਣਦੀਆਂ ਸਨ। ਸਮਾਜ ਵਿਚ ਮੌਤ ਤੋਂ ਪਿਛੋਂ ਕੀਤੀਆਂ ਜਾਣ ਵਾਲਿਆਂ ਰਸਮਾਂ ਨੂੰ ਵੀ ਹਟਾਇਆ।

ਆਮ ਜਨਤਾ ਦੇ ਸੁਖ ਆਰਾਮ ਲਈ ਸੰਮਤ 1616 ਵਿਚ ਗੋਇੰਦਵਾਲ ਵਿਚ ਬਾਓਲੀ ਲਾਵੋਣੀ ਸ਼ੁਰੂ ਕੀਤੀ ਜੋ ਲਗਭਗ 6 ਸਾਲ ਵਿਚ ਪੂਰਨ ਹੋਈ ਇਸ ਦੀਆਂ 84 ਪੌੜੀਆਂ ਬਣਵਾਈਆਂ ਗਈਆਂ ਸਨ। ਬਾਓਲੀ ਤਿਆਰ ਹੋ ਜਾਣ ਪਿਛੋਂ ਵਿਸਾਖੀ ਦਾ ਜੋੜ ਮੇਲਾ ਕਰਵੌਂਨ ਦਾ ਫੈਸਲਾ ਕੀਤਾ ਗਿਆ ਅਤੇ 1624 ਵਿਚ ਵਿਸਾਖੀ ਦਾ ਜੋੜ ਮੇਲਾ ਲਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪੁਜੀਆਂ। ਗੁਰਸਿਖੀ ਦੇ ਪਰਚਾਰ ਹਿਤ ਸਾਰੇ ਇਲਾਕੇ ਨੂੰ 22 ਮੰਜੀਆਂ ਵਿਚ ਵੰਡ ਦਿਤਾ ਗਿਆ ਅਤੇ ਹਰ ਇਲਾਕੇ ਦਾ ਇਕ ਮੰਜੀਦਾਰ ਥਾਪ ਦਿਤਾ ਗਿਆ। ਮੰਜੀਦਾਰ ਮੰਜੀ ਉਪਰ ਬੇਠ ਕੇ ਪਰਚਾਰ ਕਰਦਾ ਸੀ ਅਤੇ ਬਾਕੀ ਸੰਗਤ ਥਲੇ ਬੇਠ ਕੇ ਸੁਣਦੀ ਅਤੇ ਜਾਪ ਕਰਦੀ ਸੀ। ਮੰਜੀਦਾਰ ਸੰਗਤ ਦੇ ਸਵਾਲਾਂ ਦੇ ਜਵਾਬ ਦਿੰਦਾ ਸੀ ਅਤੇ ਜੋ ਸ਼ੰਕਾ ਰਹਿ ਜਾਂਦੀ ਸੀ ਗੁਰੂ ਜੀ ਪਾਸ ਜਾ ਕੇ ਪੁਛ ਕੇ ਸ਼ੰਕਾ ਨਵਿਰਤ ਕਰ ਦਿਤੀ ਜਾਂਦੀ ਸੀ।

ਗੁਰੂ ਜੀ ਦੇ ਪੁਤਰਾਂ ਵਿਚੋਂ ਗੱਦੀ ਲਈ ਕੋਈ ਵੀ ਯੋਗ ਨਾ ਜਾਣ ਕੇ ਆਪ ਜੀ

ਨੇ ਆਪਣੇ ਜਵਾਈਆਂ ਵਿਚੋਂ ਪੂਰੀ ਪਰਖ ਕਰ ਲੈਣ ਤੋਂ ਪਿਛੋਂ ਗੁਰਗੱਦੀ ਦੇ ਯੋਗ ਸ੍ਰੀ ਰਾਮਦਾਸ ਜੀ ਨੂੰ ਜਾਣਿਆ ਅਤੇ ਧੁਰ ਤੋਂ ਸੱਦਾ ਆ ਜਾਣ ਦਾ ਸਮਾਂ ਆ ਜਾਣ ਤੇ ਇਕ ਅੱਸੂ (ਭਾਦੋਂ ਸੁਦੀ ਪੰਦਰਾਂ) ਸੰਮਤ 1631 ਅਰਥਾਤ ਇਕ ਸਤੰਬਰ 1574 ਨੂੰ ਸ੍ਰੀ ਰਾਮਦਾਸ ਜੀ ਅਗੇ ਪੰਜ ਪੈਸੇ ਅਤੇ ਨਰੇਲ ਰਖ ਕੇ ਮੱਥਾ ਟੇਕਿਆ ਅਤੇ ਬਾਬਾ ਬੁਢਾ ਜੀ ਪਾਸੋਂ ਤਿਲਕ ਲਗਵਾਇਆ ਅਤੇ ਆਪ ਜੋਤੀ ਜੋਤ ਸਮਾਂ ਗਏ।

# ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ

ਜਦੋਂ ਇਤਿਹਾਸ ਦੇ ਪੰਨਿਆਂ ਉਪਰ ਨਜ਼ਰ ਦੌੜਾਈ ਜਾਂਦੀ ਹੈ ਤਾਂ ਪਤਾ ਲਗਦਾ ਹੈ ਜ਼ੁਲਮ ਦੀ ਇੰਤਹਾ ਹੋ ਚੁਕੀ ਸੀ ਅਤੇ ਹਿੰਦੁਸਤਾਨ ਵਿਚ ਆਮ ਹਿੰਦੂ ਸੁਰਖਿਅਤ ਨਹੀ ਸੀ ਸਮੇਂ ਦੇ ਹਾਕਮਾਂ ਵਲੋਂ ਉਨ੍ਹਾਂ ਉਪਰ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਜਬਰਦਸਤੀ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਸੀ। ਉਨ੍ਹਾਂ ਦਾ ਸਮਾਨ ਲੁਟਿਆ ਜਾ ਰਿਹਾ ਸੀ ਅਤੇ ਜੇਹੜੇ ਮੁਸਲਮਾਨ ਬਣ ਜਾਣਾ ਕਬੂਲ ਕਰ ਰਹੇ ਸਨ ਉਨਾਂ ਉਪਰ ਮੇਹਰਬਾਨੀ ਕਰ ਕੇ ਜਾਨ ਬਖਸ਼ ਦਿਤੀ ਜਾਂਦੀ ਸੀ ਅਤੇ ਹੋਰ ਤੋਹਫੇ ਅਤੇ ਜਾਗੀਰਾਂ ਦਿਤੀਆਂ ਜਾ ਰਹੀਆਂ ਸਨ ਅਤੇ ਜੋ ਹਿੰਦੂ ਇਸਲਾਮ ਕਬੂਲ ਨਹੀ ਕਰਦਾ ਸੀ ਉਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਂਦਾ ਸੀ ਅਤੇ ਉਨ੍ਹਾ ਦੀਆ ਔਰਤਾਂ ਦੀ ਬੇ ਪਤੀ ਕੀਤੀ ਜਾਂਦੀ ਸੀ ਅਤੇ ਜਾਨੋ ਵੀ ਮਾਰ ਦਿਤਾ ਜਾਂਦਾ ਸੀ। ਮਹਾਨ ਕਲਯੁਗ ਵਰਤ ਰਿਹਾ ਸੀ। ਇਹ ਕਿਹਾ ਜਾਂਦਾ ਹੈ ਕਿ ਜਦੋਂ ਧਰਤੀ ਉਪਰ ਜ਼ੁਲਮ ਵਧ ਜਾਂਦਾ ਹੈ ਤਾਂ ਅਕਾਲ ਪੁਰਖ ਵਲੋਂ ਉਸ ਜ਼ੁਲਮ ਨੂੰ ਖਤਮ ਕਰਨ ਲਈ ਕੋਈ ਮਹਾਨ ਪੁਰਸ਼ ਅਵਤਾਰ ਧਾਰਦਾ ਹੈ ਜੋ ਕਿ ਲੋਕਾਈ ਦੀ ਰਾਖੀ ਕਰਦਾ ਹੈ ਅਤੇ ਜ਼ੁਲਮ ਵਿਰੁਧ ਢਾਲ ਦਾ ਕੰਮ ਕਰਦਾ ਹੈ।

ਇਸ ਕਲਯੁਗ ਨੂੰ ਤਾਰਨ ਲਈ ਵਿਸਾਖ ਸੁਦੀ 3 (20 ਵਿਸਾਖ) ਸੰਮਤ 1526 ਅਰਥਾਤ 15 ਅਪ੍ਰੈਲ 1469 ਦਿਨ ਸ਼ਨੀਵਾਰ ਨੂੰ ਰਾਏ ਭੋਏ ਦੀ ਤਲਵੰਡੀ ਜ਼ਿਲਾ ਸ਼ੇਖੂਪੁਰਾ ਵਿਖੇ ਇਕ ਬਾਲਕ ਨੇ ਜਨਮ ਲਿਆ ਜਿਸ ਨੇ ਸੰਸਾਰ ਨੂੰ ਇਕ ਨਵੀ ਸੇਧ ਦਿਤੀ ਅਤੇ ਲੋਕਾਈ ਨੂੰ ਵੇਹਮਾਂ ਭਰਮਾਂ ਵਿਚੋਂ ਨਿਕਾਲਣ ਦੀ ਭਰਪੂਰ ਕੋਸ਼ਿਸ਼ ਕੀਤੀ। ਇਸ ਤਰਾਂ ਨਾਲ ਇਕ ਨਵਾਂ ਧਰਮ ਸਿਰਜਿਆ ਗਿਆ ਜਿਸ ਨੂੰ ਸਿਖ ਧਰਮ ਕਿਹਾ ਜਾਣ ਲਗਾ। ਰਾਏ ਭੋਏ ਦੀ ਤਲਵੰਡੀ ਦਾ ਨਾਮ ਪਿਛੋਂ ਨਨਕਾਣਾ ਸਾਹਿਬ ਪ੍ਰਸਿਧ ਹੋ ਗਿਆ। ਇਹ ਬਾਲਕ ਮਹਤਾ ਕਾਲੂ (ਮਹਿਤਾ ਕਲਿਆਨ ਦਾਸ ) ਅਤੇ ਮਾਤਾ ਤ੍ਰਿਪਤਾ ਦੇਵੀ ਦਾ ਲਾਡਲਾ ਸੀ। ਜਿਸ ਨੇ ਆਮ ਬਚਿਆਂ ਨਾਲੋਂ ਵਖਰਾ ਵਿਵਹਾਰ ਕੀਤਾ ਸੀ। ਭਾਈ ਗੁਰਦਾਸ ਜੀ ਇਸ ਹਾਲਤ ਨੂੰ ਇਸ ਤਰਾਂ ਬਿਆਨ ਕਰਦੇ ਹਨ :

**ਸੁਣੀ ਪੁਕਾਰ ਦਾਤਾਰ ਪ੍ਰਭੂ, ਗੁਰ ਨਾਨਕ ਜਗ ਮਾਇਹ ਪਠਾਇਆ।**

ਕਾਫੀ ਸਮੇਂ ਤੋਂ ਕਤਕ ਪੂਰਨ ਮਾਸੀ ਨੂੰ ਜਨਮ ਦਿਨ ਮਨਾਇਆ ਜਾਂਦਾ ਹੈ। ਆਪ ਜੀ ਦੀ ਇਕੋ ਇਕ ਭੈਣ ਸੀ ਜਿਸ ਦਾ ਨਾਮ ਬੇਬੇ ਨਾਨਕੀ ਸੀ ਅਤੇ ਉਸ ਦਾ ਜਨਮ ਸੰਮਤ 1521 ਨੂੰ ਨਾਨਕੇ ਘਰ ਪਿੰਡ ਚਾਹਲ ਤਹਸੀਲ ਲਾਹੌਰ ਵਿਚ ਹੋਇਆ ਸੀ ਇਸੇ ਕਰਕੇ ਉਸ ਦਾ ਨਾਮ ਨਾਨਕੀ ਰਖਿਆ ਗਿਆ। ਬੇਬੇ ਨਾਨਕੀ ਦਾ ਵੀਰ ਹੋਣ ਕਰਕੇ ਉਸ ਦਾ ਨਾਮ ਨਾਨਕ ਰਖਿਆ ਗਿਆ। ਬੇਬੇ ਜੀ ਦਾ ਆਪਣੇ ਵੀਰੇ ਨਾਲ ਅਥਾਹ ਪ੍ਰੇਮ ਸੀ ਅਤੇ

ਗੁਰੂ ਜੀ ਵੀ ਉਨਾਂ ਦਾ ਪੂਰਾ ਸਤਕਾਰ ਕਰਦੇ ਸਨ। ਵਖਰੇ ਵਿਵਹਾਰ ਵਾਲੇ ਨਾਨਕ ਜੀ ਸੰਤ ਸਾਧੂਆਂ ਦੀ ਸੰਗਤ ਵਿਚ ਬੈਠਣ ਦੇ ਅਤੇ ਉਨ੍ਹਾਂ ਦੀਆਂ ਗਲਾਂ ਬੜੇ ਧਿਆਨ ਨਾਲ ਸੁਣਨ ਦੇ ਸ਼ੌਕੀਨ ਸਨ। ਬਹੁਤ ਦਾਨ ਕਰਦੇ ਸਨ ਅਤੇ ਜੋ ਵੀ ਚੀਜ਼ ਘਰੋਂ ਮਿਲਦੀ ਸੀ ਦਾਨ ਕਰ ਦਿੰਦੇ ਸਨ। ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਦੇ ਇਸ ਵਤੀਰੇ ਤੋਂ ਨਾ ਖੁਸ਼ ਸਨ ਅਤੇ ਗੁਸਾ ਵੀ ਕਰਿਆ ਕਰਦੇ ਸਨ। ਜਦੋਂ ਵੀਹ ਰੁਪੈ ਦੇ ਕੇ ਲਾਭਵੰਦਾ ਕੰਮ ਕਰਨ ਲਈ ਭੇਜਿਆ ਸੀ ਤਾਂ ਸੰਤਾਂ ਨੂੰ ਭੋਜਨ ਕਰਵਾ ਕੇ ਘਰ ਪੁਜੇ ਸੀ ਤਾਂ ਪਿਤਾ ਜੀ ਨੇ ਚਪੇੜ ਵੀ ਮਾਰ ਦਿਤੀ ਸੀ ਜਿਸ ਤੇ ਭੈਣ ਨਾਨਕੀ ਨੇ ਆਪਣੇ ਵੀਰੇ ਦੀ ਤਰਫਦਾਰੀ ਕਰ ਕੇ ਆਪਣੇ ਪਿਤਾ ਨੂੰ ਅਜੇਹਾ ਕਰਨ ਤੋਂ ਵਰਜ ਦਿਤਾ ਸੀ।

ਹਿੰਦੂ ਧਰਮ ਅਨੁਸਾਰ ਉਨ੍ਹਾਂ ਨੂੰ ਚਾਰ ਜਾਤਾਂ ਵਿਚ ਵੰਡਿਆ ਹੋਇਆ ਹੈ—ਬ੍ਰਾਹਮਨ, ਖਤ੍ਰੀ, ਵੈਸ਼ ਅਤੇ ਸ਼ੂਦਰ। ਜਿਸ ਵਿਚੋਂ ਪਹਿਲੀਆਂ ਤਿਨਾਂ ਨੂੰ ਉਚ ਜਾਤਾਂ ਕਿਹਾ ਜਾਂਦਾ ਹੈ ਅਤੇ ਚੌਥੀ ਜਾਤ ਨੂੰ ਨੀਚ ਜਾਂ ਨੀਵੀ ਆਖਦੇ ਹਨ। ਉਚੀਆਂ ਜਾਤਾਂ ਵਾਲੇ ਹਿੰਦੂ ਨੀਚ ਜਾਤ ਤੋਂ ਭਿੱਟ ਮਨਾਉਂਦੇ ਹਨ। ਸ਼ੁਦਰਾਂ ਨੂੰ ਧਾਰਮਿਕ ਪੁਸਤਕਾਂ ਪੜ੍ਹਨ, ਮੰਦਰਾਂ ਵਿਚ ਜਾਣ ਅਤੇ ਪੂਜਾ ਪਾਠ ਕਰਨ ਦੀ ਆਗਿਆ ਨਹੀਂ ਹੈ। ਉਚੀਆਂ ਜਾਤਾਂ ਵਾਲੇ ਹਿੰਦੂ ਲੜਕੇ ਦੇ ਦਾਸ ਬਾਰਾਂ ਸਾਲਾਂ ਦੇ ਹੋ ਜਾਣ ਉਪਰ ਉਸ ਦੇ ਗਲ ਵਿਚ ਜਨੇਊ ਪਾਂਦੇ ਹਨ। ਜਨੇਊ ਇਕ ਸੂਤਰ ਦਾ ਧਾਗਾ ਹੁੰਦਾ ਹੈ ਜਿਸ ਨੂੰ ਪਾਉਣ ਲਈ ਦਿਨ ਮਿਥ ਲਈ ਜਾਂਦਾ ਹੈ ਅਤੇ ਸਾਰੇ ਅੰਗ ਸਾਕ ਬੁਲਾ ਕੇ ਰਸਮ ਕੀਤੀ ਜਾਂਦੀ ਹੈ। ਬਾਲ ਨਾਨਕ ਦੇ ਬਾਰਾਂ ਸਾਲ ਦਾ ਹੋ ਜਾਣ ਉਪਰੰਤ ਜਨੇਊ ਪਾ ਦੇਣ ਦਾ ਦਿਨ ਮਿਥਿਆ ਗਿਆ ਅਤੇ ਸਾਰੇ ਰਿਸ਼ਤੇਦਾਰ ਬੁਲਾਏ ਗਏ। ਪ੍ਰੋਹਤਾਂ ਨੇ ਮੰਤਰ ਪੜ੍ਹੇ ਅਤੇ ਜਦੋਂ ਜਨੇਊ ਪਾਉਣ ਲੱਗੇ ਅਤੇ ਬਾਲਕ ਨੇ ਪੁਛਿਆ ਕਿ ਇਹ ਧਾਗਾ ਮੈਨੂੰ ਕਿਉਂ ਪਾ ਰਹੇ ਹੋ। ਤਾਂ ਪੰਡਿਤ ਨੇ ਦਸਿਆ ਕਿ ਇਹ ਜਨੇਊ ਹੈ ਅਤੇ ਉਚੀ ਜਾਤ ਦੀ ਨਸ਼ਾਨੀ ਹੈ ਇਸ ਤੋਂ ਬਿਨਾ ਬੰਦਾ ਸ਼ੂਦਰ ਦੇ ਬਰਾਬਰ ਹੈ।

ਬਾਲ ਨਾਨਕ ਨੇ ਕਿਹਾ ਕਿ ਉਚੀ ਜਾਤ ਵਾਲੇ ਉਹ ਹਨ ਜੋ ਉਚੇ ਅਤੇ ਨੇਕ ਕੰਮ ਕਰਦੇ ਹਨ ਅਤੇ ਉਚੀ ਸੁਚੀ ਕਰਨੀ ਵਾਲਾ ਹੀ ਉਚਾ ਸੁਚਾ ਹੁੰਦਾ ਹੈ ਅਤੇ ਨੀਚ ਕੰਮ ਕਰਨ ਵਾਲਾ ਨੀਚ ਅਤੇ ਭਿੱਟਿਆ ਹੋਇਆ ਹੁੰਦਾ ਹੈ। ਅਤੇ ਇਹ ਧਾਗਾ ਤਾਂ ਕਚਾ ਹੈ ਇਹ ਮੈਲਾ ਹੋ ਜਾਂਦਾ ਹੈ ਪੁਰਾਣਾ ਹੋ ਕੇ ਟੁਟ ਜਾਂਦਾ ਹੈ, ਫਿਰ ਹੋਰ ਨਵਾਂ ਪਾਉਣਾ ਪਵੇਗਾ ਧਾਗੇ ਨੇ ਕੀ ਵਡਿਆਈ ਦੇਣੀ ਹੈ ਅਸਲੀ ਮਾਣ ਅਤੇ ਵਡਿਆਈ ਨੇਕ ਕੰਮ ਕਰਕੇ ਅਤੇ ਨੇਕੀ ਭਰਿਆ ਜੀਵਨ ਬਿਤਾ ਕੇ ਹੀ ਮਿਲੇਗੀ। ਪੰਡਿਤ ਨੇ ਕਿਹਾ ਕਿ ਸਾਡੇ ਪਾਸ ਇਹੋ ਹੀ ਜਨੇਊ ਹੈ ਤੁਸੀਂ ਦਸੋ ਕਿ ਕਿਹੋ ਜਿਹਾ ਜਨੇਊ ਪਾਉਣਾ ਹੈ। ਤਾਂ ਗੁਰੂ ਜੀ ਨੇ ਦਸਿਆ ਕਿ (ਜੋ ਆਸਾ ਦੀ ਵਾਰ ਵਿਚ ਦਰਜ ਹੈ):

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

*(ਸਲੋਕੁ ਮ: ੧, ਅੰਗ ੪੭੧)*

ਇਸ ਤਰਾਂ ਉਨ੍ਹਾਂ ਨੇ ਜਨੇਊ ਦੇ ਸਬੰਧ ਵਿਚ ਵਹਿਮ ਨੂੰ ਦੂਰ ਕੀਤਾ।

ਆਪ ਜੀ ਨੇ ਆਪਣੇ ਨਾਲ ਦੋ ਸੇਵਕਾਂ ਬਾਲਾ ਅਤੇ ਮਰਦਾਨਾ ਨੂੰ ਹਮੇਸ਼ਾਂ ਨਾਲ ਰਖਦੇ ਸਨ। ਆਪ ਜੀ ਨੇ ਆਪਣੇ ਜੀਵਨ ਵਿਚ ਚਾਰ ਉਦਾਸੀਆਂ ਕੀਤੀਆਂ ਅਤੇ ਉਦਾਸੀਆਂ ਸਮੇਂ ਬਾਲਾ ਜੀ ਅਤੇ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਚਲਦੇ ਚਲਦੇ ਆਪ ਇਕ ਪਿੰਡ ਵਿਚੋਂ ਲੰਘੇ ਤਾਂ ਰਾਤ ਪਿੰਡ ਵਿਚ ਰੁਕੇ ਪਿੰਡ ਵਾਸੀਆਂ ਨੇ ਆਪ ਜੀ ਦੀ ਸੇਵਾ ਕੀਤੀ ਅਤੇ ਜਦੋਂ ਸਵੇਰੇ ਚਲਣ ਲਗੇ ਤਾਂ ਪਿੰਡ ਵਾਸੀ ਆਖਣ ਲਗੇ ਕਿ ਸਾਨੂੰ ਕੋਈ ਵਰ ਦੇ ਕੇ ਜਾਓ ਤਾਂ ਗੁਰੂ ਜੀ ਨੇ ਵਰ ਦਿਤਾ ਕਿ ਉਜੜ ਜਾਵੋ ਅਤੇ ਗੁਰੂ ਜੀ ਨੇ ਅਗਲੇ ਪਿੰਡ ਵਲ ਚਲ ਪਏ। ਅਗਲੇ ਪਿੰਡ ਪੁਜੇ ਤਾਂ ਲੋਕਾਂ ਨੇ ਸੇਵਾ ਤਾਂ ਕੀ ਕਰਨੀ ਸੀ ਸਗੋਂ ਮਾੜਾ ਵਰਤਾਵ ਕੀਤਾ ਜਦੋਂ ਜਾਣ ਲਗੇ ਤਾਂ ਭਾਈ ਮਰਦਾਨਾ ਨੇ ਕਿਹਾ ਕਿ ਇਸ ਪਿੰਡ ਵਾਲਿਆਂ ਲਈ ਕੀ ਵਰ ਹੈ ਤਾਂ ਗੁਰੂ ਜੀ ਨੇ ਕਿਹਾ ਕੇ ਵਸਦੇ ਰਹੋ। ਇਸ ਤੇ ਭਾਈ ਮਰਦਾਨਾ ਜੀ ਹੈਰਾਨ ਹੋ ਕੇ ਪੁਛਣ ਲਗੇ ਕਿ ਤੁਸੀਂ ਜਿਨ੍ਹਾਂ ਨੇ ਸੇਵਾ ਕੀਤੀ ਉਨ੍ਹਾਂ ਨੂੰ ਉਜੜ ਜਾਣ ਲਈ ਆਖਿਆ ਅਤੇ ਜਿਨ੍ਹਾਂ ਨੇ ਭੈੜਾ ਵਰਤਾਵ ਕੀਤਾ ਉਨ੍ਹਾ ਨੂੰ ਵਸਦੇ ਰਹਨ ਲਈ ਅਸੀਸ ਦਿਤੀ ਹੈ। ਸਮਝ ਨਹੀ ਆ ਰਹੀ ਕਿ ਅਜੇਹਾ ਕਿਓਂ ਕੀਤਾ ਹੈ ਤਾਂ ਗੁਰੂ ਜੀ ਨੇ ਦਸਿਆ ਕੇ ਪਹਲੇ ਪਿੰਡ ਵਾਲੇ ਉਜੜ ਕੇ ਜਿਥੇ ਵੀ ਜਾਣਗੇ ਚੰਗਾ ਹੀ ਵਰਤਾਵ ਕਰਨਗੇ ਕਿਉਂ ਜੋ ਉਨ੍ਹਾਂ ਨੇ ਚੰਗਾ ਵਰਤਾਵ ਕਰਨਾ ਸਿਖਿਆ ਹੈ ਅਤੇ ਦੂਜੇ ਪਿੰਡ ਇਥੇ ਹੀ ਵਸਦੇ ਰਹਿਣ ਕਿਉਂ ਜੋ ਜੇ ਉਓਹ ਕੀਤੇ ਹੋਰ ਜਾਣਗੇ ਤਾਂ ਉਥੇ ਵੀ ਭੈੜਾ ਵਰਤਾਵ ਹੀ ਕਰਨਗੇ ਇਸ ਲਈ ਉਨ੍ਹਾਂ ਨੂੰ ਵਸਦੇ ਰਹਿਣ ਲਈ ਅਸੀਸ ਦਿਤੀ ਗਈ ਹੈ। ਇਸ ਪ੍ਰਕਾਰ ਦੇ ਅਜੀਬ ਕੌਤਕ ਰਚਾ ਕੇ ਲੋਕਾਈ ਨੂੰ ਸੇਧ ਦੇ ਰਹੇ ਸਨ।

ਵਹਿਮਾਂ ਭਰਮਾਂ ਦਾ ਬੋਲ ਬਾਲਾ ਸੀ ਲੋਕਾਈ ਨੂੰ ਸੇਧ ਦੀ ਲੋੜ ਸੀ ਅਤੇ ਸਹੀ ਸੇਧ ਨਹੀ ਮਿਲ ਰਹੀ ਸੀ ਪੰਡਿਤ ਆਪਣੇ ਮਤਲਬ ਨਾਲ ਲੋਕਾਂ ਤੋਂ ਸਮਾਂ ਇਕਠਾ ਕਰ ਰਹੇ ਸਨ। ਦੇਸ਼ ਦਾ ਚੱਕਰ ਲਾਉਂਦੇ ਹੋਏ ਲਾਹੌਰ ਪੁਜੇ ਉਥੇ ਦੁਨੀ ਚੰਦ ਨਾਮ ਦਾ ਇਕ ਧਨਾਢ ਵਿਅਕਤੀ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਉਹ ਗੁਰੂ ਜੀ ਨੂੰ ਬੁਲਾ ਕੇ ਭੋਜਨ ਪ੍ਰਸ਼ਾਦ ਛਕਾਉਣ ਲਈ ਲੈ ਗਿਆ। ਉਸ ਨੇ ਗੁਰੂ ਜੀ ਨੂੰ ਭੋਜਨ ਛਕਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਪਹਿਲਾਂ ਪੰਡਿਤਾਂ ਨੂੰ ਛਕਾ ਦਿਓ ਅਸੀਂ ਬਾਅਦ ਵਿਚ ਛਕ ਲਵਾਂਗੇ। ਦੁਨੀ ਚੰਦ ਨੇ ਸਭ ਪੰਡਿਤਾਂ ਨੂੰ ਭੋਜਨ ਛਕਾ ਦਿਤਾ ਅਤੇ ਕਾਫੀ ਦਾਨ ਵੀ ਦਿਤਾ ਅਤੇ ਉਸ ਨੂੰ ਯਕੀਨ ਸੀ ਕਿ ਇਹ ਸਭ ਕੁਝ ਉਸ ਦੇ ਪਿਤਾ ਕੋਲ ਪੁਜੇਗਾ। ਸਭ ਪਾਸੇ ਤੋਂ ਫ਼ਾਰਗ ਹੋ ਕੇ ਗੁਰੂ ਜੀ ਨੂੰ ਪ੍ਰਸ਼ਾਦ ਛਕਣ ਲਈ ਬੇਨਤੀ ਕੀਤੀ। ਗੁਰੂ ਜੀ ਦੇ ਪੁਛਣ ਤੇ ਉਸ ਨੇ ਦਸਿਆ ਕਿ ਸਾਰੇ ਪੰਡਿਤਾਂ ਨੂੰ ਰਜਾ ਦਿਤਾ ਹੈ ਅਤੇ ਕਾਫੀ ਦਾਨ ਵੀ ਦਿਤਾ ਹੈ ਇਸ ਲਈ ਮੇਰੇ ਪਿਤਾ ਜੀ ਅਤੇ ਹੋਰ ਵਡੇ ਵਡੇਰੇ ਸਭ ਆਨੰਦਿਤ ਹੋ ਗਏ ਹੋਣਗੇ।

ਗੁਰੂ ਜੀ ਨੇ ਕਿਹਾ ਕੇ ਖਾਧਾ ਤਾਂ ਪੰਡਿਤਾਂ ਨੇ ਹੈ ਅਤੇ ਪੁੱਜ ਗਿਆ ਤੇਰੇ ਪਿਤਾ ਜੀ ਨੂੰ ਉਹ ਕਿਵੇਂ ? ਅਸਲ ਗੱਲ ਇਹ ਹੈ ਕੇ ਤੇਰਾ ਪਿਤਾ ਬਹੁਤ ਧਨੀ ਸੀ, ਲੋਕਾਂ ਨੂੰ ਤੰਗ ਕਰਕੇ ਉਸ ਨੇ ਮਾਇਆ ਇਕੱਠੀ ਕੀਤੀ ਸੀ ਅਤੇ ਕਿਸੇ ਉਪਰ ਕੋਈ ਦਇਆ ਨਹੀਂ ਕੀਤੀ ਸੀ ਉਹ ਸੁਭਾਵ ਤੋਂ ਬਘਿਆੜ ਸੀ ਅਤੇ ਕਈ ਦਿਨਾਂ ਦਾ ਭੁਖਾ ਹੈ ਅੱਜ ਉਹ ਰਾਵੀ ਕੋਲ ਜੰਗਲ ਵਿਚ ਭੁਖਾ ਬੈਠਾ ਹੈ ਪੰਡਿਤਾਂ ਦਾ ਖਾਧਾ ਭੋਜਨ ਉਸ ਕੋਲ ਨਹੀ ਪੁੱਜਾ, ਤੂੰ ਆਪ

ਜਾ ਕੇ ਦੇਖ ਸਕਦਾ ਹੈਂ। ਦੁਨੀ ਚੰਦ ਹੈਰਾਨ ਹੋਇਆ ਅਤੇ ਬੇਨਤੀ ਕੀਤੀ ਕਿ ਮੇਰੇ ਪਿਤਾ ਜੀ ਨੂੰ ਇਸ ਜੂਨ ਵਿਚੋਂ ਕਢੋ। ਫੇਰ ਗੁਰੂ ਜੀ ਦੀ ਆਗਿਆ ਲੈ ਕੇ ਰਾਵੀ ਪਰ ਜੂਹ ਵਿਚ ਪੁਜਾ ਅਤੇ ਨਾਲ ਕਾਫੀ ਸਾਰਾ ਭੋਜਨ ਵੀ ਲੈ ਕੇ ਗਿਆ ਬਘਿਆੜ ਨੂੰ ਖਵਾਇਆ ਉਹ ਰੱਜ ਗਿਆ ਅਤੇ ਫੇਰ ਉਸ ਵੇਲੇ ਮਰ ਗਿਆ ਅਤੇ ਮੁਕਤੀ ਪ੍ਰਾਪਤ ਕਰ ਲਈ। ਵਾਪਸ ਆ ਕੇ ਜਦੋਂ ਗੁਰੂ ਜੀ ਨੂੰ ਦਸਿਆ ਤਾਂ ਉਨ੍ਹਾਂ ਨੇ ਦਸਿਆ ਕੇ ਉਸ ਦੀ ਜੂਨ ਕੱਟੀ ਗਈ ਹੈ। ਉਨ੍ਹਾਂ ਨੇ ਸਮਝਾਇਆ ਕੇ ਵੇਹਲੜਾਂ ਨੂੰ ਖਵਾਉਣ ਦੀ ਬਜਾਏ ਗਰੀਬ ਅਤੇ ਮੁਥਾਜਾਂ ਦੀ ਮਦਦ ਕੀਤੀ ਜਾਵੇ। ਇਸ ਤਰਾਂ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ।

ਗੁਰੂ ਜੀ ਨੇ ਲੋਕਾਈ ਨੂੰ ਸਮਝਾਇਆ ਕਿ ਸਾਨੂੰ ਮਿਠੇ ਬੋਲ ਬੋਲ ਕੇ ਹੀ ਠੀਕ ਤਰਾਂ ਨਾਲ ਜੀਵਨ ਜੀਵਿਆ ਜਾ ਸਕਦਾ ਹੈ ਸਾਨੂੰ ਸਾਥੀਆ ਨਾਲ ਆਪਣੇ ਤੋਂ ਛੋਟਿਆ ਨਾਲ ਅਤੇ ਆਪਣੇ ਤੋਂ ਵਡਿਆਂ ਨਾਲ ਪਿਆਰ ਭਰਿਆ ਵਰਤਾਵ ਕਰਨਾ ਚਾਹੀਦਾ ਹੈ। ਜਿਵੇਂ ਗੁਰੂ ਜੀ ਨੇ ਆਸਾ ਦੀ ਵਾਰ ਵਿਚ ਦਸਿਆ ਹੈ ਕਿ :

**ਸਲੋਕੁ ਮਃ ੧ ॥**
**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥**
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥**
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**
**ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥**
**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥**
**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥**
**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥**

*(ਅੰਗ ੪੭੦)*

ਇਸ ਸ਼ਬਦ ਵਿਚ ਗੁਰੂ ਜੀ ਨੇ ਸਮਝਾਇਆ ਹੈ ਕਿ ਮਿਠਤ ਹੀ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਹੀ ਨਿਚੋੜ ਹੈ ਨਿਵਣਾ ਠੀਕ ਹੈ ਪਰੰਤੂ ਜੇਕਰ ਦਿਲ ਵਿਚ ਮਾੜੇ ਵਿਚਾਰ ਹੋਣ ਤਾਂ ਕੇਵਲ ਸਿਰ ਨਿਵਾਣ ਦਾ ਕੋਈ ਅਰਥ ਨਹੀ ਬਣਦਾ ਹੈ।

ਜਿਵੇਂ ਕਿ ਉੱਪਰ ਦਸਿਆ ਜਾ ਚੁਕਾ ਹੈ ਆਮ ਲੋਕਾਈ ਦੀ ਹਾਲਤ ਤਰਸਯੋਗ ਸੀ ਅਤੇ ਔਰਤ ਦੀ ਹਾਲਤ ਇਸ ਤੋਂ ਵੀ ਮਾੜੀ ਸੀ ਔਰਤ ਨੂੰ ਕੇਵਲ ਵਸਤੂ ਸਮਝਿਆ ਜਾਂਦਾ ਸੀ ਗੁਰੂ ਜੀ ਨੇ ਔਰਤ ਦੇ ਹਕ ਵਿਚ ਅਵਾਜ਼ ਬੁਲੰਦ ਕੀਤੀ ਅਤੇ ਲੋਕਾਂ ਨੂੰ ਦਸਿਆ ਕਿ ਔਰਤ ਦਾ ਸਤਕਾਰ ਕੀਤਾ ਜਾਵੇ ਓਹਨਾਂ ਨੇ ਬਾਣੀ ਵਿਚ ਲਿਖਿਆ ਕਿ ਔਰਤ ਵੀ ਪਰਮਾਤਮਾ ਦਾ ਬਣਾਇਆ ਹੋਇਆ ਜੀਵ ਹੈ ਅਤੇ ਓਹ ਲਿਖਦੇ ਹਨ ਕਿ :

**ਮਃ ੧ ॥**
**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**
**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥**
**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥** *(ਅੰਗ ੪੭੩)*

ਬਾਬਾ ਨਾਨਕ ਜੀ ਨੇ ਬਾਣੀ ਦੀ ਰਚਨਾ ਕੀਤੀ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਅਤੇ ਸਿਖਾਂ ਦੇ ਵਰਤਮਾਨ ਸ਼ਬਦ ਗੁਰੂ ਹਨ ਉਸ ਵਿਚ 19 ਵੱਖਰੇ ਵੱਖਰੇ ਰਾਗਾਂ ਵਿਚ 974 ਸ਼ਬਦ ਹਨ। ਜਿਸ ਵਿਚ ਜਪੁਜੀ ਸਾਹਿਬ, ਸਿਧ ਗੋਸਟ ਆਸਾ ਦੀ ਵਾਰ ਅਤੇ ਬਾਰਹਮਾਹ ਸ਼ਾਮਲ ਹਨ। ਬਾਣੀ ਵਿਚ ਉਨ੍ਹਾਂ ਨੇ ਸਿਧਾਂ ਨਾਲ ਵਿਚਾਰ ਕਰ ਕੇ ਉਨ੍ਹਾਂ ਨੂੰ ਦਰੁਸਤ ਮਾਰਗ ਉਪਰ ਚਲਣ ਲਈ ਪ੍ਰੇਰਿਆ। ਬਾਣੀ ਨੂੰ ਲੋਕਾਂ ਦੀ ਭਾਸ਼ਾ ਵਿਚ ਉਚਾਰ ਕੇ ਆਮ ਲੋਕਾਂ ਦੀ ਪਹੁੰਚ ਵਿਚ ਕਰ ਦਿਤਾ ਅਤੇ ਹਰ ਨਾਨਕ ਨਾਮ ਲੇਵਾ ਬਿਨਾ ਜਾਤ ਪਾਤ ਵਿਚਾਰੇ ਇਸ ਬਾਣੀ ਨੂੰ ਪੜ੍ਹ ਸਕਦਾ ਹੈ, ਅਰਥ ਸਮਝ ਸਕਦਾ ਹੈ। ਇਸ ਤਰਾਂ ਪੰਡਿਤਾਂ ਦੀ ਚੁੰਗਲ ਵਿਚੋਂ ਆਮ ਲੋਕਾਈ ਨੂੰ ਆਜ਼ਾਦ ਕਰਵਾਇਆ ਗਿਆ ਸੀ ਭਾਵੇਂ ਸਮੇਂ ਸਮੇਂ ਤੇ ਵਿਰੋਧ ਹੋਇਆ ਪਰੰਤੂ ਦਲੀਲਾਂ ਨਾਲ ਸਮਝਾ ਕੇ ਗੁਰੂ ਜੀ ਨੇ ਪੰਡਿਤਾਂ ਨੂੰ ਵੀ ਠੀਕ ਮਾਰਗ ਉਪਰ ਚਲਣ ਦੀ ਸਿਖਿਆ ਦਿਤੀ। ਗੁਰੂ ਜੀ ਨੇ ਵੱਖਰਾ ਪੰਥ ਚਲਾਇਆ ਅਤੇ ਇਸ ਪੰਥ ਦੇ ਪੈਰੋਕਾਰਾਂ ਨੂੰ ਸਿੱਖ ਆਖਿਆ ਜਾਂਦਾ ਹੈ।

# ਭਾਗ ਦੂਜਾ

## ਚਿੜੀ ਵਿਚਾਰੀ ਕੀ ਕਰੇ

ਸਾਡੇ ਦੇਸ਼ ਦੇ ਅੰਦਰ ਦੋ-ਸਦਨੀ ਪ੍ਰਣਾਲੀ ਚਲ ਰਹੀ ਹੈ। ਹੇਠਲੇ ਸਦਨ ਨੂੰ ਲੋਕ ਸਭਾ ਅਤੇ ਉਪਰਲੇ ਸਦਨ ਨੂੰ ਰਾਜ ਸਭਾ ਆਖਿਆ ਜਾਂਦਾ ਹੈ। ਲੋਕ ਸਭਾ ਦੇ ਮੈਂਬਰ ਸਿੱਧੀ ਚੋਣ ਰਾਹੀਂ ਆਮ ਲੋਕਾਂ ਦੁਆਰਾ ਚੁਣੇ ਜਾਂਦੇ ਹਨ ਜਦੋਂ ਕਿ ਰਾਜ ਸਭਾ ਦੇ ਮੈਂਬਰ ਦੀ ਚੋਣ ਸਿੱਧੀ ਨਹੀਂ ਹੁੰਦੀ ਹੈ। ਨਵੰਬਰ 2016 ਵਿਚ ਲਗਭਗ ਇਕ ਮਹੀਨਾ ਚਲੇ ਸਰਦ ਰੁੱਤ ਦੇ ਇਜਲਾਸ ਸਮੇਂ ਦੋਹਾਂ ਸਦਨਾਂ ਦੇ ਅੰਦਰ ਕੋਈ ਵੀ ਖ਼ਾਸ ਕਾਰਵਾਈ ਨਹੀਂ ਹੋ ਸਕੀ। ਜੇਕਰ ਕਾਰਵਾਈ ਨੂੰ ਧਿਆਨ ਨਾਲ ਦੇਖਦੇ ਹਾਂ ਤਾਂ ਪਤਾ ਲੱਗਦਾ ਹੈ ਵਿਛੜਿਆਂ ਨੂੰ ਸ਼ਰਧਾਂਜਲੀ ਸਮੇਂ ਹੀ ਸ਼ਾਂਤੀ ਸੀ ਜੋ ਕਿ ਕੁਝ ਕੁ ਮਿੰਟਾਂ ਦੀ ਮਹਿਮਾਨ ਸੀ ਬਾਕੀ ਸਮਾਂ ਦੋਵੇਂ ਧਿਰਾਂ ਭਾਵ ਸਰਕਾਰ ਚਲਾ ਰਹੀ ਪਾਰਟੀ ਅਤੇ ਵਿਰੋਧ ਵਿਚ ਬੈਠੀ ਪਾਰਟੀ ਇਕ ਦੂਸਰੇ ਉਪਰ ਦੋਸ਼ ਮੜ੍ਹਦੀਆਂ ਰਹੀਆਂ। ਨੋਟਬੰਦੀ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਸੀ ਪਰੰਤੂ ਦੋਵੇਂ ਧਿਰਾਂ ਉਸ ਉਪਰ ਬਹਿਸ ਨਾ ਕਰ ਸਕੀਆਂ। ਆਮ ਜਨਤਾ ਨੂੰ ਚਲ ਰਹੇ ਸਦਨ ਵਿਚ ਕੁਝ ਰਾਹਤ ਮਿਲਣ ਦੀ ਆਸ ਘਟੇ ਵਿਚ ਹੀ ਰੁਲ ਗਈ। ਸੰਸਦ ਦੀ ਰਵਾਇਤ ਅਨੁਸਾਰ ਸਰਕਾਰ ਚਲਾ ਰਹੀ ਪਾਰਟੀ ਦੁਆਰਾ ਇਜਲਾਸ ਦੇ ਸਮੇਂ ਪ੍ਰਧਾਨ ਮੰਤਰੀ ਦੁਆਰਾ ਕਿਸੇ ਵੀ ਅਹਿਮ ਮਸਲੇ ਸਮੇਂ ਸੰਸਦ ਵਿਚ ਸਪਸ਼ਟੀਕਰਨ ਰਾਹੀਂ ਸੰਸਦ ਵਿਚ ਵਿਸ਼ਵਾਸ ਪ੍ਰਗਟ ਕੀਤਾ ਜਾਂਦਾ ਰਿਹਾ ਹੈ। ਪਰੰਤੂ ਨਵੰਬਰ ਦੀ 8 ਤਾਰੀਖ ਨੂੰ ਅਚਾਨਕ 500 ਅਤੇ 1000 ਦੇ ਨੋਟਾਂ ਨੂੰ ਬੰਦ ਕਰਨ ਸਮੇਂ ਆਮ ਐਲਾਨ ਕਰ ਦਿੱਤਾ ਗਿਆ ਸੀ। ਬਾਅਦ ਵਿਚ ਸੰਸਦ ਨੂੰ ਭਰੋਸੇ ਵਿਚ ਲੈਣ ਦਾ ਯਤਨ ਹੀ ਨਹੀਂ ਕੀਤਾ ਗਿਆ। ਉਸ ਤੋਂ ਬਾਅਦ ਸਮੇਂ ਸਮੇਂ ਤੇ ਕੁਝ ਰਾਹਤਾਂ ਦੇ ਕੀਤੇ ਗਏ ਐਲਾਨ ਵੀ ਸੰਸਦ ਤੋਂ ਬਾਹਰ ਹੀ ਕੀਤੇ ਗਏ। ਇਹ ਕਿਰਿਆ ਹਾਲੇ ਵੀ ਚਲ ਰਹੀ ਹੈ। ਰੋਜ਼ਾਨਾ ਹੀ ਨਵੇਂ ਨਵੇਂ ਨਿਯਮ ਬਣਾਏ ਜਾ ਰਹੇ ਹਨ ਪਰੰਤੂ ਉਹਨਾਂ ਉਪਰ ਅਮਲ ਕਿਤਨਾ ਹੋ ਰਿਹਾ ਹੈ ਉਹ ਤਾਂ ਕਤਾਰਾਂ ਵਿਚ ਖੜੇ ਲੋਕ ਬੇਹਤਰ ਜਾਣਦੇ ਹਨ। ਜਦੋਂ ਇਹ ਆਖਿਆ ਜਾਂਦਾ ਹੈ ਕਿ ਨਵੇਂ ਨੋਟ ਬੈਂਕਾਂ ਵਿਚ ਪੁਚਾਏ ਜਾ ਚੁਕੇ ਹਨ ਪਰੰਤੂ ਜਦੋਂ ਕਤਾਰਾਂ ਵਿਚ ਖੜੇ ਲੋਕ ਇਹ ਸੂਚਨਾ ਪੜ੍ਹਦੇ ਹਨ ਕਿ ਬੈਂਕ ਦੇ ਅੰਦਰ ਕੈਸ਼ ਨਹੀਂ ਹੈ ਤਾਂ ਅਸਲੀਅਤ ਪ੍ਰਗਟ ਹੋ ਜਾਂਦੀ ਹੈ।

ਰਾਜ ਚਲਾ ਰਹੀ ਪਾਰਟੀ ਦੇ ਨੇਤਾ ਸ੍ਰੀ ਅਡਵਾਨੀ ਜੀ ਨੇ ਦੋਹਾਂ ਸਦਨ ਦੇ ਅੰਦਰ ਕਾਰਵਾਈ ਨਾ ਚੱਲਣ ਕਰ ਕੇ ਉਦਾਸੀ ਭਰੇ ਮਨ ਨਾਲ ਆਖਿਆ ਕਿ ਮੇਰਾ ਮਨ ਹੈ ਕਿ ਮੈਂ ਅਸਤੀਫਾ ਦੇ ਦੇਵਾਂ। ਉਪਰਲੇ ਸਦਨ ਦੇ ਸਭਾਪਤੀ ਜੀ ਵਲੋਂ ਵੀ ਕਾਰਵਾਈ ਚੱਲਣ ਦੇਣ ਲਈ ਕੀਤੀ ਬੇਨਤੀ ਦਾ ਵੀ ਕੋਈ ਅਸਰ ਨਹੀਂ ਹੋਇਆ। ਲੋਕ ਸਭਾ ਦੇ ਸਪੀਕਰ

ਸਾਹਿਬ ਵਲੋਂ ਵੀ ਸਦਨ ਨੂੰ ਚਲਣ ਦੇਣ ਲਈ ਵਾਰ-ਵਾਰ ਕੀਤੀਆਂ ਬੇਨਤੀਆਂ ਵੀ ਵਿਅਰਥ ਹੀ ਗਈਆਂ। ਮਾਨਯੋਗ ਰਾਸ਼ਟਰਪਤੀ ਜੀ ਨੇ ਵੀ ਰੱਬ ਦਾ ਵਾਸਤਾ ਪਾ ਕੇ ਇਹਨਾਂ ਦੋਵੇਂ ਸੰਸਥਾਵਾਂ ਦੇ ਕੰਮ-ਕਾਰ ਨੂੰ ਚਾਲੂ ਰੱਖਣ ਦੀ ਬੇਨਤੀ ਦੋਹਾਂ ਧਿਰਾਂ ਨੂੰ ਹੀ ਕੀਤੀ ਪਰੰਤੂ ਕਾਰਵਾਈ ਫੇਰ ਵੀ ਨਹੀਂ ਚਲਾਈ ਜਾ ਸਕੀ ਦੋਵੇਂ ਧਿਰਾਂ ਆਪੋ-ਆਪਣੀ ਜ਼ਿੱਦ ਤੇ ਅੜੀਆਂ ਹੀ ਰਹੀਆਂ। ਇਸ ਵਾਰ ਲੋਕ ਸਭਾ ਦੀਆਂ ਕੁਲ 21 ਬੈਠਕਾਂ ਕੇਵਲ 19 ਘੰਟੇ ਹੀ ਚਲੀਆਂ। ਸੂਚੀਬੱਧ 330 ਪ੍ਰਸ਼ਨਾਂ ਵਿਚੋਂ ਕੇਵਲ ਦੋ ਪ੍ਰਸ਼ਨਾਂ ਦੇ ਜਵਾਬ ਦਿਤੇ ਗਏ ਉਹ ਵੀ ਜ਼ਬਾਨੀ ਉਤਰ ਹੀ ਦਿਤੇ ਗਏ ਸਨ। ਪ੍ਰਸ਼ਨ-ਕਾਲ ਦੇ ਦੌਰਾਨ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਪਰਿਕਿਰਿਆ ਨੂੰ ਫੇਸਬੁਕ ਉਪਰ ਵਿਖਾਏ ਜਾਣ ਕਾਰਨ ਇਕ ਸੰਸਦ ਮੈਂਬਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਇਸ ਵਾਰ ਉਸ ਪ੍ਰਸ਼ਨ ਸਮੇਂ ਦੌਰਾਨ ਉਠਾਏ 440 ਸਵਾਲਾਂ ਵਿਚੋਂ ਕੇਵਲ 50 ਦੇ ਉਤਰ ਹੀ ਦਿਤੇ ਗਏ ਹਨ। ਬਾਕੀ ਸਵਾਲ ਤਾਂ ਹਾਲੇ ਜਵਾਬਾਂ ਦੀ ਉਡੀਕ ਵਿਚ ਸਨ ਕਿ ਸੰਸਦ ਦੀ ਕਾਰਵਾਈ ਹੀ ਮੁਕ ਗਈ। ਅਖਬਾਰੀ ਰਿਪੋਰਟਾਂ ਅਨੁਸਾਰ ਸਦਨ ਦੀ ਕਾਰਵਾਈ ਦਾ ਖ਼ਰਚ ਲਗਭਗ ਡੇਢ ਕਰੋੜ ਰੁਪਿਆ ਪ੍ਰਤੀ ਘੰਟਾ ਹੈ ਅਤੇ ਸਦਨ ਦੀ ਕਾਰਵਾਈ ਨਾ ਚਲਣ ਜਾਂ ਨਾ ਚਲਾਉਣ ਦੇਣ ਕਾਰਨ 199 ਕਰੋੜ ਰੁਪਏ ਅਜਾਈਂ ਚਲੇ ਗਏ। ਨਕਦੀ ਤੋਂ ਬਿਨਾਂ ਜਿਹੜੀਆਂ ਜਾਨਾਂ ਕਤਾਰ ਵਿਚ ਖੜੇ ਹੋਣ ਕਾਰਣ ਚਲੀਆਂ ਗਈਆਂ ਉਹਨਾਂ ਦਾ ਨੁਕਸਾਨ ਤਾਂ ਨਾ ਪੂਰਣਯੋਗ ਹੈ। ਕੀ ਅਸੀਂ ਇਤਨਾ ਨੁਕਸਾਨ ਸਹਿਣ ਯੋਗ ਹਾਂ ? ਇਸ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ ਅਤੇ ਇਸ ਵਿਅਰਥ ਹੋਏ ਸਮੇਂ ਨੂੰ ਸਕਾਰਥ ਕਰ ਸਕਦੇ ਸੀ। ਕੀ ਅਸੀਂ ਇਹ ਸੋਚਣ ਲਈ ਮਜਬੂਰ ਹਾਂ ਕਿ ਦੋਹਾਂ ਸਦਨਾਂ ਦੇ ਅੰਦਰ ਗੈਰ ਜ਼ਿਮੇਂਵਾਰ ਮੈਂਬਰ ਬੈਠੇ ਹਨ ਜੋ ਆਮ ਜਨਤਾ ਬਾਰੇ ਸੋਚਣ ਤੋਂ ਕਿਨਾਰਾ ਕਰੀ ਬੈਠੇ ਹਨ। ਸਾਰੇ ਮੈਂਬਰ ਇਕੋ ਜਿਹੇ ਨਹੀਂ ਹੋ ਸਕਦੇ ਕੁਝ ਗੰਭੀਰ ਵੀ ਹਨ ਪਰੰਤੂ ਉਹ ਕੇਵਲ ਉਦਾਸ ਹਨ।

ਸਰਕਾਰਾਂ ਵਲੋਂ ਅਕਸਰ ਇਹ ਨਿਯਮ ਬਣਾਇਆ ਜਾਂਦਾ ਹੈ ਕਿ ਜੇ ਮੁਲਾਜ਼ਮ ਕੰਮ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਤਨਖਾਹ ਨਾ ਦਿਤੀ ਜਾਵੇ ਅਜਿਹਾ ਅਕਸਰ ਹੀ ਆਖਿਆ ਜਾਂਦਾ ਹੈ ਜਦੋਂ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਹੜਤਾਲ ਕਰਦੇ ਹਨ। ਕੀ ਇਹ ਨਿਯਮ ਸੰਸਦ ਦੇ ਮੈਂਬਰਾਂ ਉਪਰ ਲਾਗੂ ਕੀਤਾ ਜਾਵੇਗਾ ? ਉਨ੍ਹਾਂ ਨੂੰ ਮਿਲਣ ਵਾਲੇ ਭੱਤੇ ਵੀ ਰੋਕੇ ਜਾਣੇ ਚਾਹੀਦੇ ਹਨ। ਕੀ ਉਹ ਆਪਣੀਆਂ ਇਸ ਸਮੇਂ ਦੀਆਂ ਤਨਖਾਹਾਂ ਅਤੇ ਭੱਤੇ ਸਰਕਾਰ ਨੂੰ ਵਾਪਸ ਕਰ ਦੇਣਗੇ ? ਪਿੱਛੇ ਜਿਹੇ ਅਖਬਾਰਾਂ ਰਾਹੀਂ ਆਮ ਲੋਕਾਂ ਨੂੰ ਪਤਾ ਲੱਗਾ ਸੀ ਕਿ ਸੰਸਦ ਮੈਂਬਰਾਂ ਲਈ ਬਣੀ ਕੰਟੀਨ ਅੰਦਰ ਵਸਤਾਂ ਬਹੁਤ ਹੀ ਨਾ-ਮਾਤਰ ਕੀਮਤਾਂ ਤੇ ਉਪਲਬਧ ਹਨ। ਉਨ੍ਹਾਂ ਉਪਰ ਵੀ ਨਜ਼ਰਸਾਨੀ ਕਰਨ ਦੀ ਲੋੜ ਹੈ। ਜੇਕਰ ਸਾਡੇ ਨੇਤਾ ਆਦਰਸ਼ ਬਣ ਜਨਤਾ ਦੀ ਅਗਵਾਈ ਕਰਨ ਤਾਂ ਸੁਧਾਰ ਜਲਦੀ ਹੋ ਸਕਦਾ ਹੈ। ਜਨਤਾ ਲਈ ਸਖ਼ਤ ਨਿਯਮ ਬਣਾਉਣ ਦੀ ਲੋੜ ਨਹੀਂ ਪਵੇਗੀ।

ਨੋਟਬੰਦੀ ਸਮੇਂ ਕੀਤੇ ਐਲਾਨ ਵੇਲੇ ਜਨਤਾ ਨੂੰ ਦੱਸਿਆ ਗਿਆ ਕਿ ਇਹ ਕਦਮ ਕਾਲੇ ਧਨ ਨੂੰ ਕਾਬੂ ਹੇਠ ਕਰਨ ਤੋਂ ਇਲਾਵਾ ਦਹਿਸ਼ਤਗਰਦੀ ਉਪਰ ਕਾਬੂ ਪਾਉਣ ਵਿਚ ਅਤੇ ਨਕਲੀ ਕਰੰਸੀ ਉਪਰ ਕਾਬੂ ਪਾਉਣ ਵਰਗੇ ਘਿਨੌਣੇ ਕਾਰਨਾਮਿਆਂ ਦੀ ਰੋਕ-ਥਾਮ ਵਿਚ ਸਹਾਈ ਹੋਣਗੇ। ਹੁਣ ਜਦੋਂ ਪ੍ਰੈਕਟੀਕਲ ਕਰਨ ਤੋਂ ਬਾਅਦ ਪਤਾ ਲੱਗਾ ਕਿ ਇਹਨਾਂ

ਕੰਮਾਂ ਵਿਚੋਂ ਕੋਈ ਵੀ ਟੀਚਾ ਹਾਸਲ ਨਹੀਂ ਕੀਤਾ ਜਾ ਰਿਹਾ ਤਾਂ ਨਵਾਂ ਫਾਰਮੂਲਾ ਦੱਸਿਆ ਜਾ ਰਿਹਾ ਹੈ ਕਿ ਆਮ ਜਨਤਾ ਨੂੰ ਡਿਜਿਟਲ ਢੰਗ ਅਪਣਾ ਲੈਣੇ ਚਾਹੀਦੇ ਹਨ। ਜਦੋਂ ਕਿ ਡਿਜਿਟਲ ਹੋਣ ਲਈ ਤਿਆਰੀ ਦੀ ਬਹੁਤ ਲੋੜ ਹੈ ਜਿਸ ਵਿਚ ਇੰਟਰਨੈਟ ਨੂੰ ਉਪਲਬਧ ਕਰਵਾਉਣਾ ਅਤੇ ਉਸ ਦੀ ਤੇਜ਼ ਸਪੀਡ ਹੋਣੀ ਅਤਿ ਜ਼ਰੂਰੀ ਹਾਲਤਾਂ ਹਨ ਜਿਨ੍ਹਾਂ ਦੀ ਸਾਡੇ ਦੇਸ਼ ਅੰਦਰ ਹਾਲੇ ਘਾਟ ਹੈ ਜਿਸ ਨੂੰ ਪੂਰਾ ਕਰਨ ਵਿਚ ਸਮਾਂ ਲਗੇਗਾ। ਬਹੁਤ ਸਾਰੀਆਂ ਸਵਾਈਪਿੰਗ ਮਸ਼ੀਨਾਂ ਦੀ ਲੋੜ ਹੈ ਜੋ ਸਾਡੇ ਦੇਸ਼ ਭਾਰਤ ਅੰਦਰ ਨਹੀਂ ਬਣਦੀਆਂ ਉਨ੍ਹਾਂ ਨੂੰ ਉਪਲਬਧ ਕਰਵਾਉਣ ਵਿਚ ਕਾਫੀ ਸਮਾਂ ਲਗੇਗਾ। ਇਸ ਲਈ ਬਹੁਤ ਸਾਰੀ ਤਿਆਰੀ ਕਰਨ ਤੋਂ ਬਾਅਦ ਜੇ ਕਰ ਇਹ ਕਦਮ ਉਠਾਏ ਜਾਂਦੇ ਤਾਂ ਇਹ ਵਧੇਰੇ ਅਸਰਦਾਰ ਹੋਣੇ ਸੀ ਅਤੇ ਆਮ ਜਨਤਾ ਨੂੰ ਤਕਲੀਫ ਵੀ ਘਟ ਹੋਣੀ ਸੀ। ਜਨਤਾ ਤਾਂ ਹਾਲੇ ਵੀ ਸਬਰ ਕਰ ਰਹੀ ਹੈ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਸ ਤੋਂ ਬਾਅਦ ਅੱਛੇ ਦਿਨ ਛੇਤੀ ਹੀ ਜਾਣਗੇ ਅਤੇ ਉਹ ਇੱਕ ਇੱਕ ਕਰ 50 ਦਿਨ ਪੂਰੇ ਹੋਣ ਦੀ ਇੰਤਜ਼ਾਰ ਵਿਚ ਹੈ। ਏ.ਟੀ.ਐਮ. ਨੂੰ ਤਾਂ ਹਾਲੇ ਪੂਰੀ ਜਨਤਾ ਵਰਤ ਨਹੀਂ ਰਹੀ ਹੈ, ਬਹੁਤ ਸਾਰੇ ਏ.ਟੀ.ਐਮ. ਕਾਰਡ ਪਏ-ਪਏ ਬੇਕਾਰ ਹੋ ਰਹੇ ਹਨ, ਪੜ੍ਹੇ-ਲਿਖੇ ਵੀ ਉਸ ਦੀ ਵਰਤੋਂ ਨਹੀਂ ਕਰ ਰਹੇ ਹਨ। ਕਾਫੀ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਏ.ਟੀ.ਐਮ. ਕਾਰਡ ਰਾਹੀਂ ਕੈਸ਼ ਪ੍ਰਾਪਤ ਕਰਨ ਤੋਂ ਬਿਨਾਂ ਹੋਰ ਕੰਮ ਜਿਵੇਂ ਖ਼ਰੀਦ ਆਦਿ ਵੀ ਕੀਤੀ ਜਾ ਸਕਦੀ ਹੈ। ਲੋਕਾਂ ਨੂੰ ਸਿਖਲਾਈ ਦੇਣ ਦੀ ਲੋੜ ਹੈ ਜਿਸ ਲਈ ਵਧੇਰੇ ਸਮਾਂ ਲੋੜੀਂਦਾ ਹੈ।

ਕਾਲੇ ਧਨ ਨੂੰ ਕਾਬੂ ਹੇਠ ਕਰਨ ਲਈ ਸਾਡੇ ਕੋਲ ਕਾਫ਼ੀ ਸਖ਼ਤ ਕਾਨੂੰਨ ਬਣੇ ਹੋਏ ਹਨ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਪੁਲਿਸ, ਟੈਕਸ ਅਧਿਕਾਰੀ ਅਤੇ ਹੋਰ ਸਹਾਇਕਾਂ ਦੀ ਪੂਰੀ ਫ਼ੌਜ ਤਾਇਨਾਤ ਕੀਤੀ ਹੋਈ ਹੈ। ਫਿਰ ਵੀ ਕਾਲੇ ਧਨ ਵਾਲੇ ਭ੍ਰਿਸ਼ਟਾਚਾਰ ਦਾ ਰਸਤਾ ਲੈ ਆਪਣੇ ਕੰਮ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਅਤੇ ਸਾਡੇ ਕਾਬੂ ਕਰਨ ਵਾਲੇ ਅਧਿਕਾਰੀ ਹੱਥ ਮਲਦੇ ਰਹਿ ਜਾਂਦੇ ਹਨ। ਖ਼ਬਰਾਂ ਰਾਹੀਂ ਇਹ ਵੀ ਸਪਸ਼ਟ ਹੈ ਕਿ ਸਾਡੇ ਰਾਜ ਨੇਤਾ, ਭਾਵੇਂ ਸਾਰੇ ਬਰਾਬਰ ਨਹੀਂ ਹੁੰਦੇ, ਉਨ੍ਹਾਂ ਦੀ ਲੁਕਵੇਂ ਢੰਗ ਨਾਲ ਮਦਦ ਕਰਦੇ ਹਨ। ਕੁਝ ਥੋੜ੍ਹੀ ਪ੍ਰਤੀਸ਼ਤ ਲੋਕਾਂ ਦੇ ਮਾੜੇ ਕੰਮਾਂ ਕਾਰਨ ਹੀ ਜਨਤਾ ਨੂੰ ਮੁਸ਼ਕਿਲ ਹਾਲਤ ਵਿਚੋਂ ਲੰਘਣ ਲਈ ਮਜਬੂਰ ਕੀਤਾ ਗਿਆ ਹੈ। ਇਹ ਤਾਂ ਇਸ ਤਰ੍ਹਾਂ ਹੋਇਆ ਹੈ ਜਿਵੇਂ ਨਾਨੀ ਖਸਮ ਕਰੇ ਦੋਹਤਾ ਚੱਟੀ ਭਰੇ। ਭਾਵ ਗ਼ਲਤੀ ਕੋਈ ਕਰੇ ਤੇ ਸਜ਼ਾ ਹੋਰ ਨੂੰ ਦਿਤੀ ਜਾਵੇ। ਇਹ ਕੋਈ ਇਨਸਾਫ਼ ਹੈ ?

ਨੋਟਬੰਦੀ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਬਹੁਤ ਸਾਰੇ ਨਿਯਮ ਬਣਾਉਣ ਦੀ ਲੋੜ ਪਈ ਅਤੇ ਕੁਝ ਨਿਯਮ ਜਨਤਾ ਜਾਂ ਨੇਤਾਵਾਂ ਦੇ ਵਿਰੋਧ ਕਾਰਨ ਵਾਪਸ ਵੀ ਲੈਣੇ ਪਏ ਜਿਸ ਨਾਲ ਨਿਯਮਾਂ ਨੂੰ ਬਣਾਉਣ ਵਾਲਿਆਂ ਦੀ ਸਾਖ਼ ਵੀ ਮੰਦੀ ਹੋਈ। ਕੁਝ ਨਿਯਮ ਐਸੇ ਵੀ ਬਣੇ ਜਿਹੜੇ ਲਾਗੂ ਹੀ ਨਹੀਂ ਹੋ ਸਕੇ ਜਿਸ ਦਾ ਬੈਂਕਾਂ ਵਲੋਂ ਜਾਂ ਅਧਿਕਾਰੀਆਂ ਵਲੋਂ ਪੂਰਾ ਸਮਾਨ ਹੀ ਨਹੀਂ ਦਿੱਤਾ ਜਾ ਸਕਿਆ ਜਿਵੇਂ ਲੋਕਾਂ ਨੂੰ ਵਾਰ-ਵਾਰ ਆਉਣ ਤੋਂ ਰੋਕਣ ਲਈ ਉਨ੍ਹਾਂ ਦੀਆਂ ਉਂਗਲਾਂ ਤੇ ਸਿਆਹੀ ਲਗਾਈ ਜਾਣੀ ਸੀ ਜੋ ਕੇਵਲ ਇਕ ਅੱਧਾ ਦਿਨ ਹੀ ਕੁਝ ਥਾਵਾਂ ਉਪਰ ਸਿਆਹੀ ਲਗਾਈ ਜਾ ਸਕੀ ਕਿਉਂ ਜੋ ਸਿਆਹੀ ਦੀ ਸਪਲਾਈ ਹੀ ਉਪਲਬਧ ਨਹੀਂ ਹੋ ਸਕੀ। ਇਸ ਤਰ੍ਹਾਂ ਵਿਆਹਾਂ ਸ਼ਾਦੀਆਂ

ਦਾ ਸੀਜ਼ਨ ਹੋਣ ਕਾਰਨ ਲੋਕਾਂ ਦੀ ਸਹੂਲਤ ਲਈ ਢਾਈ ਲੱਖ ਦੇਣ ਦਾ ਐਲਾਨ ਕੀਤਾ ਗਿਆ ਪਰੰਤੂ ਕੁਝ ਹੀ ਕੇਸਾਂ ਵਿਚ ਇਹ ਸੰਭਵ ਹੋ ਸਕਿਆ ਬਾਕੀ ਲੋਕਾਂ ਦੀ ਮੁਸ਼ਕਿਲ ਹੱਲ ਨਾ ਹੋ ਸਕੀ। ਪੈਟਰੋਲ ਪੰਪਾਂ ਤੋਂ ਨਕਦੀ ਉਪਲਬਧ ਕਰਾਉਣ ਦੀ ਯੋਜਨਾ ਨੂੰ ਵੀ ਕਈ ਕਾਰਨਾਂ ਕਰਕੇ ਲਾਗੂ ਨਹੀਂ ਕੀਤਾ ਜਾ ਸਕਿਆ। ਕਿਸਾਨਾਂ ਦੀ ਸਹੂਲਤ ਲਈ ਉਸ ਨੂੰ ਕਰਜ਼ਾ ਦੇਣ ਦੀ ਯੋਜਨਾ ਵੀ ਧਰੀ ਧਰਾਈ ਰਹਿ ਗਈ ਅਤੇ ਬਿਜਾਈ ਆਦਿ ਲਈ ਰਕਮ ਦਾ ਪ੍ਰਬੰਧ ਨਾ ਹੋਣ ਕਾਰਨ ਕਿਰਸਾਨੀ ਦਾ ਨੁਕਸਾਨ ਹੋਇਆ ਜਿਸ ਦਾ ਪਤਾ ਦੇਰ ਬਾਅਦ ਲਗੇਗਾ। ਬਜ਼ੁਰਗਾਂ ਲਈ ਵੱਖਰੀਆਂ ਕਤਾਰਾਂ ਦਾ ਪ੍ਰਬੰਧ ਵੀ ਨਹੀਂ ਹੋ ਸਕਿਆ। ਲੋਕ ਸਵੇਰ ਤੋਂ ਕਤਾਰ ਵਿਚ ਲੱਗ ਕੇ ਸ਼ਾਮ ਵੇਲੇ ਖ਼ਾਲੀ ਹੀ ਮੁੜਦੇ ਦੇਖੇ ਗਏ। ਕਈ ਵਾਰ ਤਾਂ ਸ਼ਾਮ ਤੋਂ ਪਹਿਲਾਂ ਹੀ ਕੈਸ਼ ਖ਼ਤਮ ਹੋਣ ਦੀ ਸੂਚਨਾ ਦੇਖ ਲੋਕ ਬੈਂਕਾਂ ਵਾਲਿਆਂ ਨੂੰ ਮੰਦਾ-ਚੰਗਾ ਆਖਦੇ ਲੋਕ ਦੁਖੀ ਮਨਾਂ ਨਾਲ ਮੁੜਦੇ ਰਹੇ। ਪ੍ਰਧਾਨ ਮੰਤਰੀ ਵਲੋਂ 50 ਦਿਨ ਦਸੇ ਗਏ ਜਦੋਂ ਕਿ ਖ਼ਜ਼ਾਨਾ ਮੰਤਰੀ ਸਥਿਤੀ ਵਿਚ ਸੁਧਾਰ ਲਈ ਵਧੇਰੇ ਸਮੇਂ ਦੀ ਗੱਲ ਕਰਦੇ ਸੁਣੇ ਗਏ ਜਦੋਂ ਕਿ ਅਸਲੀਅਤ ਇਹ ਜਾਪ ਰਹੀ ਹੈ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਹੋਰ ਵਧੇਰੇ ਸਮਾਂ ਲੱਗ ਸਕਦਾ ਹੈ।

ਇਸ ਨੋਟਬੰਦੀ ਦੇ ਕਾਰਨ ਬਾਕੀ ਬੈਂਕ ਦੇ ਕੰਮਾਂ ਉਪਰ ਵੀ ਅਸਰ ਪਿਆ ਹੈ। ਤਨਖ਼ਾਹਦਾਰ ਮੁਲਾਜ਼ਮ ਅਤੇ ਪੈਨਸ਼ਨਰ ਜੋ ਹਰ ਮਹੀਨੇ ਬੈਂਕ ਵਿਚੋਂ ਰਕਮ ਲੈ ਖ਼ਰਚ ਚਲਾ ਰਹੇ ਸਨ, ਦੀ ਜ਼ਿੰਦਗੀ ਦੇ ਅੰਦਰ ਭੁਚਾਲ ਜਿਹਾ ਆ ਗਿਆ ਹੈ। ਉਹ ਆਪਣੇ ਰੋਜ਼ਾਨਾ ਦੇ ਖਰਚੇ ਚਲਾ ਸਕਣ ਤੋਂ ਅਸਮਰਥ ਹੋ ਚੁਕੇ ਹਨ। ਆਮ ਤੌਰ 'ਤੇ ਉਹ ਸਾਰਾ ਮਹੀਨਾ ਉਧਾਰ ਸਮਾਨ ਖ਼ਰੀਦਦੇ ਹਨ ਅਤੇ ਮਹੀਨੇ ਬਾਅਦ ਰਕਮ ਚੁਕਤਾ ਕਰ ਦਿੰਦੇ ਸਨ ਇਸ ਵਾਰ ਉਧਾਰ ਦੀ ਰਕਮ ਨਾ ਮੋੜ ਸਕਣ ਕਾਰਨ ਉਨ੍ਹਾਂ ਨੂੰ ਅਗਲੇ ਮਹੀਨੇ ਸਾਮਾਨ ਲੈਣ ਵਿਚ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ। ਆਮ ਵਰਤੋਂ ਦੀਆਂ ਵਸਤਾਂ ਜਿਵੇਂ ਦੁੱਧ ਆਦਿ ਕਿਉਂ ਜੋ ਦੁੱਧ ਵਾਲੇ ਨੇ ਵੀ ਆਪਣੇ ਗ੍ਰਾਹਕਾਂ ਤੋਂ ਰਕਮ ਪ੍ਰਾਪਤ ਕਰ ਕੇ ਜਿਥੋਂ ਦੁੱਧ ਲੈ ਕੇ ਆਉਂਦਾ ਹੈ, ਉਨ੍ਹਾਂ ਨੂੰ ਦੇਣੀ ਹੁੰਦੀ ਹੈ। ਇਸ ਤਰ੍ਹਾਂ ਸਾਰਾ ਚੱਕਰ ਹੀ ਪ੍ਰਭਾਵਿਤ ਹੈ। ਆਪਣੇ ਬੱਚਿਆਂ ਦੀਆਂ ਫ਼ੀਸਾਂ ਅਤੇ ਡਾਕਟਰਾਂ ਦੇ ਖ਼ਰਚ ਨਹੀਂ ਕੀਤੇ ਜਾ ਸਕੇ ਹਨ। ਇਹ ਵੀ ਖਬਰਾਂ ਮਿਲੀਆਂ ਹਨ ਦਿਹਾੜੀਦਾਰਾਂ ਨੂੰ ਦਿਹਾੜੀ ਛੱਡ ਅਤੇ ਮੁਲਾਜ਼ਮਾਂ ਨੂੰ ਛੁਟੀਆਂ ਲੈ ਕੇ ਕਤਾਰਾਂ ਵਿਚ ਖੜਨਾ ਪਿਆ ਅਤੇ ਨਕਦੀ ਫਿਰ ਵੀ ਉਪਲਬਧ ਨਹੀਂ ਹੋ ਸਕੀ। ਇਹ ਪਹਿਲੀ ਵਾਰ ਦੇਖਣ ਵਿਚ ਆਇਆ ਕਿ ਖਾਤੇਦਾਰਾਂ ਦੇ ਪੈਸੇ ਤਾਂ ਉਨ੍ਹਾਂ ਦੇ ਖਾਤਿਆਂ ਵਿਚ ਸਨ ਪਰ ਉਹ ਕਢਵਾ ਨਹੀਂ ਪਾ ਰਹੇ ਸਨ ਉਹ ਸੋਚਣ ਲਈ ਮਜਬੂਰ ਹਨ ਜੇਕਰ ਆਪਣੇ ਹੀ ਪੈਸੇ ਅਸੀਂ ਲੋੜ ਸਮੇਂ ਨਹੀਂ ਕਢਵਾ ਸਕਦੇ ਤਾਂ ਅਸੀਂ ਬੈਂਕ ਵਿਚ ਖਾਤੇ ਕਿਉਂ ਰਖੀਏ ? ਲੋਕਾਂ ਨੂੰ ਬੈਂਕ ਤੋਂ ਦੂਰ ਧੱਕਿਆ ਜਾ ਰਿਹਾ ਹੈ ਅਤੇ ਗੱਲਾਂ ਡਿਜੀਟਲ ਹੋਣ ਦੀਆਂ ਕੀਤੀਆਂ ਜਾ ਰਹੀਆਂ ਹਨ। ਜੇਕਰ ਪਹਿਲਾਂ ਇਨ੍ਹਾਂ ਸਮੱਸਿਆਵਾਂ ਬਾਰੇ ਸੋਚ ਕੇ ਕੋਈ ਹੱਲ ਦੱਸਿਆ ਹੁੰਦਾ ਤਾਂ ਸਥਿਤੀ ਹੋਰ ਹੋਣੀ ਸੀ। ਹੁਣ ਤੁਸੀਂ ਹੀ ਦਸੋ ਚਿੜੀ (ਆਮ ਜਨਤਾ) ਵਿਚਾਰੀ ਕੀ ਕਰੇ ? ਕੀ ਉਹ ਕੇਵਲ ਠੰਡਾ ਪਾਣੀ ਹੀ ਪੀ ਲਵੇ।

ਅਖ਼ਬਾਰੀ ਖ਼ਬਰਾਂ ਦੇ ਮੁਤਾਬਿਕ ਬਹੁਤ ਸਾਰੀ ਕਰੰਸੀ, ਕਰੋੜਾਂ ਵਿਚ, ਟੈਕਸ ਅਧਿਕਾਰੀਆਂ ਵਲੋਂ ਛਾਪੇ ਮਾਰ ਕੇ ਫੜੀ ਹੈ ਅਤੇ ਉਹ ਕਾਲਾ ਧਨ ਹੀ ਹੋ ਸਕਦਾ ਹੈ

ਅਤੇ ਇਹ ਕਾਲਾ ਧਨ ਲੋਕਾਂ ਨੂੰ ਦੇਣ ਦਾ ਪਹਿਲਾਂ ਹੀ ਵਾਅਦਾ ਕੀਤਾ ਹੋਇਆ ਹੈ ਇਸ ਲਈ ਚੋਣ ਵਾਅਦੇ ਅਨੁਸਾਰ ਜੇਕਰ ਇਹ ਕਾਲਾ ਧਨ ਆਮ ਲੋਕਾਂ ਦੇ ਖਾਤਿਆਂ ਵਿਚ ਪਾ ਦਿੱਤਾ ਜਾਂਦਾ ਹੈ ਤਾਂ ਜੇ 15 -15 ਲਖ ਨਹੀਂ ਤਾਂ ਇੱਕ ਇੱਕ ਲੱਖ ਜਾਂ ਇਸ ਦੇ ਆਸ-ਪਾਸ ਰਕਮ ਲੋਕਾਂ ਨੂੰ ਘਰ ਬੈਠੇ ਹੀ ਮਿਲ ਜਾਵੇਗੀ। ਇਸ ਤਰਾਂ ਅੱਛੇ ਦਿਨ ਆ ਜਾਣਗੇ। ਬਾਕੀ ਰਕਮ ਜਦੋਂ ਬਾਹਰੋਂ ਕਾਲਾ ਧਨ ਆਵੇਗਾ, ਉਸ ਵੇਲੇ ਵੀ ਖਾਤਿਆਂ ਵਿਚ ਪਾ ਦਿਤੀ ਜਾਵੇ ਤਾਂ ਮੇਰੇ ਵਿਚਾਰ ਅਨੁਸਾਰ ਜਨਤਾ ਨੂੰ ਕੋਈ ਵੀ ਇਤਰਾਜ਼ ਨਹੀਂ ਹੋਵੇਗਾ।

# ਸਰਕਾਰਾਂ ਦੀਆਂ ਨੀਤੀਆਂ ਬਾਰੇ ਕੁਝ ਤੱਥ

ਪੰਜਾਬ ਸਰਕਾਰ ਵਲੋਂ ਲੰਬੇ ਸਮੇਂ ਦੀ ਉਡੀਕ ਤੋਂ ਬਾਅਦ ਪੁਲਿਸ ਵਿਚ ਭਰਤੀ ਪਰਿਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਵਿਚ ਨਸ਼ਿਆਂ ਦੇ ਸੇਵਨ ਨੂੰ ਪੜਤਾਲਣ ਲਈ ਇਕ ਟੈਸਟ ਲਿਆ ਗਿਆ ਸੀ। ਨਤੀਜਿਆਂ ਨੂੰ ਅੰਕੜਿਆਂ ਰਾਹੀਂ ਸਰਕਾਰ ਵਲੋਂ ਪ੍ਰਗਟ ਕੀਤਾ ਗਿਆ ਕਿ ਨਸ਼ਿਆਂ ਵਿਚ ਪੰਜਾਬ ਦੀ ਬਹੁਤ ਥੋੜ੍ਹੇ ਜੁਆਨ ਨਸ਼ਾ ਕਰਦੇ ਹਨ ਅਤੇ ਹੋਰ ਰਾਜਨੀਤਿਕ ਪਾਰਟੀਆਂ ਪੰਜਾਬ ਨੂੰ ਬਦਨਾਮ ਕਰਨ ਲਈ ਆਖ ਰਹੀਆਂ ਹਨ ਕਿ ਪੰਜਾਬ ਅੰਦਰ ਨਸ਼ਿਆਂ ਦਾ ਛੇਵਾਂ ਦਰਿਆ ਵਹਿ ਰਿਹਾ ਹੈ। ਅਸਲੀਅਤ ਆਮ ਲੋਕਾਂ ਦੇ ਸਾਹਮਣੇ ਹੈ। ਨਸ਼ੇ ਭਾਰੀ ਮਾਤਰਾ ਵਿਚ ਵਿਕ ਰਹੇ ਹਨ ਅਤੇ ਨਸ਼ੇ ਦੇ ਵਪਾਰੀ ਕੌਣ ਹਨ ਇਹ ਇਕ ਵੱਖਰਾ ਮਸਲਾ ਹੈ ਜਿਸ ਬਾਰੇ ਫ਼ੈਸਲਾ ਕਰਨਾ ਇਤਨਾ ਆਸਾਨ ਨਹੀਂ ਹੈ ਜਿੰਨਾ ਇਹ ਦੱਸਣਾ ਕਿ ਪੰਜਾਬ ਅੰਦਰ ਚਿੱਟਾ ਕਿਤਨਾ ਵਿਕ ਰਿਹਾ ਹੈ ਅਤੇ ਕਿਵੇਂ ਇਹ ਨਸ਼ਾ ਨੌਜੁਆਨਾਂ ਦੀ ਜਵਾਨੀ ਨੂੰ ਖ਼ੋਰਾ ਲਾ ਰਿਹਾ ਹੈ।

ਜੇਕਰ ਅਸੀਂ ਅੰਕੜੇ ਫਰੋਲਦੇ ਹਾਂ ਤਾਂ ਪਤਾ ਲਗਦਾ ਹੈ ਕਿ 3,76,255 ਉਮੀਦਵਾਰਾਂ ਵਿਚੋਂ ਕੇਵਲ 7173 ਲੜਕੇ ਅਤੇ ਲੜਕੀਆਂ ਨੌਕਰੀ ਲਈ ਚੁਣ ਲਏ ਗਏ ਹਨ। ਜੇ ਉਸ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਮਾਲੂਮ ਹੁੰਦਾ ਹੈ ਕੇ ਇਨ੍ਹਾਂ ਦੇ ਵਿਚ ਉੱਚ ਯੋਗਤਾ ਪ੍ਰਾਪਤ ਕਾਫੀ ਹਨ ਜਦੋਂ ਕਿ ਭਰਤੀ ਲਈ ਯੋਗਤਾ ਤਾਂ ਕਾਫੀ ਘਟ ਮਿਥੀ ਗਈ ਸੀ। ਭਰਤੀ ਲਈ ਚੁਣਿਆਂ ਵਿਚ ਪੋਸਟ ਗਰੈਜੂਏਟ 102, ਐਮ.ਟੈਕ. 6, ਗਰੈਜੂਏਟ 1181, ਬੀ.ਟੇਕ. 153 ਅਤੇ 261 ਡਿਪਲੋਮਾ ਪ੍ਰਾਪਤ ਹਨ। ਇਤਨੀਆਂ ਮਹਿੰਗੀਆਂ ਫੀਸਾਂ ਭਰ ਪ੍ਰਾਪਤ ਕੀਤੀ ਔਖੇ ਵਿਸ਼ਿਆਂ ਦੀ ਪੜ੍ਹਾਈ ਵੀ ਇਨ੍ਹਾਂ ਨੂੰ ਠੀਕ ਰੁਜ਼ਗਾਰ ਨਹੀਂ ਦਿਵਾ ਸਕੀ ਤਾਂ ਹੀ ਉਨ੍ਹਾਂ ਨੂੰ ਆਪਣੀ ਯੋਗਤਾ ਤੋਂ ਘਟ ਪੱਧਰ ਲਈ ਅਰਜ਼ੀਆਂ ਦੇਣੀਆਂ ਪਈਆਂ ਅਤੇ ਭਾਰੀ ਮਿਹਨਤ ਕਰਨ ਉਪਰੰਤ ਉਸ ਨੌਕਰੀ ਲਈ ਯੋਗ ਸਮਝ, ਚੁਣਾਵ ਸੰਭਵ ਹੋ ਸਕਿਆ ਹੈ। ਜੇਕਰ ਘੱਟ ਯੋਗਤਾ ਵਾਲੀ ਨੌਕਰੀ ਹੀ ਕਰਨੀ ਹੁੰਦੀ ਤਾਂ ਉਹ ਪਹਿਲਾਂ ਹੀ ਅਰਜ਼ੀ ਦੇ ਕੇ ਚੁਣੇ ਜਾ ਸਕਦੇ ਸੀ ਅਤੇ ਉਚੇਰੀ ਪੜ੍ਹਾਈ ਉਪਰ ਇਤਨਾ ਖ਼ਰਚ ਕਰਨ ਦੀ ਕਿ ਲੋੜ ਸੀ? ਖ਼ਰਚ ਅਤੇ ਆਮਦਨੀ ਦੇ ਫ਼ਰਕ ਤੋਂ ਲਾਭ ਤੇ ਹਾਨੀ ਦਾ ਪਤਾ ਲਗਾਇਆ ਜਾ ਸਕਦਾ ਹੈ ਅਤੇ ਕੋਈ ਵੀ ਘਾਟੇਵੰਦਾ ਵਪਾਰ ਕਰਨ ਲਈ ਪੂੰਜੀ ਨਹੀਂ ਲਗਾਇਆ ਕਰਦਾ। ਪਰੰਤੂ ਸਰਕਾਰਾਂ ਵਿਚ ਸ਼ਾਮਲ ਨੇਤਾ ਲੋਕ ਚੋਣਾਂ ਦਾ ਸਮਾਂ ਉਡੀਕਦੇ ਹਨ ਤੇ ਸਮਾਂ ਨੇੜੇ ਢੁਕਣ ਤੇ ਹੀ ਭਰਤੀ ਪਰਿਕਿਰਿਆ ਸ਼ੁਰੂ ਕਰਦੇ ਹਨ ਜਦੋਂ ਕਿ ਪੋਸਟਾਂ ਤਾਂ ਕਾਫੀ ਸਮੇਂ ਤੋਂ ਖ਼ਾਲੀ ਪਈਆਂ ਹੁੰਦੀਆਂ ਹਨ।

ਇਨ੍ਹਾਂ ਰੁਜ਼ਗਾਰ ਪ੍ਰਾਪਤ ਵਾਲਿਆਂ ਨੂੰ ਜਦੋਂ ਆਪਣੀ ਪੂਰੀ ਯੋਗਤਾ ਅਨੁਸਾਰ

ਰੁਜ਼ਗਾਰ ਪ੍ਰਾਪਤ ਹੋ ਗਿਆ ਤਾਂ ਇਹ ਇਸ ਰੁਜ਼ਗਾਰ ਨੂੰ ਛੱਡ ਨਵੇਂ ਥਾਂ ਤੇ ਚਲੇ ਜਾਣਗੇ ਜੋ ਇਨ੍ਹਾਂ ਦਾ ਹੱਕ ਬਣਦਾ ਹੈ ਅਤੇ ਇਸ ਘੱਟ ਯੋਗਤਾ ਲਈ ਦੁਬਾਰਾ ਭਰਤੀ ਕਰਨੀ ਪਵੇਗੀ। ਚੰਗਾ ਹੁੰਦਾ ਜੇ ਕਰ ਇਨ੍ਹਾਂ ਨੂੰ ਪਹਿਲਾਂ ਹੀ ਯੋਗਤਾ ਅਨੁਸਾਰ ਨੌਕਰੀ ਪ੍ਰਾਪਤ ਕਰਨ ਦਾ ਮੌਕਾ ਦਿੱਤਾ ਗਿਆ ਹੁੰਦਾ ਤਾਂ ਇਹ ਦੁਕੰਮਣ ਨਾ ਕਰਨਾ ਪੈਂਦਾ। ਪਰੰਤੂ ਅਸੀਂ ਤਾਂ ਇਸ ਕੰਮ ਦੇ ਆਦੀ ਹੋ ਚੁਕੇ ਹਾਂ। ਅਸੀਂ ਦੇਖਦੇ ਹਾਂ ਕਿ ਕੁਝ ਨੇਤਾ ਇਕ ਤੋਂ ਵੱਧ ਸੀਟਾਂ 'ਤੇ ਚੋਣ ਲੜਦੇ ਹਨ ਜੇ ਦੋਵਾਂ ਥਾਵਾਂ ਤੋਂ ਜਿੱਤ ਜਾਂਦੇ ਹਨ ਤਾਂ ਇੱਕ ਸੀਟ ਵਿਹਲੀ ਕਰਨੀ ਪੈਂਦੀ ਹੈ ਅਤੇ ਉਸ ਥਾਂ ਉਪਰ ਫਿਰ ਚੋਣ ਕਰਵਾਈ ਜਾਂਦੀ ਹੈ ਇਸ ਤਰਾਂ ਦੇਸ਼ ਉਪਰ ਹੋਰ ਚੋਣ ਖਰਚਾ ਪਾ ਦਿੱਤਾ ਜਾਂਦਾ ਹੈ ਜੋ ਟੈਕਸ ਦੇਣ ਵਾਲਿਆਂ ਦੀ ਮਹਿੰਗੀ ਕਮਾਈ ਦਾ ਹਿੱਸਾ ਹੁੰਦਾ ਹੈ ਅਤੇ ਉਸ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ ਹੈ। ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ। ਇਸ ਤੋਂ ਬਿਨਾ ਇਕ ਹੋਰ ਰੀਤ ਸ਼ੁਰੂ ਕਰ ਦਿਤੀ ਗਈ ਜਦੋਂ ਮਰਜ਼ੀ ਕਿਸੇ ਪਾਰਟੀ ਦਾ ਚੁਣਿਆ ਹੋਇਆ ਨੇਤਾ ਆਪਣੀ ਸੀਟ ਤੋਂ ਅਸਤੀਫਾ ਦੇ ਦਿੰਦਾ ਕਿਉਂ ਜੋ ਉਸ ਨੇ ਪਾਰਟੀ ਤਬਦੀਲ ਕਰਨੀ ਹੁੰਦੀ ਹੈ। ਹੁਣ ਤਕ ਉਹ ਉਸ ਪਾਰਟੀ ਦੀ ਮਦਦ ਨਾਲ ਮਲਾਈ ਛਕ ਰਿਹਾ ਹੁੰਦਾ ਹੈ ਜਦੋਂ ਉਸ ਨੂੰ ਮਹਿਸੂਸ ਹੁੰਦਾ ਹੈ ਹਰਾ ਘਾਹ ਦੂਜੇ ਪਾਸੇ ਹੈ ਤਾਂ ਉਹ ਉਸ ਪਾਰਟੀ ਵਿਚ ਚਲਾ ਜਾਂਦਾ ਹੈ ਅਤੇ ਉਸ ਪਾਰਟੀ ਵਲੋਂ ਦੁਬਾਰਾ ਚੋਣ ਲੜ ਕੇ ਜਿੱਤ ਜਾਂਦਾ ਹੈ ਤਾਂ ਇਸ ਤਰ੍ਹਾਂ ਚੋਣ ਉਪਰ ਜੋ ਖਰਚ ਹੁੰਦਾ ਹੈ ਉਹ ਆਮ ਲੋਕਾਂ 'ਤੇ ਭਾਰ ਹੀ ਬਣਦਾ ਹੈ। ਇਸ ਉਪਰ ਵੀ ਨਿੱਠ-ਬੈਠ ਕੇ ਸੋਚਣ ਦੀ ਲੋੜ ਹੈ।

ਸਰਕਾਰ ਦੇ ਮੁਲਾਜ਼ਮਾਂ ਨੂੰ ਜਦੋਂ ਵੀ ਕੋਈ ਮਹਿੰਗਾਈ ਦੀ ਕਿਸ਼ਤ ਦਿਤੀ ਜਾਂਦੀ ਹੈ, ਭਾਵੇਂ ਉਹ ਸਮੇਂ ਤੋਂ ਕਿਤਨੀ ਵੀ ਬਾਅਦ ਦਿਤੀ ਜਾਵੇ ਅਤੇ ਬਕਾਏ ਬਾਬਤ ਕੋਈ ਗੱਲ ਹੀ ਨਾ ਕਰਨੀ ਹੋਵੇ ਇਹ ਐਲਾਨ ਕੀਤਾ ਜਾਂਦਾ ਹੈ ਕਿ ਸਮੇਂ ਦੀ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਤੋਹਫ਼ਾ ਦਿੱਤਾ ਹੈ, ਫਿਰ ਗਿਣਤੀਆਂ ਮਿਣਤੀਆਂ ਰਾਹੀਂ ਆਮ ਜਨਤਾ ਉਪਰ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਜਾਂਦਾ ਹੈ ਕਿ ਇਸ ਕਿਸ਼ਤ ਉਪਰ ਸਰਕਾਰ ਵਲੋਂ ਇਤਨਾ ਪੈਸਾ ਖਰਚ ਹੋ ਜਾਵੇਗਾ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਮਹਿੰਗਾਈ ਦੇ ਵੱਧ ਜਾਣ ਕਾਰਨ ਕਿਸ਼ਤ ਦਾ ਪਤਾ ਲਾਇਆ ਜਾਂਦਾ ਹੈ ਕਿ ਕਿਸ਼ਤ ਕਿਤਨੇ ਪ੍ਰਤੀਸ਼ਤ ਦਿਤੀ ਜਾਵੇ ਤਾਂ ਜੋ ਮੁਲਾਜ਼ਮ ਵਧੀ ਹੋਈ ਮਹਿੰਗਾਈ ਦਾ ਟਾਕਰਾ ਕਰ ਆਪਣੀ ਤਨਖ਼ਾਹ ਨੂੰ ਖ਼ਰਚ ਕਰ ਜੀਵਨ ਨਿਰਬਾਹ ਕਰ ਸਕਣ। ਜਦੋਂ ਮਹਿੰਗਾਈ ਵਧੀ ਨੂੰ ਕਾਫੀ ਸਮਾਂ ਹੋ ਜਾਂਦਾ ਹੈ ਤਾਂ ਸਰਕਾਰਾਂ ਤੋਹਫੇ ਦਾ ਐਲਾਨ ਕਰਦੀਆਂ ਹਨ ਜਿਵੇਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਕੀਤਾ ਹੈ ਮਹਿੰਗਾਈ ਦੇ ਅੰਕੜਿਆਂ ਅਨੁਸਾਰ ਜੁਲਾਈ 2016 ਤੋਂ ਵਧੀ ਹੈ ਅਤੇ ਕੇਂਦਰ ਸਰਕਾਰ ਨੇ ਐਲਾਨ ਦੀਵਾਲੀ ਦੇ ਨੇੜੇ ਆ ਕੇ ਕੀਤਾ ਹੈ ਕਿ ਇਹ ਮੁਲਾਜ਼ਮਾਂ ਲਈ ਦੀਵਾਲੀ ਦਾ ਤੋਹਫ਼ਾ ਹੈ। ਬਾਕੀ ਸੂਬਿਆਂ ਦੀਆਂ ਸਰਕਾਰਾਂ ਇਹ ਕਥਿਤ ਤੋਹਫ਼ੇ ਆਪਣੀ ਆਪਣੀ ਸਹੂਲਤ ਅਨੁਸਾਰ ਦੇਣਗੀਆਂ ਤੇ ਤੋਹਫ਼ਾ ਹੀ ਕਹਿਣਗੀਆਂ।

ਪੰਜਾਬ ਸਰਕਾਰ ਵਲੋਂ ਲੰਬੇ ਸਮੇਂ ਦੀ ਉਡੀਕ ਪਿੱਛੋਂ ਕੁਝ ਅਧਿਆਪਕਾਂ ਨੂੰ ਨੌਕਰੀ ਦੇਣ ਲਈ ਚੁਣਿਆ ਹੈ ਉਨ੍ਹਾਂ ਨੂੰ ਕੰਮ ਕਰਨ ਲਈ ਥਾਂ ਦੱਸਣ ਲਈ ਅਤੇ ਹੁਕਮ ਦੇਣ ਲਈ ਇਕ ਸਥਾਨ ਉਪਰ ਬੁਲਾਇਆ ਗਿਆ ਹੈ ਅਤੇ ਵਡੇ ਇਸ਼ਤਿਹਾਰ ਦਿੱਤੇ ਗਏ ਹਨ ਕਿ ਸਰਕਾਰ ਰੁਜ਼ਗਾਰ ਦੇਣ ਪ੍ਰਤੀ ਕਿਤਨੀ ਸੁਹਿਰਦ ਹੈ ਇਹ ਸਰਕਾਰੀ ਪੈਸੇ ਦੀ ਅਜਾਈਂ

ਵਰਤੋਂ ਹੈ ਅਤੇ ਅਹਿਸਾਨ ਇਹ ਕੀਤਾ ਜਾ ਰਿਹਾ ਹੈ ਜਿਵੇਂ ਰੁਜ਼ਗਾਰ ਮੰਤਰੀਆਂ ਵਲੋਂ ਦਿੱਤੇ ਜਾ ਰਹੇ ਹਨ। ਇਸ਼ਤਿਹਾਰਾਂ ਵਿਚ ਵਰਤੇ ਜਾ ਰਹੇ ਪੈਸੇ ਨੂੰ ਲੋਕ ਭਲਾਈ ਦੇ ਕੰਮਾਂ ਲਈ ਵਰਤਿਆ ਜਾ ਸਕਦਾ ਸੀ। ਅਸੀਂ ਪਿਛਲੇ ਸਮੇਂ ਵਿਚ ਦੇਖਿਆ ਹੈ ਕਿ ਸਰਕਾਰ ਵਲੋਂ ਨਵੀਂ ਭਰਤੀ ਥੋੜ੍ਹੀ ਤਨਖ਼ਾਹ ਉਪਰ ਕੀਤੀ ਜਾ ਰਹੀ ਹੈ ਅਤੇ ਨਵੀਂ ਕਿਸਮ ਦੀ ਜਾਤ ਪੈਦਾ ਕਰ ਲਈ ਗਈ ਹੈ।

ਇਕ ਉਹ ਮੁਲਾਜ਼ਮ ਜੋ ਪੂਰੀ ਤਨਖਾਹ ਲੈ ਰਹੇ ਹਨ ਅਤੇ ਦੂਸਰੇ ਉਹ ਮੁਲਾਜ਼ਮ ਜਿਨ੍ਹਾਂ ਨੂੰ ਘਟ ਤਨਖਾਹ ਉਪਰ ਰਖਿਆ ਗਿਆ ਹੈ ਜਦੋਂ ਕਿ ਕੰਮ ਉਨ੍ਹਾਂ ਤੋਂ ਪਹਿਲੀ ਕਿਸਮ ਦੇ ਮੁਲਾਜ਼ਮਾਂ ਦੇ ਬਰਾਬਰ ਹੀ ਲਿਆ ਜਾਂਦਾ ਹੈ ਅਤੇ ਵੱਖਰੀ ਕੈਟਾਗਰੀ ਆਖ ਦਿੱਤਾ ਜਾਂਦਾ ਹੈ। ਜਿਵੇਂ ਪੁਲਿਸ ਅੰਦਰ ਭਰਤੀ ਨਾ ਕਰ ਕੇ ਹੋਮ ਗਾਰਡ ਦੇ ਮੁਲਾਜ਼ਮ ਰੱਖ ਲਏ ਗਏ ਸਨ। ਉਨ੍ਹਾਂ ਨੂੰ ਨਿਗੂਣੀ ਤਨਖਾਹ ਹੀ ਦਿੱਤੀ ਗਈ ਅਤੇ ਵਿਵਹਾਰ ਵੀ ਸਰਕਾਰ ਵਲੋਂ ਅਤੇ ਪੁਲਿਸ ਦੇ ਪੂਰੀ ਤਨਖਾਹ ਦੇ ਮੁਲਾਜ਼ਮਾਂ ਵਲੋਂ ਵੀ ਨਿੰਦਣਯੋਗ ਯੋਗ ਹੀ ਰਿਹਾ ਹੈ। ਇਸ ਤਰ੍ਹਾਂ ਸਕੂਲਾਂ ਵਿਚ ਅਤੇ ਕਾਲਜਾਂ ਵਿਚ ਵੀ ਭਰਤੀ ਕੀਤੀ ਗਈ ਸੀ। ਉਹ ਮੁਲਾਜ਼ਮ ਮਜਬੂਰੀ ਅਧੀਨ ਘਰ ਦੇ ਖ਼ਰਚ ਪੂਰਾ ਕਰਨ ਲਈ ਕੰਮ ਕਰਦੇ ਰਹੇ ਅਤੇ ਆਪਣੀਆਂ ਆਸਾਂ ਦੀ ਫੁਲਕਾਰੀ ਨੂੰ ਤੰਦਾਂ ਪਾਉਂਦੇ ਰਹੇ ਕਿ ਅਸੀਂ ਤਜਰਬਾ ਪ੍ਰਾਪਤ ਕਰ ਕਦੇ ਪੂਰੇ ਮੁਲਾਜ਼ਮ ਹੋ ਜਾਵਾਂਗੇ। ਕੁਝ ਦੀਆਂ ਆਸਾਂ ਨੂੰ ਬੂਰ ਪਿਆ ਅਤੇ ਉਹ ਵੀ ਸਮੇਂ ਨਾਲ ਪੂਰਾ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਹੋ ਗਏ ਅਤੇ ਕੁਝ ਹਾਲੇ ਵੀ ਉਮੀਦ ਦਾ ਪੱਲਾ ਫੜ ਕੇ ਬੈਠੇ ਘਟ ਤਨਖਾਹ ਤੇ ਕੰਮ ਕਰ ਰਹੇ ਹਨ ਕਿ ਸ਼ਾਇਦ ਉੱਠ ਦਾ ਬੁਲ੍ਹ ਡਿੱਗੇਗਾ ਅਤੇ ਸਾਡੀ ਵੀ ਕੋਈ ਆਪੂੰ ਬਣਿਆ ਬੈਠਾ ਭਗਵਾਨ ਵੀ ਸੁਣੇਗਾ ? ਮਾਨਯੋਗ ਉੱਚਤਮ ਅਦਾਲਤ ਵਲੋਂ ਕੀਤੇ ਗਏ ਨਵੇਂ ਫ਼ੈਸਲੇ ਨਾਲ ਕਿ ਇਕੋ ਜਿਹੇ ਕੰਮ ਲਈ ਇਕੋ ਜਿਹੀ ਤਨਖਾਹ ਦਿਤੀ ਜਾਣੀ ਚਾਹੀਦੀ ਹੈ, ਇਨ੍ਹਾਂ ਘਟ ਤਨਖਾਹ ਨਾਲ ਕੰਮ ਕਰਨ ਵਾਲਿਆਂ ਮੁਲਾਜ਼ਮਾਂ ਨੂੰ ਆਸ ਦੀ ਕਿਰਨ ਦਿਖਾਈ ਦਿਤੀ ਹੈ ਉਮੀਦ ਹੈ ਸਰਕਾਰ ਇਸ ਪਾਸੇ ਵੱਲ ਧਿਆਨ ਦੇ ਕੇ ਨਵੀਆਂ ਪਾਈਆਂ ਹੋਈਆਂ ਜਾਤ-ਪਾਤ ਦੀਆਂ ਲੀਹਾਂ ਨੂੰ ਮਿਟਾਉਣ ਵਾਲੇ ਪਾਸੇ ਯੋਗ ਕਦਮ ਪੁੱਟੇਗੀ।

# ਗਦਰੀ ਬਾਬਿਆਂ ਦਾ ਗਦਰ ਸਫਲ ਜਾਂ ਅਸਫਲ

ਗਦਰੀ ਬਾਬਿਆਂ ਦਾ ਗਦਰ ਦਾ ਹੋਕਾ ਕਿ :

"ਬਗ਼ਾਵਤ ਕਰੋ, ਅੰਗਰੇਜ਼ ਕੱਢੋ ! ਅੰਗਰੇਜ਼ ਦੀ ਹਕੂਮਤ ਖ਼ਤਮ ਕਰੋ। ਜਮਹੂਰੀ ਲੋਕ ਰਾਜ ਸਥਾਪਤ ਕਰੋ ਜਿਥੇ ਬਰਾਬਰੀ, ਕੌਮੀ ਭਾਈਚਾਰਾ ਅਤੇ ਆਜ਼ਾਦੀ ਬੁਨਿਆਦੀ ਅਸੂਲ ਹੋਣ।"

ਇਸ ਤਰ੍ਹਾਂ ਨਾਲ ਗ਼ਦਰ ਸੰਦੇਸ਼ ਅਤੇ ਐਲਾਨ-ਏ-ਜੰਗ ਹਜ਼ਾਰਾਂ ਦੀ ਗਿਣਤੀ ਵਿਚ ਛਾਪ ਕੇ ਲੋਕਾਂ ਅਤੇ ਫ਼ੌਜ ਵਿਚ ਵੰਡ ਦਿਤੇ ਗਏ ਸਨ।

ਸਚਿੰਦਰ ਨਾਥ ਸਾਨਿਆਲ ਅਨੁਸਾਰ ਉਤਰ ਪੱਛਮੀ ਕਿਨਾਰੇ ਦੇ ਬੰਨੂ ਤੋਂ ਲੈ ਕੇ ਦਾਨਪੁਰ ਤਕ ਕੋਈ ਵੀ ਛਾਉਣੀ ਖ਼ਾਲੀ ਨਾ ਰਹਿਣ ਦਿੱਤੀ ਗਈ। ਲਗਭਗ ਸਾਰੀਆਂ ਹੀ ਪਲਟਨਾਂ ਨੇ ਇਹ ਬਚਨ ਦਿੱਤਾ ਸੀ ਕਿ ਪਹਿਲਾਂ ਤੁਸੀਂ ਕੰਮ ਛੇੜੋ ਗਦਰ ਸ਼ੁਰੂ ਹੋ ਜਾਣ ਉਪਰੰਤ ਉਹ ਜ਼ਰੂਰ ਹੀ ਰਾਜ ਪਲਟਾ ਕਰਨ ਵਾਲਿਆਂ ਨਾਲ ਮਿਲ ਜਾਣਗੇ।

ਅੰਗਰੇਜ਼ੀ ਸਰਕਾਰ ਅਤੇ ਉਸ ਦੇ ਕਰਮਚਾਰੀਆਂ ਦੇ ਵਲੋਂ ਇਹ ਦਲੀਲ ਕਿ ਗਦਰੀ ਕਾਰਵਾਈਆਂ ਕਾਰਨ ਹਿੰਦੁਸਤਾਨ ਅੰਦਰ ਅੰਗਰੇਜ਼ੀ ਰਾਜ ਲਈ ਬਹੁਤ ਸੰਗੀਨ ਖ਼ਤਰਾ ਪੈਦਾ ਹੋ ਗਿਆ ਸੀ। ਅੰਗਰੇਜ਼ੀ ਹਕੂਮਤ ਦੀ ਰਾਏ ਅਨੁਸਾਰ ਗਦਰ ਕਰਵਾਣ ਦੇ ਹਾਲਾਤ ਬਹੁਤ ਹੀ ਮੁਆਫ਼ਕ ਸਨ ਜਿਨ੍ਹਾਂ ਤੋਂ ਫਾਇਦਾ ਉਠਾਉਣ ਦੀ ਗਦਰੀ ਇਨਕਲਾਬੀਆਂ ਵਲੋਂ ਕੀਤੀ ਕੋਸ਼ਿਸ਼ ਨੂੰ ਸਫ਼ਲਤਾ ਮਿਲਣ ਵਿਚ ਥੋੜ੍ਹੀ ਜਿਹੀ ਕਸਰ ਰਹਿ ਗਈ। ਸੰਸਾਰ ਯੁੱਧ ਦੇ ਕਾਰਨ ਹਿੰਦੀ ਫ਼ੌਜੀਆਂ ਵਿਚ ਪੈਦਾ ਹੋਈ ਮਨੋਵਿਗਿਆਨਿਕ ਅਵਸਥਾ ਅਤੇ ਥੋੜ੍ਹੇ ਜਿਹੇ ਬੰਗਾਲੀ ਇਨਕਲਾਬੀਆਂ ਦੇ ਗਦਰ ਪਾਰਟੀ ਦੇ ਮੈਂਬਰਾਂ ਨਾਲ ਮੇਲ ਨੇ ਹਿੰਦ ਵਿਚ ਅੰਗਰੇਜ਼ੀ ਸ਼ਾਸਕਾਂ ਲਈ ਖ਼ਤਰਾ ਪੈਦਾ ਕਰ ਦਿੱਤਾ ਸੀ।

ਕਿਸੇ ਵੀ ਇਨਕਲਾਬੀ ਸ਼ਕਤੀ ਦਾ ਸੋਮਾ ਆਮ ਜਨਤਾ ਹੁੰਦੀ ਹੈ ਅਤੇ ਹਿੰਦੀ ਸਾਧਾਰਨ ਜਨਤਾ ਰਾਜਸੀ ਚੇਤੰਨਤਾ ਤੋਂ ਉਸ ਸਮੇਂ ਲਗਭਗ ਕੋਰੀ ਹੀ ਸੀ। ਪੇਂਡੂ ਜਨਤਾ ਵਿਚ ਰਜਵਾੜਿਆਂ ਜਾਗੀਰਦਾਰਾਂ ਅਤੇ ਉਨ੍ਹਾਂ ਦੇ ਏਜੰਟਾਂ ਆਦਿ ਅੰਦਰ ਉਨ੍ਹਾਂ ਅਨਸਰਾਂ ਦਾ ਵਧੇਰੇ ਰਸੂਖ਼ ਹੋਣ ਕਾਰਨ 1857 ਦੇ ਗ਼ਦਰ ਤੋਂ ਸਬਕ ਸਿੱਖ ਕੇ ਅੰਗਰੇਜ਼ੀ ਹਕੂਮਤ ਨੇ ਆਪਣੇ ਨਾਲ ਗੰਢ ਲਿਆ ਸੀ ਕਿਉਂ ਜੋ ਉਨ੍ਹਾਂ ਦੇ ਹਿੱਤ ਸਾਂਝੇ ਹੀ ਸਨ। ਭਾਵੇਂ ਪੰਜਾਬ ਦੇ ਕਈ ਹਿਸਿਆਂ ਵਿਚ ਪੇਂਡੂ ਜਨਤਾ ਦਾ ਉਲਾਰ ਇਨਕਲਾਬੀਆਂ ਵੱਲ ਹੋ ਗਿਆ ਸੀ ਪਰੰਤੂ ਰਾਜਸੀ ਜਾਗ੍ਰਿਤੀ ਤੋਂ ਕੋਰੀ ਜਨਤਾ ਨੂੰ ਭੁਲੇਖੇ ਵਿਚ ਪਾ ਕੇ ਅਤੇ ਵਰਗਲਾ ਕੇ ਇਨਕਲਾਬੀਆਂ ਦੇ ਵਿਰੁੱਧ ਕਰ ਲਿਆ ਗਿਆ। ਅੰਗਰੇਜ਼ਾਂ ਦੇ ਚਲਾਕ ਚਾਲਾਂ ਚੱਲ ਕੇ ਗ਼ਦਰੀ ਇਨਕਲਾਬੀਆਂ ਨੂੰ ਲੋਕਾਂ ਪ੍ਰਤੀ ਸਾਧਾਰਨ ਡਾਕੂ ਜ਼ਾਹਰ ਕਰ ਉਨ੍ਹਾਂ ਦੀ ਸਹਾਇਤਾ

ਗਦਰੀਆਂ ਨੂੰ ਗ੍ਰਿਫਤਾਰ ਕਰਨ ਵਿਚ ਲਈ।

ਹਿੰਦੂ ਅਤੇ ਮੁਸਲਮਾਨ ਲੋਕਾਂ ਦੇ ਮਜ਼ਹਬੀ ਸੰਸਕਾਰ ਉਭਾਰ ਕੇ ਫਿਰਕਿਆਂ ਦੇ ਅੰਦਰ ਲੜਾਈ ਕਰਵਾਉਣ ਵਿਚ ਅੰਗਰੇਜ਼ੀ ਹਕੂਮਤ ਕਾਮਯਾਬ ਹੋ ਗਈ ਅਤੇ ਦੋਵੇਂ ਕੌਮਾਂ ਇਕ ਦੂਜੇ ਦੇ ਉਲਟ ਹੋ ਗਈਆਂ ਅਤੇ ਅੰਗਰੇਜ਼ੀ ਸਰਕਾਰ ਦੀ ਹਮਾਇਤ ਦੇ ਮਸਲੇ ਉਤੇ ਇਕ ਰਾਏ ਹੋ ਗਈਆਂ। ਸਭ ਧਰਮਾਂ ਦੇ ਧਾਰਮਿਕ ਸਥਾਨ ਅੰਦਰ ਅੰਗਰੇਜ਼ਾਂ ਦੀ ਜਿੱਤ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਸਨ। ਜਿਨ੍ਹਾਂ ਲੋਕਾਂ ਅੰਦਰ ਜਾਗ੍ਰਿਤੀ ਆਈ ਉਨ੍ਹਾਂ ਤੋਂ ਬਿਨਾਂ ਬੰਗਾਲ ਅਤੇ ਹੋਰ ਥਾਵਾਂ ਦੇ ਗ਼ਦਰੀ ਇਨਕਲਾਬੀਆਂ ਦਾ ਸਾਥ ਨਹੀਂ ਦਿੱਤਾ ਗਿਆ ਸੀ। ਕਿਸੇ ਵੀ ਲਹਿਰ ਦੀ ਸਫਲਤਾ ਅਤੇ ਅਸਫਲਤਾ ਬਾਰੇ ਫੈਸਲਾ ਲੈਣ ਦੇ ਵੱਖ-ਵੱਖ ਪੈਮਾਨੇ ਹਨ। ਜੇਕਰ ਅਸੀਂ ਲਹਿਰ ਦੇ ਅੰਦਰ ਕੁਝ ਕਦਮ ਵੀ ਅਗੇ ਵਧ ਸਕੀਏ ਤਾਂ ਇਹ ਸਫਲਤਾ ਵਲ ਰੱਖੇ ਕਦਮ ਕਹੇ ਜਾ ਸਕਦੇ ਹਨ। ਆਮ ਤੌਰ ਤੇ ਕਿਸੇ ਲਹਿਰ ਦੇ ਹੱਕ ਵਿਚ ਮੀਡੀਆ ਰਾਹੀਂ ਉਭਾਰ ਕੀਤਾ ਜਾਂਦਾ ਹੈ ਅਤੇ ਮੀਡੀਆ ਉਸ ਲਹਿਰ ਦੇ ਹੱਕ ਵਿਚ ਲੋਕ ਉਭਾਰ ਪੈਦਾ ਕਰਨ ਦਾ ਯਤਨ ਕਰਦਾ ਹੈ ਪਰੰਤੂ ਕੁਝ ਕਦਮ ਅਗੇ ਵਧਾਏ ਜਾਂਦੇ ਹਨ ਅਤੇ ਕਈ ਵਾਰ ਸਮੇਂ ਦੀਆਂ ਸਰਕਾਰਾਂ ਉਸ ਲਹਿਰ ਦੇ ਵਿਰੋਧ ਵਿਚ ਲਹਿਰ ਉਸਾਰਨ ਲਈ ਕਾਮਯਾਬ ਹੋ ਜਾਂਦੀਆਂ ਹਨ ਤਾਂ ਉਸ ਨੂੰ ਅਸਫਲਤਾ ਗਿਣਿਆ ਜਾਂਦਾ ਹੈ। ਗ਼ਦਰ ਲਹਿਰ ਦੇ ਸਬੰਧ ਵਿਚ ਵੀ ਕੁਝ ਅਜਿਹਾ ਹੀ ਵਾਪਰਿਆ ਸੀ ਤੇ ਜਿਸ ਕਾਰਨ ਇਸ ਲਹਿਰ ਪ੍ਰਤੀ ਸ਼ੰਕੇ ਹਨ ਕਿ ਇਹ ਲਹਿਰ ਸਫਲ ਰਹੀ ਜਾਂ ਅਸਫਲ ਹੋਈ ਉਸ ਸਬੰਧੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖ ਕੇ ਸਹੀ ਗਲਤ ਦਾ ਨਿਰਣਾ ਕੀਤਾ ਜਾ ਸਕਦਾ ਹੈ। ਗ਼ਦਰ ਲਹਿਰ ਹਿੰਦੁਸਤਾਨ ਦੀ ਮੁਕੰਮਲ ਆਜ਼ਾਦੀ ਦੇ ਉਦੇਸ਼ ਨੂੰ ਲੈ ਕੇ ਚੱਲੀ ਸੀ ਅਤੇ ਉਸ ਦੇ ਲਈ ਕਈ ਕਦਮ ਅਗੇ ਵਲ ਪੁਟੇ ਗਏ ਅਤੇ ਗ਼ਦਰ ਪਾਰਟੀ ਦੇ ਮੈਂਬਰ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਅਗੇ ਵਲ ਵਧੇ। ਉਨ੍ਹਾਂ ਨੇ ਆਪਣੀ ਮਿਹਨਤ ਦੀ ਨੇਕ ਕਮਾਈ ਵਿਚੋਂ ਖਰਚ ਵੀ ਕੀਤਾ ਹੋਰ ਲੋਕਾਂ ਨੂੰ ਆਪਣੇ ਨਾਲ ਜੋੜਨ ਦੇ ਯਤਨ ਕੀਤੇ ਉਹ ਇਸ ਕੰਮ ਵਿਚ ਸਫਲ ਹੋਏ ਕਿਉਂ ਜੋ ਬਹੁਤ ਸਾਰੇ ਲੋਕ ਆਪਣੇ ਪਰਵਾਸ ਦੇ ਉਦੇਸ਼ਾਂ ਨੂੰ ਪਾਸੇ ਰੱਖ ਦੇਸ਼ ਸੇਵਾ ਦੀ ਖਾਤਰ ਜਾਨਾਂ ਵਾਰਨ ਲਈ ਤਿਆਰ ਹੋਏ। ਉਹਨਾਂ ਨੇ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਪੈਸੇ ਇਕੱਠੇ ਕਰਨ ਲਈ ਡਾਕੇ ਵੀ ਮਾਰੇ ਸਨ। ਇਕ ਵਾਰ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਹੇਠ ਇਕ ਘਰ ਵਿਚ ਡਾਕਾ ਮਾਰਿਆ ਗਿਆ ਤਾਂ ਇਕ ਸਾਥੀ ਨੇ ਮਾੜੀ ਨੀਅਤ ਨਾਲ ਲੜਕੀ ਨੂੰ ਫੜ ਲਿਆ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਉਸ ਸਾਥੀ ਤੋਂ ਲੜਕੀ ਕੋਲੋਂ ਮੁਆਫੀ ਮੰਗਵਾਈ ਇਸ ਘਟਨਾ ਨੂੰ ਲੜਕੀ ਦੀ ਮਾਂ ਦੇਖ ਰਹੀ ਸੀ ਉਹ ਬਹੁਤ ਪ੍ਰਭਾਵਿਤ ਹੋਈ ਤਾਂ ਉਸ ਨੇ ਡਾਕਾ ਮਾਰਨ ਦਾ ਕਾਰਨ ਪੁੱਛਿਆ ਤਾਂ ਅਸਲ ਕਾਰਣ ਪਤਾ ਲੱਗਣ ਤੇ ਥੋੜ੍ਹੀ ਜਿਹੀ ਰਕਮ ਅਤੇ ਥੋੜ੍ਹੇ ਜਿਹੇ ਗਹਿਣੇ ਆਪਣੇ ਕੋਲ ਰੱਖ ਕੇ ਬਾਕੀ ਸਾਰਾ ਕੁਝ ਦੇ ਦਿੱਤਾ। ਇਸ ਘਟਨਾ ਤੋਂ ਕਰਤਾਰ ਸਿੰਘ ਸਰਾਭਾ ਦੇ ਉਚੇ ਸੁਚੇ ਕਿਰਦਾਰ ਦਾ ਪਤਾ ਲਗਦਾ ਹੈ। ਅਜਿਹੇ ਹਾਲਾਤ ਵਿਚ ਆਪਣੇ ਨੇਕ ਚਰਿਤਰ ਨੂੰ ਕਾਇਮ ਰੱਖਣਾ ਸਫਲਤਾ ਵਲ ਕਦਮ ਆਖਿਆ ਜਾ ਸਕਦਾ ਹੈ।

ਗਦਰੀ ਦੇਸ਼ ਭਗਤਾਂ ਨੇ ਜਦੋਂ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ 24 ਆਜ਼ਾਦੀ ਸੰਗਰਾਮੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਤਾਂ ਸਾਰੀਆਂ ਨੇ ਜੱਜ ਦਾ ਮਖੌਲ

ਉਡਾਂਦਿਆਂ ਇਕ ਆਵਾਜ਼ ਵਿਚ ਆਖਿਆ ਸੀ, "ਤੁਹਾਡਾ ਬਹੁਤ ਧੰਨਵਾਦ।" ਗਦਰੀ ਨਿਸ਼ਾਨ ਸਿੰਘ ਦੀ ਟਿਪਣੀ ਸੀ, "ਬੱਸ! ਇਨਾ ਹੀ। ਇਸ ਤੋਂ ਵੱਧ ਕੋਈ ਸਜ਼ਾ ਨਹੀਂ ਦੇ ਸਕਦੇ ਤੁਸੀਂ?" ਜੀਵਨ ਭਰ ਜਲਾਵਤਨੀ ਸਜ਼ਾ ਸੁਣਨ ਤੋਂ ਮਗਰੋਂ ਜਵਾਲਾ ਸਿੰਘ, ਆਲੂਆਂ ਦੇ ਪ੍ਰਸਿੱਧ ਬਾਦਸ਼ਾਹ, ਨੇ ਗਰਜ ਕੇ ਆਖਿਆ ਸੀ, "ਸਾਡੇ ਨਾਲ ਵਿਤਕਰਾ ਕਿਉਂ। ਤੁਸੀਂ ਮੈਨੂੰ ਵੀ ਕਿਉਂ ਮੌਤ ਦੀ ਸਜ਼ਾ ਨਹੀਂ ਦਿੰਦੇ।" ਅਤੇ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਅਦਾਲਤ ਵਿਚ ਦਿਤੇ ਆਪਣੇ ਨਿਡਰ ਬਿਆਨ ਉਪਰ ਮੁੜ ਵਿਚਾਰ ਕਰਨ ਨੂੰ ਆਖਿਆ ਤਾਂ ਉਸ ਦਾ ਉਤਰ ਸੀ, "ਇਸ ਜ਼ਾਲਮ ਸਰਕਾਰ ਵਿਰੁੱਧ ਕੀਤੀਆਂ ਆਪਣੀਆਂ ਕਾਰਵਾਈਆਂ ਨੂੰ ਲੋਕਾਈ ਤੋਂ ਛਿਪਾ ਕੇ ਮੈਂ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।" ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਫਾਂਸੀ ਚੜ੍ਹਨ ਵਾਲਾ ਪਹਿਲਾ ਸੂਰਮਾ ਅਰਜਨ ਸਿੰਘ ਖੁਰਾਣਾ, ਜਿਸ ਨੇ ਅਨਾਰਕਲੀ ਦੇ ਹੈਡ ਕਾਂਸਟੇਬਲ ਨੂੰ ਮਾਰਿਆ ਸੀ, ਉਹ ਫਾਂਸੀ ਦੇ ਤਖਤੇ ਵਲ ਵਧਦਾ ਹੋਇਆ ਗਏ ਰਿਹਾ ਸੀ:

**ਸੂਰਮਿਆਂ ਦੀ ਮੌਤੇ ਮਰਨਾ ਚੰਗਾ,**
**ਕੁੱਤਿਆਂ ਵਾਂਗਰ ਜੀਣ ਦੇ ਨਾਲੋਂ,**
**ਅਸੀਂ ਦੁਸ਼ਮਣ ਨੂੰ ਮਾਰਦੇ ਹਾਂ ਜਾਂ ਖੁਦ ਮਰਦੇ ਹਾਂ,**
**ਬੁਜ਼ਦਿਲਾਂ ਵਾਂਗ ਦੁਮ ਦਬਾ ਕੇ, ਮੈਦਾਨ 'ਚੋਂ ਭੱਜਦੇ ਨਹੀਂ।**

ਇਹ ਘਟਨਾਵਾਂ ਸਫਲਤਾ ਵਲ ਕਦਮ ਨਹੀਂ ਹਨ। ਆਪਣੇ ਨਿਸ਼ਾਨੇ ਤੋਂ ਮੁਸ਼ਕਿਲਾਂ ਆ ਜਾਣ ਤੇ ਵੀ ਨਾ ਡੋਲਣਾ ਸਫਲਤਾ ਵਲ ਕਦਮ ਆਖੇ ਜਾ ਸਕਦੇ ਹਨ। ਭਾਵੇਂ ਅਸਲ ਨਿਸ਼ਾਨੇ ਤੇ ਨਹੀਂ ਪੁਜਿਆ ਜਾ ਸਕਿਆ ਭਾਵ ਗਦਰ ਹੋਣ ਦੇ ਰਾਹ ਵਿਚ ਬਹੁਤ ਸਾਰੀਆਂ ਰੁਕਾਵਟਾਂ ਆਈਆਂ ਫਿਰ ਵੀ ਗਦਰੀ ਬਾਬੇ ਚੜ੍ਹਦੀ ਕਲਾ ਵਿਚ ਰਹੇ। ਗਦਰ ਪਾਰਟੀ ਦੀ ਹਰ ਜਾਂ ਜਿੱਤ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਅਨੁਸਾਰ ਵੇਰਵਾ ਦਿਤਾ ਜਾ ਰਿਹਾ ਹੈ। ਉਨ੍ਹਾਂ ਦੇ ਮੁਤਾਬਕ:

> ਗਦਰ ਪਾਰਟੀ ਦੀ ਉਮਰ ਅਜੇ ਇਕ ਸਾਲ ਦੀ ਵੀ ਨਹੀਂ ਸੀ ਜਦੋਂ ਜੰਗ ਸ਼ੁਰੂ ਹੋ ਗਈ। ਇਸ ਛੋਟੇ ਅਰਸੇ ਵਿਚ ਪਾਰਟੀ ਨਾ ਤਾਂ ਬਾਹਰੋਂ ਹੀ ਬਹੁਤੀ ਤਿਆਰੀ ਕਰ ਸਕਦੀ ਸੀ ਅਤੇ ਨਾ ਹੀ ਹਿੰਦੁਸਤਾਨ ਦੀ ਜਨਤਾ ਨੂੰ ਜਗਾ ਸਕਦੀ ਸੀ।

ਗ਼ਦਰ ਪਾਰਟੀ ਮੈਂਬਰਾਂ ਦਾ ਇਨਕਲਾਬੀ ਕੰਮ ਕਰਨ ਦਾ ਇਹ ਪਹਿਲਾ ਮੌਕਾ ਸੀ। ਉਹਨਾਂ ਨੂੰ ਭਾਰਤ ਦੀ ਪੈਟੀ ਬੁਰਜੂਆ ਲੀਡਰਸ਼ਿਪ ਤੇ ਜਨਤਾ ਦੀ ਅਵਸਥਾ ਦਾ ਗਿਆਨ ਨਹੀਂ ਸੀ। ਉਨ੍ਹਾਂ ਦਾ ਖਿਆਲ ਸੀ ਕਿ ਦੇਸ਼ ਦੀ ਆਜ਼ਾਦੀ ਲਈ ਹਿੰਦੁਸਤਾਨ ਦੀ ਲੀਡਰਸ਼ਿਪ ਸਾਡਾ ਸਾਥ ਦੇਵੇਗੀ ਤੇ ਜਨਤਾ ਵੀ ਸਾਡਾ ਸਾਥ ਦੇਵੇਗੀ। ਪਰ ਇਥੇ ਤਾਂ ਮਾਮਲਾ ਬਿਲਕੁਲ ਹੀ ਉਲਟ ਸੀ। ਹਿੰਦੁਸਤਾਨ ਦੀ ਲੀਡਰਸ਼ਿਪ ਪੂਰੀ ਤਰਾਂ ਨਾਲ ਤਨ, ਮਨ, ਧਨ ਨਾਲ ਅੰਗਰੇਜ਼ੀ ਸਰਕਾਰ ਦੀ ਭਗਤੀ ਵਿਚ ਲੀਨ ਸੀ ਅਤੇ ਜਨਤਾ ਗੂੜ੍ਹੀ ਨੀਂਦ ਸੁਤੀ ਹੋਈ ਸੀ।

ਗ਼ਦਰ ਪਾਰਟੀ ਦੇ ਮੈਂਬਰਾਂ ਅੰਦਰ ਕੋਈ ਵੀ ਮੰਨਿਆ ਪ੍ਰਮੰਨਿਆ ਨੇਤਾ ਨਹੀਂ ਸੀ ਜਿਸ ਦੁਆਲੇ ਜਨਤਾ ਲਾਮਬੰਦ ਹੋ ਸਕਦੀ। ਗ਼ਦਰ ਪਾਰਟੀ ਅੰਦਰ ਤਾਂ ਗਰੀਬ ਮਜ਼ਦੂਰ

ਕਿਸਾਨ ਹੀ ਸਨ, ਜਿਨ੍ਹਾਂ ਦੇ ਰੋਮ-ਰੋਮ ਵਿਚ ਜਮਹੂਰੀਅਤ ਅਤੇ ਦੇਸ਼ ਭਗਤੀ ਰਚੀ ਹੋਈ ਸੀ। ਉਹ ਕਿਸੇ ਵੀ ਲੀਡਰ ਦੀ ਬੁੱਤ ਭਗਤੀ ਜਾਂ ਅਨ੍ਹੇ ਵਾਹ ਨਕਲ ਨਹੀਂ ਕਰਦੇ ਸਨ, ਜਿਨ੍ਹਾਂ ਦੀ ਜਨਤਾ ਆਦੀ ਨਹੀਂ ਸੀ।

ਇਨਕਲਾਬ ਦੇ ਰਾਹ ਤੁਰਨ ਕਾਰਨ ਨਾ-ਤਜਰਬਾਕਾਰੀ ਬਹੁਤ ਸੀ, ਜਿਸ ਦਾ ਨਤੀਜਾ ਇਹ ਹੋਇਆ ਕਿ ਉਘੇ ਵਰਕਰ ਤਾਂ ਜਹਾਜ਼ੋਂ ਉਤਰਨ ਵੇਲੇ ਬੰਦਰਗਾਹਾਂ ਤੋਂ ਹੀ ਫੜੇ ਗਏ, ਜਿਨ੍ਹਾਂ ਦੀ ਗੈਰ ਹਾਜ਼ਰੀ ਕਾਰਨ ਇਨਕਲਾਬੀ ਕੰਮ ਵਿਚ ਤਰੁਟੀਆਂ ਰਹਿ ਗਈਆਂ।

ਗ਼ਦਰ ਪਾਰਟੀ ਦੇ ਫ਼ੇਲ੍ਹ ਹੋ ਜਾਣ ਦੇ ਮੁਖ ਕਾਰਨ ਬਣੇ—ਪਹਿਲਾ, ਉਸ ਸਮੇਂ ਦੀ ਹਿੰਦੁਸਤਾਨੀ ਲੀਡਰਸ਼ਿਪ ਦੀ ਕੋਤਾਹੀ ਜਿਸ ਨੇ ਮੌਕੇ ਦੀ ਨਜ਼ਾਕਤ ਨੂੰ ਨਾ ਸਮਝਿਆ। ਦੂਜਾ, ਜਨਤਾ ਵਿਚ ਜਾਗ੍ਰਿਤੀ ਦੀ ਅਣਹੋਂਦ ਸੀ ਜੇਕਰ ਜਨਤਾ ਜਾਗਦੀ ਹੁੰਦੀ ਅਤੇ ਗ਼ਦਰ ਪਾਰਟੀ ਦੇ ਕੌਮੀ ਇਨਕਲਾਬ ਦੇ ਨਾਅਰੇ ਤੇ ਕੰਨ ਧਰਦੀ ਹੁੰਦੀ ਤਾਂ ਜ਼ਰੂਰ ਹੀ ਆਜ਼ਾਦੀ ਮਿਲ ਜਾਣੀ ਸੀ। ਉਸ ਸਮੇਂ ਯੂਰਪੀਨ ਸਿਪਾਹੀਆਂ ਦੀਆਂ ਪਲਟਨਾਂ ਯੂਰਪ ਵਿਚ ਲੜਨ ਲਈ ਜਾ ਚੁਕੀਆਂ ਸਨ। ਹਿੰਦੁਸਤਾਨੀ ਫ਼ੌਜਾਂ, ਜੋ ਇਥੇ ਸਨ, ਉਹ ਮੁਲਕ ਦੀ ਆਜ਼ਾਦੀ ਲਈ ਸਾਥ ਦੇਣ ਲਈ ਤਿਆਰ ਸਨ ਅਤੇ ਬਹੁਤ ਸਾਰੀਆਂ ਤਾਂ ਗ਼ਦਰ ਪਾਰਟੀ ਨਾਲ ਮਿਲ ਗਈਆਂ ਸਨ। ਗ਼ਦਰ ਪਾਰਟੀ ਨੇ ਅਮਰੀਕਾ ਬੈਠਿਆਂ ਮੁਲਕ ਦੀ ਹਾਲਤ ਦਾ ਜੋ ਅੰਦਾਜ਼ਾ ਲਾਇਆ ਸੀ, ਉਹ ਗਲਤ ਸੀ। ਅਸੀਂ ਮੰਨਦੇ ਹਾਂ ਕਿ ਤਜਰਬੇ ਦੀ ਅਣਹੋਂਦ ਕਾਰਨ ਅਸੀਂ ਹਿੰਦੁਸਤਾਨ ਦੀ ਹਕੀਕੀ ਹਾਲਤ ਦਾ ਸਹੀ ਅੰਦਾਜ਼ਾ ਨਾ ਲਗਾ ਸਕੇ। ਪਰੰਤੂ ਫ਼ੌਜੀਆਂ ਬਾਰੇ ਸਾਡਾ ਅੰਦਾਜ਼ਾ ਠੀਕ ਨਿਕਲਿਆ। ਬਾਬਾ ਜੀ ਦੇ ਇਸ ਬਿਆਨ ਨੂੰ ਗ਼ਦਰ ਪਾਰਟੀ ਦੇ ਕਾਮਯਾਬ ਨਾ ਹੋ ਸਕਣ ਬਾਰੇ ਇਕਬਾਲੀਆ ਬਿਆਨ ਕਿਹਾ ਜਾਂਦਾ ਹੈ।

ਗਦਰ ਦਾ ਹਥਿਆਰ ਬੰਦਘੋਲ ਅਜਾਈਂ ਨਹੀਂ ਸੀ ਗਿਆ। ਇਹ ਦੇਸ਼ ਵਿਚ ਇਨਕਲਾਬੀ ਭਾਵਨਾ ਤੇ ਹੌਸਲੇ ਦੀ ਅਮਿੱਟ ਵਿਰਾਸਤ ਛੱਡ ਕਰ ਗਿਆ ਸੀ। ਇਸ ਨੇ ਆਜ਼ਾਦੀ ਦੇ ਘੋਲ ਲਈ ਨਿਰਸੁਆਰਥਤਾ, ਆਤਮ ਬਲੀਦਾਨ ਤੇ ਸਵੈ-ਸੰਜਮ ਦੀਆਂ ਨਵੀਆਂ ਮਿਸਾਲਾਂ ਪੈਦਾ ਕਰ ਕੇ ਇਸ ਨੂੰ ਨਵੀਆਂ ਉਚਾਈਆਂ ਪ੍ਰਦਾਨ ਕੀਤੀਆਂ ਸਨ। ਗ਼ਦਰੀ ਸੂਰਬੀਰਾਂ ਤੇ ਸ਼ਹੀਦਾਂ ਦੀ ਸਦੀਵੀ ਦੇਣ ਇਹ ਸੀ ਕਿ ਉਨ੍ਹਾਂ ਨੇ ਬਰਤਾਨਵੀ ਗ਼ੁਲਾਮੀ ਵਿਰੁੱਧ ਗ਼ਦਰ ਜਾਂ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ ਸੀ ਅਤੇ ਭਾਰਤ ਵਾਸੀਆਂ ਨੂੰ ਇਹ ਯਾਦ ਕਰਵਾਇਆ ਕਿ ਭਾਰਤ ਮਾਤਾ ਹਾਲੇ ਵੀ ਬਰਤਾਨਵੀ ਜ਼ੰਜੀਰਾਂ ਵਿਚ ਨੂੜੀ ਪਈ ਹੈ ਤੇ ਇਨ੍ਹਾਂ ਜ਼ੰਜੀਰਾਂ ਨੂੰ ਹਰ ਹੀਲੇ ਤੋੜਨ ਦੀ ਲੋੜ ਹੈ। ਉਨ੍ਹਾਂ ਦੀ ਸ਼ਹਾਦਤ ਸਾਨੂੰ ਹਰ ਪਲ ਭਾਰਤ ਦੀ ਸਵਤੰਤਰਤਾ ਪ੍ਰਤੀ ਆਪਣੇ ਫਰਜ਼ ਦੀ ਜ਼ਿਮੇਂਵਾਰੀ ਦੀ ਯਾਦ ਦਿਵਾਉਂਦੀ ਰਹਿੰਦੀ ਹੈ। ਉਨ੍ਹਾਂ ਦੇ ਸੰਗਰਾਮ ਉਨ੍ਹਾਂ ਦੀਆਂ ਭੁੱਖ ਹੜਤਾਲਾਂ ਤੇ ਜੇਲ੍ਹਾਂ ਨੂੰ ਤੋੜਨ ਦੀਆਂ ਵਾਰਦਾਤਾਂ ਸਾਨੂੰ ਇਸ ਗੱਲ ਦਾ ਚੇਤਾ ਕਰਵਾਉਂਦੀਆਂ ਹਨ ਕਿ ਉਹ ਜੇਲ੍ਹਾਂ ਦੇ ਅੰਦਰ ਵੀ ਬਰਤਾਨਵੀ ਸਾਮਰਾਜਵਾਦੀਆਂ ਦੇ ਜ਼ੁਲਮੋ-ਸਿਤਮ ਤੇ ਤਸ਼ੱਦਦ ਦੇ ਸਾਹਮਣੇ ਝੁਕੇ ਨਹੀਂ ਸਨ ਅਤੇ ਆਪਣੇ ਅੰਤਮ ਸੁਆਸਾਂ ਤਕ ਜੇਲ੍ਹ ਅੰਦੋਲਨ ਨੂੰ ਭਾਰਤ ਦੀ ਆਜ਼ਾਦੀ ਦੇ ਘੋਲ ਦਾ ਅੰਗ ਬਣਾ ਕੇ ਜਾਰੀ ਰੱਖਦੇ ਰਹੇ ਅਤੇ ਸਾਨੂੰ ਇਹ ਯਾਦ ਕਰਵਾਉਂਦੇ ਸਨ ਕਿ 1857 ਵਿਚ ਸ਼ੁਰੂ ਹੋਈ ਤੇ 1914-15 ਵਿਚ ਜੁਆਨੀ ਤੇ ਉਪੜੀ ਆਜ਼ਾਦੀ ਦੀ ਜੰਗ ਹਾਲੇ

ਵੀ ਅਧੂਰੀ ਹੈ ਤੇ ਇਸ ਨੂੰ ਸੰਪੂਰਣ ਕਰਨਾ ਹੀ ਪੈਣਾ ਹੈ। ਉਨ੍ਹਾਂ ਦੀ ਭਾਰਤ ਦੇ ਇਤਿਹਾਸ ਨੂੰ ਦੇਣ ਅਭੁੱਲ ਅਤੇ ਸਦੀਵੀ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਨੇ ਅਕਾਲੀ ਲਹਿਰ, ਬੱਬਰ ਅਕਾਲੀ ਤੇ ਕੌਮੀ ਕਾਂਗਰਸ ਦੀਆਂ ਮਗਰਲੀਆਂ ਲਹਿਰਾਂ ਨੂੰ ਬਹੁਤ ਉਤਸ਼ਾਹਿਤ ਕੀਤਾ ਸੀ ਲੋਕਾਂ ਦੇ ਅੰਦਰ ਜਾਗ੍ਰਿਤੀ ਲਿਆਂਦੀ ਸੀ। ਹਜ਼ਾਰਾਂ ਹੀ ਵਿਦਿਆਰਥੀਆਂ ਅਤੇ ਨੌਜੁਆਨਾਂ ਦਾ ਸਿਆਸੀਕਰਨ ਕਰਕੇ ਉਨ੍ਹਾਂ ਨੂੰ ਸਵਤੰਤਰਤਾ ਦੇ ਸੰਗਰਾਮ ਵਿਚ ਖਿੱਚ ਲਿਆਂਦਾ ਸੀ। ਕੈਦਾਂ ਕੱਟ ਕੇ ਬਾਹਰ ਆਇਆ ਕੋਈ ਵੀ ਗ਼ਦਰੀ ਅਜਿਹਾ ਨਹੀਂ ਸੀ ਜਿਹੜਾ ਕਿਰਦਾਰ ਦੀ ਸਥਾਪਤ ਕੀਤੀ ਉਚਾਈ ਤੋਂ ਹੇਠਾਂ ਆਇਆ ਹੋਵੇ। ਜ਼ਾਹਰ ਤੌਰ ਤੇ ਭਾਵੇਂ ਗ਼ਦਰ ਲਹਿਰ ਹਾਰ ਗਈ ਸੀ ਪਰ ਉਹਨਾਂ ਦੇ ਵਿਚਾਰ ਨਹੀਂ ਹਾਰੇ ਅਤੇ ਨਾ ਹੀ ਪੈਰੋਕਾਰ ਹਾਰੇ ਹਨ।

# ਨੋਟਬੰਦੀ ਦੇ ਟੀਚਿਆਂ ਦੀ ਅਸਲੀਅਤ

ਭਾਰਤ ਦੇਸ਼ ਅੰਦਰ ਕਾਲੇ ਧਨ ਉਪਰ ਕਾਬੂ ਪਾਉਣ ਲਈ, ਭ੍ਰਿਸ਼ਟਾਚਾਰ ਦੀ ਰੋਕ ਥਾਮ ਖ਼ਾਤਰ, ਜਾਅਲੀ ਕਰੰਸੀ ਦੇ ਚਲਣ ਨੂੰ ਰੋਕਣ ਖ਼ਾਤਰ ਅਤੇ ਅੱਤਵਾਦ ਉਪਰ ਨਿਅੰਤਰਣ ਕਰਨ ਲਈ ਇਕ ਉਪਰਾਲਾ 1000 ਅਤੇ 500 ਦੇ ਨੋਟਾਂ ਨੂੰ ਬੰਦ ਕਰ ਕੇ ਕੀਤਾ ਹੈ। ਜਿਸ ਦੇ ਹਾਂ ਪੱਖੀ ਨਤੀਜੇ ਤਾਂ ਕੁਝ ਸਮੇਂ ਬਾਅਦ ਪਤਾ ਲਗਣਗੇ ਪਰੰਤੂ ਨਾਂਹ ਪੱਖੀ ਨਤੀਜੇ ਅੱਜ ਹੀ ਨਜ਼ਰ ਆ ਰਹੇ ਹਨ। ਆਮ ਜਨਤਾ ਇਸ ਕਾਰਵਾਈ ਤੋਂ ਕਿਤਨੀ ਪ੍ਰੇਸ਼ਾਨ ਹੈ, ਬੈਂਕਾਂ ਦੇ ਅਗੇ ਲਗੀਆਂ ਲੰਬੀਆਂ ਕਤਾਰਾਂ, ਵਪਾਰਕ ਅਦਾਰਿਆਂ ਉਪਰ ਗ੍ਰਾਹਕਾਂ ਦੀ ਕਮੀ, ਸੁੰਨੇ ਬਜ਼ਾਰ, ਮਰੀਜ਼ਾਂ ਨੂੰ ਆ ਰਹੀਆਂ ਤਕਲੀਫ਼ਾਂ ਆਦਿ ਬਾਖ਼ੂਬੀ ਬਿਆਨ ਕਰ ਰਹੀਆਂ ਹਨ। ਪਰੰਤੂ ਇਹ ਗੱਲ ਜਿਹੜੀ ਸਮਝ ਤੋਂ ਬਾਹਰ ਹੈ ਕਿ ਜੇਕਰ 500 ਅਤੇ 1000 ਦੇ ਨੋਟਾਂ ਦੇ ਕਾਰਨ ਕਾਲਾ ਧਨ ਹੋਂਦ ਵਿਚ ਆ ਰਿਹਾ ਸੀ ਅਤੇ ਹੁਣ ਨਵੇਂ 500 ਤੇ 2000 ਦੇ ਨੋਟ ਬਾਜ਼ਾਰ ਵਿਚ ਆ ਜਾਣ ਸਦਕਾ ਇਹ ਕਾਲਾ ਧਨ ਕਿਸ ਤਰ੍ਹਾਂ ਰੋਕਿਆ ਜਾ ਸਕੇਗਾ ? ਇਸ ਤਰ੍ਹਾਂ ਹੀ ਜੇ ਨਕਲੀ ਕਰੰਸੀ ਦੇ 500 ਤੇ 1000 ਦੇ ਨੋਟ ਮਿਲਦੇ ਸਨ ਅਤੇ ਹੁਣ ਨਕਲੀ ਕਰੰਸੀ ਵਾਲੇ ਨਵੇਂ 500 ਤੇ 2000 ਦੇ ਨੋਟ ਨਹੀਂ ਬਣਾ ਸਕਣਗੇ। ਪਹਿਲੇ ਨੋਟਾਂ ਨੂੰ ਛਾਪਣ ਸਮੇਂ ਵੀ ਪੂਰੀ ਸਾਵਧਾਨੀ ਵਰਤੀ ਜਾਂਦੀ ਸੀ। ਇਨ੍ਹਾਂ ਮਸਲਿਆਂ ਨੂੰ ਨਿੱਠ ਬੈਠ ਕੇ ਸੋਚਣ ਵਿਚਾਰਨ ਦੀ ਲੋੜ ਹੈ। ਪਹਿਲਾਂ ਵਾਲੀ ਕਰੰਸੀ ਨੂੰ ਰੱਦ ਕਰ ਕੇ ਕਿਤਨਾ ਨੁਕਸਾਨ ਹੋਇਆ ਹੈ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਜਦੋਂ ਅਸੀਂ ਆਖਦੇ ਹਾਂ ਨਵੇਂ ਨੋਟਾਂ ਦੇ ਛਾਪਣ ਨਾਲ ਕਿਤਨਾ ਖਰਚ ਆ ਰਿਹਾ ਹੈ। ਜੇਕਰ ਅਸੀਂ ਕਿਸੇ ਬਿਮਾਰੀ ਦਾ ਇਲਾਜ ਕਰ ਰਹੇ ਹੁੰਦੇ ਹਨ ਤਾਂ ਮਾਹਰ ਡਾਕਟਰ ਯਤਨ ਕਰਦੇ ਹਨ ਉਸ ਇਲਾਜ ਨਾਲ ਹੋਰ ਨੁਕਸਾਨ ਨਾ ਹੋਵੇ ਪਰੰਤੂ ਇਸ ਅਰਥਚਾਰੇ ਦਾ ਇਲਾਜ ਕਰਨ ਵੇਲੇ ਕੁਝ ਹੋਮ ਵਰਕ ਕੀਤਾ ਜਾਣਾ ਸੀ ਜੋ ਨਹੀਂ ਕੀਤਾ ਗਿਆ ਜਿਸ ਕਾਰਨ ਆਮ ਜਨਤਾ ਨੂੰ ਵਧੇਰੇ ਤਕਲੀਫ ਹੋਈ ਹੈ।

ਜਦੋਂ ਕੋਈ ਡਾਕਟਰ ਕਿਸੇ ਮਰਜ਼ ਲਈ ਅਪਰੇਸ਼ਨ ਕਰਦਾ ਹੈ ਤਾਂ ਉਸ ਨੇ ਅਪਰੇਸ਼ਨ ਟੇਬਲ ਤਿਆਰ ਕਰਵਾਣਾ ਹੁੰਦਾ ਅਤੇ ਸਾਰੇ ਔਜ਼ਾਰ ਜੋ ਵਰਤੇ ਜਾਣੇ ਹਨ, ਨੂੰ ਜਰਮ ਰਹਿਤ ਕਰਵਾ ਕੇ ਨੇੜੇ ਰੱਖਦਾ ਹੈ ਅਤੇ ਐਮਰਜੈਂਸੀ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਪਰੰਤੂ ਸਰਕਾਰ ਵਲੋਂ ਇਹ ਅਪਰੇਸ਼ਨ ਬਿਨਾਂ ਤਿਆਰੀ ਤੋਂ ਕੀਤਾ ਜਾਪਦਾ ਹੈ। ਕਿਉਂ ਜੋ ਸਾਡੇ ਦੇਸ਼ ਅੰਦਰ ਲਗਭਗ 86% ਕੰਮ ਜਾਂ ਵਪਾਰ 500 ਤੇ 1000 ਦੇ ਨੋਟਾਂ ਨਾਲ ਹੁੰਦਾ ਹੈ ਅਤੇ ਉਪਲਬਧ ਅੰਕੜਿਆਂ ਅਨੁਸਾਰ ਦੇਸ਼ ਦੇ ਅੰਦਰ ਕੁਲ 16,98540 ਕਰੋੜ ਰੁਪਏ ਦੇ ਕਰੰਸੀ ਨੋਟ ਹਨ ਅਤੇ ਇਸ ਗਿਣਤੀ ਵਿਚ ਜਾਅਲੀ ਪ੍ਰਚਲਿਤ ਨੋਟ ਸ਼ਾਮਲ ਨਹੀਂ ਹਨ। ਜਿਹਨਾਂ

ਵਿਚੋਂ 500 ਅਤੇ 1000 ਵਾਲੇ ਨੋਟਾਂ ਦੀ ਗਿਣਤੀ 14,95,000 ਸੀ ਜਿਹਨਾਂ ਨੂੰ ਸਰਕਾਰ ਵਲੋਂ ਇਕੋ ਹੁਕਮ ਨਾਲ ਬੰਦ ਕਰ ਦਿਤਾ ਗਿਆ ਹੈ। ਅਚਾਨਕ ਬੰਦ ਕਰ ਦੇਣ ਨਾਲ ਪਰਦੇਸਾਂ ਵਿਚ ਬੈਠੇ ਪਰਦੇਸੀ ਵੀ ਪ੍ਰਭਾਵਿਤ ਹੋਏ ਹਨ ਉਨ੍ਹਾਂ ਨੂੰ ਕੋਈ ਇਕ ਮੌਕਾ ਨਾ ਦੇਣਾ ਵੀ ਤਾਨਾਸ਼ਾਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਕੋਲ ਜੋ ਵੀ ਰਕਮ ਹੋਵੇਗੀ ਵਾਪਸ ਮੁੜਨ ਤੇ ਵਰਤੀ ਨਹੀਂ ਜਾ ਸਕੇਗੀ ਅਤੇ ਉਹ ਦੇਸ ਪੁਜ ਕੇ ਜਿਹੜੀਆਂ ਤਕਲੀਫਾਂ ਦਾ ਸਾਹਮਣਾ ਕਰਨਗੇ, ਸਰਕਾਰ ਨੇ ਉਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਹੈ। ਜੇਕਰ ਉਹਨਾਂ ਨੂੰ ਕੋਈ ਮੌਕਾ ਦੇ ਦਿਤਾ ਜਾਂਦਾ ਤਾਂ ਉਹ ਸੌਖਿਆ ਹੀ ਤਬਦੀਲੀ ਕਰ ਸਕਦੇ ਸੀ। ਸਰਕਾਰ ਇਹ ਜਾਣਦੀ ਹੈ ਕਿ ਲੋਕਾਂ ਵਲੋਂ ਅਸਾਨੀ ਨੂੰ ਧਿਆਨ ਰੱਖਦੇ ਹੋਏ 500 ਅਤੇ 1000 ਦੇ ਨੋਟਾਂ ਦੀ ਜ਼ਿਆਦਾ ਗਿਣਤੀ ਵਰਤੀ ਜਾਂਦੀ ਹੈ ਜਦੋਂ ਕਿ 100, 50 ਆਦਿ ਦੇ ਨੋਟਾਂ ਨੂੰ ਘੱਟ ਵਰਤਿਆ ਜਾਂਦਾ ਹੈ। ਇਸ ਲਈ ਛੋਟੇ ਨੋਟਾਂ ਦੀ ਘੱਟ ਮਾਤਰਾ ਛਾਪੀ ਜਾ ਰਹੀ ਸੀ। ਜੇਕਰ ਵੱਡੇ ਨੋਟ ਬੰਦ ਕਰਨੇ ਸਨ ਤਾਂ ਛੋਟੇ ਨੋਟਾਂ ਦੀ ਛਪਾਈ ਵੱਧ ਕਰ ਕੇ ਇਨ੍ਹਾਂ ਨੋਟਾਂ ਨੂੰ ਬੈਂਕਾਂ ਜਾਂ ਬਾਜ਼ਾਰ ਦੇ ਅੰਦਰ ਵਿਚ ਭੇਜੇ ਜਾਣ ਦੀ ਲੋੜ ਸੀ ਪਰ ਅਜਿਹਾ ਨਹੀਂ ਕੀਤਾ ਗਿਆ ਜਿਸ ਕਾਰਨ ਆਮ ਲੋਕਾਂ ਨੂੰ ਵਧੇਰੇ ਤਕਲੀਫ਼ ਹੋਈ ਹੈ। ਕੁਝ ਲੋਕ ਏ.ਟੀ.ਐਮ. ਦੀ ਵਰਤੋਂ ਕਰਦੇ ਸਨ ਉਹ ਆਪਣੀ ਲੋੜ ਅਨੁਸਾਰ ਪੈਸੇ ਲੈ ਲਿਆ ਕਰਦੇ ਸਨ। ਉਹ ਮਸ਼ੀਨਾਂ ਪੁਰਾਣੇ 500 ਅਤੇ 1000 ਦੇ ਨੋਟਾਂ ਨੂੰ ਠੀਕ ਤਰ੍ਹਾਂ ਕੱਢ ਕੇ ਗ੍ਰਾਹਕ ਨੂੰ ਦੇ ਸਕਦੀਆਂ ਸਨ ਪਰੰਤੂ ਨੋਟ ਤਬਦੀਲੀ ਕਰਨ ਨਾਲ ਇਨ੍ਹਾਂ ਏ.ਟੀ.ਐਮ. ਮਸ਼ੀਨਾਂ ਨੂੰ ਠੀਕ ਕੀਤੇ ਬਿਨਾਂ ਕੰਮ ਵਿਚ ਨਹੀਂ ਲਿਆਂਦਾ ਜਾ ਸਕਦਾ। ਇਨ੍ਹਾਂ ਨੂੰ ਠੀਕ ਕਰਨ ਲਈ ਸਮੇਂ ਅਤੇ ਮਾਹਰ ਕਾਰੀਗਰਾਂ ਦੀ ਲੋੜ ਹੈ ਜਿਸ ਉਪਰ ਸਮਾਂ ਲਗਣਾ ਹੈ। ਉਸ ਉੱਪਰ ਆਉਣ ਵਾਲੇ ਖਰਚ ਵੀ ਧਿਆਨ ਵਿੱਚ ਨਹੀਂ ਰੱਖਿਆ ਗਿਆ ਹੈ। ਸਮਾਂ ਨਾ ਮਿਲਣ ਕਾਰਨ ਮਸ਼ੀਨਾਂ ਨੂੰ ਵੀ ਪ੍ਰਯੋਗ ਵਿਚ ਨਹੀਂ ਲਿਆਂਦਾ ਜਾ ਸਕਿਆ ਅਤੇ ਕੇਵਲ 100 ਦੇ ਨੋਟ ਹੀ ਗ੍ਰਾਹਕ ਨੂੰ ਮਿਲ ਸਕਦੇ ਸਨ ਜਿਨ੍ਹਾਂ ਦੀ ਗਿਣਤੀ ਘਟ ਹੋਣ ਕਾਰਨ ਗ੍ਰਾਹਕਾਂ ਦੀ ਲੋੜ ਪੂਰੀ ਨਹੀਂ ਹੋ ਸਕੀ ਤੇ ਆਮ ਜਨਤਾ ਪ੍ਰਭਾਵਿਤ ਹੋਈ ਹੈ।

ਪ੍ਰਸਿੱਧ ਅਰਥ ਸ਼ਾਸ਼ਤਰੀ ਅਤੇ ਸਾਡੇ ਦੇਸ਼ ਦੇ ਪੂਰਵ ਪ੍ਰਧਾਨ ਮੰਤਰੀ ਨੇ ਸੰਸਦ ਵਿਚ ਆਖਿਆ ਹੈ ਕਿ ਨੋਟ ਬੰਦ ਕਰਨ ਨਾਲ ਸਾਡੇ ਦੇਸ਼ ਦੀ ਜੀ.ਡੀ.ਪੀ. ਲਗਭਗ 2% ਘਟ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਮੈਂ ਇਹ ਅੰਕੜੇ ਵਧਾ ਕੇ ਨਹੀਂ ਆਖ ਰਿਹਾ ਹਾਂ। ਭਾਵੇਂ ਮੌਜੂਦਾ ਸਰਕਾਰ ਨੇ ਇਸ ਅੰਕੜੇ ਨੂੰ ਨਕਾਰ ਦਿੱਤਾ ਹੈ। ਪਰੰਤੂ ਬਜ਼ਾਰ ਦੀ ਹਾਲਤ ਦੇਖ ਅੰਕੜੇ ਠੀਕ ਜਾਪਦੇ ਹਨ। ਅਸੀਂ ਦੇਖ ਰਹੇ ਹਾਂ ਬਜ਼ਾਰ ਵਿੱਚ ਗਾਹਕ ਨਹੀਂ ਹੈ ਅਤੇ ਬਹੁ ਗਿਣਤੀ ਬੈਂਕ ਦੇ ਬਾਹਰ ਲਾਈਨਾਂ ਵਿੱਚ ਨੋਟ ਤਬਦੀਲੀ ਵਿੱਚ ਲੱਗੀ ਹੋਈ ਹੈ। ਪੰਜਾਬ ਸਰਕਾਰ ਦੇ ਇਕ ਮੰਤਰੀ ਦੇ ਬਿਆਨ ਤੋਂ ਇਹ ਪਤਾ ਲਗਾ ਹੈ ਕਿ ਇਸ ਵਾਰ ਵਪਾਰ ਦੇ ਮੰਦੇ ਹੋਣ ਕਾਰਨ ਵੈਟ ਘੱਟ ਇਕੱਠਾ ਹੋਇਆ ਹੈ। ਅਰਥ ਸ਼ਾਸ਼ਤਰ ਵਿਚ ਨੋਬਲ ਪੁਰਸਕਾਰ ਪ੍ਰਾਪਤ ਅਮ੍ਰਤਯਾ ਸੇਨ ਨੇ ਕਿਹਾ ਹੈ ਕਿ ਨੋਟਾਂ ਨੂੰ ਬੰਦ ਕਰ ਦੇਣਾ ਇਕ ਤਾਨਾਸ਼ਾਹੀ ਫੈਸਲਾ ਹੈ। ਇਸ ਨਾਲ ਵਧੇਰੇ ਆਮ ਲੋਕ ਪ੍ਰਭਾਵਿਤ ਹੋਏ ਹਨ।

ਡਿਜਿਟਲ ਇੰਡੀਆ ਪ੍ਰਚਾਰਦੇ ਹੋਏ ਆਖਿਆ ਜਾ ਰਿਹਾ ਹੈ ਕਿ ਲੋਕਾਂ ਨੂੰ ਪਲਾਸਟਿਕ ਮਨੀ ਵਰਤਣਾ ਚਾਹੀਦਾ ਹੈ ਪਰੰਤੂ ਇਹ ਸਲਾਹ ਦੇਣ ਵਾਲੇ ਇਹ ਭੁੱਲ ਜਾਂਦੇ ਹਨ ਕਿ

ਸਾਡੇ ਦੇਸ਼ ਅੰਦਰ ਇੰਟਰਨੈਟ ਦੀ ਕੀ ਹਾਲਤ ਹੈ ਅਤੇ ਬਿਜਲੀ ਦੇ ਵੀ ਕੱਟ ਲਗਦੇ ਹਨ ਬਿਜਲੀ ਲਈ ਬੈਕ-ਅਪ ਸਿਸਟਮ ਕਿਤਨੀ ਦੇਰ ਕੰਮ ਕਰ ਸਕਦਾ ਹੈ ਪਹਿਲਾਂ ਇੰਟਰਨੈਟ ਸਿਸਟਮ ਮਜ਼ਬੂਤ ਕਰਨ ਦੀ ਲੋੜ ਹੈ। ਪਲਾਸਟਿਕ ਮਨੀ ਅਰਥਾਤ ਕਰੈਡਿਟ ਕਾਰਡ ਆਦਿ ਵਰਤਣ ਲਈ ਉਸ ਉਪਰ ਆਉਣ ਵਾਲਾ ਖ਼ਰਚ ਵੀ ਵਿਚਾਰਨ ਦੀ ਲੋੜ ਹੈ ਜਿਸ ਨਾਲ ਕੀਮਤ ਵੱਧ ਜਾਂਦੀ ਹੈ ਅਤੇ ਪਹਿਲਾਂ ਹੀ ਮਹਿੰਗਾਈ ਆਮ ਆਦਮੀ ਦਾ ਲੱਕ ਦੂਹਰਾ ਕਰ ਰਹੀ ਹੈ ਅਤੇ ਉਸ ਉਪਰ ਇਹ ਮਹਿੰਗਾਈ ਜਿਸ ਤੋਂ ਬਚਿਆ ਜਾ ਸਕਦਾ ਹੈ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਥੋੜ੍ਹੀ 100/200 ਦੀ ਖਰੀਦਦਾਰੀ ਕਰਨ ਵੇਲੇ ਤਾਂ ਨਕਦ ਰਕਮ ਹੀ ਲੋੜੀਂਦੀ ਹੈ। ਜਾਣਕਾਰੀ ਸਬੰਧੀ ਇਹ ਦਲੀਲ ਦਿਤੀ ਜਾਂਦੀ ਹੈ ਕਿ ਜੇ ਲੋਕ ਵਲੋਂ ਫੇਸਬੁਕ ਜਾਂ ਫੋਨ ਦੀ ਵਰਤੋਂ ਸਿੱਖੀ ਜਾ ਸਕਦੀ ਹੈ ਤਾਂ ਕਾਰਡ ਵਰਤਣੇ ਵੀ ਸਿੱਖੇ ਜਾ ਸਕਦੇ ਹਨ। ਪਰੰਤੂ ਇਹ ਭੁੱਲ ਜਾਂਦੇ ਹਨ ਕਿ ਸਿੱਖਣ ਲਈ ਸਮਾਂ ਤਾਂ ਲਗਦਾ ਹੈ ਅਧੂਰੇ ਸਿੱਖੇ ਲੋਕਾਂ ਨਾਲ ਵੱਜ ਰਹੀਆਂ ਠੱਗੀਆਂ, ਜਿਵੇਂ ਪਿੰਨ ਪੁੱਛ ਲੈਣ ਤੋਂ ਬਾਅਦ ਸਾਰੀ ਰਕਮ ਧੋਖੇ ਨਾਲ ਕਢਾ ਲੈਣੀ ਆਦਿ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ। ਇਸ ਲਈ ਪੂਰੀ ਤਿਆਰੀ ਤੋਂ ਬਾਅਦ ਹੀ ਇਹ ਅਪਰੇਸ਼ਨ ਕੀਤਾ ਜਾਣਾ ਜਾਇਜ਼ ਸਮਝਿਆ ਜਾ ਸਕਦਾ ਹੈ।

ਜਿਥੋਂ ਤਕ ਨਕਲੀ ਕਰੰਸੀ ਚਲਣ ਦਾ ਸਬੰਧ ਹੈ 2000 ਦਾ ਨੋਟ ਹਾਲੇ ਤਕ ਸਾਰੇ ਲੋਕਾਂ ਨੇ ਨਹੀਂ ਦੇਖਿਆ ਹੈ ਪਰੰਤੂ ਇਹ ਖਬਰਾਂ ਪੜ੍ਹਨ ਅਤੇ ਸੁਣਨ ਨੂੰ ਮਿਲ ਰਹੀਆਂ ਹਨ ਕਿ 2000 ਦੇ ਨਕਲੀ ਨੋਟ ਬਾਜ਼ਾਰ ਵਿਚ ਚਲ ਰਹੇ ਹਨ। ਬੈਂਕ ਵਿਚੋਂ ਪੈਸੇ ਤਬਦੀਲ ਕਰਨ ਲਈ ਪਹਿਲਾਂ 4000 ਫੇਰ 4500 ਤੇ ਹੁਣ 2000 ਰੁਪੈ ਲੈ ਜਾ ਸਕਦੇ ਹਨ। ਲੰਬੀ ਕਤਾਰ ਵਿਚ ਲਗਣ ਉਪਰੰਤ ਜੇ ਕਿਸੇ ਖੁਸ਼ ਕਿਸਮਤ ਨੂੰ 2000 ਰੁਪੈ ਮਿਲ ਜਾਂਦੇ ਹਨ ਤਾਂ ਉਸ ਨੂੰ ਜੇਕਰ 2000 ਦਾ ਨੋਟ ਮਿਲ ਗਿਆ ਤਾਂ ਉਹ 100/200 ਦੀ ਖਰੀਦਦਾਰੀ ਨਹੀਂ ਕਰ ਸਕਦਾ ਕਿਉਂ ਜੋ ਕੋਈ ਦੁਕਾਨਦਾਰ ਉਸ ਨੂੰ ਬਾਕੀ 100-100 ਦੇ ਨੋਟ ਦੇਣ ਨੂੰ ਤਿਆਰ ਨਹੀਂ ਹੁੰਦਾ ਅਤੇ ਉਹ ਸਾਰੀ ਰਕਮ ਇਕੋ ਵਸਤੂ ਖਰੀਦਣ ਉਪਰ ਨਹੀਂ ਲਗਾ ਸਕਦਾ ਕਿਉਂ ਜੋ ਉਸ ਨੇ ਹੋਰ ਲੋੜਾਂ ਵੀ ਪੂਰੀਆਂ ਕਰਨੀਆਂ ਹੁੰਦੀਆਂ ਹਨ। ਇਹ ਇਕ ਨਵੀਂ ਸਮੱਸਿਆ ਨਵੇਂ ਨੋਟਾਂ ਦੇ ਚਲਣ ਨਾਲ ਸ਼ੁਰੂ ਹੋ ਚੁਕੀ ਹੈ ਅਤੇ ਜੇ ਕਿਤੇ ਉਸ ਵਿਚਾਰੇ ਦੇ ਹੱਥ ਕੋਈ ਜਾਹਲੀ 2000 ਦਾ ਨੋਟ ਆ ਜਾਵੇ ਤਾਂ ਉਸ ਲਈ ਮੁਸੀਬਤਾਂ ਦਾ ਪਹਾੜ ਹੀ ਟੁੱਟ ਪੈਂਦਾ ਹੈ।

ਇਹ ਵੀ ਅਖਬਾਰਾਂ ਵਿਚ ਖਬਰਾਂ ਰਾਹੀਂ ਪਤਾ ਲੱਗਾ ਹੈ ਕਿ ਕੁਝ ਲੋਕ ਪੁਰਾਣੀ ਕਰੰਸੀ ਨੂੰ ਨਵੀਂ ਵਿਚ ਤਬਦੀਲ ਕਰਨ ਲਈ ਕਮਿਸ਼ਨ ਲੈ ਰਹੇ ਹਨ ਅਤੇ ਇਹ ਕਮਿਸ਼ਨ 30% ਤੋਂ 35% ਹੈ। ਇਸ ਤਰ੍ਹਾਂ ਕਰ ਕੇ ਉਹ ਹੋਰ ਕਾਲਾ ਧਨ ਪੈਦਾ ਨਹੀਂ ਕਰ ਰਹੇ ਹਨ ਕਿਉਂ ਜੋ ਜਿਹੜਾ ਉਹ ਕਮਿਸ਼ਨ ਲੈ ਰਹੇ ਹਨ ਉਹ ਭ੍ਰਿਸ਼ਟਾਚਾਰ ਵੀ ਹੈ। ਇਸ ਤਰ੍ਹਾਂ ਨਾਲ ਬਦਲੀ ਕਰੰਸੀ ਇਲਾਜ ਦੀ ਥਾਂ ਬੀਮਾਰੀ ਵਿਚ ਵਾਧਾ ਵੀ ਕਰ ਰਹੀ ਹੈ। ਜਿਹੜੇ ਨੇਤਾਵਾਂ ਜਾਂ ਕਾਲੇ ਧਨ ਵਾਲਿਆਂ ਨੇ ਪਹਿਲਾਂ ਹੀ ਤਬਦੀਲ ਕਰ ਲਏ ਹਨ ਉਹ ਤਾਂ ਗਿਣਤੀ ਵਿਚ ਹੀ ਨਹੀਂ ਆ ਰਹੇ ਹਨ। ਕਿਸੇ ਪਾਸੇ ਤੋਂ ਇਹ ਖਬਰ ਨਹੀਂ ਮਿਲੀ ਕਿ ਕੋਈ ਕਾਲੇ ਧਨ ਵਾਲਾ ਜਾਂ ਵੱਡਾ ਵਪਾਰੀ ਕਤਾਰ ਵਿਚ ਖੜੋ ਆਪਣੇ ਪੈਸੇ ਬਦਲ ਰਿਹਾ

ਹੈ ਜਾਂ ਆਪਣੇ ਖਾਤੇ ਵਿਚ ਜਮ੍ਹਾਂ ਕਰਵਾ ਰਿਹਾ ਸੀ। ਇਕ ਵੱਡੇ ਕਾਂਗਰਸੀ ਨੇਤਾ ਦਾ ਕਤਾਰ ਵਿਚ ਖੜੇ ਹੋ ਕੇ ਆਮ ਲੋਕਾਂ ਨੂੰ ਮਿਲ ਕੇ ਸਿਆਸਤ ਕਰ ਰਿਹਾ ਜ਼ਰੂਰ ਸੁਣਿਆ ਗਿਆ ਹੈ, ਹੋ ਸਕਦਾ ਹੈ ਉਸ ਨੇਤਾ ਨੇ ਇਸ ਤੋਂ ਪਹਿਲਾਂ ਬੈਂਕ ਵਿਚੋਂ ਜਾਂ ਏ.ਟੀ.ਐਮ. ਵਿਚੋਂ ਕਦੇ ਪੈਸੇ ਕਢਵਾਏ ਹੀ ਨਾ ਹੋਣ। ਇਹ ਵੀ ਖ਼ਬਰ ਹੈ ਪ੍ਰਧਾਨ ਮੰਤਰੀ ਦੇ 90 ਸਾਲਾ ਮਾਤਾ ਜੀ ਨੇ ਵੀ ਕਤਾਰ ਵਿਚ ਲਗ ਕੇ ਪੈਸੇ ਲੈ ਹਨ। ਪਰ ਇਸ ਨੂੰ ਸਿਆਸਤ ਨਹੀਂ ਕਿਹਾ ਜਾ ਰਿਹਾ। ਸਾਰੇ ਜਾਣਦੇ ਹਨ ਕਿ ਮਾਤਾ ਜੀ ਨੇ ਪਹਿਲਾਂ ਕਿਤਨੀ ਵਾਰ ਬੈਂਕ ਵਿਚੋਂ ਪੈਸੇ ਕਢਵਾਏ ਸਨ। ਇਕ ਵਾਰ ਹੀ ਇਹਨਾਂ ਨੇ ਰਕਮਾਂ ਕਢਵਾ ਕੇ ਸਾਰ ਲਿਆ ਹੈ ਅਤੇ ਹੁਣ ਇਹਨਾਂ ਨੂੰ ਰਕਮ ਦੀ ਲੋੜ ਨਹੀਂ ਹੈ।

ਆਮ ਲੋਕਾਂ ਨੂੰ ਬੈਂਕ ਵਲ ਲਿਜਾਇਆ ਜਾ ਰਿਹਾ ਹੈ। ਚੰਗਾ ਹੁੰਦਾ ਜੇ ਕਰ ਪ੍ਰੇਰ ਕੇ ਜਾਂ ਕੋਈ ਇਨਸੈਂਟਿਵ ਦੇ ਕੇ ਲਿਜਾਇਆ ਜਾਂਦਾ, ਪਰ ਹੁਣ ਤਾਂ ਬਾਂਹ ਨੂੰ ਵਟਾ ਦੇ ਕੇ ਬੈਂਕ ਵਲ ਲਿਜਾਇਆ ਜਾ ਰਿਹਾ ਹੈ ਜਿਸ ਨੂੰ ਬਿਲਕੁਲ ਵੀ ਠੀਕ ਨਹੀਂ ਮੰਨਿਆ ਜਾ ਸਕਦਾ। ਪਹਿਲਾਂ ਇਹ ਲਾਲਚ ਦਿੱਤਾ ਗਿਆ ਸੀ ਜਦੋਂ ਕਾਲਾ ਧਨ ਦੇਸ਼ ਵਿਚ ਆ ਗਿਆ ਸਭ ਦੇ ਖਾਤੇ ਵਿਚ 15-15 ਲਖ ਜਮ੍ਹਾਂ ਕਰਵਾ ਦਿਤਾ ਜਾਵੇਗਾ। ਲੋਕ ਇਸ ਲਾਲਚ ਦੇ ਵਿਚ ਆ ਕੇ ਖਾਤੇ ਖੁਲ੍ਹਵਾ ਰਹੇ ਸਨ ਕਿਉਂਕਿ ਸਿਫ਼ਰ ਬਕਾਏ ਨਾਲ ਖਾਤੇ ਖੁਲ੍ਹਣੇ ਸਨ ਲੋਕਾਂ ਨੇ ਖਾਤੇ ਖੁਲ੍ਹਵਾ ਲਏ ਸਨ। ਬਾਅਦ ਵਿਚ ਕੋਈ ਲੈਣ ਦੇਣ ਨਾ ਹੋਣ ਕਾਰਨ ਉਹ ਬੰਦ ਹੋ ਗਏ ਸਨ। ਬੈਂਕਾਂ ਦੁਆਰਾ ਵਰਤੀ ਗਈ ਸਟੇਸ਼ਨਰੀ ਵਿਅਰਥ ਹੀ ਗਈ ਅਤੇ ਸਾਰਾ ਖਰਚ ਬੈਂਕ ਨੇ ਹੀ ਸਹਿਣ ਕੀਤਾ ਹੈ। ਬਾਅਦ ਵਿਚ ਲੋਕਾਂ ਨੂੰ ਇਹ ਕਹਿ ਦਿੱਤਾ ਕਿ ਕਾਲਾ ਧਨ ਤਾਂ ਪਤਾ ਹੀ ਨਹੀਂ ਕਿਤਨਾ ਹੈ ਅਤੇ ਇਸ ਨੂੰ ਨਹੀਂ ਲਿਆਂਦਾ ਜਾ ਸਕਦਾ ਅਤੇ ਇਹ ਇਕ ਚੁਣਾਵੀ ਜੁਮਲਾ ਸੀ। ਹੁਣ ਨੋਟ ਬਦਲਣ ਲਈ ਕਤਾਰਾਂ ਵਿਚ ਖੜੇ ਹਨ। ਵਿਆਹ ਸ਼ਾਦੀਆਂ ਦੀਆਂ ਤਰੀਕਾਂ ਨੂੰ ਬਦਲਿਆ ਜਾ ਰਿਹਾ ਹੈ। ਅਜਿਹਾ ਕਰ ਕੇ ਸਾਡੀ ਸਰਕਾਰ ਲੋਕਾਂ ਦੇ ਅੰਦਰੋਂ ਬੈਂਕ ਲਈ ਵਿਸ਼ਵਾਸ ਤੋੜਨ ਦਾ ਯਤਨ ਕਰ ਰਹੀ ਹੈ ਜੇਕਰ ਕੋਈ ਜਮ੍ਹਾਂ ਕਰਤਾ ਆਪਣੀ ਹੱਕ ਹਲਾਲ ਦੀ ਕਮਾਈ ਲੋੜ ਸਮੇਂ ਬੈਂਕ ਵਿਚੋਂ ਨਹੀਂ ਕਢਵਾ ਸਕਦਾ ਤਾਂ ਲੋਕ ਆਪਣੀਆਂ ਬੱਚਤਾਂ ਨੂੰ ਬੈਂਕ ਵਿਚ ਜਮ੍ਹਾਂ ਕਿਉਂ ਕਰਵਾਉਣਗੇ ਅਤੇ ਕੋਸ਼ਿਸ਼ ਇਹ ਕੀਤੀ ਜਾਵੇਗੀ ਕਿ ਬੱਚਤ ਨੂੰ ਆਪਣੇ ਕੋਲ ਹੀ ਰਖਿਆ ਜਾਵੇ ਤਾਂ ਜੋ ਲੋੜ ਸਮੇਂ ਵਰਤਿਆ ਜਾ ਸਕੇ। ਵਿਆਜ ਦੀਆਂ ਥੋੜ੍ਹੀਆਂ ਦਰਾਂ ਪਹਿਲਾਂ ਹੀ ਆਕ੍ਰਸ਼ਿਤ ਨਹੀਂ ਕਰਦੀਆਂ ਹਨ, ਇਕ ਤਰਲਤਾ ਹੀ ਕਾਰਨ ਸੀ ਜਿਸ ਨੂੰ ਵੀ ਸਰਕਾਰ ਦੇ ਕੰਟਰੋਲ ਨੇ ਖਤਮ ਕਰ ਦੇਣਾ ਹੈ। ਬੈਂਕ ਨੂੰ ਇਸ ਪਾਸੇ ਵਲ ਧਿਆਨ ਦੇਣਾ ਪਵੇਗਾ ਨਹੀਂ ਤਾਂ ਸਮੇਂ ਨਾਲ ਬੈਂਕ ਵੀ ਲੋਕਾਂ ਅੰਦਰ ਖਿੱਚ ਨਹੀਂ ਪਾ ਸਕਣਗੇ। ਲੋਕਾਂ ਨੂੰ ਆਪਣੇ ਕੰਮਾਂ ਨੂੰ ਛੱਡ ਲਾਈਨਾਂ ਵਿੱਚ ਮਜਬੂਰਨ ਖੜਾ ਹੋਣਾ ਪੈ ਰਿਹਾ ਹੈ। ਖ਼ਬਰ ਹੈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਕਤਾਰ ਵਿੱਚ ਖੜੋ ਕੇ ਆਪਣੀ ਮਿਹਨਤ ਦੀ ਕਮਾਈ ਲੈਣੀ ਪੈ ਰਹੀ ਹੈ ਅਤੇ ਉਸ ਦੀ ਸੀਮਾ ਹੱਦ ਬਹੁਤ ਥੋੜ੍ਹੀ ਹੈ ਜਿਸ ਨਾਲ ਗੁਜ਼ਾਰਾ ਹੋਣਾ ਮੁਸ਼ਕਿਲ ਹੈ।

ਕਾਲਾ ਧਨ ਰੰਗ ਵਿੱਚ ਕਾਲਾ ਨਹੀਂ ਹੁੰਦਾ, ਜੇ ਅਜਿਹਾ ਹੁੰਦਾ ਤਾਂ ਪਛਾਣ ਬੜੀ ਆਸਾਨ ਹੋ ਜਾਂਦੀ। ਪਰੰਤੂ ਇਹ ਤਾਂ ਬਜ਼ਾਰ ਵਿਚ ਚਲ ਰਹੇ ਆਮ ਪੈਸੇ ਜਿਹਾ ਹੀ ਹੁੰਦਾ ਅਤੇ ਚੱਲਦੇ-ਚੱਲਦੇ ਚਿੱਟੇ ਤੋਂ ਕਾਲਾ ਅਤੇ ਕਾਲੇ ਤੋਂ ਚਿੱਟਾ ਹੋ ਜਾਇਆ ਕਰਦਾ ਹੈ। ਆਮ

ਭਾਸ਼ਾ ਵਿਚ ਇਸ ਨੂੰ ਦੋ ਨੰਬਰ ਦਾ ਪੈਸਾ ਵੀ ਆਖਿਆ ਜਾਂਦਾ ਹੈ ਇਹ ਪੈਸਾ ਦੋ ਨੰਬਰ ਦਾ ਇਸ ਲਈ ਹੋ ਜਾਇਆ ਕਰਦਾ ਹੈ ਕਿਉਂ ਜੋ ਇਸ ਨਾਲ ਕੀਤੀ ਖ਼ਰੀਦ ਵੇਚ ਉੱਪਰ ਟੈਕਸ ਨਹੀਂ ਦਿੱਤਾ ਜਾਂਦਾ ਅਤੇ ਦਰਜ ਕਰਨ ਖ਼ਾਤਰ ਵੱਖਰੇ ਵਹੀ ਖਾਤਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਵਹੀ ਖਾਤੇ ਸਰਕਾਰੀ ਅਧਿਕਾਰੀਆਂ ਨੂੰ ਕਦੇ ਵੀ ਦਿਖਾਏ ਨਹੀਂ ਜਾਂਦੇ। ਕਦੇ-ਕਦੇ ਇਹ ਪੈਸਾ ਛਾਲ ਮਾਰ ਇਕ ਨੰਬਰ ਵਿੱਚ ਵੀ ਚਲਾ ਜਾਂਦਾ ਹੈ ਅਤੇ ਫੇਰ ਹੋਰ ਹੱਥਾਂ ਵਿੱਚ ਜਾ ਕੇ ਦੋ ਨੰਬਰ ਵੀ ਹੋ ਸਕਦਾ ਹੈ। ਇਹ ਖਾਤੇ ਰੱਖਣ ਵਾਲਿਆਂ ਦੇ ਕਮਾਲ 'ਤੇ ਨਿਰਭਰ ਕਰਦਾ ਹੈ ਕਿ ਪੈਸੇ ਨੇ ਕਿਸ ਖਾਤਾ ਨੰਬਰ ਵਿੱਚ ਪ੍ਰਵੇਸ਼ ਪਾਉਣਾ ਹੈ। ਕਾਲੇ ਧਨ ਨੂੰ ਬੰਦ ਕਰਨ ਲਈ ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਵਿਚੋਂ ਨੋਟਬੰਦੀ ਕੇਵਲ ਇਕ ਢੰਗ ਹੈ। ਬਾਕੀ ਢੰਗਾਂ ਦੀ ਵਰਤੋਂ ਜੇਕਰ ਕਾਮਯਾਬ ਨਾ ਹੁੰਦੀ ਤਾਂ ਇਹ ਤਰੀਕਾ ਵਰਤਣਾ ਜਾਇਜ਼ ਮੰਨਿਆ ਜਾ ਸਕਦਾ ਹੈ ਉਹ ਵੀ ਜੇ ਪੂਰੀ ਤਿਆਰੀ ਨਾਲ ਕੀਤਾ ਗਿਆ ਹੁੰਦਾ। ਬਾਕੀ ਤਰੀਕਿਆਂ ਵਿਚੋਂ ਟੈਕਸ ਅਧਿਕਾਰੀਆਂ ਦੀ ਫੌਜ ਨੂੰ ਚੁਸਤ ਦਰੁਸਤ ਕਰਨ ਵੀ ਸ਼ਾਮਲ ਹੈ। ਜਾਪਦਾ ਹੈ ਕਿ ਸਰਕਾਰ ਨੇ ਉਸ ਉਪਰ ਪੂਰਨ ਵਿਸ਼ਵਾਸ ਨਹੀਂ ਕੀਤਾ ਤੇ ਮੰਨ ਲਿਆ ਕਿ ਉਨ੍ਹਾਂ ਅੰਦਰ ਵੀ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਾਡੇ ਕੋਲ ਬਹੁਤ ਸਾਰੇ ਨਿਯਮ ਹਨ ਅਤੇ ਸਜ਼ਾਵਾਂ ਵੀ ਬਣੀਆਂ ਹੋਈਆਂ ਹਨ, ਉਸ ਉਪਰ ਵੀ ਵਿਸ਼ਵਾਸ ਨਹੀਂ ਕੀਤਾ ਗਿਆ ਅਤੇ ਕੇਵਲ ਇਕ ਐਲਾਨ ਨਾਲ ਨੋਟਬੰਦੀ ਕਰ ਦਿਤੀ ਗਈ ਹੈ। ਇਸ ਵਿਚ ਹੋ ਰਹੇ ਭ੍ਰਿਸ਼ਟਾਚਾਰ ਜਿਸ ਦਾ ਉਪਰ ਵਰਨਣ ਕੀਤਾ ਗਿਆ, ਨੂੰ ਰੋਕਣ ਲਈ ਵੀ ਉਸੇ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਹੁਣ ਉਸ ਉਪਰ ਵਿਸ਼ਵਾਸ ਕਰਨਾ ਕਿਥੋਂ ਤਕ ਜਾਇਜ਼ ਕਿਹਾ ਜਾ ਸਕਦਾ ਹੈ ਜੇਕਰ ਉਹ ਪਹਿਲਾਂ ਬਣੇ ਨਿਯਮ ਲਾਗੂ ਕਰਵਾਉਣ ਵਿਚ ਕਾਮਯਾਬ ਨਹੀਂ ਲਗ ਰਹੀ ਸੀ। ਇਸ ਲਈ ਇਸ ਫੈਸਲੇ ਨੂੰ ਮੁੜ ਵਿਚਾਰਨ ਦੀ ਲੋੜ ਹੈ। ਅਸੀਂ ਉਸ ਖਰਚ ਬਾਰੇ ਤਾਂ ਹਾਲੇ ਸੋਚਿਆ ਹੀ ਨਹੀਂ ਜੋ ਸੰਸਦ ਦਾ ਸੈਸ਼ਨ ਚਲਦੇ ਹੋਣ ਦੇ ਬਾਵਜੂਦ ਵੀ ਨੋਟਬੰਦੀ ਕਾਰਣ ਠੱਪ ਹੋਇਆ ਪਿਆ ਹੈ। ਇਸ ਮਸਲੇ ਨੂੰ ਵਿਚਾਰਣ ਲਈ ਸਰਕਾਰ ਅਤੇ ਵਿਰੋਧੀ ਵਿਚ ਕਸ਼ਮਕਸ਼ ਚਲ ਰਹੀ ਹੈ।

# ਮੱਤ ਕਿਹੜਾ ਇਸ ਨੂੰ ਦਵੇ

**ਲੋਕੀਂ ਪੂਜਨ ਰੱਬ ਮੈਂ ਤੇਰਾ ਬਿਰਹੜਾ,**
**ਸਾਨੂੰ ਸੌ ਮੱਕਿਆਂ ਦਾ ਹੱਜ ਇਹ ਤੇਰਾ ਬਿਰਹੜਾ**

ਅਤੇ

**ਮਾਏ ਨੀ ਮਾਏ**
**ਮੇਰੇ ਗੀਤਾਂ ਦੇ ਨੈਣਾਂ ਵਿਚੋਂ,**
**ਬਿਰਹੋਂ ਦੀ ਰੜਕ ਪਵੇ**
...
**ਆਪੇ ਨੀ ਮੈਂ ਬਾਲੜੀ,**
**ਮੈਂ ਹਾਲੇ ਆਪ ਮਤਾਂ ਜੋਗੀ,**
**ਮੱਤ ਕਿਹੜਾ ਇਸ ਨੂੰ ਦਵੇ**
**ਆਖ ਸੂ ਨੀ ਮਾਏ ਏਹਨੂੰ**
**ਰੋਵੇ ਬੁੱਲ੍ਹ ਚਿੱਥ ਕੇ ਨੀ**
**ਜਗ ਕਿਤੇ ਸੁਣ ਨਾ ਲਵੇ**

ਬਿਰਹਾ ਨੂੰ ਪਿਆਰ ਕਰਨ ਵਾਲਾ ਇਹ ਸ਼ਖ਼ਸ ਕੋਈ ਹੋਰ ਨਹੀਂ ਹੈ, ਛੋਟੀ ਜ਼ਿੰਦਗੀ ਜੀਊਣ ਵਾਲਾ, ਥੱਬਾ ਕੁ ਜ਼ੁਲਫਾਂ ਵਾਲਾ, ਭੱਠੀ ਵਾਲੀ ਤੋਂ ਪੀੜਾਂ ਦਾ ਪਰਾਗਾ ਭੁਨਾਉਣ ਵਾਲਾ, ਅਣਵੰਡੇ ਪੰਜਾਬ ਦੇ ਨਾਰੋਵਾਲ ਜ਼ਿਲੇ ਦੇ ਪਿੰਡ ਲੋਹਟੀਆਂ ਵਿਚ ਪੈਦਾ ਹੋਇਆ ਸ਼ਿਵ ਹੀ ਹੈ। ਬਚਪਨ ਵਿਚ ਹੀ ਇਸ ਦੇ ਸ਼ੌਕ ਆਮ ਬਚਿਆਂ ਨਾਲੋਂ ਵੱਖ ਸਨ, ਇਸ ਨੂੰ ਆਮ ਲੋਕਾਂ ਵਲੋਂ ਸ਼ੁਦਾਈ ਅਤੇ ਮਲੰਗ ਦਾ ਖਿਤਾਬ ਦਿਤਾ ਗਿਆ ਸੀ। ਪਿੰਡ ਵਿਚ ਹੁੰਦੀ ਰਾਮਲੀਲ੍ਹਾ ਵਿਚ ਵੀ ਹਿੱਸਾ ਲੈਂਦਾ ਸੀ।

**ਯਾਰੜਿਆ! ਰੱਬ ਕਰਕੇ ਮੈਨੂੰ,**
**ਪੈਣ ਬਿਰਹੋਂ ਦੇ ਕੀੜੇ ਵੇ,**
**ਨੈਣਾਂ ਦੇ ਦੋ ਸੰਦਲੀ ਬੂਹੇ,**
**ਜਾਣ ਸਦਾ ਲਈ ਭੀੜੇ ਵੇ**

ਇਹ ਬਿਰਹਾ ਦਾ ਸੁਲਤਾਨ ਕ੍ਰਿਸ਼ਨ ਗੋਪਾਲ ਅਤੇ ਸ਼ਾਂਤੀ ਦੇਵੀ ਦੇ ਘਰ 23 ਜੁਲਾਈ 1936 ਨੂੰ ਪੈਦਾ ਹੋਇਆ। ਕ੍ਰਿਸ਼ਨ ਗੋਪਾਲ ਜੀ ਪਟਵਾਰੀ ਸਨ ਅਤੇ ਸ਼ਾਂਤੀ ਦੇਵੀ ਕੋਲ ਮਿੱਠੀ ਅਵਾਜ਼ ਦਾ ਖ਼ਜ਼ਾਨਾ ਸੀ ਜੋ ਇਸ ਲੜਕੇ ਦੇ ਹਿੱਸੇ ਆਇਆ ਅਤੇ ਇਸੇ ਸਦਕਾ ਹੀ ਇਹ ਛੋਟੀ ਉਮਰ ਵਿਚ ਇਕ ਸੰਸਾਰ ਪ੍ਰਸਿਧ ਕਵੀ ਬਣਿਆ। ਸ਼ਿਵ ਦੀ ਜਨਮ ਪੱਤਰੀ

ਵਿਚ ਜਨਮ ਮਿਤੀ 23 ਜੁਲਾਈ 1936 ਹੈ ਅਤੇ ਦਸਵੀਂ ਦੀ ਸਨਦ ਉਪਰ 23 ਅਕਤੂਬਰ 1937 ਹੈ ਅਤੇ ਇਸ ਨੂੰ ਆਮ ਤੌਰ ਤੇ ਠੀਕ ਮੰਨਿਆ ਜਾਂਦਾ ਹੈ। ਚੌਥੀ ਜਮਾਤ ਆਪਣੇ ਪਿੰਡ ਦੇ ਸਕੂਲ ਵਿਚੋਂ ਪਾਸ ਕੀਤੀ ਅਤੇ ਵਜ਼ੀਫਾ ਹਾਸਲ ਕੀਤਾ। ਪਿਤਾ ਦੀ ਪਿੰਡ ਵਿਚੋਂ ਤਬਦੀਲੀ ਹੋ ਜਾਣ ਕਾਰਣ ਪਰਿਵਾਰ ਡੇਰਾ ਬਾਬਾ ਨਾਨਕ ਵਿਚ ਆ ਕੇ ਰਹਿਣ ਲੱਗ ਪਿਆ। ਦੇਸ਼ ਦੀ ਵੰਡ ਸ਼ਿਵ ਉਪਰ ਵਿਸ਼ੇਸ਼ ਛਾਪ ਬਣਾ ਗਈ ਅਤੇ ਪਰਿਵਾਰ ਬਟਾਲਾ ਵਿਚ ਆ ਕੇ ਵੱਸ ਗਿਆ। ਸ਼ਿਵ ਨੇ ਸਾਲਵੇਸ਼ਨ ਹਾਈ ਸਕੂਲ ਬਟਾਲਾ ਤੋਂ 1953 ਵਿਚ ਦਸਵੀਂ ਪਹਿਲੇ ਦਰਜੇ ਵਿਚ ਪਾਸ ਕਰ ਲਈ। ਕਾਲਜ ਵਿਚ ਦਾਖਲ ਹੋ ਕੇ ਤਿੰਨ ਸਾਲਾਂ ਦਾ ਸਮਾਂ ਬਿਤਾਇਆ ਪਰੰਤੂ ਕੋਈ ਵੀ ਇਮਤਿਹਾਨ ਪਾਸ ਨਾ ਕੀਤਾ। ਪਿਤਾ ਜੀ ਨਿਰਾਸ਼ ਹੋ ਗਏ ਅਤੇ ਆਪਣੇ ਅਸਰ ਰਸੂਖ ਨਾਲ ਪਟਵਾਰੀ ਭਰਤੀ ਕਰਵਾ ਦਿਤਾ। ਇਥੇ ਵੀ ਮਨ ਨਾ ਲੱਗਾ, ਆਪਣੀ ਥਾਂ ਉਪਰ ਤੀਜਾ ਹਿੱਸਾ ਤਨਖਾਹ ਦੇ ਕੇ ਇਕ ਸੇਵਾ ਨਵਿਰਤ ਪਟਵਾਰੀ ਰਖ ਲਿਆ ਅਤੇ ਆਪ ਕੰਮ ਦੀ ਥਾਂ ਲਿਖਣ ਵਿਚ ਲਗੇ ਰਹੇ। ਇਹ ਯੋਜਨਾ ਜ਼ਿਆਦਾ ਦੇਰ ਤਕ ਨਾ ਚਲੀ ਇਸ ਲਈ 1961 ਵਿਚ ਨੌਕਰੀ ਛੱਡ ਦਿੱਤੀ।

1957 ਤੋਂ ਲਿਖਣਾ ਸ਼ੁਰੂ ਕਰ ਕੇ ਉਸ ਨੇ ਬਟਾਲਾ ਖੇਤਰ ਵਿਚ ਆਪਣੀ ਥਾਂ ਬਣਾ ਲਈ। ਖੁਸ਼ਕਿਸਮਤੀ ਨਾਲ ਚੰਗਾ ਸਾਥ ਮਿਲ ਗਿਆ ਅਤੇ ਮੁਸ਼ਾਇਰਿਆ ਵਿਚ ਹਿੱਸਾ ਲੈਣ ਲੱਗ ਪਿਆ ਅਤੇ ਆਪਣੇ ਲਿਖੇ ਗੀਤ ਗਾਉਣ ਲੱਗ ਪਿਆ। ਇਸ ਤਰ੍ਹਾਂ ਨਾਲ ਉਸ ਦਾ ਖੇਤਰ ਵਿਸ਼ਾਲ ਹੋ ਗਿਆ। 1960 ਤੋਂ 1965 ਤਕ ਕਾਫੀ ਕਵਿਤਾਵਾਂ ਰਚੀਆਂ ਗਈਆਂ। 1965 ਵਿਚ ਜਦੋਂ ਸ਼ਿਵ ਕੇਵਲ 29 ਸਾਲ ਦਾ ਸੀ, ਉਸ ਨੂੰ ਸਰਵੋਤਮ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਜੋ ਕਿ ਇਕ ਮਾਣ ਵਾਲੀ ਪ੍ਰਾਪਤੀ ਸੀ। ਕਵੀ ਦਰਬਾਰ ਉਸ ਦੀ ਹਾਜ਼ਰੀ ਤੋਂ ਬਿਨਾਂ ਸੁੰਨੇ ਪ੍ਰਤੀਤ ਹੁੰਦੇ, ਜਦੋਂ ਉਹ ਸਟੇਜ ਤੇ ਚੜ੍ਹਦਾ, ਸਭ ਪਾਸੇ ਚੁੱਪ ਛਾ ਜਾਂਦੀ। ਲੋਕ ਉਸ ਨੂੰ ਸੁਣਨ ਲਈ ਉਤਾਵਲੇ ਹੋ ਜਾਂਦੇ ਅਤੇ ਉਹ ਆਪਣੇ ਗੀਤਾਂ ਵਿਚੋਂ ਹਾਜ਼ਰੀਨ ਦੀ ਖੁਸ਼ੀ ਅਨੁਸਾਰ ਗੀਤ ਚੁਣਦਾ ਸੀ, ਫਿਰ ਵੀ ਫ਼ਰਮਾਇਸ਼ ਪੂਰੀ ਕਰਦਾ ਸੀ। ਉਸ ਦੇ ਗੀਤ ਜਿਵੇਂ:

**ਗ਼ਮਾਂ ਦੀ ਰਾਤ ਲੰਮੀਂ ਏ**
**ਜਾਂ ਮੇਰੇ ਗੀਤ ਲੰਮੇ ਨੇ,**
**ਨਾ ਭੈੜੀ ਰਾਤ ਮੁਕਦੀ ਏ,**
**ਨਾ ਮੇਰੇ ਗੀਤ ਮੁਕਦੇ ਨੇ**

---------------------

**ਤੈਨੂੰ ਦਿਆਂ ਹੰਝੂਆਂ ਦਾ ਭਾੜਾ,**
**ਨੀ ਪੀੜਾਂ ਦਾ ਪਰਾਗਾ ਭੁੰਨ ਦੇ,**
**ਭੱਠੀ ਵਾਲੀਏ.....**

-----------------

**ਲੱਪ ਕੁ ਇਹ ਚੁੰਗ ਮੇਰੀ**
**ਮੈਨੂੰ ਪਹਿਲਾਂ ਤੋਰ ਨੀ,**
**ਕੱਚੇ ਕੱਚੇ ਰੱਖ ਨਾ ਨੀ**

**ਰਾਹੜ ਥੋੜੇ ਹੋਰ ਨੀ**
**ਕਰਾਂ ਮਿਨਤਾਂ ਮੁਕਾ ਦੇ ਨੀ ਪੁਆੜਾ**
**ਨੀ ਪੀੜਾਂ ਦਾ ਪਰਗਾ ਭੁੰਨ ਦੇ ,**
**ਭੱਠੀ ਵਾਲੀਏ... ...**

ਅਤੇ

**ਜਾਚ ਮੈਨੂੰ ਆ ਗਈ ਗ਼ਮ ਖਾਣ ਦੀ,**
**ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ**
**ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ**
**ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ**

ਇਸ ਤਰ੍ਹਾਂ ਉਹ ਕਵੀ ਦਰਬਾਰ ਦੀ ਰੌਣਕ ਨੂੰ ਚਾਰ ਚੰਨ ਲਈ ਰਖਦਾ ਸੀ। ਉਹ ਸ਼ਰਾਬ ਦਾ ਬਹੁਤ ਸ਼ੌਕੀਨ ਸੀ, ਸਵੇਰ ਤੋਂ ਆਥਣ ਅਤੇ ਫੇਰ ਰਾਤ ਸ਼ਰਾਬ ਹੀ ਉਸ ਦੀ ਸਾਥਣ ਸੀ, ਭਾਵੇਂ ਉਸ ਨੇ 1967 ਵਿਚ ਉਸ ਨੇ ਅਰੁਣਾ ਨੂੰ ਜੀਵਨ ਸਾਥੀ ਬਣਾਇਆ ਅਤੇ ਉਸ ਦੇ ਦੋ ਬੱਚੇ ਮੇਹਰਬਾਨ ਅਤੇ ਪੂਜਾ ਹੋਏ ਪਰੰਤੂ ਨਾ ਉਸ ਨੇ ਸ਼ਰਾਬ ਛਡੀ ਅਤੇ ਨਾ ਹੀ ਸ਼ਰਾਬ ਨੇ ਉਸ ਨੂੰ ਛਡਿਆ। ਆਖ਼ਰੀ ਸਮੇਂ ਤਕ ਗੀਤ ਲਿਖਦਾ ਰਿਹਾ ਅਤੇ ਸ਼ਰਾਬ ਪੀਂਦਾ ਰਿਹਾ। ਇਕ ਦਿਨ 6 ਮਈ 1973 ਨੂੰ ਉਹ ਸ਼ਰਾਬ ਕਾਰਣ ਹੀ ਇਸ ਦੁਨਿਆ ਤੋਂ ਚਲਾ ਗਿਆ। ਭਾਵੇਂ ਇਕ ਔਰਤ ਦਾ ਜੀਵਨ ਸਾਥੀ ਅਤੇ ਦੋ ਬਚਿਆਂ ਦਾ ਬਾਪ ਸੀ ਪਰੰਤੂ ਪੰਜਾਬੀ ਜਗਤ ਵਿਚ ਉਸ ਦਾ ਵਿਸ਼ੇਸ਼ ਸਥਾਨ ਸੀ ਅਤੇ ਇਸ ਜਗਤ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਪੈ ਗਿਆ। ਉਸ ਨੂੰ ਜਾਪਦਾ ਸੀ ਕੇ ਉਹ ਛੇਤੀ ਖ਼ਤਮ ਹੋ ਜਾਵੇਗਾ ਜੋ ਕਿ ਉਸ ਦੇ ਗੀਤਾਂ ਤੋਂ ਪ੍ਰਗਟ ਹੁੰਦਾ ਹੈ। ਜਿਵੇਂ

**ਅਸਾਂ ਤਾਂ ਜੋਬਨ ਰੁਤੇ ਮਰਨਾ,**
**ਮੁੜ ਜਾਣਾ ਅਸੀਂ ਭਰੇ ਭਰਾਏ,**
**ਹਿਜਰ ਤੇਰੇ ਦੀ ਕਰ ਪਰਕਰਮਾ**

ਅਤੇ ਇਸ ਗੀਤ ਤੋਂ ਵੀ ਇਹੀ ਸੁਨੇਹਾ ਮਿਲਦਾ ਹੈ:

**ਇਹ ਮੇਰਾ ਗੀਤ ਕਿਸੇ ਨਾ ਗਾਣਾ**
**ਇਹ ਮੇਰਾ ਗੀਤ ਮੈਂ ਆਪੇ ਗਾ ਕੇ**
**ਭਲਕੇ ਹੀ ਮਰ ਜਾਣਾ**
------------------
**ਇਹ ਤਾਂ ਮੇਰੇ ਨਾਲ ਜਨਮਿਆ**
**ਨਾਲ ਬਹਿਸ਼ਤੀਂ ਜਾਣਾ।**

ਇਹ ਗੀਤਕਾਰ ਅੱਜ ਸਾਡੇ ਵਿਚ ਨਹੀਂ ਪਰ ਇਸ ਦੇ ਗੀਤ ਸਾਡੇ ਕੋਲ ਜ਼ਿੰਦਾ ਹਨ ਜਿਸ ਉਪਰ ਖੋਜਾਂ ਕਰ ਕੇ ਕਈ ਡਾਕਟਰ ਬਣ ਚੁਕੇ ਹਨ। ਇਹ ਕਵੀ ਜ਼ਰੂਰ ਹੀ ਬਹਿਸ਼ਤ ਵਿਚ ਬੈਠਾ ਤੱਕ ਰਿਹਾ ਹੋਵੇਗਾ ਅਤੇ ਸ਼ਾਇਦ ਇਹ ਸੋਚਦਾ ਹੋਵੇ ਕਿ ਜੇ ਮੈਂ ਸ਼ਰਾਬ ਨਾ ਪੀਂਦਾ ਤਾਂ ਮੈਂ ਕੇਵਲ 37 ਸਾਲ ਹੀ ਜੀਵਨ ਨਾ ਜੀਂਦਾ, ਮੇਰੀ ਪਤਨੀ ਵਿਧਵਾ ਅਤੇ ਬੱਚੇ ਅਨਾਥ ਨਾ ਹੁੰਦੇ। ਇਸ ਲਈ ਸ਼ਰਾਬ ਪੀਣ ਵਾਲੇ ਇਹ ਸੋਚਣ ਕਿ ਕੀ ਉਹ ਆਪਣੇ ਪਰਿਵਾਰ ਨੂੰ ਪਿਆਰ ਕਰਦੇ ਹਨ ਅਤੇ ਉਹਨਾਂ ਦਾ ਸਾਥ ਜ਼ਿਆਦਾ ਸਮੇਂ ਤਕ ਮਾਨਣਾ ਚਾਹੁੰਦੇ ਹਨ ਤਾਂ ਨਸ਼ੇ ਤਿਆਗ ਦੇਣ।

# ਸ਼ਹਿਰ ਵਿਚ ਚੁਣਾਵ ਆਇਆ ਹੈ

ਚੋਣ ਕਮਿਸ਼ਨ ਵਲੋਂ ਚੋਣਾਂ ਦਾ ਐਲਾਨ ਕਰ ਦੇਣ ਨਾਲ ਹੀ ਕੋਡ ਲਾਗੂ ਹੋ ਗਿਆ ਸੀ। ਪੰਜ ਸੂਬਿਆਂ ਵਿਚ ਪੂਰੀ ਚੋਣ ਪ੍ਰਕਿਰਿਆ 11 ਮਾਰਚ ਨੂੰ ਨਤੀਜੇ ਆ ਜਾਣ ਨਾਲ ਨਵੀਆਂ ਸਰਕਾਰਾਂ ਬਣ ਜਾਣਗੀਆਂ। ਇਸ ਸਮੇਂ ਸਾਰੇ ਉਮੀਦਵਾਰ ਆਪੋ ਆਪਣੇ ਕਾਗਜ਼ ਭਰ ਚੁਕੇ ਹਨ। ਪੜਤਾਲ ਉਪਰੰਤ ਕੁਝ ਉਮੀਦਵਾਰਾਂ ਦੀ ਉਮੀਦਵਾਰੀ ਰੱਦ ਹੋ ਚੁਕੀ ਹੈ। ਕੁਝ ਕਵਰਿੰਗ ਉਮੀਦਵਾਰਾਂ ਵਲੋਂ ਕਾਗਜ਼ ਵਾਪਸ ਲੈ ਲੈਣ ਉਪਰੰਤ ਸਾਰੀ ਸਥਿਤੀ ਸਾਹਮਣੇ ਆ ਚੁਕੀ ਹੈ। ਪਾਰਟੀਆਂ ਆਪੋ ਆਪਣੇ ਚੋਣ ਮਨੋਰਥ ਪੱਤਰ ਜਾਰੀ ਕਰ ਚੁੱਕੀਆਂ ਹਨ। ਇਕ ਨਵੀਂ ਉਭਰੀ ਪਾਰਟੀ ਨੇ ਤਾਂ ਵਰਗਾਂ ਦੇ ਅਨੁਸਾਰ ਚੋਣ ਮਨੋਰਥ ਪੱਤਰ ਜਾਰੀ ਕੀਤੇ ਹਨ। ਜਿਨ੍ਹਾਂ ਵਿਚ ਇਕ ਦੂਸਰੇ ਤੋਂ ਵੱਧ ਲਾਰੇ ਵੰਡੇ ਗਏ ਹਨ। ਉਨ੍ਹਾਂ ਲਾਰਿਆਂ ਨੂੰ ਜਨਤਾ ਕਿਵੇਂ ਲੈ ਰਹੀ ਹੈ ਅਤੇ ਜਨਤਾ ਕਿਤਨੀ ਸਿਆਣੀ ਹੋਈ ਹੈ ਇਹ ਤਾਂ ਪਤਾ ਚੋਣ ਨਤੀਜੇ ਆਉਣ ਤੇ ਹੀ ਪਤਾ ਲਗੇਗਾ।

2014 ਦੀਆਂ ਹੋਈਆਂ ਚੋਣਾਂ ਵਿਚ ਮੋਦੀ ਸਰਕਾਰ ਹੋਂਦ ਵਿਚ ਆਈ ਹੋਈ ਹੈ ਅਤੇ ਉਸ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਅਨੁਸਾਰ ਕੀ-ਕੀ ਕੰਮ ਕੀਤੇ ਹਨ। ਹੁਣ ਜਨਤਾ ਪਾਰਟੀ ਵਲੋਂ ਪੰਜਾਬ ਲਈ ਦਿਤੇ ਚੋਣ ਮਨੋਰਥ ਪੱਤਰ ਵਿਚ ਆਖਿਆ ਗਿਆ ਹੈ ਕਿ ਦੇਸੀ ਘਿਓ 25 ਰੁਪਏ ਅਤੇ ਖੰਡ 10 ਰੁਪਏ ਕਿਲੋ ਦਿਤੀ ਜਾਵੇਗੀ। ਇਹ ਕਿਵੇਂ ਸੰਭਵ ਹੋ ਸਕਦਾ ਹੈ। ਸਾਰਿਆਂ ਲਈ ਤਾਂ ਇਹ ਪ੍ਰਬੰਧ ਨਹੀਂ ਹੋ ਸਕਦਾ ਕਿਉਂ ਜੋ ਦੁੱਧ ਦੀ ਕੀਮਤ ਅਤੇ ਗੰਨੇ ਦੀ ਵਧਦੀ ਕੀਮਤ ਉਪਰ ਕਿਵੇਂ ਕਾਬੂ ਕੀਤਾ ਜਾਵੇਗਾ ਕਿਉਂ ਜੋ ਕੀਮਤਾਂ ਵੱਧ ਚੁਕੀਆਂ ਹਨ। ਇਹ ਤਾਂ ਹੀ ਸੰਭਵ ਹੋਵੇਗਾ ਜੇ ਸਰਕਾਰ ਰਾਸ਼ਨ ਸਪਲਾਈ ਕਰਨ ਦਾ ਸੋਚ ਰਹੀ ਹੈ ਤੇ ਸਬਸਿਡੀ ਦੇਣ ਦਾ ਵਿਚਾਰ ਰੱਖਦੀ ਹੈ। ਪਰੰਤੂ ਮੇਰੇ ਵਿਚਾਰ ਨਾਲ ਇਹ ਇਕ ਲਾਰਾ ਹੀ ਹੈ। ਜੇਕਰ ਸਰਕਾਰ ਮਹਿੰਗਾਈ ਪ੍ਰਤੀ ਗੰਭੀਰ ਹੋਵੇ ਤਾਂ 2014 ਤੋਂ ਕੇਂਦਰ ਵਿਚ ਰਾਜ ਵੀ ਇਹੋ ਪਾਰਟੀ ਰਾਜ ਕਰ ਰਹੀ ਹੈ, ਮਹਿੰਗਾਈ ਕਿਸ ਚਾਲੇ ਚਲ ਰਹੀ ਹੈ ਲੋਕਾਂ ਨੂੰ ਦੱਸਣ ਦੀ ਲੋੜ ਨਹੀਂ, ਉਹ ਸਾਰੇ ਆਪੋ ਆਪਣੇ ਪਿੰਡਿਆਂ ਤੇ ਹੰਢਾ ਰਹੇ ਹਨ।

ਅਸਲ ਮੁੱਦੇ ਜਿਨ੍ਹਾਂ ਬਾਰੇ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਉਨ੍ਹਾਂ ਨੂੰ ਵਿਚਾਰਿਆ ਜਾਵੇ ਤਾਂ ਉਹ ਹਨ ਬੇਰੁਜ਼ਗਾਰੀ ਦੀ ਸਮੱਸਿਆ, ਕਿਰਸਾਨੀ ਦੀ ਵਿਗੜ ਰਹੀ ਹਾਲਤ ਅਤੇ ਖੁਦਕਸ਼ੀਆਂ ਦੀ ਸਮੱਸਿਆ, ਸਨਅਤ ਦਾ ਪੰਜਾਬ ਵਿਚੋਂ ਦੂਜੇ ਰਾਜਾਂ ਵਿਚ ਚਲੇ ਜਾਣ ਕਾਰਨ ਪੈਦਾ ਹੋਈ ਬੇਰੁਜ਼ਗਾਰੀ, ਪੜ੍ਹਾਈ ਦੀਆਂ ਡਿਗਰੀਆਂ ਦੇ ਨਾਲ ਨਾਲ ਕੰਮ ਦੇਣ ਦੀ ਜ਼ਿਮੇਵਾਰੀ ਸਰਕਾਰਾਂ ਦੀ ਹੋਣੀ ਆਦਿ ਹਨ। ਇਨ੍ਹਾਂ ਸਾਰਿਆਂ ਨੂੰ ਕੇਵਲ ਚੋਣ

ਮਨੋਰਥ ਪੱਤਰ ਵਿਚ ਦਰਜ ਹੀ ਨਾ ਕੀਤਾ ਜਾਵੇ ਸਗੋਂ ਇਨ੍ਹਾਂ ਮੁਦਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਅਸੀਂ ਪਿਛਲੇ ਸਮੇਂ ਤੋਂ ਦੇਖ ਰਹੇ ਹਾਂ ਕਿ ਸਿਆਸਤਦਾਨਾਂ ਦੇ ਕਾਰੋਬਾਰਾਂ ਵਿਚ ਅਥਾਹ ਵਾਧਾ ਹੋ ਰਿਹਾ ਹੈ ਪਰੰਤੂ ਆਮ ਪੰਜਾਬੀ ਜਨਤਾ ਕਰਜ਼ੇ ਦੇ ਭਰ ਥੱਲੇ ਦਬਦੀ ਜਾ ਰਹੀ ਹੈ। ਵਿਕਾਸ ਵਿਚ ਅਸਾਵਾਂਪਣ, ਪੰਜਾਬ ਦੀ ਬਰਬਾਦੀ ਦਾ ਕਾਰਨ ਬਣ ਰਿਹਾ ਹੈ। ਹਵਾਈ ਅੱਡੇ ਉਸਾਰੇ ਜਾ ਰਹੇ ਹਨ ਜਦੋਂ ਕਿ ਉਡਾਣਾਂ ਸ਼ੁਰੂ ਕਰਵਾਉਣ ਲਈ ਅਦਾਲਤਾਂ ਦਾ ਸਹਾਰਾ ਲੈਣਾ ਪੈਂਦਾ ਹੈ। ਕੀ ਇਸ ਛੋਟੇ ਜਿਹੇ ਪੰਜਾਬ ਦੇ ਅੰਦਰ ਇਤਨੇ ਹਵਾਈ ਅੱਡਿਆਂ ਦੀ ਲੋੜ ਹੈ। ਦੂਜੇ ਪਾਸੇ ਸੰਸਾਰ ਬੈਂਕ ਤੋਂ ਕਰਜ਼ਾ ਲੈ ਸੜਕਾਂ ਦਾ ਜਾਲ ਵਿਛਾਉਣ ਦਾ ਰੌਲਾ ਪੈ ਰਿਹਾ ਹੈ ਅਤੇ ਆਮ ਜਨਤਾ ਨੂੰ ਜਗ੍ਹਾ-ਜਗ੍ਹਾ ਟੋਲ ਟੈਕਸ ਲਾ ਕੇ ਲੁਟਿਆ ਜਾ ਰਿਹਾ ਹੈ।

ਸਰਕਾਰ ਵਲੋਂ ਥੋੜ੍ਹੇ ਬਹੁਤ ਕੀਤੇ ਕੰਮਾਂ ਤੇ ਨਿਗ੍ਹਾ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਕਿਸੇ ਕੰਮ ਦਾ ਨੀਂਹ ਪੱਥਰ ਰੱਖਣ ਲਈ ਵਡੇ ਇਕੱਠ ਕਰ ਕੇ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਅਸੀਂ ਇਹ ਕੰਮ ਕਰ ਜਨਤਾ ਦਾ ਭਲਾ ਕਰਨ ਜਾ ਰਹੇ ਹਾਂ। ਇਨ੍ਹਾਂ ਇਕੱਠਾ ਉਪਰ ਜੋ ਖਰਚ ਕੀਤਾ ਜਾਂਦਾ ਹੈ। ਮੇਰੀ ਜਾਚੇ ਇਹ ਫਜ਼ੂਲ ਹੈ। ਜਿਹੜੇ ਕੰਮ ਲਈ ਸਰਕਾਰ ਬਣੀ ਹੈ ਉਸ ਲਈ ਹੋਕਾ ਦੇ ਕੇ ਜਨਤਾ ਦੇ ਸਿਰ ਅਹਿਸਾਨ ਕੀਤਾ ਜਾਂਦਾ ਹੈ ਤੇ ਕਿਤਨਾ ਰੁਪਿਆ ਬਰਬਾਦ ਕੀਤਾ ਜਾਂਦਾ ਹੈ, ਉਸ ਪੈਸੇ ਨੂੰ ਲੋਕ ਭਲਾਈ ਲਈ ਵਰਤਿਆ ਜਾ ਸਕਦਾ ਹੈ। ਫਿਰ ਕੁਝ ਸਮਾਂ ਲੰਘਣ ਤੋਂ ਬਾਅਦ ਜਦੋਂ ਕੀਮਤਾਂ ਹੋਰ ਵੱਧ ਜਾਂਦੀਆਂ ਹਨ, ਹੋਰ ਪੈਸੇ ਮਨਜ਼ੂਰ ਕਰ ਕੇ ਕੰਮ ਪੂਰਾ ਕਰਵਾ ਲਿਆ ਜਾਂਦਾ ਹੈ ਜਦੋਂ ਕਿ ਕੰਮ ਨੂੰ ਸਮਾਂ ਬੱਧ ਕਰ ਪੂਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਕੰਮ ਨੀਂਹ ਪੱਥਰ ਸਮੇਂ ਹੀ ਤਹਿ ਕੀਤਾ ਜਾਵੇ ਤੇ ਅਣਗਹਿਲੀ ਲਈ ਜ਼ਿਮੇਵਾਰੀ ਤਹਿ ਕੀਤੀ ਜਾਵੇ। ਕੰਮ ਦੇ ਪੂਰਾ ਹੋਣ ਤੇ ਫਿਰ ਵਡੇ ਵਡੇ ਇਕੱਠ ਕੀਤੇ ਜਾਂਦੇ ਹਨ ਤੇ ਉਦਘਾਟਨ ਦਾ ਡਰਾਮਾ ਕੀਤਾ ਜਾਂਦਾ ਹੈ ਅਤੇ ਹਜ਼ਾਰਾਂ ਰੁਪਿਆ ਬਰਬਾਦ ਕੀਤਾ ਜਾਂਦਾ ਹੈ ਕਈ ਵਾਰ ਉਦਘਾਟਨ ਕਰਨ ਲਈ ਨੇਤਾ ਨਹੀਂ ਮਿਲਦਾ ਜਾਂ ਕਿਸੇ ਹੋਰ ਨੂੰ ਕਰੈਡਿਟ ਨਹੀਂ ਦੇਣਾ ਹੁੰਦਾ ਇਸ ਲਈ ਪੂਰਾ ਹੋਇਆ ਕੰਮ ਉਦਘਾਟਨ ਨੂੰ ਉਡੀਕ ਰਿਹਾ ਹੁੰਦਾ ਹੈ। ਸਾਡੇ ਦੇਸ਼ ਦੀ ਉੱਚਤਮ ਅਦਾਲਤ ਵਲੋਂ ਕੀਤਾ ਗਿਆ ਫੈਸਲਾ ਕਿ ਧਰਮ ਦੇ ਅਧਾਰ ਤੇ ਵੋਟਾਂ ਉਪਰ ਅਸਰ ਨਾ ਪਾਇਆ ਜਾਵੇ ਸਲਾਘਾ ਯੋਗ ਹੈ।

ਪੰਜਾਬ ਸਿਰ ਲਗਭਗ ਇੱਕ ਲੱਖ ਤੀਹ ਹਜ਼ਾਰ ਕਰੋੜ ਦਾ ਕਰਜ਼ਾ ਹੈ ਉਸ ਨੂੰ ਉਤਾਰਨ ਲਈ ਕੋਈ ਵਿਉਂਤਬੰਦੀ ਨਹੀਂ ਕੀਤੀ ਜਾ ਰਹੀ ਹੈ। ਪਿਛਲੀਆਂ ਚੋਣਾਂ ਵਿਚ ਪੈਸਿਆਂ ਦੇ ਟਰੱਕ ਕੇਂਦਰ ਤੋਂ ਪ੍ਰਾਪਤ ਕਰਨ ਦੇ ਵਾਅਦੇ ਵਫਾ ਨਹੀਂ ਹੋਏ ਹਨ। ਚੋਣਾਂ ਵੇਲੇ ਬਹੁਤ ਹੀ ਵਚਨ ਕੀਤੇ ਜਾਂਦੇ ਹਨ। ਜਿਵੇਂ ਅਮ੍ਰਿਤਸਰ ਤੋਂ ਲੋਕ ਸਭਾ ਲਈ ਹੋਏ ਮੁਕਾਬਲੇ ਵਿਚ ਜੇਤਲੀ ਸਾਹਿਬ ਦਾ ਖ਼ਜ਼ਾਨਾ ਮੰਤਰੀ ਬਣ ਪੰਜਾਬ ਦੀ ਆਰਥਿਕਤਾ ਨੂੰ ਹੁੰਗਾਰਾ ਦਿੱਤਾ ਜਾਣਾ ਸੀ। ਸਮੇਂ ਦੇ ਫੇਰ ਨਾਲ ਉਥੋਂ ਜੇਤਲੀ ਸਾਹਿਬ ਨੂੰ ਜਿੱਤ ਨਹੀਂ ਮਿਲੀ ਅਤੇ ਜਿੱਤਣ ਵਾਲੇ ਸੰਸਦ ਮੈਂਬਰ ਸੰਸਦ ਵਿਚ ਗਏ ਹੀ ਨਹੀਂ ਅਤੇ ਹੁਣ ਅਸਤੀਫਾ ਦੇ ਪੰਜਾਬ ਦੇ ਮੁਖ ਮੰਤਰੀ ਬਣਨਾ ਲੋਚਦੇ ਹਨ। ਜੇਤਲੀ ਸਾਹਿਬ ਹਾਰ ਜਾਣ ਦੇ ਬਾਵਜੂਦ ਵੀ ਖ਼ਜ਼ਾਨਾ ਮੰਤਰੀ ਬਣ ਗਏ ਹਨ ਪਰੰਤੂ ਪੰਜਾਬ ਦੀ ਆਰਥਿਕਤਾ ਨੂੰ ਹੁੰਗਾਰਾ ਤਾਂ ਕੀ

ਦੇਣਾ ਸੀ ਉਨ੍ਹਾਂ ਨੇ ਕਿਰਸਾਨੀ ਦੀ ਮੰਦੀ ਹਾਲਤ ਨੂੰ ਸੁਧਾਰਨ ਵਾਸਤੇ ਕੋਈ ਵੀ ਸੁਝਾਅ ਨਹੀਂ ਦਿਤਾ ਅਤੇ ਨਾ ਹੀ ਹਾਲਤ ਨੂੰ ਸੁਧਾਰਨ ਵਿਚ ਕੋਈ ਮਦਦ ਕੀਤੀ ਹੈ। ਜਾਪਦਾ ਹੈ ਕਿ ਜਨਤਾ ਨੂੰ ਦਸ ਰਹੇ ਹਨ ਕਿ ਤੁਸੀਂ ਜਿਸ ਨੂੰ ਜਿਤਾਇਆ ਸੀ ਉਸ ਤੋਂ ਹੀ ਸੁਧਾਰ ਕਰਵਾ ਲਉ। ਚੋਣ ਕਮਿਸ਼ਨ ਨੂੰ ਵੀ ਸੋਚਣਾ ਚਾਹੀਦਾ ਹੈ ਜੋ ਮੈਂਬਰ ਸੰਸਦ ਜਾਂ ਵਿਧਾਨ ਸਭ 'ਚ ਹਾਜ਼ਰ ਹੀ ਨਹੀਂ ਹੁੰਦਾ ਉਸ ਨੂੰ ਦੁਬਾਰਾ ਕਦੇ ਵੀ ਉਮੀਦਵਾਰ ਨਾ ਬਣਾਇਆ ਜਾਵੇ ਅਤੇ ਉਸ ਦੇ ਕਾਗਜ਼ ਰੱਦ ਕਰ ਦਿਤੇ ਜਾਣ, ਇਹ ਸੁਧਾਰ ਕਰਨ ਦੀ ਲੋੜ ਹੈ। ਇਕ ਤੋਂ ਵੱਧ ਥਾਂ ਉਪਰ ਚੋਣ ਲੜਨ ਉਪਰ ਪਾਬੰਦੀ ਲਾਈ ਜਾਵੇ ਤਾਂ ਜੋ ਚੋਣ ਖਰਚ ਬਚਾਇਆ ਜਾ ਸਕੇ।

ਵਿਕਾਸ ਦੇ ਕੰਮਾਂ ਵਿਚ ਕੇਵਲ ਨੀਂਹ ਪੱਥਰ ਰੱਖਣ ਦਾ ਕੰਮ ਬੰਦ ਕੀਤਾ ਜਾਵੇ ਉਹੋ ਹੀ ਕੰਮ ਸ਼ੁਰੂ ਕੀਤੇ ਜਾਣ ਜਿਨ੍ਹਾਂ ਲਈ ਸਰਕਾਰ ਗੰਭੀਰ ਹੋਵੇ ਕੇਵਲ ਜਨਤਾ ਤੋਂ ਵੋਟਾਂ ਲੈਣ ਲਈ ਕੇਵਲ ਨੀਂਹ ਪੱਥਰ ਨਾ ਰੱਖੇ ਜਾਣ, ਖਰਚਾ ਬਚਾ ਕੇ ਵਿਕਾਸ ਵਾਲੇ ਪਾਸੇ ਲਾਇਆ ਜਾ ਸਕਦਾ ਹੈ। ਮੁਲਾਜ਼ਮਾਂ ਦੀਆਂ ਮਹਿੰਗਾਈ ਭਤੇ ਦੀਆਂ ਕਿਸ਼ਤਾਂ ਜਾਰੀ ਨਹੀਂ ਹੋਈਆਂ ਇਨ੍ਹਾਂ ਨੂੰ ਸਮਾਂ-ਬੱਧ ਜਾਰੀ ਕਰਨ ਦਾ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ ਜੋ ਕਿ ਮੁਲਾਜ਼ਮਾਂ ਤੋਂ ਕੰਮ ਲੈਣ ਲਈ ਉਨ੍ਹਾਂ ਨੂੰ ਖੁਸ਼ਹਾਲ ਰੱਖਣਾ ਸਰਕਾਰ ਦੀ ਜ਼ਿਮੇਂਵਾਰੀ ਹੈ। ਕੇਵਲ ਗਲੀਂ-ਬਾਤੀਂ ਇਹ ਬਿਆਨ ਦੇਣੇ ਕਿ ਮੁਲਾਜ਼ਮ ਤਾਂ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ। ਸਰਕਾਰ ਨੇ ਨਵੇਂ ਪੇ-ਕਮਿਸ਼ਨ ਸਬੰਧੀ ਚੁੱਪ ਹੀ ਧਾਰੀ ਰੱਖੀ ਜੋ ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਅਸਲ ਵਤੀਰਾ ਸਪਸ਼ਟ ਕਰ ਰਹੀ ਹੈ। ਜੇ ਸਰਕਾਰ ਵੋਟਾਂ ਦੇ ਸਮੇਂ ਵੀ ਗੰਭੀਰਤਾ ਨਹੀਂ ਵਿਖਾ ਰਹੀ ਤਾਂ ਨਤੀਜੇ ਸਰਕਾਰ ਦੇ ਪੱਖ ਵਿਚ ਕਿਵੇਂ ਹੋ ਸਕਦੇ ਹਨ।

ਅਕਸਰ ਇਹ ਆਖਿਆ ਜਾਂਦਾ ਹੈ ਕਿ :

**ਗਰੀਬ ਦੀ ਥਾਲੀ ਵਿਚ ਪੁਲਾਵ ਆਇਆ ਹੈ ,**
**ਲਗਦਾ ਹੈ ਸ਼ਹਿਰ ਵਿਚ ਚੁਣਾਵ ਆਇਆ ਹੈ।**

ਜਿਹੜੇ ਲਗਭਗ 7 ਲਖ ਨਵੇਂ ਵੋਟਰ ਬਣੇ ਹਨ ਜਦੋਂ ਉਹ ਦੇਖਦੇ ਹਨ ਰੁਜ਼ਗਾਰ ਮੰਗਣ 'ਤੇ ਕਿਵੇਂ ਲਾਠੀਆਂ ਨਾਲ ਸਵਾਗਤ ਹੁੰਦਾ ਹੈ ਅਤੇ ਲੜਕੀਆਂ ਨੂੰ ਵੀ ਨਹੀਂ ਬਖਸ਼ਿਆ ਗਿਆ ਤਾਂ ਉਹ ਆਪਣੀ ਵੋਟ ਪਾਉਣ ਵੇਲੇ ਸਰਕਾਰ ਦੇ ਉਲਟ ਸੋਚਣ ਤੇ ਮਜਬੂਰ ਹਨ।

ਉਪਰੋਕਤ ਦਰਜ ਮੁਦਿਆਂ ਨੂੰ ਭਾਵੇਂ ਚੋਣ ਮਨੋਰਥ ਪੱਤਰ ਵਿਚ ਪਾਇਆ ਹੈ ਪਰੰਤੂ ਅਸੀਂ ਵਰਤਾਵਾ ਦੇਖ ਰਹੇ ਹਾਂ ਕਿ ਚੁਣਾਵੀ ਰੈਲੀਆਂ ਦੇ ਅੰਦਰ ਚੁਣਾਵੀ ਲੜਾਈ ਨੂੰ ਜਾਤੀ ਲੜਾਈ ਬਣਾ ਦਿੱਤਾ ਗਿਆ ਹੈ। ਪਾਰਟੀਆਂ ਦੇ ਨੇਤਾ ਬਿਆਨ ਹੀ ਇਹ ਦੱਸ ਰਹੇ ਹਨ ਕਿ ਨਤੀਜਾ ਆ ਜਾਣ ਦਿਉ, ਮੈਂ ਵਿਰੋਧੀ ਨੂੰ ਸੀਖਾਂ ਪਿੱਛੇ ਡੱਕ ਦਿਆਂਗਾ। ਦੂਸਰੇ ਨੇਤਾ ਇਸ ਤਰ੍ਹਾਂ ਦਾ ਰਲਵਾਂ ਮਿਲਵਾਂ ਬਿਆਨ ਦੇ ਦਿੰਦੇ ਹਨ ਅਤੇ ਕੋਈ ਵੀ ਨੇਤਾ ਅਸਲ ਮੁਦਿਆਂ ਨੂੰ ਹੱਲ ਕਰਨ ਵਿਚ ਕਿਤਨਾ ਗੰਭੀਰ ਹੈ ਇਸ ਗੱਲ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਹੈ। ਮੇਰੀ ਵੋਟਰਾਂ ਨੂੰ ਅਪੀਲ ਹੈ ਕਿ ਉਹ ਕਿਸੇ ਵੀ ਲਾਲਚ ਵਿਚ ਨਾ ਆ ਕੇ ਸਹੀ ਅਤੇ ਠੋਸ ਫੈਸਲਾ ਲੈਣ ਤਾਂ ਹੀ ਠੀਕ ਸਰਕਾਰ ਬਣ ਸਕੇਗੀ ਨਹੀਂ ਤਾਂ ਪੰਜ ਸਾਲ ਫਿਰ ਨੇਤਾ ਅਗੇ ਅਗੇ ਤੇ ਜਨਤਾ ਪਿੱਛੇ ਪਿੱਛੇ ਮਿਨਤਾਂ ਤਰਲੇ ਕਰਦੀ ਰਹੇਗੀ।

# ਅਮਰੀਕਾ ਅਤੇ ਭਾਰਤ ਦੇ ਸਬੰਧ

ਵਪਾਰ ਵਸਤੂ ਵਟਾਂਦਰੇ ਦਾ ਦੂਸਰਾ ਨਾਂ ਹੈ। ਪਹਿਲਾਂ ਸਾਦਾ ਹੀ ਸੀ, ਅਸੀਂ ਇਕ ਦੂਸਰੇ ਨਾਲ ਵਸਤੂਆਂ ਵਟਾ ਲਿਆ ਕਰਦੇ ਸੀ। ਪੈਸੇ ਦੀ ਖੋਜ ਹੋਣ ਤੋਂ ਬਾਅਦ ਵਸਤੂਆਂ ਨੂੰ ਪੈਸੇ ਬਦਲੇ ਵਟਾਇਆ ਜਾਣ ਲਗਾ ਜਿਸ ਨੂੰ ਖਰੀਦ ਅਤੇ ਵੇਚ ਦਾ ਨਾ ਦਿੱਤਾ ਗਿਆ। ਵਸਤੂਆਂ ਦੀ ਖਰੀਦ ਕਰਨ ਵਾਲੇ ਨੂੰ ਖਰੀਦਦਾਰ ਅਤੇ ਵੇਚਣ ਵਾਲੇ ਨੂੰ ਵਿਕਰੀ ਕਰਨ ਵਾਲਾ ਜਾਂ ਵਪਾਰੀ ਆਖਿਆ ਜਾਣ ਲਗਾ। ਜਿਵੇਂ ਜਿਵੇਂ ਨਵੀਆਂ ਵਸਤੂਆਂ ਲੱਭਦੀਆਂ ਗਈਆਂ ਲੋਕਾਂ ਦੀ ਉਨ੍ਹਾਂ ਪ੍ਰਤੀ ਖਿੱਚ ਵਧਦੀ ਗਈ, ਵਪਾਰ ਵੀ ਸ਼ੁਰੂ ਅਗੇ ਵਲ ਕਦਮ ਪੁੱਟਣ ਲੱਗਾ। ਕੁਝ ਲੋਕਾਂ ਨੇ ਵਪਾਰ ਨੂੰ ਅਪਣਾ ਲਿਆ। ਵਪਾਰੀ ਵਸਤੂਆਂ ਨੂੰ ਲੈ ਕੇ ਇਕ ਥਾਂ ਤੋਂ ਦੂਸਰੀ ਥਾਂ ਜਾਣ ਲਗੇ, ਲੋਕਾਂ ਨੂੰ ਵਸਤੂਆਂ ਬਾਰੇ ਗਿਆਨ ਹੋਇਆ, ਉਹ ਉਹਨਾਂ ਨੂੰ ਲੈਣ ਦੀ ਇੱਛਾ ਪ੍ਰਗਟ ਕਰਨ ਲੱਗੇ। ਵਸਤੂਆਂ ਦੀ ਵਰਤੋਂ ਵਧਣ ਲੱਗ ਪਈ। ਵਪਾਰੀਆਂ ਨੇ ਵੱਖ ਵੱਖ ਥਾਵਾਂ ਤੋਂ ਵਸਤੂਆਂ ਇਕੱਠੀਆਂ ਕਰ ਇਕ ਵੇਚਣ ਦਾ ਸਥਾਨ ਬਣਾ ਲਿਆ ਅਤੇ ਟਿਕ ਕੇ ਲੋਕਾਂ ਨੂੰ ਵੇਚਣ ਲੱਗ ਪਏ। ਇਸ ਤਰਾਂ ਨਾਲ ਮੰਡੀਆਂ ਅਤੇ ਛੋਟੇ ਬਾਜ਼ਾਰ ਹੋਂਦ ਵਿਚ ਆ ਗਏ। ਵਸਤੂਆਂ ਵਿਕਣ ਲਗੀਆਂ ਤਾਂ ਉਨ੍ਹਾਂ ਵਿਚ ਸੁਧਾਰ ਆਇਆ, ਹੋਰ ਲੋਕੀਂ ਉਨ੍ਹਾਂ ਵਲ ਖਿਚੇ ਜਾਣ ਲੱਗ ਪਏ। ਲੋਕਾਂ ਅੰਦਰ ਵਸਤੂਆਂ ਪ੍ਰਤੀ ਖਿੱਚ ਪੈਦਾ ਕਰਨ ਲਈ ਇਸ਼ਤਿਹਾਰ ਬਾਜ਼ੀ ਦਾ ਸਹਾਰਾ ਲਿਆ ਜਾਣ ਲਗਾ। ਇਸ ਤਰਾਂ ਸ਼ੁਰੂ ਹੋਇਆ ਵਪਾਰ ਹੱਦਾਂ ਸਰਹੱਦਾਂ ਨੂੰ ਟੱਪਣ ਲਗਾ ਜਿਸ ਨਾਲ ਕੌਮੀ ਅਤੇ ਕੌਮਾਂਤਰੀ ਵਪਾਰ ਨੇ ਸਿਰ ਚੁੱਕਿਆ। ਵੱਖਰੇ ਵੱਖਰੇ ਦੇਸ਼ਾਂ ਨੇ ਇਸ ਅੰਤਰ ਰਾਸ਼ਟਰੀ ਵਪਾਰ ਲਈ ਵੱਖਰੀਆਂ ਵੱਖਰੀਆਂ ਪਾਬੰਦੀਆਂ ਕਾਨੂੰਨਾਂ ਦੇ ਰੂਪ ਵਿਚ ਲਾ ਦਿਤੀਆਂ ਅਤੇ ਸਮੇਂ ਦੀਆਂ ਸਰਕਾਰਾਂ ਨੇ ਇਸ ਵੱਧ ਰਹੇ ਵਪਾਰ ਤੋਂ ਆਮਦਨ ਲੈਣ ਲਈ ਟੈਕਸ ਲਗਾਉਣੇ ਸ਼ੁਰੂ ਕਰ ਦਿਤੇ। ਹਰੇਕ ਦੇਸ਼ ਨੇ ਇਸ ਤਰ੍ਹਾਂ ਦੇ ਵਪਾਰ ਲਈ ਨੀਤੀਆਂ ਘੜੀਆਂ ਅਤੇ ਇਹ ਵਪਾਰ ਆਪਣੇ ਪੈਰ ਪਸਾਰਨ ਲੱਗਾ।

ਅਮਰੀਕਾ ਅਤੇ ਭਾਰਤ ਦਾ ਆਪਸੀ ਵਪਾਰ ਕਾਫੀ ਪੁਰਾਣਾ ਹੈ। ਹੈਰਲਡ ਏ ਗੌਲਡ ਦੇ ਅਨੁਸਾਰ ਸੰਯੁਕਤ ਰਾਜ ਅਮਰੀਕਾ ਦਾ ਪਹਿਲਾ ਸਮੁੰਦਰੀ ਜਹਾਜ਼ ਜਿਸ ਦਾ ਨਾਂ ਯੂਨਾਈਟਡ ਸਟੇਟਸ ਸੀ, ਦਸੰਬਰ 1785 ਵਿਚ ਫਿਲੇਡੇਲਫੀਆ ਤੋਂ ਚਲ ਕੇ ਪੋਂਡੀਚਰੀ ਵਿਚ ਪੁੱਜਾ ਸੀ। ਇਸ ਤਰ੍ਹਾਂ ਇਸ ਭਾਰਤੀ ਅਮਰੀਕੀ ਵਪਾਰ ਦੀ ਸ਼ੁਰੂਆਤ ਹੋਈ ਸੀ। ਇਸ ਨੂੰ ਸ਼ੁਰੂ ਕਰਨ ਵਿਚ ਯਾਂਕੀ ਟ੍ਰੈਡਰਜ਼ ਦਾ ਯੋਗਦਾਨ ਸੀ। ਨਿਊਯਾਰਕ ਤੋਂ ਫਿਲੇਡੇਲਫੀਆ ਅਤੇ ਹੋਰ ਪੂਰਬੀ ਤਟਾਂ ਲਈ ਵੀ ਸਮੁੰਦਰੀ ਜਹਾਜ਼ਾਂ ਰਾਹੀਂ ਸੰਪਰਕ ਸੀ ਭਾਵੇਂ ਗਿਣਤੀ ਵਿਚ ਘੱਟ ਹੀ ਸੀ। ਇਹ ਜਹਾਜ਼ ਬੰਬਈ, ਮਦਰਾਸ ਅਤੇ ਕਲਕੱਤੇ ਵਲ

ਵੀ ਜਾਂਦੇ ਸਨ ਅਤੇ ਸ੍ਰੀ ਲੰਕਾ ਵਿਚ ਰੁਕਿਆ ਕਰਦੇ ਸਨ। ਡਾਕਟਰ ਸੂਸਨ ਐਸ ਬੇਅੰਜ਼ ਦੇ ਅਨੁਸਾਰ ਯਾਂਕੀ ਵੇਸਲਜ਼ 250 ਤੋਂ 350 ਟਨਜ਼ ਵਾਲੇ ਸਨ ਅਤੇ ਚਾਲਕ ਦਲ ਦੇ 25 ਤੋਂ 45 ਮੈਂਬਰ ਹੁੰਦੇ ਸਨ। ਤੁਲਨਾਤਮਕ ਤੌਰ ਤੇ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੇ 800 ਤੋਂ 1000 ਟਨਜ਼ ਦੇ ਹੁੰਦੇ ਸਨ ਅਤੇ ਚਾਲਕ ਦਲ ਦੇ 80 ਤੋਂ 100 ਮੈਂਬਰ ਹੋਇਆ ਕਰਦੇ ਸਨ। ਚੀਨ ਦੇ ਨਾਲ ਅਮਰੀਕਾ ਦਾ ਵਪਾਰ ਵੀ ਲਗਭਗ ਉਦੋਂ ਹੀ ਸ਼ੁਰੂ ਹੋਇਆ ਦੱਸਿਆ ਜਾਂਦਾ ਹੈ। 1784 ਵਿਚ ਦੀ ਐਮਪਰਸ ਆਫ ਕੈਂਟਨ ਨਾਂ ਦਾ ਸਮੁੰਦਰੀ ਜਹਾਜ਼ ਨਿਊਯਾਰਕ ਤੋਂ ਚਲ ਕੈਂਟਨ ਪੁੱਜਾ ਸੀ ਅਤੇ ਚੀਨ ਨਾਲ ਵਪਾਰ ਦੀ ਸ਼ੁਰੂਆਤ ਸੀ ਭਾਵੇਂ ਇਹ ਭਾਰਤ ਨਾਲੋਂ ਮਿਕਦਾਰ ਵਿਚ ਜ਼ਿਆਦਾ ਸੀ।

1795 ਤੋਂ 1806 ਦੇ ਦਰਮਿਆਨ ਅਮਰੀਕਾ ਦੀ ਦਰਾਮਦ 67 ਮਿਲੀਅਨ ਡਾਲਰ ਤੋਂ 108 ਮਿਲੀਅਨ ਡਾਲਰ ਪੁੱਜ ਗਈ। ਮਿਸਟਰ ਬੇਅੰਜ਼ ਦੇ ਅਨੁਸਾਰ ਇਨ੍ਹਾਂ ਅੰਕੜਿਆਂ ਦੇ ਅੰਦਰ ਭਾਰਤ ਨਾਲ ਵਪਾਰ ਇਕ ਅਹਿਮ ਹਿੱਸਾ ਸੀ। ਸਮੇਂ ਸਮੇਂ 'ਤੇ ਵਪਾਰ ਵਿਚ ਉਤਾਰ-ਚੜ੍ਹਾ ਆਉਂਦੇ ਰਹੇ। ਮਿਸਟਰ ਜੈਕਬ ਕ੍ਰਾਊਨਫੀਲਡ (1770-1808) ਜਿਹੜਾ ਭਾਰਤ ਵਪਾਰ ਸ਼ੁਰੂ ਕਰਨ ਵਾਲੇ ਪਰਿਵਾਰਾਂ ਦਾ ਹਿੱਸਾ ਸੀ, ਦੇ ਅਨੁਸਾਰ 1806 ਵਿਚ ਲਗਭਗ 30 ਤੋਂ 50 ਜਹਾਜ਼ ਪ੍ਰਤੀ ਸਾਲ ਕਲਕਤੇ ਅਤੇ ਮਦਰਾਸ ਵਲ ਵਪਾਰ ਲਈ ਜਾਇਆ ਕਰਦੇ ਸਨ, 1820 ਵਿਚ ਘਟ ਕੇ 14 ਹਰੇਕ ਸਾਲ ਰਹਿ ਗਏ ਅਤੇ 1820 ਵਿਚ ਫਿਰ ਸਦੀ ਦੇ ਮੱਧ ਤਕ ਇਨ੍ਹਾਂ ਵਿਚ ਵਾਧਾ ਹੋ ਗਿਆ। ਇਸ ਵਾਧੇ ਦੇ ਨਾਲ ਨਾਲ ਮਦਰਾਸ, ਕਲਕਤਾ, ਬੰਬਈ ਅਤੇ ਹੋਰ ਬੰਦਰਗਾਹਾਂ ਤੇ ਦੁਭਾਸ਼ੀਏ ਅਤੇ ਵਿਚੋਲਿਆਂ ਦੀ ਲੋੜ ਮਹਿਸੂਸ ਹੋਣ ਲਗੀ। ਕੁਝ ਦੁਭਾਸ਼ੀਏ, ਜਿਹੜੇ ਈਸਟ ਇੰਡੀਆ ਕੰਪਨੀ ਦੇ ਨਾਲ ਜੁੜੇ ਹੋਏ ਨਹੀਂ ਸਨ, ਨਾਲ ਸੰਪਰਕ ਬਣਾ ਲਿਆ ਗਿਆ ਜਿਨ੍ਹਾਂ ਵਿਚ ਰਾਮ ਦੁਲਾਲ ਡੇ, ਜਿਹੜਾ ਬਾਣੀਆਂ ਸੀ ਤੇ ਵਪਾਰਕ ਗਤੀਵਿਧੀਆਂ ਦਾ ਚੰਗਾ ਜਾਣਕਾਰ ਸੀ ਅਤੇ ਗਿੱਲਮੋਰ ਐਂਡ ਕੰਪਨੀ ਦਾ ਕਰਿੰਦਾ ਸੀ, ਨੂੰ ਇਸ ਕੰਮ ਵਿਚ ਲੈ ਲਿਆ ਗਿਆ। ਇਸੇ ਤਰ੍ਹਾਂ ਇਕ ਬ੍ਰਾਹਮਣ ਜਾਤ ਦਾ ਰਾਮ ਚੰਦਰ ਜਿਹੜਾ ਉਤਰ ਅਤੇ ਦੱਖਣ ਦੇ ਵਪਾਰੀਆਂ ਨਾਲ ਚੰਗੇ ਸਬੰਧ ਰੱਖਦਾ ਸੀ ਅਤੇ ਮਿੱਠਬੋਲੜਾ ਸੀ, ਨੂੰ ਵੀ ਇਸ ਕੰਮ ਲਈ ਲੈ ਲਿਆ ਗਿਆ। ਇਸ ਤਰਾਂ ਯਾਂਕੀ ਟਰੇਡਰਜ਼ ਵਿਚ ਭਾਰਤੀ ਵੀ ਸ਼ਾਮਲ ਹੋਣ ਲੱਗ ਪਏ। ਵਪਾਰ ਵਿਚ ਵਾਧਾ ਹੋਣ ਨਾਲ ਜਿਹੜੇ ਜਹਾਜ਼ ਇਕ ਪਾਸੇ ਤੋਂ ਸਮਾਨ ਲਿਆਇਆ ਕਰਦੇ ਸਨ ਅਤੇ ਵਾਪਸ ਖ਼ਾਲੀ ਜਾਂਦੇ ਸਨ, ਭਾਰਤ ਤੋਂ ਕੱਚਾ ਮਾਲ ਲੈ ਕੇ ਜਾਣ ਲਗ ਪਏ ਅਤੇ ਤਿਆਰ ਮਾਲ ਲਿਆਉਣ ਲੱਗ ਪਿਆ ਇਸ ਤਰ੍ਹਾਂ ਵਪਾਰ ਵਿਚ ਹੋਰ ਵਾਧਾ ਦਰਜ ਕੀਤਾ ਗਿਆ।

ਇਸ ਵੱਧ ਰਹੇ ਵਪਾਰ ਕਾਰਨ ਲੋਕਾਂ ਦੀ ਆਰਥਿਕ ਹਾਲਤ ਵੀ ਸੁਧਰਨ ਲਗੀ ਸੀ। ਵਪਾਰੀਆਂ ਨੇ ਭਾਰਤੀਆਂ ਨੂੰ ਸਹੂਲਤਾਂ ਵੀ ਦੇਣੀਆਂ ਸ਼ੁਰੂ ਕੀਤੀਆਂ ਅਤੇ ਕੁਝ ਫੈਕਟਰੀਆਂ ਵੀ ਇਥੇ ਲਾਈਆਂ ਗਈਆਂ ਜਿਸ ਨਾਲ ਸਸਤੀ ਮਜ਼ਦੂਰੀ ਮਿਲਣ ਕਾਰਣ ਸਾਮਾਨ ਸਸਤਾ ਤਿਆਰ ਹੋਣ ਲੱਗਾ ਤੇ ਉਸ ਤਿਆਰ ਮਾਲ ਨੂੰ ਵਪਾਰੀ ਦੂਸਰੇ ਦੇਸ਼ਾਂ ਅੰਦਰ ਭੇਜਣ ਲਗ ਪਏ ਜਿਸ ਨਾਲ ਵਪਾਰ ਹੋਰ ਵਧਿਆ। ਇਸ ਤਰ੍ਹਾਂ ਅਮਰੀਕਾ ਅਤੇ ਦੱਖਣੀ ਏਸ਼ੀਆ ਵਿਚ ਵਧਦੇ ਵਪਾਰ ਵਿਚ ਭਾਰਤ ਨਾਲ ਵਪਾਰ ਵਿਚ ਵਾਧਾ ਮਹੱਤਵ ਰੱਖਦਾ ਹੈ। ਅੱਜ ਦੇ ਸਮੇਂ ਵੀ ਦੋਵੇਂ ਦੇਸ਼ ਇਨ੍ਹਾਂ ਸੰਬੰਧਾਂ ਨੂੰ ਮਹਤਵਪੂਰਣ ਸਮਝਦੇ ਹਨ। ਅਮਰੀਕਾ

ਦੇ ਪ੍ਰੈਜ਼ੀਡੈਂਟ ਬੁਸ਼ ਦੇ ਆਮ ਤੌਰ 'ਤੇ ਭਾਰਤ ਦੇ ਦੁਸ਼ਮਣ ਸਮਝੇ ਜਾਂਦੇ ਚੀਨ ਨੂੰ ਭਾਰਤ ਦਾ ਵਪਾਰ ਵਿਚ ਮੁਕਾਬਲੇਬਾਜ਼ ਜਾਣਿਆ ਗਿਆ। ਕਈ ਮੌਕਿਆਂ ਤੇ ਭਾਰਤ ਅਮਰੀਕਾ ਦੇ ਵਪਾਰ ਵਿਚ ਮੁਸ਼ਕਿਲ ਭਰਿਆ ਸਮਾਂ ਵੀ ਆਇਆ ਜਦੋਂ ਅਮਰੀਕਾ ਨੇ ਭਾਰਤ ਦੇ ਵਿਰੋਧੀ ਪਾਕਿਸਤਾਨ ਨੂੰ ਸੈਨਿਕ ਅਤੇ ਹੋਰ ਸਾਜ਼ੋ ਸਾਮਾਨ ਦੇਣਾ ਜਾਰੀ ਰਖਿਆ। 1999 ਦੀ ਕਾਰਗਿਲ ਦੀ ਠੰਡੀ ਜੰਗ ਸਮੇਂ ਪ੍ਰੈਜ਼ੀਡੈਂਟ ਕਲਿੰਟਨ ਵਲੋਂ ਪਾਕਿਸਤਾਨ ਦੇ ਪ੍ਰਧਾਨ ਨਵਾਜ਼ ਸ਼ਰੀਫ ਨੂੰ ਆਪਣੀਆਂ ਫੌਜਾਂ ਨੂੰ ਪਿੱਛੇ ਹਟਾਉਣ ਲਈ ਆਖਿਆ ਸੀ ਅਤੇ ਇਸ ਮਦਦ ਕਾਰਨ ਹੀ ਭਾਰਤ ਅਤੇ ਪਾਕਿਸਤਾਨ ਅੰਦਰ ਪ੍ਰਮਾਣੂ ਯੁੱਧ ਛਿੜ ਪੈਣ ਦਾ ਖ਼ਤਰਾ ਟਲਿਆ ਸੀ। ਹਾਲੇ ਵੀ ਪਾਕਿਸਤਾਨ ਵਲੋਂ ਭਾਰਤ ਅੰਦਰ ਅੱਤਵਾਦੀ ਕਾਰਵਾਈਆਂ ਕੀਤੀਆਂ ਜਾਣ ਦੀਆਂ ਖਬਰਾਂ ਸਮੇਂ ਸਮੇਂ 'ਤੇ ਮਿਲਦੀਆਂ ਹਨ। ਜਿਨ੍ਹਾਂ ਦੇ ਕਾਰਣ ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਵਿਚ ਕੁੜੱਤਣ ਹੋਣੀ ਸੁਭਾਵਿਕ ਹੈ। ਪ੍ਰੈਜ਼ੀਡੈਂਟ ਓਬਾਮਾ ਵਲੋਂ ਸਮੇਂ ਸਮੇਂ 'ਤੇ ਇਨ੍ਹਾਂ ਕਾਰਵਾਈਆਂ ਪ੍ਰਤੀ ਆਪਣੀ ਚਿੰਤਾ ਵਿਅਕਤ ਕੀਤੀ ਹੈ ਅਤੇ ਸ਼ਾਂਤੀਪੂਰਨ ਹੱਲ ਲਈ ਦੋਹਾਂ ਦੇਸ਼ਾਂ ਨੂੰ ਯਤਨ ਕਰਨ ਲਈ ਆਖਿਆ ਹੈ। ਅਮਰੀਕਾ ਵਿਚ ਪ੍ਰੈਜ਼ੀਡੈਂਟ ਲਈ ਚੋਣ ਨਵੰਬਰ 2016 ਵਿਚ ਹੋ ਚੁਕੀ ਹੈ ਅਤੇ ਟਰੰਪ ਨਵੇਂ ਪ੍ਰੈਜ਼ੀਡੈਂਟ ਚੁਣੇ ਜਾ ਚੁਕੇ ਹਨ ਜੋ 20 ਜਨਵਰੀ 2017 ਨੂੰ ਆਪਣੇ ਅਹੁਦੇ ਤੇ ਤਾਇਨਾਤ ਹੋ ਜਾਣਗੇ। ਫਿਰ ਦੇਖਣਾ ਪਵੇਗਾ ਅਮਰੀਕਾ ਨਾਲ ਸਬੰਧ ਕਿਵੇਂ ਦੇ ਰਹਿੰਦੇ ਹਨ। ਉਮੀਦ ਹੈ ਵਪਾਰ ਵਿਚ ਅਤੇ ਹੋਰ ਸਬੰਧਾਂ ਵਿਚ ਸੁਧਾਰ ਹੋਵੇਗਾ।

ਸੰਧਿਆ ਐਸ. ਨਾਇਰ ਦੇ ਅਨੁਸਾਰ ਅਮਰੀਕਾ ਦੇ ਅੰਦਰ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਉਪਰ ਵਾਧਾ 1960 ਦੇ ਬਾਅਦ ਹੋਇਆ ਹੈ। ਭਾਵੇਂ ਭਾਰਤੀ ਮੂਲ ਦੇ ਲੋਕ ਇਥੇ ਕਾਫੀ ਸਮੇਂ ਤੋਂ ਪਰਵਾਸ ਕਰ ਰਹੇ ਹਨ ਅਤੇ ਅਮਰੀਕਾ ਦੀ ਤਰੱਕੀ ਵਿਚ ਪੂਰਾ ਯੋਗ ਦਾਨ ਪਾ ਰਹੇ ਹਨ ਪਰੰਤੂ ਉਨ੍ਹਾਂ ਦਾ ਆਪਣੇ ਮੂਲ ਦੇਸ਼ ਨਾਲ ਸਬੰਧਾਂ ਨੂੰ ਵੀ ਬਰਕਰਾਰ ਰਖਿਆ ਹੈ। ਸਮੇਂ ਸਮੇਂ 'ਤੇ ਆਪਣੇ ਦੇਸ਼ ਵਿਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਰਕਮਾਂ ਭੇਜ ਉਸ ਦੇਸ਼ ਦੀ ਆਮ ਹਾਲਤ ਦੇ ਵਿਚ ਸੁਧਾਰ ਕਰਨ ਲਈ ਯਤਨਸ਼ੀਲ ਹਨ। ਅੰਕੜਿਆਂ ਨੂੰ ਦੇਖ ਸਾਡੇ ਇਸ ਵਿਚਾਰ ਦੀ ਪ੍ਰੋੜ੍ਹਤਾ ਹੁੰਦੀ ਹੈ। 2010 ਦੀ ਅਮਰੀਕਨ ਮਰਦਮ ਸ਼ੁਮਾਰੀ ਅਨੁਸਾਰ ਕੁਲ ਏਸ਼ੀਆਈ ਲੋਕ ਦੀ ਗਿਣਤੀ 14,674,252 ਸੀ ਜਿਸ ਵਿਚੋਂ 28,43,391 ਭਾਰਤੀ ਸਨ। ਜਦੋਂ ਕਿ 2000 ਦੇ ਵਿਚ ਏਸ਼ੀਆਈ ਲੋਕਾਂ ਦੀ ਗਿਣਤੀ 1,678,765 ਸੀ, ਨਾਲੋਂ ਵੱਧ ਕੇ 2010 ਵਿਚ 2,843,391 ਹੋ ਗਈ। ਇਸ ਤਰ੍ਹਾਂ ਇਹ ਵਾਧਾ 69.37 ਪ੍ਰਤੀਸ਼ਤ ਸੀ। ਇਹ ਲੋਕ ਆਰਥਿਕ ਤੌਰ 'ਤੇ ਖੁਸ਼ਹਾਲ ਹਨ ਅਤੇ ਤਾਂ ਹੀ ਮੂਲ ਦੇਸ਼ਾਂ ਵਲ ਡਾਲਰ ਭੇਜ ਉਨ੍ਹਾਂ ਦੀ ਉਨਤੀ ਲਈ ਵੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ।

ਪ੍ਰਾਪਤ ਵੱਖ ਵੱਖ ਕਿਸਮ ਦੇ ਅੰਕੜਿਆਂ ਅਨੁਸਾਰ 67 ਪ੍ਰਤੀਸ਼ਤ ਭਾਰਤੀ ਮੂਲ ਦੇ ਅਮਰੀਕਨ ਬੈਚਲਰ ਜਾਂ ਇਸ ਤੋਂ ਵੱਧ ਡਿਗਰੀ ਹੋਲਡਰ ਹਨ ਜਦੋਂ ਕਿ ਕੌਮੀ ਔਸਤ 28 ਪ੍ਰਤੀਸ਼ਤ ਹੈ ਅਤੇ ਸਾਰੇ ਏਸ਼ੀਆਈ ਮੂਲ ਦੇ ਅਮਰੀਕਨਾਂ ਦੀ ਔਸਤ 44 ਪ੍ਰਤੀਸ਼ਤ ਹੈ। ਸਾਰੇ ਭਾਰਤੀ ਮੂਲ ਦੇ ਅਮਰੀਕਨਾਂ ਵਿਚ ਮਾਸਟਰਜ਼ ਜਾਂ ਡਾਕਟਰ ਦੀ ਡਿਗਰੀ ਹੋਲਡਰ 40 ਪ੍ਰਤੀਸ਼ਤ ਹੈ। ਭਾਰਤੀ ਮੂਲ ਦੇ ਅਮਰੀਕਾ ਵਿਚ ਪੈਦਾ ਹੋਏ 65 ਪ੍ਰਤੀਸ਼ਤ ਲੋਕਾਂ ਕੋਲ

ਕਾਲਿਜ ਦੀ ਵਿਦਿਆ ਹੈ। ਭਾਰਤ ਦੇ 104,897 ਵਿਦਿਆਰਥੀ ਵੱਖ ਵੱਖ ਅਮਰੀਕਨ ਯੂਨੀਵਰਸਿਟੀਆਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ। ਇਕ ਭਾਰਤੀ ਕਾਮੇ ਦੀ ਅਮਰੀਕਾ ਅੰਦਰ ਸਾਲਾਨਾ ਔਸਤ ਆਮਦਨ 51904 ਅਮਰੀਕਨ ਡਾਲਰ ਹੈ। ਜੇਕਰ ਪਰਿਵਾਰਕ ਆਮਦਨ ਵਲ ਨਿਗ੍ਹਾ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਅਮਰੀਕੀ ਪਰਿਵਾਰ ਦੀ ਮੀਡੀਅਨ ਆਮਦਨ 69,470 ਡਾਲਰ ਹੈ ਜੋ ਅਮਰੀਕਨ ਪਰਿਵਾਰ ਦੀ ਮੀਡੀਅਨ ਆਮਦਨ ਨਾਲੋਂ ਲਗਭਗ ਦੁਗਣੀ ਹੈ ਕਿਉਂ ਜੋ ਉਨ੍ਹਾਂ ਦੀ ਮੀਡੀਅਨ ਆਮਦਨ 38,885 ਅਮਰੀਕੀ ਡਾਲਰ ਹੈ। ਸਿਲੀਕਨ ਵੇਲ਼ੀ ਅੰਦਰ 15% ਸਟਾਰਟ-ਅਪ ਫ਼ਰਮਾਂ ਦੇ ਮਾਲਕ ਭਾਰਤੀ ਅਮਰੀਕੀ ਹਨ। ਸਿਲੀਕਨ ਵੇਲ਼ੀ ਦੇ ਅੰਦਰ ਭਾਰਤੀ ਮੂਲ ਦੇ ਇੰਜੀਨੀਅਰ ਕੁਲ ਇੰਜੀਨੀਅਰਾਂ ਦਾ 34% ਹਨ। ਅਮਰੀਕਾ ਦੇ ਅੰਦਰ ਭਾਰਤੀ ਮੂਲ ਦੇ ਲਗਭਗ 10% ਫਿਜ਼ੀਸੀਅਨ ਹਨ ਅਤੇ 35% ਹੋਟਲਾਂ ਦੇ ਕੰਮਾਂ ਦੀ ਮਲਕੀਅਤ ਵੀ ਭਾਰਤੀਆਂ ਦੇ ਹੱਥ ਵਿਚ ਹੈ। 300,000 ਤੋਂ ਵੱਧ ਭਾਰਤੀ ਅਮਰੀਕਨ ਆਈ.ਟੀ. ਖੇਤਰ ਵਿਚ ਕੰਮ ਕਰ ਰਹੇ ਹਨ। 43.6% ਭਾਰਤੀ ਅਮਰੀਕਨ ਮੈਨੇਜਰ ਅਤੇ ਹੋਰ ਕਿੱਤਿਆਂ ਵਿਚ ਕੰਮ ਕਰ ਰਹੇ ਹਨ। ਅਮਰੀਕਨ ਯੂਨੀਵਰਸਿਟੀਆਂ ਦੇ ਅੰਦਰ ਵੱਖ ਵੱਖ ਵਿਸ਼ਿਆਂ ਦੇ ਫੈਕਲਟੀ ਮੈਂਬਰ 8,000 ਤੋਂ ਵੀ ਵੱਧ ਭਾਰਤੀ ਮੂਲ ਦੇ ਹਨ। ਭਾਰਤ ਦੇ ਅੰਦਰ ਨੀਤੀਆਂ ਵਿਚ ਆਈ ਤਬਦੀਲੀ ਕਾਰਨ ਜੋ ਆਰਥਿਕ ਖੁਲ੍ਹਾਂ ਦਿੱਤੀਆਂ ਗਈਆਂ ਹਨ ਉਸ ਨਾਲ ਬਹੁਤ ਸਾਰੀ ਤਰੱਕੀ ਭਾਰਤ ਵਿਚ ਵੀ ਹੋ ਸਕੀ ਹੈ। ਇਹ ਨੀਤੀ ਡਾਕਟਰ ਮਨਮੋਹਨ ਸਿੰਘ ਦੇ ਵਿਤ ਮੰਤਰੀ ਬਣਨ ਤੋਂ ਬਾਅਦ ਆਈ ਸੀ। ਇਸ ਨੀਤੀ ਨੂੰ ਹੋਰ ਬਲ ਮਿਲਿਆ ਜਦੋਂ ਡਾਕਟਰ ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣਾਏ ਗਏ। 2014 ਵਿਚ ਆਈ ਨਵੀਂ ਸਰਕਾਰ ਨੇ ਜਿਸ ਵਿਚ ਮੋਦੀ ਜੀ ਪ੍ਰਧਾਨ ਮੰਤਰੀ ਹਨ, ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਉਮੀਦ ਕਰਦੇ ਹਾਂ ਭਾਰਤ ਅਤੇ ਅਮਰੀਕਾ ਦੇ ਸੰਬੰਧ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰਣਗੇ। ਜਿਸ ਨਾਲ ਦੋਨਾਂ ਦੇਸ਼ਾਂ ਨੂੰ ਲਾਭ ਹੋਵੇਗਾ।

# ਨਾ ਜਾ ਵੇ ਤੂੰ ਪ੍ਰਦੇਸ ਨੂੰ

ਮਨੁੱਖ ਦਾ ਇਕ ਥਾਂ ਤੋਂ ਦੂਸਰੀ ਥਾਂ ਉਪਰ ਪੱਕਾ ਟਿਕਾਣਾ ਬਣਾਉਣ ਖ਼ਾਤਰ ਜਾਣਾ ਪਰਵਾਸ ਅਖਵਾਉਂਦਾ ਹੈ। ਇਹ ਇਕ ਦੇਸ਼ ਤੋਂ ਦੂਜੇ ਦੇਸ਼ ਵੱਲ ਲੰਮੀਆਂ ਦੂਰੀਆਂ ਜਾਂ ਛੋਟੀਆਂ ਦੂਰੀਆਂ ਤਹਿ ਕਰਨਾ ਹੋ ਸਕਦਾ ਹੈ। ਪਰਵਾਸ ਪਰਿਵਾਰ ਸਮੇਤ ਜਾਂ ਪਰਿਵਾਰ ਤੋਂ ਬਿਨਾਂ ਇਕੱਲੇ ਇਕਹਿਰੇ ਮਨੁੱਖ ਦਾ ਹੋ ਸਕਦਾ ਹੈ। ਅੰਦਰੂਨੀ ਪਰਵਾਸ ਕਿਸੇ ਦੇਸ਼ ਦੇ ਅੰਦਰ ਇਕ ਥਾਂ ਤੋਂ ਦੂਜੀ ਥਾਂ ਹੁੰਦਾ ਹੈ। ਪਰੰਤੂ ਖਾਨਾਬਦੋਸ਼ ਜਾਂ ਵਣਜਾਰੇ ਲੋਕਾਂ ਦਾ ਇਕ ਥਾਂ ਤੋਂ ਦੂਸਰੀ ਥਾਂ ਉਪਰ ਜਾਣਾ ਪਰਵਾਸ ਨਹੀਂ ਹੁੰਦਾ ਕਿਉਂ ਜੋ ਉਹ ਆਪਣੇ ਭੋਜਨ ਦੀ ਭਾਲ ਵਿਚ ਜਾਂ ਆਪਣੇ ਜਾਨਵਰਾਂ ਲਈ ਭੋਜਨ ਦੀ ਭਾਲ ਵਿਚ ਅਕਸਰ ਥਾਂ ਬਦਲਦੇ ਰਹਿੰਦੇ ਹਨ। ਮੌਸਮ ਦੇ ਅਨੁਸਾਰ ਭੋਜਨ ਦੀ ਉਪਲੱਭਤਾ ਵਿਚ ਫਰਕ ਪੈਂਦਾ ਹੀ ਰਹਿੰਦਾ ਹੈ। ਪਰਵਾਸ ਦਾ ਕੋਈ ਵੀ ਕਾਰਨ ਹੋ ਸਕਦਾ ਹੈ। ਆਮ ਤੌਰ 'ਤੇ ਘਟ ਵਿਕਸਤ ਦੇਸ਼ਾਂ ਤੋਂ ਵਧੇਰੇ ਵਿਕਸਤ ਦੇਸ਼ਾਂ ਵੱਲ ਮਜ਼ਦੂਰੀ ਲਈ ਪਰਵਾਸ ਕੀਤਾ ਜਾਂਦਾ ਹੈ। ਵਧੇਰੇ ਕਮਾਈ ਕਰ ਆਪਣੇ ਖਰਚਿਆਂ ਨੂੰ ਸੀਮਤ ਕਰ ਬੱਚਤ ਕੀਤੀ ਜਾਂਦੀ ਹੈ ਅਤੇ ਇਹ ਬਚਾਈ ਹੋਈ ਰਕਮ ਪਿੱਛੇ ਆਪਣੇ ਦੇਸ਼ ਵਿਚ ਰਹਿੰਦੇ ਪਰਿਵਾਰ ਦੇ ਆਰਥਿਕ ਸੁਧਾਰ ਲਈ ਭੇਜੀ ਜਾਂਦੀ ਹੈ ਤਾਂ ਜੋ ਪਰਵਾਰ ਦੇ ਬਾਕੀ ਮੈਂਬਰ ਆਪਣਾ ਜੀਵਨ ਪੱਧਰ ਸੁਧਾਰ ਸਕਣ। ਉਨ੍ਹਾਂ ਨੂੰ ਕੰਮ ਸ਼ੁਰੂ ਕਰਨ ਲਈ ਰਕਮ ਦਿਤੀ ਜਾਂਦੀ ਹੈ ਤਾਂ ਜੋ ਬੇਰੁਜ਼ਗਾਰ ਨਾ ਰਹਿ ਕੇ ਕੰਮ ਵਿਚ ਲੱਗ ਜਾਣ ਤੇ ਪਰਿਵਾਰ ਦੀ ਦਸ਼ਾ ਸੁਧਰ ਜਾਵੇ। ਉਚੇਰੀ ਪੜ੍ਹਾਈ ਕਰਨ ਲਈ ਅਤੇ ਪੜ੍ਹਾਈ ਉਪਰੰਤ ਕੰਮ ਲੱਭਣ ਦੀ ਖਾਤਰ ਵੀ ਪਰਵਾਸ ਕੀਤਾ ਜਾਂਦਾ ਰਿਹਾ ਹੈ।

ਰੁਜ਼ਗਾਰ ਦੇ ਚੰਗੇ ਸਾਧਨਾਂ ਦੀ ਪ੍ਰਾਪਤੀ ਲਈ ਜਾਂ ਆਪਣੀ ਆਰਥਿਕਤਾ ਦਾ ਪੱਧਰ ਉਚਾ ਚੁੱਕਣ ਲਈ ਜਦੋਂ ਵੀ ਕੋਈ ਵਿਅਕਤੀ ਪ੍ਰਦੇਸ ਜਾ ਬੈਠਦਾ ਹੈ ਤਾਂ ਉਹ ਆਪਣੇ ਦੇਸ਼ ਦੇ ਵਾਸੀਆਂ ਲਈ ਪ੍ਰਦੇਸੀ ਹੋ ਜਾਇਆ ਕਰਦਾ ਹੈ। ਉਹੀ ਪ੍ਰਦੇਸੀ ਹੋਇਆ ਮੁੜ ਆਪਣੀ ਧਰਤੀ ਨਾਲ ਜੁੜ ਜਾਣ ਦੀ ਇੱਛਾ ਰੱਖਦਾ ਹੈ ਉਸ ਦੀ ਇਹ ਲੋਚਾ ਆਪਣੇ ਘਰ ਪਰਿਵਾਰ ਨਾਲ ਅਤੇ ਜਨਮ ਭੂਮੀ ਨਾਲ ਮੋਹ ਕਾਰਨ ਹੁੰਦੀ ਹੈ। ਭਾਵੇਂ ਕੁਝ ਆਰਥਿਕ ਤੌਰ 'ਤੇ ਕਮਜ਼ੋਰ ਵਿਅਕਤੀ ਆਪਣੇ ਪਰਿਵਾਰਕ ਜੀਆਂ ਨੂੰ ਪ੍ਰਦੇਸ ਭੇਜਣ ਦੀ ਇੱਛਾ ਨਹੀਂ ਰੱਖਦੇ। ਉਹ ਆਪਣੀ ਔਲਾਦ ਦੇ ਪਰਵਾਸ ਨੂੰ ਤਰਜੀਹ ਨਾ ਦੇ ਕੇ ਆਪਣੇ ਖੰਭਾਂ ਹੇਠ ਹੀ ਰੱਖਣਾ ਪਸੰਦ ਕਰਦੇ ਹਨ। ਉਮਰ ਦੇ ਵਿਚ ਵਾਧਾ ਹੋਣ ਨਾਲ ਉਨ੍ਹਾਂ ਦੀ ਔਲਾਦ ਉਪਰ ਨਿਰਭਰਤਾ ਦਾ ਪੱਧਰ ਬਦਲਦਾ ਰਹਿੰਦਾ ਹੈ। ਉਨ੍ਹਾਂ ਦੀਆਂ ਮੋਹ ਮਾਇਆ ਦੀਆਂ ਤੰਦਾਂ ਪਰਦੇਸ ਜਾਣ ਤੋਂ ਰੋਕਦੀਆਂ ਹੀ ਰਹਿੰਦੀਆਂ ਹਨ ਕੋਈ ਨਾ ਕੋਈ ਬਹਾਨਾ ਲੱਭ ਗਾਇਕ ਮਲਕੂ ਅਨੁਸਾਰ :

**ਡੋਲੀ ਤੇਰੀ ਭੈਣ ਦੀ ਨੂੰ ਕੌਣ ਹੱਥੀਂ ਚਾਊਗਾ।**
**ਪਿਓ ਤੇਰਾ ਬੁੱਢੇ ਵਾਰੇ ਕੀਹਨੂੰ ਗਲ ਲਾਊਗਾ।**

ਵਿਦੇਸ਼ਾਂ ਦੀ ਚਕਾਚੌਂਧ ਨੌਜੁਆਨ ਪੀੜ੍ਹੀ ਵਿਦੇਸ਼ ਜਾ ਕੇ ਵੱਸਣ ਲਈ ਬਜ਼ਿਦ ਹੈ ਅਤੇ ਖੁਸ਼ੀਆਂ ਖੇੜਿਆਂ ਭਰਿਆਂ ਜੀਵਨ ਬਤੀਤ ਕਰਨਾ ਲੋਚਦੀ ਹੈ। ਪਰੰਤੂ ਮਾਪੇ ਪਾਸਪੋਰਟ ਬਣਨ ਦੀ ਕਿਰਿਆ ਦੇ ਸ਼ੁਰੂ ਹੋਣ ਤੋਂ ਪਾਸਪੋਰਟ ਦੇ ਬਣ ਜਾਣ ਤਕ, ਗਾਇਕ ਮਲਕੂ ਅਨੁਸਾਰ, ਇਹ ਦੁਆ ਕਰਦੇ ਰਹਿੰਦੇ ਹਨ ਕਿ:

**ਗੁੰਮ ਹੋ ਜੇ ਵੇ ਪੁਤਰ ਪਾਸਪੋਰਟ ਤੇਰਾ ,**
**ਤੇਰੇ ਬਿਨ ਦਿਲ ਚੰਨ ਲੱਗਣਾ ਨਹੀਂ ਮੇਰਾ**
**ਦੇਊਗਾ ਰਿਜ਼ਕ ਰੱਬ ਘਰੇ ਹੀ ਬਥੇਰਾ।**
**ਬੁੱਢੀ ਮਾਂ ਦੀ ਵੀ ਤਕ ਲੈ ਵਰ੍ਹੇਸ ਨੂੰ ,**
**ਨਾ ਜਾ ਵੇ ਪੁਤਰਾਂ ਨਾ ਜਾ ,**
**ਨਾ ਜਾ ਵੇ ਤੂੰ ਪ੍ਰਦੇਸ ਨੂੰ।**

ਭਾਰਤ ਦੇ ਲੋਕਾਂ ਵਲੋਂ ਵੀ ਵਿਦੇਸ਼ ਜਾਣ ਦਾ ਮੁਖ ਕਾਰਨ ਆਰਥਕ ਹੀ ਸੀ। ਦੱਖਣ ਦੇ ਗਰੀਬ ਤਾਮਿਲ ਅਤੇ ਮਲਿਆਲੀ ਕਾਮਿਆਂ ਨੇ ਖੇਤ ਮਜ਼ਦੂਰਾਂ ਦੇ ਤੌਰ ਤੇ ਬਰਤਾਨਵੀ ਹਕੂਮਤ ਹੇਠਲੇ ਏਸ਼ਿਆਈ ਅਤੇ ਅਫ਼ਰੀਕੀ ਦੇਸ਼ਾਂ ਵਿਚ ਪਰਵਾਸ ਕੀਤਾ ਸੀ। ਉਨ੍ਹਾਂ ਨੇ ਪੰਜਾਬੀਆਂ ਦੀ ਤਰ੍ਹਾਂ ਅਮਰੀਕਾ ਜਿਹੇ ਵਿਕਸਤ ਸਰਮਾਏਦਾਰੀ ਦੇਸ਼ ਜਾਂ ਕੈਨੇਡਾ ਦੀ ਬਰਤਾਨਵੀ ਬਸਤੀ ਵਲ ਵਹੀਰਾਂ ਨਹੀਂ ਘੱਤੀਆਂ ਸਨ। ਉਨੀਵੀਂ ਸਦੀ ਦੇ ਮਗਰਲੇ ਅੱਧ ਦੌਰਾਨ ਵਧੇ ਹੋਏ ਟੈਕਸਾਂ, ਆਬਿਆਨੇ ਕਾਰਨ ਜਾਂ ਜ਼ਮੀਨ ਦੀ ਵੰਡ ਹੋਣ ਕਾਰਨ ਅਤੇ ਸ਼ਾਹੂਕਾਰਾਂ ਦੇ ਕਰਜ਼ਿਆਂ ਕਾਰਣ ਪੰਜਾਬੀ ਕਿਰਸਾਣੀ ਦੀ ਮਾਇਕ ਹਾਲਤ ਵਿਚ ਵਿਗਾੜ ਆ ਗਿਆ ਸੀ। ਵਿਗਾੜ ਦੇ ਕਾਰਨਾਂ ਦੀ ਵਿਸਥਾਰਤ ਸਮੀਖਿਆ ਕਰਨ ਤੇ ਸਾਨੂੰ ਵੇਰਵੇ ਸਾਹਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮੁਖ ਕਾਰਨਾਂ ਵਿਚ 1860 ਵਿਚ ਅੰਗਰੇਜ਼ਾਂ ਵਲੋਂ ਕੀਤੇ ਗਏ ਜ਼ਮੀਨੀ ਬੰਦੋਬਸਤ, ਜ਼ਮੀਨੀ ਮਾਲੀਏ ਦੀ ਨਗਦ ਅਦਾਇਗੀ, ਜ਼ਮੀਨ ਵੇਚਣ ਅਤੇ ਖਰੀਦਣ ਦੇ ਅਧਿਕਾਰ ਵਾਹੀਕਾਰਾਂ ਲਈ ਬਹੁਤ ਹੀ ਨੁਕਸਾਨਦਾਇਕ ਸਾਬਤ ਹੋਏ। ਕੱਪੜਾ ਅਤੇ ਖੇਤ ਦੇ ਸੰਦ ਬਣਾ ਕੇ ਰੋਜ਼ੀ ਰੋਟੀ ਦਾ ਜੁਗਾੜ ਕਰਨ ਵਾਲੇ ਪੇਂਡੂ ਦਸਤਕਾਰ ਬਰਤਾਨੀਆ ਦੇ ਕਾਰਖਾਨਿਆਂ ਵਿਚ ਮਸ਼ੀਨਾਂ ਨਾਲ ਬਣੇ ਮਾਲ ਦਾ ਮੁਕਾਬਲਾ ਨਾ ਕਰ ਸਕੇ। ਮਜਬੂਰੀ ਅਧੀਨ ਉਨ੍ਹਾਂ ਨੂੰ ਵੀ ਖੇਤੀ ਦੇ ਕੰਮ ਉਪਰ ਨਿਰਭਰ ਹੋਣਾ ਪਿਆ। ਨਤੀਜਨ 1872-73 ਤੋਂ 1902-03 ਤਕ ਵੀਹ ਸਾਲਾਂ ਵਿਚ ਮੁਜਾਹਰਿਆਂ ਦੀ ਗਿਣਤੀ ਵੱਧ ਕੇ ਪੰਜ ਗੁਣਾ ਹੋ ਗਈ ਅਤੇ ਪ੍ਰਤੀ ਹਲ ਹੇਠ ਰਕਬਾ 8 ਤੋਂ 12 ਏਕੜ ਦੀ ਥਾਂ 3 ਤੋਂ 8 ਏਕੜ ਹੋ ਗਿਆ। ਥੋੜ੍ਹੀਆਂ ਜ਼ਮੀਨਾਂ ਹੋਣ ਕਾਰਣ ਮਾਲਕਾਂ ਲਈ ਮਾਲੀਆ ਤਾਰਨ ਦੀ ਔਕੜ ਹੋ ਗਈ। ਉਹ ਹੌਲੀ ਹੌਲੀ ਕਰਜ਼ੇ ਹੇਠ ਹੁੰਦੇ ਗਏ ਅਤੇ ਜ਼ਮੀਨ ਨੂੰ ਸ਼ਾਹੂਕਾਰਾਂ ਕੋਲ ਵੇਚ ਕੇ ਹੋਰ ਰੁਜ਼ਗਾਰ ਲੱਭਣ ਲਈ ਮਜਬੂਰ ਹੋ ਗਏ। ਪੈਦਾਵਾਰ ਘੱਟ ਹੋਣ ਕਾਰਨ ਕਰਜ਼ੇ ਦੀ ਅਦਾਇਗੀ ਨਾ ਹੋ ਸਕੀ ਅਤੇ ਸ਼ਾਹੂਕਾਰ ਜ਼ਮੀਨ ਉਪਰ ਕਬਜ਼ਾ ਕਰਨ ਲੱਗ ਪਏ। ਉਹਨਾਂ ਕੋਲ ਜ਼ਮੀਨ ਗਹਿਣੇ ਕਰਨ ਜਾਂ ਵੇਚਣ ਤੋਂ ਬਿਨਾ ਕੋਈ ਚਾਰਾ ਨਾ ਰਿਹਾ। ਜਿਸ ਜ਼ਮੀਨ ਉਪਰ ਮੇਹਨਤ ਕਰਨ ਸਦਕਾ ਆਪਣੀ ਤੋਰੀ ਫੁਲਕਾ ਤੋਰ ਰਹੇ ਸਨ, ਉਹ

ਜ਼ਮੀਨ ਭਾਰੀ ਕਰਜ਼ਿਆਂ ਕਾਰਨ ਸ਼ਾਹੂਕਾਰ ਜਾਂ ਧਨੀ ਕਿਸਾਨ ਦੇ ਕਬਜ਼ੇ ਵਿਚ ਆ ਗਈ। 1901 ਤੋਂ 1909 ਤਕ ਲਗਭਗ ਢਾਈ ਕਰੋੜ ਏਕੜ ਤੋਂ ਵੱਧ ਜ਼ਮੀਨ ਗਹਿਣੇ ਪੈ ਚੁਕੀ ਸੀ।

ਜ਼ਮੀਨ ਦੇ ਗਾਹਕਾਂ ਦੀ ਗਿਣਤੀ ਵਿਚ ਵਾਧੇ ਦਾ ਇੱਕ ਕਾਰਨ ਹੋਰ ਵੀ ਸੀ। ਸਰਮਾਏਦਾਰੀ ਪ੍ਰਬੰਧ ਨਾਲ ਜੁੜਨ ਦਾ ਇਹ ਅਸਰ ਵੀ ਹੋਇਆ ਕਿ ਜ਼ਮੀਨ ਹੁਣ ਹੋਰਨਾਂ ਵਸਤਾਂ ਵਾਂਗ ਖਰੀਦੀ ਅਤੇ ਵੇਚੀ ਜਾਣ ਵਾਲੀ ਵਸਤੂ ਬਣ ਗਈ। ਅੰਗਰੇਜ਼ੀ ਰਾਜ ਤੋਂ ਪਹਿਲਾਂ ਵੀ ਖੇਤੀ ਦੇ ਲਾਇਕ ਜ਼ਮੀਨ ਵੇਚੇ ਜਾਣ ਦੀਆਂ ਮਿਸਾਲਾਂ ਮਿਲਦੀਆਂ ਹਨ ਪਰ ਇਹ ਬਹੁਤ ਘਟ ਸਨ ਕਿਉਂ ਜੋ ਜ਼ਮੀਨ ਦੀਆਂ ਕੀਮਤਾਂ ਬਹੁਤ ਹੀ ਘਟ ਸਨ। ਅੰਗਰੇਜ਼ੀ ਰਾਜ ਸਮੇਂ ਜ਼ਮੀਨ ਕਾਸ਼ਤਕਾਰਾਂ ਦੇ ਹੱਥੋਂ ਨਿਕਲ ਗਈ ਅਤੇ ਗੈਰ ਕਾਸ਼ਤਕਾਰਾਂ ਦੇ ਹੱਥ ਜਾਣੀ ਸ਼ੁਰੂ ਹੋ ਗਈ ਅਤੇ ਕਿਸਾਨ ਮਾਲਕ ਦੀ ਥਾਂ ਮੁਜਾਹਰੇਦਾਰ ਬਣ ਗਏ।

ਭਾਰਤ ਵਿਚ ਖੇਤੀ ਦੀ ਸਮੱਸਿਆ ਹੀ ਬੁਨਿਆਦੀ ਸਮੱਸਿਆ ਸੀ ਅਤੇ ਬਰਤਾਨਵੀ ਸਰਕਾਰ ਦੀ ਇਸ ਸਮੱਸਿਆ ਨੂੰ ਸੁਧਾਰਨ ਵਿਚ ਕੋਈ ਵੀ ਦਿਲਚਸਪੀ ਨਜ਼ਰ ਨਹੀਂ ਆ ਰਹੀ ਸੀ। ਬਰਤਾਨਵੀ ਹਕੂਮਤ ਵਲੋਂ ਆਪਣੇ ਹਿਤਾਂ ਖਾਤਿਰ ਭਾਰਤੀ ਸਨਅਤ ਨੂੰ ਖ਼ਤਮ ਕਰਨ ਵਿਚ ਦਿਲਚਸਪੀ ਰੱਖਦੇ ਸਨ ਅਤੇ ਇਸ ਲਈ ਖੇਤੀ ਉਪਰ ਨਿਰਭਰਤਾ ਵੱਧ ਗਈ ਜਦੋਂ ਅਸੀਂ ਉਸ ਵੇਲੇ ਦੇ ਆਰਥਿਕ ਹਾਲਤ ਜੋ ਬਰਤਾਨਵੀ ਸਰਕਾਰ ਵਲੋਂ ਬਣਾ ਦਿਤੇ ਗਏ ਸਨ, ਵੱਲ ਨਜ਼ਰ ਮਾਰਿਆਂ ਪਤਾ ਲੱਗ ਸਕਦਾ ਹੈ ਕਿ ਆਮ ਲੋਕ ਪਰਵਾਸ ਵਲ ਕਿਉਂ ਖਿਚੇ ਜਾ ਰਹੇ ਸਨ।

ਸਾਮਰਾਜਵਾਦ ਦਾ ਮਨੁੱਖੀ ਕਦਰਾਂ ਕੀਮਤਾਂ ਨੂੰ ਅੱਖੋਂ ਪਰੋਖੇ ਕਰ ਲੁੱਟਣ ਖੋਹਣ ਅਤੇ ਕਤਲੇਆਮ ਵਿਚ ਪੂਰਨ ਵਿਸ਼ਵਾਸ ਰਖਿਆ ਕਰਦਾ ਹੈ। ਖ਼ੂਨ ਦੇ ਸਮੁੰਦਰ ਵਹਾ ਕੇ ਜੰਗਾਂ ਦਾ ਸਹਾਰਾ ਲੈ ਦੌਲਤ ਦੇ ਅੰਬਾਰ ਲਾਉਣੇ ਇਸ ਦਾ ਖਾਸਾ ਹੋਇਆ ਕਰਦਾ ਹੈ। ਕਮਜ਼ੋਰ ਕੌਮਾਂ ਨੂੰ ਲੁੱਟਣ ਵਿਚ ਪ੍ਰੇਸ਼ਾਨੀ ਸਮਝਣਾ ਕਦੇ ਵੀ ਇਸ ਦਾ ਖਾਸਾ ਨਹੀਂ ਸੀ।

ਪੰਜਾਹ ਸਾਲ ਦੇ ਸਮੇਂ ਵਿਚ ਛੇ ਭਿਆਨਕ ਕਾਲ ਪਏ, ਫ਼ਸਲਾਂ ਦੀ ਤਬਾਹੀ ਹੋਈ। ਘਰ ਵਿਚ ਖਾਣ ਜੋਗੇ ਦਾਣੇ ਤਾਂ ਆ ਨਹੀਂ ਰਹੇ ਸਨ, ਨਕਦ ਮਾਮਲਾ ਕਿਵੇਂ ਤਾਰਿਆ ਜਾ ਸਕਦਾ ਸੀ। ਕਰਜ਼ਾਈ ਹੋਣਾ ਜਾਂ ਬਣਨਾ ਤਾਂ ਲੋਕਾਂ ਦੇ ਭਾਗਾਂ ਵਿਚ ਹੀ ਹੋ ਗਿਆ। ਉਤੋਂ ਕੁਦਰਤ ਦਾ ਕਹਿਰ, 1904 ਦੀ ਰਿਪੋਰਟ ਅਨੁਸਾਰ 50 ਤੋਂ 70 ਫੀਸਦੀ ਲੋਕ ਪਲੇਗ ਨਾਲ ਮਰ ਗਏ। 1897 ਤੋਂ 1918 ਤਕ ਪਲੇਗ ਦੀ ਭਿਆਨਕ ਬੀਮਾਰੀ ਘਰ ਘਰ ਦਸਤਕ ਦੇ ਘਰ ਦੇ ਇੱਕ ਦੋ ਜੀਆਂ ਨੂੰ ਨਾਲ ਲੈ ਕੇ ਜਾ ਚੁਕੀ ਸੀ। ਇਹਨਾਂ 20-21 ਸਾਲਾਂ ਵਿਚ ਮੌਤ ਨੇ ਲਗਭਗ 30 ਲਖ ਲੋਕਾਂ ਨੂੰ ਆਪਣੀਆਂ ਬੁਰਕੀਆਂ ਵਿਚ ਸਮੇਟ ਲਿਆ ਸੀ। ਸਰਕਾਰ ਦਾ ਮੰਦਾ ਰਵਈਆ ਹੋਰ ਵੀ ਦੁੱਖ ਦੇਣ ਵਾਲਾ ਸੀ। ਅਫਸਰ ਲੋਕਾਂ ਦਾ ਆਮ ਲੋਕਾਂ ਪ੍ਰਤੀ ਹੋਰ ਵੀ ਮਾੜਾ ਸੀ। ਬੀਮਾਰੀ ਦੇ ਰੋਕਣ ਲਈ ਅੰਗਰੇਜ਼ ਕੁਲੈਕਟਰ ਦਾ ਹੁਕਮ ਸੀ ਕਿ ਜਿਨ੍ਹਾਂ ਘਰ ਵਿਚ ਬੀਮਾਰੀ ਹੈ ਉਹ ਘਰ ਹੀ ਢਾਹ ਦਿਤੇ ਜਾਣ। ਬੀਮਾਰੀ ਤੇ ਕਾਬੂ ਪਾਉਣ ਲਈ ਘਰ ਢਾਹੁਣ ਹੁਕਮ ਦੇ ਕੇ ਅਫਸਰ ਤਾਂ ਸੁਰਖ਼ਰੂ ਹੋ ਗਏ ਪਰੰਤੂ ਜਿਨ੍ਹਾਂ ਦੇ ਘਰ ਢਹਿਣੇ ਸਨ ਉਨ੍ਹਾਂ ਉਤੇ ਟੁੱਟ ਰਹੇ ਦੁਖਾਂ ਦੇ ਪਹਾੜ ਦਾ ਕਿਸੇ ਨੂੰ ਫਿਕਰ ਨਹੀਂ ਸੀ। ਅਜਿਹੇ ਦਮ ਘੋਟੂ ਹਾਲਾਤ ਵਿਚੋਂ ਨਿਕਲ ਕੇ ਸਾਹ ਸੌਖਾ ਕਰਨ ਲਈ ਮਜਬੂਰ

ਲੋਕ ਰੁਜ਼ਗਾਰ ਦੇ ਹੋਰ ਵਸੀਲੇ ਲੱਭਣ ਲਗੇ।

ਅੰਗਰੇਜ਼ਾਂ ਨੂੰ ਆਪਣੀਆਂ ਬਸਤੀਆਂ ਦੇ ਫੈਲਾਓ ਲਈ ਫੌਜੀ ਭਰਤੀ ਦੀ ਲੋੜ ਸੀ, ਸਰਕਾਰ ਨੇ ਇਸ ਲੋੜ ਪੂਰਤੀ ਲਈ ਉਨ੍ਹਾਂ ਨੇ ਪੰਜਾਬ ਦੇ ਸਿੱਖਾਂ ਨੂੰ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬੀ ਸਿੱਖਾਂ ਦੀ ਬਹਾਦਰੀ ਸਬੰਧੀ ਉਹ ਜਾਣਦੇ ਸਨ ਕਿਉਂ ਜੋ ਉਨ੍ਹਾਂ ਨੇ ਪੰਜਾਬੀਆਂ ਨਾਲ ਦੋ ਹੱਥ ਕਰ ਵੇਖੇ ਸਨ। ਇਸ ਤਰ੍ਹਾਂ ਪੰਜਾਬੀ ਕਿਸਾਨ ਅਤੇ ਦਸਤਕਾਰ ਆਪਣਾ ਦੇਸ਼ ਤੇ ਪਰਵਾਰ ਛੱਡ ਫੌਜ ਵਿਚ ਭਰਤੀ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਨੂੰ ਫੌਜ ਵਿਚ ਭਰਤੀ ਹੋਣਾ ਕਰਜ਼ੇ ਲਾਹ ਸਕਣ ਦੇ ਢੰਗ ਵਾਂਗ ਜਾਪਿਆ। ਭੁੱਖੀ ਅਤੇ ਬੀਮਾਰ ਜ਼ਿੰਦਗੀ ਜਾਂ ਰੋਟੀ ਤੇ ਮੌਤ ਦੋਵਾਂ ਵਿਕਲਪਾਂ ਵਿਚੋਂ ਉਨ੍ਹਾਂ ਨੇ ਰੋਟੀ ਤੇ ਮੌਤ ਨੂੰ ਪਹਿਲ ਦਿਤੀ। ਭਰਤੀ ਹੋ ਪੰਜਾਬੀ ਲੋਕ ਬਰਮਾ, ਮਲਾਇਆ, ਹਾਂਗਕਾਂਗ, ਸਿੰਘਾਪੁਰ ਤੇ ਚੀਨ ਵਿਚ ਛੋਟੀਆਂ ਛੋਟੀਆਂ ਨੌਕਰੀਆਂ 'ਤੇ ਜਾ ਲਗੇ। ਉਥੋਂ ਦੀ ਪੁਲਿਸ ਵਿਚ ਵੀ ਭਰਤੀ ਹੋਏ। ਆਪਣੇ ਜੀਵਨ ਨੂੰ ਸੌਖਾ ਹੋਇਆ ਸਮਝ ਉਹ ਬਾਕੀ ਰਿਸ਼ਤੇਦਾਰਾਂ ਨੂੰ ਵੀ ਉਥੇ ਕੰਮ ਲਈ ਬੁਲਾਉਣ ਲਗੇ। ਇਸ ਤਰ੍ਹਾਂ ਨਾਲ ਉਨ੍ਹਾਂ ਲੋਕਾਂ ਦੇ ਗਿਆਨ ਵਿਚ ਵਾਧਾ ਹੋਇਆ ਅਤੇ ਦੁਨੀਆ ਦੇ ਬਾਕੀ ਹਿਸਿਆਂ ਦੀ ਖਬਰ ਸਾਰ ਵੀ ਰੱਖਣੀ ਸ਼ੁਰੂ ਕੀਤੀ। ਅਖਬਾਰਾਂ ਵਿਚ ਵੱਧ ਰਹੀ ਦਿਲਚਸਪੀ ਨਾਲ ਉਨ੍ਹਾਂ ਨੂੰ ਵੱਖ ਵੱਖ ਦੇਸ਼ਾਂ ਅੰਦਰ ਹੋ ਰਹੀਆਂ ਗਤੀਵਿਧੀਆਂ ਬਾਰੇ ਗਿਆਨ ਹੋਣ ਲਗਾ। ਇਸ ਤਰ੍ਹਾਂ ਜਦੋਂ ਉਨ੍ਹਾਂ ਨੂੰ ਅਮਰੀਕਾ ਕੈਨੇਡਾ ਅੰਦਰ ਰੇਲਵੇ ਲਈ ਮਜ਼ਦੂਰਾਂ ਦੀ ਮੰਗ ਸਬੰਧੀ ਪਤਾ ਲਗਾ ਕਿ ਮਜ਼ਦੂਰਾਂ ਨੂੰ ਚੰਗੀ ਮਜ਼ਦੂਰੀ ਦਿਤੀ ਜਾਵੇਗੀ ਤਾਂ ਆਪਣੇ ਸੁਭਾਅ ਅਨੁਸਾਰ ਨਵੀਂ ਚੁਣੌਤੀ ਲਈ ਤਿਆਰ ਹੋ ਕੇ ਰੁੱਖ ਇਨ੍ਹਾਂ ਦੇਸ਼ਾਂ ਵਲ ਕਰ ਲਿਆ।

ਭਾਰਤ ਵਿਚ ਪੈਦਾ ਕੀਤੀ ਗਈ ਕੱਚੀ ਸਮਗਰੀ ਸਸਤੇ ਭਾਵਾਂ ਨਾਲ ਖਰੀਦ ਕੇ ਆਪਣੇ ਦੇਸ਼ ਲਿਜਾਈ ਜਾਂਦੀ ਸੀ ਅਤੇ ਤਿਆਰ ਮਾਲ ਉਥੋਂ ਤਿਆਰ ਕਰ ਕੇ ਭਾਰਤ ਅੰਦਰ ਮਹਿੰਗੇ ਭਾਅ ਵੇਚੀ ਜਾਂਦੀ ਸੀ। ਇਸ ਤਰਾਂ ਭਾਰਤਵਾਸੀ ਦੂਹਰੀ ਲੁੱਟ ਦਾ ਸ਼ਿਕਾਰ ਸਨ। ਪ੍ਰਾਪਤ ਵਸਤਾਂ ਦਾ ਮਿਆਰੀ ਹੋਣਾ ਵੀ ਕੋਈ ਜ਼ਰੂਰੀ ਨਹੀਂ ਸੀ ਅਤੇ ਕਚੇ ਮਾਲ ਦੀ ਖਰੀਦ ਸਮੇਂ ਜਾਂ ਤਿਆਰ ਮਾਲ ਦੀ ਵੇਚ ਸਮੇਂ ਸ਼ਰਤਾਂ ਵੀ ਬਰਤਾਨਵੀ ਹਕੂਮਤ ਵਲੋਂ ਹੀ ਤਹਿ ਕੀਤੀਆਂ ਜਾਂਦੀਆਂ ਸਨ ਅਤੇ ਭਾਰਤੀਆਂ ਨੂੰ ਮਨਜ਼ੂਰ ਕਰਨੀਆਂ ਪੈਂਦੀਆਂ ਸਨ। ਘਟੀਆ ਕਿਸਮ ਦੀਆਂ ਵਸਤਾਂ ਵਰਤਣ ਕਾਰਣ ਹੈਜ਼ੇ, ਪਲੇਗ ਅਤੇ ਸੀਤਲਾ ਮਾਤਾ ਜਿਹੀਆਂ ਬੀਮਾਰੀਆਂ ਫੈਲ ਰਹੀਆਂ ਸਨ ਅਤੇ ਇਨ੍ਹਾਂ ਬੀਮਾਰੀਆਂ ਸਦਕਾ ਮੌਤਾਂ ਦੀ ਗਿਣਤੀ ਦੀ ਹਿਸਾਬ ਰੱਖਣਾ ਵੀ ਮੁਸ਼ਕਿਲ ਹੀ ਸੀ। ਅਖਬਾਰੀ ਰਿਪੋਰਟਾਂ ਅਨੁਸਾਰ 50 ਮਹੀਨਿਆਂ ਦੇ ਅੰਦਰ ਇਨ੍ਹਾਂ ਬਿਮਾਰੀਆਂ ਕਾਰਣ ਲਗਭਗ 76,50,00 ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ ਸੀ। ਲੋਕ ਭੁੱਖੇ ਮਰ ਰਹੇ ਸਨ ਪਰੰਤੂ ਸਰਕਾਰ ਇਸ ਸਾਰੇ ਤੋਂ ਬੇਖਬਰ ਖਾਧ ਵਸਤਾਂ ਨੂੰ ਬਰਾਮਦ ਕਰ ਰਹੀ ਸੀ। ਡਾਕਟਰ ਜੇ.ਜੇ. ਸੰਡਰਲੈਂਡ ਨੇ ਅੰਕੜਿਆਂ ਰਾਹੀਂ ਇਹ ਸਿੱਧ ਕੀਤਾ ਕਿ ਭਾਰਤ ਵਿਚ ਕਾਲ ਦਾ ਕਾਰਣ ਵਰਖਾ ਦੀ ਅਣਹੋਂਦ ਜਾਂ ਵਧੇਰੇ ਵਸੋਂ ਦੀ ਬਜਾਏ ਬਰਤਾਨੀਆ ਸਰਕਾਰ ਦੁਆਰਾ ਆਪਣੀ ਆਰਥਕ ਨੀਤੀ ਅਤੇ ਭਾਰਤੀ ਸਨਅਤ ਦੀ ਤਬਾਹੀ ਕਾਰਣ ਪੈਦਾ ਹੋਈ ਭਿਆਨਕ ਗਰੀਬੀ ਸੀ। ਜਦੋਂ ਕਿ ਹਿੰਡਮੈਨ ਦੇ ਅਨੁਮਾਨ ਅਨੁਸਾਰ ਕਿਸੇ ਵੀ ਕਮਾਈ ਤੋਂ ਬਿਨਾ ਲਗਭਗ ਹਰ ਸਾਲ 17,50,00,000 ਪੌਂਡ ਦੀ

ਰਕਮ ਭਾਰਤ ਵਿਚੋਂ ਬਾਹਰ ਭੇਜੀ ਜਾਂਦੀ ਸੀ।

ਸਵਾਮੀ ਅਭੇਦਾਨੰਦ ਨੇ ਆਪਣੀ ਕਿਤਾਬ **ਭਾਰਤ ਤੇ ਓਹਦੇ ਲੋਕ** ਵਿਚ ਲਿਖਿਆ ਸੀ ਕਿ ਭਾਰਤ ਨੇ ਇੰਗਲੈਂਡ ਦੇ ਕਰਜ਼ਿਆਂ ਉਪਰ 1900 ਵਿਚ 24 ਕਰੋੜ 40 ਲੱਖ ਪੌਂਡ ਵਿਆਜ ਭੇਜਿਆ ਸੀ ਤੇ ਇਹ ਰਕਮ ਹਰ ਸਾਲ ਵਧਦੀ ਹੀ ਜਾ ਰਹੀ ਸੀ। ਇਸ ਤੋਂ ਬਿਨਾਂ ਭਾਰਤ ਸਾਰੇ ਸਿਵਲ ਅਤੇ ਫੌਜੀ ਅਫਸਰਾਂ, ਵਿਸ਼ਾਲ ਸਥਾਈ ਫੌਜ, ਅਫਸਰਾਂ ਦੀਆਂ ਪੈਨਸ਼ਨਾਂ, ਲੰਡਨ ਵਿਚ ਭਾਰਤੀ ਸਰਕਾਰੀ ਇਮਾਰਤਾਂ ਤੇ ਘਰ ਦੇ ਕੰਮ ਕਾਜ ਕਰਨ ਵਾਲੇ ਸਭਨਾਂ ਨੌਕਰਾਂ ਦੀਆਂ ਤਨਖਾਹਾਂ ਦੀ ਚੱਟੀ ਵੀ ਭਰਦਾ ਹੈ। 1910-11 ਦੇ ਸਾਲ ਲਈ ਸਰਕਾਰੀ ਆਮਦਨ ਵਿਚੋਂ ਕੁਲ 35,69,71,410, ਪੌਂਡ ਦੇ ਖਰਚੇ ਦੀ ਵਸੂਲੀ ਕੀਤੀ ਗਈ ਸੀ ਜਿਸ ਵਿਚੋਂ 8,47,95,575 ਪੌਂਡ ਇੰਗਲੈਂਡ ਵਿਚ ਘਰੇਲੂ ਖਰਚ ਲਈ ਦਿਤੇ ਗਏ ਸਨ ਅਤੇ ਇਸ ਵਿਚ ਭਾਰਤ ਵਿਚ ਯੂਰਪੀ ਅਫਸਰਾਂ ਦੀ ਤਨਖਾਹ ਅਤੇ ਬੱਚਤ ਦੇ ਇੰਗਲੈਂਡ ਨੂੰ ਭੇਜੇ ਪੈਸੇ ਸ਼ਾਮਲ ਨਹੀਂ ਸਨ।

ਭਾਰਤੀ ਸਰਕਾਰ ਲੋਕਾਂ ਕੋਲ ਬਚੇ ਥੋੜ੍ਹੇ ਬਹੁਤ ਪੈਸਿਆਂ ਨੂੰ ਵੀ ਨਿਚੋੜਨ ਦੀ ਨਿੱਤ ਨਾਲ ਸ਼ਰਾਬ ਅਤੇ ਅਫੀਮ ਦੀ ਤਸਕਰੀ ਨੂੰ ਵੀ ਉਤਸ਼ਾਹਿਤ ਕਰਦੀ ਸੀ ਅਤੇ ਇਸ ਲੁੱਟ ਰਾਹੀਂ ਸਰਕਾਰ ਨੂੰ ਕੇਵਲ ਸ਼ਰਾਬ ਦੀਆਂ ਦੁਕਾਨਾਂ ਤੋਂ ਹੀ 90 ਲੱਖ ਡਾਲਰ ਮਿਲ ਜਾਂਦੇ ਸਨ। 1906 ਵਿਚ ਯੂ.ਐਸ.ਏ. ਦੇ ਬਰਾਇਨ ਨੇ ਭਾਰਤ ਦੀ ਗਰੀਬੀ ਬਾਰੇ ਇਸ ਤਰ੍ਹਾਂ ਵਰਨਣ ਕੀਤਾ ਹੈ ਕਿ ਹਰ ਸਾਲ ਟੈਕਸਾਂ ਰਾਹੀਂ ਇਕਠੀ ਕੀਤੀ ਕੁਲ ਰਕਮ ਦਾ 40 ਫੀਸਦੀ ਭਾਗ ਜ਼ਮੀਨ ਤੋਂ ਹੀ ਇਕੱਠਾ ਕੀਤਾ ਜਾਂਦਾ ਹੈ ਤੇ ਇਸ ਦੀ ਦਰ ਇਤਨੀ ਬੋਝਲ ਹੈ ਕਿ ਜੇਕਰ ਫਸਲਾਂ ਚੰਗੀਆਂ ਵੀ ਹੋ ਜਾਣ ਤਾਂ ਵੀ ਕਿਸਾਨ ਇਤਨੀ ਬੱਚਤ ਨਹੀਂ ਕਰ ਸਕਦੇ ਕਿ ਮੰਦੀ ਫਸਲ ਦੇ ਸਮੇਂ ਰੱਜ ਕੇ ਰੋਟੀ ਖਾ ਸਕਣ। ਕੁਲ ਕਰ ਦਾ 10 ਫੀਸਦੀ ਹਿੱਸਾ ਲੂਣ ਤੋਂ ਇਕੱਠਾ ਕੀਤਾ ਜਾਂਦਾ ਹੈ ਜੋ ਹਰ ਪੌਂਡ ਮਗਰ 5/8 ਸੈਂਟ ਹੈ। ਇਹ ਲੂਣ ਦੀ ਮੁਢਲੀ ਕੀਮਤ ਦੇ ਟਾਕਰੇ ਭਾਰੀ ਨਹੀਂ ਹੈ ਪਰੰਤੂ ਗਰੀਬਾਂ ਲਈ ਇਹੋ ਹੀ ਬਹੁਤ ਬੋਝਲ ਹੋ ਜਾਂਦਾ ਹੈ ਪਹਿਲਾਂ ਲੂਣ ਉਪਰ ਟੈਕਸ ਇਕ ਸੈਂਟ ਫੀ ਪੌਂਡ ਹੁੰਦਾ ਸੀ ਤੇ ਇਸ ਦਰ ਕਾਰਣ ਗਰੀਬਾਂ ਵਿਚ ਲੂਣ ਦੀ ਮਿਕਦਾਰ ਦੀ ਖਪਤ ਵਿਚ ਕਾਫੀ ਕਮੀ ਆ ਗਈ ਸੀ। ਭਾਰਤ ਵਿਚ ਲੋਕਾਂ ਦੀ ਗਰੀਬੀ ਅੱਤ ਦੀ ਹੱਦ ਤਕ ਦੁਖਦਾਈ ਹੈ ਕਿ ਕਰੋੜਾਂ ਲੋਕ ਹਰ ਵੇਲੇ ਹੀ ਭੁੱਖਮਰੀ ਦੀ ਦੰਦੀ ਤੇ ਖਲੋਤੇ ਰਹਿੰਦੇ ਹਨ ਤੇ ਜੇ ਸੋਚਿਆ ਜਾਵੇ ਤਾਂ ਉਨ੍ਹਾਂ ਦੀ ਦਿੱਖ ਮਾਤਰ ਹੀ ਉਨ੍ਹਾਂ ਦੀ ਹਾਲਤ ਦਾ ਭਰਵਾਂ ਪ੍ਰਮਾਣ ਹੋ ਨਿਬੜਦੀ ਹੈ।

ਜਨਵਰੀ 1914 ਦੇ ਸੰਸਾਰ (ਵਿਕਟੋਰੀਆ) ਵਿਚ ਸਚਾਈ ਪ੍ਰੇਮੀ ਬਰਤਾਨਵੀ ਸ਼ਹਿਰੀ ਸਰ ਜੋਹਨ ਰੌਬਰਟਸ ਦੀ ਤਕਰੀਰ ਵਿਚ ਉਸ ਨੇ ਆਖਿਆ ਸੀ ਕਿ ਹਿੰਦੁਸਤਾਨ ਨੇ ਸਾਨੂੰ ਕੀ-ਕੀ ਲਾਭ ਪੁਚਾਏ। ਪਹਿਲਾ ਇਹ ਕਿ ਇਸ ਨੇ ਇੱਕ ਛੋਟੇ ਜਿਹੇ ਟਾਪੂ ਇੰਗਲੈਂਡ ਨੂੰ ਵਧ ਕੇ ਸੰਸਾਰ ਦੀ ਸਭ ਤੋਂ ਵੱਡੀ ਸਲਤਨਤ ਬਣਾਇਆ ਤੇ ਇਸ ਨੂੰ ਸਿਆਣਪ, ਸ਼ਕਤੀ ਅਤੇ ਖੁਸ਼ੀ ਪ੍ਰਦਾਨ ਕੀਤੀ। ਸਾਰੀਆਂ ਰੇਜਮੈਂਟਾਂ ਹਿੰਦੁਸਤਾਨ ਵਿਚੋਂ ਹੀ ਬਣਾਈਆਂ ਗਈਆਂ। ਸਾਰੇ ਸੰਸਾਰ ਵਿਚ ਭਾਫਾਂ ਛੱਡਦੇ ਸਮੁੰਦਰੀ ਜਹਾਜ਼ ਭਾਰਤ ਵਿਚੋਂ ਲਿਆਂਦੀ ਦੌਲਤ ਨਾਲ ਤਿਆਰ ਕੀਤੇ ਗਏ। ਜੇ ਭਾਰਤ ਨਾ ਹੁੰਦਾ ਤਾਂ ਇੰਗਲੈਂਡ ਨੂੰ ਅੱਜ ਕਿਸੇ ਨਹੀਂ ਸੀ ਜਾਣਦੇ ਹੋਣਾ। ਐਡਨਬਰਾ, ਚੇਲਤਨਹੋਮ ਅਤੇ ਬਾਬ ਦੇ ਸ਼ਹਿਰ ਭਾਰਤੀ ਧਨ

ਨਾਲ ਹੀ ਉਸਾਰੇ ਗਏ ਹਨ। ਅਸੀਂ ਭਾਰਤੀ ਵਪਾਰੀਆਂ ਅਤੇ ਭਾਰਤੀ ਧਨ ਦੇ ਬਲਬੂਤੇ ਤੇ ਹੀ ਨੇਪੋਲੀਅਨ ਬੋਨਾਪਾਰਟ ਵਿਰੁੱਧ ਲੜਨ ਦੇ ਯੋਗ ਹੋ ਸਕੇ ਸਾਂ। ਸਿਰਫ ਭਾਰਤੀ ਧਨ ਦੀ ਸਹਾਇਤਾ ਨਾਲ ਹੀ ਅਸੀਂ ਉਸ ਨੂੰ ਹਰਾਉਣ ਅਤੇ ਬੰਨ੍ਹ ਕੇ ਅੰਧ ਮਹਾਂਸਾਗਰ ਦੇ ਇਕ ਟਾਪੂ ਵਿਚ ਵਾੜ ਸਕੇ ਸਾਂ। ਇੰਗਲੈਂਡ ਨੂੰ ਇਹ ਫਾਇਦੇ ਹਿੰਦੁਸਤਾਨ ਨੇ ਹੀ ਪੁਚਾਏ ਸਨ ਪਰੰਤੂ ਭਾਰਤੀ ਲੋਕਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਨਹੀਂ ਹੈ।

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਹਿੰਦੁਸਤਾਨ ਦੇ ਲੋਕ ਹੇਠ ਦਰਜ ਕੀਤੇ ਗਏ ਤਿੰਨ ਮੁਖ ਕਾਰਨਾਂ ਕਾਰਣ ਆਪਣੀ ਮਾਤਰ ਭੂਮੀ ਛੱਡ ਵਿਦੇਸ਼ ਜਾਣ ਲਈ ਤਿਆਰ ਹੋਏ ਸਨ।

1. ਉਹ ਜ਼ਮੀਨ ਦਾ ਮਾਲੀਆ ਅਤੇ ਸਰਕਾਰ ਦੇ ਹੋਰ ਸਿਧੇ ਅਤੇ ਅਸਿਧੇ ਟੈਕਸ ਅਦਾ ਕਰਨ ਦੇ ਯੋਗ ਨਹੀਂ ਸਨ।
2. ਉਹ ਬਹੁਤ ਸਾਰਾ ਧੰਨ ਕਮਾ ਕੇ ਲੋਟੂ ਸ਼ਾਹੂਕਾਰਾਂ ਦੇ ਕਰਜ਼ੇ ਉਤਾਰਨਾ ਚਾਹੁੰਦੇ ਸਨ ਜੋ ਉਨ੍ਹਾਂ ਉਪਰ ਭਾਰੀ ਬੋਝ ਬਣੇ ਹੋਏ ਸਨ।
3. ਉਹ ਆਪਣੇ ਜੀਵਨ ਦੀਆਂ ਪੱਛੜੀਆਂ ਹੋਈਆਂ ਆਰਥਕ ਹਾਲਤਾਂ ਨੂੰ ਸੁਧਾਰਨ ਦੇ ਇੱਛੁਕ ਸਨ।

ਇਹੋ ਜਿਹੀਆਂ ਮਜਬੂਰੀਆਂ ਕਾਰਣ ਉਨ੍ਹਾਂ ਨੂੰ ਆਪਣੇ ਘਰ ਬਾਰ ਛੱਡ ਵਿਦੇਸ਼ਾਂ ਵਿਚ ਜਾਣਾ ਪਿਆ ਸੀ ਨਹੀਂ ਤਾਂ ਉਨ੍ਹਾਂ ਨੂੰ ਵੀ ਬਰਤਾਨਵੀ ਫੌਜ ਵਿਚ ਹੀ ਭਰਤੀ ਹੋਣਾ ਪੈਣਾ ਸੀ। ਅੱਜ ਦੇ ਸਮੇਂ ਵਿਚ ਵੀ ਪਰਵਾਸ ਕਰਨ ਦੇ ਕੁਝ ਇਹੋ ਜਿਹੇ ਰਲਦੇ ਮਿਲਦੇ ਕਾਰਨ ਹੀ ਲਗਦੇ ਹਨ। ਭਾਵੇਂ ਜ਼ਮੀਨ ਦੀ ਪਰਿਵਾਰਕ ਵੰਡ ਸਦਕਾ ਜ਼ਮੀਨ ਘਟ ਗਈਆਂ ਹਨ ਅਤੇ ਪੈਦਾਵਾਰ ਵੀ ਘਰ ਦਾ ਗੁਜ਼ਾਰਾ ਚਲਾਉਣ ਜੋਗੀ ਨਹੀਂ ਹੁੰਦੀ ਹੈ। ਬੇਰੁਜ਼ਗਾਰੀ ਬਹੁਤ ਹੈ ਪੜ੍ਹੇ ਲਿਖੇ ਵਰਗ ਨੂੰ ਉਨ੍ਹਾਂ ਦੀ ਪੜ੍ਹਾਈ ਅਨੁਸਾਰ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਉਚੇਰੀ ਪੜ੍ਹਾਈ ਲਈ ਯੋਗ ਉਮੀਦਵਾਰਾਂ ਨੂੰ ਸੀਟਾਂ ਉਪਲਬਧ ਨਾ ਹੋਣ ਕਾਰਨ ਪਰਵਾਸ ਕਰਦੇ ਹਨ। ਪਰਵਾਸ ਦੌਰਾਨ ਕੀਤੀ ਪੜ੍ਹਾਈ ਅਨੁਸਾਰ ਉਚਿਤ ਤਨਖਾਹ ਤੇ ਰੁਜ਼ਗਾਰ ਵੀ ਉਹ ਬਾਹਰ ਹੀ ਪ੍ਰਾਪਤ ਕਰ ਉਥੋਂ ਦੇ ਹੋ ਕੇ ਰਹਿ ਜਾਂਦੇ ਹਨ। ਪਰਵਾਸ ਧਾਰਨ ਕਰਨ ਤੋਂ ਪਹਿਲਾਂ ਦੀਆਂ ਹਾਲਤਾਂ ਦਸਦਿਆਂ ਹਨ ਕਿ ਪਰਵਾਸੀ ਜੋ ਵੀ ਸੁਪਨਾ ਲੈ ਪਰਵਾਸ ਕਰਦਾ ਹੈ ਕਿ ਧਨ ਦੀ ਪ੍ਰਾਪਤੀ ਕਰ ਵਾਪਸ ਵਤਨੀ ਆ ਕੇ ਸੁਖ ਅਰਾਮ ਦੀ ਜ਼ਿੰਦਗੀ ਜੀ ਸਕੇਗਾ। ਪਰੰਤੂ ਅਜਿਹਾ ਘਟ ਹੀ ਵਾਪਰਦਾ ਹੈ ਕਿਉਂ ਜੋ ਲਾਲਚ ਦੀ ਕੋਈ ਵੀ ਸੀਮਾ ਨਹੀਂ ਹੁੰਦੀ ਹੈ। ਪਰਵਾਸ ਧਾਰਨ ਕਰਨ ਵਾਲਾ ਵਿਅਕਤੀ ਵੀ ਡੋਲਦਾ ਰਹਿੰਦਾ ਹੈ। ਬਲਜੀਤ ਮਾਲਵੇ ਵਾਲਾ ਸਥਿਤੀ ਨੂੰ ਇਸ ਤਰ੍ਹਾਂ ਬਿਆਨਦਾ ਹੈ:

**ਰੱਬਾ ਐਨਾ ਤੂੰ ਪੰਜਾਬ ਨੂੰ ਅਮੀਰ ਕਰਦੇ,**
**ਪੁੱਤ ਕਦੇ ਵੀ ਕਿਸੇ ਦਾ ਪ੍ਰਦੇਸ ਜਾਵੇ ਨਾ।**

ਪਰਵਾਸ ਕਰ ਰਹੇ ਵਿਅਕਤੀ ਦੀ ਮਾਨਸਿਕਤਾ ਨੂੰ ਯਾਰਾਂ ਬੇਲੀਆਂ ਦੀਆਂ ਯਾਦਾਂ ਅਤੇ ਸਕੇ ਸਬੰਧੀਆਂ ਦਾ ਪਿਆਰ ਹਮੇਸ਼ਾ ਹੀ ਘੇਰ ਕੇ ਰੱਖਦਾ ਹੈ। ਹਰਜੀਤ ਹਰਮਨ ਦੇ ਸ਼ਬਦਾਂ ਵਿਚ:

**ਸਾਡੇ ਦਿਲ ਤੋਂ ਪੁੱਛ ਸੱਜਣਾ, ਅਸੀਂ ਕਿਉਂ ਪ੍ਰਦੇਸੀ ਹੋਏ।**

**ਘਰ ਛੱਡਣੇ ਸੌਖੇ ਨਹੀਂ, ਘਰ ਛੱਡਣ ਵੇਲੇ ਰੋਏ।**

ਘਰ ਵਿਚ ਲਾਡਲੇ ਪੁੱਤਰ ਘਰੇਲੂ ਕੰਮਾਂ ਵਿਚ ਹੱਥ ਵਟਾਉਣ ਨੂੰ ਆਪਣੀ ਹੀਣਤਾ ਮਹਿਸੂਸ ਕਰਦੇ ਹਨ ਅਤੇ ਪਰਵਾਸ ਧਾਰਨ ਕਰ ਜਦੋਂ ਚੁੱਲ੍ਹੇ ਚੌਂਕੇ ਤੋਂ ਮਜ਼ਦੂਰੀ, ਚੌਕੀਦਾਰੀ, ਫਲ ਤੋੜਨਾ, ਡਰਾਇਵਰੀ ਅਤੇ ਸਫਾਈ ਕਰਨ ਸਮੇਂ ਆਪਣੇ ਆਪ ਨਾਲ ਸਮਝੌਤਾ ਕਰਦੇ ਜਾਪਦੇ ਹਨ। ਸ਼ੇਰੀ ਮਾਨ ਦੇ ਸ਼ਬਦ ਵਿਚ :

**ਆਟਾ ਗੁੰਨ੍ਹਦੇ ਨੂੰ ਯਾਦ ਬੜੀ ਆਉਂਦੀ,**
**ਨੀ ਬੀਬੀ ਤੇਰੀ ਆਟੇ ਦੀ ਚਿੜੀ।**

ਜਦੋਂ ਕੁਝ ਪਰਵਾਸੀ ਹੋਏ ਮੰਡੀ ਅਤੇ ਬਜ਼ਾਰ ਦੇ ਤਰ੍ਹਾਂ ਰਿਸ਼ਤੇ ਨਿਭਾਉਣ ਵਿਚ ਸੰਤੁਲਨ ਨਾ ਰੱਖ ਪਾ ਸਕਣ ਕਾਰਨ ਵਤਨਾਂ ਨੂੰ ਵਾਪਸ ਆ ਜਾਂਦੇ ਹਨ ਤਾਂ ਹਰਜੀਤ ਹਰਮਨ ਉਸ ਸਥਿਤੀ ਨੂੰ ਇਸ ਤਰ੍ਹਾਂ ਦਸਦਾ ਹੈ :

**ਮਨ ਦਾ ਪੰਛੀ ਕੈਦ, ਇਥੋਂ ਹੁਣ ਉਡਣਾ ਚਾਹਵੇ,**
**ਇਸ ਨਿਰਮੋਹੀ ਨਗਰੀ ਦਾ, ਨੀ ਮਾਏ ਹੁਣ ਮੋਹ ਨਾ ਆਵੇ।**

ਪਰੰਤੂ ਕੁਝ ਪਰਵਾਸ ਧਾਰਨ ਕਰ ਚੁਕੇ ਵਿਅਕਤੀ ਜਦੋਂ ਗਹਿਣੇ ਕੀਤੀਆਂ ਜ਼ਮੀਨਾਂ ਨੂੰ ਛਡਾਉਣ ਵਾਲੀ ਮਜਬੂਰੀ ਕਾਰਣ ਸੰਘਰਸ਼ ਕਰਦੇ ਰਹਿੰਦੇ ਹਨ ਅਤੇ ਵਤਨੀਂ ਆ ਜਾਣ ਦੇ ਸਬੰਧ ਵਿਚ ਫੈਸਲੇ ਨਹੀਂ ਲੈ ਸਕਦੇ ਤਾਂ ਆਪਣੇ ਆਪ ਨੂੰ ਮਾੜੇ ਨਸੀਬਾਂ ਵਾਲੇ ਆਖਣ ਲਈ ਵੀ ਮਜਬੂਰ ਹੁੰਦੇ ਹਨ। ਜਦੋਂ ਉਹ ਸਾਰਾ ਕੁਝ ਖੋ ਬੈਠਦੇ ਹਨ ਤਾਂ ਉਹ ਆਪਣੇ ਸਾਥੀਆਂ ਨੂੰ, ਜੋ ਦੇਸ਼ ਵਿਚ ਹੁੰਦੇ ਹਨ ਤਾਂ ਉਹ ਉਨ੍ਹਾਂ ਦੇ ਦਿਲਾਂ ਅੰਦਰ ਵਾਲਾ ਪੰਜਾਬੀ ਸਭਿਆਚਾਰ ਨੂੰ ਜੀਵਨ ਦਾ ਅੰਗ ਸਵੀਕਾਰਨ ਲਈ ਪ੍ਰੇਰਤ ਕਰਦੇ ਹੋਏ ਅਮਰਿੰਦਰ ਗਿੱਲ ਦੇ ਸ਼ਬਦਾਂ ਨੂੰ ਆਪਣੇ ਚੇਤਿਆਂ ਦੇ ਅੰਦਰੋਂ ਕੂਕਦੇ ਹਨ ਕਿ :

**ਪਰਦੇਸੀ ਵਸਣ ਵਾਲਿਓ ਵੇ,**
**ਕਦੇ ਵਤਨੀਂ ਫੇਰ ਪਾ ਲਿਆ ਵੇ।**
**ਹੋਰ ਕਿਤੇ ਕੁਝ ਚੇਤੇ ਭਾਵੇਂ ਨਾ ਰੱਖਣਾ,**
**ਇੱਕ ਮਿੱਟੀ ਆਪਣੀ ਭੁੱਲਿਓ ਨਾ**
**ਇੱਕ ਚੇਤੇ ਆਪਣੀ ਮਾਂ ਰੱਖਣਾ।**

ਇਹ ਹਾਲਤ ਅੱਜ ਵੀ ਹੈ ਹੁਣ ਵੀ ਪਰਵਾਸ ਕੀਤਾ ਜਾ ਰਿਹਾ ਹੈ। ਕਾਰਣ ਕੁਝ ਥੋੜ੍ਹੇ ਬਹੁਤੇ ਤਬਦੀਲ ਹੋ ਚੁਕੇ ਹਨ। ਸਮੇਂ ਸਮੇਂ ਸਰਕਾਰਾਂ ਵਲੋਂ ਪਰਵਾਸ ਦੇ ਨਿਯਮਾਂ ਵਿਚ ਤਬਦੀਲੀ ਵੀ ਕੀਤੀਆਂ ਹਨ। ਪਾਸਪੋਰਟ ਬਣਾਉਣ ਦੇ ਢੰਗ ਵੀ ਕਰਨ ਦੇ ਯਤਨ ਵੀ ਕੀਤੇ ਹਨ। ਪਰ ਪਰਵਾਸ ਰੁਕਣ ਦੀ ਬਜਾਏ ਵੱਧ ਰਿਹਾ ਹੈ। ਭਾਰਤ ਵਿਚੋਂ ਪਰਵਾਸ ਲਈ ਜਾਇਜ਼ ਨਜਾਇਜ਼ ਤਰੀਕੇ ਵੀ ਅਪਣਾਏ ਜਾਣ ਦਾ ਰੁਝਾਣ ਚਲ ਰਿਹਾ ਹੈ। ਇਸ ਦੇ ਕਾਰਣਾਂ ਨੂੰ ਨਿੱਠ ਬੈਠ ਕੇ ਵਿਚਾਰਣ ਦੀ ਲੋੜ ਹੈ। ਆਪਣੀ ਜਨਮਭੂਮੀ ਤੋਂ ਕੌਣ ਬਾਗੀ ਹੋਣਾ ਚਾਹੁੰਦਾ ਹੈ। ਕੋਈ ਨਹੀਂ ਲੋਚਦਾ ਕਿ ਰੋਜ਼ੀ ਰੋਟੀ ਦੇ ਜੁਗਾੜ ਵਿਚ ਜਾਂ ਪਾਪੀ ਪੇਟ ਦੀ ਅੱਗ ਨੂੰ ਮੱਠਾ ਕਰਨ ਲਈ ਆਪਣੇ ਹੀ ਪਰਿਵਾਰ ਦੇ ਜੀਆਂ ਦੇ ਹੇਰਵੇ ਵਿਚ ਪਲ ਪਲ ਮਰਿਆ ਜਾਵੇ। ਜੇਕਰ ਆਪਣੇ ਦੇਸ਼ ਅੰਦਰ ਇੱਕਸਾਰ ਰੁਜ਼ਗਾਰ ਦੇ ਮੌਕੇ ਉਪਲਭਦ ਹੋਣ ਅਤੇ ਵਿਦਿਆ ਪ੍ਰਾਪਤੀ ਤੋਂ ਬਾਅਦ ਮਿਲਦੇ ਹੋਣ ਤਾਂ ਕਿਸੇ ਦਾ ਮਨ ਨਹੀਂ ਕਰਦਾ

ਕਿ ਉਹ ਕੇਵਲ ਡਾਲਰਾਂ, ਪੌਂਡਾਂ ਨੂੰ ਦੇਖਣ ਦੀ ਤਾਂਘ ਵਿਚ ਪ੍ਰਦੇਸੀ ਹੋਵੇ। ਇਹ ਕੰਮ ਤਾਂ ਮਜਬੂਰੀ ਵੱਸ ਹੀ ਕੀਤਾ ਜਾਂਦਾ ਹੈ ਜਦੋਂ ਗਧਾ ਅਤੇ ਘੋੜਾ ਇੱਕੋ ਰਸੇ ਨੂੜੇ ਹੋਣ ਅਤੇ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੋਵੇ, ਰਿਸ਼ਵਤਖੋਰੀ ਸਾਰੇ ਹਦਾਂ ਬੰਨੇ ਟੱਪ ਖਲੋਵੇ ਤੇ ਉਸ ਦੀ ਲਗਾਮ ਫੜਨ ਵਾਲੇ ਵੀ ਉਸ ਦੇ ਹੱਥ ਮਿਲਾ ਵਿਕਾਸ ਵਿਕਾਸ ਕਰਦੇ ਨਜ਼ਰੀ ਪੈਣ। ਜਦੋਂ ਯੋਗਤਾ ਨੂੰ ਨਜ਼ਰ ਅੰਦਾਜ਼ ਕਰ ਕਿਸੇ ਵੱਡੇ ਜੈਕ ਜਾਂ ਚੈਕ ਦਾ ਪ੍ਰਬੰਧ ਨੌਕਰੀ ਲੈਣ ਲਈ ਕਰਨਾ ਪਵੇ। ਇਸ ਤੋਂ ਉਪਰ ਨੌਕਰੀ ਲੈਣ ਲਈ ਪੁਲਿਸ ਦੀਆਂ ਡਾਂਗਾਂ ਖਾਣੀਆਂ ਪੈਣ ਅਤੇ ਜਦੋਂ ਸਿਰੋਂ ਪਾਣੀ ਲੰਘ ਜਾਵੇ ਤਾਂ ਲਿਆਕਤ ਵਾਲੇ ਲੋਕਾਂ ਦਾ ਵਿਕਸਤ ਦੇਸ਼ਾਂ ਵਲ ਜਾਣ ਨੂੰ ਮਨ ਕਰ ਪੈਣਾ ਉਹਨਾਂ ਨੂੰ ਆਪਣੀ ਲਿਆਕਤ ਨੂੰ ਸਹੀ ਸੇਧ ਦੇ ਤਰੱਕੀ ਵਲ ਕਦਮ ਪੁੱਟਣ ਲਈ ਮਜਬੂਰ ਹੋਣਾ ਪੈਂਦਾ ਹੈ। ਵਿਦੇਸ਼ਾਂ ਵਿਚ ਵਾਸਾ ਕਰ ਜਦੋਂ ਰਿਸ਼ਵਤ ਖੋਰੀ ਤੋਂ ਬਿਨਾਂ, ਯੋਗਤਾ ਅਧਾਰਿਤ ਨੌਕਰੀ ਦਾ ਪ੍ਰਬੰਧ, ਹਰ ਵਿਭਾਗ ਵਿਚ ਇਮਾਨਦਾਰੀ, ਬਿਨਾਂ ਕਿਸੇ ਸਿਫਾਰਸ਼ ਦੇ ਕੰਮ ਕੇਵਲ ਵਾਰੀ ਆਈ ਤੇ ਹੋ ਜਾਣਾ ਕੁਝ ਅਜਿਹੀਆਂ ਹਾਲਤਾਂ ਹਨ ਜਿਸ ਕਾਰਨਵਸ ਉਸ ਦਾ ਮਨ ਉਥੋਂ ਦਾ ਹੋ ਰਹਿ ਜਾਣ ਨੂੰ ਕਰਦਾ ਹੈ ਅਤੇ ਉਹ ਹੋਰ ਰਿਸ਼ਤੇਦਾਰਾਂ ਮਿੱਤਰਾਂ ਨੂੰ ਅਸਲੀਅਤ ਤੋਂ ਵਾਕਫ ਕਰਵਾ ਉਨ੍ਹਾਂ ਨੂੰ ਉਥੇ ਸਦ ਲੈਣ ਦਾ ਕਾਰਨ ਬਣਦਾ ਹੈ। ਉਸ ਦੇ ਅਚੇਤ ਮਨ ਵਿਚ ਇਸ ਗੱਲ ਦਾ ਖਿਆਲ ਵੀ ਆ ਹੀ ਜਾਂਦਾ ਹੈ ਕਿ ਕੀ ਕਦੇ ਸਾਡੇ ਆਪਣੇ ਦੇਸ਼ ਭਾਰਤ ਵਿਚ ਅਜਿਹਾ ਪ੍ਰਬੰਧ ਸੰਭਵ ਹੋ ਸਕੇਗਾ।

# ਵਾਤਾਵਰਨ ਸਬੰਧੀ ਜਾਗਰੂਕ ਸਿੱਖ ਧਰਮ

ਵਾਤਾਵਰਨ ਨੂੰ ਦਿਨ-ਬ-ਦਿਨ ਗੰਧਲਾ ਕਰਨ ਵਿਚ ਮਨੁਖ ਜਾਤੀ ਵਿਕਾਸ ਦੇ ਨਾਂ ਹੇਠ ਕੋਈ ਕਸਰ ਨਹੀਂ ਛੱਡ ਰਹੀ ਹੈ। 'ਅਸੀਂ ਵਿਕਾਸ ਕਰ ਰਹੇ ਹਾਂ' ਦਾ ਨਾਹਰਾ ਲਗਾ ਕੇ ਰੁੱਖਾਂ ਦੀ ਕਟਾਈ ਕਰ ਕੇ ਆਪਣੇ ਨਿਵਾਸ ਲਈ ਪਥਰਾਂ ਦੇ ਜੰਗਲ ਉਸਾਰ ਰਹੇ ਹਾਂ ਅਤੇ ਕੁਦਰਤ ਦੀ ਬਖਸ਼ੀ ਹੋਈ ਨਿਆਮਤ ਨੂੰ ਨਾਸ ਕਰ ਰਹੇ ਹਾਂ। ਵਿਕਾਸ ਦੀ ਅੰਧੇਰੀ ਝੁਲਾ ਕੇ ਆਦਮੀ ਵਾਤਵਰਣ ਪ੍ਰਦੂਸ਼ਨ ਪ੍ਰਤੀ ਬੇਧਿਆਨੇ ਹੋ ਚੁੱਕਾ ਹੈ। ਇਸ ਪੱਖ ਤੋਂ ਅਵੇਸਲਾ ਹੋ ਵਿਕਾਸ ਦੀ ਅੰਨ੍ਹੀ ਦੌੜ ਵਿਚ ਅੱਗੇ ਤੇ ਹੋਰ ਅੱਗੇ ਜਾਣਾ ਲੋਚਦਾ ਹੈ। ਜਿਸ ਦੇ ਭਿਆਨਕ ਵਜੋਂ ਜੀਵ ਵਿਭਿੰਨਤਾ ਅਲੋਪ ਹੋ ਰਹੀ ਹੈ ਅਤੇ ਉਸ ਦੇ ਸਾਨੂੰ ਬਹੁਤ ਹੀ ਨੁਕਸਾਨ ਉਠਾਣੇ ਪੈ ਰਹੇ ਹਨ। ਅਸੀਂ ਆਪਣੇ ਪਾਣੀ ਦੇ ਸੋਮਿਆਂ ਵਿਚ ਕਾਰਖਾਨਿਆਂ ਵਿਚੋਂ ਨਿਕਲਣ ਵਾਲਾ ਗੰਧਲਾ ਪਾਣੀ ਮਿਲਾ ਕੇ ਪਾਣੀ ਨੂੰ ਗੰਧਲਾ ਕਰ ਰਹੇ ਹਾਂ ਅਤੇ ਸਾਨੂੰ ਸਾਫ਼ ਪਾਣੀ ਪੀਣ ਲਈ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੀਣ ਲਈ ਪਾਣੀ ਨੂੰ ਬਜ਼ਾਰ ਵਿਚੋਂ ਖਰੀਦ ਕਰ ਰਹੇ ਹਾਂ। ਸ਼ੋਰ ਪ੍ਰਦੂਸ਼ਨ ਵੀ ਮਨੁੱਖ ਦੀ ਜ਼ਿੰਦਗੀ ਨੂੰ ਆਪਣਾ ਅਸਰ ਵਿਖਾ ਰਿਹਾ ਹੈ।

ਗੁਰਬਾਣੀ ਵਿਚ ਦਰਜ ਹੈ :

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**

ਜਦੋਂ ਅਸੀਂ ਇਤਿਹਾਸ ਦੇ ਪੰਨੇ ਫਰੋਲਦੇ ਹਾਂ ਤਾਂ ਗਿਆਨ ਹੁੰਦਾ ਹੈ ਕਿ ਮਨੁੱਖੀ ਵਸੋਂ ਲਈ ਪਾਣੀ ਦੀ ਲੋੜ ਮਹਿਸੂਸ ਕੀਤੀ ਗਈ। ਮਨੁੱਖ ਦੀ ਮੁੱਢਲੀ ਲੋੜ ਹੋਣ ਕਰਨ ਹੀ ਸ਼ੁਰੂ ਵਿਚ ਵਸੋਂ ਦਰਿਆਵਾਂ ਨਦਿਆਂ ਅਤੇ ਸਮੁੰਦਰਾਂ ਦੇ ਕਿਨਾਰਿਆਂ 'ਤੇ ਹੀ ਹੋਈ ਸੀ। ਹੁਣ ਵੀ ਇਸ ਦੀ ਉਤਨੀ ਹੀ ਲੋੜ ਸਮਝੀ ਜਾਂਦੀ ਹੈ ਤਾਂ ਹੀ ਤਾਂ ਮੰਗਲ ਗ੍ਰਹਿ ਉਪਰ ਵਾਸਾ ਕਰਨ ਲਈ ਯਤਨਸ਼ੀਲ ਮਨੁੱਖ ਉਥੇ ਪਾਣੀ ਦੀਆਂ ਸੰਭਾਵਨਾਵਾਂ ਖੋਜਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸਿੱਖ ਧਰਮ ਵਾਤਾਵਰਨ ਸਬੰਧੀ ਪੂਰੀ ਤਰਾਂ ਜਾਗਰੂਕ ਹੈ ਇਸ ਲਈ 14 ਮਾਰਚ ਨੂੰ ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਏ ਜੀ ਦੇ ਵਿਸ਼ੇਸ਼ ਯੋਗਦਾਨ ਨੂੰ ਸਮਰਪਤ ਇਹ ਦਿਨ ਮਨਾਇਆ ਜਾਂਦਾ ਹੈ। ਸੱਤਵੇਂ ਪਾਤਸ਼ਾਹ ਜੀ ਦੀ ਦੇਖ-ਰੇਖ ਹੇਠ ਕੁਦਰਤ ਦੀ ਬਖਸ਼ੀ ਨਿਆਮਤ ਜੜ੍ਹੀ ਬੂਟੀਆਂ ਦੀ ਸਹਾਇਤਾ ਨਾਲ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੇ ਇਸ ਖਜ਼ਾਨੇ ਦੇ ਅੰਦਰ ਬਹੁਤ ਸਾਰੀਆਂ ਦਵਾਈਆਂ ਉਪਲਬਧ ਸਨ ਜੋ ਆਪਣੀ ਮਹਿਕ ਸਦਕਾ ਜਗਤ ਪ੍ਰਸਿਧ ਸਨ। ਈਸ਼ਵਰ ਕਿਤਨਾ ਮੇਹਰਬਾਨ ਹੈ ਉਸ ਨੇ ਸਾਰੇ ਜੀਵ ਜੰਤੂਆਂ ਨੂੰ ਬਿਨਾਂ ਕੋਈ ਇਵਜ਼ਾਨਾ ਲੈ ਕੇ ਸਾਫ਼ ਹਵਾ, ਸਾਫ਼ ਪਾਣੀ, ਨਿਘੀ

ਧੁੱਪ ਅਤੇ ਭੂਮੀ ਦੀ ਬਖਸ਼ਿਸ਼ ਕੀਤੀ ਹੋਈ ਹੈ ਇਨ੍ਹਾਂ ਵਸਤਾਂ ਤੋਂ ਬਿਨਾ ਜੀਵਨ ਦੇ ਵਿਸਥਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਦੇ ਅੰਦਰ ਧਰਤੀ ਨੂੰ ਮਾਂ ਦਾ ਖਿਤਾਬ ਅਤੇ ਪਾਣੀ ਨੂੰ ਪਿਤਾ ਸਮਾਨ ਲਿਖਿਆ ਗਿਆ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ ਅੱਠ ਤੇ ਸੁਭਾਏਮਾਨ ਹੈ :

**ਸਲੋਕੁ ॥**
**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

ਹਵਾ ਸਾਡੇ ਸਰੀਰ ਲਈ ਇਸ ਪ੍ਰਕਾਰ ਹੈ ਜਿਵੇਂ ਗੁਰੂ, ਇਹ ਪ੍ਰਭੂ ਪਰਮਾਤਮਾ ਆਪ ਹੀ ਹੈ ਅਤੇ ਪਾਣੀ ਜੋ ਸਾਰੇ ਜੀਵਾਂ ਦੇ ਪਿਤਾ ਦੇ ਸਮਾਨ ਹੈ ਅਤੇ ਧਰਤੀ ਮਾਤਾ ਵਾਂਗਰਾਂ ਹੈ। ਮਾਤਾ ਜਿਸ ਤਰਾਂ ਬੱਚੇ ਨੂੰ ਗਰਭ ਅੰਦਰ ਰਖਦੀ ਹੈ ਅਤੇ ਜਨਮ ਦਿੰਦੀ ਹੈ ਉਸੇ ਤਰ੍ਹਾਂ ਧਰਤੀ ਬੀਜਾਂ ਨੂੰ ਪੇਟ ਵਿਚ ਰਖਦੀ ਹੈ ਅਤੇ ਪੌਦੇ ਉਗਦੇ ਹਨ। ਸੋ ਦਿਨ ਅਤੇ ਰਾਤ ਖਿਡਾਵਾ ਅਤੇ ਖਿਡਾਵੀ ਹਨ, ਪਰਮਾਤਮਾ ਆਪ ਹੀ ਇਹ ਸਾਰਾ ਵਰਤਾਰਾ ਕਰ ਰਿਹਾ ਹੈ।

ਗੁਰਬਾਣੀ ਵਿਚ ਦਰਜ ਹੈ :

**ਪਉਣੁ ਗੁਰੂ ਪਾਣੀ ਪਿਤ ਜਾਤਾ ॥**
**ਉਦਰ ਸੰਜੋਗੀ ਧਰਤੀ ਮਾਤਾ ॥**
**ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ॥**

*(ਅੰਗ ੧੦੨੦)*

ਅਤੇ

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥** *(ਅੰਗ ੪੭੨)*

ਸਾਨੂੰ ਧਿਆਨ ਰਖਣ ਦੀ ਲੋੜ ਹੈ ਕਿ ਇਸ ਬਹੁਮੁਲੇ ਤੋਹਫ਼ੇ ਨੂੰ ਪ੍ਰਦੂਸ਼ਿਤ ਨਾ ਕਰੀਏ ਅਤੇ ਨਾ ਹੀ ਇਸ ਦੀ ਅੰਜਾਈਂ ਵਰਤੋਂ ਕੀਤੀ ਜਾਵੇ। ਪਾਣੀ ਦੀ ਵਰਤੋਂ ਵਿਚ ਥੋੜ੍ਹੀਆਂ ਸਾਵਧਾਨੀਆਂ ਵਰਤ ਅਸੀਂ ਬਹੁਤ ਸਾਰੇ ਪਾਣੀ ਨੂੰ ਅੰਜਾਈਂ ਜਾਣ ਤੋਂ ਰੋਕ ਸਕਦੇ ਹਾਂ। ਜਦੋਂ ਹੱਥ ਧੋ ਰਹੇ ਹਾਂ ਅਤੇ ਸਾਬਣ ਲਾ ਰਹੇ ਹਾਂ ਜੇ ਉਸ ਸਮੇਂ ਟੂਟੀ ਨੂੰ ਬੰਦ ਕਰ ਲਿਆ ਜਾਵੇ ਤਾਂ ਪਾਣੀ ਦੀ ਬਚਤ ਹੋ ਸਕਦੀ ਹੈ ਇਸੇ ਤਰਾਂ ਹੀ ਦੰਦਾਂ ਨੂੰ ਬੁਰਸ਼ ਕਰਦੇ ਸਮੇਂ ਪਾਣੀ ਦੀ ਬਚਤ ਕੀਤੀ ਜਾ ਸਕਦੀ ਹੈ। ਪਾਣੀ ਦੀ ਬਚਤ ਕਰਨ ਲਈ ਵਾਸ਼ਿੰਗ ਮਸ਼ੀਨ ਦਾ ਲੋਡ ਪੂਰਾ ਹੋਣ ਤੇ ਹੀ ਕਪੜੇ ਧੋਣੇ, ਹਰ ਤਰ੍ਹਾਂ ਦੇ ਪਾਣੀ ਦੇ ਰਿਸਾਵ ਨੂੰ ਰੋਕਣਾ, ਵੇਹੜੇ ਜਾਂ ਬਾਹਰ ਲਗੇ ਪੌਦਿਆਂ ਨੂੰ ਸਵੇਰੇ ਜਾਂ ਸ਼ਾਮ ਨੂੰ ਪਾਣੀ ਦੇਣਾ, ਵਾਧੂ ਚਲ ਰਹੀ ਟੂਟੀ ਨੂੰ ਬੰਦ ਕਰ ਦੇਣਾ ਆਦਿ ਕੀਤਾ ਜਾਵੇ ਤਾਂ ਵਾਧੂ ਵਗ ਰਹੇ ਪਾਣੀ ਨੂੰ ਰੋਕ ਕੀਮਤੀ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਪਾਣੀ ਦੇ ਹੋ ਰਹੇ ਪ੍ਰਦੂਸ਼ਨ ਨੂੰ ਰੋਕਣ ਲਈ ਜੇਕਰ ਸਾਵਧਾਨੀ ਵਰਤੀ ਜਾਵੇ ਜਿਵੇਂ ਜਲ ਸਰੋਤਾਂ ਵਿਚ ਰਸਾਇਣ ਯੁਕਤ ਪਾਣੀ ਨਾ ਪਾਉਣਾ, ਨਦੀਆਂ ਅਤੇ ਹੋਰ ਜਲ ਦੇ ਸਰੋਤਾਂ ਵਿਚ ਕੂੜਾ ਕਰਕਟ ਨਾ ਪਾਉਣਾ ਆਦਿ ਕਰ ਪ੍ਰਦੂਸ਼ਨ ਨੂੰ ਘਟਾਇਆ ਜਾ ਸਕਦਾ ਹੈ। ਅਜਿਹਾ ਨਾ ਹੋਵੇ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਇਸ ਕੁਦਰਤੀ ਸੋਮੇ ਤੋਂ ਵਿਰਵੀਆਂ ਰਹਿ ਜਾਣ।

**ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥**

**ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥** *(ਅੰਗ ੧੪੨੦)*

ਪਾਣੀ ਭਾਵੇਂ ਖੂਬ ਵਰਸਦਾ ਹੈ ਪਰ ਸਵਾਂਤੀ ਬੂੰਦ ਸਹਿਜੇ ਨਹੀਂ ਮਿਲਦੀ ਹੈ, ਸਾਰੀ ਬਨਾਸਪਤੀ ਜਲ ਤੋਂ ਹੀ ਉਪਜਦੀ ਹੈ ਅਤੇ ਪਿਆਸ ਬੁਝਾਣ ਲਈ ਕੁਦਰਤੀ ਜਲ ਸੋਮੇ ਮਨੁੱਖਤਾ ਲਈ ਹੀ ਹਨ। ਇਨ੍ਹਾਂ ਦਾ ਵਪਾਰੀ ਕਰਨ ਵੀ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ।

ਸਫਾਈ ਰਖਣੀ ਅਤੀ ਜ਼ਰੂਰੀ ਹੈ ਅਤੇ ਜੇਕਰ ਸਫਾਈ ਨਾ ਰੱਖੀ ਜਾਵੇ ਤਾਂ ਅਸੀਂ ਕਈ ਬੀਮਾਰੀਆਂ ਨੂੰ ਸੱਦਾ ਪੱਤਰ ਭੇਜਦੇ ਹਾਂ। ਸਫਾਈ ਨਾ ਰੱਖ ਕੇ ਅਸੀਂ ਗੰਦਗੀ ਦਾ ਫੈਲਾਅ ਕਰਦੇ ਹਾਂ ਅਤੇ ਵਾਤਾਵਰਨ ਨੂੰ ਗੰਧਲਾ ਕਰਦੇ ਹਾਂ। ਜਿਵੇਂ ਕਿ ਉਪਰ ਦੱਸ ਆਏ ਹਾਂ ਕਿ ਸਾਨੂੰ ਉਸ ਅਪਰੰਪਾਰ ਵਲੋਂ ਬਿਨਾਂ ਕੋਈ ਕੀਮਤ ਲੈ ਸਾਫ਼ ਅਤੇ ਸਵੱਛ ਵਾਤਾਵਰਨ ਬਖਸ਼ਿਆ ਹੈ। ਅਸੀਂ ਉਸ ਵਿਚ ਮਿਲਾਵਟ ਕਰ ਕੇ ਉਸ ਨੂੰ ਦੂਸ਼ਿਤ ਕਰ ਰਹੇ ਹਾਂ। ਸਾਗਰਾਂ ਦੇ ਪਾਵਨ ਪਵਿਤਰ ਜਲ ਦੇ ਸੋਮਿਆਂ ਨੂੰ ਕਾਰਖਾਨਿਆਂ ਵਿਚੋਂ ਨਿਕਲੇ ਰਸਾਇਣ ਯੁਕਤ ਪਾਣੀਆਂ ਨਾਲ ਪ੍ਰਦੂਸ਼ਿਤ ਕਰ ਰਹੇ ਹਾਂ, ਸ਼ਹਿਰਾਂ ਵਿਚੋਂ ਨਿਕਲਣ ਵਾਲਾ ਗੰਦਾ ਪਾਣੀ ਅਸੀਂ ਨੇੜੇ ਦੀ ਨਹਿਰ ਵਿਚ ਪਾ ਕੇ ਅਸੀਂ ਪੀਣ ਯੋਗ ਪਾਣੀ ਨੂੰ ਗੰਧਲਾ ਕਰ ਰਹੇ ਹਾਂ ਅਜੇਹਾ ਕਰ ਕੇ ਅਸੀਂ ਆਪਣਾ ਨੁਕਸਾਨ ਤਾਂ ਕਰ ਹੀ ਰਹੇ ਹਾਂ, ਨਾਲ ਹੀ ਆਪਣੀ ਔਲਾਦ ਲਈ ਵੀ ਕੰਡੇ ਬੀਜ ਰਹੇ ਹਾਂ ਅਤੇ ਉਮੀਦ ਰਖਦੇ ਹਾਂ ਕਿ ਔਲਾਦ ਸੁਖੀ ਰਹੇਗੀ। ਬਾਬਾ ਫਰੀਦ ਜੀ ਨੇ ਲਿਖਿਆ ਹੈ ਕਿ:

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥** *(ਅੰਗ ੧੩੭੯)*

ਜੇਕਰ ਸਾਡਾ ਇਹ ਕੰਮ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਨੂੰ ਮੁਆਫ ਨਹੀਂ ਕਰਨਗੀਆਂ ਕਿਉਂ ਜੋ ਅਸੀਂ ਉਨ੍ਹਾਂ ਲਈ ਸਾਫ਼ ਪੀਣ ਯੋਗ ਪਾਣੀ ਦਾ ਖਾਤਮਾ ਕਰ ਚੁਕੇ ਹੋਵਾਂਗੇ।

ਹਵਾ ਨੂੰ ਵੀ ਅਸੀਂ ਨਹੀਂ ਬਖਸ਼ਿਆ, ਉਸ ਨੂੰ ਵੀ ਪ੍ਰਦੂਸ਼ਿਤ ਕਰਨ ਵਿਚ ਖੇਤਾਂ ਦੀ ਪਰਾਲੀ ਨੂੰ ਅੱਗ ਲਗਾ ਕਿ ਹਵਾ ਵਿਚ ਕਾਲਾ ਧੂਆਂ ਮਿਲਾ ਕਿ ਇਸ ਨੂੰ ਗੰਧਲਾ ਕਰ ਰਹੇ ਹਾਂ, ਕਾਲੇ ਧੂਏਂ ਵਿਚ ਬਹੁਤ ਸਾਰੀਆਂ ਗੈਸਾਂ ਮਿਲੀਆਂ ਹੋਈਆਂ ਹੁੰਦੀਆਂ ਹਨ ਜੋ ਕਿ ਸਿਹਤ ਲਈ ਹਾਨੀਕਾਰਕ ਹਨ। ਪਰਾਲੀ ਨੂੰ ਸਾਂਭਣ ਲਈ ਹੋਰ ਬਹੁਤ ਸਾਰੇ ਢੰਗ ਹਨ ਪਰੰਤੂ ਅਸੀਂ ਜਿਹੜਾ ਤਰੀਕਾ ਆਪਣਾ ਲਿਆ ਹੈ ਉਹ ਬਹੁਤ ਹੀ ਹਾਨੀਕਾਰਕ ਹੈ। ਇਸ ਤਰ੍ਹਾਂ ਨਾਲ ਕੇਵਲ ਅਸੀਂ ਹਵਾ ਨੂੰ ਹੀ ਪ੍ਰਦੂਸ਼ਿਤ ਨਹੀਂ ਕਰ ਰਹੇ ਸਗੋਂ ਭੂਮੀ ਵਿਚੋਂ ਬਹੁਤ ਸਾਰੇ ਉਪਜਾਊ ਤੱਤ ਨਸ਼ਟ ਕਰ ਰਹੇ ਹਾਂ ਅਤੇ ਮਿੱਤਰ ਕੀੜਿਆਂ ਨੂੰ ਖ਼ਤਮ ਕਰ ਰਹੇ ਹਾਂ। ਹਵਾ ਵਿਚ ਵਧ ਰਹੇ ਪ੍ਰਦੂਸ਼ਣ ਕਾਰਣ ਅਸੀ੍ ਦਮੇ, ਸਾਹ, ਨਜ਼ਲੇ ਅਤੇ ਖਾਂਸੀ ਦੇ ਮਰੀਜ਼ ਪੈਦਾ ਕਰ ਰਹੇ ਹਾਂ। ਇਹ ਬੀਮਾਰੀਆਂ ਖ਼ਤਰਨਾਕ ਹਨ ਅਤੇ ਜਾਨ ਲੇਵਾ ਵੀ ਸਾਬਤ ਹੋ ਸਕਦੀਆਂ ਹਨ।

ਸਾਫ਼ ਵਾਤਾਵਰਨ ਤੋਂ ਬਿਨਾਂ ਜੀਵਨ ਦੀ ਕਲਪਨਾ ਅਸੰਭਵ ਹੈ। ਵਾਤਾਵਰਨ ਨੂੰ ਸਾਫ਼ ਰੱਖਣਾ ਮਨੁੱਖ ਦੇ ਸਹਿਯੋਗ ਤੋਂ ਬਿਨਾਂ ਸੰਭਵ ਹੀ ਨਹੀਂ ਹੈ। ਪਰੰਤੂ ਮਾਨਸ ਇਸ ਤੋਂ ਬੇਖ਼ਬਰ ਹੋ ਵਾਤਾਵਰਨ ਨੂੰ ਦੂਸ਼ਿਤ ਕਰਨ ਵਿਚ ਭਰਪੂਰ ਯੋਗਦਾਨ ਪਾ ਰਿਹਾ ਹੈ। ਕੁਦਰਤ

ਨੂੰ ਪਿਆਰ ਕਰ ਕੇ ਅਸੀਂ ਕੁਦਰਤ ਦਾ ਅਨੰਦ ਅਨੁਭਵ ਕਰ ਸਕਦੇ ਹਾਂ। ਵਾਤਵਰਣ ਨੂੰ ਸਾਫ਼ ਰਖਨ ਲਈ ਬਹੁਤ ਸਾਰੀਆਂ ਸੰਸਥਾਵਾਂ ਹੋਕਾ ਦੇ ਰਹੀਆਂ ਹਨ। ਇਸ ਦੇ ਉਲਟ ਲੋਕ ਪੈਸੇ ਨੂੰ ਪਿਆਰ ਕਰ ਰਹੇ ਹਨ ਅਤੇ ਕੇਵਲ ਤੇ ਕੇਵਲ ਪੈਸੇ ਨੂੰ ਮੁੱਖ ਮੰਨ ਕੇ ਵਾਤਾਵਰਣ ਵਾਲੇ ਪਾਸੇ ਤੋਂ ਮੁੱਖ ਮੋੜ ਕੇ ਬੇਧਿਆਨ ਹੀ ਵਾਤਾਵਰਨ ਨੂੰ ਦੂਸ਼ਿਤ ਕਰ ਰਹੇ ਹਨ। ਇਸ ਲਈ ਲੋੜ ਹੈ ਕਿ ਵਾਤਾਵਰਨ ਦੇ ਨਾਲ ਮਿੱਤਰਤਾ ਵਾਲਾ ਰਿਸ਼ਤਾ ਕਾਇਮ ਕੀਤਾ ਜਾਵੇ। ਇਸ ਲਈ ਮਨੁੱਖ ਸੁਖ ਦਾ ਸਾਹ ਲੈ ਸਕਦਾ ਹੈ ਜੇਕਰ ਵਾਤਾਵਰਣ ਸੁਖਾਵਾਂ ਹੋਵੇਗਾ। ਰੁੱਖ ਵਾਤਾਵਰਣ ਨੂੰ ਸਾਫ਼ ਰਖਣ ਵਿਚ ਪੂਰਾ ਯੋਗਦਾਨ ਪਾਉਂਦੇ ਹਨ, ਇਸ ਲਈ ਸਾਨੂੰ ਹੋਰ ਰੁੱਖ ਲਗਾਉਣੇ ਜ਼ਰੂਰੀ ਹਨ। ਸੋ ਜੇਕਰ ਇਹ ਨਾਹਰਾ ਮੁਖ ਰਖੋ ਕਿ 'ਹਰ ਮਨੁੱਖ ਲਾਵੇ ਇਕ ਰੁਖ'। ਰੁਖ ਸਾਰੀ ਲੋਕਾਈ ਦੇ ਭਲੇ ਦਾ ਕੰਮ ਕਰਦੇ ਹਨ ਅਤੇ ਮਨੁੱਖ ਦੇ ਸੱਚੇ ਮਿੱਤਰ ਹਨ। ਰੁੱਖ ਕੁਦਰਤ ਵਲੋਂ ਬਖਸ਼ੇ ਹੋਏ ਕਾਰਖਾਨੇ ਹਨ ਜੋ ਸਾਡੀ ਹਵਾ ਨੂੰ ਸਾਫ਼ ਰਖਣ ਵਿਚ ਸਹਾਈ ਹਨ।

**ਪਉੜੀ ॥**
**ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ ॥**
**ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ ॥**
**ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ ॥**
**ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ ॥**
**ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ**
**ਜਿਸ ਨੋ ਤਿਲੁ ਨ ਤਮਾਏ ॥੧੫॥** *(ਅੰਗ ੫੫੪)*

ਇਸ ਪਦੇ ਵਿਚ ਤੀਸਰੇ ਪਾਤਸ਼ਾਹ ਦੱਸ ਰਹੇ ਹਨ ਕਿ ਪ੍ਰਭੂ ਆਪ ਹੀ ਬਨਸਪਤੀ ਦੇ ਅਠਾਰਾਂ ਭਾਰ ਹੈ, ਭਾਵ ਸਾਰੀ ਸ੍ਰਿਸ਼ਟੀ ਦੀ ਬਨਸਪਤੀ ਆਪ ਹੀ ਹੈ, ਆਪ ਹੀ ਉਸ ਨੂੰ ਫਲ ਲਾਉਂਦਾ ਹੈ, ਆਪ ਹੀ ਮਾਲੀ ਹੈ, ਆਪ ਹੀ ਪਾਣੀ ਦੇਂਦਾ ਹੈ ਤੇ ਆਪ ਹੀ ਫਲ ਖਾਂਦਾ ਹੈ, ਆਪ ਹੀ ਕਰਨ ਵਾਲਾ ਹੈ, ਆਪ ਹੀ ਭੋਗਣ ਵਾਲਾ ਹੈ, ਆਪ ਹੀ ਦੇਂਦਾ ਹੈ ਤੇ ਆਪ ਹੀ ਦਿਵਾਉਂਦਾ ਹੈ, ਮਾਲਕ ਭੀ ਆਪ ਹੈ ਤੇ ਰਾਖਾ ਭੀ ਆਪ ਹੈ, ਆਪ ਹੀ ਸਭ ਥਾਈਂ ਵਿਆਪਕ ਹੈ। ਅਤੇ ਜੇਕਰ ਅਸੀਂ ਉਸ ਮਾਲਕ ਦੀ ਵਰੋਸਾਈ ਹੋਈ ਬਨਾਸਪਤੀ ਵਿਚ ਦਖਲ ਦਿੰਦੇ ਹਾਂ ਅਤੇ ਉਸ ਵਿਚ ਤੋੜ ਮਰੋੜ ਕਰਕੇ ਵਾਤਾਵਰਣ ਅੰਦਰ ਛੇੜ ਛਾੜ ਕਰਦੇ ਹਾਂ ਅਤੇ ਸੰਤੁਲਨ ਵਿਚ ਵਿਗਾੜ ਪਾਉਣ ਦਾ ਯਤਨ ਕਰਦੇ ਹਾਂ ਤਾਂ ਉਸ ਦੇ ਸਿਟੇ ਭੁਗਤਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ ਅਤੇ ਸ਼ੁਧ ਅਤੇ ਸਾਫ਼ ਹਵਾ ਤੋਂ ਵਾਂਝੇ ਹੋ ਸਕਦੇ ਹਾਂ। ਇਸ ਲਈ ਸਾਨੂੰ ਹੋਰ ਰੁੱਖ ਲਗਾਉਣ ਦੀ ਲੋੜ ਹੈ ਜੇਕਰ ਅਸੀਂ ਬੇਹਿਸਾਬ ਰੁਖਾਂ ਦੀ ਕਟਾਈ ਕਰਦੇ ਹਾਂ।

ਹੇ ਨਾਨਕ ! ਕੋਈ ਵਿਰਲਾ ਸੇਵਕ ਉਸ ਪ੍ਰਭੂ ਦੀ ਸਿਫ਼ਤ-ਸਾਲਾਹ ਕਰਦਾ ਹੈ ਜਿਸ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਭੁਗਤਾ ਹੁੰਦਿਆਂ ਭੀ ਰਤਾ ਮਾਤਰ ਭੀ ਕੋਈ ਤਮ੍ਹਾ ਨਹੀਂ ਹੈ। ਰੁੱਖਾਂ ਤੋਂ ਅਸੀਂ ਭਿੰਨ-ਭਿੰਨ ਸੌਗਾਤਾਂ ਪ੍ਰਾਪਤ ਕਰ ਰਹੇ ਹਾਂ। ਜੇਕਰ ਸਦਾ ਸਦਾ ਇਹ ਸੌਗਾਤਾਂ ਦੀ ਪ੍ਰਾਪਤੀ ਲੋਚਦੇ ਹਾਂ ਤਾਂ ਸਾਨੂੰ ਪੂਰੀ ਤਰ੍ਹਾਂ ਸੁਚੇਤ ਹੋਣਾ ਪਵੇਗਾ। ਕੁਝ ਖਾਸ ਮੌਕਿਆਂ ਉਪਰ ਅਸੀਂ ਰੁੱਖਾਂ ਉਪਰ ਮੌਲੀਆਂ ਜਾਂ ਧਾਗੇ ਬੰਨਦੇ ਹਾਂ ਅਤੇ ਰੁਖਾਂ ਦੀਆਂ ਜੜ੍ਹਾਂ

ਉਪਰ ਤੇਲ ਪਾ ਰਹੇ ਹਾਂ ਅਸੀਂ ਅਣਜਾਣੇ ਵਿਚ ਰੁੱਖ ਦੇ ਵਾਧੇ ਵਿਚ ਰੁਕਾਵਟ ਖੜੀ ਕਰਦੇ ਹਾਂ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਰੁੱਖ ਦੇ ਵਾਧੇ ਲਈ ਜੜ੍ਹਾਂ ਵਿਚ ਖੁਰਾਕ ਅਤੇ ਪਾਣੀ ਦੀ ਲੋੜ ਹੈ ਜੇਕਰ ਅਸੀਂ ਰੁੱਖਾਂ ਦੇ ਜੜ੍ਹੀਂ ਤੇਲ ਦਿੰਦੇ ਰਹੇ ਤਾਂ ਰੁੱਖਾਂ ਦੇ ਵਾਧੇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਲਈ ਆਉਣ ਵਾਲੀ ਸੰਤਾਨ ਦੀ ਖੁਸ਼ੀ ਲਈ ਹੋਰ ਰੁੱਖ ਲਗਾਈਏ ਨਾ ਕਿ ਪਹਿਲਾਂ ਲੱਗੇ ਰੁਖਾਂ ਦੇ ਜੜ੍ਹੀਂ ਤੇਲ ਦੇਈਏ।

ਪੰਜਾਬ ਅੰਦਰ ਪੈਦਾ ਕੀਤਾ ਜਾ ਰਿਹਾ ਝੋਨਾ ਪਾਣੀ ਦੇ ਪਧਰ ਤੇ ਅਸਰ ਪਾ ਰਿਹਾ ਹੈ ਜਿਸ ਕਾਰਨ ਪਾਣੀ ਦੀ ਕਿਲਤ ਮਹਸੂਸ ਕੀਤੀ ਜਾ ਰਹੀ ਹੈ ਪਾਣੀ ਜੋ ਉਤਲੇ ਪਧਰ 'ਤੇ ਹੀ ਪ੍ਰਾਪਤ ਹੋ ਰਿਹਾ ਸੀ ਹੁਣ 200 ਫ਼ੁਟ ਤੋਂ 400 ਫੁਟ ਤੇ ਉਪਲਬਧ ਹੋ ਰਿਹਾ ਹੈ। ਡੂੰਘੇ ਨਲਕੇ ਲਗਾਉਣੇ ਪੈ ਰਹੇ ਹਨ ਜੋ ਆਮ ਆਦਮੀ ਦੀ ਮਾੜੀ ਹਾਲਤ ਕਰਨ ਲਈ ਜ਼ਿਮੇਂਵਾਰ ਹੋ ਰਹੇ ਹਨ। ਫਸਲ ਦੀ ਉਪਜ ਵਿਚ ਵਾਧਾ ਕਰਨ ਲਈ ਅਸੀਂ ਬੇਹਿਸਾਬ ਖਾਦਾਂ ਪਾ ਰਹੇ ਹਾਂ ਅਤੇ ਕੀੜੇ ਮਾਰ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਇਹ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿਚ ਪੂਰੀ ਤਰਾਂ ਨਾਲ ਸਹਿਯੋਗ ਦੇ ਰਹੀ ਹੈ। ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ ਜੇਕਰ ਸਮੇਂ ਸਿਰ ਨਾ ਸੰਭਲੇ ਤਾਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਖਤਮ ਕਰਨ ਵੱਲ ਕਦਮ ਵਧਾ ਰਹੇ ਹੋਵਾਗੇ।

ਮੈਂ ਖੇਤੀ ਮਾਹਰਾਂ ਦੀ ਇਸ ਰਾਇ ਨਾਲ ਸਹਿਮਤ ਹਾਂ ਕਿ ਕੀਟ ਨਾਸ਼ਕਾਂ, ਰਸਾਇਣਕ ਖਾਦਾਂ ਅਤੇ ਨਦੀਨ ਨਾਸ਼ਕਾਂ ਦੀ ਲੋੜ ਤੋਂ ਵਧੇਰੇ ਵਰਤੋਂ ਕਰਨ ਕਰ ਕੇ ਧਰਤੀ ਮਾਂ ਨੂੰ ਬੰਜਰ ਬਣਾਉਣ ਵੱਲ ਵਧ ਰਹੇ ਹਾਂ ਅਰਥਾਤ ਇਸ ਧਰਤੀ ਮਾਂ ਨੂੰ ਬਾਂਝ ਕਰਨ ਵਿਚ ਕੋਈ ਕਸਰ ਨਹੀਂ ਛਡ ਰਹੇ ਹਾਂ ਅਤੇ ਪੂਰਾ ਪੰਜਾਬ ਕੈਂਸਰ ਦਾ ਘਰ ਬਣ ਰਿਹਾ ਹੈ ਖੇਤੀ ਕਰ ਰਹੇ ਗੁਰਬਤ ਵਿਚ ਜੀਵਨ ਬਤੀਤ ਕਰਨ ਵਾਲਿਆਂ ਵਲੋਂ ਖੇਤੀ ਦੀ ਰਹਿੰਦ ਖੂੰਹਦ ਨੂੰ ਸਮੇਟਣ ਦੇ ਢੰਗਾਂ ਕਾਰਨ ਹਰ ਸਾਲ ਤਪਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਵਾਤਾਵਰਣ ਪ੍ਰਭਾਵਿਤ ਹੋ ਰਿਹਾ ਹੈ ਜਿਸ ਕਾਰਣ ਮਾਨਸੂਨ ਅਗੇ ਪਿਛੇ ਹੋ ਚੁਕੀ ਹੈ ਅਤੇ ਜਿਥੇ ਵਧੇਰੇ ਬਾਰਸ਼ ਹੋਇਆ ਕਰਦੀ ਸੀ ਉਨ੍ਹਾਂ ਥਾਵਾਂ ਉਪਰ ਸੋਕਾ ਪੈ ਰਿਹਾ ਹੈ ਅਤੇ ਜਿਥੇ ਸੋਕਾ ਸੀ ਉਥੇ ਵਧੇਰੇ ਮੀਂਹ ਪੈ ਰਹੇ ਹਨ। ਜੇਕਰ ਸਮੇਂ ਸਿਰ ਨਾ ਸੰਭਲੇ ਤਾਂ ਅਸੀਂ ਆਪਣੀ ਔਲਾਦ ਲਈ ਕੰਡੇ ਹੀ ਬੀਜ ਰਹੇ ਹੋਵਾਂਗੇ ਅਤੇ ਉਹ ਵਿਚਾਰੇ ਆਪਣੇ ਵਡ ਵਡੇਰਿਆਂ ਨੂੰ ਕੋਸਣਗੇ ਨਾ ਕਿ ਉਨ੍ਹਾਂ ਉਪਰ ਮਾਣ ਕਰਨਗੇ। ਇਸ ਲਈ ਹਰ ਮਨੁਖ ਦੋ ਨਹੀਂ ਤਾਂ ਇਕ ਰੁੱਖ ਜ਼ਰੂਰ ਲਗਾਵੇ ਤਾਂ ਹੀ ਧਰਤੀ ਨੂੰ ਹਰਾ ਭਰਾ ਰਖਿਆ ਜਾ ਸਕੇਗਾ ਅਤੇ ਪ੍ਰਦੂਸ਼ਨ ਨੂੰ ਘਟਾਉਣ ਵਿਚ ਹਿਸਾ ਪਾ ਸਕਾਂਗੇ।

ਵਾਤਾਵਰਨ ਦੇ ਸਬੰਧ ਵਿਚ ਸਿੱਖਾਂ ਦੇ ਸ਼ਬਦ-ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਜੀ ਦਾ ਸਲੋਕ ਭਾਵੇਂ ਮਾਲਣ ਦੀ ਅਗਿਆਨਤਾ ਦਰਸਾ ਰਿਹਾ ਹੈ ਇਸ ਵਿਚ ਇਹ ਵੀ ਸੰਦੇਸ਼ ਹੈ ਕਿ ਸਾਨੂੰ ਵਾਤਾਵਰਣ ਸੰਬੰਧੀ ਜਾਗਰੂਕ ਰਹਿਣ ਦੀ ਲੋੜ ਹੈ। ਕਬੀਰ ਜੀ ਨੇ ਜੋ ਫਰਮਾਇਆ ਉਹ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ:

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥**
**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥**
**ਭੂਲੀ ਮਾਲਨੀ ਹੈ ਏਉ ॥**

ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥

*(ਅੰਗ ੪੭੯)*

ਮਾਲਣ ਜਦੋਂ ਪੂਜਾ ਲਈ ਫੁੱਲ ਤੋੜ ਰਹੀ ਸੀ, ਉਸ ਨੂੰ ਦੇਖ ਕੇ ਆਖਦੇ ਹਨ ਕਿ ਜਿਹੜੇ ਪੱਤੇ ਤੂੰ ਤੋੜ ਰਹੀਂ ਹੈਂ, ਉਸ ਪੱਤੀ-ਪੱਤੀ ਵਿਚ ਜਾਨ ਹੈ ਪੱਤੇ, ਫੁੱਲ, ਡਾਲੀ, ਜਿਨ੍ਹਾਂ ਨੂੰ ਤੋੜ ਰਹੀਂ ਹੈਂ, ਇਨ੍ਹਾਂ ਸਾਰਿਆਂ ਵਿਚ ਜਾਨ ਹੈ, ਜਿਸ ਮੂਰਤੀ ਦੀ ਪੁਜਾ ਲਈ ਤੂੰ ਇਹ ਤੋੜੇ ਹਨ ਉਸ ਵਿਚ ਜਾਨ ਨਹੀਂ ਹੈ ਅਤੇ ਜੇਕਰ ਉਹ ਜਾਨ ਵਾਲਾ ਹੁੰਦਾ ਤਾਂ ਜਦੋਂ ਬੁੱਤ ਘੜਨ ਵਾਲੇ ਨੇ ਇਸ ਮੂਰਤੀ ਨੂੰ ਘੜਨ ਲਈ ਇਸ ਉਪਰ ਪੈਰ ਰਖਿਆ ਸੀ ਤਾਂ ਉਹ ਉਸ ਬੁਤ ਘਾੜੇ ਨੂੰ ਹੀ ਖਾ ਲੈਂਦੀ। ਜੇਹੜੇ ਚਾਵਲ ਅਤੇ ਦਾਲ ਤੂੰ ਚੜ੍ਹਾਵੇ ਲਈ ਵਰਤ ਰਹੀਂ ਹੈਂ ਉਹ ਤਾਂ ਪੁਜਾਰੀ ਜਾਂ ਉਸ ਦੇ ਬੱਚੇ ਖਾ ਜਾਣਗੇ, ਉਸ ਮੂਰਤੀ ਦੇ ਮੂੰਹ ਉਪਰ ਸਵਾਹ ਮਲ ਦਿਤੀ ਜਾਵੇਗੀ। ਮਾਲਣ ਨੂੰ ਸਮਝਾਇਆ ਹੈ ਕਿ ਮਾਲਣ ਤੂੰ ਭੁੱਲ ਚੁੱਕੀ ਹੈਂ ਅਤੇ ਲੋਕ ਵੀ ਭੁੱਲੇ ਹੋਏ ਹਨ ਪਰ ਮੈਂ ਨਹੀਂ ਭੁਲਿਆ, ਮੇਰਾ ਪਰਮਾਤਮਾ ਤਾਂ ਹਮੇਸ਼ਾ ਜਾਗਦਾ ਹੈ। ਰੁੱਖਾਂ ਦੇ ਸੰਭਾਲਣ ਲਈ ਸੰਦੇਸ਼ ਵੀ ਇਸ ਸਲੋਕ ਵਿਚ ਦਿਤਾ ਗਿਆ ਹੈ।

ਜੇ ਅਸੀਂ ਇਹਨਾਂ ਗੱਲਾਂ ਵਲ ਧਿਆਨ ਨਾ ਦਿੱਤਾ ਤਾਂ ਇਸ ਦੇ ਅਸਰ ਸਾਡੇ 'ਤੇ ਪੈਣਗੇ ਅਤੇ ਅਗਲੀ ਪੀੜ੍ਹੀ ਲਈ ਵੀ ਅਸੀਂ ਚਿੰਤਾਵਾਂ ਦਾ ਮਹੱਲ ਖੜਾ ਕਰ ਕੇ ਦੇ ਰਹੇ ਹੋਵਾਂਗੇ। ਵਾਤਾਵਰਣ ਦਾ ਸਮਤੋਲ ਬਣਾਈ ਰਖਣ ਲਈ ਜੀਵ ਜੰਤੂਆਂ ਨੂੰ ਮਾਰਨ ਦੀ ਬਜਾਏ ਉਨ੍ਹਾਂ ਦੀ ਰਾਖੀ ਕਰਨ ਦੀ ਲੋੜ ਹੈ। ਜੇਕਰ ਅਸੀਂ ਆਪਣੀਆਂ ਲੋੜਾਂ ਲਈ ਰੁੱਖਾਂ ਦੀ ਕਟਾਈ ਕਰਦੇ ਹਾਂ ਤਾਂ ਸਾਨੂੰ ਸਮੇਂ ਸਮੇਂ 'ਤੇ ਹੋਰ ਰੁੱਖ ਵੀ ਲਗਾਉਣੇ ਚਾਹੀਦੇ ਹਨ। 'ਇਕ ਰੁਖ ਸੌ ਸੁਖ' ਵਾਲਾ ਸੰਦੇਸ਼ ਜੋ ਬਜ਼ੁਰਗਾਂ ਨੇ ਦਿਤਾ ਸੀ, ਨੂੰ ਬਿਲਕੁਲ ਹੀ ਭੁੱਲ ਚੁਕੇ ਹਾਂ। ਸਾਨੂੰ ਇਹ ਵੀ ਯਾਦ ਰਖਣ ਦੀ ਲੋੜ ਹੈ ਕਿ ਇਸ ਪੈਸੇ ਦੀ ਦੌੜ ਵਿਚ ਸਾਨੂੰ ਗੰਧਲੇਪਣ ਦਾ ਨੁਕਸਾਨ ਨਹੀਂ ਹੋਵੇਗਾ। ਜਦੋਂ ਤਕ ਗੰਧਲਾਪਣ ਆਪਣਾ ਅਸਰ ਵਿਖਾਵੇਗਾ ਅਸੀਂ ਇਸ ਦੁਨੀਆਂ ਤੋਂ ਰੁਖ਼ਸਤ ਕਰ ਜਾਵਾਂਗੇ। ਸਾਨੂੰ ਯਾਦ ਰਖਣ ਦੀ ਲੋੜ ਹੈ, ਸਾਡੀ ਔਲਾਦ ਇਸ ਗੰਧਲੇਪਣ ਨੂੰ ਵੇਖ ਸਾਡੇ ਪ੍ਰਤੀ ਕੀ ਵਤੀਰਾ ਰਖੇਗੀ। ਕੀ ਸਾਨੂੰ ਆਪਣੀ ਔਲਾਦ ਪਿਆਰੀ ਨਹੀਂ ਹੈ। ਅਸੀਂ ਉਨ੍ਹਾਂ ਲਈ ਕੀ ਸੁਗਾਤ ਛੱਡ ਕੇ ਜਾ ਰਹੇ ਹਾਂ। ਜਿਥੇ ਅਸੀਂ ਉਨ੍ਹਾਂ ਲਈ ਧਨ ਇਕੱਠਾ ਕਰਨ ਵਿਚ ਇਕ ਦੂਸਰੇ ਤੋਂ ਅੱਗੇ ਹਾਂ, ਸਾਨੂੰ ਸਾਫ਼ ਅਤੇ ਸ਼ੁੱਧ ਵਾਤਾਵਰਣ ਉਨ੍ਹਾਂ ਲਈ ਵਿਰਸੇ ਵਿਚ ਦੇਣ ਲਈ ਵੀ ਯਤਨਸ਼ੀਲ ਹੋਈਏ। ਸਾਨੂੰ ਅਪਣੀਆਂ ਅਗਲੀਆਂ ਨਸਲਾਂ ਲਈ ਬੀਮਾਰੀਆਂ ਦੇ ਖੂਹ ਪੁੱਟਣ ਦੇ ਯਤਨ ਨਹੀਂ ਕਰਨੇ ਚਾਹੀਦੇ। ਇਸ ਲਈ ਸਾਡੇ ਕੋਲ ਜੋ ਅਮੀਰ ਵਿਰਸਾ ਹੈ ਉਸ ਨੂੰ ਸੰਭਾਲ ਕੇ ਵਰਤੀਏ ਤੇ ਆਪ ਵੀ ਖੁਸ਼ੀ ਮਾਣੀਏ ਅਤੇ ਸਾਫ਼ ਵਾਤਾਵਰਣ ਛਡ ਕੇ ਜਾਈਏ।

# ਕੀਤਾ ਪਸਾਉ ਏਕੋ ਕਵਾਉ

ਹਵਾ ਅਨੇਕ ਗੈਸਾਂ ਦਾ ਮਿਸ਼ਰਣ ਹੈ ਇਸ ਨੇ ਧਰਤੀ ਨੂੰ ਚਾਰੇ ਪਾਸਿਆਂ ਤੋਂ ਇਕ ਵਿਸ਼ਾਲ ਬੁੱਕਲ ਵਿਚ ਲਪੇਟਿਆ ਹੋਇਆ ਹੈ। ਧਰਤੀ ਦੇ ਚਾਰੋਂ ਤਰਫ ਲਿਪਟੇ ਹਵਾ ਦੇ ਇਸ ਵਿਸ਼ਾਲ ਬੁੱਕਲ ਨੂੰ ਵਾਯੂ ਮੰਡਲ ਦਾ ਨਾ ਦਿੱਤਾ ਗਿਆ ਹੈ। ਮਾਂਕ ਹਾਊਸ ਅਨੁਸਾਰ ਵਾਯੂ ਮੰਡਲ ਗੈਸ ਦੀ ਇੱਕ ਪਤਲੀ ਪਰਤ ਹੈ ਜੋ ਜ਼ਮੀਨੀ ਖਿੱਚ ਕਾਰਨ ਸਦਾ ਹੀ ਪ੍ਰਿਥਵੀ ਦੇ ਨਾਲ ਜੁੜੀ ਰਹਿੰਦੀ ਹੈ ਅਤੇ ਵਾਯੂ ਮੰਡਲ ਪ੍ਰਿਥਵੀ ਦੇ ਨਾਲ ਨਾਲ ਸੂਰਜ ਦੀ ਵੀ ਪਰਿਕਰਮਾ ਕਰਦਾ ਹੈ। ਜਿਵੇਂ ਜਿਵੇਂ ਧਰਤੀ ਸੂਰਜ ਦੁਆਲੇ ਆਪਣਾ ਚੱਕਰ ਪੂਰਾ ਕਰਦੀ ਹੈ ਵਾਯੂ ਮੰਡਲ ਵੀ ਉਤਨੇ ਸਮੇਂ ਵਿਚ ਹੀ ਆਪਣਾ ਚੱਕਰ ਪੂਰਾ ਕਰਦਾ ਮੰਨ ਲਿਆ ਗਿਆ ਹੈ।

ਵਾਯੂ ਮੰਡਲ ਦੀ ਉਤਪਤੀ ਇਕ ਰਹਸਮਈ ਘਟਨਾ ਹੈ। ਕਿਹਾ ਜਾਂਦਾ ਹੈ ਕਿ ਸੂਰਜ ਇਕ ਵੱਡਾ ਗੋਲਾ ਹੈ ਅਤੇ ਧਰਤੀ ਇਸ ਗੋਲੇ ਵਿਚੋਂ ਟੁੱਟ ਕੇ ਬਣੀ ਹੈ ਅਤੇ ਹੌਲੀ ਹੌਲੀ ਸਮੇਂ ਨਾਲ ਠੰਡੀ ਹੋਈ ਅਤੇ ਇਸ ਉਪਰ ਪਹਾੜ ਅਤੇ ਟੋਏ ਟਿੱਬੇ ਆਦਿ ਹੋਂਦ ਵਿਚ ਆਏ ਹਨ। ਸਿੱਖਾਂ ਦੇ ਸ਼ਬਦ ਗੁਰੂ ਵਿਚ ਵੀ ਵਰਨਣ ਹੈ ਕਿ ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਵੀ ਬਣਾ ਦਿਤੇ ਸਨ।

ਸ੍ਰੀ ਗੁਰੂ ਗਰੰਥ ਸਾਹਿਬ ਦੇ ਅੰਗ 3 ਉਪਰ ਸੁਭਾਏਮਾਨ ਹੈ ਕਿ

**ਕੀਤਾ ਪਸਾਉ ਏਕੋ ਕਵਾਉ ॥**
**ਤਿਸ ਤੇ ਹੋਏ ਲਖ ਦਰੀਆਉ ॥**

ਪ੍ਰਿਥਵੀ ਗਰਮ ਅਤੇ ਤਰਲ ਹਾਲਤ ਤੋਂ ਠੰਡੀ ਹੋ ਕੇ ਠੋਸ ਹਾਲਤ ਵਿਚ ਆਈ ਤਾਂ ਬਹੁਤ ਸਾਰੀਆਂ ਗੈਸਾਂ ਨਿਕਲ ਕੇ ਵਾਯੂ ਮੰਡਲ ਦੀ ਸ਼ਕਲ ਵਿਚ ਬਾਹਰ ਆਈਆਂ। ਵਰਤਮਾਨ ਵਾਯੂ ਮੰਡਲ ਦਾ ਵਿਕਾਸ ਜਵਾਲਾ ਮੁਖੀ ਵਿਸਫੋਟ ਗਰਮ ਚਸ਼ਮਿਆਂ ਤੇ ਵਨਸਪਤੀ ਦੇ ਸਹਿਯੋਗ ਨਾਲ ਹੋਇਆ ਹੈ ਵਾਯੂ ਮੰਡਲ ਦੀ ਹੋਂਦ ਅੱਜ ਤੋਂ ਲਗਭਗ ਪੰਜ ਕਰੋੜ ਸਾਲ ਪਹਿਲਾਂ ਪੂਰਵ ਕਰੈਬੀਅਨ ਯੁਗ ਵਿਚ ਹੋਈ ਦਸੀ ਜਾਂਦੀ ਹੈ।

ਵਾਯੂ ਮੰਡਲ ਆਕਰਸ਼ਣ ਸ਼ਕਤੀ ਕਾਰਨ ਧਰਤੀ ਦੇ ਨਾਲ ਨਾਲ ਪੱਛਮ ਤੋਂ ਪੂਰਬ ਦਿਸ਼ਾ ਵਿਚ ਘੁੰਮਦਾ ਹੈ। ਵਰਤਮਾਨ ਸਮੇਂ ਵਿਚ ਸਪੁਤਨਿਕ ਅਤੇ ਹੋਰ ਬਣਾਵਟੀ ਉਪਗ੍ਰਹਿਆਂ ਦੀ ਸਹਾਇਤਾ ਨਾਲ ਵਾਯੂ ਮੰਡਲ ਦੀ ਉਚਾਈ ਸੋਲਾਂ ਤੋਂ ਬੱਤੀ ਹਜ਼ਾਰ ਕਿਲੋਮੀਟਰ ਤਕ ਦੱਸੀ ਜਾ ਰਹੀ ਹੈ। ਮੌਸਮ ਵਿਗਿਆਨ ਅਤੇ ਜਲਵਾਯੂ ਵਿਗਿਆਨ ਰਾਹੀਂ ਵਾਯੂ ਮੰਡਲ ਦੀ ਪਰਤਦਾਰ ਬਣਤਰ ਦੀ ਖੋਜ ਕੀਤੀ ਜਾ ਚੁੱਕੀ ਹੈ। ਉਚਾਈ ਦੇ

ਨਾਲ ਨਾਲ ਵਾਯੂ ਮੰਡਲ ਵਿਚ ਵਾਯੂ ਦਾਬ ਅਤੇ ਊਸ਼ਨਤਾ ਘਟ ਹੁੰਦੀ ਜਾਂਦੀ ਹੈ। ਵਾਯੂ ਮੰਡਲ ਦੀਆਂ ਪਰਤ ਵਿਚ ਅਧੋ ਮੰਡਲ ਸਭ ਤੋਂ ਹੇਠਲੀ ਪਰਤ ਹੈ। ਭੂ ਤਲ 'ਤੇ ਇਸ ਦੀ ਉਚਾਈ ਬਾਰਾਂ ਕਿਲੋਮੀਟਰ ਹੈ ਇਸ ਮੰਡਲ ਦਾ ਮਨੁੱਖ ਲਈ ਵਧੇਰੇ ਮਹੱਤਵ ਹੈ ਅਤੇ ਇਸ ਵਿਚ ਪਰਿਵਰਤਨ ਹੁੰਦੇ ਰਹਿੰਦੇ ਹਨ। ਇਸ ਲਈ ਇਸ ਨੂੰ ਪਰਿਵਰਤਨ ਮੰਡਲ ਆਖਦੇ ਹਨ। ਇਸ ਵਿਚ ਵਾਯੂ ਕਦੇ ਸ਼ਾਂਤ ਨਹੀਂ ਰਹਿੰਦੀ। ਅਧੋ ਮੰਡਲ ਵਿਚ ਉਚਾਈ ਦੇ ਨਾਲ ਨਾਲ ਇੱਕ ਡਿਗਰੀ ਸੈਲਸੀਅਸ ਪ੍ਰਤੀ ਇੰਚ ਇਕ ਸੌ ਪੈਂਹਠ ਮੀਟਰ ਦੀ ਦਰ ਨਾਲ ਤਾਪਮਾਨ ਘਟਦਾ ਜਾਂਦਾ ਹੈ ਅਤੇ ਅਸੀਂ ਇਸ ਪਰਤ ਵਿਚ ਨਿਵਾਸ ਕਰਦੇ ਹਾਂ। ਵਾਯੂ ਮੰਡਲ ਦੀ ਉਹ ਪਰਤ ਜਿਥੇ ਅਧੋ ਮੰਡਲ ਖਤਮ ਹੁੰਦਾ ਹੈ, ਨੂੰ ਸੰਤਾਪ ਸੀਮਾ ਦਾ ਨਾਂ ਦਿਤਾ ਗਿਆ ਹੈ। ਇਸ ਸੀਮਾ ਦੀ ਚੌੜਾਈ ਡੇਢ ਕਿਲੋਮੀਟਰ ਹੈ। ਇਸ ਪਰਤ ਵਿਚ ਪ੍ਰਵੇਸ਼ ਕਰ ਕੇ ਅਧੋ ਮੰਡਲ ਦੀਆਂ ਪੌਣਾਂ ਅਤੇ ਸੰਵੇਹਨ ਧਾਰਾਵਾਂ ਖਤਮ ਹੋ ਜਾਂਦੀਆਂ ਹਨ।

ਸੰਤਾਪ ਸੀਮਾ ਤੋਂ ਉਪਰ ਸੰਤਾਪ ਮੰਡਲ ਹੈ। ਇਸ ਦੀ ਉਚਾਈ ਭੂ-ਮਧ ਰੇਖਾ ਵਲ ਵੱਧ ਅਤੇ ਧਰੁਵਾਂ ਵਲ ਘੱਟ ਹੈ। ਇਸ ਤਰ੍ਹਾਂ ਗਰਮ ਰੁੱਤ ਵਿਚ ਇਸ ਦੀ ਉਚਾਈ ਸ਼ੀਤ ਕਾਲ ਦੇ ਮੁਕਾਬਲੇ ਵਧੇਰੇ ਹੁੰਦੀ ਹੈ। ਕੀਤੀਆਂ ਗਈਆਂ ਖੋਜਾਂ ਦੇ ਅਧਾਰ ਤੇ ਇਸ ਮੰਡਲ ਦੀ ਉਚਾਈ ਸੋਲਾਂ ਤੋਂ ਅੱਸੀਂ ਕਿਲੋਮੀਟਰ ਤਕ ਦਸੀ ਗਈ ਹੈ। ਇਸ ਮੰਡਲ ਵਿਚ ਤਾਪ ਉਚਾਈ ਨਾਲ ਵਧਦਾ ਨਹੀਂ ਹੈ ਅਤੇ ਇਕ ਸਮਾਨ ਹੀ ਰਹਿੰਦਾ ਹੈ। ਇਸ ਲਈ ਇਹ ਮੰਡਲ ਸੰਤਾਪ ਮੰਡਲ ਜਾਂ ਸਮਾਨ ਤਾਪ ਵਾਲਾ ਮੰਡਲ ਅਖਵਾਉਂਦਾ ਹੈ। ਇਸ ਮੰਡਲ ਦੀ ਪਰਤ ਵਿਚ ਹਵਾਈ ਜਹਾਜ਼ (ਜੈਟ) ਆਦਰਸ਼ ਸਥਿਤੀ ਵਿਚ ਚਲਦੇ ਰਹਿੰਦੇ ਹਨ। ਵਾਯੂ ਮੰਡਲ ਵਿਚ ਮੱਧ-ਵਰਤੀ ਸਥਿਤੀ ਵਿਚ ਓਜ਼ੋਨ ਮੰਡਲ ਆਉਂਦਾ ਹੈ। ਇਸ ਮੰਡਲ ਵਿਚ ਓਜ਼ੋਨ ਗੈਸ ਦੀ ਪ੍ਰਧਾਨਤਾ ਹੁੰਦੀ ਹੈ। ਇਸ ਗੈਸ ਦੇ ਕਾਰਨ ਸੂਰਜ ਤੋਂ ਨਿਕਲਣ ਵਾਲੀਆਂ ਰੇਡੀਆਈ ਕਿਰਨਾਂ ਧਰਤੀ ਤਕ ਨਹੀਂ ਪੁੱਜ ਸਕਦੀਆਂ। ਇਸ ਮੰਡਲ ਦੀ ਉਚਾਈ ਲਗਭਗ ਅਸੀਂ ਕਿਲੋਮੀਟਰ ਮਿਥੀ ਗਈ ਹੈ। ਇਥੇ ਪ੍ਰਤੀ ਇਕ ਕਿਲੋਮੀਟਰ ਦੀ ਉਚਾਈ ਨਾਲ ਸੋਲਾਂ ਡਿਗਰੀ ਸੈਲਸੀਅਸ ਤਾਪਮਾਨ ਵਿਚ ਵਾਧਾ ਹੁੰਦਾ ਹੈ। ਇਸ ਤਰ੍ਹਾਂ ਨਾਲ ਇਹ ਮੰਡਲ ਅਤਿਅੰਤ ਗਰਮ ਹੈ। ਇਸ ਮੰਡਲ ਦੀ ਉਪਰਲੀ ਸੀਮਾ ਤੇ ਤਾਪਮਾਨ ਸੌ ਡਿਗਰੀ ਸੈਲਸੀਅਸ ਹੁੰਦਾ ਹੈ।

ਅਧੋ ਮੰਡਲ ਤੋਂ ਉਪਰ ਅੱਸੀਂ ਤੋਂ ਸੌ ਕਿਲੋਮੀਟਰ ਤਕ ਦੀ ਉਚਾਈ ਉਪਰ ਸਥਿਤ ਮੰਡਲ ਦਾ ਨਾਂ ਆਇਨ ਮੰਡਲ ਹੈ। ਇਥੇ ਤਾਪਮਾਨ ਦੀ ਵੰਡ ਅਸਮਾਨ ਅਤੇ ਅਨਿਸਚਿਤ ਹੈ। ਇਸ ਮੰਡਲ ਵਿਚ ਅਜੀਬ ਘਟਨਾਵਾਂ ਵਾਪਰਦੀਆਂ ਹਨ। ਪ੍ਰਿਥਵੀ ਤੋਂ ਛੱਡੀਆਂ ਰੇਡੀਓ ਤਰੰਗਾਂ ਇਸ ਮੰਡਲ ਤੋਂ ਪਰਿਵਰਤਿਤ ਹੋ ਕੇ ਵਾਪਸ ਧਰਤੀ 'ਤੇ ਆਉਂਦੀਆਂ ਹਨ। ਦੇਸ਼ ਵਿਦੇਸ਼ ਦੇ ਰੇਡੀਓ ਪ੍ਰਸਾਰਣ ਇਸੇ ਮੰਡਲ ਦੁਆਰਾ ਸਾਡੇ ਤਕ ਪੁੱਜਦੇ ਹਨ।

ਵਾਯੂ ਮੰਡਲ ਦੀ ਸਭ ਤੋਂ ਉਤਲੀ ਪਰਤ ਬਾਹਰੀ ਮੰਡਲ ਅਖਵਾਉਂਦੀ ਹੈ। ਇਸ ਦੀ ਉਚਾਈ ਚਾਰ ਸੌ ਕਿਲੋਮੀਟਰ ਤੋਂ ਵੱਧ ਹੈ। ਇਸ ਮੰਡਲ ਵਿਚ ਵਾਯੂ ਬਹੁਤ ਵਿਰਲੀ ਹੈ। ਵਾਯੂ ਮੰਡਲ ਦੀ ਇਹ ਪਰਤ ਹੌਲੀ ਹੌਲੀ ਪੁਲਾੜ ਵਿਚ ਵਿਲੀਨ ਹੋ ਜਾਂਦੀ ਹੈ। ਇਸ ਵਿਚ ਤਾਪਮਾਨ ਇੱਕ ਹਜ਼ਾਰ ਡਿਗਰੀ ਸੈਲਸੀਅਸ ਤੋਂ ਵੱਧ ਹੁੰਦਾ ਹੈ।

ਭਾਵੇਂ ਵਾਯੂ ਮੰਡਲ ਪ੍ਰਤੀ ਕਾਫੀ ਜਾਣਕਾਰੀ ਪ੍ਰਾਪਤ ਕਰ ਲਈ ਗਈ ਹੈ ਪਰ ਹਾਲੇ

ਵੀ ਹੋਰ ਖੋਜਾਂ ਦੀ ਗੁੰਜਾਇਸ਼ ਹੈ। ਪਤਾ ਲੱਗਾ ਹੈ ਕੇ ਓਜ਼ੋਨ ਪਰਤ ਮਾਨਵ ਜੀਵਨ ਲਈ ਅਤਿਅੰਤ ਮਹੱਤਵ ਪੂਰਨ ਹੈ ਕਿਉਂਕਿ ਇਹ ਪਰਤ ਸੂਰਜ ਤੋਂ ਆ ਰਹੀਆਂ ਪਰਾ-ਬੈਂਗਣੀ ਕਿਰਨਾਂ ਨੂੰ ਰੋਕ ਕੇ ਇਨ੍ਹਾਂ ਦੇ ਭੈੜੇ ਪ੍ਰਭਾਵਾਂ ਤੋਂ ਬਚਾ ਕਰਦੀ ਹੈ। ਇਹ ਹਾਨੀਕਾਰਕ ਕਿਰਨਾਂ ਧਰਤੀ ਦੇ ਭੂ ਮੰਡਲ ਵਿਚ ਪੁੱਜ ਕੇ ਸਾਡੇ ਸਰੀਰ ਵਿਚ ਚਮੜੀ ਦਾ ਕੈਂਸਰ ਪੈਦਾ ਕਰ ਸਕਦੀਆਂ ਹਨ। ਅੱਖਾਂ ਵਿਚ ਮੋਤੀਆ ਬਿੰਦ ਪੈਦਾ ਕਰ ਕੇ ਅੰਨ੍ਹਾਪਣ ਵਧਾਉਂਦੀਆਂ ਹਨ। ਇਹ ਸਰੀਰ ਦੀ ਰੋਗ ਨਿਰੋਧਕ ਸ਼ਕਤੀ ਨੂੰ ਵੀ ਨਸ਼ਟ ਕਰ ਸਕਣ ਦੇ ਯੋਗ ਹਨ। ਸਾਡੇ ਸਰੀਰਾਂ ਨੂੰ ਝੁਲਸ ਸਕਣ ਦੀ ਸਮਰਥਾ ਰੱਖਦੀਆਂ ਹਨ। ਪਰਾ-ਬੈਂਗਣੀ ਕਿਰਨਾਂ ਦੇ ਭੈੜੇ ਪ੍ਰਭਾਵ ਸਾਡੀਆਂ ਫਸਲਾਂ ਨੂੰ ਵੀ ਨਸ਼ਟ ਕਰ ਸਕਦੀਆਂ ਹਨ। ਸਮੁੰਦਰ ਦੇ ਸੂਖਮ ਜੀਵਾਣੂ ਨਸ਼ਟ ਹੋ ਸਕਦੇ ਹਨ ਅਤੇ ਸਮੁੰਦਰ ਦੀ ਖੁਰਾਕ ਲੜੀ ਅਸੰਤੁਲਿਤ ਹੋ ਸਕਦੀ ਹੈ।

ਨਤੀਜਤਨ ਸਮੁੰਦਰ ਦੀਆਂ ਮੱਛੀਆਂ ਦੇ ਜੀਵਨ ਨੂੰ ਖਤਰਾ ਪੈਦਾ ਹੋ ਸਕਦਾ ਹੈ। ਓਜ਼ੋਨ ਪਰਤ ਦੇ ਨਸ਼ਟ ਹੋ ਜਾਣ ਨਾਲ ਧਰੁਵੀ ਪ੍ਰਦੇਸਾਂ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਇਹ ਪ੍ਰਤੀਤ ਹੋ ਰਿਹਾ ਹੈ ਅਗਲੇ ਸਤਰ ਸਾਲ ਵਿਚ ਓਜ਼ੋਨ ਪਰਤ ਲਗਭਗ ਦਸ ਪ੍ਰਤੀਸ਼ਤ ਤਕ ਨਸ਼ਟ ਹੋ ਜਾਵੇਗੀ। ਅਸੀਂ ਇਸ ਖਤਰੇ ਤੋਂ ਅਣਜਾਣ ਨਹੀਂ ਹਾਂ ਪਰੰਤੂ ਇਸ ਦੀ ਪ੍ਰਵਾਹ ਨਾ ਕਰਦੇ ਹੋਏ ਅਸੀਂ ਰਸਾਇਣਾਂ ਦਾ ਲਗਾਤਾਰ ਨਿਰਮਾਣ ਕਰ ਰਹੇ ਹਾਂ। ਇਸ ਸਮੇਂ ਲਗਭਗ ਅੱਠ ਹਜ਼ਾਰ ਟਨ ਸੀ.ਐਫ.ਸੀ. ਗੈਸਾਂ ਯੂਰਪੀ ਦੇਸ ਜਪਾਨ ਅਤੇ ਅਮਰੀਕਾ ਅਤੇ ਹੋਰਨਾਂ ਦੇਸ ਵਲੋਂ ਵਾਯੂ ਮੰਡਲ ਵਿਚ ਛੱਡੀਆਂ ਜਾ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਨਾਈਟ੍ਰਿਕ ਆਕਸਾਈਡ ਅਤੇ ਕਲੋਰੀਨ ਆਕਸਾਈਡ ਗੈਸਾਂ ਵੀ ਓਜ਼ੋਨ ਦੀ ਪਰਤ ਨੂੰ ਨਸ਼ਟ ਕਰ ਰਹੀਆਂ ਹਨ। ਵੇਲ ਬੂਟਿਆਂ ਦੇ ਨਸ਼ਟ ਹੋਣ ਨਾਲ ਧਰਤੀ ਦੀ ਉਪਰਲੀ ਸਤਹ ਤੇ ਵਿਖੰਡਨ ਨਾਲ ਪੈਦਾ ਹੋਈ ਨਾਈਟ੍ਰਿਕ ਆਕਸਾਈਡ ਓਜ਼ੋਨ ਦੇ ਅਣੂਆਂ ਨਾਲ ਆਕਸੀਜਨ ਦੇ ਅਣੂ ਬਣਾਉਂਦੀ ਹੈ। ਇਸ ਤਰਾਂ ਨਾਈਟ੍ਰਿਕ ਆਕਸਾਈਡ ਦੁਆਰਾ ਓਜ਼ੋਨ ਦਾ ਵਿਨਾਸ਼ ਹੋ ਰਿਹਾ ਹੈ।

ਉਦਯੋਗੀ ਕਰਨ ਦੇ ਨਤੀਜੇ ਵਜੋਂ ਮਨੁਖਾਂ ਦੁਆਰਾ ਬਣਾਏ ਗਏ ਕੁਲ ਰਸਾਇਨਿਕ ਯੋਗਿਕਾਂ ਅਤੇ ਸੀ.ਐਫ.ਸੀ. ਆਦਿ ਰਾਹੀਂ ਇਸ ਓਜ਼ੋਨ ਸੁਰੱਖਿਆ ਕਵਚ ਦਾ ਵਿਨਾਸ ਸ਼ੁਰੂ ਹੋਇਆ ਹੋਇਆ ਹੈ। ਉਥੇ ਸੂਰਜ ਦੇ ਪਰਾ-ਬੈਂਗਣੀ ਵਿਕਿਰਨ ਦੁਆਰਾ ਪ੍ਰਕਾਸ਼ੀ ਵਿਘਟਨ ਪ੍ਰਕਿਰਿਆ ਵਿਚ ਇਨ੍ਹਾਂ ਤੋਂ ਕਲੋਰੀਨ ਦੇ ਪ੍ਰਮਾਣੂ ਮੁਕਤ ਹੋ ਜਾਂਦੇ ਹਨ। ਇਹ ਪ੍ਰਮਾਣੂ ਹੋ ਓਜ਼ੋਨ ਦੇ ਅਸਲ ਦੁਸ਼ਮਣ ਹਨ। ਇਹ ਪ੍ਰਮਾਣੂ ਵੀ ਓਜ਼ੋਨ ਨੂੰ ਵਿਘਟਿਤ ਕਰ ਕੇ ਕਲੋਰੀਨ ਮੋਨੋਆਕਸਾਈਡ ਅਤੇ ਆਕਸੀਜਨ ਬਣਾਉਂਦੇ ਹਨ। ਕਲੋਰੀਨ ਦਾ ਇੱਕ ਪ੍ਰਮਾਣੂ ਓਜ਼ੋਨ ਦੇ ਇਕ ਲੱਖ ਅਣੂਆਂ ਨੂੰ ਨਸ਼ਟ ਕਰਦਾ ਹੈ। ਇਸ ਤਰਾਂ ਸੀ.ਐਫ.ਸੀ. ਗੈਸ ਨੇ ਸੁਰਖਿਆ ਕਵਚ ਵਿਚ ਛੇਕ ਕਰ ਕੇ ਮਨੁੱਖ ਦੇ ਨਾਲ ਨਾਲ ਹੋਰ ਛੋਟੇ ਵੱਡੇ ਜੀਵ ਜੰਤੂਆਂ ਅਤੇ ਬਨਾਸਪਤੀ ਜਗਤ ਦੀ ਹੋਂਦ ਨੂੰ ਵੀ ਖਤਰੇ ਵਿਚ ਪਾ ਦਿੱਤਾ ਹੈ। ਐਂਟਾਰਕਟਿਕਾ ਮਹਾਂਦੀਪ ਵਿਚ ਓਜ਼ੋਨ ਪਰਤ ਵਿਚ ਪਾਇਆ ਗਿਆ ਛੇਕ ਵਧਦੇ ਵਧਦੇ ਇੱਕ ਮਹਾਂਦੀਪ ਜਿਤਨਾ ਹੋ ਚੁੱਕਿਆ ਹੈ। ਖੋਜ ਕਰਤਾਵਾਂ ਅਨੁਸਾਰ ਇਸ ਛੇਕ ਵਿਚ ਹਰ ਇਕ ਸੈਂਟੀਮੀਟਰ ਦੇ ਵਾਧੇ ਨਾਲ ਲਗਭਗ ਚਾਲੀ ਹਜ਼ਾਰ ਵਿਅਕਤੀ ਪਰਾ-ਬੈਂਗਨੀ ਕਿਰਨਾਂ ਤੋਂ ਪੈਦਾ ਰੋਗਾਂ ਦੀ ਲਪੇਟ ਵਿਚ ਆ ਸਕਦੇ ਹਨ। ਇਹ ਵੀ ਚਿਤਾਵਨੀ ਦਿਤੀ ਗਈ

ਹੈ ਕਿ ਜੇਕਰ ਇਹ ਛੇਕ ਵਧਦਾ ਗਿਆ ਤਾਂ ਧਰਤੀ ਨੂੰ ਗਰੀਨ ਹਾਊਸ ਬਣਨ ਵਿਚ ਜ਼ਿਆਦਾ ਦੇਰ ਨਹੀਂ ਲਗੇਗੀ।

ਜਲਵਾਯੂ ਅਤੇ ਮੌਸਮ ਪ੍ਰਣਾਲੀ ਵਿਚ ਤਬਦੀਲੀਆਂ ਦੇ ਨਾਲ ਨਾਲ ਹੋਰ ਕਈ ਨਵੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਜਿਨ੍ਹਾਂ ਦਾ ਹੱਲ ਭਵਿੱਖ ਵਿਚ ਵੀ ਸੰਭਵ ਨਹੀਂ ਹੋ ਸਕੇਗਾ। ਵਿਸ਼ਵ ਸਾਹਮਣੇ ਇਹ ਗੰਭੀਰ ਸਮੱਸਿਆ ਹੈ ਕਿ ਓਜ਼ੋਨ ਪਰਤ ਦੇ ਰੂਪ ਵਿਚ ਸਾਡੇ ਉਪਰ ਜੋ ਸੁਰਖਿਆ ਕਵਚ ਮੌਜੂਦ ਹੈ, ਉਹ ਖੁਰ ਰਿਹਾ ਹੈ। ਇਸ ਸਮੱਸਿਆ ਦੇ ਤੁਰੰਤ ਹਲ ਲੱਭਣ ਲਈ ਯਤਨਸ਼ੀਲ ਹੋਣਾ ਪਵੇਗਾ ਅਤੇ ਇਸ ਲਈ ਸਾਨੂੰ ਸੀ.ਐਫ.ਸੀ. ਰਸਾਇਣ ਯੋਗਿਕਾਂ ਦੇ ਪ੍ਰਯੋਗ ਵਿਚ ਪੂਰਨ ਮਨਾਹੀ ਅਪਨਾਉਣੀ ਪਵੇਗੀ। ਇਸ ਗੱਲ ਲਈ ਤਿਆਰ ਹੋਣਾ ਪਵੇਗਾ ਕਿ ਹੋਰ ਕਿਸੇ ਬਦਲਵੇਂ ਰਸਾਇਣ ਦਾ ਨਿਰਮਾਣ ਕੀਤਾ ਜਾਵੇ ਜਿਸ ਵਿਚ ਕਲੋਰੀਨ ਗੈਸ ਪੈਦਾ ਹੀ ਨਾ ਹੋਵੇ ਅਤੇ ਜੇਕਰ ਹੋਵੇ ਤਾਂ ਉਹ ਗੈਸ ਓਜ਼ੋਨ ਪਰਤ ਤਕ ਪੁਜਣ ਤੋਂ ਪਹਿਲਾਂ ਵਿਘਟਿਤ ਹੋ ਜਾਵੇ ਤੇ ਉਸ ਪਰਤ ਨੂੰ ਨੁਕਸਾਨ ਨਾ ਪੁਚਾ ਸਕੇ। ਅਮਰੀਕਾ ਵਲੋਂ 1991 ਵਿਚ ਇੱਕ ਉਪਰ ਅਟਮਸਫੀਅਰ ਰੀਸਰਚ ਸੇਟੇਲਾਈਟ ਉਪਗ੍ਰਹਿ ਪੁਲਾੜ ਵਿਚ ਸਥਾਪਤ ਕੀਤਾ ਜਾ ਚੁਕਾ ਹੈ ਜਿਹੜਾ ਓਜ਼ੋਨ ਪਰਤ ਦੀ ਹੋਈ ਬਰਬਾਦੀ ਦੇ ਸਬੰਧ ਵਿਚ ਅੰਕੜੇ ਦੇ ਸਕੇਗਾ। ਇਹ ਜਾਣਕਾਰੀ ਭਰੋਸੇ ਯੋਗ ਹੋਵੇਗੀ ਅਤੇ ਇਸ ਤੋਂ ਪ੍ਰਾਪਤ ਜਾਣਕਾਰੀ ਮਿਲਣ ਉਪਰੰਤ ਸੁਰੱਖਿਆ ਕਵਚ ਵਿਚ ਹੋਏ ਮੌਜੂਦਾ ਛੇਕਾਂ ਨੂੰ ਬੰਦ ਕਰਨ ਲਈ ਪਾਬੰਦੀਆਂ ਲਗਾਉਣੀਆਂ ਪੈ ਸਕਦੀਆਂ ਹਨ ਇਸ ਲਈ ਨੇੜੇ ਭਵਿੱਖ ਵਿਚ ਸਾਨੂੰ ਇਸ ਲਈ ਤਿਆਰ ਰਹਿਣ ਦੀ ਲੋੜ ਹੈ।

# ਮਨ ਮਹਿ ਚਲਹਿ ਵਿਕਾਰ

ਅਸੀਂ ਐਨ.ਐਸ.ਜੀ. (ਨਿਊਕਲੀਅਰ ਸਪਲਾਇਰ ਗਰੁੱਪ) ਵਿਚ ਮੈਂਬਰਸ਼ਿਪ ਲੈਣ ਲਈ ਉਤਾਵਲੇ ਹਾਂ। ਚੀਨ ਦੇ ਵਿਰੋਧ ਕਾਰਣ ਅਸੀਂ ਸਫਲ ਨਹੀਂ ਹੋ ਸਕੇ। ਪਰੰਤੂ ਹਾਲੇ ਵੀ ਯਤਨਸ਼ੀਲ ਹਾਂ ਅਤੇ ਉਮੀਦ ਰੱਖਦੇ ਹਾਂ ਕਿ ਮੈਂਬਰ ਬਣਨ ਵਿਚ ਸਫਲਤਾ ਸਾਡੇ ਪੈਰ ਚੁੰਮੇਗੀ। ਮਿਜ਼ਾਈਲ ਟੈਕਨਾਲੌਜੀ ਕੰਟਰੋਲ ਰਿਜ਼ੀਮ (ਐਮ.ਟੀ.ਸੀ.ਆਰ.) ਵਿਚ ਭਾਰਤ ਦੇ ਸ਼ਾਮਲ ਹੋ ਜਾਣ ਨਾਲ ਅਸੀਂ ਇਸ ਦੇ 35ਵੇਂ ਮੈਂਬਰ ਹੋ ਗਏ ਹਾਂ। ਸਾਰੇ 34 ਮੈਂਬਰਾਂ ਨੇ ਸਹਿਮਤੀ ਜਤਾਈ ਕਿ ਅਸੀਂ ਮੈਂਬਰਸ਼ਿਪ ਦੇ ਮਾਪਦੰਡ ਪੂਰੇ ਕਰਦੇ ਹਾਂ। ਇਹ ਸਾਡੀ ਤਰੱਕੀ ਦੀ ਦਾਸਤਾਨ ਹੈ ਅਤੇ ਤਸਵੀਰ ਦਾ ਇੱਕ ਪਾਸਾ ਹੈ। ਤਸਵੀਰ ਦੇ ਦੂਜੇ ਪਾਸੇ ਵੱਲ ਵੀ ਝਾਤ ਮਾਰਨੀ ਬਣਦੀ ਹੈ ਕੇਵਲ ਇੱਕ ਪਾਸਾ ਦੇਖ ਭਰਮ ਪਾਲਣਾ ਠੀਕ ਨਹੀਂ ਹੈ। ਤਸਵੀਰ ਦੇ ਦੂਜੇ ਪਾਸੇ ਸਾਡੀ ਜਵਾਨ ਪੀੜੀ ਨਸ਼ਿਆਂ ਵਿਚ ਗਲਤਾਨ ਦਿਖਾਈ ਦੇ ਰਹੀ ਹੈ। ਪੰਜਾਬ ਦਾ ਜੋਸ਼ੀਲਾ ਗੱਭਰੂ, ਮੁੱਛ ਫੁਟ ਜਵਾਨ, ਜਵਾਨੀ ਦੇ ਨਸ਼ੇ ਵਿਚ ਨੌਂਜਵਾਨ ਦਿਖਾਈ ਨਹੀਂ ਦੇ ਰਿਹਾ ਹੈ। ਸਗੋਂ ਉਸ ਦੀ ਦਿੱਖ ਇੱਕ ਮਾੜੂਆ ਜਿਹਾ ਬੰਦਾ ਜਿਸ ਦੇ ਹੱਥ ਵਿਚ ਨਸ਼ੇ ਦੀ ਬੋਤਲ, ਨਸ਼ੀਲੀਆਂ ਦਵਾਈਆਂ ਜਾਂ ਨਸ਼ੇ ਦੇ ਟੀਕੇ ਹਨ, ਵਰਗੀ ਹੈ। ਜਵਾਨੀ ਨਸ਼ੇ ਵਿਚ ਡੁੱਬ ਰਹੀ ਹੈ। ਸਕੂਲਾਂ ਅਤੇ ਕਾਲਜਾਂ ਦੇ ਮੁੰਡੇ ਨਸ਼ਾ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਉਹ ਵੱਖ ਵੱਖ ਕਿਸਮਾਂ ਦੇ ਨਸ਼ਿਆਂ ਦਾ ਸੇਵਨ ਕਰਦੇ ਹਨ ਅਤੇ ਖੁਸ਼ ਫਹਿਮੀ ਦਾ ਸ਼ਿਕਾਰ ਹਨ। ਨਸ਼ੇ ਵਿਚ ਮਸਤ ਝੂਮਦੇ ਹਨ ਅਤੇ ਕਥਿਤ ਤੌਰ ਤੇ ਝੂਠਾ ਅਨੰਦ ਪ੍ਰਾਪਤ ਕਰ ਰਹੇ ਹਨ। ਇਸ ਤਰ੍ਹਾਂ ਨਾਲ ਅਸੀਂ ਇੱਕ ਬੀਮਾਰ ਸਮਾਜ ਨੂੰ ਜਨਮ ਦੇ ਰਹੇ ਹਾਂ। ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ।

ਪੰਜਾਬ ਵਿਚ ਬੱਚਿਆਂ ਵਲੋਂ ਇਹ ਗੀਤ ਗਾਇਆ ਜਾਂਦਾ ਸੀ ਕਿ

**ਪਾਪਾ ਜੀ ਨਾ ਪੀਓ ਸ਼ਰਾਬ, ਮੈਨੂੰ ਲੈ ਦਿਓ ਇੱਕ ਕਿਤਾਬ**

ਬੱਚੇ ਆਪਣੇ ਬਾਪ ਚਾਚੇ ਅਤੇ ਵਡਿਆਂ ਭਰਾਵਾਂ ਨੂੰ ਇਹ ਤਰਲਾ ਕਰਦੇ ਦਿਖਾਈ ਦਿੰਦੇ ਹਨ ਕਿ ਸ਼ਰਾਬ ਨਾ ਪੀਤੀ ਜਾਵੇ ਅਤੇ ਬੱਚਤ ਕਰ ਕੇ ਉਸ ਨੂੰ ਕਿਤਾਬਾਂ ਖਰੀਦ ਕੇ ਦਿਤੀਆਂ ਜਾਣ ਤਾਂ ਜੋ ਉਹ ਪੜ੍ਹ ਲਿਖ ਕੇ ਆਪਣੇ ਪੈਰਾਂ ਉਪਰ ਖੜਾ ਹੋ ਸਕੇ ਅਤੇ ਘਰ ਦੀ ਮੰਦੀ ਹਾਲਤ ਨੂੰ ਸੁਧਾਰ ਸਕੇ। ਸਰਕਾਰ ਵਲੋਂ ਆਪਣੀ ਆਮਦਨ ਦੇ ਵਾਧੇ ਦੀ ਮਨਸ਼ਾ ਨਾਲ ਅਤੇ ਲੋਕਾਂ ਨੂੰ ਅਹਿਸਾਸ ਕਰਵਾਣ ਲਈ ਕਿ ਵਿਦਿਅਕ ਸੁਧਾਰ ਕਰਨ ਲਈ ਹੋਰ ਟੈਕਸ ਲਾਉਣ ਦੀ ਲੋੜ ਹੈ। ਹਰ ਬੋਤਲ ਦੀ ਵਿਕਰੀ ਉਪਰ ਵਿਦਿਆ ਸੈੱਸ ਲਾ ਦਿਤਾ ਗਿਆ ਤਾਂ ਬਚੇ ਇਹ ਕਹਿਣ ਲੱਗ ਪਏ ਕਿ :

**ਪਾਪਾ ਜੀ ਹੋਰ ਪੀਓ ਸ਼ਰਾਬ**

ਭੋਲੇ ਭਾਲੇ ਬਚੇ ਸਮਝਣ ਲੱਗੇ ਕਿ ਵਿਦਿਆ ਟੈਕਸ ਲੱਗਣ ਨਾਲ ਸਕੂਲਾਂ ਵਿਚ ਹੋਰ ਸਹੂਲਤਾਂ ਮਿਲਣਗੀਆਂ ਅਤੇ ਵਿਦਿਅਕ ਸੁਧਾਰ ਕੀਤੇ ਜਾਣਗੇ ਜਿਸ ਨਾਲ ਸਾਡਾ ਅਤੇ ਅਗਲੀਆਂ ਪੀੜ੍ਹੀਆਂ ਦਾ ਭਵਿੱਖ ਸੰਵਰੇਗਾ। ਇਸ ਤਰ੍ਹਾਂ ਨਾਲ ਸ਼ਰਾਬ ਤੇ ਰੋਕ ਟੋਕ ਹਟ ਗਈ ਅਤੇ ਸ਼ਰਾਬ ਨਸ਼ਾ ਨਾ ਰਹੀ। ਬੱਚਿਆਂ ਦਾ ਸੁਪਨਾ ਛੇਤੀ ਹੀ ਟੁੱਟ ਗਿਆ ਜਦੋਂ ਘਰਾਂ ਦੇ ਹਾਲਾਤ ਨਸ਼ਿਆਂ ਦੇ ਕਾਰਣ ਹੋਰ ਨਿੱਘਰਨ ਲੱਗ ਪਏ। ਜਦੋਂ ਕਿਸੇ ਦੀ ਸ਼ਰਾਬ ਪੀਤੀ ਹੁੰਦੀ ਸੀ ਉਸ ਨੂੰ ਘਰ ਵਿਚ ਪੁੱਛਿਆ ਜਾਂਦਾ ਸੀ ਕਿ ਤੂੰ ਸ਼ਰਾਬ ਪੀ ਕੇ ਆਇਆ ਹੈਂ ਤਾਂ ਉਹ ਝੂਠ ਬੋਲ ਦਿੰਦਾ ਸੀ ਅਤੇ ਉਸ ਕੋਲੋਂ ਆ ਰਹੀ ਦੁਰਗੰਧ ਚੁਗਲੀ ਕਰ ਦਿੰਦੀ ਸੀ ਅਤੇ ਭੇਦ ਖੁਲ੍ਹ ਜਾਇਆ ਕਰਦਾ ਸੀ। ਪਰੰਤੂ ਹੁਣ ਤਾਂ ਸਥਿਤੀ ਬਦਲ ਚੁਕੀ ਹੈ, ਸ਼ਰਾਬ ਦੀ ਗੱਲ ਤਾਂ ਹੁਣ ਕੀ ਕਰਨੀ ਹੈ ਹੁਣ ਤਾਂ ਹੋਰ ਭਿਆਨਕ ਨਸ਼ੇ ਵਰਤੇ ਜਾ ਰਹੇ ਹਨ ਜਿਨ੍ਹਾਂ ਦੀ ਦੁਰਗੰਧ ਵੀ ਚੁਗਲੀ ਨਹੀਂ ਕਰਦੀ ਅਤੇ ਜਿਨ੍ਹਾਂ ਦਾ ਪਤਾ ਕੁਝ ਸਮਾਂ ਲੰਘਣ ਤੋਂ ਬਾਅਦ ਲੱਗਦਾ ਹੈ ਉਸ ਵਕਤ ਬਹੁਤ ਦੇਰ ਹੋ ਚੁਕੀ ਹੁੰਦੀ ਹੈ ਅਤੇ ਨਸ਼ਾ ਕਰਨ ਵਾਲੇ ਨੂੰ ਮੁਖ ਧਾਰਾ ਵਿਚ ਮੋੜ ਕੇ ਲਿਆਣਾ ਮੁਸ਼ਕਿਲ ਹੀ ਨਹੀਂ ਅਸੰਭਵ ਹੋ ਜਾਂਦਾ ਹੈ।

ਨਸ਼ੀਲੀਆਂ ਦਵਾਈਆਂ ਦੀ ਵਿਕਰੀ ਜ਼ੋਰਾਂ 'ਤੇ ਹੈ। ਨਸ਼ੀਲੀਆਂ ਅਤੇ ਨਕਲੀ ਦਵਾਈਆਂ ਦੀਆਂ ਫੈਕਟਰੀਆਂ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ। ਇਨ੍ਹਾਂ ਲੋਕਾਂ ਦਾ ਉਦੇਸ਼ ਕੇਵਲ ਤੇ ਕੇਵਲ ਲਾਭ ਕਮਾਉਣਾ ਹੈ। ਆਪਣੇ ਲਾਭ ਕਮਾਉਣ ਦੇ ਮੰਤਵ ਨੂੰ ਮੁਖ ਰੱਖ ਉਹ ਜਵਾਨੀ ਨੂੰ ਬਰਬਾਦ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੇ ਹਨ। ਵੱਖ ਵੱਖ ਕਿਸਮਾਂ ਦੇ ਲੋਕ ਇਸ ਧੰਦੇ ਵਿਚ ਲੱਗੇ ਹੋਏ ਹਨ। ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹ ਰਹੇ ਨੌਜੁਵਾਨ ਕੁਰਾਹੇ ਪਾਏ ਜਾ ਰਹੇ ਹਨ। ਹੁਣ ਤਾਂ ਲੜਕੀਆਂ ਨੂੰ ਵੀ ਨਸ਼ੇ ਸੇਵਨ ਕਰ ਗਲਤ ਹਰਕਤਾਂ ਕਰਦੇ ਹੋਏ ਦੇਖਿਆ ਜਾ ਸਕਦਾ ਹੈ। ਪ੍ਰਚਾਰ ਮੀਡੀਆ ਵੀ ਇਸ ਨੂੰ ਬੜ੍ਹਾਵਾ ਦੇਣ ਵਿਚ ਪਿੱਛੇ ਨਹੀਂ ਹੈ। ਨੌਜਵਾਨ ਪੀੜ੍ਹੀ ਛੇਤੀ ਛੇਤੀ ਸੁਖ ਸਹੂਲਤਾਂ ਪ੍ਰਾਪਤ ਕਰਨ ਲਈ ਨਸ਼ੇ ਕਰ ਰਹੀ ਹੈ। ਪੜ੍ਹੇ ਲਿਖੇ ਬੇਰੁਜ਼ਗਾਰ ਇਸ ਪਾਸੇ ਵਲ ਖਿਚੇ ਜਾ ਰਹੇ ਹਨ। ਟੋਕਰਾ ਟੋਕਰਾ ਡਿਗਰੀਆਂ ਚੁਕੀ ਫਿਰਦੇ ਜੁਆਨ ਬੇਰੁਜ਼ਗਾਰ ਹਨ। ਇਕ ਚਪੜਾਸੀ ਦੀ ਅਸਾਮੀ ਲਈ ਉਚੇਰੀ ਡਿਗਰੀ ਵਾਲੇ ਵੀ ਅਰਜ਼ੀ ਦੇ ਦਿੰਦੇ ਹਨ ਕਿ ਸ਼ਾਇਦ ਮੌਕਾ ਮਿਲ ਜਾਵੇ ਤੇ ਉਹ ਘਰ ਪਰਿਵਾਰ ਦਾ ਖਰਚਾ ਚਲਾ ਸਕਣ।

ਸਰਕਾਰ ਅੰਦਰ ਸ਼ਾਮਲ ਨੇਤਾ ਲੋਕ ਕੇਵਲ ਵੋਟ ਬੈਂਕ ਦਾ ਧਿਆਨ ਕਰਦਿਆਂ ਚੋਣਾਂ ਸਮੇਂ ਲਾਰੇ ਲਾ ਕੇ ਕੁਝ ਪੋਸਟਾਂ ਕੱਢ ਅਰਜ਼ੀਆਂ ਮੰਗ ਲੈਂਦੇ ਹਨ ਤੇ ਚੋਣਾਂ ਲੰਘਣ ਬਾਅਦ ਉਹ ਲਾਏ ਹੋਏ ਲਾਰਿਆਂ ਨੂੰ ਭੁੱਲ ਹੋਰ ਕੰਮਾਂ ਵਿਚ ਲੱਗ ਜਾਂਦੇ ਹਨ। ਵਿਚਾਰੇ ਬੇਰੁਜ਼ਗਾਰ ਲਾਰਿਆਂ ਵਿਚ ਆ ਕੇ ਠਗੇ ਗਏ ਮਹਿਸੂਸ ਕਰਦੇ ਹਨ ਅਤੇ ਅਗਲੀਆਂ ਵੋਟਾਂ ਸਮੇਂ ਦੇ ਇੰਤਜ਼ਾਰ ਵਿਚ ਨਸ਼ਿਆਂ ਵਲ ਹੋ ਜਾਂਦੇ ਹਨ। ਵੋਟਾਂ ਸਮੇਂ ਨਸ਼ੇ ਵੀ ਵੋਟਰਾਂ ਨੂੰ ਭਰਮਾਉਣ ਲਈ ਵਰਤੇ ਜਾਂਦੇ ਹਨ। ਪੰਜਾਬ ਵਿਚੋਂ ਇਕ ਪੀੜ੍ਹੀ ਆਤੰਕਵਾਦ ਦੇ ਭੇਟ ਚੜ੍ਹ ਚੁਕੀ ਹੈ ਅਤੇ ਅਗਲੀ ਪੀੜ੍ਹੀ ਨਸ਼ਿਆਂ ਰਾਹੀਂ ਨੁਕਸਾਨੀ ਜਾ ਰਹੀ ਹੈ। ਪੰਜਾਬ ਸਰਕਾਰ ਅੰਕੜਿਆਂ ਦੀ ਮਦਦ ਨਾਲ ਸਿੱਧ ਕਰਨ ਦੇ ਯਤਨਾਂ ਵਿੱਚ ਹੈ ਕਿ ਪੰਜਾਬ ਵਿੱਚ ਨਸ਼ੇ ਬਹੁਤ ਘੱਟ ਹਨ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਜਦੋਂ ਕਿ ਇਕ ਪੰਜਾਬ

ਦੇ ਹੀ ਇਕ ਸੰਸਦ ਮੈਂਬਰ ਨੇ ਦਾਅਵਾ ਕੀਤਾ ਹੈ ਕਿ ਵਰਤੇ ਜਾ ਰਹੇ ਅੰਕੜੇ ਬਹੁਤ ਪੁਰਾਣੇ ਹਨ ਤੇ ਉਮਰ ਵਿਹਾਅ ਚੁੱਕੇ ਹਨ। ਉਹਨਾਂ ਦੀ ਮਦਦ ਨਾਲ ਗਲਤ ਸਿੱਟੇ ਕੱਢੇ ਜਾ ਰਹੇ ਹਨ ਅਤੇ ਅਸਲ ਸਮਸਿਆ ਤੋਂ ਪਾਸਾ ਵੱਟਣ ਦੇ ਯਤਨ ਹਨ ਜੋ ਇਕ ਸੁਹਿਰਦ ਸਰਕਾਰ ਲਈ ਬਿਲਕੁਲ ਵੀ ਠੀਕ ਨਹੀਂ ਹੈ।

ਸਰਕਾਰਾਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਲੋਕ ਭਲਾਈ ਲਈ ਕੰਮ ਕਰਦੇ ਹੋਏ ਰੁਜ਼ਗਾਰ ਦੇ ਮੌਕੇ ਪੈਦਾ ਕਰੇ ਤਾਂ ਜੋ ਆ ਰਹੀ ਪੀੜ੍ਹੀ ਨੂੰ ਰੁਜ਼ਗਾਰ ਦਿਤਾ ਜਾ ਸਕੇ ਅਤੇ ਉਹ ਉਸਾਰੂ ਸੋਚ ਵਲ ਮੁੜਨ ਅਤੇ ਰੁਜ਼ਗਾਰ ਪ੍ਰਾਪਤ ਕਰ ਆਪਣੇ ਘਰ ਪਰਿਵਾਰ ਦੀ ਯੋਗ ਦੇਖ ਭਾਲ ਕਰ ਸਕਣ। ਸਰਕਾਰ ਵਲੋਂ ਉਚਿਤ ਧਿਆਨ ਦੇਣ ਦੀ ਲੋੜ ਹੈ। ਸਾਰੀਆਂ ਸਮਾਜਕ ਜਥੇਬੰਦੀਆਂ ਨੂੰ ਮਿਲ ਕੇ ਯਤਨ ਕਰਨ ਚਾਹੀਦੇ ਹਨ ਅਤੇ ਸਰਕਾਰਾਂ ਨੂੰ ਇਸ ਗੰਭੀਰ ਸਮਸਿਆਂ ਨੂੰ ਹਲ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ। ਜੇਕਰ ਅਸੀਂ ਕੇਵਲ ਨਸ਼ਿਆਂ ਦੀ ਕੇਵਲ ਨਿੰਦਾ ਹੀ ਕਰਦੇ ਰਹਾਂਗੇ ਤਾਂ ਕੁਝ ਸੰਵਰਨ ਦੀ ਆਸ ਰੱਖਣਾ ਬੇਕਾਰ ਹੈ। ਸਾਰਥਕ ਯਤਨ ਕੀਤੇ ਜਾਣੇ ਲੋੜੀਂਦੇ ਹਨ।

ਇਕ ਵਿਦਵਾਨ ਦੇ ਅਨੁਸਾਰ

It is better to light a candle than to curse darkness.

ਅਰਥਾਤ ਹਨੇਰੇ ਨੂੰ ਭੰਡੀ ਜਾਣ ਤੋਂ ਬੇਹਤਰ ਹੈ ਕਿ ਇਕ ਦੀਪ (ਮੋਮਬੱਤੀ) ਜਗਾ ਲਈ ਜਾਵੇ।

ਬਹੁਤ ਦੇਰ ਹੋ ਚੁੱਕੀ ਹੈ। ਉਪਰਾਲੇ ਅੱਜ ਤੋਂ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ। ਨੌਜੁਆਨ ਪੀੜ੍ਹੀ ਨੂੰ ਖੇਡਾਂ ਵਲ ਉਤਸ਼ਾਹਿਤ ਕੀਤਾ ਜਾਵੇ। ਖਿਡਾਰੀਆਂ ਵਿਚ ਸਹਿਯੋਗ, ਮਿਲਵਰਤਨ ਆਦਿ ਜਿਹੇ ਅਤੇ ਹੋਰ ਚੰਗੇ ਗੁਣ ਪੈਦਾ ਕੀਤੇ ਜਾਣੇ ਲੋੜੀਦੇ ਹਨ। ਹਰ ਸਫਲ ਖਿਡਾਰੀ ਤੰਦਰੁਸਤ ਸਮਾਜ ਦਾ ਅਹਿਮ ਅੰਗ ਹੁੰਦੇ ਹਨ। ਖੇਡ ਕਲੱਬਾਂ ਆਦਿ ਬਣਾ ਕੇ ਉਨ੍ਹਾਂ ਦੀ ਮਦਦ ਕਰਨ ਦੀ ਲੋੜ ਹੈ। ਜਵਾਨਾਂ ਵਿਚ ਅਥਾਹ ਸ਼ਕਤੀ ਹੁੰਦੀ ਹੈ ਉਸ ਨੂੰ ਸੇਧ ਦੇਣ ਦੀ ਲੋੜ ਹੈ। ਜੁਆਨਾਂ ਨੂੰ ਠੀਕ ਰਸਤਾ ਦੱਸ ਉਸ ਉਪਰ ਚਲਣ ਲਈ ਪ੍ਰੇਰਿਤ ਕਰਨ ਦੀ ਲੋੜ ਹੈ। ਠੋਸ ਯਤਨਾਂ ਸਦਕਾ ਨਸ਼ੇ ਦੇ ਛੇਵੇਂ ਦਰਿਆਂ ਨੂੰ ਬੰਨ੍ਹ ਲਾ ਸਕਣਾ ਸੰਭਵ ਹੈ ਪਰੰਤੂ ਸੁਹਿਰਦ ਯਤਨ ਹੀ ਸਾਰਥਕ ਹੋ ਸਕਦੇ ਹਨ। ਨਸ਼ੇ ਦਾ ਵਗਦਾ ਦਰਿਆ ਕਈ ਘਰਾਂ ਨੂੰ ਉਜਾੜ ਰਿਹਾ ਹੈ ਥੋੜ੍ਹੇ ਜਿਹੇ ਸਮੇਂ ਵਿਚ ਹੀ ਵੱਸਦੇ ਰਸਦੇ ਘਰ ਨਰਕ ਬਣ ਜਾਂਦੇ ਹਨ। ਇਸ ਵਗਦੇ ਦਰਿਆ ਨੂੰ ਰੋਕਣ ਲਈ ਕਦਮ ਚੁੱਕਣ ਦੀ ਲੋੜ ਹੈ। ਨੌਜੁਆਨਾਂ ਨੂੰ ਵੀ ਇਹ ਇਹਸਾਸ ਕਰਵਾਣ ਦੀ ਲੋੜ ਹੈ। ਉਹਨਾਂ ਵਿਚ ਅਥਾਹ ਸ਼ਕਤੀ ਹੈ ਉਸ ਨੂੰ ਪਛਾਣ ਸਹੀ ਪਾਸੇ ਵਲ ਵਰਤੀ ਜਾਵੇ। ਜੁਆਨ ਨਸ਼ਿਆਂ ਦੀ ਝੂਠੀ ਸ਼ਕਤੀ ਤਿਆਗ ਆਪਣੀ ਅਸਲ ਸ਼ਕਤੀ ਉਪਰ ਭਰੋਸਾ ਰੱਖਣ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਸਿਟਿਆਂ ਤੋਂ ਸੁਚੇਤ ਕੀਤਾ ਜਾਣਾ ਲੋੜੀਦਾ ਹੈ। ਇਹ ਗੱਲ ਉਨ੍ਹਾਂ ਨੂੰ ਭੁਲਣੀ ਨਹੀਂ ਚਾਹੀਦੀ ਕਿ ਨਸ਼ਿਆਂ ਦੀ ਉਧਾਰੀ ਸ਼ਕਤੀ ਛੇਤੀ ਹੀ ਖਤਮ ਹੋ ਜਾਂਦੀ ਹੈ ਅਤੇ ਅਸਲ ਸ਼ਕਤੀ ਦਾ ਵੀ ਨੁਕਸਾਨ ਕਰਦੀ ਹੈ।

ਨੌਜੁਆਨਾਂ ਨੂੰ ਚਾਹੀਦਾ ਹੈ ਦੇਸ਼ ਅੰਦਰ ਫੈਲੀਆਂ ਕੁਰੀਤੀਆਂ ਨੂੰ ਖਤਮ ਕਰਨ ਵੱਲ

ਧਿਆਨ ਦੇਣ ਅਤੇ ਕੁਰੀਤੀਆਂ ਨੂੰ ਨਸ਼ਟ ਕਰਨ ਵੱਲ ਅਗੇ ਵਧਣ। ਭ੍ਰਿਸ਼ਟਾਚਾਰ ਦਾ ਨਾਗ ਆਪਣਾ ਸਿਰ ਉਠਾ ਕੇ ਸਾਡੇ ਦੇਸ਼ ਦੀ ਉਨਤੀ ਨੂੰ ਡੱਸ ਰਿਹਾ ਹੈ, ਉਸ ਦਾ ਫਨ ਮਿੱਧਣ ਲਈ ਯਤਨਸ਼ੀਲ ਹੋਣ। ਦਾਜ ਦਹੇਜ ਦੀ ਸਮੱਸਿਆ ਵੀ ਗੰਭੀਰ ਹੈ ਹਰ ਰੋਜ਼ ਕਿੰਨੀਆਂ ਹੀ ਮੁਟਿਆਰਾਂ ਦਾਜ ਦੀ ਬਲੀ ਚੜ੍ਹ ਰਹੀਆਂ ਹਨ। ਭਰੂਣ ਹਤਿਆ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਲੜਕੀਆਂ ਦੀ ਲੋਹੜੀ ਵੀ ਮਨਾਈ ਜਾਣ ਲੱਗ ਪਈ ਹੈ, ਇਹ ਇੱਕ ਚੰਗਾ ਕਦਮ ਹੈ। ਔਰਤਾਂ ਨੂੰ ਵੀ ਕਮਜ਼ੋਰ ਨਹੀਂ ਬਣਨਾ ਚਾਹੀਦਾ। ਦਾਜ ਲੋਭੀਆਂ ਦਾ ਮੁਕਾਬਲਾ ਕਰਨ ਲਈ ਅਗੇ ਆਉਣਾ ਚਾਹੀਦਾ ਹੈ। ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀ ਅਗਵਾਈ ਕਰਨ ਅਤੇ ਲੋਕਾਂ ਨੂੰ ਸਹੀ ਸੇਧ ਦੇਣ। ਜਿਥੇ ਵੀ ਗਲਤ ਹੋ ਰਿਹਾ ਹੈ ਰਿਸ਼ਵਤ ਮੰਗੀ ਜਾ ਰਹੀ ਹੈ ਜਾਂ ਲੋਕਾਂ ਦੇ ਕੰਮਾਂ ਜਾਣ ਬੁਝ ਕੇ ਲਮਕਾਇਆ ਜਾ ਰਿਹਾ ਹੈ, ਸਮਰਥ ਅਧਿਕਾਰੀਆਂ ਤਕ ਪਹੁੰਚ ਕਰ ਕੇ ਦੁਖੀਆਂ ਦੀ ਮਦਦ ਕਰਨ।

ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਸ. ਕਰਤਾਰ ਸਿੰਘ ਸਰਾਭਾ ਦੇ ਜੀਵਨ ਤੋਂ ਸੇਧ ਲੈਣ। ਉਸ ਸਮੇਂ ਦੀਆਂ ਗੁਲਾਮੀ ਆਦਿ ਦੀ ਸਮਸਿਆ ਨੂੰ ਸੁਲਝਾਣ ਵਿਚ ਉਹਨਾਂ ਨੇ ਪੂਰਾ ਯੋਗਦਾਨ ਪਾਇਆ ਸੀ ਅਤੇ ਹੋਰ ਜੁਆਨਾਂ ਦੀ ਅਗਵਾਈ ਕਰ ਲੋਕਾਈ ਨੂੰ ਆਦਰਸ਼ ਬਣ ਵਿਖਾਇਆ ਸੀ ਅਤੇ ਆਪਣੀ ਜਾਨ ਵੀ ਕੁਰਬਾਨ ਕਰ ਦਿਤੀ ਸੀ। ਇਸ ਲਈ ਨੌਜੁਆਨਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈ ਕੇ ਨੇਕ ਕੰਮਾਂ ਵਲ ਵੱਧਣ ਦੀ ਲੋੜ ਹੈ ਨਾ ਕਿ ਨਸ਼ਿਆਂ ਦੇ ਛੇਵੇਂ ਦਰਿਆ ਵਿਚ ਡੁਬਕੀਆਂ ਲਾਉਣ ਦੀ। ਸੋ ਹੁਣ ਦੀ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਸਮਾਜ ਅੰਦਰ ਫੈਲ ਰਹੀ ਨਸ਼ੇ ਦੀ ਬੀਮਾਰੀ, ਦਾਜ ਦਹੇਜ ਦੀ ਲਾਹਨਤ ਅਤੇ ਭ੍ਰਿਸ਼ਟਾਚਾਰ ਦਾ ਡਟ ਕੇ ਮੁਕਾਬਲਾ ਕਰਨ। ਸਰਕਾਰ ਦਾ ਧਿਆਨ ਇਸ ਪਾਸੇ ਵਲ ਆਕਰਸ਼ਿਤ ਕਰਨ ਦਾ ਭਰਪੂਰ ਯਤਨ ਕਰਨ। ਸਾਡੀਆਂ ਸਮਾਜਕ ਜਥੇਬੰਦੀਆਂ ਨੂੰ ਵੀ ਜੁਆਨਾਂ ਨੂੰ ਆਪਣੇ ਨਾਲ ਲੈ ਕੇ ਸਹੀ ਸੇਧ ਦੇਣ। ਇਸ ਲਈ ਮਾਪਿਆਂ ਦੀ ਹਾਲਤ ਸੁਧਾਰਨ ਵਾਲੇ ਪਾਸੇ ਕਦਮ ਵਧਾਉਣ ਦੀ ਲੋੜ ਹੈ ਨਾ ਕਿ ਨਸ਼ਿਆਂ ਵਿਚ ਮਸਤ ਹੋ ਕੇ ਘਰ ਦੀ ਹਾਲਤ ਨੂੰ ਹੋਰ ਬਦਤਰ ਕਰਨ ਵਾਲੇ ਪਾਸੇ ਕਦਮ ਚੁੱਕਣ।

ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀਰਾਗੁ ਵਿਚ ਉਚਾਰਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਗ 16 ਉਤੇ ਸੁਭਾਏਮਾਨ ਹੈ ਕਿ :

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥**

ਉਸ ਦੇ ਅਰਥ ਵੀ ਇਸ ਤਰ੍ਹਾਂ ਕੀਤੇ ਗਏ ਹਨ ਕਿ ਹੈ ਭਾਈ! ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਮਨ ਵਿਚ ਕਈ ਗੰਦੇ ਖਿਆਲ ਤੁਰ ਪੈਂਦੇ ਹਨ ਉਹਨਾਂ ਪਦਾਰਥਾਂ ਨੂੰ ਖਾਣ ਨਾਲ ਖੁਆਰ ਹੋਈਦਾ ਹੈ। ਇਹ ਇਸ਼ਾਰਾ ਨਸ਼ਿਆਂ ਵਲ ਹੀ ਹੈ ਅਤੇ ਜਦੋਂ ਸਾਨੂੰ ਸਾਡੇ ਰਹਿਬਰ ਨੂੰ ਸਹੀ ਸੇਧ ਦਿਤੀ ਹੈ ਅਤੇ ਅਸੀਂ ਉਸ ਸੇਧ ਤੋਂ ਵੀ ਮੁੱਖ ਮੋੜ ਲਿਆ ਹੈ ਤਾਂ ਸਾਡੀ ਖੁਆਰੀ ਯਕੀਨੀ ਹੀ ਹੈ। ਇਸ ਲਈ ਜ਼ਰੂਰੀ ਹੈ ਅਸੀਂ ਨਸ਼ਿਆਂ ਤੋਂ ਤੋਬਾ ਕਰੀਏ ਅਤੇ ਸਿਧੇ ਰਾਹ ਚਲੀਏ ਜੋ ਸਾਨੂੰ ਸਾਡੇ ਗੁਰੂ ਸਾਹਿਬਾਨਾਂ ਨੇ ਦੱਸਿਆ ਉਸ ਰਾਹ 'ਤੇ ਹੀ ਚਲੀਏ। ਅਸੀਂ ਆਪਣੀ ਠੀਕ ਮੰਜ਼ਲ ਵਲ ਵਧਾਂਗੇ ਵਰਨਾ ਸਾਡੇ ਪਲੇ ਭਟਕਣਾ ਹੀ ਰਹੇਗੀ।

# ਕਾਲੀ ਕੋਇਲ ਤੂ ਕਿਤ ਗੁਨ ਕਾਲੀ

ਰੰਗਾਂ ਦੀ ਦੁਨੀਆਂ ਬੜੀ ਹੀ ਸੁਹਾਵਣੀ ਹੈ। ਹਰ ਧਰਤੀ 'ਤੇ ਆਇਆ ਮਨੁੱਖ ਆਪਣੀ ਜ਼ਿੰਦਗੀ ਨੂੰ ਰੰਗਾਂ ਨਾਲ ਭਰਪੂਰ ਵੇਖਣੀ ਲੋਚਦਾ ਹੈ। ਸਾਨੂੰ ਦੇਖਣ ਸਮੇਂ ਸਤਰੰਗੀ ਪੀਂਘ ਬਹੁਤ ਹੀ ਸੁੰਦਰ ਜਾਪਦੀ ਹੈ। ਇਸ ਵਿਚਲੇ ਰੰਗਾਂ ਦੀ ਤਰਤੀਬ ਵਿਚ ਇਕ ਪਾਸੇ ਤੋਂ ਬੈਂਗਣੀ ਰੰਗ ਤੋਂ ਸ਼ੁਰੂ ਹੋ ਕੇ ਲਾਲ ਰੰਗ ਤੇ ਖਤਮ ਹੁੰਦੀ ਹੈ। ਪ੍ਰਕਾਸ਼ ਵੀ ਸਤ ਰੰਗਾਂ ਦੇ ਮੇਲ ਤੋਂ ਬਣਿਆ ਹੋਇਆ ਹੈ। ਇਹ ਰੰਗ ਹਨ :

1. ਬੈਂਗਣੀ, 2. ਨੀਲਾ, 3. ਅਸਮਾਨੀ, 4. ਹਰਾ, 5. ਪੀਲਾ, 6. ਨਾਰੰਗੀ, 7. ਲਾਲ

ਕਿਸੇ ਵਸਤੂ ਦਾ ਰੰਗ ਕਿਹੜਾ ਹੈ ਇਹ ਇਸ ਸਿਧਾਂਤ ਤੇ ਅਧਾਰਿਤ ਹੈ ਕਿ ਉਹ ਵਸਤੂ ਕਿਸ ਰੰਗ ਨੂੰ ਜਜ਼ਬ ਕਰ ਸਕਦੀ ਹੈ ਤੇ ਕਿਸ ਰੰਗ ਨੂੰ ਜਜ਼ਬ ਨਹੀਂ ਕਰ ਸਕਦੀ। ਜਿਵੇਂ ਘਾਹ ਆਮ ਤੌਰ 'ਤੇ ਹਰਾ ਹੁੰਦਾ ਹੈ ਉਸ ਦਾ ਕਾਰਣ ਇਹ ਹੈ ਕਿ ਪ੍ਰਕਾਸ਼ ਦੇ ਸਤ ਰੰਗਾਂ ਵਿਚੋਂ ਹਰੇ ਰੰਗ ਤੋਂ ਬਿਨਾਂ ਬਾਕੀ ਦੇ ਛੇ ਰੰਗ ਘਾਹ ਵਲੋਂ ਜਜ਼ਬ ਕਰ ਲਏ ਜਾਂਦੇ ਹਨ ਅਤੇ ਹਰਾ ਜਜ਼ਬ ਨਹੀਂ ਹੁੰਦਾ, ਇਸ ਲਈ ਘਾਹ ਹਰਾ ਹੁੰਦਾ ਹੈ। ਇਸ ਤਰ੍ਹਾਂ ਜੇਕਰ ਕਿਸੇ ਵਸਤੂ ਦੁਆਰਾ ਪ੍ਰਕਾਸ਼ ਦੇ ਸੱਤੇ ਰੰਗ ਜਜ਼ਬ ਕਰ ਲਏ ਜਾਂਦੇ ਹਨ ਤਾਂ ਵਸਤੂ ਸਫੈਦ ਨਜ਼ਰ ਆਉਂਦੀ ਹੈ ਅਤੇ ਜੇਕਰ ਕੋਈ ਵਸਤੂ ਕੋਈ ਵੀ ਰੰਗ ਜਜ਼ਬ ਨਹੀਂ ਕਰ ਸਕਦੀ ਤਾਂ ਵਸਤੂ ਕਾਲੀ ਨਜ਼ਰ ਆਉਂਦੀ ਹੈ। ਇਸ ਲਈ ਕਾਲਾ ਅਤੇ ਸਫੈਦ ਰੰਗ ਕੋਈ ਰੰਗ ਨਹੀਂ ਹਨ।

ਬਾਬਾ ਫਰੀਦ ਜੀ ਵਲੋਂ ਲਿਖੀ ਸੂਹੀ ਰਾਗ, ਜੋ ਕਿ ਸਿੱਖਾਂ ਦੇ ਵਰਤਮਾਨ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਦਰਜ ਹੈ, ਵਿਚ ਵੀ ਕਾਲੀ ਕੋਇਲ ਦੇ ਸਬੰਧ ਵਿਚ ਸਵਾਲ ਕੀਤਾ ਗਿਆ ਹੈ ਜੋ ਇਸ ਤਰ੍ਹਾਂ ਹੈ :

**ੴ ਸਤਿਗੁਰ ਪ੍ਰਸਾਦਿ ॥**
**ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥**
**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥**
**ਬਾਵਲਿ ਹੋਈ ਸੋ ਸਹੁ ਲੋਰਉ ॥**
**ਤੈ ਸਹਿ ਮਨ ਮਹਿ ਕੀਆ ਰੋਸੁ ॥**
**ਮੁਝੁ ਅਵਗਨ ਸਹ ਨਾਹੀ ਦੋਸੁ ॥੧॥**
**ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥**
**ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥**
**ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥**

**ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥**
**ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥**
**ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥**
**ਵਿਧਣ ਖੂਹੀ ਮੁੰਧ ਇਕੇਲੀ ॥**
**ਨਾ ਕੋ ਸਾਥੀ ਨਾ ਕੋ ਬੇਲੀ ॥**
**ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥**
**ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥**
**ਵਾਟ ਹਮਾਰੀ ਖਰੀ ਉਡੀਣੀ ॥**
**ਖੰਨਿਅਹੁ ਤਿਖੀ ਬਹੁਤੁ ਪਿਈਣੀ ॥**
**ਉਸੁ ਊਪਰਿ ਹੈ ਮਾਰਗੁ ਮੇਰਾ ॥**
**ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ ॥੪॥੧॥** *(ਅੰਗ ੭੯੪)*

ਭਾਈ ਸਾਹਿਬ ਸਿੰਘ ਜੀ ਨੇ ਸਰਲ ਅਰਥਾਂ ਵਿਚ ਦਸਿਆ ਹੈ ਕਿ :

ਹੇ ਮੇਰੇ ਮਾਲਿਕ ! ਮੈਂ ਤੇਰੀ ਕਦਰ ਨਾ ਜਾਤੀ, ਜੁਆਨੀ ਦਾ ਵੇਲਾ ਗਵਾ ਕੇ ਹੁਣ ਪਿਛੋਂ ਮੈਂ ਝੂਰ ਰਹੀ ਹਾਂ।

ਬੜੀ ਦੁਖੀ ਹੋ ਕੇ, ਬੜੀ ਤੜਫ ਕੇ ਮੈਂ ਹੁਣ ਹੱਥ ਮਲ ਰਹੀ ਹਾਂ, ਤੇ ਝੱਲੀ ਹੋ ਕੇ ਹੁਣ ਮੈਂ ਉਸ ਖਸਮ ਨੂੰ ਲੱਭਦੀ ਫਿਰਦੀ ਹਾਂ। ਹੇ ਖਸਮ-ਪ੍ਰਭੂ ! ਤੇਰਾ ਕੋਈ ਦੋਸ਼ (ਮੇਰੀ ਇਸ ਭੈੜੀ ਹਾਲਤ ਬਾਰੇ) ਨਹੀਂ ਹੈ, ਮੇਰੇ ਵਿਚ ਹੀ ਔਗੁਣ ਸਨ, ਤਾਹੀਏਂ ਤੂੰ ਆਪਣੇ ਮਨ ਵਿਚ ਮੇਰੇ ਨਾਲ ਰੋਸਾ ਕੀਤਾ।1।

ਹੁਣ ਮੈਂ ਕੋਇਲ ਨੂੰ ਪੁੱਛਦੀ ਫਿਰਦੀ ਹਾਂ—ਹੇ ਕਾਲੀ ਕੋਇਲ ! ਭਲਾ, ਮੈਂ ਤਾਂ ਆਪਣੇ ਕਰਮਾਂ ਦੀ ਮਾਰੀ ਦੁਖੀ ਹਾਂ ਹੀ, ਤੂੰ ਭੀ ਕਿਉਂ ਕਾਲੀ ਹੋ ਗਈ ਹੈਂ ? ਕੋਇਲ ਭੀ ਇਹੀ ਉੱਤਰ ਦੇਂਦੀ ਹੈ ਮੈਨੂੰ ਮੇਰੇ ਪ੍ਰੀਤਮ ਦੇ ਵਿਛੋੜੇ ਨੇ ਸਾੜ ਦਿੱਤਾ ਹੈ। ਖਸਮ ਤੋਂ ਵਿੱਛੁੜ ਕੇ ਕਿਥੇ ਕੋਈ ਸੁਖ ਪਾ ਸਕਦੀ ਹੈ ? ਪਰ ਜੀਵ-ਇਸਤ੍ਰੀ ਦੇ ਵੱਸ ਦੀ ਗੱਲ ਨਹੀਂ ਹੈ। ਜਦੋਂ ਪ੍ਰਭੂ ਆਪ ਮਿਹਰਬਾਨ ਹੁੰਦਾ ਹੈ ਤਾਂ ਆਪ ਹੀ ਮਿਲਾ ਲੈਂਦਾ ਹੈ।2।

ਇਸ ਜਗਤ-ਰੂਪ ਡਰਾਉਣੀ ਖੂਹੀ ਵਿਚ ਮੈਂ ਜੀਵ-ਇਸਤ੍ਰੀ ਇਕੱਲੀ ਡਿੱਗੀ ਪਈ ਸਾਂ, ਇਥੇ ਕੋਈ ਮੇਰਾ ਸਾਥੀ ਨਹੀਂ, ਮੇਰੇ ਦੁੱਖਾਂ ਵਿਚ ਕੋਈ ਮੇਰਾ ਮਦਦਗਾਰ ਨਹੀਂ। ਹੁਣ ਜਦੋਂ ਪ੍ਰਭੂ ਨੇ ਮੇਹਰ ਕਰ ਕੇ ਮੈਨੂੰ ਸਤਸੰਗ ਵਿਚ ਮਿਲਾਇਆ ਹੈ, ਸਤਸੰਗ ਵਿਚ ਆ ਕੇ ਜਦੋਂ ਮੈਂ ਵੇਖਦੀ ਹਾਂ ਤਾਂ ਮੈਨੂੰ ਮੇਰਾ ਰੱਬ ਬੇਲੀ ਦਿੱਸ ਰਿਹਾ ਹੈ।3।

ਹੇ ਭਾਈ ! ਅਸਾਡਾ ਇਹ ਜੀਵਨ-ਪੰਧ ਬੜਾ ਭਿਆਨਕ ਹੈ, ਖੰਡੇ ਨਾਲੋਂ ਤਿੱਖਾ ਹੈ, ਬੜੀ ਤੇਜ਼ ਧਾਰ ਵਾਲਾ ਹੈ; ਇਸ ਦੇ ਉਤੋਂ ਦੀ ਅਸਾਂ ਲੰਘਣਾ ਹੈ। ਇਸ ਵਾਸਤੇ, ਹੇ ਫਰੀਦ ! ਸਵੇਰੇ ਸਵੇਰੇ ਰਸਤਾ ਸੰਭਾਲ।4।1।

ਬਿਰਹਾ ਬਾਰੇ ਵਰਣਨ ਕਰਦੇ ਹੋਏ ਬਿਰਹਾ ਨੂੰ ਵਿਛਾਵਣ ਵਾਲਾ ਲੇਫ਼ ਆਖਿਆ ਹੈ :

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**
**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥** *(ਅੰਗ ੧੩੭੯)*

ਬਿਰਹਾ ਬਾਰੇ ਵਰਣਨ ਕਰਦੇ ਹੋਏ ਬਿਰਹਾ ਨੂੰ ਸੁਲਤਾਨ ਅਰਥਾਤ ਬਾਦਸ਼ਾਹ ਮੰਨ ਲਿਆ ਹੈ ਉਨ੍ਹਾਂ ਦੇ ਸ਼ਬਦਾਂ ਵਿਚ ਦਰਜ ਹੈ :

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥**
*(ਅੰਗ ੧੩੭੯)*

ਬਿਰਹਾ ਦੇ ਸਬੰਧ ਵਿਚ ਛੋਟੀ ਉਮਰੇ ਸਮਾਜ ਨੂੰ ਅਲਵਿਦਾ ਆਖ ਜਾਣ ਵਾਲਾ ਸ਼ਿਵ ਕੁਮਾਰ ਵੀ ਲਿਖਦਾ ਹੈ :

**ਲੋਕੀਂ ਪੂਜਣ ਰੱਬ ਮੈਂ ਤੇਰਾ ਬਿਰਹੜਾ**

ਕਾਲੇ ਕਾਂ ਦੀ ਸਮਾਜ ਵਿਚ ਇੱਕ ਵਿਸ਼ੇਸ਼ ਥਾਂ ਹੈ, ਜਦੋਂ ਵੀ ਬਨੇਰੇ ਉਤੇ ਕਾਂ ਆਪਣਾ ਕਾਂ-ਕਾਂ ਵਾਲਾ ਰਾਗ ਅਲਾਪਦਾ ਹੈ ਤਾਂ ਘਰ ਵਿਚ ਇਹ ਆਸ ਬਝਦੀ ਹੈ ਕੋਈ ਮਹਿਮਾਨ ਘਰ ਵਿਚ ਦਸਤਕ ਦੇਣ ਵਾਲਾ ਹੈ। ਕਾਲਾ ਰੰਗ ਵੀ ਸੂਫੀਆਂ ਵਲੋਂ ਵਰਤਿਆ ਗਿਆ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਕਾਲਾ ਰੰਗ ਪਹਿਨਣ ਵਾਲੇ ਰੱਬ ਨੂੰ ਪੁਜ ਚੁਕੇ ਹੁੰਦੇ ਹਨ ਅਤੇ ਦਰਵੇਸ਼ ਹਨ। ਤਾਂ ਹੀ ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਦਰਜ ਹੈ ਜੋ ਸਿਖਾਂ ਦੇ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ :

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥**
**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥** *(ਅੰਗ ੧੩੮੧)*

ਧਨ ਜੋ ਕਿ ਕਾਲਾ ਕਿਹਾ ਜਾ ਰਿਹਾ ਹੈ ਉਸ ਦਾ ਜ਼ਿਕਰ ਪਹਿਲਾਂ ਵੀ ਕਦੇ ਕਦੇ ਸੁਣਿਆ ਜਾਂਦਾ ਸੀ ਪਰ ਹੁਣ 2014 ਦੀਆਂ ਚੋਣਾਂ ਵਿਚ ਇਸ ਕਾਲੇ ਧਨ ਸ਼ਬਦ ਦੀ ਵਰਤੋਂ ਬੇਸ਼ੁਮਾਰ ਕੀਤੀ ਗਈ ਹੈ ਅਤੇ ਆਖਿਆ ਗਿਆ ਹੈ ਕਿ ਜੇਕਰ ਕਾਲਾ ਧਨ ਜੋ ਬਾਹਰਲੇ ਬੈਂਕਾਂ ਵਿਚ ਪਿਆ ਹੈ ਉਸ ਨੂੰ ਵਾਪਸ ਆਪਣੇ ਦੇਸ਼ ਵਿਚ ਲੈ ਆਂਦਾ ਜਾਵੇ ਤਾਂ ਹਰ ਭਾਰਤੀ ਅਮੀਰ ਹੋ ਸਕਦਾ ਹੈ ਅਤੇ ਗਰੀਬੀ ਹਟਾਈ ਜਾ ਸਕਦੀ ਹੈ। ਵਾਰ ਵਾਰ ਜਨਤਾ ਨੂੰ ਦਸਿਆ ਗਿਆ ਕਿ ਸਰਕਾਰ ਦੇ ਹੋਂਦ ਵਿਚ ਆਉਂਦਿਆਂ ਹੀ ਪਹਿਲੇ 100 ਦਿਨ ਦੇ ਅੰਦਰ ਕਾਲਾ ਧਨ ਦੇਸ਼ ਵਿਚ ਆ ਜਾਵੇਗਾ।

ਮਾਣਯੋਗ ਅਦਾਲਤਾਂ ਵਿਚ ਕੇਸ ਚਲ ਰਿਹਾ ਹੈ ਅਤੇ ਉਸ ਕੇਸ ਦੇ ਸਬੰਧ ਵਿਚ ਉਨ੍ਹਾਂ ਲੋਕਾਂ ਦੀ ਇੱਕ ਸੂਚੀ ਦਿਤੀ ਗਈ ਹੈ ਜਿਸ ਵਿਚ 627 ਨਾਮ ਸਨ। ਇਹ ਵੀ ਅਖਬਾਰ ਦੀ ਹੀ ਖਬਰ ਹੈ ਕਿ ਲਗਭਗ 300 ਲੋਕਾਂ ਦੇ ਖਾਤੇ ਵਿਚ ਧੇਲਾ ਵੀ ਨਹੀਂ ਹੈ। ਅਤੇ ਹਾਲੇ ਵੀ ਕਿਹਾ ਜਾ ਰਿਹਾ ਹੈ ਕਿ ਕਾਲਾ ਧਨ ਬਾਹਰੋਂ ਦੇਸ਼ ਅੰਦਰ ਲੈ ਕੇ ਆਉਣ ਲਈ ਯਤਨ ਜਾਰੀ ਹਨ। 100 ਦਿਨ ਤਾਂ ਬੀਤ ਚੁਕੇ ਹਨ ਅਤੇ ਹੋਰ ਸਮੇਂ ਦੀ ਮੰਗ ਕੀਤੀ ਜਾ ਰਹੀ ਹੈ। ਜਨਤਾ ਕੀ ਕਰ ਸਕਦੀ ਹੈ ਇਕ ਵਾਰ ਝਾਂਸੇ ਵਿਚ ਆ ਚੁਕੀ ਹੈ 60 ਮਹੀਨੇ ਤਾਂ ਇੰਤਜ਼ਾਰ ਕਰਨਾ ਹੀ ਹੈ। ਅਸੀਂ ਉਸ ਕਾਲੇ ਧਨ ਦੀ ਗੱਲ ਕਰਦੇ ਹਾਂ ਜੋ ਪਹਿਲਾਂ ਜਾ ਚੁਕਾ ਹੈ।

ਹੁਣ ਸਵਾਲ ਇਹ ਹੈ ਕਿ ਕੀ ਅਸੀਂ ਹੁਣ ਸੰਭਲ ਗਏ ਹਾਂ, ਹੁਣ ਹੋਰ ਧਨ ਕਾਲਾ ਨਹੀਂ ਬਣ ਰਿਹਾ ਹੈ। ਕਾਲਾ ਧਨ ਬਨਾਉਣ ਵਾਲੇ ਢੰਗ ਤਰੀਕੇ ਨੂੰ ਅਸੀਂ ਪੜਤਾਲ ਰਹੇ ਹਾਂ ਤਾਂ ਜੋ ਨਵਾਂ ਕਾਲਾ ਧਨ ਹੋਂਦ ਵਿਚ ਨਾ ਆਵੇ। ਇਸ ਲਈ ਅਸੀਂ ਠੋਸ ਕਦਮ ਚੁਕ

ਲਏ ਹਨ। ਮੈਨੂੰ ਜਾਪਦਾ ਹੈ ਕਾਲਾ ਧਨ ਹੋਰ ਤੇ ਹੋਰ ਬਣ ਰਿਹਾ ਹੈ। ਇਥੇ ਇਹ ਗੱਲ ਦਸਣੀ ਵੀ ਜ਼ਰੂਰੀ ਹੈ ਕਿ ਜਦੋਂ 10+2 ਪ੍ਰਣਾਲੀ ਨੂੰ ਲਾਗੂ ਕੀਤਾ ਗਿਆ ਸੀ ਉਸ ਸਮੇਂ ਵਿਦਿਅਕ ਸੁਧਾਰਾਂ ਰਾਹੀਂ ਵਿਦਿਆ ਨੂੰ ਪੂਰਨ ਕਰਨ ਲਈ ਇਕ ਸਾਲ ਦਾ ਸਮਾਂ ਵਧਾ ਦਿਤਾ ਗਿਆ ਸੀ ਅਤੇ ਸੋਚਿਆ ਗਿਆ ਸੀ ਕਿ ਜੋ ਲੋਕ ਪਹਿਲਾਂ ਵਿਦਿਆ ਪ੍ਰਾਪਤ ਕਰ ਚੁਕੇ ਹਨ ਇਕ ਸਾਲ ਵਿਚ ਉਨ੍ਹਾਂ ਨੂੰ ਰੋਜ਼ਗਾਰ ਦੇ ਸਕਾਂਗੇ ਅਤੇ ਹੋਰ ਪੜ੍ਹੇ ਲਿਖੇ ਲੋਕਾਂ ਦੇ ਰੁਜ਼ਗਾਰ ਲਾਇਕ ਹੋਣ ਤਕ ਪਿਛੇ ਕੋਈ ਵੀ ਪੜ੍ਹਿਆ ਲਿਖਿਆ ਬੇਰੁਜ਼ਗਾਰ ਨਹੀਂ ਬਚੇਗਾ। ਪਰ ਯੋਜਨਾ ਅਧੀਨ ਅਜਿਹਾ ਕੁਝ ਨਾ ਹੋ ਸਕਿਆ ਤੇ ਬੇਰੁਜ਼ਗਾਰੀ ਹੋਰ ਛਾਲਾਂ ਮਾਰ ਕੇ ਵਧਣ ਲੱਗੀ। ਪਿਛਲਾ ਬਕਾਇਆ ਵੀ ਜਮ੍ਹਾਂ ਹੋ ਗਿਆ ਇਸ ਤਰ੍ਹਾਂ ਇਹ ਬੇਰੁਜ਼ਗਾਰੀ ਬੇਕਾਬੂ ਹੋ ਚੁਕੀ ਹੈ ਅਤੇ ਨੌਜਵਾਨ ਨਸ਼ਿਆਂ ਦੇ ਆਦੀ ਹੋ ਰਹੇ ਹਨ ਅਤੇ ਸਮੇਂ ਤੋਂ ਪਹਿਲਾਂ ਮੌਤ ਦੇ ਅੰਨ੍ਹੇ ਖੂਹ ਵਲ ਵਧ ਰਹੇ ਹਨ। ਇਹ ਇੱਕ ਗੰਭੀਰ ਚਿੰਤਨ ਦਾ ਵਿਸ਼ਾ ਹੈ।

ਰਾਜਨੀਤੀਵਾਨ ਰੋਜ਼ ਨਵੇਂ ਨਵੇਂ ਲਾਰੇ ਲਾ ਕੇ ਵਿਚਾਰੀ ਜਨਤਾ ਨੂੰ ਭਰਮਾ ਰਹੇ ਹਨ। ਪਿਛਲੀਆਂ ਚੋਣ ਵਿਚ ਇਹ ਵੀ ਕਿਹਾ ਗਿਆ ਸੀ ਕੇ ਜੇਕਰ ਤੁਸੀਂ ਜੇਤਲੀ ਜੀ ਨੂੰ ਜਿਤਾ ਦਿਓ ਤਾਂ ਉਹ ਖ਼ਜ਼ਾਨਾ ਵਿਭਾਗ ਸੰਭਾਲਣਗੇ ਤੇ ਪੰਜਾਬ ਨੂੰ ਨੋਟਾਂ ਦੇ ਭਰੇ ਟਰੱਕ ਮਿਲਣਗੇ। ਭਾਵੇਂ ਉਹ ਲੋਕ ਸਭਾ ਦੀ ਸੀਟ ਹਾਰ ਗਏ ਪਰੰਤੂ ਉਹ ਰਾਜ ਸਭਾ ਦੇ ਐਮ.ਪੀ. ਹੋਣ ਕਾਰਣ ਖ਼ਜ਼ਾਨਾ ਮੰਤਰੀ ਬਣ ਗਏ ਹਨ ਪਰ ਲੋਕ ਹਾਲੇ ਟਰੱਕਾਂ ਨੂੰ ਉਡੀਕ ਰਹੇ ਹਨ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਲਾਰੇ ਜਨਤਾ ਦੀ ਝੋਲੀ ਵਿਚ ਪਾਏ ਜਾਂਦੇ ਹਨ। ਜਨਤਾ ਉਡੀਕ ਰਹੀ ਹੈ ਕਾਲੇ ਧਨ ਦੇ ਕਾਲੇ ਕਾਲੇ ਘਨਘੋਰ ਬੱਦਲ ਕਦੋਂ ਵਰਖਾ ਕਰਨਗੇ?

ਜੇ ਅਸੀਂ ਫਿਲਮਾਂ ਦੇ ਸਿਤਾਰਿਆਂ ਵੱਲ ਨਿਗਾਹ ਮਾਰਦੇ ਹਾਂ ਤਾਂ ਉਥੇ ਵੀ ਫਿਲਮਾਂ ਕਾਲੇ ਧਨ ਨਾਲ ਬਣ ਰਹੀਆਂ ਹਨ। ਕਾਲਾ ਧਨ ਟੈਕਸ ਦੀ ਚੋਰੀ ਨਾਲ ਹੀ ਪੈਦਾ ਹੁੰਦਾ ਹੈ, ਵਪਾਰੀ ਲੋਕ ਟੈਕਸ ਦੀ ਚੋਰੀ ਰਾਹੀਂ ਕਾਲੇ ਧਨ ਦੀ ਉਪਜ ਕਰਦੇ ਹਨ। ਸਰਕਾਰ ਦੇ ਮੁਲਾਜ਼ਮ ਜੋ ਭ੍ਰਿਸ਼ਟ ਹਨ ਤੇ ਰਿਸ਼ਵਤ ਰਾਹੀਂ ਧਨ ਨਾਲ ਜੇਬਾਂ ਹੀ ਨਹੀਂ ਤਿਜੋਰੀਆਂ ਵੀ ਭਰਦੇ ਹਨ, ਉਹ ਵੀ ਕਾਲੇ ਧਨ ਦੀ ਭਰਪੂਰ ਫਸਲ ਵੱਢ ਰਹੇ ਹਨ। ਜੇਕਰ ਅਸੀਂ ਸਚ ਮੁਚ ਹੀ ਕਾਲੇ ਧਨ ਨੂੰ ਖਤਮ ਕਰਨ ਪ੍ਰਤੀ ਸੁਹਿਰਦ ਹਾਂ ਤਾਂ ਸਾਰੀਆਂ ਮੋਰੀਆਂ ਬੰਦ ਕਰਨੀਆ ਪੈਣਗੀਆਂ। ਕਿਸੇ ਕਵੀ ਨੇ ਵਰਣਨ ਕੀਤਾ ਹੈ ਕਿ:

**ਕਾਲਾ ਧਨ ਵੋ ਧਨ ਹੈ ਜਿਸ ਕਾ ਟੈਕਸ ਬਚਾਇਆ ਜਾਤਾ ਹੈ**
**ਅਕਸਰ ਏਹ ਧਨ ਸਾਤ ਸਮੁੰਦਰ ਪਾਰ ਛੁਪਾਇਆ ਜਾਤਾ ਹੈ**
**ਬਾਲੀਵੁਡ ਕੀ ਆਧੀ ਦੁਨੀਆ ਕਾਲੇ ਧਨ ਪਰ ਜ਼ਿੰਦਾ ਹੈ**
**ਚੁਪਕੇ ਚੁਪਕੇ ਚੋਰੀ ਚੋਰੀ ਦੋ ਨੰਬਰ ਕਾ ਧੰਦਾ ਹੈ**
**ਜਬ ਵਾਈਟ ਪੈਸੇ ਸੇ ਬਨਤੀ ਥੀ ਤੋ ਵੋ ਫ਼ਿਲਮੇ ਕਾਲੀ ਥੀ**
**ਨੈਤਿਕਤਾ ਕੀ ਸਭ ਕੋ ਸ਼ਕਤੀ ਸ਼ੁਭ ਸੰਦੇਸ਼ੋਂ ਵਾਲੀ ਥੀ**
**ਕਾਲੇ ਧਨ ਕੀ ਫ਼ਿਲਮੇ ਅਬ ਇੰਦਰ ਧਨੁਸ਼ ਰੰਗੋਂ ਮੇਂ ਹੈਂ**
**ਪਰ ਦੁਨੀਆ ਮੇਂ ਜਗਹ ਹਮਾਰੀ ਨੰਗੋਂ ਔਰ ਭਿਖ ਮੰਗੋਂ ਹੈਂ**

ਇਸ ਲਈ ਇਹ ਜ਼ਰੂਰੀ ਹੈ ਕੇ ਕਾਲੇ ਧਨ ਦੇ ਸਰੋਤਾਂ ਨੂੰ ਬੰਦ ਕੀਤਾ ਜਾਵੇ। ਇਕ

ਵਾਰ ਬੁਧੀਜੀਵੀ ਜਨ ਸੰਖਿਆ ਦੇ ਵਾਧੇ ਉਪਰ ਚਿੰਤਨ ਕਰ ਰਹੇ ਸਨ ਤਾਂ ਵਿਚਾਰ ਆਇਆ ਕਿ ਜੇ ਅਸੀਂ ਅੰਕੜਿਆਂ ਵਲ ਨਿਗਾਹ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਹਰ ਦੋ ਮਿੰਟ ਬਾਅਦ ਇਕ ਬਚੇ ਨੂੰ ਜਨਮ ਦੇ ਦਿੱਤਾ ਜਾਂਦਾ ਹੈ ਤੇ ਸਾਡੀ ਜਨ ਸੰਖਿਆ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਕ ਬੁਧੀ ਜੀਵੀ ਨੇ ਸੁਝਾਵ ਦਿਤਾ ਕਿ ਸਾਨੂੰ ਉਸ ਔਰਤ ਨੂੰ ਮਾਰ ਦੇਣਾ ਚਾਹੀਦਾ ਹੈ ਜੋ ਹਰ ਦੋ ਮਿੰਟ ਬਾਅਦ ਇਕ ਬਚੇ ਨੂੰ ਜਨਮ ਦੇ ਰਹੀ ਹੈ। ਕਾਲੇ ਧਨ ਦੇ ਸੋਮਿਆਂ ਨੂੰ ਬੰਦ ਕਰ ਕੇ ਨਵੇਂ ਪੈਦਾ ਹੋਣ ਵਾਲੇ ਕਾਲੇ ਧਨ ਜੇ ਹਟਾ ਲਿਆ ਜਾਵੇ ਤਾਂ ਸਦੀਆਂ ਕੋਸ਼ਿਸ਼ਾਂ ਰੰਗ ਲਿਆ ਸਕਦੀਆਂ ਹਨ।

# ਵਸਤਾਂ ਦੀ ਖਰੀਦ ਸਮੇਂ ਸਤਰਕਤਾ

ਮਨੁੱਖ ਦੀਆਂ ਬੇਅੰਤ ਲੋੜਾਂ ਹਨ ਅਤੇ ਸਾਰੀਆਂ ਲੋੜਾਂ ਨੂੰ ਕੋਈ ਵੀ ਮਨੁਖ ਆਪ ਪੈਦਾ ਨਹੀਂ ਕਰ ਸਕਦਾ ਅਤੇ ਉਸ ਨੂੰ ਹੋਰ ਮਨੁਖਾਂ ਦੀ ਸਹਾਇਤਾ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਪੈਸੇ ਜਦੋਂ ਹਾਲੇ ਵਰਤੋਂ ਵਿਚ ਨਹੀਂ ਆਏ ਸਨ, ਮਨੁਖ ਇੱਕ ਦੂਸਰੇ ਮਨੁਖ ਤੋਂ ਵਸਤੂਆਂ ਦਾ ਵਟਾਂਦਰਾ ਕਰ ਕੇ ਲੋੜਾਂ ਦੀ ਪੂਰਤੀ ਕਰ ਲਿਆ ਕਰਦਾ ਸੀ। ਪਰੰਤੂ ਰੁਪਈਏ ਪੈਸੇ ਦੀ ਖੋਜ ਨਾਲ ਮਨੁੱਖੀ ਜੀਵਨ ਵਿਚ ਭਾਰੀ ਤਬਦੀਲੀ ਆਈ ਹੈ। ਜਿਵੇਂ ਉਪਰ ਦਸਿਆ ਹੈ ਕਿ ਹਰ ਮਨੁਖ ਸਾਰੀਆਂ ਲੋੜ ਵਾਲੀਆਂ ਵਸਤਾਂ ਆਪ ਪੈਦਾ ਨਹੀਂ ਕਰ ਸਕਦਾ ਉਹ ਆਪਣੀ ਲੋੜ ਦੀਆਂ ਵਸਤਾਂ ਮੰਡੀ ਵਿਚੋਂ ਖਰੀਦ ਕੇ ਲੋੜਾਂ ਦੀ ਪੂਰਤੀ ਕਰ ਲੈਂਦਾ ਹੈ। ਉਹ ਮਨੁਖ ਜੋ ਸੇਵਾ ਦੇ ਖੇਤਰ ਵਿਚ ਹਨ ਅਤੇ ਆਪ ਕੋਈ ਵੀ ਵਸਤੂ ਤਿਆਰ ਨਹੀਂ ਕਰਦੇ ਆਪਣੀਆਂ ਲੋੜਾਂ ਦੀ ਪੂਰਤੀ ਬਜ਼ਾਰ ਵਿਚੋਂ ਵਸਤਾਂ ਪ੍ਰਾਪਤ ਕਰ ਕੇ ਕਰ ਸਕਦੇ ਹਨ।

ਮੰਡੀ ਜਾਂ ਬਜ਼ਾਰ ਉਹ ਥਾਂ ਹੈ ਜਿਥੇ ਵਪਾਰੀਆਂ ਵਲੋਂ ਮਨੁੱਖੀ ਲੋੜ ਦੀਆਂ ਵਸਤਾਂ ਸਜਾ ਕੇ ਰਖੀਆਂ ਜਾਂਦੀਆਂ ਹਨ ਅਤੇ ਹਰ ਲੋੜਵੰਦ ਆਪਣੀ ਜ਼ਰੂਰਤ ਅਨੁਸਾਰ ਵਸਤਾਂ ਖਰੀਦ ਸਕਦਾ ਹੈ। ਮੰਡੀ ਵਿਚੋਂ ਵਸਤੂਆਂ ਦੀ ਖਰੀਦ ਲਈ ਉਕਸਾਹਟ ਪੈਦਾ ਕਰਨ ਲਈ ਵੱਖ ਵੱਖ ਢੰਗ ਤਰੀਕੇ ਅਪਨਾਏ ਜਾਂਦੇ ਹਨ। ਆਪਣੀ ਦੁਕਾਨ ਦੇ ਅੰਦਰ ਵਸਤਾਂ ਨੂੰ ਸੁੰਦਰ ਢੰਗ ਨਾਲ ਪ੍ਰਦਰਸ਼ਿਤ ਕਰਨਾ ਵੀ ਗ੍ਰਾਹਕ ਨੂੰ ਆਪਣੇ ਵੱਲ ਖਿਚਣ ਦਾ ਢੰਗ ਹੈ। ਇਸ ਤੋਂ ਇਲਾਵਾ ਇਸ਼ਤਿਹਾਰਬਾਜ਼ੀ ਵੀ ਕੀਤੀ ਜਾਂਦੀ ਹੈ। ਸਮੇਂ ਸਮੇਂ 'ਤੇ ਵੱਖ ਵੱਖ ਕਟੌਤੀਆਂ ਵੀ ਐਲਾਨ ਕੀਤੀਆਂ ਜਾਂਦੀਆਂ ਹਨ। ਵਿਕਰੀ ਲਈ ਸੇਲ ਸੇਲ ਸੇਲ ਦੇ ਇਸ਼ਤਿਹਾਰ ਵੀ ਥਾਂ ਥਾਂ ਤੇ ਲਗਵਾਏ ਜਾਂਦੇ ਹਨ। ਇਹ ਸਾਰੇ ਢੰਗ ਗ੍ਰਾਹਕ ਨੂੰ ਖਿਚਣ ਲਈ ਵਰਤੇ ਜਾਂਦੇ ਹਨ।

ਵਪਾਰਕ ਕਟੌਤੀ ਅਤੇ ਨਕਦ ਕਟੌਤੀ ਵੀ ਦਿੱਤੀ ਜਾਂਦੀ ਹੈ। ਵਪਾਰਕ ਕਟੌਤੀ ਕਿਸੇ ਗ੍ਰਾਹਕ ਨੂੰ ਆਪਣੀ ਦੁਕਾਨ 'ਤੇ ਬੁਲਾਉਣ ਲਈ ਉਕਸਾਇਆ ਕਰਦੀ ਹੈ ਅਤੇ ਗ੍ਰਾਹਕ ਸ਼ਬਦਾਂ ਦੇ ਜਾਲ ਅੰਦਰ ਫਸ ਕੇ ਦੁਕਾਨ ਤੇ ਪੁਜਦਾ ਹੈ। ਵਸਤਾਂ ਤੇ ਨਜ਼ਰ ਮਾਰਦਾ ਹੈ ਪਸੰਦ ਕਰਦਾ ਹੈ ਭਾਰੀ ਵਪਾਰਕ ਕਟੌਤੀ ਉਸ ਨੂੰ ਖਰੀਦਣ ਲਈ ਤਿਆਰ ਕਰਦੀ ਹੈ। ਦੁਕਾਨਦਾਰ ਆਪਣੇ ਮਨਸੂਬੇ ਵਿਚ ਕਾਮਯਾਬ ਹੁੰਦਾ ਹੈ ਕਿ ਉਸ ਨੇ ਗ੍ਰਾਹਕ ਨੂੰ ਆਪਣੀ ਦੁਕਾਨ ਅੰਦਰ ਵਸਤਾਂ ਖਰੀਦਣ ਲਈ ਤਿਆਰ ਕਰ ਲਿਆ ਹੈ। ਹੁਣ ਅਗਲਾ ਕੰਮ ਗ੍ਰਾਹਕ ਦੀ ਜੇਬ ਵਿਚੋਂ ਪੈਸੇ ਕਢਵਾਉਣ ਦਾ ਕਰਨਾ ਹੈ। ਉਸ ਲਈ ਦੁਕਾਨਦਾਰ ਨਕਦ ਕਟੌਤੀ ਦਾ ਲਾਲਚ ਦਿੰਦਾ ਹੈ ਕਿ ਜੇਕਰ ਨਕਦ ਰਕਮ ਦਿਤੀ ਜਾਵੇਗੀ ਤਾਂ ਉਸ ਨੂੰ ਕੁਝ ਰਕਮ

ਦੀ ਕਟੌਤੀ ਦਿਤੀ ਜਾਵੇਗੀ। ਇਸ ਝਾਂਸੇ ਵਿਚ ਫਸ ਗ੍ਰਾਹਕ ਨਕਦ ਰਕਮ ਦੇ ਕੇ ਵਸਤੂ ਖਰੀਦ ਕੇ ਲੈ ਜਾਂਦਾ ਹੈ। ਦੁਕਾਨਦਾਰ ਅਤੇ ਗ੍ਰਾਹਕ ਦੋਵੇਂ ਹੀ ਖੁਸ਼ ਹੋ ਜਾਂਦੇ ਹਨ।

ਇਕ ਸਮਾਂ ਸੀ ਜਦੋਂ ਬਜ਼ਾਰ ਦੇ ਅੰਦਰ ਵਸਤਾਂ ਦੀਆਂ ਘਾਟ ਸੀ ਅਤੇ ਇਕ ਕਿਸਮ ਦੀ ਇਕ ਹੀ ਵਸਤ ਹੋਇਆ ਕਰਦੀ ਸੀ ਜਿਵੇਂ ਨਿਰੋਲ ਸਾਬਣ, ਡਾਲਡਾ ਘਿਓ, ਬਰੁਕ ਬਾਂਡ ਚਾਹ ਆਦਿ ਪਰੰਤੂ ਹੁਣ ਤਾਂ ਅਨੇਕਾਂ ਬ੍ਰਾਂਡ ਦੇ ਸਾਬਣ, ਘਿਓ ਅਤੇ ਚਾਹ ਆਦਿ ਉਪਲਬਧ ਹਨ। ਹਰ ਗ੍ਰਾਹਕ ਉਸ ਦੇ ਚੰਗੇ ਜਾਂ ਮਾੜੇ ਹੋਣ ਦੀ ਪਛਾਣ ਵਿਚ ਉਲਝਿਆ ਪਿਆ ਹੈ। ਉਸ ਨੂੰ ਸਮਝ ਨਹੀਂ ਆ ਰਹੀ ਕਿ ਕਿਹੜਾ ਬ੍ਰਾਂਡ ਖਰੀਦ ਕਰੇ ਤੇ ਕਿਹੜਾ ਨਾ ਕਰੇ। ਦੁਕਾਨਦਾਰ ਗ੍ਰਾਹਕ ਦੀ ਮਨੋ ਵਿਗਿਆਨਕ ਸਟਡੀ ਕਰ ਕੇ ਹੀ ਮਾਲ ਦੀ ਮਾਡਲਿੰਗ ਅਤੇ ਲੇਬਲਿੰਗ ਕਰਦਾ ਹੈ। ਜਿਸ ਵਿਚ ਔਰਤ ਨੂੰ ਅਧਾਰ ਬਣਾਇਆ ਜਾਂਦਾ ਹੈ। ਔਰਤਾਂ ਦੇ ਨੰਗੇ, ਅਧਨੰਗੇ ਅਤੇ ਅਸ਼ਲੀਲ ਚਿਤਰਾਂ ਨੂੰ ਵਿਖਾ ਕੇ ਵਸਤੂ ਨੂੰ ਵੇਚਣ ਦਾ ਯਤਨ ਕੀਤਾ ਜਾਂਦਾ ਹੈ। ਕਈ ਵਾਰ ਦੇਖਣ ਵਿਚ ਆਇਆ ਹੈ ਕਿ ਵੇਚੀ ਜਾ ਰਹੀ ਵਸਤੂ ਔਰਤ ਨਾਲ ਸੰਬਧਿਤ ਨਹੀਂ ਹੁੰਦੀ, ਫੇਰ ਵੀ ਔਰਤ ਦੇ ਚਿੱਤਰਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਅਸੀਂ ਔਰਤ ਨੂੰ ਵਿਕਰੀ ਵਿਚ ਵਾਧੇ ਲਈ ਇਸਤੇਮਾਲ ਕਰ ਰਹੇ ਹਾਂ ਜੋ ਕਿ ਸਿਹਤਮੰਦ ਸਮਾਜ ਲਈ ਉਚਿਤ ਨਹੀਂ ਮੰਨਿਆ ਜਾ ਸਕਦਾ। ਇਸ ਰੁਝਾਨ ਨੂੰ ਰੋਕਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਗੇ ਆਵੇ ਇਸਤਰੀ ਜਥੇਬੰਦੀਆਂ ਨੂੰ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਉਹ ਕੇਵਲ ਪੈਸੇ ਦੇ ਲਈ ਮਾਡਲ ਬਣਨ ਤੋਂ ਗੁਰੇਜ਼ ਕਰਨ।

ਦੁਕਾਨਦਾਰਾਂ ਨੇ ਗ੍ਰਾਹਕਾਂ ਨੂੰ ਭਰਮਾਉਣ ਲਈ ਇਕ ਹੋਰ ਢੰਗ ਨੂੰ ਵਰਤਣਾ ਸ਼ੁਰੂ ਕੀਤਾ ਹੈ ਉਹ ਹੈ ਮੁਫਤ ਕਲਚਰ। ਹਰ ਵਿਕਣ ਵਾਲੀ ਵਸਤੂ ਨਾਲ ਮੁਫਤ ਜਾਂ ਵਾਧੂ ਵਿਚ ਹੋਰ ਵਸਤੂ ਦਿਤੇ ਜਾਣ ਦਾ ਰੁਝਾਨ ਬਣ ਰਿਹਾ ਹੈ। ਜਿਵੇਂ ਇਹ ਕਿਹਾ ਜਾਂਦਾ ਹੈ ਕਿ ਤਿੰਨ ਸਾਬਣ ਖਰੀਦ ਕਰਨ ਤੇ ਚੌਥਾ ਸਾਬਣ ਮੁਫਤ ਦਿਤਾ ਜਾਵੇਗਾ। ਪਿਛਲੇ ਦਿਨੀਂ ਟੀ.ਵੀ. ਉਪਰ ਇਕ ਇਸ਼ਤਿਹਾਰ ਵਿਚ ਘਰ ਪਰਿਵਾਰ ਦੇ ਚਾਰ ਜੀਅ ਵਿਖਾਏ ਗਏ ਸਨ ਅਤੇ ਘਰ ਦੀ ਸਭ ਤੋਂ ਛੋਟੀ ਬਚੀ ਵਲੋਂ ਅਖਵਾਇਆ ਜਾ ਰਿਹਾ ਸੀ ਕਿ ਇਕ ਪਾਪਾ ਲਈ, ਇਕ ਮੰਮੀ ਲਈ, ਇਕ ਵੀਰੇ ਲਈ ਅਤੇ ਇਕ ਮੇਰੇ ਲਈ ਜੋ ਕਿ ਮੁਫਤ ਹੈ ਅਰਥਾਤ ਮੈਂ ਜਿਹੜੀ ਵੀ ਵਸਤੂ ਵਰਤ ਰਹੀ ਹਾਂ ਉਹ ਤਾਂ ਮੁਫਤ ਵਿਚ ਪ੍ਰਾਪਤ ਹੋਈ ਹੈ ਅਤੇ ਮੈਂ ਪਰਿਵਾਰ ਉਪਰ ਕੋਈ ਵੀ ਭਾਰ ਨਹੀਂ ਹਾਂ। ਜੋ ਵਸਤੂ ਬਿਨਾ ਸਕੀਮ ਤਂ ਮਿਲਦੀ ਹੈ ਉਹ ਇਹ ਦਸਦੀ ਹੈ ਕਿ ਲੜਕੀ ਨੂੰ ਭਾਰ ਬਾਰੇ ਗਿਆਨ ਕਰਵਾ ਰਹੀ ਹੈ। ਇਹ ਮੁਫਤ ਕਲਚਰ ਹੀ ਸਾਨੂੰ ਉਨਤੀ ਦੇ ਰਾਹ ਤੋਂ ਭਟਕਾ ਰਿਹਾ ਹੈ ਇਸ ਲਈ ਮੁਫਤ ਕਲਚਰ ਨੂੰ ਵਧਾਇਆ ਨਹੀਂ ਜਾਣਾ ਚਾਹੀਦਾ ਹੈ।

ਇਹ ਸਾਰੇ ਹੀ ਮੰਨਦੇ ਹਨ ਕਿ ਖਰੀਦ ਇਕ ਕਲਾ ਹੈ ਇਸ ਲਈ ਆਪਣਾ ਦਿਮਾਗ ਵਰਤ ਕੇ ਹੀ ਬਜ਼ਾਰ ਵਿਚੋਂ ਵਸਤੂ ਨੂੰ ਖਰੀਦਣ ਦੀ ਲੋੜ ਹੈ। ਕੇਵਲ ਸਮੇਂ ਦੀ ਲੋੜ ਅਨੁਸਾਰ ਹੀ ਵਸਤਾਂ ਖਰੀਦਣੀਆਂ ਚਾਹੀਦੀਆਂ ਹਨ। ਕਿਉਂ ਜੋ ਹੁਣ ਖਰੀਦ ਵਿਗਿਆਨਿਕ ਹੋ ਚੁਕੀ ਹੈ ਇਸ ਲਈ ਬਜ਼ਾਰ ਵਿਚੋਂ ਵਸਤਾਂ ਖਰੀਦਣ ਲਈ ਪੂਰਨ ਤੌਰ ਤੇ ਸਤਰਕ ਰਹਿਣ ਦੀ ਲੋੜ ਹੈ। ਜੇਕਰ ਥੋੜ੍ਹੇ ਬਹੁਤ ਥਿੜ੍ਹਕ ਜਾਈਏ ਤਾਂ ਤੁਹਾਡੇ ਕੀਤੀ ਹੋਈ ਖਰੀਦ ਗਲਤ

ਵੀ ਹੋ ਸਕਦੀ ਹੈ। ਇਹ ਆਖਿਆ ਜਾਂਦਾ ਹੈ ਕਿ ਇਕ ਵਾਰ ਸਿੱਖਾਂ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਜਾ ਰਹੇ ਸਨ ਤਾਂ ਮਰਦਾਨੇ ਦੇ ਪੁਛਣ ਤੇ ਗੁਰੂ ਜੀ ਨੇ ਫਰਮਾਇਆ ਕਿ ਕਲਯੁਗ ਵਿਚ ਸਾਰੇ ਹੀ ਠੱਗ ਹੋਣਗੇ ਤਾਂ ਮਰਦਾਨਾ ਹੈਰਾਨ ਹੋ ਕੇ ਪੁਛਣ ਲਗਾ ਕਿ ਗੁਰੂ ਜੀ ਜੇ ਸਾਰੇ ਹੀ ਠੱਗ ਹੋਣਗੇ ਤਾਂ ਠਗਾਈ ਕੌਣ ਖਾਵੇਗਾ ਤਾਂ ਗੁਰੂ ਜੀ ਨੇ ਸਹਿਜ ਸੁਭਾ ਹੀ ਉਤਰ ਦਿਤਾ ਕੇ ਠਗਾਈ ਉਹ ਹੀ ਖਾਵੇਗਾ ਜੋ ਦੂਸਰੇ ਉਪਰ ਵਿਸ਼ਵਾਸ ਕਰੇਗਾ। ਇਸ ਲਈ ਜ਼ਰੂਰੀ ਹੈ ਵਸਤੂ ਨੂੰ ਵੇਖ ਪਰਖ ਕੇ ਹੀ ਖਰੀਦਿਆ ਜਾਵੇ ਅਤੇ ਕੇਵਲ ਵਿਸ਼ਵਾਸ ਕਰ ਕੇ ਕੋਈ ਵੀ ਖਰੀਦ ਨਾ ਕੀਤੀ ਜਾਵੇ।

ਇਕ ਵਾਰ ਦੀ ਗਲ ਹੈ ਕੇ ਮੇਰਾ ਇਕ ਦੋਸਤ ਵਡੇ ਸ਼ਹਿਰ ਵਲ ਜਾ ਰਿਹਾ ਸੀ ਉਸ ਨੇ ਪੁਛਿਆ ਕਿ ਜੇਕਰ ਉਥੇ ਕੋਈ ਵਸਤੂ ਖਰੀਦਣੀ ਹੋਵੇ ਤਾਂ ਕੀ ਢੰਗ ਅਪਨਾਵਾਂ ਤਾਂ ਜੋ ਠਗੀ ਨਾ ਹੋ ਜਾਵੇ। ਉਸ ਨੂੰ ਸਮਝਾਇਆ ਕਿ ਵਡੇ ਸ਼ਹਿਰਾਂ ਵਿਚ ਮੁੱਲ ਦੁਗਣੇ ਮੰਗੇ ਜਾਂਦੇ ਹਨ ਇਸ ਲਈ ਵਸਤੂ ਖਰੀਦਣ ਵੇਲੇ ਜੇਕਰ ਅਧੇ ਮੁੱਲ ਵਿਚ ਮਿਲ ਜਾਵੇ ਤਾਂ ਖਰੀਦ ਲੈਣੀ ਠੀਕ ਰਹੇਗੀ। ਜਦੋਂ ਵੱਡੇ ਸ਼ਹਿਰ ਵਿਚ ਘੁੰਮ ਰਿਹਾ ਸੀ ਤਾਂ ਉਸ ਨੇ ਡਿੱਠਾ ਕਿ ਇਕ ਆਦਮੀ ਛਤਰੀਆਂ ਵੇਚ ਰਿਹਾ ਸੀ ਜੋ ਉਸ ਨੂੰ ਚੰਗੀਆਂ ਲਗੀਆਂ ਤੇ ਖਰੀਦਣ ਦਾ ਮਨ ਬਣਾ ਕੇ ਮੁੱਲ ਪੁਛਿਆ। ਦੁਕਾਨਦਾਰ ਨੇ ਮੁਲ 200 ਰੁਪੈ ਦਸਿਆ ਤਾਂ ਉਸ ਨੇ ਕਿਹਾ ਕਿ 100 ਰੁਪੈ ਵਿਚ ਦੇ ਦੇ। ਦੁਕਾਨਦਾਰ ਨੇ ਉਸ ਨੂੰ ਕਿਹਾ ਜੇਕਰ ਛੱਤਰੀ ਲੈਣੀ ਹੈ ਤਾਂ ਤੂੰ 150 ਰੁਪੈ ਦੇ ਦੇ। ਉਸ ਨੇ ਕਿਹਾ ਨਹੀਂ ਮੈਂ ਤਾਂ 75 ਰੁਪੈ ਦੇਵਾਂਗਾ। ਦੁਕਾਨਦਾਰ ਨੇ ਸੋਚਿਆ ਕਿ ਛਤਰੀ ਤੇ ਇਸ ਨੇ ਲੈਣੀ ਹੀ ਹੋਵੇਗੀ ਤਾਂ ਹੀ ਮੁੱਲ ਭਾਅ ਕਰ ਰਿਹਾ ਹੈ ਉਸ ਨੇ ਕਿਹਾ ਕਿ ਆਖਰੀ ਭਾ ਤੇਰੇ ਲਈ 100 ਰੁਪਿਆ ਹੈ ਤਾਂ ਉਸ ਨੇ ਕਿਹਾ ਨਹੀਂ ਮੈਂ ਤਾਂ 50 ਹੀ ਦੇਵਾਂਗਾ। ਦੁਕਾਨਦਾਰ ਅੱਕ ਗਿਆ ਤਾਂ ਉਸ ਨੇ ਕਿਹਾ ਜਾ ਤੂੰ ਐਵੇਂ ਹੀ ਲੈ ਜਾ। ਤਾਂ ਉਸ ਨੇ ਕਿਹਾ ਮੈਂ ਤਾਂ ਦੋ ਲੈ ਕੇ ਜਾਵਾਂਗਾ।

ਕਈ ਵਾਰ ਵਸਤੂ ਮੌਸਮ ਅਨੁਸਾਰ ਫਸਲ ਦੀ ਰੁਤ ਹੁੰਦੀ ਹੈ ਵਸਤਾਂ ਸਸਤੇ ਭਾ ਵਿਚ ਵੀ ਮਿਲ ਜਾਂਦੀਆਂ ਹਨ ਅਤੇ ਕਈ ਵਾਰ ਥੋਕ ਵਿਚ ਖਰੀਦ ਕਰ ਲਈਆਂ ਜਾਣ ਤਾਂ ਸਸਤੀਆਂ ਪੈ ਜਾਂਦੀਆਂ ਹਨ। ਇਸ ਲਾਲਚ ਵਿਚ ਆ ਕੇ ਕਈ ਵਾਰ ਅਸੀਂ ਲੋੜੋਂ ਵਧ ਵਸਤੂ ਵੀ ਖਰੀਦ ਕਰ ਲੈਂਦੇ ਹਾਂ ਜਿਸ ਦੇ ਨਤੀਜੇ ਠੀਕ ਨਹੀਂ ਨਿਕਲਦੇ। ਇਕ ਵਾਰ ਅਸੀਂ ਵੀ ਲੋੜੋਂ ਵਧ ਪਿਆਜ਼ ਖਰੀਦ ਲਏ ਅਤੇ ਫਿਰ ਸਾਰਾ ਸਾਲ ਗਲੇ ਹੋਏ ਪਿਆਜ਼ ਹੀ ਖਾਂਦੇ ਰਹੇ। ਹੋਇਆ ਇਸ ਤਰਾਂ ਕਿ ਗੰਢਿਆਂ ਦੀ ਨਵੀਂ ਫਸਲ ਆਈ ਸੀ ਤੇ ਥੋਕ ਮੰਡੀ ਅੰਦਰ ਜਾ ਕੇ ਗੰਢਿਆ ਦੀ ਬੋਰੀ ਖਰੀਦ ਕਰ ਲਈ ਅਤੇ ਘਰ ਲਿਆ ਕੇ ਉਸ ਨੂੰ ਖਿਲਾਰ ਕੇ ਰਖ ਦਿਤਾ ਤਾਂ ਜੋ ਇਹ ਗਲ ਨਾ ਜਾਣ। ਅਸੀਂ ਸਵੇਰੇ ਉਠ ਕੇ ਸਬਜ਼ੀ ਬਣਾਉਣ ਸਮੇਂ ਪੜਤਾਲ ਕਰਦੇ ਸਾਂ ਕਿ ਜਿਹੜੇ ਗੰਢੇ ਗਲ ਚੁਕੇ ਹਨ ਉਹ ਕੱਢ ਲੈਂਦੇ ਸੀ ਤੇ ਸਬਜ਼ੀ ਵਿਚ ਪਾ ਲੈਂਦੇ ਸੀ। ਇਹ ਕੰਮ ਉਦੋਂ ਤਕ ਚਲਦਾ ਰਿਹਾ ਜਦ ਤਕ ਸਾਰੇ ਗੰਢੇ ਖਤਮ ਨਹੀਂ ਹੋ ਗਏ। ਇਸ ਤਰ੍ਹਾਂ ਅਸੀਂ ਆਪਣੀ ਸੂਝ ਅਤੇ ਸਿਆਣਪ ਨਾਲ ਗੰਢੇ ਖਰਾਬ ਹੋਣ ਤੋਂ ਬਾਅਦ ਸੁੱਟੇ ਨਹੀਂ ਸੀ ਅਤੇ ਸਾਰਾ ਸਾਲ ਗਲੇ ਗੰਢੇ ਖਾਂਦੇ ਰਹੇ ਅਤੇ ਤੋਬਾ ਕੀਤੀ ਕਿ ਅਸੀਂ ਥੋਕ ਵਿਚ ਗੰਢੇ ਨਹੀਂ ਲਵਾਂਗੇ ਸਗੋਂ ਲੋੜ ਅਨੁਸਾਰ ਹੀ ਖਰੀਦਦਾਰੀ ਕੀਤੀ ਜਾਇਆ ਕਰੇਗੀ।

ਇਕ ਵਾਰ ਇੱਕ ਵਿਦਿਆ ਤੋਂ ਕੋਰੇ ਵਿਅਕਤੀ ਕੋਲ ਕਾਫੀ ਪੈਸੇ ਸਨ ਪਰ ਉਸ ਨੂੰ ਵਸਤਾਂ ਦੀ ਖਰੀਦ ਸੰਬੰਧੀ ਗਿਆਨ ਨਹੀਂ ਸੀ। ਉਸ ਨੂੰ ਸਮਝਾ ਦਿਤਾ ਗਿਆ ਕਿ ਹਰ ਖਰੀਦ ਸਮੇਂ ਵਸਤੂ ਦਾ ਬਿਲ ਬਣਵਾ ਲਿਆ ਕਰ ਤੇ ਉਸ ਬਿਲ ਨੂੰ ਹਥ ਵਿਚ ਫੜ ਕੇ ਇਸ ਤਰ੍ਹਾਂ ਦੇਖਿਆ ਕਰ ਜਿਵੇਂ ਤੂੰ ਪੜ੍ਹ ਰਿਹਾ ਹੋਵੇਂ ਅਤੇ ਥੋੜੀ ਦੇਰ ਪੜ੍ਹਨ ਦਾ ਬਹਾਨਾ ਕਰਨ ਤੋਂ ਬਾਅਦ ਆਖ ਦਿਆ ਕਰ ਕਿ ਮੈਨੂੰ ਤਾਂ ਬਿੱਲ ਦਾ ਜੋੜ ਠੀਕ ਨਹੀਂ ਲਗਦਾ। ਦੁਕਾਨਦਾਰ ਦੁਬਾਰਾ ਉਸ ਦੀ ਪੜਤਾਲ ਕਰੇਗਾ ਅਤੇ ਜੇਕਰ ਗਲਤ ਹੋਵੇਗਾ ਤਾਂ ਠੀਕ ਕਰੇਗਾ ਅਤੇ ਤੁਹਾਥੋਂ ਮਾਫ਼ੀ ਮੰਗੇਗਾ ਅਤੇ ਜੇਕਰ ਠੀਕ ਹੋਵੇਗਾ ਤਾਂ ਤੁਹਾਨੂੰ ਕਹੇਗਾ ਕਿ ਇਹ ਠੀਕ ਹੈ ਤਾਂ ਤੁਸੀਂ ਕਹਿਣਾ ਕੁਝ ਨਹੀਂ ਅਤੇ ਬਿਲ ਦੀ ਰਕਮ ਚੁਕਤਾ ਕਰ ਦੇਣੀ ਹੈ ਇਸ ਢੰਗ ਨਾਲ ਤੁਹਾਡੇ ਨਾਲ ਠੱਗੀ ਨਹੀਂ ਵਜੇਗੀ। ਅਜੇਹੇ ਢੰਗ ਤਰੀਕੇ ਕਾਰਣ ਉਹ ਵਿਅਕਤੀ ਠਗਾਈ ਤੋਂ ਬਚਦਾ ਰਿਹਾ ਸੀ।

ਇਸ ਲਈ ਵਸਤੂਆਂ ਦਾ ਅਨੁਕੂਲ ਮਾਤਰਾ ਵਿਚ ਖਰੀਦਣਾ ਜ਼ਰੂਰੀ ਹੈ। ਵਸਤੂ ਨੂੰ ਘਟ ਕੀਮਤ ਤੇ ਖਰੀਦਣ ਦੀ ਥਾਂ ਠੀਕ ਵਸਤੂ ਨੂੰ ਵਾਜਬ ਕੀਮਤ ਉਪਰ ਖਰੀਦਣ ਦੀ ਲੋੜ ਹੈ। ਜੇਕਰ ਅਸੀਂ ਅਜੇਹਾ ਨਹੀਂ ਕਰਦੇ ਤਾਂ ਇਸ ਮਹਿੰਗਾਈ ਦੇ ਸਮੇਂ ਜੀਵਨ ਦੀ ਗੱਡੀ ਨੂੰ ਲੀਹ ਦੇ ਉਪਰ ਰੱਖ ਸਕਣਾ ਮੁਸ਼ਕਿਲ ਹੋ ਜਾਵੇਗਾ। ਸਾਡੀ ਜੀਵਨ ਦੀ ਗੱਡੀ ਦੁਰਘਟਨਾ ਦਾ ਸ਼ਿਕਾਰ ਹੋ ਜਾਵੇਗੀ ਅਸੀਂ ਜ਼ਖ਼ਮੀ ਹੋ ਜਾਵਾਂਗੇ ਅਤੇ ਹਸਪਤਾਲ ਵਿਚੋਂ ਇਲਾਜ ਵੀ ਨਹੀਂ ਕਰਵਾ ਸਕਾਂਗੇ। ਇਹ ਵੀ ਹੋ ਸਕਦਾ ਹੈ ਕਿ ਬਾਹਰਲੇ ਦੇਸ਼ ਦੇ ਡਾਕਟਰ ਵੀ ਤੁਹਾਡਾ ਇਲਾਜ ਨਾ ਕਰ ਸਕਣ ਅਤੇ ਅਸਮਰਥਾ ਪ੍ਰਗਟਾ ਦੇਣ।

# ਰੁੱਖ ਅਤੇ ਮਨੁੱਖ ਦੀ ਸਾਂਝ

ਗਲੋਬਲ ਵਾਰਮਿੰਗ ਅਰਥਾਤ ਗਰਮੀ ਸਭ ਪਾਸੇ ਹੋ ਰਹੀ ਹੈ। ਮੌਸਮ ਬਦਲ ਰਿਹਾ ਹੈ। ਇਸ ਦਾ ਕਾਰਣ ਹੈ, ਪ੍ਰਦੂਸ਼ਣ। ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ। ਅਸੀਂ ਜਿਸ ਤੇਜ਼ ਰਫਤਾਰ ਨਾਲ ਰੁੱਖ ਕਟ ਰਹੇ ਹਾਂ, ਹੋਰ ਰੁੱਖ ਉਸ ਰਫਤਾਰ ਨਾਲ ਨਹੀਂ ਲਗ ਰਹੇ। ਕੁਦਰਤ ਵਲੋਂ ਬਖਸ਼ਿਸ਼ ਕੀਤੀ ਨਿਆਮਤ ਨੂੰ ਖਤਮ ਕਰਨ ਵਲ ਵਧ ਰਹੇ ਹਾਂ। ਜੇਕਰ ਅਸੀਂ ਇਸ ਵਲ ਧਿਆਨ ਨਾ ਦਿੱਤਾ ਤਾਂ ਸਾਨੂੰ ਇਸ ਦੀ ਕੀਮਤ ਤਾਰਨੀ ਪਵੇਗੀ ਅਤੇ ਅਸੀਂ ਉਨ੍ਹਾਂ ਹਾਲਤਾਂ ਵਿਚ ਫਸ ਜਾਵਾਂਗੇ ਜਿਥੋਂ ਨਿਕਲਣਾ ਮੁਸ਼ਕਿਲ ਹੀ ਨਹੀਂ ਅਸੰਭਵ ਹੋ ਜਾਵੇਗਾ। ਗੁਰਬਾਣੀ ਵਿਚ ਦਰਜ ਹੈ :

**ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ॥**

ਸੰਸਾਰ ਦੇ ਇਤਿਹਾਸ ਵਿਚ ਨਜ਼ਰ ਘੁਮਾਈ ਜਾਵੇ ਤਾਂ ਪਤਾ ਲੱਗਦਾ ਹੈ ਕਿ ਵਸੋਂ ਸਭ ਤੋਂ ਪਹਿਲਾਂ ਸਮੁੰਦਰਾਂ, ਦਰਿਆਵਾਂ, ਨਦੀਆਂ ਅਤੇ ਨਾਲਿਆਂ ਦੇ ਕੰਢਿਆਂ 'ਤੇ ਹੋਈ ਸੀ। ਕਿਉਂ ਜੋ ਪਾਣੀ ਮਨੁੱਖ ਦੀ ਪਹਿਲੀ ਲੋੜ ਹੈ ਅਤੇ ਪਾਣੀ ਦੀ ਉਪਲੱਭਤਾ ਹੀ ਮਨੁੱਖ ਦੀ ਵਸੋਂ ਦਾ ਕਾਰਨ ਬਣੀ। ਪਾਣੀ ਤੋਂ ਬਿਨਾਂ ਜੀਵਨ ਸੰਭਵ ਨਹੀਂ ਸੀ ਅਤੇ ਨਾ ਹੀ ਹੁਣ ਹੈ। ਭਾਵੇਂ ਇਹ ਇਨਸਾਨ ਹੈ, ਪਸ਼ੂ ਪੰਛੀ ਹਨ ਜਾਂ ਬਨਸਪਤੀ। ਸਭ ਲਈ ਪਾਣੀ ਉਤਨਾ ਹੀ ਜ਼ਰੂਰੀ ਹੈ। ਰੁੱਖ ਅਤੇ ਮਨੁੱਖ ਦੀ ਸਾਂਝ ਜਨਮ ਤੋਂ ਮੌਤ ਤਕ ਹੈ, ਇਸ ਲਈ ਬਜ਼ੁਰਗ ਆਖਦੇ ਹਨ ਕਿ ਹਰ ਮਨੁੱਖ ਨੂੰ ਘਟੋ ਘਟ ਦੋ ਰੁੱਖ ਲਾਉਣੇ ਹੀ ਚਾਹੀਦੇ ਹਨ। ਇਕ ਰੁੱਖ ਘਰ ਵਿਚ ਛਾਂ ਲਈ ਅਤੇ ਦੂਸਰਾ ਰੁੱਖ ਮਰਨ ਉਪਰੰਤ ਦਾਹ ਸੰਸਕਾਰ ਲਈ। ਜੋ ਕਿਸੇ ਸੜਕ ਜਾਂ ਨਹਿਰ ਦੇ ਕਿਨਾਰੇ ਲਗਾਉਣਾ ਚਾਹੀਦਾ ਹੈ।

ਇਕ ਮਨੁੱਖ ਘਰ ਵਿਚ ਅੰਬਾਂ ਦਾ ਪੌਦਾ ਲਗਾ ਰਿਹਾ ਸੀ ਤਾਂ ਉਸ ਦੇ ਪੋਤਰੇ ਨੇ ਪੁੱਛਿਆ, "ਬਾਬਾ ਜੀ ਕੀ ਕਰ ਰਹੇ ਹੋ।"

"ਅੰਬ ਦਾ ਰੁੱਖ ਲਾ ਰਿਹਾ ਹਾਂ, ਫਲ ਦੇਵੇਗਾ, ਅਨੰਦ ਨਾਲ ਖਾਇਆ ਕਰਾਂਗੇ।" ਉੱਤਰ ਮਿਲਿਆ।

ਪੋਤਰਾ ਪੁਛਣ ਲੱਗਾ "ਤੁਸੀਂ ਤਾਂ ਫਲਾਂ ਦੇ ਆਉਣ ਤਕ ਇਸ ਦੁਨੀਆਂ 'ਤੇ ਨਹੀਂ ਰਹੋਗੇ।"

"ਸਾਡੇ ਵੱਡੇ ਵਡੇਰਿਆਂ ਨੇ ਰੁੱਖ ਲਾਏ, ਅਸੀਂ ਫਲ ਖਾਧੇ। ਹੁਣ ਮੈਂ ਲਾ ਰਿਹਾ ਹਾਂ ਤੇ ਤੁਸੀਂ ਅਨੰਦ ਮਾਣੋਗੇ।" ਬਾਬੇ ਨੇ ਜੁਆਬ ਦਿੱਤਾ।

ਬੱਚਾ ਨਿਰੁੱਤਰ ਹੋ ਗਿਆ ਤੇ ਉਹ ਉਸ ਪੌਦੇ ਨੂੰ ਪਿਆਰ ਕਰਨ ਲਗਾ। ਸਵੇਰ ਅਤੇ ਸ਼ਾਮ ਦੋਵੇਂ ਵਕਤ ਪਾਣੀ ਦੇਣ ਲੱਗਾ। ਰੁੱਖ ਵੀ ਖੁਸ਼ ਰਹਿੰਦਾ ਅਤੇ ਨਵੇਂ ਪੱਤੇ ਕੱਢਣ ਲੱਗਾ।

ਸਮਾਂ ਆਪਣੀ ਰਫਤਾਰ ਚਲਦਾ ਰਿਹਾ। ਬੱਚਾ ਅਤੇ ਰੁੱਖ ਉਸਰਨ ਲਗੇ। ਰੁੱਖ ਬੱਚੇ ਨੂੰ ਪਿਆਰ ਕਰਨ ਲੱਗ ਪਿਆ। ਜਦੋਂ ਵੀ ਬੱਚਾ ਨੇੜੇ ਆਉਂਦਾ ਰੁੱਖ ਆਪਣੀਆਂ ਟਾਹਣੀਆਂ ਨੀਵੀਆਂ ਕਰ ਲੈਂਦਾ। ਬੱਚਾ ਉਹਨਾਂ ਵਿਚ ਲੁਕਣ ਮੀਟੀ ਖੇਡਦਾ। ਟਾਹਣੀਆਂ ਨਾਲ ਲਮਕ ਕੇ ਝੂਟਿਆਂ ਦਾ ਆਨੰਦ ਲੈਣ ਲਗਾ ਤੇ ਆਪਣੇ ਬਾਬਾ ਜੀ ਨਾਲ ਰੁੱਖਾਂ ਦੇ ਸੁੱਖਾਂ ਬਾਰੇ ਗੱਲਾਂ ਕਰਦਾ ਰਹਿੰਦਾ।

ਬਾਬਾ ਦੱਸਦਾ ਕਿ "ਇਕ ਰੁੱਖ ਸੌ ਸੁੱਖ" ਪ੍ਰਮਾਣਿਤ ਸਚਾਈ ਹੈ। ਜਿਹੜੇ ਦੇਸ਼ ਇਸ ਸਚਾਈ ਨਾਲ ਸਹਿਮਤ ਹਨ, ਉਹ ਦੇਸ਼ ਕਾਫੀ ਹੱਦ ਤਕ ਪਰਦੂਸ਼ਣ ਤੋਂ ਮੁਕਤ ਹਨ। ਰੁੱਖ ਸਾਡੀ ਧਰਤੀ ਦਾ ਸ਼ਿੰਗਾਰ ਹਨ। ਗਰਮੀ ਨੂੰ ਘਟਾਉਂਦੇ ਹਨ। ਰੁੱਖਾਂ ਵਿਚ ਜਾਨ ਹੁੰਦੀ ਹੈ। ਭਾਵੇਂ ਇਹ ਬੋਲ ਨਹੀਂ ਸਕਦੇ ਪਰ ਇਹ ਸਾਡੇ ਸੁੱਖਾਂ-ਦੁੱਖਾਂ ਵਿਚ ਸ਼ਾਮਲ ਹੁੰਦੇ ਹਨ। ਰੁੱਖ ਮਨੁੱਖ ਦੇ ਚੰਗੇ ਮਿੱਤਰ ਹਨ। ਇਨ੍ਹਾਂ ਨਾਲ ਚੰਗਾ ਵਰਤਾਅ ਕਰਨਾ ਚਾਹੀਦਾ ਹੈ ਅਤੇ ਜੇਕਰ ਲੋੜ ਪੈਣ ਤੇ ਕੱਟੇ ਜਾਣ ਤਾਂ ਹੋਰ ਰੁੱਖ ਲਗਾਉਣੇ ਚਾਹੀਦੇ ਹਨ। ਰੁੱਖ ਠੰਡੀ ਹਵਾ ਦਿੰਦੇ ਹਨ। ਵਾਤਾਵਰਣ ਨੂੰ ਸਾਫ ਰੱਖਦੇ ਹਨ। ਰੁੱਖ ਸੂਰਜ ਦੀ ਰੋਸ਼ਨੀ ਵਿੱਚ ਮਨੁੱਖਾਂ ਅਤੇ ਹੋਰ ਜੰਤੂਆਂ ਰਾਹੀਂ ਛੱਡੀ ਕਾਰਬਨ ਡਾਈਅਕਸਾਈਡ ਨੂੰ ਆਕਸੀਜਨ ਵਿਚ ਤਬਦੀਲ ਕਰਦੇ ਹਨ ਅਤੇ ਕੁਦਰਤ ਦੇ ਉਹ ਕਾਰਖਾਨੇ ਹਨ ਜੋ ਵਾਤਾਵਰਣ ਨੂੰ ਸ਼ੁੱਧ ਰੱਖਦੇ ਹਨ।

ਸਮੇਂ ਨਾਲ ਬੱਚੇ ਦਾ ਰੁੱਖ ਨਾਲ ਪਿਆਰ ਵਧਦਾ ਗਿਆ। ਬੱਚਾ ਅਤੇ ਰੁੱਖ ਵੱਡੇ ਹੋ ਗਏ। ਹੁਣ ਬੱਚਾ ਰੁੱਖ ਉਪਰ ਚੜ੍ਹ ਜਾਂਦਾ। ਟਾਹਣੀਆਂ ਤੇ ਨੱਚਦਾ ਟੱਪਦਾ। ਰੁੱਖ ਨੂੰ ਇਹ ਮਹਿਸੂਸ ਕਰ ਕੇ ਖੁਸ਼ੀ ਮਿਲਦੀ। ਹਰ ਰੋਜ਼ ਬੱਚਾ ਦਰੱਖਤ ਕੋਲ ਆਉਦਾ। ਉਸ ਨਾਲ ਗੱਲਾਂ ਕਰਦਾ। ਪੱਤੇ ਇਕੱਠੇ ਕਰਦਾ ਅਤੇ ਉਹਨਾਂ ਨਾਲ ਨਵੀਆਂ ਨਵੀਆਂ ਖੇਡਾਂ ਖੇਡਦਾ, ਖੁਸ਼ ਹੁੰਦਾ ਅਤੇ ਵੱਡਾ ਹੁੰਦਾ ਗਿਆ। ਰੁੱਖ ਵੀ ਵਡੇਰਾ ਹੋ ਰਿਹਾ ਸੀ। ਬੱਚਾ ਸਕੂਲ ਜਾਂਦਾ ਤੇ ਘਰ ਆ ਕੇ ਸਕੂਲ ਦਾ ਕੰਮ ਦਰਖਤ ਥੱਲੇ ਹੀ ਕਰਦਾ ਸੀ। ਰੁੱਖ ਨੂੰ ਚੰਗਾ ਲਗਦਾ ਕਿ ਉਸ ਦੀ ਛਾਂ ਉਸ ਦਾ ਦੋਸਤ ਮਾਣ ਰਿਹਾ ਹੈ ਅਤੇ ਵਧੇਰੇ ਜ਼ਿੰਮੇਵਾਰੀ ਵਲ ਵਧ ਰਿਹਾ ਹੈ।

ਰੁੱਖ ਨੂੰ ਫਲ ਲਗੇ। ਰੁੱਖ ਨੇ ਬੱਚੇ ਨੂੰ ਫਲ ਦਿੱਤੇ। ਬੱਚੇ ਨੇ ਅਨੰਦ ਮਾਣਿਆ ਅਤੇ ਬਾਬੇ ਦੀ ਆਖੀ ਗੱਲ ਯਾਦ ਕੀਤੀ। ਬੱਚਾ ਵੱਡੀਆਂ ਜਮਾਤਾਂ ਵਿਚ ਹੋ ਗਿਆ। ਉਸ ਨੂੰ ਵਧੇਰੇ ਘਰ ਦਾ ਕੰਮ ਮਿਲਦਾ ਅਤੇ ਇਹ ਕੰਮ ਕਰਨ ਲਈ ਉਸ ਨੂੰ ਦੋਸਤਾਂ ਦੇ ਘਰ ਵੀ ਜਾਣਾ ਪੈਂਦਾ। ਰੁੱਖ ਕੋਲ ਬਿਤਾਉਣ ਲਈ ਉਸ ਕੋਲ ਥੋੜ੍ਹਾ ਸਮਾਂ ਬਚਦਾ। ਰੁੱਖ ਉਸ ਥੋੜ੍ਹੇ ਸਮੇਂ ਵਿਚ ਬੱਚੇ ਨੂੰ ਫਲ ਦਿੰਦਾ ਅਤੇ ਉਸ ਦੇ ਕੋਲ ਹੋਣ ਤੇ ਖੁਸ਼ ਹੁੰਦਾ। ਬੱਚੇ ਨੂੰ ਪੜ੍ਹਾਈ ਲਈ ਬਾਹਰ ਜਾਣਾ ਪਿਆ। ਜਦੋਂ ਜ਼ਿਆਦਾ ਸਮੇਂ ਲਈ ਰੁੱਖ ਬੱਚੇ ਨੂੰ ਨਾ ਮਿਲਿਆ। ਰੁੱਖ ਉਦਾਸ ਹੋ ਗਿਆ। ਜਦੋਂ ਵੀ ਬੱਚਾ ਛੁੱਟੀਆਂ ਬਿਤਾਉਣ ਲਈ ਘਰ ਆਉਂਦਾ, ਰੁੱਖ ਕੋਲ ਜਾਂਦਾ। ਰੁੱਖ ਦੇ ਫਲਾਂ ਦਾ ਆਨੰਦ ਮਾਣਦਾ।

ਸਮਾਂ ਆਪਣੀ ਚਾਲ ਚਲਦਾ ਰਿਹਾ। ਹੁਣ ਬੱਚੇ ਨੂੰ ਰੁੱਖ ਨੂੰ ਮਿਲਣ ਦਾ ਸਮਾਂ ਨਾ ਲਗਦਾ। ਜ਼ਿਆਦਾ ਸਮਾਂ ਇਕ ਦੂਜੇ ਤੋਂ ਵੱਖਰੇ ਰਹਿਣ ਲਗੇ। ਰੁੱਖ ਉਦਾਸ ਹੋ ਜਾਂਦਾ। ਫਿਰ ਇਕ ਦਿਨ ਲੰਬੇ ਸਮੇਂ ਪਿਛੋਂ ਬੱਚਾ ਦਰਖਤ ਕੋਲ ਆਇਆ ਤਾਂ ਦਰਖਤ ਬੱਚੇ ਦੀ ਹਾਜ਼ਰੀ ਤੇ ਬੋਲਿਆ :

"ਆਓ ! ਆਓ !! ਮੇਰੇ ਤਣੇ ਉਪਰ ਚੜ੍ਹ ਜਾਉ, ਮੇਰੀਆਂ ਟਾਹਣੀਆਂ ਨਾਲ ਖੇਡੋ, ਫਲ ਖਾਉ ਅਤੇ ਮੇਰੀ ਸੰਘਣੀ ਛਾਂ ਮਾਣੋ।

ਪਰੰਤੂ ਬੱਚੇ ਨੇ ਕਿਹਾ "ਹੁਣ ਮੈਂ ਵੱਡਾ ਹੋ ਗਿਆ ਹਾਂ ਤੇ ਮੈਂ ਰੁੱਖ ਉਪਰ ਨਹੀਂ ਚੜ੍ਹ ਸਕਦਾ। ਮੈਨੂੰ ਪੈਸੇ ਚਾਹੀਦੇ ਹਨ। ਮੈਂ ਆਪਣੀਆਂ ਹੋਰ ਲੋੜਾਂ ਪੂਰੀਆਂ ਕਰਨੀਆਂ ਹਨ। ਕੀ ਤੂੰ ਮੈਨੂੰ ਪੈਸੇ ਦੇ ਸਕਦਾ ਹੈਂ।"

ਰੁੱਖ ਨੇ ਉਤਰ ਦਿਤਾ "ਮੈਨੂੰ ਅਫਸੋਸ ਹੈ ਕਿ ਮੇਰੇ ਕੋਲ ਪੈਸੇ ਨਹੀਂ ਹਨ, ਜੇ ਹੁੰਦੇ ਤਾਂ ਮੈਂ ਆਪਣੇ ਦੋਸਤ ਦੀ ਮਦਦ ਜ਼ਰੂਰ ਕਰਦਾ। ਮੇਰਾ ਸੁਝਾਅ ਹੈ ਕਿ ਤੂੰ ਮੇਰੇ ਸਾਰੇ ਅੰਬ ਲੈ ਜਾ। ਵੇਚ ਕੇ ਪੈਸੇ ਪ੍ਰਾਪਤ ਕਰ ਤੇ ਆਪਣੀਆਂ ਲੋੜਾਂ ਪੂਰੀਆਂ ਕਰ। ਤੇਰੀ ਮਦਦ ਕਰ ਕੇ ਮੈਨੂੰ ਖੁਸ਼ੀ ਹੋਵੇਗੀ ਅਤੇ ਆਪਣੀਆਂ ਲੋੜਾਂ ਪੂਰੀਆਂ ਕਰਕੇ ਤੈਨੂੰ ਵੀ ਖੁਸ਼ੀ ਮਿਲੇਗੀ।"

ਲੜਕੇ ਨੇ ਸੁਝਾਅ ਮਨ ਲਿਆ। ਸਾਰੇ ਅੰਬ ਲੈ ਲਏ ਅਤੇ ਵੇਚਣ ਲਈ ਬਾਜ਼ਾਰ ਗਿਆ। ਰਕਮ ਪ੍ਰਾਪਤ ਕੀਤੀ ਤੇ ਆਪਣੀਆਂ ਲੋੜਾਂ ਪੂਰੀਆਂ ਕੀਤੀਆਂ। ਸਮੇਂ ਦੀ ਖੂਬਸੂਰਤੀ ਇਸ ਵਿਚ ਹੈ ਕਿ ਇਹ ਚਲਦਾ ਰਹਿੰਦਾ ਹੈ, ਰੁਕਦਾ ਨਹੀਂ। ਭਾਈ ਵੀਰ ਸਿੰਘ ਨੇ ਲਿਖਿਆ ਹੈ :

**ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ,**
**ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ,**
**ਤ੍ਰਿਖੇ ਆਪਨੇ ਵੇਗ ਗਿਆ, ਟੱਪ ਬੰਨੇ ਬੰਨੀ,**
**ਉੱਠ ਸੰਭਲ, ਸੰਭਾਲ ਇਸ ਸਮੇਂ ਨੂੰ,**
**ਕਰ ਸਫਲ ਉਡੰਦਾ ਜਾਂਵਦਾ,**
**ਇਹ ਠਹਿਰਨ ਜਾਚ ਨਾ ਜਾਣਦਾ,**
**ਲੰਘ ਗਿਆ ਨਾ ਮੁੜ ਕੇ ਆਂਵਦਾ।**

ਮੁੜ ਲੰਬਾ ਸਮਾਂ ਆਪਣੇ ਕੰਮ 'ਚ ਮਸਤ ਹੋ ਜਾਣ ਕਾਰਨ ਲੜਕਾ ਰੁੱਖ ਤੋਂ ਦੂਰ ਰਹਿੰਦਾ ਤੇ ਦੂਰ ਰਹਿਣ ਕਾਰਨ ਰੁੱਖ ਉਦਾਸ ਹੋ ਜਾਂਦਾ। ਫਿਰ ਜਦ ਇਕ ਦਿਨ ਲੜਕਾ ਆਇਆ ਤਾਂ ਰੁੱਖ ਖੁਸ਼ ਹੋ ਗਿਆ ਅਤੇ ਉਸ ਕਿਹਾ :

"ਆ ਜਾ ! ਆ ਜਾ !! ਮੇਰੀਆਂ ਟਾਹਣੀਆਂ ਨਾਲ ਝੂਟ ਲੈ। ਖੁਸ਼ੀ ਮਿਲੇਗੀ।"

ਪਰ ਲੜਕੇ ਨੇ ਕਿਹਾ "ਮੈਂ ਹੁਣ ਕੰਮਾਂ ਵਿਚ ਰੁਝਾ ਹੋਇਆ ਹਾਂ। ਮੇਰੇ ਕੋਲ ਸਮਾਂ ਨਹੀਂ ਕਿ ਤੇਰੇ ਨਾਲ ਮਸਤੀ ਕਰ ਸਕਾਂ। ਮੈਨੂੰ ਹੁਣ ਘਰ ਦੀ ਲੋੜ ਹੈ। ਮੈਂ ਵਿਆਹ ਕਰਵਾਉਣਾ ਹੈ। ਮੇਰੇ ਬੱਚੇ ਹੋਣਗੇ। ਪਰਿਵਾਰ ਵਿਚ ਵਾਧਾ ਹੋਵੇਗਾ, ਇਸ ਲਈ ਘਰ ਦੀ ਲੋੜ ਹੈ।"

ਰੁੱਖ ਬੋਲਿਆ, "ਉਦਾਸ ਨਾ ਹੋ। ਮੇਰੇ ਟਾਹਣ ਵੱਢ ਲੈ, ਇਸ ਤਰ੍ਹਾਂ ਤੈਨੂੰ ਘਰ ਲਈ ਲੱਕੜ ਮਿਲ ਜਾਵੇਗੀ। ਜਾਉ, ਘਰ ਬਣਾਉ ਅਤੇ ਖੁਸ਼ੀ ਖੁਸ਼ੀ ਰਹੋ। ਮੈਨੂੰ ਵੀ ਖੁਸ਼ੀ ਮਿਲੇਗੀ।"

ਲੜਕੇ ਨੇ ਟਾਹਣ ਕੱਟ ਲਏ। ਲੱਕੜ ਦੀ ਘਰ ਬਣਾਉਣ ਲਈ ਵਰਤੋਂ ਕੀਤੀ। ਘਰ ਬਣਾ ਕੇ ਬੱਚਿਆਂ ਨਾਲ ਖੁਸ਼ੀ ਖੁਸ਼ੀ ਰਹਿਣ ਲੱਗਾ।

ਸਮਾਂ ਬੀਤਦਾ ਗਿਆ। ਲੜਕਾ ਬੁਢਾਪੇ ਵੱਲ ਚੱਲ ਪਿਆ ਤੇ ਦਰਖਤ ਕਾਫੀ ਵੱਡਾ ਹੋ ਚੁਕਾ ਸੀ। ਲੰਬੇ ਸਮੇਂ ਬਾਅਦ ਉਹ ਜਦ ਦਰਖਤ ਕੋਲ ਆਇਆ ਤਾਂ ਦਰਖਤ ਨੇ ਮੁੜ ਉਸ ਨੂੰ ਜੀ ਆਇਆ ਕਿਹਾ ਅਤੇ ਖੇਡਣ ਲਈ ਆਖਿਆ। ਪਰ ਉਸਨੇ ਬੁਢਾਪੇ ਦੀ ਮਜਬੂਰੀ ਦੱਸੀ ਤੇ ਕਿਹਾ ਕਿ ਮੈਨੂੰ ਤਾਂ ਕਿਸ਼ਤੀ ਬਨਾਉਣ ਲਈ ਲੱਕੜ ਦੀ ਲੋੜ ਹੈ। ਕੀ ਤੂੰ ਦੇ ਸਕਦਾ ਹੈਂ। ਰੁੱਖ ਬੋਲਿਆ ਕਿ ਮੇਰੇ ਕੋਲ ਤਣਾ ਬਾਕੀ ਹੈ। ਤੂੰ ਕੱਟ ਲੈ, ਆਨੰਦ ਮਾਣ ਲੈ। ਤੈਨੂੰ ਖੁਸ਼ੀ ਮਿਲੇਗੀ ਤਾਂ ਮੈਂ ਵੀ ਖੁਸ਼ ਹੋ ਜਾਵਾਂਗਾ। ਉਸ ਨੇ ਇੰਝ ਹੀ ਕੀਤਾ।

ਦਰਖਤ ਖੁਸ਼ ਹੋ ਗਿਆ ਪਰ ਸਚਮੁੱਚ ਨਹੀਂ ਕਿਉਂ ਜੋ ਉਹ ਇਨਸਾਨ ਸਭ ਕੁਝ ਲੈ ਚੁੱਕਾ ਸੀ ਅਤੇ ਬਾਬੇ ਦੀ ਰੁੱਖ ਲਗਾਉਣ ਵਾਲੀ ਗੱਲ ਭੁਲ ਚੁੱਕਾ ਸੀ। ਜ਼ਰੂਰੀ ਹੈ ਕਿ ਜੇਕਰ ਲੋੜਾਂ ਲਈ ਰੁੱਖ ਕਟਣੇ ਪੈ ਜਾਣ ਤਾਂ ਹੋਰ ਰੁੱਖ ਵੀ ਲਾਏ ਜਾਣ ਅਤੇ ਧਿਆਨ ਵੀ ਦਿੱਤਾ ਜਾਵੇ।

# ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ

ਕਵੀ ਵਲੋਂ ਲਿਖੀਆ ਸਤਰਾਂ ਪੰਜਾਬ ਦੀ ਪੁਰਾਣੀ ਹਾਲਤ ਨੂੰ ਬਾਖੂਬੀ ਬਿਆਨ ਕਰਦੀਆਂ ਹਨ ਕਿ

**ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ ,**
**ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਈਓ।**

ਅਸੀਂ ਪੰਜਾਬ ਨੂੰ ਸੁੰਦਰਤਾ ਨਾਲ ਭਰਪੂਰ ਮੰਨ ਕੇ ਜਿਤਨਾ ਮਰਜ਼ੀ ਭਰਮ ਪਾਲ ਸਕਦੇ ਹਾਂ ਪਰੰਤੂ ਅਸਲੀਅਤ ਤੋਂ ਮੁਖ ਮੋੜਨਾ ਸੰਭਵ ਨਹੀਂ ਹੈ। ਹਥਲੇ ਲੇਖ ਵਿਚ ਨਸ਼ੇ ਦੇ ਵਗਦੇ ਛੇਵੇਂ ਦਰਿਆ, ਬੇਰੁਜ਼ਗਾਰਾਂ ਦੀ ਵੱਧ ਰਹੀ ਫੌਜ, ਭ੍ਰਿਸ਼ਟਾਚਾਰ ਦੇ ਜਵਾਨ ਹੋ ਰਹੇ ਦੈਂਤ ਦੀ ਗੱਲ ਨੂੰ ਛੱਡ ਕੇ ਸਿੱਖਿਆ ਦੇ ਹੋ ਰਹੇ ਵਿਕਾਸ ਅਤੇ ਤਜਰਬਿਆਂ ਦੀ ਗੱਲ ਕਰਨੀ ਚਾਹਾਂਗੇ। ਵਿਦਿਆਰਥੀ ਦੇ ਜੀਵਨ ਵਿਚ ਅਧਿਆਪਕ ਦੇ ਰੋਲ ਦਾ ਕਿਤਨਾ ਪ੍ਰਭਾਵ ਹੁੰਦਾ ਹੈ। ਅਧਿਆਪਕ ਉਸ ਦੇ ਲਈ ਮਾਰਗ ਦਰਸ਼ਕ ਹੈ ਅਤੇ ਕਈ ਵਾਰ ਮਾਪਿਆਂ ਦੀ ਗੱਲ ਨੂੰ ਇਗਨੋਰ ਕਰ ਅਧਿਆਪਕ ਦੀ ਗੱਲ ਨੂੰ ਅਹਿਮੀਅਤ ਦਿਤੀ ਜਾਂਦੀ ਹੈ। ਇਸ ਬਾਰੇ ਵਿਚਾਰ ਕਰਨ ਲਈ ਸਿਰ ਜੋੜ ਕੇ ਬੈਠਣ ਦੀ ਲੋੜ ਹੈ ਜਿਸ ਲਈ ਸਾਡੇ ਨੇਤਾਵਾਂ ਕੋਲ ਸਮਾਂ ਹੀ ਨਹੀਂ ਹੈ। ਅਧਿਆਪਕ ਕੋਲੋਂ ਉਸ ਦਾ ਅਧਿਆਪਨ ਦਾ ਕੰਮ ਛੁਡਵਾ ਕੇ ਉਸ ਨੂੰ ਵੋਟਾਂ ਬਣਾਉਣ ਦਾ ਕੰਮ ਸਾਂਭਣਾ, ਸਰਕਾਰੀ ਡਾਕ ਵਿਚ ਉਲਝਾਈ ਰੱਖਣਾ, ਮਿਡ ਡੇ ਮੀਲ ਦੇ ਹਿਸਾਬ ਕਿਤਾਬ ਨੂੰ ਦਰੁਸਤ ਰੱਖਣਾ, ਸਕੂਲ ਰਿਕਾਰਡ ਨੂੰ ਔਨ ਲਾਈਨ ਕਰਨਾ ਆਦਿ ਵਿਚ ਲਾਇਆ ਹੋਇਆ ਹੈ। ਉਸ ਤੋਂ ਚੰਗੇ ਨਤੀਜਿਆਂ ਦੀ ਆਸ ਰੱਖਣਾ ਅਤੇ ਉਸ ਬਾਰੇ ਮੰਦਾ ਆਖਣਾ ਆਮ ਜਿਹਾ ਵਤੀਰਾ ਹੋ ਚੁਕਾ ਹੈ। ਇਹ ਇੱਕ ਅਟਲ ਸਚਾਈ ਹੈ ਕਿ ਪਾਣੀ ਹਮੇਸ਼ਾ ਨੀਵਾਣ ਵਲ ਰੁੱਖ ਕਰਦਾ ਹੈ ਅਤੇ ਅਧਿਆਪਕ ਕਿਸੇ ਦਾ ਛੇਤੀ ਨੁਕਸਾਨ ਨਹੀਂ ਕਰ ਸਕਦਾ ਜਿਵੇਂ ਪਟਵਾਰੀ ਆਦਿ ਕਰ ਸਕਦੇ ਹਨ ਉਸ ਕਾਰਨ ਹੀ ਉਸ ਪ੍ਰਤੀ ਮਾੜੇ ਸ਼ਬਦ ਵਰਤੇ ਜਾਂਦੇ ਹਨ ਅਤੇ ਕੇਵਲ ਇੱਕ ਦਿਨ ਅਧਿਆਪਕ ਦਿਵਸ (ਪੰਜ ਸਤੰਬਰ) ਵਾਲੇ ਦਿਨ ਉਸ ਦੀ ਰੱਜ ਕੇ ਵਡਿਆਈ ਕੀਤੀ ਜਾਂਦੀ ਹੈ ਅਤੇ 364 ਦਿਨ ਉਸ ਨੂੰ ਪਾਣੀ ਪਾਣੀ ਪੀ ਪੀ ਕੇ ਕੋਸਣ ਵਿਚ ਕੋਈ ਕਸਰ ਵੀ ਬਾਕੀ ਨਹੀਂ ਛੱਡੀ ਜਾਂਦੀ ਹੈ।

ਅਸੀਂ ਦੇਖ ਰਹੇ ਹਾਂ ਕਿ ਦੇਸ਼ ਦੇ ਅੰਦਰ ਪਿੰਡਾਂ ਅਤੇ ਸ਼ਹਿਰਾਂ ਦੇ ਵਿਚ ਸਰਕਾਰੀ ਅਤੇ ਨਿਜੀ ਸੰਸਥਾਵਾਂ ਨਵੀਂ ਕਿਸਮ ਦੇ ਜਾਤੀਵਾਦ ਨੂੰ ਜਨਮ ਦੇ ਰਹੀਆਂ ਹਨ। ਅਮੀਰਾਂ ਅਤੇ ਗਰੀਬਾਂ ਲਈ ਮਿਲਦੀਆਂ ਸਿਖਿਆਵਾਂ ਸੁਵਿਧਾਵਾਂ ਪਾੜੇ ਵਿਚ ਵਾਧਾ ਕਰਨ ਵਿਚ ਸਹਾਈ ਹੋ ਰਹੀਆਂ ਹਨ। ਪੰਜਾਬ ਦੇ ਅੰਦਰ ਖੁੰਬਾਂ ਵਾਂਗ ਉਸਰ ਰਹੇ ਪ੍ਰਾਈਵੇਟ ਸਕੂਲ

ਨਿਜੀ ਪੇਸ਼ਾਵਰ ਕਾਲਜ ਅਤੇ ਯੂਨੀਵਰਸਿਟੀਆਂ ਧੜਾ ਧੜ ਕਿੱਤਾ ਮੁਖੀ ਡਿਗਰੀਆਂ ਵੰਡ ਰਹੇ ਹਨ। ਜਦੋਂ ਕਿਸੇ ਨੌਜੁਆਨ ਨੂੰ ਉਚੇਰੀ ਡਿਗਰੀ ਪ੍ਰਾਪਤ ਕਰਨ ਉਪਰੰਤ ਕੰਮ ਨਾ ਮਿਲੇ ਤਾਂ ਸੰਸਥਾਵਾਂ ਦੀ ਗਿਣਤੀ ਵਧਾਏ ਜਾਣ ਦੀ ਕੀ ਲੋੜ ਹੈ। ਜਦੋਂ ਵੋਟਾਂ ਦਾ ਸਮਾਂ ਹੁੰਦਾ ਹੈ ਤਾਂ ਚੋਣ ਲੜਨ ਵਾਲੀਆਂ ਪਾਰਟੀਆਂ ਐਲਾਨ ਕਰਦੀਆਂ ਹਨ ਕਿ ਲੱਖਾਂ ਦੀ ਗਿਣਤੀ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ ਅਤੇ ਹਰ ਪਾਰਟੀ ਇਸ ਗਿਣਤੀ ਨੂੰ ਵਧ ਚੜ੍ਹਾ ਕੇ ਪੇਸ਼ ਕਰਦੀ ਹੈ। ਇਹ ਜਾਣਦੇ ਹੋਏ ਕਿ ਇਹ ਤਾਂ ਕੇਵਲ ਵਾਅਦਾ ਹੀ ਹੈ ਜਦੋਂ ਸਰਕਾਰ ਬਣੇਗੀ ਉਸ ਵੇਲੇ ਫਿਰ ਸੋਚਿਆ ਜਾਵੇਗਾ। ਸਰਕਾਰ ਬਣ ਜਾਣ ਉਪਰੰਤ ਉਹੋ ਹੀ ਪਾਰਟੀ ਆਖਦੀ ਹੈ ਕਿ ਸਭ ਲਈ ਰੁਜ਼ਗਾਰ ਸੰਭਵ ਨਹੀਂ ਹੈ ਅਤੇ ਨਾ ਹੀ ਇਹ ਕੰਮ ਤੁਰੰਤ ਹੋ ਸਕਣ ਵਾਲਾ ਹੈ।

ਅਸੀਂ ਡਿੱਠਾ ਹੈ ਕਿ ਇੱਕ ਬੀ.ਟੇਕ. ਦੀ ਡਿਗਰੀ ਪ੍ਰਾਪਤ ਕਰਨ ਵਾਲਾ ਨੌਜੁਆਨ ਸਟੇਸ਼ਨ ਉਪਰ ਕੁਲੀ ਦਾ ਕੰਮ ਕਰ ਰਿਹਾ ਹੈ ਅਤੇ ਖਬਰ ਆ ਜਾਣ ਉਪਰੰਤ ਕੁਲੀ ਦਾ ਕੰਮ ਕਰ ਰਿਹਾ ਹੈ ਤੋਂ ਕੁਲੀ ਦਾ ਕੰਮ ਕਰ ਰਿਹਾ ਸੀ, ਹੋ ਗਿਆ। ਦੇਖਣ ਵਿਚ ਆਇਆ ਹੈ ਕਿ ਸਰਕਾਰ ਨੇ ਨਹੀਂ ਪ੍ਰਾਈਵੇਟ ਅਦਾਰੇ ਨੇ ਉਸ ਨੂੰ ਨੌਕਰੀ ਦਿਤੀ ਹੈ ਅਤੇ ਉਸ ਦੀ ਪਤਨੀ ਦੀ ਅਗਲੇਰੀ ਪੜ੍ਹਾਈ ਲਈ ਮਦਦ ਦਾ ਭਰੋਸਾ ਵੀ ਦਿਤਾ ਹੈ। ਇਸ ਤਰ੍ਹਾਂ ਨਾਲ ਉਸ ਦੀ ਆਰਥਿਕ ਅਤੇ ਸਮਾਜਕ ਹਾਲਤ ਵਿਚ ਸੁਧਾਰ ਹੋਵੇਗਾ। ਜਦੋਂ ਪੜ੍ਹਾਈ ਉਪਰ ਇਤਨਾ ਖਰਚ ਕੀਤਾ ਜਾਂਦਾ ਹੈ ਅਤੇ ਆਮਦਨ ਘਟ ਹੋਵੇ ਤਾਂ ਇਸ ਘਾਟੇਵੰਦੇ ਕੰਮ ਨੂੰ ਕੌਣ ਕਰਨਾ ਚਾਹੇਗਾ।

ਹਰੀ ਕਰਾਂਤੀ ਆ ਜਾਣ ਬਾਅਦ ਜ਼ਿਮੀਂਦਾਰ ਦੀ ਆਮਦਨ ਵਿਚ ਵਾਧਾ ਹੋ ਜਾਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੇ ਵਿਕਾਸ ਵਲ ਰੁੱਖ ਕੀਤਾ ਅਤੇ ਬੱਚਿਆਂ ਦੀ ਪੜ੍ਹਾਈ ਵਲ ਧਿਆਨ ਦਿਤਾ ਜਾਣ ਲੱਗਾ ਇਸ ਤਰਾਂ ਪੜ੍ਹਾਈ ਕਰਨ ਉਪਰੰਤ ਨੌਕਰੀਆਂ ਵਲ ਜਾਣ ਲੱਗ ਪਏ। ਇਸ ਰੁਝਾਨ ਨੂੰ ਵੇਖਦੇ ਹੋਏ ਵਪਾਰੀਆਂ ਨੇ ਵੀ ਫਾਇਦਾ ਉਠਾ ਲੈਣ ਬਾਰੇ ਸੋਚਿਆ। ਸ਼ਹਿਰਾਂ ਦੇ ਅੰਦਰ ਅੰਗਰੇਜ਼ੀ ਮਾਧਿਅਮ ਸਕੂਲ ਖੁਲ੍ਹਣੇ ਸ਼ੁਰੂ ਹੋਏ ਅਤੇ ਸਰਦੇ ਪੁੱਜਦੇ ਲੋਕਾਂ ਨੇ ਇਨ੍ਹਾਂ ਨਵੇਂ ਸਕੂਲਾਂ ਵਲ ਰੁਖ ਕੀਤਾ ਅਤੇ ਸਰਕਾਰੀ ਸਕੂਲਾਂ ਤੋਂ ਮੁਖ ਮੋੜ ਲਿਆ। ਸਰਕਾਰੀ ਸਕੂਲਾਂ ਦੇ ਅੰਦਰ ਕੇਵਲ ਸਾਧਨ ਵਿਹੂਣੇ ਲੋਕਾਂ ਦੇ ਬੱਚੇ ਰਹਿ ਗਏ। ਸਰਕਾਰ ਨੇ ਪ੍ਰਾਈਵੇਟ ਸਕੂਲਾਂ ਨੂੰ ਖੋਲ੍ਹਣ ਵਿਚ ਆਪਣੀ ਚੁੱਪ ਸਹਿਮਤੀ ਦਿੱਤੀ ਅਤੇ ਸਰਕਾਰੀ ਸਕੂਲਾਂ ਪ੍ਰਤੀ ਅਵੇਸਲਾਪਣ ਅਪਣਾਇਆ ਜਿਸ ਨਾਲ ਇਹ ਸਕੂਲ ਮੰਦੀ ਹਾਲਤ ਵਿਚ ਚਲੇ ਗਏ ਅਤੇ ਜਿਸ ਹਾਲਤ ਵਿਚ ਸਕੂਲ ਪੁੱਜ ਚੁਕੇ ਹਨ ਉਸ ਲਈ ਕੇਵਲ ਤੇ ਕੇਵਲ ਸਰਕਾਰ ਜ਼ਿਮੇਵਾਰ ਹੈ। ਸਰਕਾਰ ਨੇ ਖਾਲੀ ਹੋ ਚੁਕੀਆਂ ਪੋਸਟਾਂ ਭਰਨ ਵਿਚ ਜ਼ਿਮੇਂਵਾਰੀ ਦਾ ਸਬੂਤ ਨਹੀਂ ਦਿਤਾ। ਬਹੁਤ ਸਮਾਂ ਸਕੂਲ ਬਿਨਾ ਮੁਖੀਆਂ ਤੋਂ ਹੀ ਚਲਦੇ ਰਹੇ ਜਦੋਂ ਕਿ ਪ੍ਰਾਈਵੇਟ ਸਕੂਲਾਂ ਦੇ ਵਿਚ ਕਦੇ ਵੀ ਕੋਈ ਖਾਲੀ ਅਸਾਮੀ ਨਹੀਂ ਹੁੰਦੀ ਇਕ ਪੋਸਟ ਦੇ ਖਾਲੀ ਹੋਣ ਤੇ ਝੱਟ ਹੀ ਨਵੀਂ ਨਿਯੁਕਤੀ ਕਰ ਦਿਤੀ ਜਾਂਦੀ ਹੈ। ਸਰਕਾਰ ਨੇ ਸਰਕਾਰੀ ਸਕੂਲਾਂ ਦਾ ਸੁਧਾਰ ਸੋਚਣ ਦੀ ਥਾਂ ਨਵੀਂ ਯੋਜਨਾ ਅਧੀਨ ਆਦਰਸ਼ ਸਕੂਲ ਖੋਲ੍ਹਣ ਵਲ ਤਰਜੀਹ ਦਿਤੀ। ਜਿਤਨੇ ਨਵੇਂ ਸਕੂਲ ਖੋਲ੍ਹਣ ਉਪਰ ਪੂੰਜੀ ਖਰਚੀ ਗਈ ਉਤਨੀ ਪੂੰਜੀ ਨਾਲ ਕੁਝ ਪਹਿਲਾਂ ਚਲ ਰਹੇ ਸਕੂਲਾਂ ਦੀ ਹਾਲਤ ਸੁਧਾਰੀ ਜਾ ਸਕਦੀ ਸੀ।

ਸਰਕਾਰ ਨੇ ਸਮਾਂ ਦਿੱਤਾ ਕਿ ਪੁਰਾਣੇ ਸਕੂਲ ਆਪਣੇ ਆਪ ਹੋਲੀ ਬੰਦ ਹੋ ਜਾਣ ਪਰੰਤੂ ਅਧਿਆਪਕਾਂ ਨੇ ਆਪਣੀ ਮਿਹਨਤ ਸਦਕਾ ਸਕੂਲਾਂ ਵਿਚ ਜਾਨ ਪਾਉਣ ਦੀ ਕੋਸ਼ਿਸ਼ ਜਾਰੀ ਰੱਖੀ ਪਰੰਤੂ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ ਅਤੇ ਸੁਧਾਰਾਂ ਨੂੰ ਭਰਵਾਂ ਹੁੰਗਾਰਾ ਨਾ ਮਿਲ ਸਕਿਆ, ਕਾਰਣ ਤਾਂ ਸਰਕਾਰ ਨੂੰ ਚਲਾਉਣ ਵਾਲੇ ਹੀ ਦੱਸ ਸਕਦੇ ਹਨ। ਸਰਕਾਰਾਂ ਬਦਲਦੀਆਂ ਰਹੀਆਂ ਇੱਕ ਸਰਕਾਰ ਜੋ ਮੌਜੂਦਾ ਵੀ ਹੈ, ਨੂੰ ਲਗਾਤਾਰ ਇਕ ਦਹਾਕੇ ਦੇ ਲਗਭਗ ਸਮਾਂ ਮਿਲਿਆ ਤੇ ਸੁਧਾਰ ਦੇ ਨਾਂ ਹੇਠ ਮੈਰੀਟੋਰੀਅਸ ਸਕੂਲ ਖੋਲ੍ਹਣ ਦਾ ਐਲਾਨ ਕੀਤਾ, ਕਾਫੀ ਸਾਰੀ ਪੂੰਜੀ ਦਾ ਪ੍ਰਬੰਧ ਕੀਤਾ ਗਿਆ ਪਰੰਤੂ ਪੁਰਾਣੇ ਸਕੂਲਾਂ ਨੂੰ ਲੀਹ ਤੇ ਲਿਆਉਣ ਲਈ ਨਾ ਮਾਤਰ ਯਤਨ ਵੀ ਨਾ ਕੀਤੇ ਗਏ ਅਤੇ ਵਿਦਿਆ ਦਾ ਸੁਧਾਰ ਕਰਨ ਦੇ ਨਾ ਹੇਠ ਕੇਵਲ ਐਲਾਨ ਹੀ ਕੀਤੇ ਗਏ ਜੋ ਸਾਰਥਕ ਨਾ ਹੋ ਸਕੇ। ਸਕੂਲਾਂ ਦੇ ਅਧਿਆਪਕ ਇਸ ਸਥਿਤੀ ਤੋਂ ਜਾਣੂ ਹਨ ਉਹ ਕੇਵਲ ਮੇਹਨਤ ਹੀ ਕਰ ਸਕਦੇ ਹਨ ਜੋ ਉਹ ਕਰ ਰਹੇ ਹਨ ਉਨ੍ਹਾਂ ਸਕੂਲਾਂ ਦੇ ਬਚੇ ਵੀ ਮੈਰਿਟ ਵਿਚ ਸਥਾਨ ਪ੍ਰਾਪਤ ਕਰ ਰਹੇ ਹਨ। ਪ੍ਰਬੰਧ ਵਿਚ ਅਤੇ ਬਜਟ ਵਿਚ ਉਨ੍ਹਾਂ ਦੀ ਕੋਈ ਪੁੱਛ ਗਿੱਛ ਨਹੀਂ ਹੈ। ਜੇਕਰ ਉਹ ਇਮਤਿਹਾਨਾਂ ਵਿਚ ਹੋ ਰਹੀ ਨਕਲ ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ ਤਾਂ ਉਹ ਇਕੱਲੇ ਹੀ ਨੰਗੇ ਧੜ ਲੜਦੇ ਹਨ, ਸਰਕਾਰ ਦੇ ਪ੍ਰਬੰਧਕ ਉਨ੍ਹਾਂ ਦੀ ਸਾਰ ਨਹੀਂ ਲੈਂਦੇ। ਜੇ ਕਿਤੇ ਝਗੜੇ ਹੁੰਦੇ ਹਨ ਤਾਂ ਅਧਿਆਪਕ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਉਸ ਨਾਲ ਪੇਸ਼ੀਆਂ ਸਮੇਂ ਮੁਜਰਮਾਂ ਵਾਲਾ ਵਿਹਾਰ ਕੀਤਾ ਜਾਂਦਾ ਹੈ। ਅਜੇਹੀ ਸਥਿਤੀ ਵਿਚ ਅਧਿਆਪਕ ਜੋ ਇਸ ਸਮਾਜ ਦਾ ਅਟੁੱਟ ਅੰਗ ਹੈ ਉਹ ਸਮਾਜ ਤੋਂ ਵੱਖਰਾ ਕਿਵੇਂ ਰਹਿ ਸਕਦਾ ਹੈ।

ਸਰਕਾਰੀ ਬਸਾਂ ਦੇ ਅੰਦਰ ਸਰਕਾਰ ਦੇ ਸਰਵੇ ਸਰਵਾ ਸਫ਼ਰ ਨਹੀਂ ਕਰਦੇ ਅਤੇ ਉਨ੍ਹਾਂ ਦੇ ਬਚੇ ਵੀ ਅਫਸਰਾਂ ਅਤੇ ਵਜ਼ੀਰਾਂ ਦੀਆਂ ਕਾਰਾਂ ਵਿਚ ਸਫ਼ਰ ਕਰਦੇ ਵੇਖੇ ਜਾ ਸਕਦੇ ਹਨ। ਸਰਕਾਰੀ ਹਸਪਤਾਲਾਂ ਵਿਚ ਵੀ ਗਰੀਬ ਲੋਕ ਇਲਾਜ ਲਈ ਜਾਂਦੇ ਹਨ ਵਜ਼ੀਰ ਅਤੇ ਅਫਸਰਾਂ ਦੇ ਬਚੇ ਪ੍ਰਾਈਵੇਟ ਹਸਪਤਾਲਾਂ ਵਿਚੋਂ ਇਲਾਜ ਕਰਵਾਉਂਦੇ ਹਨ। ਕੁਝ ਵਜ਼ੀਰਾਂ ਨੂੰ ਤਾਂ ਆਪਣੇ ਦੇਸ਼ ਅੰਦਰ ਇਲਾਜ ਕਰਵਾਉਣਾ ਚੰਗਾ ਨਹੀਂ ਲਗਦਾ, ਉਹ ਆਪਣੇ ਜਾਂ ਆਪਣੇ ਪਰਿਵਾਰ ਦੇ ਇਲਾਜ ਲਈ ਬਾਹਰਲੇ ਦੇਸ਼ਾਂ ਵਲ ਭੱਜਦੇ ਹਨ। ਇਹ ਜਾਣਦੇ ਹੋਏ ਕਿ ਆਮ ਲੋਕਾਂ ਤੋਂ ਟੈਕਸਾਂ ਰਾਹੀਂ ਪ੍ਰਾਪਤ ਪੈਸਾ ਉਨ੍ਹਾਂ ਦੀ ਜਾਤੀ ਭਲਾਈ ਲਈ ਵਰਤਿਆ ਜਾ ਰਿਹਾ ਹੈ। ਸਰਕਾਰੀ ਸਕੂਲਾਂ ਵਿਚ ਸਰਕਾਰੀ ਅਧਿਕਾਰੀ ਆਪਣੇ ਬਚੇ ਦਾਖਲ ਨਹੀਂ ਕਰਵਾਉਂਦੇ ਜਿਸ ਦੇ ਕਾਰਨ ਉਹ ਬੇਹਤਰ ਜਾਣਦੇ ਹਨ। ਪ੍ਰਾਈਵੇਟ ਸਕੂਲਾਂ ਵਿਚ ਦਾਖਲ ਕਰਵਾਉਣਾ ਸਟੇਟਸ ਸਿੰਬਲ ਬਣ ਚੁਕਾ ਹੈ ਰਿਕਸ਼ੇ ਵਾਲਾ ਵੀ ਆਪਣੇ ਬਚੇ ਸਰਕਾਰੀ ਸਕੂਲਾਂ ਦੀ ਬਜਾਏ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਬਚੇ ਪੜ੍ਹਾਉਣਾ ਪਸੰਦ ਕਰਦਾ ਹੈ।

ਸਰਕਾਰੀ ਸਕੂਲਾਂ ਵਿਚ ਕੰਮ ਕਰਨ ਵਾਲੇ ਅਧਿਆਪਕਾਂ ਦੀ ਕਈ ਕੈਟੇਗਰੀਆਂ ਬਣ ਚੁਕੀਆਂ ਹਨ। ਕੁਝ ਪੂਰੀ ਤਨਖਾਹ ਵਾਲੇ ਅਧਿਆਪਕ ਹਨ ਅਤੇ ਕਈ ਅਧਿਆਪਕ ਕੇਵਲ ਥੋੜ੍ਹੀ ਜਿਹੀ ਤਨਖਾਹ ਉਪਰ ਭਰਤੀ ਕੀਤੇ ਗਏ ਹਨ ਅਤੇ ਉਮੀਦ ਰੱਖੀ ਜਾਂਦੀ ਹੈ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਉਣ।

ਜਦੋਂ ਉਨ੍ਹਾਂ ਨੂੰ ਮਿਹਨਤਾਨਾ ਵੀ ਪੂਰਾ ਨਹੀਂ ਤਾਂ ਪੂਰੇ ਕੰਮ ਦੀ ਆਸ ਰੱਖਣੀ ਹੀ ਗਲਤ ਹੈ। ਉਨ੍ਹਾਂ ਨੇ ਉਤਨੀਆਂ ਹੀ ਫੀਸ ਭਰ ਕੇ ਪੜ੍ਹਾਈ ਕੀਤੀ ਹੈ ਲਾਗਤ ਅਤੇ ਆਮਦਨ ਦੇ ਸਧਾਰਣ ਸਿਧਾਂਤ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜੇਕਰ ਪੂਰਾ ਲਾਭ ਪ੍ਰਾਪਤ ਕਰਨਾ ਹੈ ਤਾਂ ਮੁੱਲ ਪੂਰਾ ਤਾਰਨਾ ਪਵੇਗਾ। ਘਟ ਲਾਗਤ ਨਾਲ ਵਧੀਆ ਵਸਤੂ ਦੀ ਆਸ ਨਹੀਂ ਰੱਖੀ ਜਾ ਸਕਦੀ। ਸਰਕਾਰ ਉਨ੍ਹਾਂ ਨੂੰ ਪੂਰੀ ਤਨਖਾਹ ਦੇਵੇ ਅਤੇ ਪੂਰਾ ਅਧਿਆਪਨ ਦਾ ਕੰਮ ਲਵੇ ਜਿਸ ਲਈ ਉਨ੍ਹਾਂ ਨੂੰ ਨਿਯੁਕਤ ਕੀਤਾ ਹੈ। ਵਾਧੂ ਦੇ ਕੰਮ ਉਨ੍ਹਾਂ ਤੋਂ ਨਾ ਲੈ ਕੇ, ਵਿਦਿਆ ਦੇ ਸੁਧਾਰ ਲਈ ਯਤਨ ਕੀਤੇ ਜਾਣ। ਜੇ ਹੁਣ ਵੀ ਨਾ ਸੰਭਲੇ ਤਾਂ ਨਵੀਂ ਪੀੜ੍ਹੀ ਦਾ ਗਿਆਨ ਤੋਂ ਕੋਰਾ ਹੋਣਾ ਕੋਈ ਵਿਕੋਲਿਤਰੀ ਗੱਲ ਨਹੀਂ ਹੋਵੇਗੀ। ਰੋਜ਼ਾਨਾ ਦੇ ਨਵੇਂ ਨਵੇਂ ਸਕੂਲ ਖੋਲ੍ਹਣ ਦੇ ਤਜਰਬੇ ਛੱਡ ਪਹਿਲਾਂ ਚਲ ਰਹੇ ਸਕੂਲਾਂ ਦੀ ਹਾਲਤ ਸੁਧਾਰਨ ਲਈ ਠੋਸ ਉਪਰਾਲੇ ਕੀਤੇ ਜਾਣ। ਇਮਾਰਤਾਂ ਦੀ ਘਾਟ ਪੂਰੀ ਕੀਤੀ ਜਾਵੇ। ਲੜਕੇ ਅਤੇ ਲੜਕੀਆਂ ਵੱਖਰੇ ਵੱਖਰੇ ਬਾਥਰੂਮ ਬਣਾਉਣ ਵਲ ਵਿਸ਼ੇਸ਼ ਧਿਆਨ ਦਿਤਾ ਜਾਵੇ।

# ਆਰੇ ਦਿਆਂ ਦੰਦਿਆਂ ਤੇ

ਸਾਧਾਰਨ ਕਿਰਸਾਣੀ ਪਰਿਵਾਰ ਵਿਚ ਪੈਦਾ ਹੋਇਆ ਤੰਗੀਆਂ ਤੁਰਸ਼ੀਆਂ ਨੂੰ ਆਪਣੇ ਨੰਗੇ ਪਿੰਡੇ ਤੇ ਹੰਡਾਉਣ ਵਾਲਾ ਅਤੇ ਇਸ ਵੇਲੇ ਗਾਇਕੀ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਨਾਉਣ ਵਾਲਾ, ਪਿੰਡ ਕਨੇਚ ਜ਼ਿਲਾ ਲੁਧਿਆਣਾ ਵਿਖੇ ਸਵਰਗੀ ਸਰਦਾਰ ਲਹਿਣਾ ਸਿੰਘ ਅਤੇ ਸਵਰਗੀ ਸ੍ਰੀਮਤੀ ਗੁਰਦਿਆਲ ਕੌਰ ਦੀ ਫੁਲਵਾੜੀ ਵਿਚ ਇੱਕ ਗੁਲਾਬ ਦਾ ਫੁਲ ਖਿੜਿਆ, ਜਿਸ ਨੇ ਚਾਰ ਚੁਫੇਰੇ ਖੁਸ਼ਬੂਆਂ ਦੇ ਅੰਬਾਰ ਲਾ ਦਿਤੇ। ਭਾਰਤ ਨੂੰ ਆਜ਼ਾਦੀ ਮਿਲਣ ਤੋਂ ਇਕ ਦਹਾਕਾ ਪਹਿਲਾਂ ਚਾਰ ਅਕਤੂਬਰ ਵਾਲੇ ਦਿਨ ਇਸ ਫੁੱਲ ਨੇ ਦਸਤਕ ਦਿੱਤੀ ਸੀ। ਇਸ ਫੁੱਲ ਦੀਆਂ ਮਹਿਕਾਂ ਹੱਦਾਂ, ਸਰਹੱਦਾਂ ਦੀਆਂ ਮੁਥਾਜ ਨਹੀਂ ਹਨ, ਖੁਸ਼ਬੂ ਨਾਲ ਮਲੇਸ਼ੀਆ, ਅਮਰੀਕਾ ਅਤੇ ਪਾਕਿਸਤਾਨ ਆਦਿ ਦੀਆਂ ਹਵਾਵਾਂ ਵੀ ਭਰੀਆਂ ਵੱਗ ਰਹੀਆਂ ਹਨ। ਰੇਡੀਓ ਅਤੇ ਟੀ.ਵੀ. ਦੇ ਮਾਧਿਅਮ ਰਾਹੀਂ ਪੂਰੀ ਦੁਨੀਆ ਦੇ ਸਰੋਤਿਆਂ 'ਤੇ ਛਾ ਜਾਣ ਵਾਲਾ ਇਹ ਫੁੱਲ ਹੋਰ ਕੋਈ ਨਹੀਂ ਸਗੋਂ 'ਸਿਖੀ ਦੇ ਬੂਟੇ' ਨੂੰ ਆਪਣੀ ਸੁਰੀਲੀ ਆਵਾਜ਼ ਵਿਚ ਤੂੰਬੀ ਦੇ ਸਾਥ ਨਾਲ ਗਾ ਕੇ ਲੋਕਾਂ ਦੇ ਦਿਲਾਂ ਵਿਚ ਵੱਸ ਜਾਣ ਵਾਲਾ ਸਰਦਾਰ ਗੁਰਪਾਲ ਸਿੰਘ ਪਾਲ।

ਕਿਸੇ ਲਈ ਇਹ ਪਾਲੀ ਹੈ ਅਤੇ ਕਿਸੇ ਲਈ ਪੰਜਾਬੀ ਸਭਿਆਚਾਰ ਨੂੰ ਸੱਚੀ-ਸੁੱਚੀ ਦਿਖ ਦੇਣ ਵਾਲਾ ਪੰਜਾਬੀ ਮਾਂ ਬੋਲੀ ਦਾ ਅਸਲੀ ਪੁੱਤਰ ਹੈ। ਇਹ ਕੋਹਾਂ ਦੂਰ ਹੈ, ਅੱਜ ਕਲ ਦੀ ਧੂਮ-ਧੜਕੇ ਵਾਲੀ, ਸ਼ੋਰ ਪ੍ਰਦੂਸ਼ਣ ਵਾਲੀ, ਸਟੇਜ ਤੇ ਬਾਂਦਰ ਟਪੂਸੀਆਂ ਵਾਲੀ ਗਾਇਕੀ ਤੋਂ ਉਮਰ ਦੇ ਲੱਗਭਗ ਅਠ ਦਹਾਕੇ ਪੈਂਡਾ ਮਾਰ ਕੇ ਅਤੇ ਗਾਇਕੀ ਦੇ ਖੇਤਰ ਵਿਚ ਛੇ ਦਹਾਕੇ ਲਾ ਕੇ ਵੀ ਇਸ ਨੇ ਮਾਡਲ ਕੁੜੀਆਂ ਦਾ ਸਹਾਰਾ ਨਹੀਂ ਲਿਆ ਹੈ। ਸਗੋਂ ਇਸ ਗੱਲ ਦਾ ਵਿਰੋਧ ਕਰਦਾ ਹੈ ਅਤੇ ਸੱਚੀ ਸੁੱਚੀ ਗਾਇਕੀ ਵਿਚ ਅਤੁੱਟ ਵਿਸ਼ਵਾਸ ਰਖਦਾ ਹੈ। ਇਸ ਸ਼ਖਸ ਦੀ ਗਾਇਕੀ ਵੇਖਣ ਵਾਲੀ ਹੀ ਨਹੀਂ, ਸਗੋਂ ਵੇਹਲੇ ਹੋ ਕੇ ਨਿੱਠ ਬੈਠ ਕੇ ਧਿਆਨ ਗੋਚਰੇ ਹੋ ਕੇ ਸੁਣਨ ਵਾਲੀ ਹੈ। ਇਨ੍ਹਾਂ ਦੀ ਗਾਇਕੀ ਦੇ ਰਸ ਭਰੇ ਬੋਲ ਧੁਰ ਅੰਦਰ ਤਕ ਅਸਰ ਕਰਦੇ ਹਨ ਅਤੇ ਅਰਥ ਭਰਪੂਰ ਸ਼ਬਦਾਂ ਸਦਕਾ ਸਰੋਤੇ ਆਪਣੇ ਆਪ ਹੀ ਝੂਮਣ ਲੱਗ ਜਾਂਦੇ ਹਨ।

ਪਰਿਵਾਰ ਵਲੋਂ ਗਾਇਕੀ ਦਾ ਵਿਰੋਧ ਹੋਇਆ। ਬੇਬੇ-ਬਾਪੂ ਤੋਂ ਝਿੜਕਾਂ ਖਾਧੀਆਂ ਪਰੰਤੂ ਧੁਨ ਦੇ ਪੱਕੇ ਨੇ ਆਪਣੇ ਹੋਰ ਚਾਰ ਭਰਾਵਾਂ ਅਤੇ ਇੱਕ ਭੈਣ ਨਾਲ ਪਰਿਵਾਰ ਵਿਚ ਰਹਿ ਕੇ, ਤਾਰ ਬਾਬੂ ਬਨਿਆ ਤੇ ਗਾਇਕੀ ਦਾ ਅਭਿਆਸ ਚੋਰੀ ਚੋਰੀ ਕਰਦਾ ਰਿਹਾ। ਤਾਰ ਬਾਬੂ ਦੀ ਨੌਕਰੀ ਰਾਸ ਨਾ ਆਈ। ਅਧਿਆਪਕ ਬਣਨ ਲਈ ਜੇ.ਬੀ.ਟੀ. ਕੀਤੀ ਪਰ ਅਧਿਆਪਕ ਨਾ ਬਨਿਆ। ਲੋਕਾਂ ਦੇ ਮਨਾਂ ਅੰਦਰ ਆਪਣੀ ਵਿਸ਼ੇਸ਼ ਥਾਂ ਬਣਾਈ

ਰਖਣ ਲਈ ਧੁਨ ਦਾ ਪੱਕਾ ਰੇਡੀਓ ਅਤੇ ਟੀ.ਵੀ. ਕਲਾਕਾਰ ਬਣ ਗਿਆ।

1948 ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ, ਬਾਪੂ ਦੀ ਰੁੱਖ ਵਰਗੀ ਛਾਂ ਤੋਂ ਵਿਰਵਾ ਹੋ ਜਾਣ ਤੋਂ ਬਾਅਦ ਵੀ ਪੜ੍ਹਾਈ ਵਿਚ ਰੁਕਾਵਟ ਨਾ ਪਾਈ। 1956 ਵਿਚ ਸਾਹਨੇਵਾਲ (ਲੁਧਿਆਣਾ) ਸਕੂਲ ਤੋਂ ਦਸਵੀਂ ਪਾਸ ਕਰ ਲਈ। ਇਸੇ ਸਕੂਲ ਵਿਚੋਂ ਕੁਝ ਸਮਾਂ ਪਹਿਲਾਂ ਧਰਮਿੰਦਰ ਭਾ ਜੀ ਨੇ ਵੀ ਦਸਵੀਂ ਪਾਸ ਕੀਤੀ ਸੀ।

ਗਾਇਕੀ ਦੇ ਖੇਤਰ ਵਿਚ ਭਾਵੇਂ ਛੋਟੀਆਂ ਜਮਾਤਾਂ ਤੋਂ ਹੀ ਸਟੇਜ 'ਤੇ ਸੀ, ਪਰ ਰਿਆਜ਼ ਅਤੇ ਲਗਨ ਕਾਰਨ ਛੇਤੀ ਹੀ ਚਾਂਦੀ ਰਾਮ, ਲਾਲ ਚੰਦ ਯਮਲਾ ਜੱਟ, ਜਗਤ ਸਿੰਘ ਜੱਗਾ ਅਤੇ ਆਸਾ ਸਿੰਘ ਮਸਤਾਨਾ ਜੀ ਨਾਲ ਹਮ ਸਟੇਜ ਹੋਇਆ। ਸਟੇਜ ਤੇ ਪੂਰੀ ਪਕੜ ਉਪਰੰਤ ਗਾਇਕਾ ਦੇ ਸਾਥ ਸਦਕਾ ਲੋਕਾਂ ਵਿਚ ਹਰਮਨ ਪਿਆਰਤਾ ਵਧ ਗਈ ਜਿਸ ਕਾਰਨ ਆਪ ਜੀ ਨੂੰ ਸਵਰਨ ਲਤਾ ਨਾਲ ਦੋ ਗਾਣੇ ਕਰਨ ਦਾ ਮੌਕਾ ਮਿਲਿਆ। ਇਹ ਦੋ ਗਾਨਿਆਂ ਵਾਲਾ ਸਫਰ ਕੇਵਲ ਢਾਈ ਸਾਲ ਹੀ ਚਲ ਸਕਿਆ। ਪਾਲ ਦੀ ਗਾਇਕੀ ਦੂਰ-ਦੂਰ ਤਕ ਮਹਿਕਾਂ ਖਿਲਾਰਨ ਲੱਗੀ।

**ਤੇਰੀ ਗੁੱਤ ਗਿਟਿਆਂ ਵਿਚ ਵਜਦੀ, ਨੀ ਹੌਲੀ ਹੌਲੀ ਨੱਚ ਕੁੜੀਏ,**
**ਲਾਲ ਸੁਨਹਿਰੀ ਮੋਤੀ ਮਣਕੇ, ਝਾਂਜਰ ਤੇਰੀ ਛਣ ਛਣ ਛਣਕੇ,**

ਅਤੇ

**ਮੈਨੂੰ ਵਿਦਾ ਕਰੋ ਸਖੀਓ, ਮੇਰੀ ਵਾਟ ਲੰਮੇਰੀ ਏ,**
**ਮੇਰੀ ਹੱਸਦੀ ਵੱਸਦੀ ਦੀ ਮੇਰੀ ਡੋਲੀ ਤੋਰ ਦਿਓ,**
**ਹੱਸਦੀ ਵੱਸਦੀ ਦੀ ਮੇਰੀ ਡੋਲੀ ਤੋਰ ਦਿਓ,**

ਪਾਲ ਜੀ ਨੇ ਸੂਰਤਗੜ੍ਹ, ਸ਼ਿਮਲਾ, ਪਦਮਪੁਰ ਅਤੇ ਮਨਸੂਰੀ ਵਿਚ ਵੀ ਆਪਣੀ ਧਾਕ ਜਮਾਈ। ਦਿਨ ਵਿਚ ਦੋ-ਦੋ ਤਿੰਨ-ਤਿੰਨ ਪ੍ਰੋਗਰਾਮ ਵੀ ਕੀਤੇ ਪਰ ਆਮ ਲੋਕਾਂ ਨਾਲ ਵੀ ਜੁੜਿਆ ਰਿਹਾ। ਸਵਰਨ ਲਤਾ ਨਾਲ ਤਕਰਾਰ ਹੋ ਜਾਣ ਕਾਰਨ ਉਸ ਦਾ ਸਾਥ ਛੱਡ ਦਿਤਾ। ਰਜਿੰਦਰ ਰਾਜਨ ਨਾਲ ਦੋ ਗਾਣੇ ਗਾਏ ਅਤੇ ਗਾਇਕੀ ਦੇ ਖੇਤਰ ਵਿਚ ਮਾਲਾ ਮਾਲ ਹੋ ਗਿਆ। ਪੰਜਾਬੀ ਅਤੇ ਪੰਜਾਬੀਅਤ ਨਾਲ ਪਿਆਰ ਕਰਨ ਵਾਲੇ ਸਰੋਤਿਆਂ ਦੀ ਗਿਣਤੀ ਵਧਦੀ ਗਈ। ਰਾਜਿੰਦਰ ਰਾਜਨ ਨੂੰ ਛਡ ਜਗਮੋਹਨ ਕੌਰ ਨਾਲ ਗਾਣਿਆ ਦਾ ਸਫਰ ਸ਼ੁਰੂ ਕੀਤਾ ਜੋ ਕਿ ਦੋ-ਤਿੰਨ ਸਾਲ ਹੀ ਚਲਿਆ। ਸਵਰਗੀ ਨਰਿੰਦਰ ਬੀਬਾ ਨਾਲ ਵੀ ਗਾਇਆ। ਜਸਵਿੰਦਰ ਬਰਾੜ ਨਾਲ ਵੀ ਹਮ ਸਟੇਜ ਹੋਇਆ ਅਤੇ ਪੰਜਾਬੀ ਮਾਂ ਬੋਲੀ ਦਾ ਕਰਜ਼ ਉਤਾਰਨ ਦੇ ਯਤਨ ਕਰਦਾ ਰਿਹਾ, ਪਰੰਤੂ ਦੋ ਗਾਨਿਆਂ ਦਾ ਸਫਰ ਥੋੜ੍ਹਾ ਪੈਂਡਾ ਹੀ ਚਲ ਸਕਿਆ।

**ਇਸ ਬੂਟੇ ਥੱਲੇ ਨੀ ਮੈਂ ਚਰਖੀ ਡਾਹਨੀ ਆਂ,**
**ਜੀ ਪਰਚਾਵਣ ਲਈ ਦੋ ਟਾਂਡਾ ਪਾਨੀ ਆਂ,**
**ਕੋਇਲ ਦੀਆਂ ਕੂਕਾਂ ਨੀ, ਮਾਰਣ ਬੰਦੂਕਾਂ ਨੀ**

*(ਅੰਬੀ ਦਾ ਬੂਟਾ)*

ਗੁਰਪਾਲ ਸਿੰਘ ਪਾਲ ਨੇ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਸਾਫ਼ ਸੁਥਰੀ ਗਾਇਕੀ ਹੀ ਦਿਤੀ।

'ਪਾਲੀ ਪਾਣੀ ਖੂਹ ਤੋਂ ਭਰੇ' (ਗੁਰਦੀਪ ਘੋਲੀਆ), 'ਬਾਲਮਾਂ ਸੌਂ ਜਾਵਾਂ ਮੇਰੀ ਅੱਖੀਆਂ ਚ ਨੀਂਦਰ ਰੜਕੇ' (ਦੀਪਕ ਜੈਤੋਈ), 'ਨਹੀਂ ਨਿਭਣੀ ਜਿਠਾਣੀ ਨਾਲ' (ਬਾਬੂ ਸਿੰਘ ਮਾਨ), 'ਮੈਨੂ ਵਿਦਾ ਕਰੋ ਸਖੀਓ, ਮੇਰੀ ਵਾਟ ਲਮੇਰੀ ਏ' (ਬਾਬੂ ਸਿੰਘ ਮਾਨ), 'ਮੁੰਦਰੀ ਘੜ ਦੇ ਵੇ ਸੁਨਿਆਰਿਆ' (ਡਾਕਟਰ ਜਗਤਾਰ), 'ਮਹਿਲੀਂ ਆ ਜਾ ਵੇ ਸਾਧੂਆ ਵੇ ਰਾਣੀ ਸੁਦਰਾਂ ਮਿੰਨਤਾਂ ਕਰਦੀ' (ਨਾਥ ਸਿੰਘ ਧਾਲੀਵਾਲ ਸਮਾਲਸਰ )

**ਓਹ ਕੇਹੜਾ ਬੂਟਾ ਏ, ਹਰ ਥਾਂ ਜੋ ਪਲਦਾ ਏ,**
**ਓਹ ਸਿਖੀ ਦਾ ਬੂਟਾ ਏ, ਹਰ ਥਾਂ ਜੋ ਪਲਦਾ ਏ,**
**ਆਰੇ ਦਿਆਂ ਦੰਦਿਆਂ ਤੇ, ਰੰਬੀ ਦੀਆਂ ਧਾਰਾਂ ਤੇ,**
**ਖੈਬਰ ਦੀਆਂ ਦਰਿਆਂ ਤੇ, ਸਰਸਾ ਦੀਆਂ ਲਹਿਰਾਂ ਤੇ,**
**ਸਤਲੁਜ ਦੇ ਕੰਢੇ ਤੇ, ਲੱਖੀ ਦੇ ਜੰਗਲ ਵਿਚ,**

---

**ਸਰਹੰਦ ਦੀਆਂ ਨੀਹਾਂ ਚ, ਜਿਥੇ ਵੀ ਲਾ ਦੇਈਏ,**
**ਉਥੇ ਹੀ ਪਲਦਾ ਏ।**
**ਜਿਤਨਾ ਵੀ ਛਾਂਗ ਦੇਈਏ, ਉਤਨਾ ਹੀ ਵਧਦਾ ਏ।**

*(ਪ੍ਰੋ. ਮੋਹਨ ਸਿੰਘ 'ਸਿਖੀ ਦਾ ਬੂਟਾ')*

ਅਤੇ

**ਤੂੰ ਹਰ ਦਮ ਦਮ ਕਰਦਾ ਏ, ਦਮ ਦੇਣੇ ਨੇ ਦਮ ਭਰਿਆ ਕਰ**
**ਚਾਂਦੀ ਦੀਆਂ ਗਿਣ ਗਿਣ ਠੀਕਰੀਆਂ ਨਾ ਰਾਤ ਦਿਨੇ ਤੂੰ ਮਰਿਆ ਕਰ।**
**ਓਹ ਪਲ ਵਿਚ ਜਲ ਥਲ ਕਰ ਦਿੰਦਾ, ਇਹ ਸਾਗਰ ਸੋਚ ਕੇ ਤਰਿਆ ਕਰ।**

*(ਨੰਦ ਲਾਲ ਨੂਰਪੁਰੀ 'ਦਾਤੇ ਦੀਆਂ ਬੇਪਰਵਾਹੀਆਂ ਤੋਂ ਤੂੰ ਲਾਪਰਵਾਹ ਡਰਿਆ ਕਰ')*

ਸੰਤ ਰਾਮ ਉਦਾਸੀ ਦਾ 'ਦਿੱਲੀਏ ਦਿਆਲਾ ਦੇਖ, ਦੇਗ ਚ ਉਬਲਦਾ ਨੀ' ਅਤੇ ਹੋਰ ਬਹੁਤ ਸਾਰੇ ਗੀਤ ਮਾਂ ਬੋਲੀ ਦੀ ਝੋਲੀ ਪਾ ਚੁਕਾ ਹੈ। ਲਗਭਗ 250 ਗੀਤ ਰਿਕਾਰਡ ਕਰਵਾ ਕੇ ਵੀ ਤਸਲੀ ਨਾਲ ਜੀਵਨ ਨਿਰਬਾਹ ਕਰ ਰਿਹਾ ਹੈ ਪੂਰੀ ਤਰਾਂ ਖੁਸ਼ ਹੈ ਅਤੇ ਪੰਜਾਬੀ ਸਭਿਆਚਾਰ ਦੀ ਸੇਵਾ ਵਿਚ ਮਗਨ ਹੈ।

ਮਹਿਕਾਂ ਵੰਡ ਰਹੇ ਇਸ ਫੁਲ ਦੀ ਗੱਲ ਅਧੂਰੀ ਹੀ ਗਿਣੀ ਜਾਵੇਗੀ ਜੇਕਰ ਇਸ ਵਿਚ ਇਸ ਦੇ ਦੁਖ ਸੁਖ ਦੀ ਸਾਥਣ ਗੁਰਤੇਜ ਕੌਰ ਜੀ ਦਾ ਵਰਣਨ ਨਾ ਕੀਤਾ ਜਾਵੇ। 1965 ਦਾ ਸਾਲ ਉਹ ਦਿਨ ਆਪਣੇ ਨਾਲ ਲੈ ਕੇ ਆਇਆ ਜਦੋਂ ਪਾਲ ਤੇ ਗੁਰਤੇਜ ਕੌਰ ਜੀਵਨ ਦੇ ਸਫਰ ਵਿਚ ਮੋਢੇ ਨਾਲ ਮੋਢਾ ਜੋੜ ਕੇ ਚਲਣ ਲੱਗੇ। ਜ਼ਿੰਦਗੀ ਦੇ ਖੁਸ਼ ਪਲਾਂ ਅਤੇ ਉਦਾਸ ਪਲਾਂ ਵਿਚ ਗਰਮ ਜੋਸ਼ੀ ਨਾਲ ਨਾਲ ਚਲਦੇ ਰਹੇ ਅਤੇ ਉਦਾਸ ਪਲ ਨੂੰ ਵੀ ਖੁਸ਼ੀਆਂ ਵਿਚ ਭਰਪੂਰ ਕਰਨ ਵਿਚ ਪੂਰਾ ਸਾਥ ਦਿਤਾ। ਇਨ੍ਹਾਂ ਦੀ ਸੁੰਦਰ ਫੁਲਵਾੜੀ ਵਿਚ ਦੋ ਲੜਕੇ ਅਤੇ ਇੱਕ ਲੜਕੀ ਨਾਲ ਵਾਧਾ ਹੋਇਆ। ਜਿਨ੍ਹਾਂ ਨੂੰ ਯੋਗ ਸਿਖਿਆ ਅਤੇ ਸੁਚੱਜੀ ਜੀਵਨ ਜਾਚ ਸਿਖਾ ਕੇ ਜ਼ਿੰਦਗੀ ਦੀ ਗੱਡੀ ਨੂੰ ਅਗਾਂਹ ਵੱਲ ਲੈ ਕੇ ਜਾਣ ਲਈ ਪ੍ਰੇਰਨਾ ਦਿਤੀ ਜੋ ਕਿ ਆਪਣੇ ਆਪਣੇ ਘਰਾਂ ਵਿਚ ਰੰਗੀ ਵੱਸ ਰਹੇ ਸਨ ਕਿ ਕੁਦਰਤ ਦੇ ਕਾਦਰ ਨੇ ਇੱਕ ਲੜਕੇ ਨੂੰ ਆਪਣੇ ਕੋਲ ਸੱਦ ਲਿਆ ਜਿਸ ਨਾਲ ਪਾਲ ਜੀ ਸਦਮੇ

ਵਿਚ ਆ ਗਏ।

ਪਾਲ ਜੀ ਪਹਿਲਾਂ ਪਹਿਲਾਂ ਕੈਸਿਟ ਕਲਚਰ ਤੋਂ ਕਿਨਾਰਾ ਕਰਦੇ ਰਹੇ ਪਰੰਤੂ ਸਮੇਂ ਦੀ ਤੋਰ ਨਾਲ ਦੋਸਤਾਂ ਮਿਤਰਾਂ ਦੀ ਸਲਾਹ ਸਦਕਾ ਪਹਲੀ ਕੈਸਿਟ ਕੱਢੀ, ਚੰਗਾ ਹੁੰਗਾਰਾ ਮਿਲਿਆ ਤਾਂ ਬਹੁਤ ਸਾਰੀਆਂ ਕੈਸਿਟਾਂ ਕਰਵਾਈਆਂ। ਭਾਵੇਂ ਵਰਮਾ ਗ੍ਰਾਮੋਫੋਨ ਕੰਪਨੀ ਮੋਗਾ ਤੋਂ ਬਹੁਤ ਸਾਰੇ ਗੀਤ ਰਿਕਾਰਡ ਕਰਵਾਏ। ਪਰੰਤੂ ਐਚ.ਐਮ.ਵੀ. ਕੰਪਨੀ ਵਿਚ ਰਿਕਾਰਡ ਕਰਵਾਈਆਂ ਕੈਸਿਟਾਂ ਵਿਚ

**ਨਾਮਦੇਵ ਤੋਂ ਗੁਆਢਣ ਪੁਛਦੀ, ਕਿਥੋਂ ਤੈਂ ਬਣਾਈ ਛਪਰੀ,**
**ਨਾਮਦੇਵ ਦੀ ਬਣਾਈ ਛਪਰੀ, ਧੰਨੇ ਦੀਆਂ ਗਊਆਂ ਚਾਰੀਆਂ,**
**ਤੇਰਾ ਚੰਮ ਨੀ ਕਿਸੇ ਕੰਮ ਆਉਣਾ, ਪਸ਼ੂਆਂ ਦੇ ਹੱਡ ਵਿਕਦੇ।**
**ਨਾਮਦੇਵ ਤੋਂ ਗੁਆਂਢਣ ਪੁਛਦੀ, ਕਿਥੋਂ ਤੈਂ ਬਣਾਈ ਛਪਰੀ**

*(ਸੰਪੂਰਨ ਸਿੰਘ ਝੱਲਾ)*

ਸਾਰੇ ਸਿੰਘ ਸੀ ਦਸ਼ਮੇਸ਼ ਦੇ ਚਾਲੀ (ਸੰਪੂਰਨ ਸਿੰਘ ਝੱਲਾ ਫਰੀਦਕੋਟੀ ), ਆ ਸਿੰਘਾ ਦਸ਼ਮੇਸ਼ ਦਿਆ ਤੈਨੂੰ ਤੇਰੀ ਸ਼ਾਨ ਦਿਖਾਵਾਂ (ਚਮਨ ਲਾਲ ਸ਼ੁਗਲ), ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ। ਹੋਰ ਵੀ ਬਹੁਤ ਸਾਰਾ ਕੈਸਿਟਾਂ ਦਾ ਭੰਡਾਰ ਹੈ ਜਿਸ ਦੇ ਵਰਣਨ ਲਈ ਕਾਫੀ ਥਾਂ ਲੋੜੀਂਦੀ ਹੈ ਅਤੇ ਲੇਖ ਦਾ ਲੰਮੇ ਹੋ ਜਾਣਾ ਵੀ ਹੈ। ਹੁਣ ਪਾਲ ਰਿਕਾਰਡਿੰਗ ਕੰਪਨੀ ਕੋਟ ਕਪੂਰਾ ਵਲੋਂ ਕੈਸਿਟਾਂ ਦੀ ਰਿਕਾਰਡਿੰਗ ਕਰਵਾਈ ਜਾ ਰਹੀ ਹੈ। ਕੈਸਿਟਾਂ ਮਾਰਕੀਟ ਵਿਚ ਚੱਲ ਰਹੀਆਂ ਹਨ ਜੇਹੜਾ ਵੀ ਇਕ ਕੈਸਿਟ ਸੁਣ ਲੈਂਦਾ ਹੈ, ਬਾਕੀ ਕੈਸਿਟਾਂ ਪ੍ਰਾਪਤ ਕਰਨ ਲਈ ਸੰਪਰਕ ਸਥਾਪਿਤ ਕਰਦਾ ਹੈ। ਪ੍ਰਾਪਤ ਕਰ ਕੇ ਸੁਣਦਾ ਹੈ ਅਤੇ ਸੁਣਨ ਤੋਂ ਬਾਅਦ ਆਨੰਦਤ ਹੋਇਆ ਮਹਿਸੂਸਦਾ ਹੈ।

ਦੋਸਤਾਂ ਮਿਤਰਾਂ ਦਾ ਘੇਰਾ ਬੜਾ ਵਿਸ਼ਾਲ ਹੈ ਜੇਹੜਾ ਵੀ ਦੋ ਪਲ ਗੱਲ ਕਰ ਲੈਂਦਾ ਹੈ, ਉਸ ਨੂੰ ਪਾਲ ਆਪਣਾ ਆਪਣਾ ਲਗਦਾ ਹੈ। ਬੋਲੀ ਵਿਚ ਮਿਠਾਸ ਹੈ, ਗੱਲਾਂ ਸੁਣ ਕੇ ਸ਼ੂਗਰ ਹੋ ਜਾਣ ਦਾ ਡਰ ਹੈ ਪਰੰਤੂ ਕੋਈ ਵੀ ਪਰਹੇਜ਼ ਨਹੀਂ ਕਰਦਾ। ਆਪਣੇ ਕੁਝ ਪਲ ਉਨ੍ਹਾਂ ਨਾਲ ਬਿਤਾਉਣ ਵਿਚ ਮਾਣ ਮੱਤਾ ਮਹਿਸੂਸ ਕਰਦਾ ਹੈ। ਵਾਹਿਗੁਰੂ ਕਰੇ ਗੁਰਪਾਲ ਹੋਰ ਬੁਲੰਦੀਆਂ ਛੂਹੇ, ਫੁਲਵਾੜੀ ਖਿੜੀ ਰਹੇ, ਮਹਿਕਾਂ ਵੰਡਦੀ ਰਹੇ ਅਤੇ ਖੁਸ਼ਬੂ ਦੂਰ ਦੂਰ ਤਕ ਅਪੜੇ।

ਉਸ ਪਰਮਾਤਮਾ ਅਗੇ ਅਰਦਾਸ ਜੋਦੜੀ ਹੈ ਕਿ ਸਰਬਤ ਦਾ ਭੱਲਾ ਚਾਹੁਣ ਵਾਲੇ, ਮਾਂ ਬੋਲੀ ਦੇ ਸੇਵਕ ਨੂੰ ਹਮੇਸ਼ਾਂ ਹੀ ਚੜਦੀ ਕਲਾ ਵਿਚ ਰਖੇ।

# ਹੱਸਣੇ ਦੀ ਆਦਤ ਪਾ ਸੱਜਣਾ

ਮਾਂ ਦੀ ਕੁਖ ਵਿਚੋਂ ਜਨਮ ਲੈ ਕੇ, ਆਖਰ 'ਚਕ ਲੋ ਚਕ ਲੋ' ਹੋ ਜਾਣ ਤਕ ਦੇ ਸਫਰ ਨੂੰ ਵਿਚਾਰਵਾਨਾਂ ਨੇ ਜ਼ਿੰਦਗੀ ਕਿਹਾ ਹੈ। ਜ਼ਿੰਦਗੀ ਦੇ ਸਫਰ ਨੂੰ ਪੂਰਾ ਹੋਣ ਤਕ ਬਹੁਤ ਸਾਰੀਆਂ ਔਕੜਾਂ ਨਾਲ ਦੋ ਹਥ ਕਰਨੇ ਪੈਂਦੇ ਹਨ। ਉਹ ਲੋਕ ਜੋ ਮੂੰਹ ਅੰਦਰ ਚਾਂਦੀ ਦਾ ਚਮਚਾ ਲੈ ਕੇ ਵੀ ਇਸ ਧਰਤੀ 'ਤੇ ਪੈਰ ਧਰਦੇ ਹਨ, ਉਹ ਵੀ ਏਹੋ ਕੰਮ ਕੁਝ ਵਖਰੇ ਤਰੀਕੇ ਨਾਲ ਕਰਦੇ ਹਨ। ਜ਼ਿੰਦਗੀ ਦੀ ਰੇਲ ਪਟੜੀ ਉਪਰ ਰਹੇ ਤਾਂ ਮੇਹਨਤ ਦਾ ਸਹਾਰਾ ਲੈਣਾ ਪੈਂਦਾ ਹੈ। ਜੋ ਲੋਕ ਮੇਹਨਤ ਤੋਂ ਪਾਸਾ ਵਟਦੇ ਹਨ, ਜ਼ਿੰਦਗੀ ਵਿਚ ਸੁਖ ਵੀ ਉਹਨਾਂ ਤੋਂ ਪਾਸਾ ਵਟ ਲੈਂਦੇ ਹਨ। ਉਹਨਾਂ ਦੇ ਪਲੇ ਔਕੜਾਂ ਮੁਸ਼ਕਿਲਾਂ ਤਕਲੀਫਾਂ ਹੀ ਹੁੰਦੀਆਂ ਹਨ। ਜੇਕਰ ਸਾਵੀਂ ਪੱਧਰੀ ਜ਼ਿੰਦਗੀ ਜੀਣਾ ਚਾਹੁੰਦੇ ਹੋ ਤਾਂ ਮੇਹਨਤ ਨਾਲ ਦੋਸਤੀ ਜ਼ਰੂਰੀ ਹੈ। ਜੋ ਲੋਕ ਮੇਹਨਤ ਤੋਂ ਕੰਨੀਂ ਨਹੀਂ ਕਤਰਾਉਂਦੇ, ਉਹ ਖ਼ੁਸ਼ ਰਹਿ ਕੇ ਜ਼ਿੰਦਗੀ ਦਾ ਸਫਰ ਪੂਰਾ ਕਰਦੇ ਹਨ। ਉਹ ਉਚੀਆਂ ਬੁਲੰਦੀਆਂ ਨੂੰ ਛੋਹ ਲੈਂਦੇ ਹਨ। ਪਰਮਾਤਮਾ ਵੀ ਉਹਨਾਂ ਦੀ ਮਦਦ ਕਰਦਾ ਹੈ ਜੋ ਨੇਕ ਕਮਾਈਆਂ ਕਰਦੇ ਹਨ। ਮੁਸੀਬਤਾਂ ਤੋਂ ਨਹੀਂ ਡਰਦੇ ਅਤੇ ਉਹਨਾਂ ਨਾਲ ਵੀ ਦੋ ਹੱਥ ਕਰਨ ਨੂੰ ਤਿਆਰ ਰਹਿੰਦੇ ਹਨ। ਜੇਕਰ ਰਸਤੇ ਵਿਚ ਔਕੜ ਮਿਲਦੀ ਹੈ ਉਸ ਨਾਲ ਵੀ ਨਾਰਾਜ਼ ਨਹੀਂ ਹੁੰਦੇ ਸਗੋਂ ਉਸ ਨੂੰ ਜਿੱਤ ਕੇ ਅੱਗੇ ਵਲ ਵਧਦੇ ਹਨ। ਉਹ ਖੁਸ਼ ਰਹਿੰਦੇ ਹਨ ਤੇ ਗਮ ਵੀ ਉਨ੍ਹਾਂ ਕੋਲ ਆ ਕੇ ਮਹਿਸੂਸ ਕਰਦਾ ਹੈ ਕਿ ਮੈਂ ਗਲਤ ਹੱਥਾਂ ਵਿਚ ਆ ਗਿਆ ਹਾਂ। ਇਸ ਵਿਸ਼ਵਾਸ ਸਦਕਾ ਅਸੀਂ ਆਪਣਾ ਦਿਲ ਖੁਸ਼ ਕਰ ਲੈਂਦੇ ਹਾਂ। ਦਿਲ ਨੂੰ ਖ਼ੁਸ਼ ਕਰਨ ਲਈ ਸਾਡੇ ਬਹੁਤ ਸਾਰੇ ਨਿਰਾਧਾਰ ਵਿਸ਼ਵਾਸ ਹਨ। ਅਜਿਹਾ ਕਰ ਕੇ ਅਸੀਂ ਅਸ਼ਾਂਤ ਰਹਿਣ ਦੇ ਅਵਸਰਾਂ ਵਿੱਚ ਵਾਧਾ ਕਰਦੇ ਰਹਿੰਦੇ ਹਾਂ।

ਜੀਵਨ ਨੂੰ ਸ਼ਾਂਤਮਈ ਸਥਿਰਤਾ ਅਰਪਣ ਕਰਨ ਅਤੇ ਭਰੋਸੇਯੋਗ ਆਸਾਂ ਦੁਆਰਾ ਇਸ ਨੂੰ ਉਤਸ਼ਾਹਿਤ ਕਰਨ ਲਈ ਹਕੀਕਤ ਬਾਰੇ ਗਿਆਨਵਾਨ ਹੋਣਾ ਜ਼ਰੂਰੀ ਹੈ। ਵੇਖਿਆ ਜਾਵੇ ਤਾਂ ਜੀਵਨ ਨਾ ਫੁੱਲਾਂ ਦੀ ਸੇਜ ਹੈ ਅਤੇ ਨਾ ਕੰਡਿਆਂ ਦਾ ਵਿਛਾਉਣਾ। ਇਹ ਇਨ੍ਹਾਂ ਦੋਵਾਂ ਦਾ ਮਿਲਗੋਭਾ ਹੈ। ਇਨ੍ਹਾਂ ਦੋਵਾਂ ਵਿਚੋਂ ਕਿਸ ਦਾ ਪਲੜਾ ਭਾਰੀ ਹੈ, ਇਹ ਵਿਅਕਤੀ ਦੇ ਆਪਣੇ ਨਜ਼ਰੀਏ ਅਤੇ ਉਸ ਦੇ ਹਕੀਕਤ ਪ੍ਰਤੀ ਗਿਆਨ ਉਪਰ ਨਿਰਭਰ ਕਰਦਾ ਹੈ; ਅਤੇ ਇਸ ਉਪਰ ਵੀ ਕਿ ਉਹ ਜੀਵਨ ਨੂੰ ਭਾਵਨਾਵਾਂ ਦੇ ਝਰੋਖੇ ਵਿਚੋਂ ਤਾੜ ਰਿਹਾ ਹੈ ਜਾਂ ਫਿਰ ਸੂਝ-ਸਮਝ ਦੇ ਝਰੋਖੇ ਵਿਚੋਂ।

**ਜ਼ਿੰਦਗੀ ਤਨਹਾ ਸਫ਼ਰ ਕੀ ਰਾਤ ਹੈ,**
**ਅਪਨੇ ਅਪਨੇ ਹੌਂਸਲੇ ਕੀ ਬਾਤ ਹੈ।**

ਬਚਪਨ ਵੀ ਜ਼ਿੰਦਗੀ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਉਹ ਪਲ ਜ਼ਿੰਦਗੀ ਵਿਚ ਇੱਕ ਵਾਰ ਹੀ ਆਉਂਦਾ ਹੈ ਜਦੋਂ ਤੁਸੀਂ ਰੋਂਦੇ ਹੋ ਤੇ ਤੁਹਾਡੀ ਜਨਮ ਦੇਣ ਵਾਲੀ ਮਾਂ ਖੁਸ਼ ਹੁੰਦੀ ਹੈ। ਇਸ ਸਮੇਂ ਤੁਸੀਂ ਆਪਣੀ ਜ਼ਿੰਦਗੀ ਵਿਚ ਪਹਲੀ ਚੀਕ ਮਾਰਦੇ ਹੋ, ਤੇ ਮਾਂ ਮਹਿਸੂਸ ਕਰਦੀ ਹੈ ਕੇ ਮੇਰੀ ਮੇਹਨਤ ਨੂੰ ਫਲ ਲਗਿਆ ਹੈ ਜਿਸ ਬਚੇ ਨੂੰ ਮੈਂ ਪੇਟ ਅੰਦਰ ਰਖਿਆ ਸੀ ਉਹ ਧਰਤੀ 'ਤੇ ਸਾਹ ਲੈਣ ਯੋਗ ਹੋਇਆ ਹੈ ਤੇ ਤਾਂ ਹੀ ਤਾਂ ਰੋਇਆ ਹੈ। ਉਗਦੇ ਸੂਰਜ ਦੀ ਲਾਲੀ ਜਿਹਾ ਬੱਚਾ ਜਦੋਂ ਜਨਮ ਲੈਂਦਿਆਂ ਰੋਂਦਾ ਹੈ ਤਾਂ ਘਰ ਵਿੱਚ ਖ਼ੁਸ਼ੀਆਂ-ਖੇੜਿਆਂ ਦਾ ਮੀਂਹ ਵਰ੍ਹਦਾ ਹੈ। ਬੱਚੇ ਦਾ ਨਾ ਰੋਣਾ ਕਈ ਵਾਰ ਕਿਸੇ ਬੁਰੀ ਖ਼ਬਰ ਦਾ ਸੂਚਕ ਵੀ ਹੁੰਦਾ ਹੈ। ਇਹ ਰੋਣਾ ਬਚੇ ਨੂੰ ਹੋ ਰਹੀ ਕਿਸੇ ਤਕਲੀਫ਼ ਕਾਰਨ ਵੀ ਹੋ ਸਕਦਾ ਹੈ, ਮਾਂ ਨੂੰ ਮਿਲੀ ਖੁਸ਼ੀ ਵੀ ਉਸ ਦੀਆਂ ਅਖਾਂ ਵਿਚ ਹੰਝੂ ਛਲਕਾ ਸਕਦੀ ਹੈ। ਬਾਕੀ ਸਮੇਂ ਜਦੋਂ ਵੀ ਤੁਸੀਂ ਰੋਂਦੇ ਹੋ ਤੇ ਮਾਂ ਦੁਖੀ ਹੁੰਦੀ ਹੈ। ਖ਼ੁਸ਼ੀ ਦਾ ਰੋਣਾ ਤਾਂ ਘੜੀ ਦੋ ਘੜੀ ਦਾ ਹੁੰਦਾ ਹੈ ਪਰ ਗ਼ਮ ਦਾ ਰੋਣਾ ਸਾਰੀ ਉਮਰ ਲਈ ਪੱਲੇ ਪੈ ਜਾਂਦਾ ਹੈ। ਕਈ ਵਾਰ ਤਾਂ ਹਾਲਾਤ ਇਹੋ ਜਿਹੇ ਬਣ ਜਾਂਦੇ ਹਨ ਕਿ ਦੁੱਖਾਂ ਮਾਰੇ ਲੋਕਾਂ ਦੇ ਰੋ-ਰੋ ਕੇ ਹੰਝੂ ਵੀ ਸੁੱਕ ਜਾਂਦੇ ਹਨ ਪਰ ਉਮਰਾਂ ਦਾ ਰੋਣਾ ਨਹੀਂ ਮੁੱਕਦਾ।

ਸ਼ਾਇਦ ਤਾਂ ਹੀ ਕਿਸੇ ਨੇ ਕਿਹਾ ਹੈ, "ਮੇਰੇ ਹੰਝੂ ਮੁੱਕੇ ਨੇ, ਰੋਣਾ ਨਹੀਂ ਮੁੱਕਿਆ।"

ਵਿਗਿਆਨੀਆਂ ਦਾ ਵਿਚਾਰ ਹੈ ਕਿ ਰੋਣਾ ਸਿਹਤ ਦੇ ਲਿਹਾਜ ਨਾਲ ਲਾਹੇਵੰਦ ਹੁੰਦਾ ਹੈ। ਰੋਣ ਤੋਂ ਬਾਅਦ ਚਮੜੀ ਦੀ ਸੰਵੇਦਨਸ਼ੀਲਤਾ ਵਧ ਜਾਂਦੀ ਹੈ ਅਤੇ ਸਾਹ ਤੇਜ਼-ਤੇਜ਼ ਚੱਲਣ ਲੱਗ ਜਾਂਦਾ ਹੈ। ਇਹ ਦੋਵੇਂ ਗੱਲਾਂ ਸਿਹਤ ਦੇ ਪੱਖ ਤੋਂ ਚੰਗੀਆਂ ਹਨ। ਜੇ ਕਿਤੇ ਕਿਸੇ ਮੌਤ ਵੇਲੇ ਕਰੀਬੀ ਸਬੰਧ ਰੱਖਣ ਵਾਲਾ ਨਾ ਰੋਵੇ ਤਾਂ ਉਸ ਦਾ ਮਾਨਸਿਕ ਸੰਤੁਲਨ ਵਿਗੜ ਜਾਣ ਦਾ ਡਰ ਹੁੰਦਾ ਹੈ। ਰੋ ਕੇ ਮਨੁੱਖ ਦਾ ਮਨ ਹਲਕਾ ਹੋ ਜਾਂਦਾ ਹੈ।

ਕਿਸੇ ਮਿੱਤਰ-ਪਿਆਰੇ, ਮਹਿਬੂਬ ਦਿਲਦਾਰ ਜਾਂ ਸੱਜਣ ਦੀ ਯਾਦ ਕਈ ਵਾਰ ਐਨੀ ਤੀਬਰ ਅਤੇ ਦਿਲ ਨੂੰ ਖੋਹ ਪਾਉਣ ਵਾਲੀ ਹੁੰਦੀ ਹੈ ਕਿ ਉਸ ਬਾਰੇ ਸੋਚ ਕੇ ਹੀ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ। ਸ਼ਾਇਦ ਇਸੇ ਕਰਕੇ ਕਿਸੇ ਸ਼ਾਇਰ ਦੀ ਕਲਮ ਦੀ ਨੋਕ 'ਤੇ ਇਹ ਸ਼ਬਦ ਆ ਗਏ ਹੋਣ :

**ਆਇਆ ਹੀ ਥਾ ਖ਼ਿਆਲ ਕਿ ਆਂਖੇਂ ਛਲਕ ਪੜੀ**
**ਆਂਸੂੰ ਕਿਸੀ ਕੀ ਯਾਦ ਕੇ ਕਿਤਨੇ ਕਰੀਬ ਹੈਂ**

ਕਿਹਾ ਜਾਂਦਾ ਹੈ ਕਿ ਅੱਖੀਆਂ ਵਿੱਚ ਰੱਬ ਵੱਸਦਾ ਪਰ ਸੱਚਾ ਪਿਆਰ ਕਰਨ ਵਾਲੇ ਪ੍ਰੇਮੀ ਅਕਸਰ ਅਜਿਹੀ ਸਥਿਤੀ ਵਿੱਚ ਹੁੰਦੇ ਹਨ ਕਿ ਅੱਖਾਂ ਵਿੱਚ ਪ੍ਰੀਤਮ ਦੀ ਤਸਵੀਰ ਵੱਸਦੀ ਮੰਨਦੇ ਹਨ ਅਤੇ ਜੇ ਕਿਤੇ ਅੱਖਾਂ ਵਿੱਚ ਹੰਝੂ ਆ ਜਾਣ ਤਾਂ ਪ੍ਰੇਮੀ ਕੁਰਲਾ ਉੱਠਦੇ ਹਨ। ਡਾ. ਕੇਸਰ ਸਿੰਘ ਦਾ ਸ਼ੇਅਰ ਇਸ ਤੱਥ ਦੀ ਪੁਸ਼ਟੀ ਕਰਦਾ ਹੈ:

**ਵਹਿ ਨਾ ਜਾਏਂ ਹੰਝੂਆਂ ਵਿੱਚ ਤੂੰ ਕਿਤੇ,**
**ਇਸ ਲਈ ਮੈਂ ਰੱਜ ਕੇ ਰੋਇਆ ਨਹੀਂ।**

ਹੰਝੂਆਂ ਵਿੱਚ ਲੁਕੀ ਹੁੰਦੀ ਹੈ ਸਮੇਂ ਦੀ ਕਰੁਣਾ, ਲੋਕਾਈ ਦਾ ਦਰਦ, ਵਿਛੋੜੇ ਦੀ ਦਰਦ ਕਹਾਣੀ, ਬਗ਼ਾਵਤ, ਵਿਦਰੋਹ , ਵਲਵਲੇ ਤੇ ਭਾਵਨਾਵਾਂ ਆਦਿ ਪਰ ਸਿਆਣੇ ਕਹਿੰਦੇ ਹਨ ਦੁੱਖ ਵਿੱਚੋਂ ਉਭਰਨਾ, ਹੰਝੂਆਂ ਨੂੰ ਸਮੇਟ ਲੈਣਾ ਹੀ ਜੀਵਨ ਦਾ ਸੱਚ ਹੈ ਅਤੇ

ਦੁੱਖ ਦੀ ਘੜੀ ਵਿੱਚ ਅਡੋਲ ਰਹਿਣਾ ਇਸ ਦਾ ਰਹੱਸ। ਜਦੋਂ ਤੁਸੀਂ ਰੋਂਦੇ ਹੋ ਤਾਂ ਕੱਲੇ ਹੀ ਰੋਂਦੇ ਹੋ ਤੇ ਜਦੋਂ ਖੁਸ਼ ਹੁੰਦੇ ਹੋ ਤਾਂ ਤੁਹਾਡੇ ਨਾਲ ਹੋਰ ਵੀ ਸ਼ਾਮਲ ਹੋ ਜਾਂਦੇ ਹਨ। ਕਿਸੇ ਕਵੀ ਨੇ ਲਿਖਿਆ ਕਿ :

**ਇਹ ਦੁਨੀਆ ਮੰਡੀ ਪੈਸੇ ਦੀ ਹਰ ਚੀਜ਼ ਵਿਕੇਂਦੀ ਭਾ ਸੱਜਣਾ ,**
**ਇਥੇ ਰੋਂਦੇ ਚੇਹਰੇ ਨਹੀਂ ਵਿਕਦੇ ਹੱਸਣੇ ਦੀ ਆਦਤ ਪਾ ਸੱਜਣਾ।**

ਜ਼ਿੰਦਗੀ ਦੀ ਪ੍ਰਭਾਤ ਨੂੰ ਖੁਸ਼ਗਵਾਰ ਮਾਹੌਲ ਦੇਣ ਲਈ ਹੱਸਣਾ ਜ਼ਰੂਰੀ ਹੁੰਦਾ ਹੈ। ਕਾਦਿਰ ਦੀ ਸਾਜੀ ਹੋਈ ਕਾਇਨਾਤ ਵਿਚ ਹੱਸਣਾ ਕੇਵਲ ਮਨੁਖ ਦੇ ਹਿੱਸੇ ਹੀ ਆਇਆ ਹੈ ਹੋਰ ਜੀਵ ਹੱਸਣ ਦੀ ਕਲਾ ਤੋਂ ਅਣਜਾਣ ਹਨ। ਹਾਸਾ ਸਾਡੇ ਜੀਵਨ ਵਿਚ ਰਵਾਨਗੀ ਪ੍ਰਦਾਨ ਕਰਦਾ ਹੈ। ਹੱਸਣਾ ਸਾਡੀ ਦੁਖ ਨੂੰ ਸਹਿਣ ਦੀ ਸਮਰਥਾ ਵਿਚ ਵੀ ਵਾਧਾ ਕਰਦਾ ਹੈ। ਚਿੰਤਾ ਅਤੇ ਤਣਾਵ ਸਾਡੇ ਗਮਾਂ ਦਾ ਕਾਰਣ ਬਣਦੇ ਹਨ ਅਤੇ ਹਾਸਾ ਇਨ੍ਹਾਂ ਤਣਾਵਾਂ ਤੋਂ ਮੁਕਤ ਹੋ ਸਕਣ ਦਾ ਸਾਧਨ ਬਣਦਾ ਹੈ। ਮਹਾਨ ਦਾਰਸ਼ਨਿਕ ਅਰਸਤੂ ਦੇ ਵਿਚਾਰ ਅਨੁਸਾਰ ਜੇ ਕਰ ਮਨੁਖਾਂ ਦੇ ਅੰਦਰੋਂ ਹੱਸਣ ਦੀ ਕਲਾ ਨੂੰ ਜ਼ਿੰਦਗੀ ਵਿਚੋਂ ਕੱਢ ਦਿਤਾ ਜਾਵੇ ਤਾਂ ਸਾਡੀਆਂ ਮੁਸ਼ਕਲਾਂ ਵਿਚ ਅਥਾਹ ਵਾਧਾ ਹੋ ਜਾਵੇਗਾ। ਇਸ ਲਈ ਠੀਕ ਸਮੇਂ 'ਤੇ ਹੱਸਣਾ ਵੀ ਜ਼ਰੂਰੀ ਹੈ।

ਗੁਰਬਾਣੀ ਵਿੱਚ ਵੀ ਮਨੁੱਖ ਨੂੰ ਦੁੱਖ ਦੀ ਘੜੀ ਵਿੱਚ ਸਬਰ ਤੋਂ ਕੰਮ ਲੈਣ ਅਤੇ ਭਾਣਾ ਮੰਨਣ ਬਾਰੇ ਮਿਸਾਲਾਂ ਦੇ ਕੇ ਸਮਝਾਇਆ ਗਿਆ ਹੈ। ਜੀਵਨ ਨੂੰ ਅਗਾਂਹ ਤੋਰਨ ਲਈ ਹੰਝੂਆਂ ਨੂੰ ਦਿਲ ਦੇ ਕਿਸੇ ਕੋਨੇ ਵਿੱਚ ਸਮੇਟ ਕੇ ਰੱਖਣਾ ਸਮੇਂ ਦੀ ਲੋੜ ਹੁੰਦੀ ਹੈ। ਗੁਰਬਾਣੀ ਗੁਰੂ ਸਾਹਿਬਾਨ ਵਲੋਂ ਬਖਸ਼ਿਆ ਹੋਇਆ ਅਥਾਹ ਖ਼ਜ਼ਾਨਾ ਹੈ। ਇਸ ਖ਼ਜ਼ਾਨੇ ਨੂੰ ਵਰਤਣ ਨਾਲ ਖੁਟਦਾ ਨਹੀਂ ਹੈ। ਤੁਹਾਡੇ ਅੰਦਰ ਇਸ ਨੂੰ ਹੋਰ ਜਾਣਨ ਲਈ ਉਤਸੁਕਤਾ ਪੈਦਾ ਹੁੰਦੀ ਹੈ। ਇਹ ਸਾਰਾ ਸੰਸਾਰ ਨਾਸ਼ਵਾਨ ਹੈ ਤਾਂ ਹੀ ਇੱਕ ਕਵੀ ਨੇ ਲਿਖਿਆ ਹੈ ਕਿ :

**ਨਾ ਧੁਪ ਰਹਿਣੀ ਨਾ ਛਾਂ ਬੰਦਿਆ, ਬਸ ਰਹਿਣਾ ਰੱਬ ਦਾ ਨਾਂ ਬੰਦਿਆ।**

ਜੇਕਰ ਹਮੇਸ਼ਾ ਸਹਿਜ ਜੀਵਨ ਬਤੀਤ ਕਰਨ ਦੀ ਤਮਨਾ ਰੱਖਦੇ ਹੋ ਤਾਂ ਉਸ ਅਕਾਲ ਪੁਰਖ ਦਾ ਅਸਰ ਤੱਕੋ ਜੇਹੜਾ ਤੁਹਾਡਾ ਹਰ ਸਮੇਂ ਦੁੱਖ ਅਤੇ ਸੁਖ ਵਿਚ ਸਹਾਈ ਹੁੰਦਾ ਹੈ। ਪਰੰਤੂ ਅਸੀਂ ਦੇਖਦੇ ਹਾਂ ਕਿ ਜਦੋਂ ਕਿਸੇ ਨੂੰ ਇਹ ਸਲਾਹ ਦਿਤੀ ਜਾਂਦੀ ਹੈ ਤਾਂ ਬਚਪਨ ਸਮੇਂ ਉਹ ਇਹੋ ਮਹਿਸੂਸਦਾ ਹੈ ਹੁਣ ਤਾਂ ਬਚਪਨ ਹਾਲੇ ਬਹੁਤ ਉਮਰ ਪਈ ਹੈ ਇਹ ਸਮਾਂ ਤਾਂ ਖੇਡਣ ਦਾ ਹੈ ਇਸ ਲਈ ਹੁਣ ਖੇਡ ਲਿਆ ਜਾਵੇ ਬਾਅਦ ਵਿਚ ਉਸ ਵਾਹਿਗੁਰੂ ਨੂੰ ਸਿਮਰ ਲਵਾਂਗੇ। ਜਵਾਨੀ ਵਿਚ ਉਹ ਮਹਿਸੂਸਦਾ ਹੈ ਕਿ ਹੁਣ ਤਾਂ ਕੰਮ ਕਰਨ ਦਾ ਵੇਲਾ ਹੈ ਮੈਂ ਕੰਮ ਕਰ ਕੇ ਕਮਾਈ ਕਰ ਲਵਾਂ ਫਿਰ ਵਾਹਿਗੁਰੂ ਨੂੰ ਸਿਮਰ ਲਵਾਂਗਾ। ਫਿਰ ਬੁਢਾਪਾ ਆ ਜਾਂਦਾ ਹੈ ਉਹ ਬੀਮਾਰੀਆਂ ਨਾਲ ਘਿਰ ਜਾਂਦਾ ਹੈ ਤੇ ਸਿਮਰਨਾ ਮੁਸ਼ਕਿਲ ਹੋ ਜਾਂਦਾ ਹੈ। ਪਰ ਕੁਝ ਲੋਕ ਕਵੀ ਦੀਆਂ ਇਨ੍ਹਾ ਸਤਰਾਂ ਨੂੰ ਸੱਚਾ ਵੀ ਸਿਧ ਕਰ ਦਿੰਦਾ ਹੈ। ਜੋ ਕੁਝ ਇਸ ਤਰ੍ਹਾਂ ਦੀਆਂ ਹਨ

**ਛੋਟੇ ਹੁੰਦਿਆ ਢੱਗੇ ਚਾਰੇ, ਵੱਡੇ ਹੋ ਹਲ ਵਾਹਿਆ,**
**ਬੁਢੇ ਹੋ ਕੇ ਮਾਲਾ ਫੇਰੀ, ਰੱਬ ਦਾ ਉਲਾਹਮਾ ਲਾਹਿਆ।**

ਪਰੰਤੂ ਸਿੱਖ ਧਰਮ ਵਿਚ ਅਤੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਬਚਪਨ ਵਿਚ ਮਝਾਂ ਚਰਾਈਆਂ ਤੇ ਨਾਲ ਹੀ ਪ੍ਰਭੂ ਦੇ ਸਿਮਰਨ ਵਲ ਵੀ ਸੁਰਤ ਲਗਾਈ। ਜਵਾਨੀ ਵਿਚ ਭਾਵੇਂ ਨੌਕਰ ਹੋਏ ਪਰੰਤੂ ਵਾਹਿਗੁਰੂ ਦੇ ਸਿਮਰਨ ਵਿਚ ਲੀਨ ਰਹੇ ਆਮ ਲੋਕਾਈ ਨੂੰ ਉਸ ਅਕਾਲ ਪੁਰਖ ਨਾਲ ਜੋੜਨ ਦੇ ਭਰਪੂਰ ਯਤਨ ਕੀਤੇ। ਕਮਾਈ ਵਿਚ ਜਿਥੇ ਉਨ੍ਹਾਂ ਨੇ 'ਤੇਰਾ ਤੇਰਾ' ਕਿਹਾ ਉਥੇ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਚਾਲੂ ਕੀਤੀ। ਕਮਾਈ ਕਰਨ ਦੀ ਉਮਰੇ ਉਨ੍ਹਾਂ ਨੇ ਭਗਵੇ ਕਪੜੇ ਪਹਿਨ ਕੇ ਆਮ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਦੂਰ ਦੂਰ ਦੀ ਯਾਤਰਾ ਕੀਤੀ, ਲੋਕਾਂ ਨੂੰ ਝੂਠੇ ਭਰਮਾਂ ਵਿਚੋਂ ਕਢਣ ਲਈ ਯਤਨਸ਼ੀਲ ਰਹੇ। ਕਥਿਤ ਬੁਢਾਪੇ ਦੀ ਉਮਰ ਵਿਚ ਉਹ ਕਰਤਾਰਪੁਰ ਵਿਚ ਆ ਕੇ ਖੇਤੀ ਕਰਨ ਲੱਗੇ ਤੇ ਆਮ ਲੋਕਾਂ ਨੂੰ ਸਮਝਾਇਆ ਕਿ ਸਿਮਰਨ ਦੀ ਉਮਰ ਨਿਸਚਤ ਨਹੀਂ ਹੈ ਕਿ ਰੱਬ ਨੂੰ ਆਖਰੀ ਸਮੇਂ ਦੇ ਨੇੜੇ ਸਿਮਰਨ ਕਰ ਕੇ ਵਾਹਿਗੁਰੂ ਨੂੰ ਖੁਸ਼ ਕਰਨ ਦਾ ਯਤਨ ਕਰਨਾ ਠੀਕ ਨਹੀਂ। ਜੀਵਨ ਦੇ ਹਰ ਪੜਾਅ 'ਤੇ ਉਸ ਨੂੰ ਯਾਦ ਰਖੋ ਅਤੇ ਲੋਕ ਭਲਾਈ ਕਰਦੇ ਰਹੋ।

ਬਾਵਾ ਬਲਵੰਤ ਲਿਖਦਾ ਹੈ:

**ਹਜ਼ਾਰਾਂ ਹੀ ਸਾਲਾਂ ਤੋਂ ਇਹ ਕਹਿਣ ਵਾਲੇ,**
**ਖ਼ੁਦ ਤੁਰ ਗਏ ਪਰ ਬਾਕੀ ਹੈ ਦੁਨੀਆਂ।**
**ਉਹ ਤੱਤਾਂ ਦੀ ਅਸਲੀਅਤ ਨਾ ਸਮਝ ਸਕੇ,**
**ਜੋ ਕਹਿੰਦੇ ਰਹੇ ਫ਼ਾਨੀ ਖਾਕੀ ਹੈ ਦੁਨੀਆਂ।**
**ਹਕੀਕਤ ਹੈ ਦੁਨੀਆਂ, ਸੱਚਾਈ ਹੈ ਦੁਨੀਆਂ,**
**ਮਨੁੱਖਾਂ ਦੀ ਮਿਹਨਤ ਤੇ ਜੀਵਨ ਦੀ ਚਾਹ ਨੇ,**
**ਸਗੋਂ ਹੋਰ ਸੋਹਣੀ ਬਣਾਈ ਹੈ ਦੁਨੀਆਂ।**

ਇਹ ਦੁਨੀਆ ਇੱਕ ਸਚਾਈ ਹੈ ਭਾਵੇਂ ਇਥੇ ਲੰਮਾ ਸਮੇਂ ਕਿਸੇ ਨੇ ਨਹੀਂ ਬੈਠੇ ਰਹਿਣਾ ਫਿਰ ਵੀ ਜਿੰਨਾ ਚਿਰ ਜੀਣਾ ਹੈ ਪਿਆਰ ਕਰੋ, ਮੇਹਨਤ ਕਰੋ ਅਤੇ ਉਸ ਸਿਰਜਨਹਾਰ ਨੂੰ ਯਾਦ ਕਰੋ, ਖੁਸ਼ ਰਹਣ ਦਾ ਯਤਨ ਕਰੋ। ਬਾਬਾ ਫ਼ਰੀਦ ਜੀ ਨੇ ਵੀ ਲਿਖਿਆ ਹੈ ਕਿ :

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥੫॥** *(ਅੰਗ ੪੮੮)*

# ਓਜ਼ੋਨ ਪਰਤ ਦੇ ਰਿਸਦੇ ਜ਼ਖਮ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 13 ਉਪਰ ਸੁਭਾਏਮਾਨ ਧਨਾਸਰੀ ਰਾਗ ਵਿਚ ਦਰਜ ਕੀਤੇ ਸਲੋਕ ਅਨੁਸਾਰ ਅਕਾਸ਼ ਦੇ ਅੰਦਰ ਸੂਰਜ ਅਤੇ ਚੰਦ ਦੀਪਕ ਵਾਂਗ ਹਨ ਅਤੇ ਤਾਰਿਆਂ ਦਾ ਭੰਡਾਰ ਮੋਤੀਆਂ ਦੀ ਤਰ੍ਹਾਂ ਹੈ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ**
**ਤਾਰਿਕਾ ਮੰਡਲ ਜਨਕ ਮੋਤੀ ॥**

ਸੂਰਜ ਦਾ ਪ੍ਰਕਾਸ਼ ਇਤਨਾ ਤੇਜ਼ ਹੈ ਕਿ ਧਰਤੀ ਦੇ ਉਪਰ ਇਸ ਦਾ ਸੇਕ ਪੁੱਜ ਰਿਹਾ ਹੈ ਜਿਸ ਕਾਰਨ ਬਨਾਸਪਤੀ ਫਲਦੀ ਫੁਲਦੀ ਹੈ ਅਤੇ ਮਨੁੱਖ ਦਾ ਜੀਵਨ ਸੰਭਵ ਹੋ ਸਕਿਆ ਹੈ। ਪਾਣੀ ਅਤੇ ਹਵਾ ਵੀ ਜੀਵਨ ਨੂੰ ਸੰਵਾਰਨ ਵਿਚ ਭਲੀ ਪ੍ਰਕਾਰ ਹਿੱਸਾ ਪਾ ਰਹੇ ਹਨ। ਊਰਜਾ ਦੇ ਮੁਖ ਸਰੋਤ ਸੂਰਜ ਤੋਂ ਪ੍ਰਾਪਤ ਹੋਣ ਵਾਲੀ ਧੁੱਪ ਅਤੇ ਇਸ ਧੁੱਪ ਵਿਚ ਪਰਾ-ਬੈਂਗਣੀ ਕਿਰਨਾਂ ਦਾ ਵਾਸਾ ਹੁੰਦਾ ਹੈ। ਧਰਤੀ ਦੇ ਆਲੇ ਦੁਆਲੇ ਹਵਾਮੰਡਲ ਵਿਚ ਅਸ਼ਾਂਤ ਮੰਡਲ ਤੋਂ ਉਪਰ ਸੰਤਾਪ ਮੰਡਲ, ਜੋ ਧਰਤੀ ਤੋਂ ਉਪਰ 10 ਤੋਂ 30 ਕਿਲੋਮੀਟਰ ਦੇ ਦਾਇਰੇ ਵਿਚ ਹੈ, ਵਿਚ ਇੱਕ ਓਜ਼ੋਨ ਦੀ ਪਰਤ ਹੈ। ਸੂਰਜ ਤੋਂ ਆਉਣ ਵਾਲੀਆਂ ਪਰਾ-ਬੈਂਗਣੀ ਕਿਰਨਾਂ ਨੂੰ ਇਹ ਪਰਤ 97%-99% ਤਕ ਸੋਖ ਲੈਂਦੀ ਹੈ। ਇਹ ਪਰਤ ਬਨਾਸਪਤੀ, ਪਸ਼ੂਆਂ, ਪੰਛੀਆਂ ਅਤੇ ਮਨੁਖਾਂ ਲਈ ਇੱਕ ਰਖਿਅਕ ਵਜੋਂ ਕੰਮ ਕਰਦੀ ਹੈ। ਸੂਰਜ ਤੋਂ ਪ੍ਰਾਪਤ ਊਰਜਾ ਸਾਰੀ ਦੀ ਸਾਰੀ ਧਰਤੀ ਉਪਰ ਨਹੀਂ ਵਰਤੀ ਜਾਂਦੀ ਅਤੇ ਕੁਝ ਅਣਵਰਤੀ ਹੀ ਵਾਪਸ ਵਾਯੂਮੰਡਲ ਵਿਚ ਚਲੀ ਜਾਂਦੀ ਹੈ ਜਿਸ ਨੂੰ ਅਲਬੇਡੋ ਆਖਦੇ ਹਨ।

ਬਹੁਤ ਸਾਰੀਆਂ ਵਸਤਾਂ ਦੀ ਵਰਤੋਂ ਨਾਲ ਮਨੁੱਖੀ ਜੀਵਨ ਸੁਖਾਲਾ ਹੋ ਰਿਹਾ ਹੈ। ਜਿਨ੍ਹਾਂ ਵਿਚ ਕਲੋਰੋ ਫਲੋਰੋ ਕਾਰਬਨ, ਹਾਈਡਰੋਕਲੋਰੋਕਾਰਬਨ, ਇੰਸੂਲੇਟਿੰਗ ਫ਼ੋਮਜ਼ ਅਤੇ ਸਾਲਵੇਂਟ ਆਦਿ ਵਰਤੀਆਂ ਜਾਂਦੀਆਂ ਹਨ। ਪਰੰਤੂ ਇਹ ਵੀ ਪਤਾ ਲੱਗ ਚੁਕਾ ਹੈ ਕਿ ਇਨ੍ਹਾਂ ਗੈਸਾਂ ਨੇ ਓਜ਼ੋਨ ਪਰਤ ਨੂੰ ਜ਼ਖਮੀ ਕਰ ਦਿਤਾ ਹੈ। ਇਸ ਨਾਲ ਪਰਾ-ਬੈਂਗਣੀ ਕਿਰਨਾਂ ਜਜ਼ਬ ਨਹੀਂ ਹੋ ਰਹੀਆਂ ਹਨ ਅਤੇ ਧਰਤੀ ਉਪਰ ਰਹਿਣ ਵਾਲੇ ਜੀਵ ਜੰਤੂਆਂ ਦਾ ਨੁਕਸਾਨ ਕਰ ਰਹੀਆਂ ਹਨ। ਖੋਜਾਂ ਕਰਨ ਪਿੱਛੋਂ ਇਹ ਗੱਲ 1970 ਵਿਚ ਸਾਹਮਣੇ ਆਈ ਕਿ ਓਜ਼ੋਨ ਦੀ ਘਣਤਾ 4 ਪ੍ਰਤੀਸ਼ਤ ਪਰ ਦਹਾਕਾ ਘਟ ਰਹੀ ਹੈ। ਓਜ਼ੋਨ ਪਰਤ ਵਿਚ ਹੋ ਰਹੇ ਇਸ ਨੁਕਸਾਨ ਦੇ ਕਾਰਨ ਸਾਰੇ ਸੰਸਾਰ ਦੇ ਵਾਤਾਵਰਣ ਪ੍ਰੇਮੀ ਅਤੇ ਵਿਗਿਆਨੀ ਚਿੰਤਾ ਕਰ ਰਹੇ ਹਨ। ਉਦਯੋਗਿਕ ਤੌਰ ਤੇ ਵਿਕਸਤ ਦੇਸ਼ ਇਸ ਨੁਕਸਾਨ ਲਈ ਜ਼ਿਮੇਵਾਰ ਸਮਝੇ ਜਾ ਰਹੇ ਹਨ।

ਦੋ ਭੌਤਿਕ ਵਿਗਿਆਨੀਆਂ, ਫਰਾਂਸ ਨਿਵਾਸੀ ਚਾਰਲਸ ਫੈਬਰੇ ਅਤੇ ਹੇਨਰੀ ਬੁਏਸਨ

1913 ਵਿਚ ਇਸ ਓਜ਼ੋਨ ਪਰਤ ਸੰਬੰਧੀ ਖੋਜ ਕੀਤੀ। 1985 ਵਿਚ ਵਿਗਿਆਨੀ ਫ਼ਾਰਮੇਨ, ਗਾਰਨੀਅਰ ਅਤੇ ਸੈਂਕਲਿਨ ਵਲੋਂ ਕੀਤੇ ਸਰਵੇ ਰਾਹੀਂ ਪਤਾ ਲਗਾਇਆ ਕਿ ਅੰਟਾਰਟਿਕਾ ਜ਼ੋਨ ਉਪਰ ਓਜ਼ੋਨ ਪਤਲੀ ਹੋ ਰਹੀ ਹੈ। ਇਸ ਨੁਕਸਾਨ ਉਪਰ ਕੰਟਰੋਲ ਕਰਨ ਲਈ ਮੌਂਟਰੀਅਲ ਸੰਧੀ 16 ਸਤੰਬਰ 1987 ਵਿਚ ਕੀਤੀ ਗਈ ਸੀ। 19 ਦਸੰਬਰ 1994 ਨੂੰ ਯੂ.ਐਨ.ਓ. ਦੇ ਮਤੇ ਰਾਹੀਂ 16 ਸਤੰਬਰ 1995 ਨੂੰ ਪਹਿਲੀ ਵਾਰ ਸੰਸਾਰ ਪੱਧਰ 'ਤੇ ਮਨਾਇਆ ਗਿਆ ਸੀ। ਉਸ ਤੋਂ ਬਾਅਦ ਹਰੇਕ ਸਾਲ 16 ਸਤੰਬਰ ਨੂੰ ਓਜ਼ੋਨ ਪਰਤ ਦੀ ਮਹੱਤਤਾ ਅਤੇ ਵਰਤਮਾਨ ਹਾਲਤ ਬਾਰੇ ਜਾਣਕਾਰੀ ਦੇਣ ਲਈ ਸਾਰੇ ਸੰਸਾਰ ਅੰਦਰ ਓਜ਼ੋਨ ਪਰਤ ਬਚਾਓ ਦਿਵਸ ਮਨਾਇਆ ਜਾਂਦਾ ਹੈ।

ਖੋਜਾਂ ਰਾਹੀਂ ਇਹ ਪਤਾ ਲੱਗਾ ਹੈ ਕਿ ਕਲੋਰੋ ਫਲੋਰੋ ਕਾਰਬਨ ਦਾ ਕੇਵਲ ਇੱਕ ਅਣੂ ਓਜ਼ੋਨ ਦੇ ਲੱਖਾਂ ਅਣੂਆਂ ਨੂੰ ਨਸ਼ਟ ਕਰ ਦਿੰਦਾ ਹੈ। ਇਸ ਕਾਰਣ ਮੌਂਟਰੀਅਲ ਸੰਧੀ ਦੇ ਮੁਤਾਬਿਕ ਕਾਰਬਨ ਟੈਟਰਾਕਲੋਰਾਈਡ ਅਤੇ ਕਲੋਰੋ ਫਲੋਰੋ ਕਾਰਬਨ ਰਸਾਇਣਕ ਪਦਾਰਥਾਂ ਉਪਰ ਪਾਬੰਦੀ ਲਾਈ ਗਈ ਸੀ। ਇਸ ਸੰਧੀ ਪ੍ਰਤੀ 191 ਦੇਸ਼ਾਂ ਨੇ ਆਪਣੀ ਸਹਿਮਤੀ ਪ੍ਰਗਟਾਈ ਹੈ। ਸਵੀਡਨ ਨੇ ਸੰਧੀ ਸਵੀਕਾਰਨ ਵਿਚ ਪਹਿਲ ਕੀਤੀ ਸੀ।

ਅਸੀਂ ਵਿਕਾਸ ਵਿਕਾਸ ਦਾ ਹੋਕਾ ਦੇ ਰਹੇ ਹਨ ਅਤੇ ਇਸ ਵਿਕਾਸ ਦੇ ਨਾਂ ਤੇ ਸੜਕਾਂ ਦੇ ਕਿਨਾਰਿਆਂ ਤੋਂ ਬਹੁਤ ਹੀ ਲਾਪਰਵਾਹੀ ਨਾਲ ਰੁੱਖ ਕਟੇ ਜਾ ਰਹੇ ਹਨ ਅਤੇ ਉਸ ਅਨੁਪਾਤ ਵਿਚ ਹੋਰ ਨਹੀਂ ਲਾਏ ਜਾ ਰਹੇ, ਜਿਸ ਨਾਲ ਸੰਤੁਲਨ ਵਿਗੜ ਰਿਹਾ ਹੈ। ਧਰਤੀ ਦੇ ਉਪਰ ਲਗਭਗ ਤੀਸਰਾ ਹਿਸਾ ਜੰਗਲ ਹੋਣੇ ਚਾਹੀਦੇ ਹਨ ਪਰੰਤੂ ਅੰਕੜੇ ਕੁਝ ਹੋਰ ਹੀ ਦ੍ਰਿਸ਼ ਪੇਸ਼ ਕਰਦੇ ਹਨ। ਪੈਟਰੋਲ ਦੀ ਵੱਧ ਰਹੀ ਵਰਤੋਂ ਅਤੇ ਉਦਯੋਗਾਂ ਵਿਚੋਂ ਨਿਕਲਦਾ ਧੂੰਆਂ, ਆਤਿਸ਼ਬਾਜ਼ੀ ਦੀ ਵਰਤੋਂ ਦਾ ਵੱਧ ਰਿਹਾ ਰੁਝਾਣ, ਪਰਾਲੀ ਨੂੰ ਸਾੜਨ ਨਾਲ ਹਵਾ ਵਿਚ ਕਾਰਬਨ ਡਾਈਆਕਸਾਈਡ, ਸਲਫਰ ਡਾਈ ਆਕਸਾਈਡ ਅਤੇ ਕਾਰਬਨ ਮੋਨੋ ਆਕਸਾਈਡ ਆਦਿ ਕਾਰਨ ਗਲੋਬਲ ਵਾਰਮਿੰਗ ਹੋ ਰਹੀ ਹੈ ਅਤੇ ਗਰਮੀ ਵੱਧ ਰਹੀ ਹੈ। ਵਧੇਰੇ ਤਾਪਮਾਨ ਹੋਣ ਕਾਰਣ ਬਰਫ ਲਗਾਤਾਰ ਪਿਘਲ ਰਹੀ ਹੈ ਜਿਸ ਕਾਰਣ ਸਮੁੰਦਰ ਦਾ ਪੱਧਰ ਉਚਾ ਹੋ ਰਿਹਾ ਹੈ। ਅੰਕੜਿਆਂ ਰਾਹੀਂ ਪ੍ਰਾਪਤ ਜਾਣਕਾਰੀ ਮੁਤਾਬਿਕ 2007 ਦੀ 16 ਸਤੰਬਰ ਨੂੰ ਅੰਟਾਰਟਿਕਾ ਗਲੇਸ਼ੀਅਰ ਲਗਭਗ 427 ਲਖ ਵਰਗ ਕਿਲੋਮੀਟਰ ਹਿਸਾ ਬਰਫ ਨਾਲ ਢਕਿਆ ਹੋਇਆ ਸੀ ਜੋ ਕਿ 2016 ਦੀ ਅੱਠ ਸਤੰਬਰ ਨੂੰ 424 ਲਖ ਕਿਲੋਮੀਟਰ ਬਚਿਆ ਹੈ। ਇਹ ਬਰਫ ਦੇ ਪਿਘਲਣ ਦੀ ਰਫਤਾਰ ਪਿਛਲੇ 40 ਸਾਲਾਂ ਵਿਚ ਸਭ ਤੋਂ ਜ਼ਿਆਦਾ ਸਮਝੀ ਜਾ ਰਹੀ ਹੈ।

ਵਾਤਾਵਰਣ ਪ੍ਰੇਮੀ ਸਾਨੂੰ ਇਹ ਸਮਝਾਉਣ ਵਿਚ ਲੱਗੇ ਹੋਏ ਹਨ ਕਿ ਜੇ ਕਰ ਅਸੀਂ ਵਾਤਾਵਰਣ ਨੂੰ ਗੰਧਲਾ ਕਰਾਂਗੇ ਤਾਂ ਅਸੀਂ ਇਸ ਦੇ ਮਾੜੇ ਅਸਰਾਂ ਤੋਂ ਬਚ ਨਹੀਂ ਸਕਦੇ ਅਤੇ ਉਸ ਦਾ ਫਲ ਇਸੇ ਜਨਮ ਵਿਚ ਹੀ ਭੋਗਣਾ ਪਵੇਗਾ। ਭਗਤ ਰਵਿਦਾਸ ਜੀ ਨੇ ਇਸ ਸਬੰਧੀ ਦੱਸਿਆ ਕਿ ਵਾਤਾਵਰਣ ਦਾ ਸਮਤੋਲ ਰੱਖਣ ਲਈ ਜੀਵ ਜੰਤੂਆਂ ਦੀ ਹਤਿਆ ਨਹੀਂ ਕਰਨੀ ਚਾਹੀਦੀ ਇਸ ਨਾਲ ਕਦੇ ਵੀ ਖੁਦਾ ਖੁਸ਼ ਨਹੀਂ ਹੋ ਸਕਦਾ। ਉਨ੍ਹਾਂ ਦੇ ਸ਼ਬਦਾਂ ਵਿਚ :

**ਰਵਿਦਾਸ ਜੀਵ ਕੂੰ ਮਾਰ ਕਰ ਕੈਸੇ ਮਿਲੇ ਖੁਦਾਇ**

ਭਾਵੇਂ ਭਗਤ ਜੀ ਜੁੱਤੀਆਂ ਦੀ ਮੁਰੰਮਤ ਦਾ ਕੰਮ ਕਰਦੇ ਸਨ, ਇਹ ਕੰਮ ਉਹਨਾਂ ਦਾ ਖਾਨਦਾਨੀ ਸੀ ਪਰੰਤੂ ਆਪ ਨੇ ਚਮੜਾ ਹਾਸਲ ਕਰਨ ਲਈ ਕਦੇ ਵੀ ਕੋਈ ਜਾਨਵਰ ਨਹੀਂ ਮਾਰਿਆ ਕਿਉਂ ਜੋ ਉਹਨਾਂ ਦਾ ਵਿਸ਼ਵਾਸ ਸੀ ਕਿ ਜੀਵ ਨੂੰ ਮਾਰਨ ਨਾਲ ਜੋ ਪਾਪ ਲਗਦਾ ਹੈ ਉਸ ਤੋਂ ਕਰੋੜ ਗਊ ਦਾ ਦਾਨ ਕਰ ਕੇ ਵੀ ਮੁਕਤੀ ਨਹੀਂ ਮਿਲ ਸਕਦੀ ਹੈ। ਉਨ੍ਹਾਂ ਨੇ ਲੋਕਾਈ ਨੂੰ ਸਮਝਾਇਆ ਕਿ ਮਾਸਾਹਾਰੀ ਆਹਾਰ ਨਹੀਂ ਕਰਨਾ ਚਾਹੀਦਾ। ਜੇਕਰ ਇਨ੍ਹਾਂ ਉਪਦੇਸ਼ਾਂ ਤੇ ਅਮਲ ਕਰ ਜੀਵ ਹਤਿਆ ਬੰਦ ਕਰ ਦੇਵੀਏ ਤਾਂ ਜੀਵ ਜੰਤੂਆਂ ਦੇ ਅਲੋਪ ਹੋਣ ਦੀ ਰਫਤਾਰ ਘਟ ਸਕਦੀ ਹੈ ਅਤੇ ਕੁਦਰਤੀ ਸੰਤੁਲਨ ਲੰਬੇ ਸਮੇਂ ਤਕ ਬਣਿਆ ਰਹਿ ਸਕਦਾ ਹੈ।

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥**

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 659 ਅੰਗ ਉਪਰ ਸੁਭਾਏਮਾਨ ਭਗਤ ਰਵਿਦਾਸ ਜੀ ਇਸ ਸ਼ਬਦ ਰਾਹੀਂ ਸਮਝਾ ਰਹੇ ਹਨ ਕਿ ਮਨੁੱਖੀ ਸਰੀਰ ਪਾਣੀ ਦੀ ਭੀਤ ਅਤੇ ਅਤੇ ਹਵਾ ਦੇ ਖੰਬੇ ਜਿਹਾ ਹੈ, ਜੋ ਕਦੇ ਵੀ ਨਸ਼ਟ ਹੋ ਸਕਦਾ ਹੈ ਪਰੰਤੂ ਅਸੀਂ ਸਭ ਕੁਝ ਵਿਸਾਰ ਕੇ ਲਾਪਰਵਾਹੀ ਨਾਲ ਜੰਗਲ ਕਟ ਰਹੇ ਹਾਂ, ਵੱਡੇ ਵੱਡੇ ਡੈਮਾਂ ਦੀ ਉਸਾਰੀ ਅਤੇ ਦਰਿਆਵਾਂ ਦੇ ਰਸਤੇ ਬਦਲਣ ਲੱਗਿਆਂ ਮਨੁੱਖ ਦੀ ਸੋਚ ਕੇਵਲ ਇਹੋ ਹੀ ਹੈ ਕਿ ਇਸ ਧਰਤੀ ਉਪਰ ਕੇਵਲ ਉਸ ਨੂੰ ਹੀ ਵਾਸਾ ਕਰਨ ਦਾ ਅਧਿਕਾਰ ਹੈ ਅਤੇ ਉਸ ਤੋਂ ਇਲਾਵਾ ਨਾ ਹੀ ਕਿਸੇ ਹੋਰ ਪੌਦੇ ਜਾਂ ਜੀਵ ਜੰਤੂ ਨੂੰ ਇਸ ਧਰਤੀ ਤੇ ਰਹਿਣ ਦਾ ਅਧਿਕਾਰ ਹੈ ਅਤੇ ਨਾ ਹੀ ਲੋੜ ਹੈ ਕਿਉਂ ਜੋ ਮਨੁੱਖ ਦੇ ਅੰਦਰ ਇਹ ਵਹਿਮ ਹੈ ਕਿ ਉਸ ਦੀ ਹੋਂਦ ਹੀ ਸਥਾਈ ਹੈ। ਪਰੰਤੂ ਜਾਣੇ ਅਣਜਾਣੇ ਉਹ ਵਾਤਾਵਰਣ ਵਿਚ ਵਿਗਾੜ ਪੈਦਾ ਕਰ ਰਿਹਾ ਹੈ ਜਿਸ ਤੋਂ ਉਸ ਨੂੰ ਵਰਜਣ ਲਈ ਸਾਰੇ ਮਹਾਂ ਪੁਰਖਾਂ ਨੇ ਆਪਣੇ ਆਪਣੇ ਢੰਗਾਂ ਰਾਹੀਂ ਯਤਨ ਕੀਤੇ ਹਨ।

ਗੰਧਲੇ ਵਾਤਾਵਰਨ ਦੀ ਮਾਰ ਕੇਵਲ ਗਰੀਬ ਨੇ ਨਹੀਂ ਝੱਲਣੀ, ਉਸ ਦਾ ਅਸਰ ਤਾਂ ਉਚੇ ਮਹਿਲਾਂ ਵਿਚ ਰਹਿਣ ਵਾਲਿਆਂ ਅਤੇ ਸਵਾਦਲਾ ਭੋਜਨ ਸੇਵਨ ਕਰਨ ਵਾਲਿਆਂ 'ਤੇ ਵੀ ਪੈਣਾ ਹੈ। ਮੌਤ ਦੇ ਪੰਜੇ ਵਿਚੋਂ ਕੋਈ ਵੀ ਬਚ ਕੇ ਨਹੀਂ ਨਿਕਲ ਸਕਦਾ।

**ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ**
**ੴ ਸਤਿਗੁਰ ਪ੍ਰਸਾਦਿ॥**
**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥**
**ਮਾਧੋ ਅਬਿਦਿਆ ਹਿਤ ਕੀਨ॥**
**ਬਿਬੇਕ ਦੀਪ ਮਲੀਨ॥੧॥ ਰਹਾਉ॥**
**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥**
**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥**
**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥**
**ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥੩॥**
**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥**

**ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥**

ਉਪਰੋਕਤ ਰਾਗ ਆਸਾ ਦੇ ਸਲੋਕ, ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 486 ਉਪਰ ਸੁਭਾਏਮਾਨ ਹੈ, ਰਾਹੀਂ ਭਗਤ ਜੀ ਦੱਸ ਰਹੇ ਹਨ ਕਿ ਹਿਰਨ, ਮੱਛੀ, ਭ੍ਰਿੰਗ, ਪਤੰਗਾ ਅਤੇ ਹਾਥੀ ਇਕ ਇਕ ਦੋਸ਼ ਕਾਰਨ ਮਾਰੇ ਜਾਂਦੇ ਹਨ, ਪੰਜ ਦੋਸ਼ਾਂ ਵਾਲਾ ਮਨੁੱਖ ਜੇ ਇਸੇ ਤਰ੍ਹਾਂ ਵਾਤਾਵਰਣ ਨੂੰ ਅਸੰਤੁਲਿਤ ਕਰਦਾ ਰਿਹਾ ਤਾਂ ਉਸ ਦੇ ਲੰਬੀ ਉਮਰ ਭੁਗਤਣ ਦੀ ਆਸ ਕਿਵੇਂ ਕਰ ਸਕਦੇ ਹਾਂ। ਵਾਤਾਵਰਣ ਵਿਚ ਹੋ ਰਹੇ ਗੰਧਲੇਪਣ ਕਾਰਣ ਪੀਣ ਵਾਲੇ ਪਾਣੀ ਵਿਚ ਜ਼ਹਿਰ ਘੁਲ ਜਾਣ ਕਾਰਣ ਫਲ, ਸਬਜ਼ੀਆਂ ਅਤੇ ਮਾਂ ਦੇ ਦੁੱਧ ਅੰਦਰ ਵੀ ਕੀਟਨਾਸ਼ਕ ਅਤੇ ਹੋਰ ਹਾਨੀਕਾਰਕ ਰਸਾਇਣਾਂ ਦੇ ਅੰਸ਼ ਮਿਲ ਰਹੇ ਹਨ। ਇਹੋ ਜਿਹੇ ਪਦਾਰਥਾਂ ਨੂੰ ਸੇਵਨ ਕਰ ਅਸੀਂ ਬੁਢਾਪੇ ਤੋਂ ਪਹਿਲਾਂ ਹੀ ਬੀਮਾਰੀਆਂ ਉਪਰ ਚੋਖਾ ਪੈਸਾ ਲੱਗਾ ਰਹੇ ਹਾਂ। ਬਹੁਤ ਹੀ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੈਸੇ ਦੀ ਦੌੜ ਵਿਚ ਲੱਗਾ ਮਨੁੱਖ ਆਪਣੀ ਸਾਰੀ ਕਮਾਈ ਬੀਮਾਰੀਆਂ ਰਾਹੀਂ ਮਾਇਆ ਰੂਪੀ ਦੈਂਤ ਨੂੰ ਖੁਆ ਰਿਹਾ ਹੈ ਅਤੇ ਉਹ ਦੈਂਤ ਹਾਲੇ ਵੀ ਨਹੀਂ ਰਜਿਆ ਅਤੇ ਹਾਲੇ ਵੀ ਮੂੰਹ ਅੱਡੀ ਖੜਾ ਹੈ। ਉਦਯੋਗਪਤੀ ਹਰ ਪਾਸੇ ਪ੍ਰਦੂਸ਼ਣ ਫੈਲਾ ਕੇ ਪੀਣ ਦੇ ਪਾਣੀ ਅਤੇ ਹਵਾ ਵਿਚ ਜ਼ਹਿਰ ਘੋਲ ਰਹੇ ਹਨ। ਇਹ ਭੁਲਾ ਚੁਕੇ ਹਨ ਕਿ ਇਹ ਘੁਲੀਆਂ ਹੋਈਆਂ ਜ਼ਹਿਰਾਂ ਉਨ੍ਹਾਂ ਦੇ ਸਵਾਦੀ ਡ੍ਰਿੰਕਸ, ਬੋਤਲ ਬੰਦ ਪਾਣੀ ਅਤੇ ਸੁੰਦਰ ਪ੍ਰਤੀਤ ਹੋ ਰਹੇ ਖਾਣਿਆਂ ਰਾਹੀਂ ਉਨ੍ਹਾਂ ਲਈ ਹੀ ਬੀਮਾਰੀ ਦਾ ਕਾਰਣ ਬਣ ਸਕਦੇ ਹਨ ਅਤੇ ਉਸ ਵੇਲੇ ਪੈਸੇ ਖਾ ਕੇ ਵੀ ਗੁਜ਼ਰ ਅਸੰਭਵ ਹੋਵੇਗੀ।

ਗਲੋਬਲ ਵਾਰਮਿੰਗ ਕਾਰਣ ਸਮੁੰਦਰੀ ਪਾਣੀ ਦਾ ਤਾਪਮਾਨ ਵਧੇਗਾ ਜਿਸ ਕਾਰਨ ਸਮੁੰਦਰੀ ਜੀਵਾਂ ਦੀ ਭੋਜਨ ਲੜੀ ਪ੍ਰਭਾਵਿਤ ਹੋਵੇਗੀ। ਧਰਤੀ ਤੇ ਤਾਪਮਾਨ ਵਧਣ ਕਾਰਨ ਫਸਲਾਂ ਦੀ ਪੈਦਾਵਾਰ ਤੇ ਵੀ ਅਸਰ ਪਵੇਗਾ। ਅਨਾਜ ਦੀ ਪੈਦਾਵਾਰ ਪ੍ਰਭਾਵਿਤ ਹੋਣ ਸਦਕਾ ਮਨੁੱਖੀ ਜੀਵਾਂ ਉਪਰ ਪੈਣ ਵਾਲੇ ਅਸਰ ਦਾ ਅੰਦਾਜ਼ਾ ਲਗਾ ਸਕਦੇ ਹਾਂ। ਕਿਉਂ ਜੋ ਤਾਪਮਾਨ ਦੇ ਵੱਧ ਜਾਣ ਕਾਰਨ ਫਸਲ ਸਮੇਂ ਤੋਂ ਪਹਿਲਾਂ ਪੱਕ ਸਕਦੀਆਂ ਹਨ ਉਸ ਦੇ ਅੰਦਰ ਤੱਤਾਂ ਦੀ ਘਾਟ ਹੋ ਸਕਦੀ ਹੈ ਇਸ ਲਈ ਓਜ਼ੋਨ ਪਰਤ ਦੀ ਰਾਖੀ ਸਬੰਧੀ ਉਚਿਤ ਕਦਮ ਚੁੱਕਿਆ ਗਿਆ ਹੈ ਕਿ ਓਜ਼ੋਨ ਪਰਤ ਬਚਾਓ ਦਿਵਸ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ, ਮਹਿਜ਼ ਰਸਮ ਦਾ ਪਾਲਣ ਹੀ ਨਾ ਕੀਤਾ ਜਾਵੇ। ਵਧੇਰੇ ਰੁੱਖ ਲਗਾਏ ਜਾਣ। ਜੇਕਰ ਕੋਈ ਰੁੱਖ ਕੱਟਣਾ ਪੈ ਜਾਵੇ ਤਾਂ ਉਸ ਦੀ ਪੂਰਤੀ ਲਈ ਹੋਰ ਰੁੱਖ ਲਾਏ ਜਾਣ। ਸਾਡਾ ਵੀ ਇਹ ਕਰਤਵ ਬਣਦਾ ਹੈ ਕਿ ਅਸੀਂ ਸੰਤੁਲਨ ਨੂੰ ਬਣਾਈ ਰੱਖਣ ਲਈ ਹਰ ਸੰਭਵ ਯਤਨ ਕਰੀਏ। ਹਰ ਜੀਵ ਜੰਤੂ ਦੇ ਅੰਦਰ ਉਸ ਪਰਮਾਤਮਾ ਦਾ ਵਾਸਾ ਮਹਿਸੂਸ ਕਰੀਏ ਅਤੇ ਇਸ ਸੁੰਦਰ ਧਰਤੀ ਨੂੰ ਸਾਰਿਆਂ ਦੇ ਰਹਿਣ ਯੋਗ ਬਣਾਉਣ ਵਿਚ ਭਰਵਾਂ ਯੋਗਦਾਨ ਪਾਈਏ। ਓਜ਼ੋਨ ਪਰਤ ਪ੍ਰਤੀ ਪਿੰਡਾਂ ਦੇ ਲੋਕਾਂ ਨੂੰ ਜਾਣਕਾਰੀ ਦਿਤੀ ਜਾਵੇ ਤਾਂ ਜੋ ਉਹ ਵੀ ਅਣਗਹਿਲੀ ਨਾ ਵਰਤਣ। ਪਰਾਲੀ ਨੂੰ ਨਾ ਸਾੜਿਆ ਜਾਵੇ। ਸਰਕਾਰ ਨੂੰ ਹੋਰ ਪਰਾਲੀ ਸੰਬੰਧੀ ਹੋਰ ਢੰਗ ਤਰੀਕੇ ਖੋਜਣ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ। ਜੇਕਰ ਓਜ਼ੋਨ ਪਰਤ ਪ੍ਰਤੀ ਸਾਵਧਾਨ ਲੋਕਾਂ ਨੂੰ ਅਤੇ ਇਸ ਮਸਲੇ ਤੇ ਗੰਭੀਰਤਾ ਵਰਤਣ ਵਾਲੇ ਸਖਸ਼ਾਂ ਨੂੰ ਸਨਮਾਨਿਤ ਕੀਤਾ ਜਾਵੇ। ਪ੍ਰਚਾਰ ਦੇ ਠੋਸ ਢੰਗ ਤਰੀਕੇ ਅਪਣਾਏ

ਜਾਣ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਕਰਨ ਲਈ ਉਨ੍ਹਾਂ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਦੇ ਅੰਦਰ ਜਾਗਰੂਕਤਾ ਪੈਦਾ ਕੀਤੀ ਜਾਵੇ। ਨੌਜੁਆਨਾਂ ਵਲੋਂ ਕੀਤੀ ਜਾਂਦੀ ਬੇਤਹਾਸ਼ਾ ਆਤਿਸ਼ਬਾਜ਼ੀ ਨੂੰ ਰੋਕਣ ਲਈ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਪੈਸੇ ਦੀ ਬਰਬਾਦੀ ਅਤੇ ਵਾਤਾਵਰਣ ਵਿਚ ਹੋ ਰਹੇ ਵਿਗਾੜ ਨੂੰ ਠੱਲ੍ਹ ਪਾਈ ਜਾ ਸਕੇ। ਜੇਕਰ ਅਸੀਂ ਗੰਭੀਰਤਾ ਨਾ ਵਰਤੀ ਤਾਂ ਵਿਨਾਸ਼ ਵਲ ਕਦਮ ਵਧਾ ਰਹੇ ਹੋਵਾਂਗੇ ਅਤੇ ਆਉਣ ਵਾਲਿਆਂ ਪੀੜ੍ਹੀਆਂ ਲਈ ਕੰਡੇ ਬੀਜ ਰਹੇ ਹੋਵਾਂਗੇ।

# ਵੋ ਕਾਗਜ਼ ਕੀ ਕਿਸ਼ਤੀ

ਉੱਘੇ ਗਜ਼ਲਗੋ ਜਗਜੀਤ ਸਿੰਘ ਜੀ ਦੀ ਗਾਈ ਹੋਈ ਗ਼ਜ਼ਲ :

**ਯੇ ਦੌਲਤ ਭੀ ਲੈ ਲੋ ਯੇ ਸ਼ੋਹਰਤ ਭੀ ਲੈ ਲੋ,**
**ਭਲੇ ਛੀਨ ਲੋ ਮੁਝ ਸੇ ਮੇਰੀ ਜਵਾਨੀ,**
**ਮਗਰ ਮੁਝ ਕੋ ਲੁਟਾ ਦੋ ਬਚਪਨ ਕਾ ਸਾਵਨ,**
**ਵੋ ਕਾਗਜ਼ ਕੀ ਕਿਸ਼ਤੀ ਵੋ ਬਾਰਸ਼ ਕਾ ਪਾਨੀ।**

ਇਨ੍ਹਾਂ ਸ਼ਬਦਾਂ ਵਿਚ ਉਨ੍ਹਾਂ ਨੇ ਆਪਣੇ ਮਨ ਦੀ ਖਾਹਿਸ਼ ਦਾ ਵਰਣਨ ਬਾਖੂਬੀ ਕੀਤਾ ਹੈ ਕਿ ਬਚਪਨ ਜੋ ਭੋਲਾ ਭਾਲਾ ਹੁੰਦਾ ਹੈ ਉਸ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਭਾਰੀ ਕੀਮਤ ਦੇਣ ਲਈ ਵੀ ਤਿਆਰ ਹਨ। ਭਾਵੇਂ ਇਹ ਦੌਲਤ ਅਤੇ ਸ਼ੋਹਰਤ ਉਨ੍ਹਾਂ ਨੇ ਲੰਬੇ ਸਮੇਂ ਵਿਚ ਪ੍ਰਾਪਤ ਕੀਤੀ। ਉਸ ਤੋਂ ਵੀ ਕੀਮਤੀ ਜਵਾਨੀ ਜੋ ਮਸਤਾਨੀ ਹੁੰਦੀ ਹੈ, ਸਮੇਂ ਦੀ ਚਾਲ ਨਾਲ ਭਾਵੇਂ ਹਰ ਇੱਕ 'ਤੇ ਹੀ ਆ ਜਾਂਦੀ ਹੈ, ਉਸ ਨੂੰ ਵੀ ਵਾਪਸ ਕਰਨ ਲਈ ਵੀ ਮਨ ਬਣਾ ਚੁਕੇ ਹਨ। ਕਾਸ਼! ਇਹ ਸੰਭਵ ਹੋ ਸਕਦਾ। ਅਸੀਂ ਸਮੇਂ ਦੀ ਮਸ਼ੀਨ ਨੂੰ ਪੁਠਾ ਗੇੜਾ ਦੇ ਸਕਦੇ ਹੁੰਦੇ। ਅਸੀਂ ਤਾਂ ਖਿਆਲਾਂ ਦਾ ਤਾਣਾ ਬਾਣਾ ਬੁਣ ਕੇ ਹੀ ਉਨ੍ਹਾਂ ਪਲਾਂ ਦਾ ਸੁਆਦ ਮਾਣ ਸਕਦੇ ਹਾਂ।

ਇਸ ਗੱਲ ਵਿਚ ਵੀ ਵਜ਼ਨ ਹੈ ਕਿ ਆਦਮੀ ਪੂਰੀ ਮੇਹਨਤ ਕਰਨ ਤੋਂ ਬਾਅਦ ਜਿੱਤ ਪ੍ਰਾਪਤ ਕਰਦਾ ਹੈ। ਭਾਵੇਂ ਜਿੱਤ ਵੋਟਾਂ ਪ੍ਰਾਪਤ ਕਰਕੇ ਲਈ ਹੋਵੇ ਭਾਵੇਂ ਮੇਹਨਤ ਰਾਹੀਂ ਕਿਸੇ ਉਚੇ ਅਹੁਦੇ ਲਈ ਇਮਿਤਹਾਨ ਪਾਸ ਕੀਤਾ ਗਿਆ ਹੋਵੇ ਜਾਂ ਕਿਸੇ ਜੰਗ ਵਿਚ ਜਿਤ ਪ੍ਰਾਪਤ ਕੀਤੀ ਹੋਵੇ ਜਿਤ ਤਾਂ ਜਿਤ ਹੀ ਹੁੰਦੀ ਹੈ। ਔਖੇ ਕੰਮ ਨੂੰ ਕਰਕੇ ਜਿਤ ਪ੍ਰਾਪਤ ਕਰਨੀ ਵੀ ਔਖੀ ਲਗਦੀ ਹੈ ਜਦੋਂ ਕਿ ਸੌਖੇ ਕੰਮ ਨੂੰ ਕਰ ਕੇ ਜਿੱਤ ਨੂੰ ਆਸਾਨੀ ਨਾਲ ਪਾਇਆ ਜਾ ਸਕਦਾ ਹੈ। ਔਖਾ ਕੰਮ ਜਦੋਂ ਵਾਰ ਵਾਰ ਕੀਤਾ ਜਾਂਦਾ ਹੈ, ਉਸ ਦਾ ਅਭਿਆਸ ਹੋ ਜਾਂਦਾ ਹੈ ਅਤੇ ਉਹ ਕੰਮ ਆਸਾਨ ਜਾਪਣ ਲੱਗ ਜਾਂਦਾ ਹੈ। ਸਫਲਤਾ ਪ੍ਰਾਪਤ ਕਰ ਕੇ ਮਨੁਖ ਖੁਸ਼ੀ ਨਾਲ ਫੁਲਿਆ ਨਹੀਂ ਸਮਾਉਂਦਾ ਜਦੋਂ ਕਿ ਕਿਸੇ ਕੰਮ ਵਿਚ ਜਦੋਂ ਅਸਫਲਤਾ ਮਿਲਦੀ ਹੈ ਤਾਂ ਮਨੁੱਖ ਉਦਾਸੀ ਦੇ ਆਲਮ ਵਿਚ ਚਲਾ ਜਾਂਦਾ ਹੈ। ਮਨੁੱਖ ਇਹ ਭੁੱਲ ਜਾਂਦਾ ਹੈ ਕਿ ਅਸਫਲਤਾ ਇੱਕ ਪੜਾਅ ਨਹੀਂ ਹੈ, ਇਹ ਤਾਂ ਸਫਲਤਾ ਤੱਕ ਪੁੱਜਣ ਲਈ ਫੜੀ ਹੋਈ ਪੌੜੀ ਦਾ ਇੱਕ ਡੰਡਾ ਹੀ ਹੈ। ਇਸ ਡੰਡੇ ਨੂੰ ਫੜ ਕੇ ਹੀ ਅੱਗੇ ਵਲ ਵਧਣਾ ਹੈ, ਵੱਖਰੀ ਗੱਲ ਹੈ ਕੁਝ ਲੋਕ ਇਸ ਡੰਡੇ ਨੂੰ ਹੱਸ ਕੇ ਚੜ੍ਹਦੇ ਹਨ ਅਤੇ ਸਾਨੂੰ ਰਾਜਾ ਬਰੂਸ ਅਤੇ ਮੱਕੜੀ ਦੀ ਕਹਾਣੀ ਨੂੰ ਨਹੀਂ ਭੁੱਲਣਾ ਚਾਹੀਦਾ, ਜਦੋਂ ਮੱਕੜੀ ਨੂੰ ਬਹੁਤ ਵਾਰ ਅਸਫਲਤਾ ਮਿਲੀ ਤੇ ਉਹ ਨਹੀਂ ਘਬਰਾਈ, ਉਸ ਨੇ ਹੌਸਲਾ ਨਹੀਂ ਹਾਰਿਆ, ਯਤਨ

ਜਾਰੀ ਰਖੇ ਤੇ ਸਫਲਤਾ ਨੇ ਉਸ ਦੇ ਪੈਰ ਚੁੰਮ ਲਏ ਸਨ। ਸਫਲ ਹੋਣ ਵਾਲੇ ਦਾ ਜਾਂ ਜਿੱਤ ਪ੍ਰਾਪਤ ਕਰਨ ਵਾਲੇ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੁੰਦਾ ਹੈ। ਪਰੰਤੂ ਇਹ ਸਮਾਜ ਉਸ ਦਾ ਸਵਾਗਤ ਉਸ ਦੇ ਗੱਲ ਵਿਚ ਹਾਰ ਪਾ ਕੇ ਕਰਦਾ ਹੈ। ਸਮਝ ਨਹੀਂ ਆ ਰਹੀ ਉਸ ਦੀ ਜਿੱਤ ਨੂੰ ਹਾਰ ਪਾ ਕੇ ਕਿਉਂ ਖੁਸ਼ੀ ਮਨਾਈ ਜਾਂਦੀ ਹੈ ? ਜਦੋਂ ਕਿ ਉਹ ਹਾਰਾਂ ਨੂੰ ਪਿਛੇ ਛੱਡ ਜਿੱਤ ਵੱਲ ਵਧਿਆ ਹੁੰਦਾ ਹੈ, ਉਸ ਨੂੰ ਹਾਰ ਪਾ ਕੇ ਹਾਰ ਦਾ ਅਹਸਾਸ ਕਿਉਂ ਕਰਵਾਇਆ ਜਾਂਦਾ ਹੈ। ਇਸ ਲਈ ਸਮਾਂ ਕਢ ਕੇ ਸੋਚਣ ਦੀ ਲੋੜ ਹੈ। ਇੱਕ ਲੇਖਕ ਵੀਰ ਨੇ ਆਪਣੀ ਲਿਖਤ ਵਿਚ ਇਹ ਲਿਖਿਆ ਹੈ ਕਿ ਜਿਸ ਖੇਡ ਵਿਚ ਜਿੱਤ ਯਕੀਨੀ ਹੋਵੇ, ਉਸ ਨੂੰ ਖੇਡਣ ਵਾਲੇ ਨੂੰ ਜ਼ਿਆਦਾ ਮਜ਼ਾ ਨਹੀਂ ਆਉਂਦਾ ਕਿਉਂਕਿ ਜਿੱਤ ਦਾ ਅਸਲੀ ਮਜ਼ਾ ਤਦ ਹੀ ਆਉਂਦਾ ਹੈ ਜੇਕਰ ਹਾਰ ਦਾ ਡਰ ਬਣਿਆ ਰਹੇ। ਜਾਪਦਾ ਹੈ ਸ਼ਾਇਦ ਇਸ ਲਈ ਜਿੱਤਣ ਤੋਂ ਬਾਅਦ ਗਲ ਵਿਚ ਹਾਰ ਪਾਏ ਜਾਂਦੇ ਹਨ ਕਿ ਉਸ ਨੇ ਹਾਰ ਦੇ ਡਰ ਨੂੰ ਖਤਮ ਕਰ ਲਿਆ ਹੈ।

ਬੀਬੀ ਸੁਖਨਿੰਦਰ ਕੌਰ ਜੀ ਨੇ ਆਪਣੇ ਲਿਖੇ ਲੇਖ ਭਾਰਤੀ ਸਿਖਿਆ ਪ੍ਰਣਾਲੀ ਦਾ ਲੇਖਾ ਜੋਖਾ ਰਾਹੀਂ ਪੁਰਾਣੇ ਸਮੇਂ ਦੀ ਸਿਖਿਆ ਪ੍ਰਣਾਲੀ ਵਿਚ ਫੱਟੀ ਅਤੇ ਕਲਮ ਅਤੇ ਪਹਾੜਿਆ ਦਾ ਵਰਣਨ ਕਰ ਪਿਛਲੇ ਬੀਤੇ ਹੋਏ ਸਮੇਂ ਨੂੰ ਯਾਦ ਕਰਵਾਉਣ ਦਾ ਯਤਨ ਕੀਤਾ ਹੈ। ਲੇਖ ਪੜ੍ਹ ਕੇ ਇੰਜ ਲਗਿਆ ਜਿਵੇਂ ਅਸੀਂ ਜਮਾਤ ਵਿਚ ਬੈਠੇ ਹੋਈਏ, ਸਾਡੀ ਫੱਟੀ ਗਾਚਣੀ ਲਾ ਕੇ ਸਾਫ਼ ਕੀਤੀ ਹੋਈ ਹੋਵੇ ਅਤੇ ਅਧਿਆਪਕ ਪੂਰਨੇ ਲਿਖ ਕੇ ਦੇ ਰਿਹਾ ਹੋਵੇ ਅਸੀਂ ਉਂਗਲ ਫੜ ਉਨ੍ਹਾਂ ਪੂਰਨਿਆਂ ਦੇ ਉਪਰ ਉਪਰ ਲਿਖਣ ਲਈ ਯਤਨਸ਼ੀਲ ਹੋਈਏ। ਇਸ ਹਾਲਤ ਨੂੰ ਡਾਕਟਰ ਅਮਾਨ ਉੱਲਾ ਖਾਨ ਜੀ ਨੇ ਆਪਣੀ ਨਜ਼ਮ ਠੰਡੜੀਆਂ ਯਾਦਾਂ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ:

**ਮੈਂ ਕਲਮ ਬਣਾਵਾਂ ਕਾਨੇ ਦੀ,**
**ਮੈਂ ਗਾਚੀ ਲਾਵਾਂ ਫੱਟੀ ਤੇ,**
**ਬੈਠ ਕੇ ਡੇਸਕ ਪੁਰਾਣੀ ਤੇ,**
**ਗੱਲ ਬਸਤਾ ਪਾਉਣ ਨੂੰ ਜੀ ਕਰਦਾ।**

ਇਸ ਤਰ੍ਹਾਂ ਲਿਖਾਈ ਸੁੰਦਰ ਬਨਾਉਣ ਦਾ ਯਤਨ ਕੀਤਾ ਜਾਂਦਾ ਸੀ। ਜੇਕਰ ਨਵੀਂ ਪੀੜ੍ਹੀ ਨੂੰ ਪੁਛਿਆ ਜਾਵੇ ਕਿ ਪੂਰਨੇ ਕੀ ਹੁੰਦੇ ਹਨ ਤਾਂ ਉੱਤਰ ਮਿਲਣ ਦੀ ਉਮੀਦ ਨਹੀਂ ਹੈ। ਅਧਿਆਪਕ ਕਲਮ ਉਪਰ ਪੰਜਾਬੀ ਲਿਖਣ ਲਈ ਅਤੇ ਹਿੰਦੀ ਲਿਖਣ ਲਈ ਵੱਖ ਵੱਖ ਤਰਾਂ ਨਾਲ ਕੱਟ ਲਗਾ ਕੇ ਦਿਆ ਕਰਦੇ ਸਨ ਅਤੇ ਪੰਜਾਬੀ ਵਾਲੀ ਕਲਮ ਨਾਲ ਹਿੰਦੀ ਲਿਖਣ ਦੀ ਸਖਤ ਮਨਾਹੀ ਹੁੰਦੀ ਸੀ। ਹੁਣ ਤਾਂ ਕਲਮ ਕੇਵਲ ਤਸਵੀਰਾਂ ਰਾਹੀਂ ਹੀ ਵੇਖੀ ਜਾਂਦੀ ਹੈ। ਫੱਟੀ ਨੂੰ ਇੱਕਠੇ ਕੀਤੇ ਹੋਏ ਪਾਣੀ ਨਾਲ ਗਾਚਣੀ ਲਾ ਕੇ ਸਾਫ਼ ਕਰਨਾ ਅਤੇ ਫਿਰ ਉਸ ਫੱਟੀ ਨੂੰ ਦੁਬਾਰਾ ਵਰਤਣ ਯੋਗ ਬਣਾਉਣ ਲਈ, ਸੁਕਾਉਣ ਲਈ ਸੂਰਜ ਨੂੰ ਕਹਣਾ ਕਿ:

**ਸੂਰਜਾ ਸੂਰਜਾ ਫੱਟੀ ਸੁਕਾ**
**ਨਹੀਂ ਸੁਕਾਉਂਦਾ ਗੰਗਾ ਜਾ,**
**ਗੰਗਾ ਵਿਚ ਗਨੇਰੀਆਂ,**

ਦੋ ਤੇਰੀਆਂ ਦੋ ਮੇਰੀਆਂ।

ਉਸ ਸਮੇਂ ਕੇਵਲ ਇੱਕੋ ਕਿਸਮ ਦੇ ਹੀ ਸਕੂਲ ਸਨ ਅਤੇ ਸਾਰੇ ਵਰਗਾਂ ਦੇ ਬਚੇ ਇੱਕੋ ਸਕੂਲ ਵਿਚ ਪੜ੍ਹਦੇ ਸਨ। ਅਮੀਰ ਵਰਗ ਵਲੋਂ ਆਰਥਕ ਮਦਦ ਕੀਤੀ ਜਾਂਦੀ ਸੀ ਅਤੇ ਇਸ ਤਰ੍ਹਾਂ ਨਾਲ ਸਕੂਲ ਦੀਆਂ ਲੋੜਾਂ ਅਰਥਾਤ ਕਮਰਿਆਂ ਦੀ ਉਸਾਰੀ ਆਦਿ ਕਰਵਾ ਲਈ ਜਾਂਦੀ ਸੀ। ਕਈ ਵਾਰ ਅਮੀਰ ਲੋਕਾਂ ਤੋਂ ਮਦਦ ਲੈ ਕੇ ਹੁਸ਼ਿਆਰ ਬਚਿਆਂ ਨੂੰ ਅਤੇ ਖੇਡਾਂ ਵਿਚ ਚੰਗੀਆਂ ਪ੍ਰਾਪਤੀਆਂ ਵਾਲੇ ਬਚਿਆਂ ਨੂੰ ਇਨਾਮ ਵੀ ਦਿਤੇ ਜਾਂਦੇ ਸਨ। ਹੁਣ ਹਾਲ ਵੱਖਰਾ ਹੈ। ਸਰਕਾਰੀ ਸਕੂਲ ਵਿਚ ਉਹ ਬਚੇ ਹੀ ਪੜ੍ਹਦੇ ਹਨ ਜੋ ਸਾਧਨਹੀਣ ਅਤੇ ਵਿਚਾਰੇ ਹਨ। ਇਕ ਰਿਕਸ਼ੇ ਵਾਲਾ ਵੀ ਆਪਣੇ ਬਚੇ ਸਰਕਾਰੀ ਸਕੂਲ ਨਾਲੋਂ ਪ੍ਰਾਈਵੇਟ ਮਾਡਲ ਸਕੂਲ ਵਿਚ ਦਾਖਲ ਕਰਵਾਉਣਾ ਚਾਹੁੰਦਾ ਹੈ। ਇਹ ਇਕ ਸਟੈਂਡਰਡ ਬਣਦਾ ਜਾ ਰਿਹਾ ਹੈ ਜੇ ਬੱਚਾ ਸਰਕਾਰੀ ਸਕੂਲ ਵਿਚ ਹੈ ਤਾਂ ਉਸ ਦਾ ਪੱਧਰ/ਸਟੈਂਡਰਡ ਨੀਵਾਂ ਹੈ।

ਪ੍ਰਾਈਵੇਟ ਸਕੂਲ ਧੜਾ-ਧੜ ਖੁੱਲ੍ਹ ਰਹੇ ਹਨ। ਸਰਕਾਰ ਵਲੋਂ ਧਾਰੀ ਗਈ ਚੁੱਪ ਇਸ ਨੂੰ ਬੜ੍ਹਾਵਾ ਦੇ ਰਹੀ ਹੈ। ਸਰਕਾਰ ਵਲੋਂ ਅਧਿਆਪਕਾਂ ਲਈ ਪੜਾਈ ਕਰਵਾਉਣ ਤੋਂ ਇਲਾਵਾ ਹੋਰ ਕਈ ਕੰਮ ਰਾਖਵੇਂ ਰਖੇ ਹੋਏ ਹਨ ਜਿਵੇਂ ਮਰਦਮ ਸ਼ੁਮਾਰੀ ਕਰਨੀ, ਵੋਟਾਂ ਬਨਾਉਣਾ, ਆਰਥਿਕ ਅੰਕੜੇ ਇੱਕਠੇ ਕਰਨਾ, ਲਾਜ਼ਮੀ ਵਿਦਿਆ ਅਧੀਨ ਅੰਕੜੇ ਇਕਠੇ ਕਰਨਾ ਆਦਿ। ਇਥੇ ਇੱਕ ਗਲ ਬਚਿਆਂ ਦੀ ਪੜ੍ਹਾਈ ਸਬੰਧੀ ਦਸਣੀ ਵੀ ਜ਼ਰੂਰੀ ਹੈ। ਇੱਕ ਵਾਰ ਅਧਿਆਪਕ ਆਪਣੀ ਜਮਾਤ ਵਿਚ ਪੁੱਜਾ ਤੇ ਬਚਿਆਂ ਨੂੰ ਕਿਹਾ ਕਿ ਬਚਿਓ ਜੋ ਕਲ੍ਹ ਕਰਵਾਇਆ ਸੀ, ਉਸ ਨੂੰ ਯਾਦ ਕਰੋ। ਸਾਰੇ ਬਚੇ ਇੱਕੋ ਆਵਾਜ਼ ਵਿਚ ਆਖਦੇ ਹਨ ਮਾਸਟਰ ਜੀ ਕਲ੍ਹ ਤਾਂ ਤੁਸੀਂ ਕੁਝ ਨਹੀਂ ਕਰਵਾ ਪਾਏ ਕਿਉਂਕਿ ਤੁਸੀਂ ਕਿਹਾ ਸੀ ਮੈਂ ਅੱਜ ਆਈ ਸਰਕਾਰੀ ਡਾਕ ਨੂੰ ਤਿਆਰ ਕਰ ਕੇ ਅੱਜ ਹੀ ਦਫਤਰ ਭੇਜਣਾ ਹੈ ਅਤੇ ਸਾਰਾ ਸਮਾਂ ਉਸ ਵਿਚ ਹੀ ਲੱਗ ਗਿਆ ਸੀ। ਅਧਿਆਪਕ ਨੂੰ ਯਾਦ ਆਇਆ ਤਾਂ ਉਸ ਨੇ ਕਿਹਾ ਠੀਕ ਹੈ ਜੋ ਇਸ ਤੋਂ ਇੱਕ ਦਿਨ ਪਹਿਲਾਂ ਕੀਤਾ ਸੀ ਓਹ ਕਰ ਲਵੋ। ਬੱਚੇ ਬੋਲੇ ਇੱਕ ਦਿਨ ਪਹਿਲਾਂ ਤਾਂ ਤੁਸੀਂ ਵੋਟਾਂ ਵਾਲੀ ਡਿਊਟੀ ਲਈ ਗਏ ਸੀ ਅਤੇ ਸਕੂਲ ਹੀ ਨਹੀਂ ਆਏ। ਫਿਰ ਅਧਿਆਪਕ ਨੇ ਕਿਹਾ ਠੀਕ ਹੈ ਅਤੇ ਉਸ ਨੇ ਮਨੀਟਰ ਨੂੰ ਕਲਾਸ ਨੂੰ ਚੁੱਪ ਕਰਵਾਉਣ ਲਈ ਆਖਿਆ ਅਤੇ ਆਪ ਦਫਤਰ ਦੀ ਡਾਕ ਤਿਆਰ ਕਰਨ ਵਿਚ ਰੁਝ ਗਿਆ। ਇਹ ਹਾਲ ਸਾਡੇ ਸਰਕਾਰੀ ਸਕੂਲਾਂ ਦਾ ਹੋ ਚੁੱਕਾ ਹੈ। ਜੇ ਅਧਿਆਪਕ ਪੜ੍ਹਾ ਸਕਦਾ ਹੈ ਉਸ ਨੂੰ ਨਾ ਪੜ੍ਹਾ ਸਕਣ ਲਈ ਮਜਬੂਰ ਕੀਤਾ ਹੋਇਆ ਹੈ।

ਇਮਤਹਾਨ ਸਮੇਂ ਹੋ ਰਹੀ ਨਕਲ ਨੂੰ ਰੋਕਣ ਲਈ ਅਧਿਆਪਕ ਹੀ ਲੜ ਰਿਹਾ ਹੈ। ਜਦੋਂ ਕਿ ਬਾਕੀ ਵਰਗ ਬਚੇ ਨੂੰ ਨਕਲ ਕਰਵਾਉਣਾ ਲੋਚਦੇ ਹਨ। ਨਿਗਰਾਨ ਅਮਲੇ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਉਹ ਨਕਲ ਕਰਵਾਵੇ। ਜੇਕਰ ਉਹ ਨਹੀਂ ਕਰਵਾਉਂਦਾ ਤਾਂ ਕੁੱਟ-ਮਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ, ਜਿਸ ਵਿਚ ਸਿਖਿਆ ਵਿਭਾਗ ਵੀ ਅਧਿਆਪਕ ਦੀ ਮਦਦ ਕਰਨ ਤੋਂ ਇਨਕਾਰੀ ਹੁੰਦਾ ਹੈ ਕਾਨੂੰਨ ਦੀ ਰਖਿਆ ਵਾਲੇ ਵਿਭਾਗ ਨੇ ਤਾਂ ਕਿਨਾਰਾ ਕਰਨਾ ਹੀ ਹੁੰਦਾ ਹੈ ਕਿਉਂ ਜੋ ਅਧਿਆਪਕ ਸੱਚਾ ਹੋਣ ਕਾਰਣ ਆਪਣੀ ਜੇਬ ਵਿਚੋਂ ਕੋਈ ਖਰਚ ਨਹੀਂ ਕਰਦਾ ਹੈ। ਨਕਲ ਕੇਸ ਬਣਦੇ ਹਨ ਤਾਂ ਉਪਰ ਤਕ ਪਹੁੰਚ

ਵਾਲੇ ਛੁੱਟ ਜਾਂਦੇ ਹਨ ਅਧਿਆਪਕ ਵਿਚਾਰਾ ਆਪਣੇ ਖਰਚੇ ਤੇ ਤਰੀਕਾਂ ਭੁਗਤਦਾ ਰਹਿੰਦਾ ਹੈ।

ਪ੍ਰਾਈਵੇਟ ਸਕੂਲਾਂ ਵਿਚ ਮਿਲਦੀਆਂ ਘੱਟ ਤਨਖਾਵਾਂ, ਤੰਗ ਕਮਰੇ, ਖੇਡਾਂ ਦੇ ਮੈਦਾਨਾਂ ਦੀ ਘਾਟ ਹੋਣ ਦੇ ਬਾਵਜੂਦ ਵੀ ਲੋਕ ਉਨ੍ਹਾਂ ਸਕੂਲਾਂ ਵਿਚ ਬੱਚੇ ਦਾਖਲ ਕਰਵਾਉਣਾ ਚਾਹੁੰਦੇ ਹਨ। ਉਥੇ ਅੰਗਰੇਜ਼ੀ ਮਾਧਿਅਮ, ਬੱਚਿਆਂ ਦੀ ਸੁੰਦਰ ਡ੍ਰੇਸ ਅਤੇ ਲਾਈਆਂ ਹੋਈਆਂ ਟਾਈਆਂ, ਬਚਿਆਂ ਦੇ ਮਾਪਿਆਂ ਨੂੰ ਖਿੱਚ ਪਾਉਂਦੀਆਂ ਹਨ ਅਤੇ ਉਹ ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿਚ ਦਾਖਲ ਕਰਵਾਉਂਦੇ ਹਨ। ਉਨ੍ਹਾਂ ਸਕੂਲਾਂ ਵਿਚ ਬਚਿਆਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਅੰਗਰੇਜ਼ੀ ਵਿਚ ਹੀ ਗੱਲਬਾਤ ਕਰਣ ਭਾਵੇਂ ਉਹ ਗਲਤ ਹੀ ਹੋਵੇ ਅਤੇ ਜੇਕਰ ਕੋਈ ਬੱਚਾ ਪੰਜਾਬੀ ਵਿਚ ਗੱਲਬਾਤ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਸਜ਼ਾ ਦੇ ਤੌਰ 'ਤੇ ਜੁਰਮਾਨਾ ਕੀਤਾ ਜਾਂਦਾ ਹੈ, ਜੋ ਮਾਪਿਆਂ ਨੇ ਭਰਨਾ ਹੁੰਦਾ ਹੈ ਤੇ ਸਕੂਲ ਨੇ ਮਾਇਆ ਇੱਕਠੀ ਕਰਨੀ ਹੁੰਦੀ ਹੈ ਤੇ ਮਾਪੇ ਵੀ ਬੱਚੇ ਨੂੰ ਅੰਗਰੇਜ਼ੀ ਵਿਚ ਗੱਲਬਾਤ ਕਰਨ ਲਈ ਆਖਦੇ ਹਨ ਤਾਂ ਜੋ ਜੁਰਮਾਨਾ ਨਾ ਭਰਨਾ ਪਵੇ ਅਤੇ ਘਰ ਵਿਚ ਉਨ੍ਹਾ ਦੀ ਟੌਰ ਬਣਦੀ ਹੈ। ਪੜ੍ਹਾਉਣ ਲਈ ਲਾਏ ਗਏ ਸਿਖਿਅਤ ਅਤੇ ਅਸਿਖਿਅਤ ਅਧਿਆਪਕਾਂ ਸਬੰਧੀ ਅਧੂਰੀ ਜਾਂ ਘਟ ਜਾਣਕਾਰੀ ਮਾਪਿਆਂ ਨੂੰ ਹੁੰਦੀ ਹੈ। ਜਿਸ ਦਾ ਧਿਆਨ ਨਹੀਂ ਕੀਤਾ ਜਾਂਦਾ। ਸਰਕਾਰੀ ਸਕੂਲਾਂ ਦੇ ਅੰਦਰ ਅਧਿਆਪਕਾਂ ਦੀ ਘਾਟ ਵੀ ਉਨ੍ਹਾਂ ਸਕੂਲਾਂ ਵਿਚ ਬਚਿਆਂ ਦੀ ਗਿਣਤੀ ਵਿਚ ਵਾਧਾ ਕਰਦੀ ਹੈ।

ਸਰਕਾਰ ਵਲੋਂ ਵੀ ਘੱਟ ਤਨਖਾਹ 'ਤੇ ਅਧਿਆਪਕ ਰਖੇ ਜਾ ਰਹੇ ਹਨ, ਉਨ੍ਹਾਂ ਨੂੰ ਠੇਕੇ 'ਤੇ ਰਖੇ ਅਧਿਆਪਕ ਦਾ ਨਾਂ ਦਿਤਾ ਗਿਆ ਹੈ। ਉਨ੍ਹਾਂ ਨੂੰ ਕੁਝ ਮਿਥੀ ਹੋਈ ਰਕਮ ਹੀ ਵੇਤਨ ਦੇ ਨਾਮ ਹੇਠ ਦਿਤੀ ਜਾਂਦੀ ਹੈ ਅਤੇ ਕੰਮ ਉਤਨਾ ਅਤੇ ਉਤਨੇ ਹੀ ਸਮੇਂ ਲਈ ਕਰਵਾਇਆ ਜਾਂਦਾ ਹੈ। ਅਜੇਹਾ ਹੀ ਕਾਲਜ ਵਿਚ ਵੀ ਕੀਤਾ ਜਾ ਰਿਹਾ ਹੈ ਜੋ ਕਿ ਸਰਾਸਰ ਧੱਕਾ ਹੈ। ਪਹਿਲਾਂ ਤਾਂ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਵਾਲੇ ਅਜੇਹਾ ਕਰਦੇ ਸਨ ਉਨ੍ਹਾਂ ਦੇ ਵਿਰੁਧ ਅਰਜ਼ ਗੁਜ਼ਾਰਿਸ਼ ਸਰਕਾਰ ਕੋਲ ਕੀਤੀ ਜਾਂਦੀ ਸੀ ਹੁਣ ਅਰਜ਼ੀ ਦੁਖਾਂ ਵਾਲੀ ਕਿਸ ਨੂੰ ਸੁਣਾਈ ਜਾਵੇ?

ਇਹ ਚਿਟੇ ਦਿਨ ਜਿਹਾ ਸੱਚ ਹੈ ਕਿ ਪ੍ਰਾਇਮਰੀ ਦੇ ਬਚਿਆਂ ਨੂੰ ਵਿਦਿਆ ਲਈ ਵਖਰਾ ਕੋਰਸ ਈ.ਟੀ.ਟੀ. ਕਰਵਾਇਆ ਜਾਂਦਾ ਹੈ, ਉਹ ਕੋਰਸ ਕਰ ਲੈਣ ਤੋਂ ਬਾਅਦ ਸਰਕਾਰ ਨੂੰ ਅਧਿਆਪਕ ਦੀ ਨੌਕਰੀ ਲਈ ਯੋਗ ਸਮਝ ਨੌਕਰੀ ਉਪਰ ਲਗਾਉਣਾ ਚਾਹੀਦਾ ਹੈ ਪਰੰਤੂ ਹੁਣ ਉਸ ਤੋਂ ਬਾਅਦ ਨੌਕਰੀ ਲਈ ਵੱਖਰਾ ਟੈਸਟ ਲੈਣਾ ਸ਼ੁਰੂ ਕਰ ਦਿਤਾ ਗਿਆ ਹੈ ਜੋ ਕਿ ਬਿਲਕੁਲ ਹੀ ਠੀਕ ਨਹੀਂ ਹੈ। ਕੀ ਈ.ਟੀ.ਟੀ. ਦੇ ਕੋਰਸ ਵਿਚ ਕੋਈ ਘਾਟ ਹੈ ਜਾਂ ਵਿਭਾਗ ਨੂੰ ਉਹ ਪੜ੍ਹਾਈ ਮਨਜ਼ੂਰ ਨਹੀਂ ਹੈ। ਸਰਕਾਰ ਇਸ ਉਪਰ ਮੁੜ ਵਿਚਾਰ ਕਰੇ ਤੇ ਸਿਖਿਅਤ ਅਧਿਆਪਕਾਂ ਨੂੰ ਨੌਕਰੀ ਉਪਰ ਲਗਾਵੇ। ਬਹੁਤ ਹੀ ਬੇਰੁਜ਼ਗਾਰੀ ਹੈ ਅਤੇ ਸਕੂਲ ਵੀ ਖਾਲੀ ਪਏ ਹਨ। ਬੱਚਿਆਂ ਨੂੰ ਯੋਗ ਅਧਿਆਪਕ ਦੇ ਕੇ ਸਰਕਾਰ ਆਪਣਾ ਫਰਜ਼ ਨਿਭਾਵੇ। ਅਜੇਹਾ ਹਾਲ ਹੀ ਬੀ.ਐਡ. ਪਾਸ ਅਧਿਆਪਕਾਂ ਦਾ ਕੀਤਾ ਹੋਇਆ ਹੈ ਉਸ ਨੂੰ ਦਰੁਸਤ ਕਰਨ ਦੀ ਲੋੜ ਹੈ।

## ਹੱਸਣਾ ਹੈ ਸਿਹਤ ਲਈ

ਇੱਕ ਵਾਰ ਇੱਕ ਸਕੂਲ ਵਿਚ ਫੁਟਬਾਲ ਦੇ ਮੈਚ ਖੇਡੇ ਜਾ ਰਹੇ ਸਨ। ਇੱਕ ਛੋਟਾ ਬਚਾ ਆਪਣੇ ਪਿਤਾ, ਜੋ ਉਸੇ ਸਕੂਲ ਵਿਚ ਹਿਸਾਬ ਦਾ ਵਿਸ਼ਾ ਪੜ੍ਹਾ ਰਹੇ ਸਨ, ਦੇ ਨਾਲ ਸਕੂਲ ਵਿਚ ਆਇਆ। ਉਸ ਨੇ ਚੱਲ ਰਹੇ ਫੁਟਬਾਲ ਮੈਚ ਨੂੰ ਦੇਖ ਆਪਣੇ ਪਿਤਾ ਨੂੰ ਪੁਛਿਆ ਕਿ ਡੈਡੀ ਜੀ ਇਹ ਕੀ ਕਰ ਰਹੇ ਹਨ। ਪਿਤਾ ਜੀ ਨੇ ਕਿਹਾ ਕਿ ਇਹ ਗੋਲ ਕਰਨ ਦਾ ਯਤਨ ਕਰ ਰਹੇ ਹਨ। ਪਰ ਡੈਡੀ ਜੀ ਇਹ ਤਾਂ ਪਹਿਲਾਂ ਹੀ ਗੋਲ ਹੈ। ਨਹੀਂ ਬੇਟਾ ਗੋਲ ਤਾਂ ਇਹ ਹੈ ਉਸ ਨੇ ਇੱਕ ਪਾਸੇ ਲੱਗੇ ਚੋਰਸ ਫਰੇਮ, ਜਿਸ ਨੂੰ ਗੋਲ ਕਿਹਾ ਜਾਂਦਾ ਹੈ, ਵਲ ਇਸ਼ਾਰਾ ਕਰ ਕੇ ਆਖਿਆ। ਪਰ ਬੱਚਾ ਬੋਲਿਆ ਪਿਤਾ ਜੀ ਇਹ ਤਾਂ ਆਇਤਾਕਾਰ ਹੈ ਗੋਲ ਨਹੀਂ ਹੈ। ਤੁਸੀਂ ਜਦੋਂ ਸ਼ੇਪਸ ਬਾਰੇ ਦਸਿਆ ਸੀ ਤਾਂ ਇਸ ਨੂੰ ਆਇਤਾਕਾਰ ਕਿਹਾ ਸੀ ਅੱਜ ਤੁਹਾਨੂੰ ਕੀ ਹੋ ਗਿਆ ਹੈ ਤੁਸੀਂ ਗੋਲ ਫੁਟਬਾਲ ਨੂੰ ਆਖਦੇ ਹੋ, ਇਹ ਗੋਲ ਨਹੀਂ ਤੇ ਇਸ ਨੂੰ ਖਿਡਾਰੀ ਗੋਲ ਕਰਨ ਦਾ ਯਤਨ ਕਰ ਰਹੇ ਹਨ ਅਤੇ ਜੋ ਆਇਤਾਕਾਰ ਦਸਿਆ ਸੀ ਉਸ ਨੂੰ ਆਖ ਰਹੇ ਹੋ ਇਹ ਗੋਲ ਹੈ। ਹਿਸਾਬ ਦਾ ਅਧਿਆਪਕ ਸੋਚਾਂ ਵਿਚ ਪੈ ਗਿਆ ਕਿ ਇਹ ਗੱਲ ਬਚੇ ਨੂੰ ਕਿਵੇਂ ਸਪਸ਼ਟ ਕੀਤੀ ਜਾਵੇ।

# ਸਰਾਭਾ ਕਿਥੇ ਰਹਿ ਗਿਆ

ਭਾਰਤ ਦੇਸ਼ 15 ਅਗਸਤ 1947 ਨੂੰ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਅਤੇ 26 ਜਨਵਰੀ 1950 ਨੂੰ ਗਣਤੰਤਰ ਬਣਿਆ ਅਰਥਾਤ ਇਸ ਦਿਨ ਤੋਂ ਆਪਣਾ ਸੰਵਿਧਾਨ ਲਾਗੂ ਹੋਇਆ ਸੀ। ਇਹ ਅਕਸਰ ਹੀ ਪੜ੍ਹਾਇਆ ਜਾਂਦਾ ਹੈ ਕਿ ਇਹ ਆਜ਼ਾਦੀ ਸਾਨੂੰ ਮਹਾਤਮਾ ਗਾਂਧੀ ਅਤੇ ਉਸ ਦੇ ਪੈਰੋਕਾਰਾਂ ਜਾਂ ਕਾਂਗਰਸ ਪਾਰਟੀ ਦੀਆਂ ਕਾਰਵਾਈਆਂ ਕਾਰਨ ਮਿਲੀ ਹੈ। ਆਜ਼ਾਦੀ ਵਾਲੇ ਦਿਨ ਸਕੂਲਾਂ ਦੇ ਅੰਦਰ ਇਹ ਗੀਤ ਸੁਣਾਇਆ ਜਾਂਦਾ ਸੀ ਕਿ :

**ਦੇ ਦੀ ਹਮੇਂ ਆਜ਼ਾਦੀ ਬਿਨਾ ਖੜਗ ਬਿਨਾ ਢਾਲ,**
**ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ,**
----------------------------------------,
**ਵਾਹ ਰੇ ਫਕੀਰ ਖ਼ੂਬ ਕਰਾਮਾਤ ਦਿਖਾਈ,**
**ਚੁਟਕੀ ਮੇਂ ਦੁਸ਼ਮਨੋਂ ਕੋ ਦੀਆ ਦੇਸ਼ ਸੇ ਨਿਕਾਲ,**
**ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ।**

ਕੀ ਆਜ਼ਾਦੀ ਸਾਨੂੰ ਅੰਗਰੇਜ਼ਾਂ ਨੇ ਚੁਟਕੀ ਵਿਚ ਦਿਤੀ ਸੀ। ਜਾਂ ਇਸ ਭਾਰਤ ਮਾਤਾ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਕਿਤਨੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਸਾਰੇ ਭਾਰਤਵਾਸੀਆਂ ਦੀਆਂ ਭਰਪੂਰ ਕੋਸ਼ਿਸ਼ਾਂ ਸਦਕਾ ਆਜ਼ਾਦੀ ਪ੍ਰਾਪਤ ਹੋਈ ਸੀ। ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਅਮਰੀਕਾ ਦੇ ਅੰਦਰ ਗ਼ਦਰ ਪਾਰਟੀ ਬਣੀ ਜਿਸ ਦੀਆਂ ਗਤੀਵਿਧੀਆਂ ਦਾ ਆਜ਼ਾਦੀ ਵਿਚ ਵੀ ਕੋਈ ਰੋਲ ਸੀ। ਅਮਰੀਕਾ ਵਿਚ ਹੀ ਗ਼ਦਰ ਪਾਰਟੀ ਵਲੋਂ ਕੀਤੀ ਗਈ ਯੁਗਾਂਤਰ ਆਸ਼ਰਮ ਦੀ ਸਥਾਪਨਾ, ਗਦਰ ਅਖਬਾਰ ਦੇ ਪ੍ਰਕਾਸ਼ਨ, ਇਕੱਠਾਂ ਨੂੰ ਕਰਨ ਲਈ ਗ਼ਦਰ ਪਾਰਟੀ ਦੇ ਯਤਨਾਂ, ਹਿੰਦੁਸਤਾਨ ਦੀ ਆਜ਼ਾਦੀ ਲਈ ਪੈਂਫਲਿਟ ਅਤੇ ਕਵਿਤਾਵਾਂ ਰਾਹੀਂ ਕੀਤੇ ਗਏ ਪ੍ਰਚਾਰ ਕੰਮਾਂ, ਹਥਿਆਰਬੰਦ ਘੋਲ ਰਾਹੀਂ ਹਿੰਦੁਸਤਾਨ ਵਿਚ ਇਨਕਲਾਬ ਲਈ ਬੰਦਿਆਂ ਦੀਆਂ ਟੋਲੀਆਂ ਭੇਜਣ ਅਤੇ ਹਿੰਦੁਸਤਾਨੀ ਫੌਜਾਂ ਨੂੰ ਆਪਣੇ ਪੱਖ ਵਿਚ ਕਰਨ ਹਿੱਤ ਕੀਤੀਆਂ ਕੋਸ਼ਿਸ਼ਾਂ ਦਾ ਵਰਨਣ ਆਜ਼ਾਦੀ ਦੇ ਘੋਲ ਵਿਚ ਨਹੀਂ ਹੈ। ਨੇਤਾ ਸੁਭਾਸ਼ ਚੰਦਰ ਬੋਸ ਦੀਆਂ ਕਾਰਵਾਈਆਂ ਦਾ ਵੇਰਵਾ ਛੁਟਿਆ ਕੇ ਦੱਸਿਆ ਗਿਆ ਹੈ। ਲਾਲਾ ਲਾਜਪਤ ਰਾਏ ਦੀ ਸ਼ਹੀਦੀ ਦਾ ਵਰਨਣ ਵੀ ਘੱਟ ਹੀ ਮਿਲਦਾ ਹੈ। ਬੱਬੂ ਮਾਨ ਵਲੋਂ ਗਾਇਆ ਇਹ ਗੀਤ ਸਚਾਈ ਨੂੰ ਪ੍ਰਗਟ ਕਰਦਾ ਹੈ ਉਸ ਦੀਆਂ ਸਤਰਾਂ ਹਨ :

**ਦਾਹਵਿਆ ਦੀ ਦੌੜ ਵਿਚ ਪੰਜਾਬ ਪਿੱਛੇ ਰਹਿ ਗਿਆ,**

**ਭਗਤ ਸਿੰਘ ਆ ਗਿਆ, ਸਰਾਭਾ ਕਿਥੇ ਰਹਿ ਗਿਆ,**
**ਸਾਰੀ ਆਜ਼ਾਦੀ ਕਲਾ ਗਾਂਧੀ ਤਾਂ ਨਹੀਂ ਲੈ ਗਿਆ,**
**ਗਦਰੀ ਬਾਬਿਆਂ ਦਾ ਕਿਵੇਂ ਗਦਰ ਭੁਲਾਵਾਂ ਮੈਂ**
**ਝੂਠੇ ਇਤਿਹਾਸ ਉਤੇ... ...**

ਸਰਦਾਰ ਅਜਮੇਰ ਸਿੰਘ ਪ੍ਰਸਿੱਧ ਇਤਿਹਾਸਕਾਰ ਨੇ ਉਪਰੋਕਤ ਸਤਰਾਂ ਦਾ ਹਵਾਲਾ ਆਪਣੇ ਪੰਜਾਬੀ ਯੂਨੀਵਰਸਿਟੀ ਦੇ ਭਾਸ਼ਣ ਸਮੇਂ ਦਿੱਤਾ ਸੀ ਕਿ ਬੱਬੂ ਮਾਨ ਨੇ ਇਸ ਗੀਤ ਵਿਚ ਦੱਸਿਆ ਹੈ ਕਿ ਭਗਤ ਸਿੰਘ ਨੂੰ ਅਸੀਂ ਜਾਣਦੇ ਹਾਂ ਪਰ ਅਸੀਂ ਸਰਾਭੇ ਨੂੰ ਪਿੱਛੇ ਛੱਡ ਆਏ ਹਾਂ। ਉਨ੍ਹਾਂ ਨੇ ਦੱਸਿਆ ਕੇ ਭਗਤ ਸਿੰਘ ਉਪਰ ਤਾਂ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਜਾ ਚੁਕੀਆਂ ਹਨ ਅਤੇ ਕਾਫੀ ਫ਼ਿਲਮਾਂ ਵੀ ਮਿਲਦੀਆਂ ਹਨ ਪਰੰਤੂ ਅਸੀਂ ਸਰਾਭੇ ਦੇ ਬਾਰੇ ਨਾ ਹੀ ਕੋਈ ਪੁਸਤਕ ਦੇਖੀ ਹੈ ਅਤੇ ਨਾ ਹੀ ਕੋਈ ਫਿਲਮ ਸਰਦਾਰ ਕਰਤਾਰ ਸਿੰਘ ਸਰਾਭੇ ਬਾਰੇ ਬਣਾਈ ਗਈ ਹੈ। ਇਹ ਕੰਮ ਚੇਤਨ ਤੌਰ 'ਤੇ ਹੋਇਆ ਹੈ ਜਾਂ ਅਚੇਤ, ਇਹ ਇੱਕ ਵੱਡਾ ਸਵਾਲ ਹੈ। ਜਿਸ ਦਾ ਉਤਰ ਲੱਭਣ ਦਾ ਯਤਨ ਕੀਤਾ ਜਾਣਾ ਬਣਦਾ ਹੈ ਅਤੇ ਨਿੱਠ ਬੈਠ ਕੇ ਇਸ ਵਿਸ਼ੇ ਤੇ ਸੋਚਣ ਦੀ ਲੋੜ ਹੈ।

ਸਰ੍ਹਾਭਾ ਜ਼ਿਲਾ ਲੁਧਿਆਣਾ ਅੰਦਰ ਸਰਦਾਰ ਮੰਗਲ ਸਿੰਘ ਅਤੇ ਸਰਦਾਰਨੀ ਸਾਹਿਬ ਕੌਰ ਦੀ ਕੁੱਖ ਵਿਚੋਂ 24 ਮਈ 1896 ਨੂੰ ਪੈਦਾ ਹੋਇਆ ਬਾਲ ਕਰਤਾਰ ਸਿੰਘ, ਆਜ਼ਾਦੀ ਦੀ ਲੜਾਈ ਦਾ ਇੱਕ ਥੰਮ੍ਹ ਸੀ। ਇਸ ਬਾਲ ਦੇ ਮਾਤਾ ਪਿਤਾ ਛੋਟੀ ਉਮਰੇ ਹੀ ਇਸ ਨੂੰ ਇੱਕਲਾ ਛੱਡ ਦੁਨੀਆ ਤੋਂ ਕੂਚ ਕਰ ਗਏ ਸਨ। ਇਸ ਦੀ ਦੇਖ ਭਾਲ ਅਤੇ ਪੜ੍ਹਾਈ ਆਦਿ ਦਾ ਭਾਰ ਦਾਦਾ ਬਚਨ ਸਿੰਘ ਨੇ ਆਪਣੇ ਮੋਢਿਆਂ ਉਪਰ ਚੁੱਕਿਆ ਸੀ। ਉਹ ਇਸ ਬਾਲਕ ਨੂੰ ਉਚਾ ਅਫਸਰ ਬਣਿਆ ਵੇਖਣਾ ਚਾਹੁੰਦੇ ਸਨ, ਇਸ ਲਈ ਇਸ ਦੀ ਪੜ੍ਹਾਈ ਵਲ ਧਿਆਨ ਦਿੱਤਾ ਗਿਆ। ਮੁਢਲੀ ਪੜ੍ਹਾਈ ਸਰ੍ਹਾਭੇ ਨੇ ਆਪਣੇ ਪਿੰਡ ਦੇ ਸਕੂਲ ਵਿਚ ਹੀ ਕੀਤੀ। ਅੱਠਵੀਂ ਅਤੇ ਨੌਵੀਂ ਕਲਾਸ ਮਾਲਵਾ ਖਾਲਸਾ ਸਕੂਲ ਲੁਧਿਆਣਾ ਤੋਂ ਕੀਤੀ। ਬਾਅਦ ਵਿਚ ਸਰਾਭੇ ਨੂੰ ਉੜੀਸਾ ਵਿਖੇ ਆਪਣੇ ਚਾਚੇ ਕੋਲ ਭੇਜ ਦਿੱਤਾ ਜਿਥੇ ਰਹਿ ਉਸ ਨੇ ਦਸਵੀਂ ਪਾਸ ਕੀਤੀ ਸੀ। 1912 ਵਿਚ ਉਚੇਰੀ ਵਿਦਿਆ ਲਈ ਅਮਰੀਕਾ ਵਿਚ ਭੇਜ ਦਿੱਤਾ ਗਿਆ ਉਥੇ ਜਾ ਕੇ ਸਾਨਫਰਾਂਸਿਸਕੋ ਵਿਖੇ ਬਰਕਲੇ ਯੂਨੀਵਰਸਿਟੀ ਵਿਚ ਕਮਿਸਟਰੀ ਦੀ ਪੜ੍ਹਾਈ ਵਿਚ ਰੁਝ ਗਏ।

ਤੇਜ਼ ਬੁਧੀ ਬੁਲੰਦ ਹੌਸਲੇ ਅਤੇ ਦ੍ਰਿੜ੍ਹ ਇਰਾਦੇ ਵਾਲਾ ਸਰਾਭਾ ਇੱਕ ਨਿੱਡਰ ਨੌਜੁਆਨ ਸੀ। ਇਤਿਹਾਸ ਵਿਚ ਵਰਨਣ ਮਿਲਦਾ ਹੈ ਕਿ ਇੱਕ ਵਾਰ ਬਰਕਲੇ ਯੂਨੀਵਰਸਿਟੀ ਵਿਚ ਪੜ੍ਹਦੇ ਸਮੇਂ ਸਰਾਭੇ ਦੀ ਬਾਂਹ ਉਪਰ ਸੱਟ ਲੱਗਣ ਨਾਲ ਜ਼ਖਮ ਹੋ ਗਿਆ ਉਸ ਉਪਰ ਪੱਟੀ ਕਰਵਾਉਣ ਲਈ ਡਾਕਟਰ ਕੋਲ ਗਏ, ਉਥੇ ਉਨ੍ਹਾਂ ਦਾ ਇਲਾਜ ਕਰਨ ਵਾਲੇ ਡਾਕਟਰ ਪਰਮਾ ਨੰਦ ਲਾਹੌਰ, ਜੋ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਸੀ, ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਆਪਣੇ ਮਨ ਦੀਆਂ ਗੱਲਾਂ ਉਸ ਨਾਲ ਕੀਤੀਆਂ ਕਿ ਅੰਗਰੇਜ਼ਾਂ ਵਲੋਂ ਭਾਰਤੀਆਂ ਨਾਲ ਕਿਸ ਤਰ੍ਹਾਂ ਗੁਲਾਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਉਸ ਗੁਲਾਮੀ ਤੋਂ ਭਾਰਤ ਮਾਂ ਨੂੰ ਆਜ਼ਾਦ ਕੀਤਾ ਜਾਣਾ ਲੋੜੀਦਾ ਹੈ ਅਤੇ ਉਸ ਡਾਕਟਰ ਤੋਂ ਹੱਲ ਪੁੱਛਿਆ ਤਾਂ ਉਸ ਨੇ ਕਿਹਾ ਕਿ ਤੂੰ ਗੁਰੂ ਗੋਬਿੰਦ ਸਿੰਘ ਦਾ ਸਿੱਖ ਹੈਂ ਤੇ ਤੈਨੂੰ ਪਤਾ ਹੋਣਾ ਚਾਹੀਦਾ

ਹੈ ਕਿ ਕਿਵੇਂ ਗੁਰੂ ਸਾਹਿਬ ਨੇ ਆਪਣਾ ਪਰਿਵਾਰ ਕੁਰਬਾਨ ਕਰ ਦਿੱਤਾ ਸੀ ਅਤੇ ਗ਼ੁਲਾਮੀ ਤੋਂ ਆਜ਼ਾਦੀ ਵਲ ਜਾਣ ਲਈ ਕੁਰਬਾਨੀ ਦੇਣ ਦੀ ਲੋੜ ਹੈ। ਉਸ ਲਈ ਆਪਣੇ ਆਪ ਨੂੰ ਤਿਆਰ ਕਰ। ਇਸ ਗੱਲਬਾਤ ਤੋਂ ਪ੍ਰਭਾਵਿਤ ਹੋ ਉਹ ਇਸ ਰਾਹ ਵਲ ਮੁੜ ਪਿਆ। ਉਸ ਦਾ ਸੰਪਰਕ ਆਪਣੇ ਪਿੰਡ ਦੇ ਰੁਲੀਆ ਸਿੰਘ ਨਾਲ ਹੋਇਆ ਜਿਹੜਾ ਪਹਿਲਾਂ ਹੀ ਇਸ ਰਾਹ ਤੇ ਕਦਮ ਵਧ ਰਿਹਾ ਸੀ ਅਤੇ ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਪ੍ਰਿਥੀ ਸਿੰਘ ਅਤੇ ਲਾਲਾ ਹਰਦਿਆਲ ਵਰਗੇ ਗਦਰੀਆਂ ਨਾਲ ਕਦਮ ਨਾਲ ਕਦਮ ਮਿਲਾ ਕੇ ਚਲ ਰਿਹਾ ਸੀ। ਕਰਤਾਰ ਸਿੰਘ ਸਰਾਭਾ ਅਕਸਰ ਕਿਹਾ ਕਰਦੇ ਸਨ :

**ਸੇਵਾ ਕਰਨੀ ਜਿੰਦੜੀਏ ਬੜੀ ਔਖੀ,**
**ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ।**
**ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,**
**ਉਨ੍ਹਾਂ ਲਖ ਮੁਸੀਬਤਾਂ ਝੱਲੀਆਂ ਨੇ।**

ਕਰਤਾਰ ਸਿੰਘ ਸਰਾਭਾ ਦੇ ਇਰਾਦੇ ਅਤੇ ਤੇਜ਼ ਤਰਾਰ ਸੁਭਾਅ ਨੂੰ ਦੇਖ ਗਦਰੀਆਂ ਨੇ ਉਸ ਨੂੰ 'ਗਦਰ ਦੀ ਗੂੰਜ' ਦੀ ਸਾਰੀ ਜ਼ਿਮੇਵਾਰੀ ਸੌਂਪ ਦਿੱਤੀ। ਜਿਸ ਜ਼ਿਮੇਵਾਰੀ ਨੂੰ ਉਨ੍ਹਾਂ ਨੇ ਆਪਣੀ ਪ੍ਰਤਿਭਾ ਨਾਲ ਖੂਬ ਨਿਭਾਇਆ। ਜਦੋਂ ਗ਼ਦਰ ਪਾਰਟੀ ਵਲੋਂ ਇਹ ਫੈਸਲਾ ਲਿਆ ਗਿਆ ਕਿ ਹਿੰਦੁਸਤਾਨ ਜਾ ਕੇ ਕੰਮ ਕਰਨ ਦੀ ਲੋੜ ਹੈ ਤੇ ਉਥੇ ਸਾਨੂੰ ਹਵਾਈ ਜਹਾਜ਼ਾਂ ਦੀ ਲੋੜ ਪੈ ਸਕਦੀ ਹੈ ਇਸ ਲਈ ਹਵਾਈ ਜਹਾਜ਼ਾਂ ਸਬੰਧੀ ਸਿਖਲਾਈ ਦੀ ਲੋੜ ਹੈ ਤਾਂ ਕਰਤਾਰ ਸਿੰਘ ਸਰਾਭੇ ਨੂੰ ਉਹ ਸਿਖਲਾਈ ਲੈਣ ਲਈ ਭੇਜਿਆ ਗਿਆ ਜਿਥੇ ਉਹ ਕੁਝ ਹਫਤਿਆਂ ਵਿਚ ਹੀ ਸਿਖਲਾਈ ਪ੍ਰਾਪਤ ਕਰ ਵਾਪਸ ਆ ਕੇ ਹਿੰਦੁਸਤਾਨ ਵਿਚ ਆਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਿਆ ਸੀ।

ਪਹਿਲੇ ਵਿਸ਼ਵ ਮਹਾਂ ਯੁੱਧ ਦੇ ਮੰਡਰਾਉਂਦੇ ਬੱਦਲਾਂ ਨੂੰ ਦੇਖ ਬਸਤੀਵਾਦੀ ਦੇਸ਼ਾਂ ਨੇ ਸਾਰੀ ਦੁਨੀਆ ਨੂੰ ਇਸ ਦੇ ਅੰਦਰ ਸਮੇਟ ਲਿਆ ਸੀ। ਜਦੋਂ 1914 ਵਿਚ ਜੰਗ ਨੇ ਆਪਣਾ ਵਿਰਾਟ ਰੂਪ ਪ੍ਰਗਟ ਕੀਤਾ ਤਾਂ ਗਦਰੀ ਬਾਬਿਆਂ ਨੇ ਅਤੇ ਹੋਰ ਅਮਰੀਕਾ ਅੰਦਰ ਇਨਕਲਾਬੀਆਂ ਨੇ ਇਹ ਮਹਿਸੂਸ ਕੀਤਾ ਕੇ ਹੁਣ ਆਜ਼ਾਦੀ ਪ੍ਰਾਪਤੀ ਦਾ ਅਸਲੀ ਮੌਕਾ ਹੈ ਕਿਉਂ ਜੋ ਅੰਗਰੇਜ਼ ਲੜਾਈ ਵਿਚ ਉਲਝ ਚੁੱਕੇ ਹਨ। ਇਸ ਫੈਸਲੇ ਨੂੰ ਅੰਤਮ ਰੂਪ ਦੇਣ ਲਈ ਗਦਰ ਪਾਰਟੀ ਦੇ ਮੈਂਬਰਾਂ ਨੇ ਆਪਣੇ ਪਿਆਰੇ ਵਤਨ ਵਲ ਚਲੇ ਪਾ ਦਿਤੇ। ਸਰਦਾਰ ਕਰਤਾਰ ਸਿੰਘ ਸਰਾਭਾ ਕੋਲੰਬੋ ਬੰਦਰਗਾਹ ਰਾਹੀਂ ਪੰਜਾਬ ਪੁੱਜਣ ਵਿਚ ਸਫਲ ਹੋ ਗਿਆ ਭਾਵੇਂ ਬਹੁਤ ਸਾਰੇ ਗਦਰੀ ਭਾਰਤ ਪੁੱਜਣ ਤੋਂ ਪਹਿਲਾਂ ਰਸਤੇ ਵਿਚ ਹੀ ਫੜ ਲਏ ਗਏ ਸਨ। ਉਥੇ ਪੁੱਜ ਉਸ ਨੇ ਰਾਸ ਬਿਹਾਰੀ ਬੋਸ ਅਤੇ ਹੋਰ ਆਜ਼ਾਦੀ ਸੰਗਰਾਮੀਆਂ ਨਾਲ ਸੰਪਰਕ ਸਾਧ ਲਿਆ ਅਤੇ ਬਗਾਵਤ ਦਾ ਬਿਗਲ ਵਜਾਉਣ ਦਾ ਫੈਸਲਾ ਲੈ ਲਿਆ। ਰੁਪੈ ਪੈਸੇ ਦੀ ਘਾਟ ਨੂੰ ਪੂਰਾ ਕਰਨ ਲਈ ਵੱਖ ਵੱਖ ਥਾਵਾਂ ਤੇ ਡਾਕੇ ਮਾਰਨ ਦੀ ਯੋਜਨਾ ਬਣਾਈ ਗਈ। ਇਸ ਵਿਚ ਸਰਕਾਰੀ ਖ਼ਜ਼ਾਨੇ, ਡਾਕਖਾਨੇ ਜਾਂ ਅੰਗਰੇਜ਼ਾਂ ਅਤੇ ਅਮੀਰ ਲੋਕਾਂ ਨੂੰ ਲੁੱਟਣ ਦੀਆਂ ਸਕੀਮਾਂ ਬਣਾਈਆਂ ਗਈਆਂ। ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ ਇਕ ਟੀਮ ਦਾ ਮੁਖੀ ਕਰਤਾਰ ਸਿੰਘ ਸਰਾਭਾ ਨੂੰ ਬਣਾਇਆ ਗਿਆ।

ਇੱਕ ਵਾਰ ਕਰਤਾਰ ਸਿੰਘ ਸਰਾਭੇ ਦੀ ਟੀਮ ਨੇ ਇੱਕ ਘਰ ਡਾਕਾ ਮਾਰਿਆ ਤਾਂ

ਟੀਮ ਦੇ ਇੱਕ ਮੈਂਬਰ ਨੇ ਘਰ ਦੀ ਇਕ ਜੁਆਨ ਲੜਕੀ ਦਾ ਹੱਥ ਗਲਤ ਨੀਅਤ ਨਾਲ ਫੜ ਲਿਆ। ਲੜਕੀ ਵਲੋਂ ਰੌਲਾ ਪਾ ਦੇਣ ਤੇ ਕਰਤਾਰ ਸਿੰਘ ਝੱਟ ਵਿਚ ਹੀ ਉਥੇ ਆ ਗਿਆ ਤੇ ਉਸ ਨੇ ਆਪਣਾ ਪਿਸਤੌਲ ਉਸ ਗਲਤ ਕੰਮ ਕਰਨ ਵਾਲੇ ਉਪਰ ਤਾਣ ਲਿਆ ਅਤੇ ਉਸ ਤੋਂ ਲੜਕੀ ਕੋਲੋਂ ਮੁਆਫੀ ਮੰਗਵਾਈ। ਜਦੋਂ ਇਹ ਵਰਤਾਰਾ ਲੜਕੀ ਦੀ ਮਾਂ ਵਲੋਂ ਡਿੱਠਾ ਗਿਆ ਤਾਂ ਉਸ ਉਪਰ ਕਾਫੀ ਅਸਰ ਹੋਇਆ ਤਾਂ ਉਸ ਨੇ ਕਰਤਾਰ ਸਿੰਘ ਤੋਂ ਡਾਕਾ ਮਾਰਨ ਦਾ ਕਾਰਨ ਪੁੱਛਿਆ। ਅਸਲ ਕਾਰਨ ਪਤਾ ਲੱਗ ਜਾਣ ਤੋਂ ਬਾਅਦ ਉਸ ਔਰਤ ਨੇ ਥੋੜ੍ਹੇ ਜਿਹੇ ਪੈਸੇ ਤੇ ਗਹਿਣੇ ਰੱਖ ਲੈਣ ਤੋਂ ਬਾਅਦ ਸਾਰਾ ਕੁਝ ਉਨ੍ਹਾਂ ਨੂੰ ਸੌਂਪ ਦਿੱਤਾ । ਇਹ ਘਟਨਾ ਸਪੱਸ਼ਟ ਕਰਦੀ ਹੈ ਕਰਤਾਰ ਸਿੰਘ ਸਰਾਭਾ ਨੌਜੁਆਨ ਹੋਣ ਦੇ ਬਾਵਜੂਦ ਕਿਤਨੇ ਉਚੇ ਸੁਚੇ ਇਖਲਾਕ ਦਾ ਮਾਲਕ ਸੀ। ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਕਰਤਾਰ ਸਿੰਘ ਸਰਾਭੇ ਵਲੋਂ ਬਹੁਤ ਨੱਠ ਭੱਜ ਕੀਤੀ ਗਈ ਸੀ। ਅਖੀਰ ਬਗਾਵਤ ਕਰਨ ਦਾ ਦਿਨ 21 ਫਰਵਰੀ 1915 ਮਿਥ ਲਿਆ ਗਿਆ ਪਰ ਇਸ ਭੇਦ ਦੇ ਖੁਲ੍ਹ ਜਾਣ ਕਾਰਨ ਮਿਤੀ ਤਬਦੀਲ ਕਰ ਲਈ ਗਈ ਅਤੇ 19 ਫਰਵਰੀ 1915 ਕਰ ਲਈ ਗਈ। ਪਰੰਤੂ ਇਸ ਦਾ ਭੇਦ ਵੀ ਖੁਲ੍ਹ ਗਿਆ ਅਤੇ ਸਰਕਾਰ ਵਲੋਂ ਬਹੁਤ ਸਾਰੇ ਕ੍ਰਾਂਤੀ ਕਰਨ ਵਾਲਿਆਂ ਨੂੰ ਹਥਿਆਰਾਂ ਸਮੇਤ ਫੜ ਲਿਆ ਗਿਆ। ਫੌਜੀ ਜੋ ਇਨ੍ਹਾਂ ਦਾ ਸਾਥ ਦੇਣ ਲਈ ਤਿਆਰ ਹੋਏ ਸਨ, ਤੋਂ ਹਥਿਆਰ ਲੈ ਕੇ ਉਨ੍ਹਾਂ ਨੂੰ ਨਿਹੱਥੇ ਕਰ ਦਿਤਾ ਗਿਆ, ਪਰੰਤੂ ਦੇਸ਼ ਦੀ ਆਜ਼ਾਦੀ ਦੀ ਲੜਾਈ ਤਾਂ ਹਾਲੇ ਚਲ ਰਹੀ ਸੀ। ਗੰਡਾ ਸਿੰਘ ਵਲੋਂ ਧੋਖਾ ਕੀਤਾ ਗਿਆ ਅਤੇ 2 ਮਾਰਚ 1915 ਨੂੰ ਕਰਤਾਰ ਸਿੰਘ ਸਰਾਭੇ ਅਤੇ ਉਸ ਦੇ ਸਾਥੀਆਂ ਸਮੇਤ ਸਰਗੋਧੇ ਵਿਖੇ ਜੋ ਅੱਜ ਕਲ ਪਾਕਿਸਤਾਨ ਵਿਚ ਹੈ, ਨੂੰ ਆਪਣੇ ਫਾਰਮ ਤੇ ਬੁਲਾ ਕੇ ਗ੍ਰਿਫਤਾਰ ਕਰਵਾ ਦਿਤਾ ਸੀ। ਸਰਾਭੇ ਉਪਰ ਉਸ ਦੇ ਸਾਥੀਆਂ ਸਮੇਤ ਮੁਕਦਮਾ ਲਾਹੌਰ ਜੇਲ੍ਹ ਵਿਚ ਚਲਾਇਆ ਗਿਆ ਜਿਥੇ ਜੱਜ ਨੇ ਸਰਾਭਾ ਅਤੇ ਉਸ ਦੇ ਛੇ ਸਾਥੀਆਂ ਨੂੰ ਜਾਇਦਾਦ ਕੁਰਕੀ ਅਤੇ ਫਾਂਸੀ ਦੀ ਸਜ਼ਾ ਸੁਣਾਈ। ਛੇ ਸਾਥੀ ਸਨ 1. ਭਾਈ ਸੁਰੈਣ ਸਿੰਘ ਪੁੱਤਰ ਬੂੜ ਸਿੰਘ, 2. ਭਾਈ ਜਗਤ ਸਿੰਘ, 3. ਭਾਈ ਬਖ਼ਸ਼ਿਸ਼ ਸਿੰਘ, 4. ਭਾਈ ਹਰਨਾਮ ਸਿੰਘ, 5. ਸ਼੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਅਤੇ 6. ਭਾਈ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ। ਮੌਕੇ ਦੀ ਜ਼ਾਲਮ ਸਰਕਾਰ ਨੇ ਕਰਤਾਰ ਸਿੰਘ ਸਰਾਭੇ ਅਤੇ ਉਪਰੋਕਤ ਦਰਜ ਛੇਆਂ ਸਾਥੀਆਂ ਨੂੰ 16 ਨਵੰਬਰ 1915 ਨੂੰ ਫਾਂਸੀ ਉਪਰ ਚੜ੍ਹਾ ਦਿਤਾ ਗਿਆ। ਇਹ ਸਾਰੇ ਆਪਣੇ ਅੰਦਰ ਆਜ਼ਾਦੀ ਦੇ ਸੁਪਨੇ ਲੈ ਕੇ ਖੁਸ਼ੀ ਖੁਸ਼ੀ ਫਾਂਸੀ ਚੜ ਗਏ ਸਨ। ਇਸ ਮਹਾਨ ਯੋਧੇ ਨੂੰ ਯਾਦ ਕਰ ਸਿਰ ਸ਼ਰਧਾ ਨਾਲ ਝੁਕਦਾ ਹੈ।

ਸੰਤ ਰਾਮ ਉਦਾਸੀ ਦਾ ਲਿਖੀਆਂ ਹੋਈਆਂ ਇਹ ਸਤਰਾਂ ਉਨ੍ਹਾਂ ਆਜ਼ਾਦੀ ਘੁਲਾਟੀਆਂ ਦੀਆਂ ਸੱਧਰਾਂ ਦਾ ਪ੍ਰਤੀਕ ਹਨ:

**ਐਵੇਂ ਭਰਮ ਹੈ ਸਾਡੇ ਕਾਤਲਾਂ ਨੂੰ,**
**ਕਿ ਅਸੀਂ ਹੋਵਾਂਗੇ ਦੋ ਜਾਨ ਚਾਰ ਬਾਪੂ।**
**ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ,**
**ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।**
**ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,**

**ਵੇਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।**
**ਨਰਮ ਦੋਖਿਆਂ ਦੇ ਸੂਹੇ ਪਿੰਡਿਆਂ ਨੂੰ,**
**ਅਸੀਂ ਲੁੱਟ ਦਾ ਤਾਪ ਨਹੀਂ ਚੜ੍ਹਨ ਦੇਣਾ।**

ਇਸ ਲਈ ਇਹ ਯਾਦ ਰੱਖਣ ਦੀ ਲੋੜ ਹੈ ਕਿ ਆਜ਼ਾਦੀ ਬਹੁਤ ਸਾਰੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਪ੍ਰਾਪਤ ਹੋਈ ਹੈ। ਇਹ ਦੱਸਿਆ ਜਾਂਦਾ ਹੈ ਫਾਂਸੀ ਲੱਗਣ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਨੇ ਇੱਕ ਕਵਿਤਾ ਲਿਖੀ ਜੋ ਦੇਸ਼ ਵਾਸੀਆਂ ਦੇ ਨਾਂ ਸੀ ਅਤੇ ਉਸ ਦੇ ਬੋਲ ਇਸ ਤਰ੍ਹਾਂ ਹਨ:

**ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ,**
**ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।**
**ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ,**
**ਸਾਨੂੰ ਵੇਖ ਕੇ ਨਾ ਘਬਰਾ ਜਾਣਾ।**

# ਸਰਕਾਰੇ ਖਾਲਸਾ ਅਤੇ ਧਰਮ ਨਿਰਪੇਖ ਰਾਜ

ਸਮਾਂ ਨਿਰੰਤਰ ਚਲਦਾ ਰਹਿੰਦਾ ਹੈ ਇਸ ਸਮੇਂ ਨੂੰ ਤਿਨ ਹਿਸਿਆਂ ਵਿਚ ਵੰਡ ਦਿਤਾ ਗਿਆ ਹੈ। ਅਓਨ ਵਾਲਾ ਸਮਾਂ ਜਾਂ ਭਵਿਖਤ ਕਾਲ ,ਚਲ ਰਿਹਾ ਸਮਾਂ ਜਾਂ ਵਰਤਮਾਨ ਕਾਲ ,ਬੀਤ ਚੁਕਾ ਸਮਾਂ ਜਾਂ ਭੂਤ ਕਾਲ ।ਭੂਤ ਕਾਲ ਇਤਿਹਾਸ ਬਣ ਜਾਂਦਾ ਹੈ ਅਤੇ ਜਦੋਂ ਇਤਿਹਾਸ ਨੂੰ ਫਰੋਲਿਆ ਜਾਂਦਾ ਹੈ ਤਾਂ ਇਸ ਦੀ ਹਰ ਪਰਤ ਵਖਰੀ ਕਹਾਣੀ ਬਿਆਨ ਕਰਦੀ ਹੈ। ਜੇ ਕਰ ਪੰਜਾਬ ਦੇ ਇਤਿਹਾਸ ਉਪਰ ਨਜ਼ਰ ਦੌੜਾਈ ਜਾਵੇ ਤਾਂ ਪਤਾ ਲਗਦਾ ਹੈ ਕੇ ਇਸ ਦੀ ਧਰਤੀ ਤੇ ਇਕ ਮਹਾਂਬਲੀ ਪੈਦਾ ਹੋਇਆ ਸੀ ਜਿਸ ਨੇ ਇਸ ਉਪਰ ਰਾਜ ਕੀਤਾ ਅਤੇ ਇਸ ਸਮੇਂ ਦੀਆਂ ਕਹਾਣੀਆ ਪ੍ਰਚਲਿਤ ਹਨ।

ਸ਼ਾਹ ਮੁਹਮੰਦ ਨੇ ਇਸ ਮਹਾਂਬਲੀ ਬਾਰੇ ਇਸ ਤਰਾਂ ਵਰਣਨ ਕੀਤਾ ਹੈ ਕਿ

**ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,**
**ਨਾਲ ਜੋਰ ਦੇ ਮੁਲਕ ਹਿਲਾਏ ਗਿਆ।**

---------

**ਸ਼ਾਹ ਮੁਹਮੰਦਾ ਜਾਣ ਪਚਾਸ ਬਰਸਾਂ,**
**ਅਛਾ ਰਜ ਕੇ ਰਾਜ ਕਮਾਏ ਗਿਆ।**

ਅਤੇ ਇਕ ਵਾਰ ਇਸ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਕਾਲ ਪੈ ਗਿਆ, ਦਰਬਾਰੀਆਂ ਨੂੰ ਰਾਸ਼ਨ ਵੰਡ ਦੇਣ ਦਾ ਹੁਕਮ ਦਿਤਾ ਗਿਆ। ਮਹਾਰਾਜਾ ਆਪ ਭੇਸ ਬਦਲ ਕੇ ਆਮ ਜਨਤਾ ਵਿਚ ਜਾਇਆ ਕਰਦਾ ਸੀ। ਇਕ ਵਾਰ ਉਸ ਨੇ ਦੇਖਿਆ ਕੇ ਇਕ ਬੁਢ?ਾ ਆਦਮੀ ਦਾਨਿਆ ਦੀ ਬੋਰੀ ਕੋਲ ਲਾਚਾਰ ਬੇਠਾ ਹੈ ਪੁਛਣ ਤੇ ਪਤਾ ਲਗਾ ਕੇ ਘਰ ਦੂਰ ਹੈ ਅਤੇ ਦਾਨਿਆ ਦੀ ਬੋਰੀ ਭਾਰੀ ਹੈ ਅਤੇ ਉਸ ਬਜੁਰਗ ਤੋਂ ਚੁਕੀ ਨਹੀਂ ਜਾ ਰਹੀ। ਆਮ ਆਦਮੀ ਦੇ ਭੇਸ ਵਿਚ ਮਹਾਰਾਜੇ ਨੇ ਬੋਰੀ ਚੁਕੀ ਅਤੇ ਉਸ ਬਜੁਰਗ ਦੇ ਘਰ ਛਡ ਆਇਆ ਅਤੇ ਉਸ ਤੋਂ ਅਸੀਸਾਂ ਪ੍ਰਾਪਤ ਕੀਤੀਆਂ।

ਇਕ ਹੋਰ ਘਟਨਾ ਵਿਚ ਜਦੋਂ ਮਹਾਰਾਜਾ ਸਾਹਿਬ ਦੀ ਸਵਾਰੀ ਲੰਘ ਰਹੀ ਸੀ ਤਾਂ ਇਕ ਬੁਢੀ ਔਰਤ ਜਿਸ ਕੋਲ ਕਲਾ ਤਵਾ ਸੀ ਜਲੂਸ ਵਲ ਭਜੀ ਭਜੀ ਆਈ। ਅਹਿਲਕਾਰਾਂ ਨੇ ਉਸ ਨੂੰ ਫੜ ਲਿਆ ਤੇ ਕਾਰਣ ਪੁਛਿਆ ਤਾਂ ਉਸ ਦਸਿਆ ਕੇ ਮੈਨੂੰ ਪਤਾ ਹੈ ਕੇ ਮਹਾਰਾਜਾ ਪਾਰਸ ਹੈ ਅਤੇ ਪਾਰਸ ਨਾਲ ਛੂਹ ਕੇ ਲੋਹਾ ਵੀ ਸੋਣਾ ਬਣ ਜਾਂਦਾ ਹੈ ਇਸ ਲਈ ਮੈਂ ਤਵਾ ਸੋਨੇ ਦਾ ਬਣਾ ਲੈਣਾ ਚਾਹੁੰਦੀ ਹਾਂ ਤਾਂ ਮਹਾਰਾਜੇ ਨੇ ਉਸ ਔਰਤ ਨੂੰ ਤਵੇ ਜਿਤਨੇ ਸੋਣਾ ਰਾਜ ਦਰਬਾਰ ਵਿਚੋਂ ਦਿਤਾ ਅਤੇ ਅਸੀਸ ਪ੍ਰਾਪਤ ਕੀਤੀ।

ਇਤਿਹਾਸ ਵਿਚ ਇਹ ਵੀ ਹੈ ਕੇ ਲੜਕੀਆਂ ਨੂੰ ਜਨਮ ਸਮੇਂ ਹੀ ਮਾਰ ਦਿਤਾ ਜਾਂਦਾ

ਸੀ ਅਤੇ ਕਿਹਾ ਜਾਂਦਾ ਹੈ ਇਕ ਲੜਕੀ ਦੇ ਜਨਮ ਤੋਂ ਬਾਦ ਉਸ ਨੂੰ ਗੁੜ ਦੀ ਡਲੀ ਅਤੇ ਪੂਨੇ ਰਖ ਕੇ ਕੂਜੇ ਵਿਚ ਪਾ ਕੇ ਦਬ ਦਿਤਾ ਜਾਂਦਾ ਸੀ ਅਤੇ ਇਹ ਕਿਹਾ ਜਾਂਦਾ ਸੀ ਕੇ

**ਗੁੜ ਖਾਈ ਪੂਣੀ ਕਤੀ ਆਪ ਨਾ ਆਈ ਵੀਰੇ ਨੂੰ ਘਤੀ?**

ਜਦੋਂ ਘਰ ਵਿਚ ਲੜਕੀ ਦਾ ਜਨਮ ਹੋਇਆ ਤਾਂ ਉਸ ਨੂੰ ਕੂਜੇ ਵਿਚ ਪਾ ਕੇ ਧਰਤੀ ਵਿਚ ਦਬਾ ਦਿਤਾ ਗਿਆ ਕਿਹਾ ਜਾਂਦਾ ਹੈ ਕੇ ਉਸ ਰਸਤੇ ਤੋਂ ਇਕ ਮਹਾਂਪੁਰਸ਼ ਲੰਘੇ ਤਾਂ ਉਨ੍ਹਾ ਨੇ ਬਚੇ ਦੇ ਰੋਣ ਦੀ ਅਵਾਜ਼ ਸੁਨੀ ਤਾਂ ਧਰਤੀ ਵਿਚੋਂ ਕੂਜਾ ਕਢਵਾਇਆ ਗਿਆ ਤਾਂ ਪਤਾ ਲਗਾ ਕੇ ਲੜਕੀ ਜ਼ਿੰਦਾ ਸੀ ਓਹ ਲੜਕੀ ਹੋਰ ਕੋਈ ਨਹੀਂ ਸੀ ਰਾਜ ਕੌਰ ਹੀ ਸੀ ਜਿਸ ਦੀ ਸੁਲੱਖਣੀ ਕੁਖ ਵਿਚੋਂ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ ਸੀ। ਅੰਦਾਜ਼ਾ ਲਾਇਆ ਜਾ ਸਕਦਾ ਹੈ ਜੇ ਕਰ ਮਹਾਂਪੁਰਸ਼ ਉਸ ਰੋਣ ਦੀ ਅਵਾਜ਼ ਨੂੰ ਅਣਗੋਲਿਆਂ ਕਰ ਦਿੰਦੇ ਤਾਂ ਪੰਜਾਬ ਦਾ ਇਤਹਾਸ ਕੁਝ ਹੋਰ ਹੀ ਹੁੰਦਾ।

ਇਸ ਦਿਆਲੂ ਪੁਰਸ਼ ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਮਾਤਾ ਰਾਜ ਕੌਰ ਦੀ ਕੁਖ ਵਿਚੋਂ ਅਜ ਕਲ ਦੇ ਸੂਬਾ ਪੰਜਾਬ (ਪਾਕਿਸਤਾਨ ) ਦੇ ਸ਼ੇਹਰ ਗੁਜਰਾਂਵਾਲਾ ਦੇ ਨੇੜੇ ਹੋਇਆ। ਇਨ੍ਹਾ ਦੇ ਪਿਤਾ ਜੀ ਸਰਦਾਰ ਮਹਾਂ ਸਿੰਘ ਜੀ ਸਨ ਜੋ ਕੇ ਸ਼ੁਕ੍ਰਚਕੀਆ ਮਿਸਲ ਦੇ ਸਰਦਾਰ ਸਨ। ਪੰਜਾਬ ਉਸ ਸਮੇਂ ਛੋਟੀਆਂ ਛੋਟੀਆਂ ਮਿਸਲਾਂ ਵਿਚ ਵੰਡਿਆ ਹੋਇਆ ਸੀ। ਛੋਟੀ ਉਮਰ ਵਿਚ ਹੀ ਚੇਚਕ ਦੀ ਬਿਮਾਰੀ ਨਾਲ ਇਨ੍ਹਾ ਦੀ ਇਕ ਅਖ ਚਲੀ ਗਈ ਸੀ? ਕੇਵਲ ਪੰਜ ਸਾਲ ਦੀ ਉਮਰ ਵਿਚ ਇਸ ਬਾਲਕ ਦੀ ਮੰਗਨੀ ਕਨਹਿਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਅਤੇ ਸਰਦਾਰਨੀ ਸਦਾ ਕੌਰ ਦੀ ਧੀ ਮਹਿਤਾਬ ਕੌਰ ਨਾਲ ਕਰ ਦਿਤੀ ਗਈ। ਅਤੇ ਬਾਰਾਂ ਸਾਲ ਦੀ ਉਮਰੇ ਪਿਤਾ ਜੀ ਦਾ ਸਵਰਗਵਾਸ ਹੋ ਗਿਆ। ਸੋਲਾਂ ਸਾਲ ਦੀ ਉਮਰ ਵਿਚ ਵਿਆਹ ਹੋ ਗਿਆ ਇਸ ਉਪਰੰਤ ਮਿਸਲਾਂ ਦੀ ਤਾਕਤ ਵਧ ਗਈ।ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਇਕ ਸਿਆਣੀ ਔਰਤ ਸੀ ਉਸ ਨੇ ਰਣਜੀਤ ਨੂੰ ਅਗੇ ਵਧਣ ਲਈ ਪ੍ਰੇਰਿਆ ਅਤੇ ਦੂਜੀਆਂ ਮਿਸਲਾਂ ਨੂੰ ਫ਼ਤੇਹ ਕੀਤਾ ਅਤੇ ਰਾਜ ਨੂੰ ਵਧਾਇਆ ਅਤੇ ਉਨੀ ਸਾਲ ਦੀ ਉਮਰ ਵਿਚ ਲਾਹੋਰ ਜਿਤ ਲਿਆ ਅਤੇ ਤਿਨ ਸਾਲ ਬਾਦ 1802 ਵਿਚ ਅੰਮ੍ਰਿਤਸਰ ਜਿਤ ਲਿਆ ਉਥੋਂ ਭੰਗੀਆਂ ਦੀ ਵਡੀ ਤੋਪ ਅਤੇ ਹੋਰ ਤੋਪਾਂ ਹਥ ਲਗੀਆਂ। ਉਨਾਹ ਨੂੰ ਭੰਗੀ ਇਸ ਕਰਕੇ ਕਿਹਾ ਜਾਂਦਾ ਸੀ ਕਿਓਂਕੇ ਓਹ ਹਮੇਸ਼ਾ ਭੰਗ ਦੇ ਨਸ਼ੇ ਵਿਚ ਮਸਤ ਰਹੰਦੇ ਸਨ?

ਸਿਖਾਂ ਦੇ ਪਹਲੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਔਲਾਦ ਵਿਚੋਂ ਇਕ ਸਿਖ ਸ੍ਰੀ ਸਾਹਿਬ ਸਿੰਘ ਬੇਦੀ ਜੀ ਨੇ 12 ਅਪ੍ਰੈਲ 1801 ਵਿਸਾਖੀ ਵਾਲੇ ਦਿਨ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ ਰਸਮ ਅਦਾ ਕੀਤੀ ਸੀ। ਬਹੁਤ ਸਾਰੀਆਂ ਜਿਤਾ ਪ੍ਰਾਪਤ ਕਰਨ ਤੋਂ ਬਾਦ ਰਣਜੀਤ ਸਿੰਘ ਕੇਵਲ ਇਕ ਮਿਸਲ ਦਾ ਸਰਦਾਰ ਨਾ ਰਹ ਕੇ ਪੰਜਾਬ ਦਾ ਮਹਾਰਾਜਾ ਬਣ ਗਿਆ। ਸਿਖ ਸਲਤਨਤ ਵਿਚ ਸਿਖਾਂ ਤੋਂ ਇਲਾਵਾ ਮੁਸਲਮਾਨ ,ਹਿੰਦੂ ਅਤੇ ਇਸਾਈ ਸ਼ਾਮਲ ਸਨ ਅਤੇ ਕਾਬਲੀਅਤ ਅਨੁਸਾਰ ਬਿਨਾ ਧਾਰਮਿਕ ਪਖਪਾਤ ਉਚੇ ਅਹੁਦੇ ਵੀ ਪ੍ਰਦਾਨ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਸਰਕਾਰੇ ਖਾਲਸਾ ਅਖਵਾਂਦੀ ਸੀ ਪ੍ਰੰਤੂ ਇਹ ਰਾਜ ਪੂਰਨ ਤੌਰ ਤੇ ਧਰਮ ਨਿਰਪੇਖ ਰਾਜ ਸੀ ਇਸ ਰਾਜ ਵਿਚ 15% ਸਿਖ 25 % ਹਿੰਦੂ ਅਤੇ 60% ਮੁਸਲਮਾਨ ਸਨ ਹਰ ਧਰਮ ਦਾ ਸਤਕਾਰ ਹੁੰਦਾ

ਸੀ। ਮਹਾਰਾਜਾ ਮੁਆਲ?ਮਾਨਾ ਨਾਲ ਰੋਜ਼ੇ ਵੀ ਰਖਦਾ ਸੀ, ਹਿੰਦੂਆਂ ਨਾਲ ਦਿਵਾਲੀ ਮਨਾਦਾਂ ਸੀ ਅਤੇ ਹਰ ਮਹੀਨੇ ਅੰਮ੍ਰਿਤਸਰ ਦਾ ਇਸ਼ਨਾਨ ਵੀ ਕਰਦਾ ਸੀ। ਇਸ ਮਹਾਰਾਜੇ ਨੇ ਜਿਥੇ ਹਰਮਿੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੋਨਾ ਚੜਾਇਆ ਓਥੇ ਸੋਮਨਾਥ, ਜਵਾਲਾਮੁਖੀ ਅਤੇ ਹਰਦਵਾਰ ਦੇ ਮੰਦਰਾਂ ਨੂੰ ਵੀ ਖੁਲਦਿਲੀ ਨਾਲ ਦਾਨ ਦਿਤਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਰਾਜਧਾਨੀ ਲਾਹੌਰ ਸੀ ਪਰੰਤੂ ਉਸ ਨੇ ਗੁਰੂ ਨਗਰੀ ਅੰਮ੍ਰਿਤਸਰ ਅੰਦਰ ਦਰਵਾਜਿਆਂ ਤੋਂ ਬਾਹਰ 1805 ਤੋਂ 1809 ਦੌਰਾਨ ਕਿਲਾ ਗੋਬਿੰਦਗੜ੍ਹ ਬਣਵਾਇਆ ਸੀ। ਇਹ ਚਕੋਰ ਆਕਾਰ ਦਾ ਕਿਲਾ ਸਿੱਖ ਇਤਿਹਾਸ ਅਤੇ ਵਿਰਾਸਤ ਨੂੰਆਪਣੇ ਵਿਸ਼ਾਲ ਆਕਾਰ ਵਿਚ ਸਾਂਭ ਕੇ ਰੱਖੀ ਬੈਠਾ ਹੈ। ਇਸ ਕਿਲ੍ਹੇ ਦੇ ਅੰਦਰ ਉਸ ਦਾ ਤੋਸ਼ਾਖਾਨਾ ਅਤੇ ਖ਼ਜ਼ਾਨਾ ਵੀ ਸੁਰੱਖਿਅਤ ਸਮਝਿਆ ਜਾਂਦਾ ਸੀ। ਕੋਹਿਨੂਰ ਹੀਰਾ ਜੋ ਆਪਣੀ ਕਹਾਣੀ ਆਪ ਬਿਆਨ ਸਕਦਾ ਹੈ ਉਸ ਦੇ ਅਨੁਸਾਰ ਕੋਹਿਨੂਰ ਫਾਰਸੀ ਦਾ ਸ਼ਬਦ ਹੈ ਜਿਸ ਵਿਚ ਕੋਹ ਦਾ ਅਰਥ ਪਹਾੜ ਅਤੇ ਨੂਰ ਦਾ ਅਰਥ ਪ੍ਰਕਾਸ਼ ਹੈ। ਮਿਥਿਹਾਸ ਦੇ ਅਨੁਸਾਰ ਪਹਿਲਾਂ ਕਰਨ ਅਤੇ ਅਰਜਨ ਤੋਂ ਬਾਅਦ ਇਹ ਹੀਰਾ ਵਿਕਰਮਾਦਿਤ ਕੋਲ ਰਿਹਾ ਸੀ। ਇਤਿਹਾਸ ਵਿਚ ਮਿਲੇ ਵੱਖ ਵੱਖ ਹਵਾਲਿਆਂ ਦੇ ਮੁਤਾਬਿਕ ਇਹ ਹੀਰਾ 1628 ਵਿਚ ਮਿਰਜੁਮਲਾ ,ਜੋ ਗੋਲਕੰਡਾ ਦੇ ਬਾਦਸ਼ਾਹ ਅਬਦੁਲਾ ਕੁਤਬਸ਼ਾਹ ਦੇ ਵਜ਼ੀਰ ,ਨੇ ਸ਼ਾਹ ਜਹਾਨ ਦੀ ਨਜ਼ਰ ਕੀਤਾ ਸੀ।ਜਦੋਂ 1739 ਵਿਚ ਦਿਲੀ ਦੀ ਲੁੱਟ ਸਮੇਂ ਨਾਦਰ ਸ਼ਾਹ ਨੇ ਇਸ ਨੂੰ ਕਬਜ਼ੇ ਅੰਦਰ ਲੈ ਇਸ ਨੂੰ ਕੋਹਿਨੂਰ ਦਾ ਨਾਂ ਦਿਤਾ। 1747 ਵਿਚ ਇਹ ਹੀਰਾ ਨਾਦਰਸ਼ਾਹ ਦੇ ਪੋਤਰੇ ਸ਼ਾਹਰੁਖ ਮਿਰਜ਼ਾ ਤੋਂ ਅਹਿਮਦਸ਼ਾਹ ਦੁਰਾਨੀ ਦੇ ਕੋਲ ਆਇਆ। 1813 ਨੂੰ ਸ਼ਾਹਸੁਜ਼ਾ ਆਮਿਰ ਕਾਬੁਲ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਾਪਤ ਕੀਤਾ।ਅੰਗਰੇਜ਼ਾਂ ਨੇ 1849 ਵਿਚ ਪੰਜਾਬ ਉਪਰ ਕਬਜ਼ਾ ਕਰ ਲਿਆ ਅਤੇ ਲਾਰਡ ਡਲਹੌਜ਼ੀ ਨੇ ਕੰਵਰ ਦਲੀਪ ਸਿੰਘ ਦੇ ਖ਼ਜ਼ਾਨੇ ਵਿਚੋਂ ਆਪਣੇ ਕਬਜ਼ੇ ਵਿਚ ਕਰ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਤਕ ਪੁੱਜਦਾ ਕੀਤਾ ਸੀ। ਭਾਈ ਕਾਹਨ ਸਿੰਘ ਨਾਭਾ ਜੀ ਦੇ ਅਨੁਸਾਰ ਇਸ ਹੀਰੇ ਦਾ ਤੋਲ ਪਹਿਲਾਂ 302 ਰਤੀਆਂ ਸੀ ਜੋ ਤਰਾਸ਼ਣ ਤੋਂ ਪਿੱਛੋਂ ਕੇਵਲ 102 ਰਤੀਆਂ ਹੀ ਰਹਿ ਗਿਆ ਸੀ।ਉਨ੍ਹਾਂ ਸਮਿਆਂ ਵਿਚ ਇਸ ਦੀ ਕੀਮਤ ਦਾ ਅੰਦਾਜ਼ਾ 30 ਲਖ ਪੌਂਡ ਲਾਇਆ ਗਿਆ ਸੀ। ਇਹ ਕੋਹਿਨੂਰ ਹੀਰਾ ਕਿਸੇ ਵੇਲੇ ਗੋਬਿੰਦਗੜ੍ਹ ਦੇ ਕਿਲੇ ਦੇ ਤੋਸ਼ੇਖਾਨੇ ਅੰਦਰ ਸਾਂਭਿਆ ਹੋਇਆ ਸੀ।

ਮਹਾਰਾਜਾ ਹਮੇਸ਼ਾ ਰੁਝਾ ਹੋਇਆ ਰਹੰਦਾ ਸੀ ਚੁਸਤੀ ਫੁਰਤੀ ਨਾਲ ਅਤੇ ਸੂਝ ਬੁਝ ਨਾਲ ਜਨਤਾ ਪ੍ਰਤੀ ਫ਼ਰਜ਼ਾ ਨੂੰ ਪੂਰਿਆਂ ਕਰਦਾ ਸੀ। ਕਰਮਾਂ ,ਮਨ ਅਤੇ ਬਚਨਾ ਦਾ ਧਨੀ ਸੀ ਜੋ ਵੀ ਬਚਨ ਕਰਦਾ ਸੀ ਉਸ ਉਪਰ ਪੂਰਾ ਉਤਰਦਾ ਸੀ। ਪਰਜਾ ਉਸ ਨੂੰ ਦਰਯਾ ਦਿਲ ਰਾਜਾ ਸਮਝਦੀ ਸੀ। ਓਹ ਵੀ ਅਪਨੀ ਜਨਤਾ ਨਾਲ ਬਹੁਤ ਪਿਆਰ ਕਰਦਾ ਸੀ। ਪਰਜਾ ਦੇ ਹਿਤ ਸੁਰਖਿਅਤ ਸਨ। ਜੇ ਕਰ ਕੋਈ ਅਧਿਕਾਰੀ ਜਨਤਾ ਦੇ ਹਿਤਾਂ ਨੂੰ ਅਣਦੇਖਿਆ ਕਰਦਾ ਸੀ ਸਜਾ ਦਾ ਹਕਦਾਰ ਹੁੰਦਾ ਸੀ।

ਲੜਾਈ ਦੇ ਮੈਦਾਨ ਲਈ ਹਮੇਸ਼ਾ ਹੀ ਤਿਆਰ ਬਰਤਿਆਰ ਰਹੰਦਾ ਸੀ ਇਹ ਵੀ ਇਤਹਾਸ ਹੀ ਦਸਦਾ ਹੈ ਰਾਤ ਨੂੰ ਵੀ ਬਿਸਤਰੇ ਦੇ ਨੇੜੇ ਤਲਵਾਰ ਢਾਲ ਹੁੰਦੀ ਸੀ ਅਤੇ ਬਾਹਰ ਇਕ ਘੋੜਾ ਤਿਆਰ ਬਰਤਿਆਰ ਹੁੰਦਾ ਸੀ ਅਤੇ ਕਿਸੇ ਵੀ ਜੰਗੀ ਮੁਹਿਮ ਸਮੇਂ

ਖਾਣਾ ਵੀ ਆਮ ਸਿਪਾਹੀਆਂ ਦੀ ਤਰਾਂ ਹੀ ਖਾਧਾ ਜਾਂਦਾ ਸੀ। ਓਹ ਇਕ ਤੇਜ਼ ਤਰਾਰ ਅਤੇ ਫੁਰਤੀਲਾ ਯੋਧਾ ਸੀ, ਘੁੜ ਸਵਾਰੀ ਵਿਚ ਨਿਪੁਨ, ਚੰਗੇ ਤਲਵਾਰਬਾਜ਼ ਅਤੇ ਵਧੀਆ ਨਿਸ਼ਾਨਚੀ ਸਨ। ਇਤਨਾ ਬਹਾਦੁਰ ਸੀ ਕੇ ਉਸ ਦੇ ਜਰਨੈਲਾਂ ਉਪਰ ਉਸ ਦੀ ਬਹੁਦਾਰੀ ਦਾ ਸਿਕਾ ਚਲਦਾ ਸੀ ਅਤੇ ਉਸ ਨੂੰ ਇਸ ਅਧਭੁਤ ਬਹਾਦਰੀ ਕਾਰਣ ਸ਼ੇਰੇ ਪੰਜਾਬ ਵਜੋਂ ਜਾਣਿਆ ਜਾਂਦਾ ਹੈ। ਡਾਕਟਰ ਗੰਡਾ ਸਿੰਘ ਅਨੁਸਾਰ ਮਹਾਰਾਜਾ ਨੂੰ ਹਿੰਦੁਸਤਾਨ ਦਾ ਨੈਪੋਲੀਅਨ ਬੋਨਾਪਾਰਟ ਸੀ। ਮਹਾਰਾਜੇ ਦੇ ਪੂਰਵਜ ਸਰਦਾਰ ਬੁੱਢਾ ਸਿੰਘ ਇੱਕ ਕਿਰਸਾਨ ਤੋਂ ਬਹਾਦਰ ਯੋਧਾ ਬਣਿਆ ਸੀ ਉਸ ਨੇ ਦਸਵੇਂ ਪਾਤਸ਼ਾਹ ਅਤੇ ਬਾਬਾ ਬੰਦਾ ਸਿੰਘ ਜੀ ਦੀਆਂ ਲੜਾਈਆਂ ਸਮੇਂ ਉਨ੍ਹਾਂ ਦਾ ਸਾਥ ਦਿਤਾ ਸੀ। ਉਸ ਕੋਲ ਬੇਮਿਸਾਲ ਯਾਦ ਸ਼ਕਤੀ ਸੀ ਇਥੋਂ ਤਕ ਕੇ ਉਸ ਨੂੰ ਆਪਣੇ ਅਧੀਨ ਪਿੰਡਾਂ ਦੇ ਨਾਮ ਜਬਾਨੀ ਯਾਦ ਸਨ। ਖਾਸ ਮਹਤਤਾ ਵਾਲੇ ਪਤਰਾਂ ਦੇ ਜਵਾਬ ਓਹ ਆਪ ਲਿਖਵਾਇਆ ਕਰਦੇ ਸਨ।ਇੱਕ ਲੋਕ ਗਾਥਾ ਅਨੁਸਾਰ ਜਦੋਂ ਮਹਾਰਾਜਾ ਸਾਹਿਬ ਆਪਣੇ ਨੌਕਰਾਂ ਚਾਕਰਾਂ ਅਤੇ ਸ਼ਾਹੀ ਫੌਜ ਦੇ ਅਫਸਰਾਂ ਨਾਲ ਅਰਾਮ ਫਰਮਾਇਆ ਕਰਦੇ ਸਨ ਤਾਂ ਉਹਨਾਂ ਦੇ ਮਨਭਾਉਂਦੀ ਨੱਚਣ ਵਾਲੀ ਮੌਰਾਂ (ਕੰਜਰੀ) ਵਲੋਂ ਮਨੋਰੰਜਨ ਕੀਤਾ ਜਾਂਦਾ ਸੀ। ਮੌਰਾਂ ਦੀ ਇਕ ਚਾਂਦੀ ਦੀ ਜੁੱਤੀ ਮਹਾਰਾਜਾ ਦੇ ਦਰਬਾਰ ਵਿਚੋਂ ਜਾਂਦੇ ਸਮੇਂ ਨਹਿਰ ਪਾਰ ਕਰਦਿਆਂ ਗੁੰਮ ਹੋ ਗਈ ਸੀ। ਚਾਂਦੀ ਦੀ ਜੁੱਤੀ ਗੁੰਮ ਹੋ ਜਾਨ ਕਾਰਣ ਮੌਰਾਂ ਨਿਰਾਸ਼ ਹੋ ਗਈ ਤੇ ਮਹਾਰਾਜਾ ਦੇ ਅੱਗੇ ਨੱਚਣ ਤੋਂ ਇਨਕਾਰੀ ਹੋ ਗਈ। ਮਹਾਰਾਜਾ ਨੇ ਇਸ ਨਹਿਰ ਉਪਰ ਪੁਲ ਬਣਾਉਣ ਦਾ ਹੁਕਮ ਕਰ ਦਿਤਾ। ਉਸ ਪੁਲ ਨੂੰ ਪੁਲ ਕੰਜਰੀ ਦਾ ਨਾਮ ਦਿਤਾ ਗਿਆ। ਅਤੇ ਨਹਿਰ ਬਾਰੇ ਦਸਿਆ ਜਾਂਦਾ ਹੈ ਕਿ ਇਹ ਨਹਿਰ ਸ਼ਾਲੀਮਾਰ ਬੈਗ ਦੀ ਸਿੰਜਾਈ ਲਈ ਮੁਗਲ ਬਾਦਸ਼ਾਹ ਸ਼ਾਹ ਜਹਾਨ ਨੇ ਬਣਵਾਈ ਸੀ।

ਅਟਾਰੀ ਸਰਹਦ ਵਲ ਜਾਣ ਵੇਲੇ ਸੱਜੇ ਪਾਸੇ 6-7 ਕਿਲੋ ਮੀਟਰ ਦੂਰੀ ਤੇ ਇਤਿਹਾਸਿਕ ਕੰਜਰੀ ਦਾ ਪੁਲ ਹੈ। ਇਸ ਪੁਲ ਤੇ ਪੁਜਣ ਲਈ ਭਾਰਤ ਵਲੋਂ ਕੌਮਾਂਤਰੀ ਸਰਹਦ ਵਲ ਜਾਣ ਸਮੇਂ ਅਟਾਰੀ ਬੱਸ ਅੱਡੇ ਤੋਂ ਨਾਗ ਵਾਂਗ ਮੁੜਦੀ ਸੜਕ ਉਪਰ ਕੁਝ ਪਿੰਡ ਲੰਘ ਕੇ ਡਰੇਨ ਉਪਰ ਇੱਕ ਪੁਲ ਹੈ ਅਤੇ ਉਸ ਪੁਲ ਤੋਂ ਪਿੱਛੋਂ ਆਓਂਦੇ ਪਿੰਡਾਂ ਨੂੰ ਲੰਘ ਰੌਲਰ ਰੱਪੇ ਤੋਂ ਦੂਰ ਸ਼ਾਂਤਮਈ ਇਲਾਕਾ ਹੈ ਵੇਖਣ ਯੋਗ ਇਹ ਪੁਲ ਭਾਰਤ ਪਾਕ ਸਰਹਦ ਉਪਰ ਹੈ ਜਿਸ ਦਾ ਨਾ ਮਹਾਰਾਜਾ ਰਣਜੀਤ ਸਿੰਘ ਨਾਲ ਜੋੜਿਆ ਹੋਇਆ ਹੈ। 1971 ਦੀ ਹਿੰਦ ਪਾਕ ਲੜਾਈ ਦੇ ਦੌਰਾਨ ਇਹ ਪੁਲ ਕੁਝ ਸਮਾਂ ਪਾਕਿਸਤਾਨ ਦੇ ਕਬਜ਼ੇ ਵਿਚ ਚਲਾ ਗਿਆ ਸੀ ਪਰੰਤੂ ਲੜਾਈ ਦੇ ਦੌਰਾਨ ਹੀ ਭਾਰਤ ਨੇ ਮੁੜ ਇਸ ਉਪਰ ਕਬਜ਼ਾ ਕਰ ਲਿਆ ਸੀ।ਇਸ ਪੁਲ ਤੋਂ ਪਾਕਿਸਤਾਨੀ ਚੌਕੀਆਂ ਨੂੰ ਡਿਠਾ ਜਾ ਸਕਦਾ ਹੈ ਅਤੇ ਸੈਲਾਨੀਆਂ ਲਈ ਇਹ ਖਿੱਚ ਦਾ ਕੇਂਦਰ ਹੈ। ਕਿਸੇ ਸਮੇਂ ਇਹ ਵਪਾਰ ਲਈ ਮਸ਼ਹੂਰ ਸੀ। ਇਸ ਵੇਲੇ ਇਸ ਪੁਲ ਉਪਰ ਖਸਤਾ ਹਾਲਤ ਵਿਚ ਬਾਰਾਂਦਰੀ ,ਇਤਿਹਾਸੀ ਸਰੋਵਰ ਨਾਲ ਜਾਂਦੀ ਹੋਈ ਸੁੰਦਰ ਨਹਿਰ ਅਤੇ ਬੀ ਐਸ ਐਫ ਦੀ ਸਰਹੱਦੀ ਚੌਕੀਂ ਮੌਜੂਦ ਹੈ।ਇਹ ਮਹਾਰਾਜੇ ਦੇ ਸਮੇਂ ਦੀ ਭਵਨ ਨਿਰਮਾਣ ਕਲਾ ਦਾ ਸੁੰਦਰ ਨਮੂਨਾ ਹੈ। ਚਾਰੇ ਪਾਸਿਆਂ ਤੋਂ ਬਣੀ ਦੀਵਾਰ ਦਾ ਕੰਮ ਕਰਦੀ ਪੌੜੀ ਦੇ ਨਾਲ ਇਕ ਜੰਗਲੇਦਾਰ ਦੀਵਾਰ ਵੀ ਹੈ।19ਵੀਂ ਸਦੀ ਦੀਆਂ ਬਾਤਾਂ ਨੂੰ ਤਾਜਾ ਕਰਦਾ ਤਾਲਾਬ ਜੋ ਪੂਰਬ ਵਿਚ ਹੈ। ਇਸ ਉਪਰ ਬਣਿਆ ਦੋਹਰਾ ਗੁੰਬਦ

,ਲਟਕਦਾ ਛੱਜਾ ਅਤੇ ਜਾਲੀਦਾਰ ਇੱਟਾਂ ਭਵਨ ਕਲਾ ਦੇ ਨਮੂਨੇ ਦੀ ਕਹਾਣੀ ਬਿਆਨ ਕਰਦਿਆਂ ਹਨ।ਗੁੰਬਦ ਦੀ ਅੰਦਰਲੀ ਸੁੰਦਰਤਾ ਨੂੰ ਕੰਧ ਚਿਤ੍ਰ ਨਾਲ ਸ਼ਿੰਗਾਰਿਆ ਗਿਆ ਸੀ। ਇਸ ਦੀ ਕੰਧ ਉਪਰ ਹਿੰਦੂ ਗ੍ਰੰਥਾਂ ਨਾਲ ਸਬੰਧਿਤ ਚਿਤਰ ਅਤੇ ਰਾਜ ਦਰਬਾਰ ਦੀ ਚਿਤਰ ਕਲਾ ਦੇ ਦ੍ਰਿਸ਼ ਸੁੰਦਰਤਾ ਨੂੰ ਚਾਰ ਚੰਨ ਲੈ ਰਹੇ ਹਨ। ਇਸ ਤੋਂ ਇਹ ਵੀ ਅੰਦਾਜ਼ਾ ਲਾਇ ਜਾ ਸਕਦਾ ਹੈ ਕਿ ਭਾਵੇਂ ਸਿੱਖ ਰਾਜ ਸੀ ਪਰ ਬਾਕੀ ਧਰਮਾਂ ਦਾ ਸਤਿਕਾਰ ਕੀਤਾ ਜਾਂਦਾ ਸੀ।

ਇਸ ਮਹਾਂਬਲੀ ਨੇ ਇਕ ਅੰਦਾਜ਼ੇ ਅਨੁਸਾਰ ਲਗਭਗ ਪੰਜਾਹ ਸਾਲ ਰਾਜ ਕੀਤਾ ਅਤੇ ਹਰੀ ਸਿੰਘ ਨਲੂਆ ਅਤੇ ਸ਼ਾਮ ਸਿੰਘ ਅਟਾਰੀ ਵਾਲਾ ਅਤੇ ਹੋਰ ਕਾਬਲ ਜਰਨੈਲਾਂ ਦੀ ਮਦਦ ਨਾਲ ਖਲਕਤ ਨੂੰ ਸਾਫ਼ ਸੁਥਰਾ ਸ਼ਾਸ਼ਨ ਕੀਤਾ ਅਤੇ ਅੰਤ ਵੀਹ ਜੂਨ 1839 ਨੂੰ ਇਸ ਫਾਨੀ ਦੁਨਿਆ ਨੂੰ ਅਲਵਿਦਾ ਕਹੀ ਅਤੇ ਪੰਜਾਬ ਇਕ ਯੋਧੇ ,ਇਕ ਕਾਬਲ ਜਰਨੈਲ ਅਤੇ ਇਕ ਕਾਬਲ ਸ਼ਾਸ਼ਕ ਤੋਂ ਵਿਰਵਾ ਹੋ ਗਿਆ।

# ਮੰਗੇ ਪੁਤ ਮਿਲੇ ਧੀ

ਜੀਵਨ ਵਿਚ ਬਹੁਤ ਸਾਰੀਆਂ ਸਟੇਜਾਂ ਹੁੰਦੀਆਂ ਹਨ ਜਿਨਾ ਵਿਚ ਬਚਪਨ ,ਜਵਾਨੀ ਅਤੇ ਬੁਢਾਪਾ ਪ੍ਰਮੁਖ ਹਨ ।ਜਿਵੇਂ ਜਿਵੇਂ ਸਮਾਂ ਅਗੇ ਵਲ ਵਧਦਾ ਹੈ ਮਨੁਖ ਬਚਪਨ ਤੋਂ ਜਵਾਨੀ ਵਲ ਵਧਦਾ ਹੈ ਅਤੇ ਜਵਾਨੀ ਤੋਂ ਬੁਢਾਪੇ ਵਾਲੇ ਪਾਸੇ ਸਰਕਦਾ ਹੈ। ਲਗਭਗ ਹਰ ਬਚਪਨ ਖੇਡਾਂ ਵਿਚ ਬੀਤਦਾ ਹੈ ਪਰ ਕੁਝ ਬਚਪਨ ਔਕੜਾਂ ਨਾਲ ਭਰਪੂਰ ਹੁੰਦੇ ਹਨ ਆਮ ਤੌਰ ਤੇ ਬਚਪਨ ਪਹਾੜੇ ਗਾ ਗਾ ਕੇ ਅਤੇ ਖੇਡ ਕੇ, ਭੈਣਾ ਅਤੇ ਭਰਾਵਾਂ ਦਾ ਸੰਗ ਮਾਣ ਕੇ ਸੋਖਿਆਂ ਨਿਕਲ ਜਾਂਦਾ ਹੈ ।ਬਚਪਨ ਵਿਚ ਪਹਾੜੇ ਕਾਫੀ ਮੁਸ਼ਕਲ ਲਗਦੇ ਹਨ ਇਸ ਲਈ ਕਵੀਆਂ ਨੇ ਇਸ ਤਰਾਂ ਦੇ ਪਹਾੜੇ ਵੀ ਬਨਾਏ ਹਨ ਕੇ ਬਚੇ ਨੂੰ ਪਤਾ ਵੀ ਨਹੀਂ ਲਗਦਾ ਅਤੇ ਪਹਾੜੇ ਵੀ ਯਾਦ ਹੋ ਜਾਂਦੇ ਹਨ ਜਿਸ ਤਰ੍ਹਾਂ

**ਇਕ ਦੂਣੀ ਦੂਣੀ ਦੋ ਦੂਣੀ ਚਾਰ**
**ਘਰ ਘਰ ਰੁਖ ਲਾਓ ਆਵੇਗੀ ਬਹਾਰ**
**ਤਿਨ ਦੂਣੀ ਛੇ ਚਾਰ ਦੂਣੀ ਅਠ**
**ਰੁਖਾਂ ਬਿਨਾ ਸੁੰਨੀ ਸੁੰਨੀ ਲਗਦੀ ਹੈ ਸਥ**
**ਪੰਜ ਦੂਣੀ ਦਸ ਹੁੰਦੇ ਛੇ ਦੂਣੀ ਬਾਰਾਂ**
**ਰੁਖ ਹੁੰਦੇ ਧਰਤੀ ਦਾ ਗੇਹਣਾ ਪਾਉਣ ਠੰਡੀਆਂ ਠਾਰਾ**
**ਸਤ ਦੂਣੀ ਚੌਦਾਂ ਅਠ ਦੂਣੀ ਸੌਲਾਂ**
**ਆਲਣਿਆ ਵਿਚ ਬੇਠੇ ਪੰਛੀ ਕਰਦੇ ਰਹਨ ਕਲੋਲਾਂ**
**ਨੌਂ ਦੂਣੀ ਅਠਾਰਾਂ ਦਸ ਦੂਣੀ ਵੀਹ**
**ਰੁਖ ਲਾਓਗੇ ਜੇਕਰ ਛਾਵਾਂ ਮਾਨਣ ਪੁਤਰ ਅਤੇ ਧੀ।**

ਅਗਲਾ ਪੜਾ ਜਵਾਨੀ ਵਾਲਾ ਬੜਾ ਸੰਭਲ ਕੇ ਚਲਣ ਵਾਲਾ ਹੁੰਦਾ ਹੈ ਕੁਝ ਜਵਾਨੀਆਂ ਨਸ਼ੇ ਵਿਚ ਰੁੜ ਰਹੀਆਂ ਹਨ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ ਸੁਯੋਗ ਅਗਵਾਈ ਹੀ ਅਥ੍ਰੀ ਜਵਾਨੀ ਨੂੰ ਠੀਕ ਰਾਹ ਉਪਰ ਰਖ ਸਕਦੀ ਹੈ। ਚੰਗੇ ਰੋਲ ਮੋਡਲ ਹੀ ਸਯੋਗ ਅਗਵਾਈ ਦੇ ਕਾਬੁਲ ਹੋ ਸਕਦੇ ਹਨ। ਅਜ ਦਾ ਨੌਜਵਾਨ ਕੁਰਾਹੇ ਪੈ ਚੁਕਾ ਹੈ ਉਸ ਨੂੰ ਮੁਖ ਧਾਰਾ ਵਿਚ ਸ਼ਾਮਲ ਕਰਨ ਦੀ ਲੋੜ ਹੈ। ਉਸ ਨੂੰ ਘਰ ਵਿਚ ਅਤੇ ਬਾਹਰ ਆਦਰ ਮਾਣ ਦੀ ਲੋੜ ਹੈ ਸਮਾਜ ਨੂੰ ਇਸ ਤਰਫ਼ ਧਿਆਨ ਦੇਣ ਦੀ ਜ਼ਰੂਰਤ ਹੈ। ਓਹ ਤਾਂ ਕੇਵਲ ਕਿਸੇ ਕਵੀ ਦਾ ਜੋੜਿਆਂ ਦਾਹੇ ਦਾ ਪਹਾੜਾ ਪੜ ਰਿਹਾ ਹੈ ਅਤੇ ਮਸਤ ਹੈ ਕੇ ਮੇਰੇ ਉਪਰ ਤਾਂ ਇਹ ਸਟੇਜ ਨਹੀਂ ਆਵੇਗੀ

**ਇਕ ਦਾਹਿਆ ਦਾਹਿਆ**

**ਖੇਡਾਂ ਵਿਚ ਜੀਵਨ ਬਿਤਾਇਆ**
**ਦੋ ਦਾਹੇ ਵੀਹ**
**ਵਿਆਹ ਨੂੰ ਕਰ ਪਿਆ ਜੀ**
**ਤਿਨ ਦਾਹੇ ਤੀਹ**
**ਮੰਗੇ ਪੁਤ ਮਿਲੇ ਧੀ**
**ਚਾਰ ਦਾਹੇ ਚਾਲੀ**
**ਗਲ ਵਿਚ ਪਈ ਪੰਜਾਲੀ**
**ਪੰਜ ਦਾਹੇ ਪੰਜਾਹ**
**ਬਾਪੂ ਕਮਾ ਕੇ ਲਿਆ ਅਤੇ ਖੁਆਹ**
**ਛੇ ਦਾਹੇ ਸਠ**
**ਹਥ ਵਿਚ ਫੜ ਲਈ ਲਠ**
**ਸਤ ਦਾਹੇ ਸਤਰ**
**ਬਾਬਾ ਹੋ ਗਿਆ ਸਤਰ ਬਹਤਰ**
**ਅਠ ਦਾਹੇ ਅੱਸੀ**
**ਮੰਗੇ ਦੁਧ ਮਿਲੇ ਲੱਸੀ**
**ਨੌਂ ਦਾਹੇ ਨਬੇ**
**ਮੂੰਹੋ ਗਲ ਨਾ ਕੋਈ ਫਬੇ**
**ਦਸ ਦਾਹੇ ਸੌ**
**ਬਾਬਾ ਹੁਣ ਤਾਂ ਮਗਰੋਂ ਲਹੋ**

ਹਥ ਵਿਚ ਫੜ ਕੇ ਲਠ ਮਨੁਖ ਬੁਢਾਪੇ ਵਿਚ ਹੋ ਜਾਂਦਾ ਹੈ ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ ਕੇ ---------

**ਹਰ ਚੀਜ਼ ਯਹਾਂ ਆਨੀ ਜਾਨੀ ਦੇਖੀ**
**ਜੋ ਆ ਕੇ ਨਾ ਜਾਏ ਓਹ ਬੁਢਾਪਾ ਦੇਖਾ**
**ਜੋ ਜਾ ਕੇ ਨਾ ਆਏ ਓਹ ਜਵਾਨੀ ਦੇਖੀ**

ਜਦੋਂ ਕੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਜੀਵਨ ਦਾ ਫ਼ਲਸਫ਼ਾ ਕੁਝ ਇਸ ਤਰਾਂ ਦਰਜ ਹੈ

**ਪਹਿਲੇ ਪਿਆਰ ਲਗਾ ਥਣ ਦੁਧਿ॥**
**ਦੂਜੇ ਮਾਇ ਬਾਪ ਕੀ ਸੁਧਿ॥**
**ਤੀਜੇ ਭਯਾ ਭਾਭੀ ਬੇਬ॥**
**ਚਉਥੈ ਪਿਆਰਿ ਉਪੰਨੀ ਖੇਡ॥**
**ਪੰਜਵੈ ਖਾਣੁ ਪੀਅਣ ਕੀ ਧਾਤੁ॥**
**ਛਿਵੈ ਕਾਮੁ ਨ ਪੁਛੈ ਜਾਤਿ॥**
**ਸਤਵੈ ਸੰਜਿ ਕੀਆ ਘਰ ਵਾਸੁ॥**
**ਅਠਵੈ ਕ੍ਰੋਧ ਹੋਆ ਤਨ ਨਾਸੁ॥**

**ਨਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥**

*(ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੭*

ਬੁਢਾਪਾ ਸਾਰੀ ਜ਼ਿੰਦਗੀ ਦਾ ਨਿਚੋੜ ਹੈ ਆਪਣੀਆਂ ਗਲਤੀਆਂ ਤੋਂ ਸਿਖਿਆ ਲਈ ਹੁੰਦੀ ਹੈ ਆਪਣੇ ਹੱਡਾਂ ਉਪਰ ਹੰਡਾਇਆ ਸਚ ਹੁੰਦਾ ਹੈ ਸੁਨੀ ਸੁਨਾਈ ਗਲ ਨਹੀਂ ਹੁੰਦੀ ਹੈ।ਇਹ ਸਤਕਾਰ ਦਾ ਪਾਤਰ ਹੁੰਦਾ ਹੈ ਤਰਸ ਦਾ ਪਾਤਰ ਨਾ ਸਮਝਿਆ ਜਾਵੇ। ਸਾਡੇ ਬਚੇ ਆਪਣੇ ਮਾਤਾ ਪਿਤਾ ਦੀ ਦੇਖ ਭਾਲ ਤੋਂ ਮੁਨਕਰ ਹੋ ਰਹੇ ਹਨ। ਅਸੀਂ ਬਿਰਧ ਘਰ ਖੋਲ ਰਹੇ ਹਾਂ ਜੋ ਸਾਡੀ ਸਭ?ਯਤਾ ਦਾ ਹਿਸਾ ਨਹੀਂ ਹਨ? ਜੀਵਨ ਨੂੰ ਮੁਸ਼ਕਲਾਂ ਅਤੇ ਤੰਗੀਆ ਤੁਰਸ਼ੀਆ ਵਿਚ ਗੁਜ਼ਾਰ ਕੇ ਓਹ ਜ਼ਿੰਦਗੀ ਦੇ ਆਖਰੀ ਪੜਾ ਤੇ ਪ?ਜ ਚੁਕੇ ਹਨ ਕੇਵਲ ਸਤਕਾਰ ਦੀ ਲੋੜ ਮੇਹਸੂਸਦੇ ਹਨ। ਓਨਾਹ ਨੂੰ ਆਪਣੇ ਦਿਲ ਵਿਚ ਸਥਾਨ ਦਿਓ ਅਤੇ ਬਿਰਧ ਘਰਾਂ ਵਲ ਨਾ ਧਕੋ ਆਓਨ ਵਾਲੀ ਪੀੜੀ ਤੁਹਾਡੇ ਨਾਲ ਅਜੇਹਾ ਹੀ ਵਰਤਾਵ ਕਰੇਗੀ। ਬੁਢਾਪੇ ਵਿਚ ਆ ਕੇ ਇਕ ਔਰਤ ਇਹ ਇਛਾ ਪਰਗਟ ਹੁੰਦੀ ਹੈ ਕਿ

**ਰਾਮ ਬੁਢਾਪਾ ਮਤ ਦੇਣਾ**
**ਜੇ ਬੁਢਾਪਾ ਦੇਣਾ ਚਾਹੋ ਤੋ**
**ਬੀਰ ਮਰਦ ਦਾ ਸਾਥ ਦੇਵੋ**
**ਸ਼ਰਵਨ ਜੈਸਾ ਲਾਲ ਦੇਵੋ**
**ਮੁਠੀ ਵਿਚ ਧਨ ਦੇਵੋ**
**ਗੋਡੇ ਮੈ ਜਾਨ ਦੇਵੋ**
**ਸੁਰਗ ਲੋਕ ਵਿਚ ਵਾਸ ਦੇਵੋ**

ਜੀਵਨ ਇਸ ਤਰਾਂ ਇਛਾਵਾਂ ਕਰਦੇ ਹੋਏ ਬੀਤ ਜਾਂਦਾ ਹੈ ਅਤੇ ਪਤਾ ਵੀ ਨਹੀਂ ਲਗਦਾ ਕੇ ਅੰਤਲਾ ਸਮਾਂ ਆਂ ਢੁੱਕਾ ਹੈ ਇਸ ਲਈ ਜੀਵਨ ਨੂੰ ਲੋਕ ਭਲਾਈ ਲਈ ਬਤੀਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

# ਸਮੇਂ ਨੂੰ ਮਿਣਨ ਦਾ ਯਤਨ

ਮਨੁਖ ਆਦ ਸਮੇਂ ਤੋਂ ਹੀ ਸਮੇਂ ਨੂੰ ਮਿਣਨ ਦਾ ਯਤਨ ਕਰਦਾ ਰਿਹਾ ਹੈ। ਉਸ ਨੇ ਸੂਰਜ ਵਾਲੇ ਸਮੇਂ ਨੂੰ ਦਿਨ ਅਤੇ ਚੰਦ੍ਰਮਾ ਦੇ ਸਮੇਂ ਨੂੰ ਰਾਤ ਦਾ ਨਾਮ ਦਿਤਾ। ਸੂਰਜ ਦੇ ਉਗਣ ਨੂੰ ਸਵੇਰ ਅਤੇ ਅਸਤ ਹੋਣ ਦੇ ਸਮੇਂ ਨੂੰ ਸ਼ਾਮ ਦਾ ਨਾਮ ਦਿਤਾ। ਫਿਰ ਦਿਨ ਨੂੰ ਮਿਣਨ ਦਾ ਯਤਨ ਧਰਤੀ ਵਿਚ ਕਿਸੇ ਸਥਾਨ ਉਪਰ ਸੋਟੀ ਨੂੰ ਲਗਾ ਕੇ ਉਸ ਦੇ ਬਦਲਦੇ ਪਰਛਾਵੇਂ ਨੂੰ ਵੇਖ ਦਿਨ ਦੇ ਵਖ ਵਖ ਹਿਸੇ ਕਰ ਲੈ ਅਤੇ ਇਸ ਤਰਾਂ ਸਮੇਂ ਨੂੰ ਲੋੜ ਅਨੁਸਾਰ ਵੰਡ ਲਿਆ। ਜਦੋਂ ਚੰਦਰਮਾ ਦੇ ਬਦਲਦੇ ਅਕਾਰ ਸੰਬੰਧੀ ਜਾਣਕਾਰੀ ਮਿਲੀ ਤਾਂ ਉਸ ਨੂੰ ਚਾਨਣਾ ਪਖ ਅਤੇ ਅੰਧੇਰਾ ਪਖ ਸਮਝ ਲਿਆ ਅਤੇ ਸੁਦੀ ਵਦੀ ਦਾ ਨਾਮ ਦੇ ਦਿਤਾ। ਘੜੀ ਦੀ ਖੋਜ ਨੇ ਸਮੇਂ ਨੂੰ ਮਿਣਨਾ ਆਸਾਨ ਕਰ ਦਿਤਾ। ਸੂਈਆਂ ਦੀ ਅਗੜ ਪਿਛੜ ਦੌੜ ਨੇ ਸਮੇਂ ਨੂੰ ਨਿਕੇ ਨਿਕੇ ਹਿਸਿਆਂ ਵਿਚ ਵੰਡ ਕਰ ਕੇ ਮਨੁਖ ਦੇ ਜੀਵਨ ਨੂੰ ਸਮਾਂ ਬਧ ਕਰ ਦਿਤਾ।

ਮੌਜੂਦਾ ਕਲੰਡਰ ਲਮੇਂ ਸਮੇਂ ਤਕ ਚਲਣ ਵਾਲਾ ਬਣਾਇਆ ਗਿਆ ਹੈ ਪ੍ਰੰਤੂ ਮਾਯਾ ਸਭਯਤਾ ਦਾ ਕਲੰਡਰ ਇੱਕੀ ਦਸੰਬਰ ਦੋ ਹਜ਼ਾਰ ਬਾਰਾਂ ਨੂੰ ਖਤਮ ਹੋ ਰਿਹਾ ਹੈ ਅਤੇ ਇਹ ਵੀ ਖਦਸ਼ਾ ਹੈ ਕਿ ਇਸ ਧਰਤੀ ਤੇ ਇਸ ਦਿਨ ਤੋਂ ਬਾਅਦ ਕੁਝ ਵੀ ਨਹੀਂ ਬਚੇਗਾ। ਪਰੰਤੂ ਇਸ ਗਲ ਵਿਚ ਕੋਈ ਵੀ ਸਚਾਈ ਨਹੀਂ ਜਾਪਦੀ ਹੈ। ਅਸਲ ਗਲ ਇਹ ਹੈ ਕੇ ਮਾਯਾ ਸਭਯਤਾ ਦਾ ਕਲੰਡਰ ਜੋ ਕਿ ਈਸਵੀ ਤੋਂ ਚਾਰ ਹਜ਼ਾਰ ਸਾਲ ਪਹਲਾ ਸ਼ੁਰੂ ਹੋਇਆ ਸੀ ਖਤਮ ਹੋ ਰਿਹਾ ਹੈ। ਵਖ ਵਖ ਸਭਯਾਤਾਵਾਂ ਵਲੋਂ ਵਖ ਸਮੇਂ ਤੋ ਕਲੰਡਰ ਸ਼ੁਰੂ ਕੀਤੇ ਗਏ ਹਨ ਜਿਵੇਂ ਮਿਸਰ ਦੀ ਸਭਯਤਾ ਵਲੋਂ ਪੂਰਵ ਇਤਹਾਸ ਵਿਚ ਸੂਰਜੀ ਕਲੰਡਰ ਮੰਨ ਲਿਆ ਗਿਆ ਸੀ। ਅਤੇ ਸਮੇਰੀਆਂ ਕਲੰਡਰ ਜੋ ਕਿ ਈਸਵੀ ਤੋਂ 2100 ਸਾਲ ਪੂਰਵ ਸ਼ੁਰੂ ਹੋਇਆ ਅਤੇ ਸਾਲ ਨੂੰ 360 ਦਿਨ ਦਾ ਮਿਥ ਲਿਆ ਗਿਆ ਸੀ ਅਤੇ ਰਮਨ ਕਲੰਡਰ ਜੋ ਈਸਵੀ ਤੋਂ 753 ਸਾਲ ਪੂਰਵ ਸ਼ੁਰੂ ਹੋਇਆ ਕੇਵਲ ਦਸ ਮਹੀਨਿਆ ਦਾ ਸਾਲ ਮਿਥਿਆ ਗਿਆ ਸੀ ਜੋ ਕਿ ਬਾਅਦ ਵਿਚ ਈਸਵੀ ਤੋਂ ਸਤ ਸੋ ਸਾਲ ਪੂਰਵ ਬਾਰਾਂ ਮਹੀਨਿਆ ਦਾ ਮਿਥ ਲਿਆ ਗਿਆ ਜੋ ਹੁਣ ਤਕ ਚਲ ਰਿਹਾ ਹੈ। ਦਿਨ ਸ਼ਬਦ ਰੋਸ਼ਨੀ ਤੋਂ ਜਾਂ ਡੇ ਤੋਂ ਬਣਿਆ ਜਦੋਂ ਕੇ ਇਟਾਲੀਅਨ ਸਪੈਨਿਸ਼ ਅਨੁਸਾਰ ਦੀਉਜ਼ ਦਾ ਅਰਥ ਰੱਬ ਹੈ ਤੋਂ ਡੇ ਜਾਂ ਦਿਨ ਬਣਿਆ ਹੈ।

ਦਸ ਮਹੀਨੇ ਦਸ ਉਂਗਲਾਂ ਦੇ ਪ੍ਰਤੀਕ ਸਨ ਅਤੇ ਮਹੀਨਿਆਂ ਵਿਚ 31 ਜਾਂ 30 ਦਿਨ ਮਿਥ ਲਏ ਗਏ ਜੋ ਕਿ ਬਦਲਵੇਂ ਸਨ ਅਰਥਾਤ ਪਹਿਲਾ, ਤੀਜਾ, ਪੰਜਵਾਂ, ਸਤਵਾਂ, ਅਤੇ ਨੌਂਵਾਂ 31 ਦਿਨ ਦੇ ਅਤੇ ਦੂਜਾ, ਚੌਥਾ, ਛੇਵਾਂ, ਅਠਵਾਂ, ਅਤੇ ਦਸਵਾਂ, 30 ਦਿਨ

ਦੇ ਸਨ। ਸਾਲ ਮਾਰਚ ਤੋਂ ਸ਼ੁਰੂ ਹੁੰਦਾ ਸੀ ਅਤੇ ਸਾਲ ਦੇ 305 ਦਿਨ ਰਖੇ ਗਏ। ਬਾਅਦ ਵਿਚ ਦੋ ਮਹੀਨੇ ਹੋਰ ਜੋੜ ਦਿਤੇ ਜਿਸ ਵਿਚ ਜਨਵਰੀ 29 ਦਿਨ ਦੀ ਅਤੇ ਫਰਵਰੀ 28 ਦਿਨ ਦੀ ਸੀ ਅਤੇ ਸਾਲ ਦੇ 362 ਦਿਨ ਗਿਣ ਲਏ ਗਏ ਜੋ ਕਿ ਬਾਅਦ ਵਿਚ 365 ਮੰਨ ਲਏ ਗਏ। ਸਾਲ ਵਿਚ 365 ਦਿਨ 5 ਘੰਟੇ 55 ਮਿੰਟ ਮੰਨੇ ਗਏ। ਜੂਲਿਸ ਸੀਜਰ ਦੇ ਕਲੰਡਰ ਵਿਚ ਸਾਲ 365 ਦਿਨ ਅਤੇ 6 ਘੰਟੇ ਦਾ ਮਿਥਿਆ ਗਿਆ ਅਤੇ ਹਰ ਚਾਰ ਸਾਲ ਬਾਅਦ ਲੀਪ ਦਾ ਸਾਲ ਮਿਥ ਲਿਆ ਗਿਆ ਜੋ ਕੇ 366 ਦਿਨ ਦਾ ਰਖ ਲਿਆ ਗਿਆ। ਜਦੋਂ ਕਿ ਭਾਰਤੀ ਅਰਯਾਭੱਟ ਨੇ 499 ਈਸਵੀ ਪੂਰਵ ਵਿਚ ਸਾਲ ਨੂੰ 365 ਦਿਨ 8 ਘੰਟੇ 36 ਮਿੰਟ 30 ਸਕਿੰਟ ਦਾ ਦਸਿਆ ਸੀ।

ਦਸ ਮਹੀਨਿਆਂ ਦੇ ਨਾਮ ਪਹਿਲਾਂ ਰੋਮਨ ਅੰਕਾਂ ਵਿਚ ਲਿਖੇ ਜਾਂਦੇ ਸਨ ਅਤੇ ਪਹਿਲਾ ਮਹੀਨਾ ਗੇਟਸ ਦੇ ਭਗਵਾਨ ਜੇਨੁਸ ਦੇ ਨਾਂ ਤੇ ਜਨਵਰੀ, ਦੂਏਜ਼ਰ ਜਾਂ ਮਹੀਨਾ ਪਾਪਾਂ ਨੂੰ ਧੋਣ ਵਾਲਾ ਭਗਵਾਨ ਫੇਬ੍ਰੁਸ ਦੇ ਨਾਂ ਤੇ ਫ਼ਰਵਰੀ, ਤੀਜਾ ਮਹੀਨਾ ਯੁਧ ਦਾ ਭਗਵਾਨ ਮਾਰਸ ਦੇ ਨਾਂ ਤੇ ਮਾਰਚ, ਚੌਥਾ ਮਹੀਨਾ ਲਾਤੀਨੀ ਭਾਸ਼ਾ ਵਿਚ aperire means [to open or to bud] ਦੇ ਅਧਾਰ ਤੇ ਅਪ੍ਰੈਲ, ਪੰਜਵਾਂ ਮਹੀਨਾ plant growth ਦੀ ਦੇਵੀ ਮਾਇਆ ਦੇ ਨਾਂ ਤੇ ਮਈ ਅਤੇ ਰੋਮਨ ਵਿਚ Quintilis ਅਰਥਾਤ ਪੰਜਵਾਂ ਮਹੀਨਾ, ਛੇਵਾਂ ਮਹੀਨਾ ਲਾਤੀਨੀ Bwh?s junores means young people ਦੇ ਅਧਾਰ ਤੇ ਜੂਨ ਅਤੇ ਰੋਮਨ ਵਿਚ Sextiles ਅਰਥਾਤ ਛੇਵਾਂ, ਸਤਵਾਂ ਮਹੀਨਾ ਸਤੰਬਰ ਕਿਉਂਕਿ ਲਾਤੀਨੀ ਭਾਸ਼ਾ ਵਿਚ Septem ਸਤਵਾਂ ਹੁੰਦਾ ਹੈ, ਅਠਵਾਂ ਮਹੀਨਾ ਅਕਤੂਬਰ ਕਿਉਂਕਿ ਲਾਤੀਨੀ ਭਾਸ਼ਾ ਵਿਚ octo ਅਠਵਾਂ ਹੁੰਦਾ ਹੈ, ਨੌਂਵਾਂ ਨੋਵੇਮਬਰ ਕਿਉਂਕਿ ਲਾਤੀਨੀ ਭਾਸ਼ਾ ਵਿਚ novem ਨੌਂਵਾਂ ਹੁੰਦਾ ਹੈ ਦਸਵਾਂ ਦਸੰਬਰ ਕਿਉਂਕਿ ਲਾਤੀਨੀ ਭਾਸ਼ਾ ਵਿਚ decem ਦਸਵਾਂ ਹੁੰਦਾ ਹੈ ਹੋਰ ਦੋ ਮਹੀਨੈ ਵਿਚਕਾਰ ਰਖੇ ਗਏ ਜੋ ਕਿ ਸਤਵਾਂ ਅਤੇ ਅਠਵਾਂ ਬਣੇ, ਸਤਵੇਂ ਦਾ ਨਾਮ ਜੁਲਿਉਸ ਸੀਜ਼ਰ ਦੇ ਨਾਮ ਤੇ ਜੁਲਾਈ ਅਤੇ ਅਠਵੇਂ ਦਾ ਨਾਮ ਉਗੁਸਟੁਸ ਦੇ ਨਾਮ ਤੇ ਅਗਸਤ ਬਨਿਆ ਜਦੋਂ ਕਿ ਨੌਂਵਾਂ ਦਸਵਾਂ ਗਿਆਰਵਾਂ ਅਤੇ ਬਾਰਵਾਂ ਮਹੀਨਿਆ ਦੇ ਨਾਮ ਨਹੀਂ ਬਦਲੇ ਗਏ।

ਕਿਹਾ ਜਾਂਦਾ ਹੈ ਚੰਦ ਦੇ ਵਧਣ ਜਾਂ ਘਟਣ ਦੇ ਹਿਸਾਬ ਨਾਲ ਵੀ ਕਲੰਡਰ ਬਨਿਆ ਸੀ ਜਿਸ ਵਿਚ ਬਾਰਾਂ ਮਹੀਨੇ ਸਨ ਅਤੇ ਹਰ ਮਹੀਨੇ ਦੇ ਉਨੱਤੀ ਦਸ਼ਮਲਵ ਪੰਜ ਦਿਨ ਮਿਥੇ ਗਏ ਇਸ ਤਰਾਂ ਨਾਲ ਸਾਲ ਦੇ 29.5* 12 =354 ਦਿਨ ਬਨੇ ਜੋ ਕਿ ਸਾਲ ਤੋਂ ਗਿਆਰਾਂ ਦਿਨ ਘਟ ਸਨ ਇਸ ਲਈ ਹਰ ਚੌਥੇ ਸਾਲ ਵਿਚ ਤੇਰਾਂ ਮਹੀਨੇ ਬਨੇ ਅਤੇ ਤੇਰਵੇਂ ਮਹੀਨੇ ਨੂੰ ਲੌਣ ਦਾ ਮਹੀਨਾ ਆਖਿਆ ਗਿਆ।

ਸਮੇਂ ਦੀ ਛੋਟੀ ਇਕਾਈ ਸਕਿੰਟ ਰਖੀ ਗਈ 60 ਸਕਿੰਟ ਦਾ ਇਕ ਮਿੰਟ ਗਿਣਿਆ ਗਿਆ ਅਤੇ 60 ਮਿੰਟ ਦਾ ਇਕ ਘੰਟਾ ਗਿਣਿਆ ਗਿਆ ਇਕ ਦਿਨ ਵਿਚ 24 ਘੰਟੇ ਰਖੇ ਗਏ ਕਿਓਂ ਜੋ ਚੰਦ੍ਰਮਾ 24 ਘੰਟੇ ਵਿਚ ਧਰਤੀ ਦੁਆਲੇ ਇਕ ਚੱਕਰ ਪੂਰਾ ਕਰ ਲੈਂਦਾ ਹੈ ਸਤ ਦਿਨ ਨੂੰ ਇਕ ਹਫਤਾ ਆਖਿਆ ਗਿਆ ਹੈ। ਸਮੇਂ ਦੀ ਮਿਣਤੀ ਲਈ ਸਿਖ ਧਰਮ ਦੇ ਪੈਰੋਕਾਰ ਸਰਦਾਰ ਪਾਲ ਸਿੰਘ ਪੁਰੇਵਾਲ ਵਲੋਂ ਨਾਨਕਸ਼ਾਹੀ ਕਲੰਡਰ ਦੀ ਖੋਜ ਕਾਫੀ ਅਧਿਐਨ ਤੋਂ ਬਾਅਦ ਕੀਤੀ ਗਈ ਹੈ। ਜਿਸ ਨੂੰ ਲੰਬੀ ਸੋਚ ਵਿਚਾਰ ਪਿਛੋਂ ਲਾਗੂ ਕਰ

ਲਿਆ ਗਿਆ ਅਤੇ ਗੁਰਪੁਰਬ ਆਦਿ ਲਈ ਦਿਨ ਪਕੇ ਕਰ ਲੈ ਗਏ ਹਨ। ਹੁਣ ਫੇਰ ਇਸ ਵਿਚ ਤਬਦੀਲੀਆਂ ਕਰ ਲਈਆਂ ਗਈਆਂ ਹਨ। ਜਿਸ ਨਾਲ ਸਿਖ ਧਰਮ ਵਿਚ ਧੜੇਬੰਦੀ ਉਭਰ ਰਹੀ ਹੈ। ਇਸ ਨੂੰ ਵਿਚਾਰਨ ਦੀ ਲੋੜ ਹੈ।

ਸਮੇਂ ਨੂੰ ਰੋਕਣਾ ਅਸੰਭਵ ਹੈ ਘੜੀ ਦੀਆਂ ਸੂਈਆਂ ਨਿਰੰਤਰ ਚਲ ਰਹੀਆਂ ਅਤੇ ਸਮਾਂ ਭਵਿਖਤ ਤੋ ਵਰਤਮਾਨ ਅਤੇ ਵਰਤਮਾਨ ਤੋਂ ਭੂਤਕਾਲ ਹੋ ਰਿਹਾ ਹੈ ਅਰਥਾਤ ਹੋਵੇਗਾ ਤੋਂ ਹੋ ਰਿਹਾ ਹੈ ਅਤੇ ਇਸ ਤੋਂ ਬਾਅਦ ਹੋ ਰਿਹਾ ਸੀ, ਬਣ ਰਿਹਾ ਹੈ। ਜੇਕਰ ਸਮੇਂ ਨੇ ਸਾਨੂੰ ਇਕ ਪਲ ਵੀ ਨਹੀਂ ਬਖਸ਼ਣਾ ਤਾਂ ਅਸੀਂ ਆਪਣਾ ਪਲ ਪਲ ਕਿਉਂ ਵਿਅਰਥ ਗੁਆ ਰਹੇ ਹਾਂ। ਸਮੇਂ ਦੀ ਕਦਰ ਕਰੋ ਜੇ ਕਰ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗੇ ਤਾਂ ਸਮਾਂ ਸਾਡੇ ਲਈ ਨਾ ਹੀ ਰੁਕੇਗਾ ਅਤੇ ਨਾ ਹੀ ਸਾਡੀ ਕਦਰ ਕਰੇਗਾ। ਸਮਾਂ ਨਿਰੰਤਰ ਚਲ ਰਿਹਾ ਹੈ ਇਸ ਨੂੰ ਆਪਣੇ ਫਾਇਦੇ ਲਈ ਇਸਤੇਮਾਲ ਕੀਤਾ ਜਾਵੇ।

# ਧੀਆਂ ਤੇਰੇ ਦੁਖ ਵੰਡਣੇ,
# ਪੁਤਾਂ ਵੰਡਣਾ ਵੇਹੜਾ ਵੇ ਬਾਪੂ ਤੇਰਾ

ਇਕ ਕਵਿਤਰੀ ਨੇ ਲਿਖਿਆ ਹੈ ਕਿ—ਜਦੋਂ ਮੈਂ ਜਮੀ ਮੈਂ ਪਰਾਈ ਸਾਂ, ਜਦੋਂ ਮੈਂ ਵਡੀ ਹੋਈ ਮੈਂ ਪਰਾਈ ਸਾਂ, ਜਦੋਂ ਮੈਂ ਬਾਹਰ ਨਿਕਲੀ ਮੈਂ ਪਰਾਈ ਸਾਂ, ਮੈਨੂੰ ਘਰ ਵਿਚ ਛੁਪਾਇਆ ਮੈਂ ਪਰਾਈ ਸਾਂ, ਮੈਨੂ ਮੇਰਿਆਂ ਡਰਾਇਆ ਮੈਂ ਪਰਾਈ ਸਾਂ, ਮੇਰੇ ਉਠਨ ਬੈਠਣ ਤੇ ਨਿਗਾਹਾਂ ਮੈਂ ਪਰਾਈ ਸਾਂ, ਮੇਰੀਆਂ ਨਿਗਾਹਾਂ ਤੇ ਨਿਗਾਹਾਂ ਮੈਂ ਪਰਾਈ ਸਾਂ, ਮੇਰੀ ਸਜ ਫ਼ਬ ਤੇ ਸ਼ਕ ਮੈਂ ਪਰਾਈ ਸਾਂ, ਮੈਂ ਲਾਲ ਚੂੜਾ ਪਹਨ ਤੇ ਪਚਰ ਆਪਣੇ ਘਰ ਪੁਜੀ ਮੈਂ ਪਰਾਈ ਸਾਂ, ਮੇਰੀ ਔਲਾਦ ਮਾਲਕ ਬਣੀ ਮੈਂ ਪਰਾਈ ਸਾਂ, ਅਤੇ ਹੁਣ ਤਕ ਪਰਾਈ ਹਾਂ।

ਜਦੋਂ ਤੂੰ ਜਮਿਆਂ ਤੂੰ ਮਾਲਕ ਸੀ, ਜਦੋਂ ਤੂੰ ਵਡਾ ਹੋਇਆ ਤੂੰ ਮਾਲਕ ਸੀ, ਜਦੋਂ ਤੂੰ ਬਾਹਰ ਨਿਕਲਿਆ ਤੂੰ ਮਾਲਿਕ ਸੀ, ਜਦੋਂ ਮੈਨੂ ਵਡਆਇਆ ਤੂੰ ਮਾਲਿਕ ਸੀ, ਜਦੋਂ ਤੂੰ ਡਰਾਇਆ ਤੂੰ ਮਾਲਿਕ ਸੀ, ਜਦੋਂ ਤੂੰ ਨਿਗਾਹ ਮਾਰੀ ਤੂੰ ਮਾਲਿਕ ਸੀ, ਜਦੋਂ ਤੂੰ ਨਿਗਾਹ ਲੜਾਈ ਤੂੰ ਮਾਲਿਕ ਸੀ, ਤੇਰੀ ਸਜ ਫ਼ਬ ਤੇ ਚਾ ਤੂੰ ਮਾਲਿਕ ਸੀ, ਜਦੋਂ ਤੂੰ ਘੋੜੀ ਚੜਿਆ ਵਾਗ ਸੰਭਾਲੀ ਡੋਲਾ ਲਿਆਇਆ ਤੂੰ ਮਾਲਿਕ ਸੀ, ਹੁਣ ਮੇਰੀ ਔਲਾਦ ਮਾਲਿਕ ਹੈ, ਮੈਂ ਪਰਾਈ ਸੀ ਤੇ ਹੁਣ ਤਕ ਪਰਾਈ ਹਾਂ।

ਔਰਤ ਦੀ ਇਹ ਹਾਲਤ ਅਜ ਦੀ ਨਹੀਂ ਪੁਰਾਤਨ ਸਮੇਂ ਤੋਂ ਔਰਤ ਨਾਲ ਏਹੋ ਹੀ ਵਿਵਹਾਰ ਹੋ ਰਿਹਾ ਹੈ। ਔਰਤ ਮੰਡੀ ਵਿਚ ਵਿਕਿਆ ਕਰਦੀ ਸੀ। ਔਰਤ ਨੂੰ ਵਿਲਾਸ ਪੂਰਤੀ ਅਤੇ ਮਨ ਪਰਚਾਵੇ ਦਾ ਸਾਧਨ ਜਾਣਿਆ ਜਾਂਦਾ ਸੀ ਅਤੇ ਜਨਮ ਤੋਂ ਬਾਅਦ ਵਖ ਵਖ ਢੰਗਾਂ ਨਾਲ ਮਾਰ ਦਿਤਾ ਜਾਂਦਾ ਸੀ ਜਿਨਾ ਵਿਚ ਜ਼ਹਰ ਦੇ ਕੇ ਮਾਰ ਦੇਣਾ ,ਗਰਦਨ ਘੁਟ ਕੇ ਖਤਮ ਕਰ ਦੇਣਾ ,ਦਾਈ ਵਲੋਂ ਹੀ ਕਿਸੇ ਢੰਗ ਨਾਲ ਖਤਮ ਕਰਨਾ ,ਅਕ ਦਾ ਦੁਧ ਦੇ ਕੇ ਮਾਰਨਾ ,ਪਾਣੀ ਵਿਚ ਮੂਧੀ ਪਾ ਦੇਣਾ ,ਸਿਆਲ ਵਿਚ ਠੰਡੇ ਥਾਂ ਪਾ ਦੇਣਾ ਜਾਂ ਗਰਮੀ ਵਿਚ ਗਰਮ ਥਾਂ ਤੇ ਮਲੂਕ ਜਿੰਦ ਨੂੰ ਪਾ ਕੇ ਖਤਮ ਕਰ ਦੇਣਾ ਪ੍ਰਮੁਖ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹਕ ਵਿਚ ਲੋਕਾਂ ਨੂੰ ਸਾਵਧਾਨ ਕੀਤਾ ਅਤੇ ਕਿਹਾ ਕਿ —

**ਸੋ ਕਿਓਂ ਮੰਦਾ ਆਖੀਏ ਜਿਤ ਜੰਮਹਿ ਰਾਜਾਨ**

ਭਾਵੇਂ ਕੁਝ ਵਿਚਾਰਵਾਨ ਇਸ ਤੁਕ ਦਾ ਗਲਤ ਅਰਥ ਕਢ ਰਹੇ ਹਨ ਕੇ ਇਹ ਸ਼ਬਦ ਗੁਰੂ ਜੀ ਨੇ ਇਸ ਲਈ ਵਰਤੇ ਕਿਓਂ ਜੋ ਔਰਤ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ ਇਸ ਲਈ ਮੰਦਾ ਵਿਹਾਰ ਔਰਤ ਨਾਲ ਨਾ ਕੀਤਾ ਜਾਵੇ। ਪ੍ਰੰਤੂ ਜੇ ਸਾਰੇ ਸਲੋਕ ਨੂੰ ਪੜਿਆ

ਜਾਵੇ ਤਾਂ ਬਿਲਕੁਲ ਸਪਸ਼ਟ ਹੈ ਕੇ ਉਸ ਸਮੇਂ ਦੀ ਔਰਤ ਦੀ ਤਰਸ ਯੋਗ ਹਾਲਤ ਦੇਖ ਕੇ ਗੁਰੂ ਜੀ ਨੇ ਅਵਾਜ਼ ਬੁਲੰਦ ਕੀਤੀ ਸੀ।

ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਵੀ ਦਰਜ ਹੈ -

**ਸੀਲ ਖਾਨ ਕਨਿਆ ਇਕ ਹੋਵੇ ਨਹੀਂ ਤਾਂ ਮਾਂ ਗ੍ਰਿਹਸਤ ਵਿਗੋਵੇ**

ਰਾਜਾ ਗਜਪਤ ਸਿੰਘ ਦੇ ਘਰ ਪੇਦਾ ਹੋਈ ਲੜਕੀ ਨੂੰ ਕੂਜੇ ਵਿਚ ਪਾ ਕੇ ਧਰਤੀ ਵਿਚ ਦਬਾ ਦਿਤਾ ਗਿਆ ਸੀ ਅਤੇ ਜਦੋਂ ਇਕ ਸੰਤ ਮਹਾਤਮਾ ਉਸ ਰਾਹ ਗੁਜਰੇ ਤਾਂ ਓਹਨਾ ਨੇ ਰੋਣ ਦੀ ਅਵਾਜ਼ ਸਨ ਕੇ ਮਿਟੀ ਖੁਦਵਾਈ ਅਤੇ ਕੂਜੇ ਨੂੰ ਬਾਹਰ ਕਢਵਾ ਕੇ ਉਸ ਵਿਚੋਂ ਨਨ੍ਹੀ ਜਾਨ ਨੂੰ ਕਢਵਾਇਆ ਤਾਂ ਉਸ ਲੜਕੀ ਦੀ ਜਾਨ ਬਚ ਗਈ ਅਤੇ ਉਸ ਲੜਕੀ ਦੀ ਕੁਖ ਵਿਚੋਂ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ ਜਿਸ ਨੇ ਪੰਜਾਬ ਦੇ ਇਤਹਾਸ ਵਿਚ ਭਰਪੂਰ ਯੋਗ ਦਾਨ ਪਾਇਆ। ਜੇਕਰ ਸੰਤ ਜੀ ਪਰ ਉਪਕਾਰ ਨੇ ਕਰਦੇ ਤਾਂ ਪੰਜਾਬ ਦਾ ਇਤਿਹਾਸ ਹੋਰ ਹੀ ਹੁੰਦਾ। ਸੋ ਇਹ ਤਾਂ ਸਪਸ਼ਟ ਹੈ ਕੇ ਕੇਵਲ ਗਰੀਬ ਲੋਕ ਹੀ ਦਾਜ ਦੇ ਕਰਨ ਧੀਆਂ ਨੂੰ ਕਤਲ ਨਹੀਂ ਕਰਦੇ ਸਗੋਂ ਸਰਦੇ ਪੁਜਦੇ ਲੋਕ ਵੀ ਇਹ ਕੰਮ ਕਰਦੇ ਸੀ ਓਹਨਾ ਦਾ ਵਿਚਾਰ ਸੀ ਕੇ ਲੜਕੀ ਦੇ ਪਿਤਾ ਅਤੇ ਭਰਾਵਾਂ (ਮਰਦ ਪਰਧਾਨ ਸਮਾਜ ਵਿਚ ਮਰਦ) ਦਾ ਸਿਰ ਕਿਸੇ ਹੋਰ ਮਰਦ ਦੇ ਅਗੇ ਨਾ ਝੁਕੇ।

ਵਿਗਿਆਨ ਨੇ ਤਰਕੀ ਕੀਤੀ ਹੈ, ਲਟਰਓ ਸ਼ੁਨਦ ਮਸ਼ੀਨਾ ਦੀ ਖੋਜ ਕਰ ਲਈ ਹੈ ਅਸੀਂ ਗਰਭ ਵਿਚ ਹੀ ਦੇਖ ਸਕਦੇ ਹਾਂ ਕੇ ਨਵਾਂ ਬਚਾ ਲੜਕਾ ਹੈ ਜਾਂ ਲੜਕੀ ਅਤੇ ਲੜਕੀ ਸਾਨੂੰ ਮਨਜ਼ੂਰ ਨਹੀਂ ਇਸ ਲਈ ਉਸ ਨੂੰ ਗਰਭ ਵਿਚ ਹੀ ਖਤਮ ਕਰ ਦਿੰਦੇ ਹਾਂ ਅਤੇ ਅਤੀ ਮਾੜਾ ਕੰਮ ਕਰ ਰਹੇ ਹਾਂ। ਕੀ ਮਸ਼ੀਨ ਇਸ ਲਈ ਖੋਜੀ ਗਈ ਸੀ-----ਨਹੀ। ਮਸ਼ੀਨ ਦੀ ਮਦਦ ਨਾਲ ਅਸੀਂ ਇਹ ਪਤਾ ਕਰਨਾ ਹੈ ਕੇ ਅਓਨ ਵਾਲੇ ਬਚੇ ਨੂੰ ਕੋਈ ਅਜੇਹੀ ਬਿਮਾਰੀ ਨਾ ਹੋਵੇ ਜਿਸ ਕਾਰਣ ਓਹ ਚੰਗਾ ਜੀਵਨ ਬਤੀਤ ਨਾ ਕਰ ਸਕੇ ਜਾਂ ਓਸ ਨੂੰ ਕੋਈ ਅਜੇਹਾ ਰੋਗ ਨਾ ਲਗਾ ਹੋਵੇ ਜਿਸ ਦਾ ਉਪਚਾਰ ਸੰਭਵ ਨਾ ਹੋਵੇ ਤਾਂ ਓਸ ਨੂੰ ਪੈਦਾ ਹੋਣ ਤੋਂ ਪਹਿਲਾਂ ਹੀ ਇਲਾਜ ਕਾਰਣ ਸੰਬੰਧੀ ਖੋਜਾਂ ਕਰਕੇ ਜਾਂ ਉਪਲਬਧ ਦਵਾਈ ਦੇ ਕੇ ਰੋਗ ਮੁਕਤ ਕੀਤਾ ਜਾ ਸਕੇ। ਪਰ ਅਸੀਂ ਤਾਂ ਉਲਟਾ ਕੰਮ ਕਰ ਰਹੇ ਹਾਂ ਪਰ ਯਾਦ ਰਹੇ ਕੇ ਜੇ ਗਿਣਤੀ ਠੀਕ ਨਾ ਹੋਈ ਤਾਂ ਊਨਾ ਬੋਨਾ ਸਮਾਜ ਬਨੇਗਾ। ਵੇਲਾ ਹੈ ਜਾਗਣ ਦਾ ਅਤੇ ਅਪਨੀ ਸੋਚ ਨੂੰ ਸਵਾਰਨ ਦਾ ਨਹੀਂ ਤਾਂ ਹਾਲਾਤ ਕਾਬੂ ਤੋਂ ਬਾਹਰ ਹੋ ਜਾਣਗੇ।

Electronic Media ਰਾਂਹੀ ਜੋ ਗੀਤ ਵਿਖਾਏ ਜਾਂ ਸੁਨਾਏ ਜਾ ਰਹੇ ਹਨ ਉਸ ਦੀ ਵਨਗੀ ਸੁਣ ਕੇ/ ਵੇਖ ਕੇ ਅੰਦਾਜ਼ਾ ਲਗ ਸਕਦਾ ਹੈ ਕੇ ਅਸੀਂ ਔਰਤਾਂ ਪ੍ਰਤੀ ਕੀਨੇ ਸੁਹਰਿਦ ਹਾਂ -

**ਕਰ ਦੂੰ ਗਜ ਵਰਗੀ ਜੇ ਫੇਰ ਬਰਾਬਰ ਬੋਲੀ**

ਗੀਤਾਂ ਵਿਚ ਇਹ ਸ਼ਬਦ ਬੋਲ ਕੇ ਅਸੀਂ ਕੀ ਦਸਣਾ ਚਾਹੁੰਦੇ ਹਾਂ ਅਤੇ

**ਓਹ ਦੇਖੋ ਸੜਕਾਂ ਤੇ ਅਗ ਤੁਰੀ ਜਾਂਦੀ ਹੈ**

ਇਕ ਗੀਤਕਾਰ ਇਹ ਬੋਲ ਕੇ ਕੀ ਦਸ ਰਿਹਾ ਹੈ ਅਤੇ

**ਹੋਇਆ ਕੀ ਜੇ ਨਚਦੀ ਦੀ ਬਾਹਾਂ ਫੜ ਲਈ ਡਾਕਾ ਤਾਂ ਨੀ ਮਾਰਿਆ**

ਕੀ ਇਸ ਗੀਤਕਾਰ ਨੂੰ ਇਹ ਨਹੀਂ ਪਤਾ ਕਿ ਬਾਹਾਂ ਫੜਨ ਦਾ ਕੀ ਅਰਥ ਹੈ।

ਅਜੇਹੀਆਂ ਹੋਰ ਉਦਾਹਰਨਾਂ ਦਿਤੀਆਂ ਜਾ ਸਕਦੀਆਂ ਹਨ ਇਹ ਤਾਂ ਕੇਵਲ ਥੋੜੀ ਦਾਲ ਨੂੰ ਵੇਖਿਆ ਗਿਆ ਹੈ ਅਜੇ ਪਤੀਲਾ ਬਾਕੀ ਹੈ। ਜਦੋਂ ਮੀਡਿਆ ਵਿਚ ਔਰਤ ਦੇ ਸਰੀਰ ਨੂੰ ਅਸ਼ਲੀਲ ਢੰਗ ਨਾਲ ਵਿਖਾਇਆ ਜਾਂਦਾ ਹੈ ਅਤੇ ਭੂਖੀ ਨਜ਼ਰ ਉਸ ਦਾ ਪਿਛਾ ਕਰਦੀ ਹੈ ਕੀ ਅਸੀਂ ਔਰਤ ਨੂੰ ਸਨਮਾਨ ਦੇ ਰਹੇ ਹਾਂ ਅਤੇ ਸੋਚ ਰਹੇ ਹਾਂ ਕੇ ਕੁੜੀਆਂ ਨੂੰ ਕੁਖ ਵਿਚ ਨਾ ਮਾਰਿਆ ਜਾਵੇ।ਜ਼ਰਾ ਸੋਚੋ ਸਾਡੀ ਅਕਲ ਤੇ ਪਰਦਾ ਤਾਂ ਨਹੀਂ ਪੈ ਗਿਆ। ਇਸ ਲਈ ਸਾਨੂੰ ਜ਼ਿਮੇਂਵਾਰੀ ਲੇਨੀ ਪਵੇਗੀ ਅਤੇ ਜ਼ਿਮੇਵਾਰੀ ਤੋਂ ਭਜ ਕੇ ਨਹੀਂ ਸਰਨਾ।

ਜੇ ਕਰ ਪੁਤਰ ਮਿਠੜੇ ਮੇਵੇ ਹਨ ਤਾਂ ਧੀਆਂ ਮਿਸਰੀ ਦੀਆਂ ਡਲੀਆਂ ਹਨ ਮਿਠਾਸ ਵਿਚ ਕੋਈ ਅੰਤਰ ਨਹੀਂ ਹੈ

2011 ਦੀ ਗਿਣਤੀ ਵਿਚ ਮਿਲੇ ਅੰਕੜੇ ਸਥਿਤੀ ਵਿਚ ਸੁਧਾਰ ਨਹੀਂ ਦਸਦੇ ਭਾਵੇਂ ਕਾਫੀ ਯਤਨ ਕੀਤੇ ਗਏ ਹਨ ਹੋਰ ਸੁਧਾਰਾਂ ਅਤੇ ਔਰਤਾਂ ਲਈ ਸਹੂਲਤਾਂ ਦੀ ਲੋੜ ਹੈ ਸਾਵਾਂ ਸਮਾਜ ਸਿਰਜਣ ਦੀ ਲੋੜ ਹੈ ਉਸ ਲਈ ਇਹ ਜਰੂਰੀ ਹੈ ਕੇ ਔਰਤ ਪੜੀ ਲਿਖੀ ਹੋਵੇ ਸਰਕਾਰਾਂ ਨੂੰ ਬੀ ਏ ਤਕ ਦੀ ਪੜਾਈ ਲੜਕੀਆ ਲਈ ਮੁਫਤ ਕਰ ਦੇਣੀ ਚਾਹੀਦੀ ਹੈ।ਚੰਗੀ ਵਿਦਿਆ ਦੇ ਮੌਕੇ ਦੇ ਕੇ ਔਰਤ ਨੂੰ ਆਤਮ ਨਿਰਭਰ ਕਰਨ ਦੇ ਯਤਨ ਜਰੂਰੀ ਹਨ। ਔਰਤਾਂ ਦੀ ਸੁਰਿਖਿਆ ਯਕੀਨੀ ਹੋਵੇ। ਦਾਜ ਦੀ ਲਾਹਨਤ ਖਤਮ ਕਰਨੀ ਅਤੇ ਜੜੋਂ ਹੀ ਪੁਟਨੀ ਪਵੇਗੀ। ਦਾਜ ਦੇ ਲੋਭੀਆਂ ਨੂੰ ਉਚਿਤ ਸਜਾਵਾਂ ਦਿਤੀਆ ਜਾਣ। ਦਾਜ ਨਾਲ ਸੰਬੰਧਿਤ ਕੇਸਾਂ ਦਾ ਛੇਤੀ ਤੋਂ ਛੇਤੀ ਨਿਪਟਾਰਾ ਕਰ ਕੇ ਕਰੜੀ ਸਜਾ ਦਿਤੀ ਜਾਵੇ।

ਔਰਤ ਨੂੰ ਖੁਦ ਵੀ ਮੁਕਾਬਲਾ ਕਰਨਾ ਪਵੇਗਾ? ਸ਼ਹੀਦੇ ਆਜ਼ਮ ਭਗਤ ਸਿੰਘ ਨੇ ਕਿਹਾ ਸੀ ---------

**ਦੇਹਰ (ਦੁਨੀਆ) ਸੇ ਕਿਓਂ ਖਫਾ ਰਹੇਂ,**
**ਦਰਖ (ਅਸਮਾਨ) ਕਾ ਕਿਓਂ ਗਿਲਾ ਕਰੇਂ।**
**ਸਾਰਾ ਜਹਾਂ ਅਦੂ (ਦੁਸ਼ਮਨ) ਸਹੀ, ਆਓ ਮੁਕਾਬਲਾ ਕਰੇਂ।**

ਹਮੇਸ਼ਾ ਇਸ ਗਲ ਦਾ ਸਮਾਜ ਨੂੰ ਧਿਆਨ ਰਖਣਾ ਚਾਹੀਦਾ ਹੈ ਕਿ-

**ਧੀਆਂ ਤੇਰੇ ਦੁਖ ਵੰਡਣੇ, ਪੁਤਾਂ ਵੰਡਣਾ ਵੇਹੜਾ ਵੇ ਬਾਪੂ ਤੇਰਾ**

ਅਤੇ ਔਰਤ ਨੂੰ ਅਜੇਹਾ ਮਾਹੋਲ ਦਿਤਾ ਜਾਵੇ ਤਾਂ ਜੋ ਔਰਤ ਸੋਚਣ ਲਈ ਮਜਬੂਰ ਨਾ ਹੋਵੇ ਕੇ ਉਸ ਦਾ ਕੇਹੜਾ ਘਰ ਹੈ

ਬਾਬਲ ਦਾ ਘਰ ਜਾਂ ਪਤੀ ਦਾ ਘਰ ਜਾਂ ਪੁਤਰ ਦਾ ਘਰ ਜਾਂ ਫਿਰ ਕੋਈ ਵੀ ਨਹੀਂ।

# ਕੀ ਸਾਨੂੰ ਆਪਣੀ ਔਲਾਦ ਪਿਆਰੀ ਨਹੀਂ

ਪਰਮਾਤਮਾ ਨੇ ਸਾਰੇ ਜੀਵ ਜੰਤੂਆਂ ਤੇ ਅਥਾਹ ਮੇਹਰਬਾਨੀ ਕਰ ਕੇ ਬਿਨਾ ਕਿਸੇ ਕੀਮਤ ਤੋਂ ਹਵਾ, ਪਾਣੀ,ਧੁਪ ਅਤੇ ਭੂਮੀ ਬਖਸ਼ੀ ਹੈ। ਜੀਵ ਜੰਤੂ ਲਈ ਬਿਨਾ ਹਵਾ ਤੋਂ ਜੀਵਨ ਸੰਭਵ ਨਹੀਂ ਹੈ ਧੁਪ ਜਾਂ ਸੂਰਜੀ ਸ਼ਕਤੀ ਪ੍ਰਾਪਤ ਕੀਤੇ ਬਿਨਾ, ਅਤੇ ਪਾਣੀ ਤੋਂ ਬਿਨਾ ਜਾਨਦਾਰ ਜੀਵਾਂ ਦਾ ਜੀਵਨ ਦਾ ਵਿਸਥਾਰ ਅਤੇ ਵਾਧੇ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ ਦਾ ਦਰਜਾ ਦਿਤਾ ਹੈ ,ਧਰਤੀ ਨੂੰ ਮਾਂ ਦਾ ਰੁਤਬਾ ਅਤੇ ਪਾਣੀ ਨੂੰ ਪਿਤਾ ਦੇ ਸਮਾਨ ਲਿਖਿਆ ਹੈ।

**ਸਲੋਕੁ ॥**
**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥** *(ਅੰਗ ੮)*

ਹਵਾ ਸਰੀਰ ਲਈ ਇਸ ਤਰਾਂ ਹੈ ਜਿਵੇਂ ਗੁਰੂ ,ਇਹ ਪ੍ਰਭੂ ਆਪ ਹੀ ਹੈ ਅਤੇ ਪਾਣੀ ਜੋ ਸਭ ਜੀਵਾਂ ਦੇ ਪਿਤਾ ਦੀ ਤਰਾਂ ਹੈ ਅਤੇ ਧਰਤੀ ਮਾਤਾ ਵਾਂਗ ਹੀ ਹੈ ਮਾਂ ਜਿਸ ਤਰਾਂ ਮਾਂ ਬਚੇ ਨੂੰ ਗਰਭ ਅੰਦਰ ਰਖਦੀ ਹੈ ਜਨਮ ਦਿੰਦੀ ਹੈ ਉਸੇ ਤਰਾਂ ਹੀ ਧਰਤੀ ਮਾਂ ਵਾਂਗ ਹੀ ਬੀਜਾਂ ਨੂੰ ਪੇਟ ਵਿਚ ਰਖਦੀ ਹੈ ਅਤੇ ਪੌਦੇ ਉਗਦੇ ਹਨ ਮਾਂ ਦੀ ਤਰ੍ਹਾਂ ਹੀ ਪਾਲਣ ਪੋਸ਼ਣ ਕਰਦੀ ਹੈ ਖੁਰਾਕ ਦਿੰਦੀ ਹੈ ਅਸਲ ਵਿਚ ਇਹ ਪਰਮਾਤਮਾ ਆਪ ਹੀ ਹੈ ਜੋ ਸਾਰਾ ਖੇਲ ਵਰਤਾਰਾ ਕਰ ਰਿਹਾ ਹੈ ਦਿਨ ਅਤੇ ਰਾਤ ਖਿਡਾਵੀ ਅਤੇ ਖਿਡਾਵਾ ਹਨ ਇਹਨਾ ਦੇ ਅਸਰ ਹੇਠ ਸਾਰਾ ਜਗਤ ਖੇਡ ਰਿਹਾ ਹੈ। ਗੁਰਬਾਣੀ ਵਿਚ ਦਰਜ ਹੈ ਜੋ ਅੰਗ 1020 ਉਪਰ ਸੁਭਾਏਮਾਨ ਹੈ

**ਪਉਣੁ ਗੁਰੂ ਪਾਣੀ ਪਿਤ ਜਾਤਾ ॥ ਉਦਰ ਸੰਜੋਗੀ ਧਰਤੀ ਮਾਤਾ ॥**
**ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥**

ਅਤੇ

**ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥**
**ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥**

*(ਅੰਗ ੩੫੪)*

ਜੇਹੜੀ ਗਾਂ ਦੁਧ ਨਹੀਂ ਦੇ ਰਹੀ ਓਹ ਗਾਂ ਕਿਸ ਕੰਮ ਦੀ ਹੈ, ਜੇਹੜੇ ਪੰਛੀ ਦੇ ਖੰਭ ਨਾ ਹੋਣ ਉਸ ਦਾ ਕੋਈ ਸਹਾਰਾ ਨਹੀਂ ਹੁੰਦਾ ਅਤੇ ਉਡਾਣ ਨਹੀਂ ਭਰ ਸਕਦਾ ਬਨਾਸਪਤੀ ਪਾਣੀ ਤੋਂ ਬਿਨਾ ਹਰੀ ਨਹੀਂ ਹੋ ਸਕਦੀ ਓਹ ਬਾਦਸ਼ਾਹ ਕਾਹਦਾ ਹੈ ਜਿਸ ਨੂੰ ਕੋਈ ਵੀ ਸਲਾਮ ਨਾ ਕਰੇ ਇਸੇ ਤਰਾਂ ਹੇ ਮੇਰੇ ਪਰਮਾਤਮਾ ਜਿਸ ਹਿਰਦੇ ਵਿਚ ਤੇਰਾ ਨਾਮ ਨਹੀਂ ਓਹ

ਤਾਂ ਇਕ ਹਨੇਰੀ ਕੋਠੜੀ ਹੈ।

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥** *(ਅੰਗ ੪੭੨)*

ਪਰਮਾਤਮਾ ਬਹੁਤ ਬੇਪਰਵਾਹ ਹੈ ਅਤੇ ਸਾਡਾ ਕਿਤਨਾ ਧਿਆਨ ਰਖਦਾ ਹੈ ਕੇ ਸਾਨੂੰ ਸਮੇਂ ਸਮੇਂ ਤੇ ਬਰਸਾਤ ਰਾਹੀਂ ਪਾਣੀ ਪ੍ਰਦਾਨ ਕਰਦਾ ਹੈ। ਇਸ ਲਈ ਸਾਨੂੰ ਵੀ ਧਿਆਨ ਰਖਣ ਦੀ ਲੋੜ ਹੈ ਇਸ ਬਹੁਮੁਲੇ ਕੁਦਰਤ ਦੇ ਤੋਹਫ਼ੇ ਨੂੰ ਪ੍ਰਦੂਸ਼ਿਤ ਨਾ ਕਰੀਏ ਅਤੇ ਨਾ ਹੀ ਇਸ ਦੀ ਵਿਅਰਥ ਵਰਤੋਂ ਕੀਤੀ ਜਾਵੇ।ਅਜੇਹਾ ਨਾ ਹੋਵੇ ਅਓਨ ਵਾਲੀਆਂ ਨਸਲਾਂ ਇਸ ਕੁਦਰਤੀ ਸੋਮੇ ਤੋਂ ਵਿਰਵੀਆਂ ਰਹ ਜਾਣ। ਜੇ ਕਰ ਅਸੀਂ ਵਕਤ ਸਿਰ ਨਾ ਸੰਭਲੇ ਤਾਂ ਪੀਣ ਲਈ ਸੁਧ ਪਾਣੀ ਵੀ ਨਹੀਂ ਪ੍ਰਾਪਤ ਹੋਵੇਗਾ।

**ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥**
**ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥** *(ਅੰਗ ੧੪੨੦)*

ਪਾਣੀ ਭਾਵੇਂ ਖ਼ੂਬ ਵਰਸਦਾ ਹੈ ਪਰ ਸਵਾਂਤੀ ਬੂੰਦ ਸਹਿਜੇ ਹੀ ਮਿਲਦੀ ਹੈ ਸਾਰੀ ਬਨਾਸਪਤੀ ਜਲ ਤੋਂ ਹੀ ਉਪਜਦੀ ਹੈ ਅਤੇ ਪਿਆਸ ਬੁਝਾਣ ਲਈ ਕੁਦਰਤੀ ਜਲ ਸੋਮੇ ਮਨੁੱਖਤਾ ਲਈ ਹੀ ਹਨ। ਇਨ੍ਹਾਂ ਦਾ ਵਪਾਰੀ ਕਰਨ ਵੀ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ।

ਅਤੇ ਹੋਰ ਵੀ ਇਸ ਸੰਬੰਧ ਵਿਚ ਲਿਖਿਆ ਗਿਆ ਹੈ -

**ਪਾਣੀ ਪਿਤਾ ਦੀ ਰੋਂਦੀ ਕਲਕਲ**
**ਕਿੰਨਾ ਵਿਰਲਾਪ ਹੈ ਕਰ ਰਹੀ**
**ਪਾਣੀ ਪਿਤਾ-**
**ਆਪਣੀ ਕਾਇਆ ਤੋਂ ਡਰ ਗਿਆ**
**ਏਨੀ ਗੰਧਲੀ ਕਾਇਆ**
**ਕਿਸੇ ਵੀ ਯੁੱਗ ਵਿੱਚ**
**ਉਹਦੇ ਹਿੱਸੇ ਨਹੀਂ ਆਈ**
**ਕਦੀ ਵੀ ਉਹਦੀਆਂ ਨਦੀਆਂ 'ਚ**
**ਸ਼ੈਤਾਨੀ ਖ਼ੂਨ ਨਹੀਂ ਵਗਿਆ**
**ਰਸਾਇਣਾਂ ਤੇ ਜ਼ਹਿਰਾਂ ਨੇ**
**ਕਦੇ ਵੀ ਉਹਨੂੰ ਏਨਾ ਨਹੀਂ ਡਸਿਆ**
**ਕੀ ਕਰੇ ਪਾਣੀ ਪਿਤਾ!**

ਸਫਾਈ ਰਖਣੀ ਅਤੀ ਜ਼ਰੂਰੀ ਹੈ ਅਤੇ ਜੇ ਕਰ ਸਫਾਈ ਨਾ ਰਖੀ ਜਾਵੇ ਤਾਂ ਅਸੀਂ ਕਈ ਬਿਮਾਰੀਆਂ ਨੂੰ ਸਦਾ ਪਤ੍ਰ ਭੇਜਦੇ ਹਾਂ। ਸਫਾਈ ਨਾ ਰਖ ਕੇ ਅਸੀਂ ਗੰਦਗੀ ਦਾ ਫੈਲਾ ਕਰਦੇ ਹਾਂ ਅਤੇ ਵਾਤਾਵਰਨ ਨੂੰ ਗੰਧਲਾ ਕਰਦੇ ਹਾਂ।ਜਿਵੇਂ ਕਿ ਉਪਰ ਦਸ ਆਏ ਹਾਂ ਕਿ ਸਾਨੂੰ ਉਸ ਅਪ੍ਰਮਪਾਰ ਵਲੋਂ ਬਿਨਾ ਕੋਈ ਕੀਮਤ ਲੈ ਸਾਫ਼ ਅਤੇ ਸੂਛ ਵਾਤਾਵਰਨ ਬਖਸ਼ਿਆ ਹੈ। ਅਸੀਂ ਉਸ ਵਿਚ ਮਿਲਾਵਟ ਕਰ ਕੇ ਉਸ ਨੂੰ ਦੂਸ਼ਿਤ ਕਰ ਰਹੇ ਹਾਂ। ਸਾਗਰਾਂ ਦੇ ਪਾਵਨ ਪਵਿਤਰ ਜਲ ਦੇ ਸੋਮਿਆਂ ਨੂੰ ਕਾਰਖਾਨਿਆਂ ਵਿਚੋਂ ਨਿਕਲੇ ਰਸਾਇਣ ਯੁਕਤ ਪਾਣੀਆਂ ਨਾਲ ਪ੍ਰਦੂਸ਼ਿਤ ਕਰ ਰਹੇ ਹਾਂ, ਸ਼ਹਿਰਾਂ ਵਿਚੋਂ ਨਿਕਲਣ ਵਾਲਾ ਗੰਦਾ ਪਾਣੀ ਅਸੀਂ ਨੇੜੇ

ਦੀ ਨਹਰ ਵਿਚ ਪਾ ਕਿ ਅਸੀਂ ਪੀਣ ਯੋਗ ਪਾਣੀ ਨੂੰ ਗੰਧਲਾਂ ਕਰ ਰਹੇ ਹਾਂ ਅਜੇਹਾ ਕਰ ਕੇ ਅਸੀਂ ਆਪਣਾ ਨੁਕਸਾਨ ਤਾਂ ਕਰ ਹੀ ਰਹੇ ਹਾਂ ਨਾਲ ਹੀ ਅਪਨੀ ਔਲਾਦ ਲਈ ਵੀ ਕੰਡੇ ਬੀਜ ਰਹੇ ਹਾਂ ਅਤੇ ਉਮੀਦ ਰਖਦੇ ਹਾਂ ਕਿ ਔਲਾਦ ਸੁਖੀ ਰਹੇਗੀ। ਬਾਬਾ ਫਰੀਦ ਜੀ ਨੇ ਲਿਖਿਆ ਹੈ ਕਿ -

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥** *(ਪੰਨਾ ੧੩੭੯)*

ਜੇ ਕਰ ਸਾਡਾ ਇਹ ਕੰਮ ਇਸ ਤਰਾਂ ਹੀ ਚਲਦਾ ਰਿਹਾ ਤਾਂ ਸਾਡੀਆਂ ਆਓਨ ਵਾਲੀਆਂ ਨਸਲਾਂ ਸਾਨੂੰ ਮੁਆਫ ਨਹੀਂ ਕਰਨਗੀਆਂ ਕਿਓਂ ਜੋ ਅਸੀਂ ਉਨ੍ਹਾਂ ਲਈ ਸਾਫ਼ ਪੀਣ ਯੋਗ ਪਾਣੀ ਦਾ ਖਾਤਮਾ ਕਰ ਚੁਕੇ ਹੋਵਾਂਗੇ।

ਹਵਾ ਨੂੰ ਵੀ ਅਸੀਂ ਨਹੀਂ ਬਖਸ਼ਿਆ ਉਸ ਨੂੰ ਵੀ ਪ੍ਰਦੂਸ਼ਿਤ ਕਰਨ ਵਿਚ ਖੇਤਾਂ ਦੀ ਪਰਾਲੀ ਨੂੰ ਅੱਗ ਲਗਾ ਕਿ ਹਵਾ ਵਿਚ ਕਾਲਾ ਧੂਆਂ ਮਿਲਾ ਕਿ ਇਸ ਨੂੰ ਗੰਧਲਾ ਕਰ ਰਹੇ ਹਾਂ ਕਾਲੇ ਧੂਏਂ ਵਿਚ ਬਹੁਤ ਸਾਰੀਆਂ ਗੈਸਾਂ ਮਿਲੀਆਂ ਹੋਈਆਂ ਹੁੰਦੀਆਂ ਹਨ ਜੋ ਕਿ ਸੇਹਤ ਲਈ ਹਾਨਿਕਾਰਕ ਹਨ।ਪਰਾਲੀ ਨੂੰ ਸਾਭਣ ਲਈ ਹੋਰ ਬਹੁਤ ਸਾਰੇ ਢੰਗ ਹਨ ਪ੍ਰੰਤੂ ਅਸੀਂ ਜੇਹੜਾ ਤਰੀਕਾ ਆਪਣਾ ਲਿਆ ਹੈ ਓਹ ਬਹੁਤ ਹੀ ਹਾਨੀਕਾਰਕ ਹੈ। ਇਸ ਤਰਾਂ ਨਾਲ ਕੇਵਲ ਅਸੀਂ ਹਵਾ ਨੂੰ ਹੀ ਪ੍ਰਦੂਸ਼ਿਤ ਨਹੀਂ ਕਰ ਰਹੇ ਸਗੋਂ ਭੂਮੀ ਵਿਚੋਂ ਬਹੁਤ ਸਾਰੇ ਉਪਜਾਊ ਤੱਤ ਨਸ਼ਟ ਕਰ ਰਹੇ ਹਾਂ ਅਤੇ ਮਿਤਰ ਕੀਟਾ ਨੂੰ ਖਤਮ ਕਰ ਰਹੇ ਹਾਂ। ਹਵਾ ਵਿਚ ਵਧ ਰਹੇ ਪ੍ਰਦੂਸ਼ਣ ਕਾਰਣ ਅਸੀਂ ਦਮੇ, ਸਾਹ ਨਜਲੇ ਅਤੇ ਖਾਂਸੀ ਦੇ ਮਰੀਜ਼ ਪੈਦਾ ਕਰ ਰਹੇ ਹਾਂ ਇਹ ਬਿਮਾਰੀਆਂ ਖਤਰਨਾਕ ਹਨ ਅਤੇ ਜਾਨ ਲੇਵਾ ਵੀ ਸਾਬਤ ਹੋ ਸਕਦੀਆਂ ਹਨ।

ਸਾਫ਼ ਵਾਤਾਵਰਨ ਤੋਂ ਬਿਨਾ ਜੀਵਨ ਦੀ ਕਲਪਨਾ ਅਸੰਭਵ ਹੈ ਵਾਤਾਵਰਨ ਨੂੰ ਸਾਫ਼ ਮਨੁਖ ਦੇ ਸਹਯੋਗ ਤੋਂ ਬਿਨਾ ਸੰਭਵ ਹੀ ਨਹੀਂ ਹੈ। ਪਰੰਤੂ ਮਾਨਸ ਇਸ ਤੋਂ ਬੇਖ਼ਬਰ ਹੋ ਵਾਤਾਵਰਨ ਨੂੰ ਦੂਸ਼ਿਤ ਕਰਨ ਵਿਚ ਭਰਪੂਰ ਯੋਗ ਦਾਨ ਪਾ ਰਿਹਾ ਹੈ। ਕੁਦਰਤ ਨੂੰ ਪਿਆਰ ਕਰ ਕਿ ਅਸੀਂ ਕੁਦਰਤ ਦਾ ਅਨੰਦ ਅਨੁਭਵ ਕਰ ਸਕਦੇ ਹਾਂ। ਵਾਤਵਰਣ ਨੂੰ ਸਾਫ਼ ਰਖਨ ਲਈ ਬਹੁਤ ਸਾਰੀਆਂ ਸੰਸਥਾਵਾਂ ਹੋਕਾ ਹਾਂ ਦੇ ਰਹੀਆਂ ਹਨ। ਇਸ ਦੇ ਉਲਟ ਲੋਕ ਪੈਸੇ ਨੂੰ ਪਿਆਰ ਕਰ ਰਹੇ ਹਨ ਅਤੇ ਕੇਵਲ ਤੇ ਕੇਵਲ ਪੈਸੇ ਨੂੰ ਮੁਖ ਮੰਨ ਕਿ ਵਾਤਾਵਰਨ ਵਾਲੇ ਪਾਸੇ ਤੋਂ ਮੁਖ ਮੋੜ ਕੇ ਬੇ ਧਿਆਨ ਹੀ ਵਾਤਾਵਰਨ ਨੂੰ ਦੂਸ਼ਿਤ ਕਰ ਰਹੇ ਹਨ।ਇਸ ਲਈ ਲੋੜ ਹੈ ਕਿ ਵਾਤਾਵਰਨ ਦੇ ਨਾਲ ਮਿਤਰਤਾ ਵਾਲਾ ਰਿਸ਼ਤਾ ਕਾਇਮ ਕੀਤਾ ਜਾਵੇ। ਇਸ ਲਈ ਮਨੁਖ ਸੁਖ ਦਾ ਸਾਹ ਲੈ ਸਕਦਾ ਹੈ ਜੇ ਕਰ ਵਾਤਾਵਰਨ ਸੁਖਾਵਾਂ ਹੋਵੇਗਾ। ਰੁਖ ਵਾਤਾਵਰਨ ਨੂੰ ਸਾਫ਼ ਰਖਣ ਵਿਚ ਪੂਰਾ ਯੋਗ ਦਾਨ ਪਾਂਦੇ ਹਨ ਇਸ ਲਈ ਸਾਨੂੰ ਹੋਰ ਰੁਖ ਲਗਾਨੇ ਜ਼ਰੂਰੀ ਹਨ। ਸੋ ਜੇ ਕਰ ਇਹ ਨਾਹਰਾ ਮੁਖ ਰਖੋ ਕਿ ਹਰ ਮਨੁਖ ਲਾਵੇ ਇਕ ਰੁਖ। ਰੁਖ ਸਾਰੀ ਲੋਕਾਈ ਦੇ ਭਲੇ ਦਾ ਕੰਮ ਕਰਦੇ ਹਨ ਅਤੇ ਮਨੁਖ ਦੇ ਸਚੇ ਮਿਤਰ ਹਨ।

ਰੁਖਾਂ ਤੋਂ ਅਸੀਂ ਭਿਨ ਭਿਨ ਸੌਗਾਤਾਂ ਪ੍ਰਾਪਤ ਕਰ ਰਹੇ ਹਾਂ ਜੇ ਕਰ ਸਦਾ ਸਦਾ ਇਹ ਸੌਗਾਤਾਂ ਦੀ ਪ੍ਰਾਪਤੀ ਲੋੜਦੇ ਹਾਂ ਤਾਂ ਸਾਨੂੰ ਪੂਰੀ ਤਰਾਂ ਸੁਚੇਤ ਹੋਣਾ ਪਵੇਗਾ। ਕੁਝ ਖਾਸ ਮੌਕਿਆਂ ਉਪਰ ਅਸੀਂ ਰੁਖਾਂ ਉਪਰ ਮੌਲੀਆਂ ਜਾਂ ਧਾਗੇ ਬੰਨਦੇ ਹਾਂ ਅਤੇ ਰੁਖਾਂ ਦੀਆਂ ਜੜਾਂ

ਉਪਰ ਤੇਲ ਪਾ ਰਹੇ ਹਾਂ ਅਸੀਂ ਅਨਜਾਨੇ ਵਿਚ ਰੁਖ ਦੇ ਵਾਧੇ ਵਿਚ ਰੁਕਾਵਟ ਖੜੀ ਕਰਦੇ ਹਾਂ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਰੁਖ ਦੇ ਵਾਧੇ ਲਈ ਜੜਾਂ ਵਿਚ ਖੁਰਾਕ ਅਤੇ ਪਾਣੀ ਦੀ ਲੋੜ ਹੈ ਜੇ ਕਰ ਅਸੀਂ ਰੁਖਾਂ ਦੇ ਜੜ੍ਹੀਂ ਤੇਲ ਦਿੰਦੇ ਰਹੇ ਤਾਂ ਰੁਖਾਂ ਦੇ ਵਾਧੇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਲਈ ਅਓਨ ਵਾਲੀ ਸੰਤਾਨ ਦੀ ਖੁਸ਼ੀ ਲਈ ਹੋਰ ਰੁਖ ਲਗਾਈਏ ਨਾ ਕਿ ਪਹਿਲਾਂ ਲੱਗੇ ਰੁਖਾਂ ਦੇ ਜੜੀਂ ਤੇਲ ਦੇਈਏ।

ਇੱਕ ਕਵੀ ਰੁੱਖਾਂ ਅਤੇ ਪਾਣੀ ਦੇ ਸਬੰਧ ਵਿਚ ਦਸ ਰਿਹਾ ਹੈ ਕਿ -

**ਰੁੱਖ ਪਾਣੀ ਨਾ ਗੰਵਾਈ ਵੀਰਾ, ਵਾਤਾਵਰਣ ਬਚਾਈ ਵੀਰਾ।**
**ਪੰਖ ਪੰਖੇਰੂਆਂ ਨੂੰ ਪਾਣੀ ਦਾਣਾ, ਪੰਛੀਆਂ ਲਈ ਤੂੰ ਆਹਲਣਾ ਪਾਣਾ।**
**ਜਲ ਤੇ ਜੰਗਲ ਗਲੇ ਲਗਾ ਲੈ, ਸਾਂਭ ਸੰਭਾਲ ਕਰਵਾਈ ਵੀਰਾ।**
**ਫਲ ਫੁੱਲ ਅਤੇ ਸ਼ੁੱਧ ਹਵਾ, ਕੁਦਰਤ ਦੇ ਬਲਿਹਾਰੇ ਜਾ।**
**ਹਰ ਮਨੁੱਖ ਲਾਵੇ ਇੱਕ ਰੁੱਖ, ਕਹਿ ਕੇ ਸਾਰਿਆਂ ਨੂੰ ਜਗਾਈ ਵੀਰਾ।**
**ਰਹਿੰਦ ਖੂਹੰਦ ਨੂੰ ਅੱਗ ਨਾ ਲਾ, ਧਰਤੀ ਦੀ ਕੁੱਖ ਸੜਨੋ ਬਚਾ।**
**ਜ਼ਹਿਰੀਲਾ ਧੁਆਂ ਅਸਮਾਨਾਂ ਦੇ ਵਲ ਨੂੰ, ਹੋਰ ਨਾ ਹੁਣ ਚੜਾਈ ਵੀਰਾ।**
**ਵਾਤਾਵਰਨ ਨੂੰ ਬਚਾਈ ਵੀਰਾ, ਰੁੱਖ ਪਾਣੀ ਨਾ ਗੰਵਾਈ ਵੀਰਾ।**

ਪੰਜਾਬ ਅੰਦਰ ਪੈਦਾ ਕੀਤਾ ਜਾ ਰਿਹਾ ਝੋਨਾ ਪਾਣੀ ਦੇ ਪਧਰ ਤੇ ਅਸਰ ਪਾ ਰਿਹਾ ਹੈ ਜਿਸ ਕਾਰਨ ਪਾਣੀ ਦੀ ਕਿਲਤ ਮਹਸੂਸ ਕੀਤੀ ਜਾ ਰਹੀ ਹੈ ਪਾਣੀ ਜੋ ਉਤਲੇ ਪਧਰ ਤੇ ਹੀ ਪ੍ਰਾਪਤ ਹੋ ਰਿਹਾ ਸੀ ਹੁਣ 200 ਫ਼ੁਟ ਤੋਂ 400 ਫੁਟ ਤੇ ਉਪਲਭਦ ਹੋ ਰਿਹਾ ਹੈ। ਡੂੰਘੇ ਨਲਕੇ ਲਾਗ੍ਵਾਨੇ ਪੈ ਰਹੇ ਹਨ ਜੋ ਆਮ ਆਦਮੀ ਦੀ ਮਾੜੀ ਹਾਲਤ ਕਰਨ ਲਈ ਜ਼ਿਮੇਂਵਾਰ ਹੋ ਰਹੇ ਹਨ। ਫਸਲ ਦੀ ਉਪਜ ਵਿਚ ਵਾਧਾ ਕਰਨ ਲਈ ਅਸੀਂ ਬੇ ਹਿਸਾਬ ਖਾਦਾਂ ਪਾ ਰਹੇ ਹਾਂ ਅਤੇ ਕੀੜੇ ਮਾਰ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਇਹ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਿਚ ਪੂਰੀ ਤਰਾਂ ਨਾਲ ਸੇਹ?ਯੋਗ ਦੇ ਰਹੀ ਹੈ। ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ ਜੇ ਕਰ ਸਮੇਂ ਸਿਰ ਨਾ ਨਾ ਸੰਭਲੇ ਤਾਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਖਤਮ ਕਰਨ ਵੱਲ ਕਦਮ ਵਧਾ ਰਹੇ ਹੋਵਾਗੇ।

ਮੈਂ ਖੇਤੀ ਮਾਹਰਾਂ ਦੀ ਇਸ ਰਾਇ ਨਾਲ ਸਹਮਤ ਹਾਂ ਕਿ ਕੀਟ ਨਾਸ਼ਕਾਂ ,ਰਸੈਣਇਕ ਖਾਦਾਂ ਅਤੇ ਨਦੀਨ ਨਾਸ਼ਿਕਾਂ ਦੀ ਲੋੜ ਤੋਂ ਵਧੇਰੇ ਵਰਤੋਂ ਕਰਨ ਕਰ ਕਿ ਧਰਤੀ ਮਾਂ ਨੂੰ ਬੰਜਰ ਬਣਾਨ ਵੱਲ ਵਧ ਰਹੇ ਹਾਂ ਅਰਥਾਤ ਇਸ ਧਰਤੀ ਮਾਂ ਨੂੰ ਬਾਂਝ ਕਰਨ ਵਿਚ ਕੋਈ ਕਸਰ ਨਹੀਂ ਛਡ ਰਹੇ ਹਾਂ ਅਤੇ ਪੂਰਨ ਪੰਜਾਬ ਕੈਂਸਰ ਦਾ ਘਰ ਬਣ ਰਿਹਾ ਹੈ ਖੇਤੀ ਕਰ ਰਹੇ ਗੁਰਬਤ ਵਿਚ ਜੀਵਨ ਬਤੀਤ ਕਰਨ ਵਾਲਿਆਂ ਵਲੋਂ ਖੇਤੀ ਦੀ ਰੇਹੰਦ ਖ਼ੂੰਦ ਨੂੰ ਸਮੇਟਣ ਦੇ ਢੰਗਾਂ ਕਾਰਨ ਹਰ ਸਾਲ ਤਪਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਵਾਤਾਵਰਨ ਪ੍ਰਭਾਵਤ ਹੋ ਰਿਹਾ ਹੈ ਜਿਸ ਕਾਰਣ ਮਾਨਸੂਨ ਅਗੇ ਪਿਛੇ ਹੋ ਚੁਕੀ ਹੈ ਅਤੇ ਜਿਥੇ ਵਧੇਰੇ ਬਾਰਸ਼ ਹੋਇਆ ਕਰਦੀ ਸੀ ਉਨ੍ਹਾਂ ਥਾਵਾਂ ਉਪਰ ਸੋਕਾ ਪੈ ਰਿਹਾ ਹੈ ਅਤੇ ਜਿਥੇ ਸੋਕਾ ਸੀ ਉਥੇ ਵਧੇਰੇ ਮੀਂਹ ਪੈ ਰਹੇ ਹਨ ਜੇ ਕਰ ਸਮੇਂ ਸਿਰ ਨਾ ਸੰਭਲੇ ਤਾਂ ਅਸੀਂ ਆਪਣੀ ਔਲਾਦ ਲਈ ਕੰਡੇ ਹੀ ਬੀਜ ਰਹੇ ਹੋਵਾਂਗੇ ਅਤੇ ਓਹ ਵਿਚਾਰੇ ਆਪਣੇ ਵਡ ਵਡੇਰਿਆਂ ਨੂੰ ਕੋਸਨਗੇ ਨਾ ਕਿ ਉਨ੍ਹਾਂ ਉਪਰ ਮਾਣ ਕਰਨਗੇ। ਇਸ ਲਈ ਹਰ ਮਨੁਖ ਦੋ ਨਹੀਂ ਤਾਂ ਇਕ ਰੁਖ ਜ਼ਰੂਰ

ਲਗਾਵੇ ਤਾਂ ਹੀ ਧਰਤੀ ਨੂੰ ਹਰਾ ਭਰਾ ਰਖਿਆ ਜਾ ਸਕੇਗਾ ਅਤੇ ਪ੍ਰਦੂਸ਼ਨ ਨੂੰ ਘਟਾਣ ਵਿਚ ਹਿਸਾ ਪਾ ਸਕਾਂਗੇ।

ਸਭਿਆਚਾਰਕ ਪ੍ਰਦੂਸ਼ਨ ਵੀ ਕੁਝ ਗਾਇਕਾਂ ਵਲੋਂ ਫੈਲਾਇਆ ਜਾ ਰਿਹਾ ਹੈ ਮਨੋਰੰਜਨ ਦੇ ਨਾਮ ਤੇ ਅਸ਼?ਲੀਲਤਾ ਪਰੋਸ ਕਿ ਦਿਤੀ ਜਾ ਰਹੀ ਹੈ ਭਾਵੇਂ ਰਾਜ ਗਾਇਕ ਹੰਸ ਰਾਜ ਹੰਸ ਜੀ ਆਪਣੇ ਗੀਤ ---ਓਹ ਵੇਖੋ ਸੜਕਾਂ ਤੇ ਅੱਗ ਤੁਰੀ ਜਾਂਦੀ ਹੈ, ਦੇ ਲਈ ਮੁਆਫੀ ਮੰਗ ਚੁਕੇ ਹਨ ਪਰ ਅੱਜ ਕੁਝ ਗਾਇਕ ਤਾਂ ਇਸ ਤੋਂ ਵੀ ਅਗੇ ਲੰਘ ਕੇ ਇਤਨੀ ਅਸ਼ਲੀਲਤਾ ਪਰੋਸ ਕਿ ਦੇ ਰਹੇ ਹਨ ਜਿਸ ਨੂੰ ਮੇਰੀ ਕਲਮ ਲਿਖਣ ਤੋਂ ਵੀ ਸ਼ਰਮ ਮੰਨ ਰਹੀ ਹੈ। ਔਰਤਾਂ ਇਸ ਵਿਰੁਧ ਲਾਮ ਬੰਦ ਹੋ ਰਹੀਆਂ ਹਨ ਜੋ ਕਿ ਇਨ੍ਹਾ ਗਾਇਕਾਂ ਨੂੰ ਸਹੀ ਰਸਤਾ ਵਿਖਾਣ ਲਈ ਕਾਫੀ ਨਹੀਂ ਸਮੇਂ ਦੀ ਸਰਕਾਰ ਨੂੰ ਵੀ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਜੋ ਕਿ ਅਵੇਸਲੀ ਪ੍ਰਤੀਤ ਹੋ ਰਹੀ ਹੈ। ਸੋ ਜੇ ਅਸੀਂ ਨਵੀਂ ਪੀੜ੍ਹੀ ਲਈ ਚੰਗਾ ਵਿਰਸਾ ਦੇਣਾ ਲੋਚਦੇ ਹਾਂ ਤਾਂ ਅਜੇਹੇ ਗਾਇਕਾਂ ਨਾਲ ਸਖਤੀ ਨਾਲ ਪੇਸ਼ ਆਈਏ ਅਤੇ ਅਜੇਹੇ ਪ੍ਰੋਗਰਾਮਾਂ ਦਾ ਬਾਈਕਾਟ ਕਰੀਏ।

ਜੇ ਕਰ ਅਸੀਂ ਇਹ ਲੋਚਦੇ ਹਾਂ ਕਿ ਸਾਡੀ ਆਣ ਵਾਲੀ ਪੀੜ੍ਹੀ ਖੁਸ਼ਹਾਲ ਹੋਵੇ ਤਾਂ ਅਸੀਂ ਵਾਤਾਵਰਨ ਨੂੰ ਪ੍ਰਦੂਸ਼ਿਤ ਨਾਂ ਛੱਡ ਕੇ ਜਾਈਏ ਅਤੇ ਇਸ ਦੀ ਪਰਦੁਸ਼ਿਤਾ ਨੂੰ ਘਟਾਣ ਲਈ ਮਾਹਰਾਂ ਵਲੋਂ ਦਿਤੇ ਸੁਝਾਵਾਂ ਉਪਰ ਪੂਰੀ ਤਰਾਂ ਅਮਲ ਕਰੀਏ ਤਾਂ ਹੀ ਅਸੀਂ ਅਮੀਰ ਵਿਰਸਾ ਦੇ ਕੇ ਜਾ ਰਹੇ ਹੋਵਾਂਗੇ।

# ਚਰਖਾ ਚੰਨਣ ਦਾ

ਚਰਖਾ ਸ਼ਬਦ ਪੰਜਾਬੀ ਸਭਿਆਚਾਰ ਵਿਚ ਅਪਨੀ ਜਾਨ ਪਹਚਾਨ ਦਾ ਮੁਥਾਜ ਨਹੀਂ ਹੈ ਅਤੇ ਇਹ ਸ਼ਬਦ ਅਪਨੀ ਵਿਸ਼ੇਸ਼ ਥਾਂ ਰਖਦਾ ਹੋਇਆ ਕਿਸੇ ਵੇਲੇ ਆਰਥਕ ਹਾਲਤ ਦੀ ਬੇਹਤਰੀ ਲਈ ਯੋਗਦਾਨ ਪੌਦਾ ਰਿਹਾ ਹੈ ਘਰ ਦੀਆਂ ਸੁਆਣੀਆ ਚਰਖਾ ਕਤ ਕੇ ਖੇਸ ਦਰੀਆਂ ਆਦ ਬਨਵਾ ਕੇ ਧੀ ਦੇ ਦਾਜ ਨੂੰ ਧੀ ਦੇ ਜਨਮ ਲੇਨ ਦੇ ਨਾਲ ਹੀ ਸ਼ੁਰੂ ਕਰ ਦੀਆ ਕਰਦੀਆਂ ਸਨ। ਚਰਖਾ ਜੋ ਪੇਹ?ਲਾਂ ਘੁਮਦਾ ਚੱਕਰ ਸੀ ਦਾ ਇਤਿਹਾਸ 11ਵੀਂ ਸਦੀ ਨਾਲ ਜਾ ਲਗਦਾ ਹੈ। ਪੰਜਾਬ ਵੱਲ ਇਹ ਬਗਦਾਦ ਵਾਲੇ ਪਾਸੇ ਤੋਂ ਦਾਖਲ ਹੋਇਆ ਮਨਿਆ ਜਾਂਦਾ ਹੈ।ਵਰਤਮਾਨ ਹਾਲਤ ਭਾਵੇਂ ਇਸ ਦੀ ਤਰਸਯੋਗ ਹੋ ਚੁਕੀ ਹੈ ਇਹ ਕੇਵਲ ਗਿਧਿਆਂ ਨਾਚਾਂ ਦੇ ਕਾਲਜਾਂ ਦੇ ਮੁਕਾਬਲਿਆਂ ਸਮੇਂ ਸਟੇਜਾਂ ਤੇ ਨਜਰੀਂ ਪੈਂਦਾ ਹੈ। ਅਲੜ ਮੁਟਿਆਰਾਂ ਇਸ ਦੇ ਲਾਗੇ ਪੀੜੀ ਉਪਰ ਬੈਠ ਚਰਖਾ ਕਤਨ ਦਾ ਸਾਂਗ ਕਰਦਿਆਂ ਨਜਰੀਂ ਪੈ ਜਾਂਦੀਆਂ ਹਨ ਕਈ ਵਾਰ ਲੜਕੀਆ ਕੇਵਲ ਚਰਖੇ ਪਾਸ ਬੈਠੀਆਂ ਹੀ ਦਿਸਦੀਆਂ ਹਨ ਅਤੇ ਚਰਖੇ ਦੀ ਤੰਦ ਨਹੀਂ ਪਾ ਰਹੀਆਂ ਹੁੰਦੀਆਂ ਅਤੇ ਆਪੋ ਵਿਚ ਗਲਾਂ ਕਰਦੀਆਂ ਵਿਖਾਈ ਦਿੰਦੀਆਂ ਹਨ। ਵਿਆਹ ਦੇ ਸਮੇਂ ਵੀ ਸਭਿਆਚਾਰ ਦੇ ਨਾਮ ਤੇ ਕੁਝ ਗੀਤ ਭਾਵੇਂ ਚਰਖੇ ਨਾਲ ਸਬੰਧ ਨਾ ਵੀ ਰਖਦੇ ਹੋਣ ਪਰੰਤੂ ਇਹ ਚਰਖਾ ਸਟੇਜ ਦੀ ਸੋਭਾ ਨੂੰ ਚਾਰ ਚੰਨ ਲਾ ਦਿੰਦਾ ਹੈ ਭਾਵੇਂ ਇਸ ਵਿਚ ਤਕਲਾ ਅਤੇ ਚਰਮਖ ਨਾ ਵੀ ਦਿਖਾਈ ਦੇਣ।

ਲੱਕੜ ਦੇ ਬਣੇ ਹੋਏ ਚਰਖੇ ਵਿਚ ਦੋ ਪਾਸੇ ਹੁੰਦੇ ਹਨ ਜੋ ਕਿ ਇਕ ਪੱਕੇ ਧਾਗੇ ਦੀ ਮਦਦ ਨਾਲ ਕੱਸੇ ਹੋਏ ਹੁੰਦੇ ਹਨ ਜੋ ਇਕ ਗੋਲ ਚੱਕਰ ਦੇ ਰੂਪ ਵਿਚ ਦੋ ਮੁਨਿਆਂ ਵਿਚਕਾਰ ਲਗਾਏ ਹੁੰਦੇ ਹਨ ਅਤੇ ਹੱਥੀ ਨਾਲ ਘੁਕਾਏ ਜਾ ਸਕਦੇ ਹਨ। ਮਾਲ੍ਹ ਦੁਆਰਾ ਤਿੰਨ ਗੁਡੀਆਂ ਨਾਲ ਚਰਮਖ ਦੀ ਮਦਦ ਨਾਲ ਲੱਗੇ ਤਕਲੇ ਨੂੰ ਘੁਮਾਇਆ ਜਾਂਦਾ ਹੈ। ਸੱਜੇ ਹਥ ਨਾਲ ਹੱਥੀ ਨੂੰ ਘੁਮਾਇਆ ਜਾਂਦਾ ਹੈ ਅਤੇ ਖੱਬੇ ਹੱਥ ਨਾਲ ਪੂਣੀ ਫੜ ਕੇ ਸੂਤ ਕਤਿਆ ਜਾਂਦਾ ਹੈ। ਚਰਖੇ ਦੇ ਚਲਣ ਸਮੇਂ ਇਕ ਮਿਠੀ ਜਿਹੀ ਅਵਾਜ ਪੈਦਾ ਹੁੰਦੀ ਹੈ ਜੋ ਮਾਹੀ ਦੀ ਯਾਦ ਦਿਲਵਾਂਦੀ ਹੈ ਜਦੋਂ ਮਾਹੀਆ ਬਾਹਰ ਕੰਮ ਤੇ ਹੁੰਦਾ ਹੈ ਜਾਂ ਖੇਤਾਂ ਵਿਚ ਹਲ ਚਲਾ ਰਿਹਾ ਹੁੰਦਾ ਹੈ ਤਾਂ ਸੁਆਣੀ ਚਰਖਾ ਕੱਤਦੀ ਹੋਈ ਆਪ ਮੁਹਾਰੇ ਗੁਣ ਗਣਾ ਰਹੀ ਹੁੰਦੀ ਹੈ ਕਿ :

**ਸੁਣ ਚਰਖੇ ਦੀ ਮਿੱਠੀ-ਮਿੱਠੀ ਘੂਕ ਮਾਹੀ ਮੈਨੂੰ ਯਾਦ ਆਂਵਦਾ**

ਕੁੜੀਆਂ ਚਿੜੀਆਂ ਜਦੋਂ ਇਕਠੀਆਂ ਮਿਲ ਕੇ ਕਤਦੀਆਂ ਹਨ ਤਾਂ ਇਹ ਤ੍ਰਿੰਜਣ ਅਖਵੌਂਦਾ ਹੈ। ਇਸ ਤਰਾਂ ਬੈਠੀਆਂ ਲੜਕੀਆਂ ਆਪਣੇ ਦੁਖ ਸੁਖ ਫਰੋਲ ਲੈਂਦੀਆਂ ਹਨ ਅਤੇ ਜਦੋਂ ਜਿਆਦਾ ਚਰਖੇ ਇਕਠੇ ਚਲ ਰਹੇ ਹੁੰਦੇ ਹਨ ਤਾਂ ਇਕ ਅਜੀਬ ਜਿਹੀ ਗੂੰਜ ਪੈਦਾ ਹੋ ਰਹੀ ਹੁੰਦੀ ਹੈ ਤਾਂ ਇਕ ਕਵੀ ਆਪਣੇ ਲਹਿਜੇ ਵਿਚ ਇਸ ਨੂੰ ਇਸ ਤਰਾਂ

ਬਿਆਨਦਾ ਹੈ -

**ਗੂੰਜੇ ਚਰਖਾ ਬਿਸ਼ਨੀਏ ਤੇਰਾ, ਲੋਕਾਂ ਭਾਣੇ ਮੋਰ ਕੂਕਦਾ**

ਤ੍ਰਿੰਜਣ ਵਿਚ ਗਾ ਰਹੀਆਂ ਕੁੜੀਆਂ ਦੇ ਗੀਤ ਚਰਖੇ ਦੀਆਂ ਘੂਕਾਂ ਵਿਚ ਸਮਾਂ ਜਾਂਦੇ ਹਨ। ਆਮ ਤੌਰ ਤੇ ਜੇਹੜੇ ਲੋਕ ਘਰ ਬਾਰ ਛੱਡ ਜੋਗੀ ਬਣ ਜਾਂਦੇ ਹਨ ਉਨ੍ਹਾਂ ਨੂੰ ਵੀ ਇਹ ਘੂਕ ਜਦੋਂ ਸੁਨਾਈ ਪੈ ਜਾਂਦੀ ਹੈ ਤਾਂ ਓਹ ਵੀ ਵਾਪਸ ਘਰ ਪਰਤਨ ਲਈ ਤਿਆਰ ਹੋ ਪੈਂਦੇ ਹਨ ਜਿਸ ਨੂੰ ਇਹਨਾ ਸਤਰਾਂ ਵਿਚ ਪਰਗਟ ਕੀਤਾ ਗਿਆ ਹੈ -

**ਜੋਗੀ ਉੱਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ**

ਜੀਵਨ ਫੁਲਾਂ ਦੀ ਸੇਜ ਨਹੀਂ ਹੈ ਜੀਵਨ ਵਿਚ ਵਿਚਰਦਿਆਂ ਦੁਖਾਂ ਨਾਲ ਵੀ ਦੋ ਚਾਰ ਹੋਣਾ ਪੈ ਜਾਂਦਾ ਹੈ ਮਰਦ ਆਪਣਾ ਦੁਖ ਦਾਰੂ ਪੀ ਕੇ ਕਰਦੇ ਹਨ ਜੋ ਕਿ ਸ਼ਰਾਬ ਪੀਣ ਦਾ ਇਕ ਬਹਾਨਾ ਹੁੰਦਾ ਹੈ ਅਤੇ ਮਰਦ ਇਸ ਬਹਾਨੇ ਨੂੰ ਲਭਦੇ ਹੀ ਰਹੰਦੇ ਹਨ ਜਿਵੇਂ ਇਕ ਫਿਲਮੀ ਗੀਤ ਵਿਚ ਵਰਣਨ ਕੀਤਾ ਹੈ ਕਿ -

**ਦੋ ਹਫਤੇ ਇਸ ਖੁਸ਼ੀ ਮੇਂ ਪੀ ਕੇ ਮੁਝ ਮਿਲਾ ਯਾਰ ਮੇਰਾ**
**ਦੋ ਹਫਤੇ ਇਸ ਗਮ ਮੈ ਪੀ ਕਿ ਮੁਝ ਸੇ ਰੂਠਾ ਯਾਰ ਮੇਰਾ**

ਜਦੋਂ ਕਿ ਔਰਤਾਂ ਕੋਲ ਦੁਖ ਪਰਗਟ ਕਰਨ ਲਈ ਚਰਖਾ ਹੀ ਸਹਾਰਾ ਹੁੰਦਾ ਹੈ ਅਤੇ ਕਵੀ ਇਸ ਤਰਾਂ ਲਿਖਦਾ ਹੈ -

**ਪੀੜ ਪਰਾਉਣੀ ਨ੍ਹਾ ਧੋ ਕੇ ਜਦ ਗ਼ਮ ਦੀ ਚਰਖੀ ਡਾਹਵੇ,**
**ਪੂਣੀ-ਪੂਣੀ ਹੋ ਕੇ ਨੀਂ ਮੇਰੀ ਜਿੰਦ ਕੱਤੀਂਦੀ ਜਾਵੇ**

ਪੀੜਾਂ ਦਾ ਪਰਗਾ ਲੈ ਕੇ ਸ਼ਿਵ ਕੁਮਾਰ ਜੀ ਭਠੀ ਵਾਲੀ ਕੋਲ ਜਾਂਦੇ ਹਨ ਅਤੇ ਆਖਦੇ ਹਨ -

**ਭਠੀ ਵਾਲੀਏ ਚੰਬੇ ਦੀਏ ਡਾਲੀਏ ਨੀ ਪੀੜਾਂ ਦਾ ਪਰਾਗਾ ਭੁਨ ਦੇ**
**ਤੈਨੂੰ ਦੇਆਂ ਹੰਝੂਆਂ ਦਾ ਭਾੜਾ ਨੀ ਪੀੜਾਂ ਦਾ ਪਰਾਗਾ ਭੁਨ ਦੇ**

ਜਾਂ ਜਦੋਂ ਮਨ ਉਦਾਸ ਹੋ ਜਾਂਦਾ ਹੈ ਅਤੇ ਕਾਰਣ ਕੋਈ ਵੀ ਹੋਵੇ ਦੁਖ ਵਧੇਰੇ ਪ੍ਰਤੀਤ ਹੋਣ ਲਗਦਾ ਹੈ ਜਦੋਂ ਢੋਲ ਕੋਲ ਨਹੀਂ ਹੁੰਦਾ ਤਾਂ ਉਸ ਹਾਲਤ ਨੂੰ ਕਵੀ ਨੇ ਇਸ ਤਰਾਂ ਬਿਆਨਿਆ ਹੈ -

**ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੀ ਪਾਵਾਂ**

ਚਰਖਾ ਦੋ ਮਿਲਣ ਦੀ ਚਾਹਨਾ ਰਖਣ ਵਾਲੀਆਂ ਲਈ ਇਕ ਪੱਜ ਬਣ ਜਾਂਦਾ ਸੀ ਅਤੇ ਮਿਤਰ ਨੂੰ ਮਿਲਣ ਦੀ ਤਮਨਾ ਰਖਦੀ ਮੁਟਿਆਰ ਗਲੀ ਵਿਚ ਹੀ ਚਰਖਾ ਰਖ ਕਤਨ ਬੈਠ ਜਾਂਦੀ ਸੀ ਕਵੀ ਨੇ ਉਸ ਦੇ ਬੈਠਣ ਨੂੰ ਇਸ ਤਰਾਂ ਚਿਤਰਿਆਂ ਹੈ-

**ਚੁੱਕ ਚਰਖਾ ਗਲੀ ਦੇ ਵਿੱਚ ਡਾਹੁੰਦੀਆਂ, ਜਿਨ੍ਹਾਂ ਨੂੰ ਤਾਂਘ ਮਿੱਤਰਾਂ ਦੀ**

ਅਤੇ ਛੜੇ ਵੀ ਗਲੀ ਵਿਚ ਬੈਠੀ ਚਰਖੇ ਵਾਲੀ ਪ੍ਰਤੀ ਆਪਣੇ ਇਜਹਾਰ ਕੁਝ ਇਸ ਤਰੀਕੇ ਨਾਲ ਕਰਦੇ ਹਨ ਅਤੇ ਮਾਜਾਕਿਆ ਲੇਹ?ਜਾ ਵਰਤਦੇ ਹਨ ਕਿ -

**ਚੱਕ ਚਰਖਾ ਪਰਾਂ ਕਰ ਪੀੜ੍ਹੀ, ਛੜਿਆਂ ਨੇ ਬੋਕ ਬੰਨਣਾ**

ਪੰਜਾਬ ਦੀ ਕਿਰਸਾਨੀ ਖੇਤਾਂ ਵਿਚ ਮਸ਼ਰੂਫ ਰਿਹੰਦੀ ਹੈ ਅਤੇ ਜੱਟ ਦਾ ਦਿਨ ਅਤੇ ਰਾਤ ਦਾ ਵਧੇਰੇ ਸਮਾਂ ਖੇਤਾਂ ਵਿਚ ਹੀ ਬੀਤਦਾ ਹੈ ਅਤੇ ਘਰ ਵਿਚ ਔਰਤ ਚਰਖਾ ਲੈ ਕੇ

ਕੱਤਦੀ ਰਿਹੰਦੀ ਹੈ ਅਤੇ ਇਕਲੀ ਹੀ ਹੁੰਦੀ ਹੈ ਅਤੇ ਇਸ ਇਕਲ ਤੋਂ ਅੱਕੀ ਹੋਈ ਆਪਣੇ ਮਾਹੀ ਨੂੰ ਪਿਆਰ ਨਾਲ ਆਖਦੀ ਹੈ ਕਿ -

**ਉਥੇ ਲੈ ਚਲ ਚਰਖਾ ਮੇਰਾ ਜਿਥੇ ਤੇਰੇ ਹਲ ਵਗਦੇ**

ਚਰਖਾ ਜਿਥੇ ਦੋ ਪ੍ਰੇਮੀਆਂ ਲੈ ਮਿਲਣ ਵਿਚ ਸਹਾਈ ਹੈ ਇਹ ਭੈਣ ਭਰਾਵਾਂ ਦੇ ਸਚੇ ਪਿਆਰ ਦਾ ਪ੍ਰਤੀਕ ਵੀ ਹੈ। ਦਾਜ ਵਿਚ ਵੀ ਚਰਖਾ ਦੇਣ ਦਾ ਰਿਵਾਜ ਸੀ ਉਸ ਰੰਗਲੀ ਚਰਖੀ ਬਾਰੇ ਕਵੀ ਨੇ ਵਰਣਨ ਕੁਝ ਇਸ ਤਰਾਂ ਨਾਲ ਕੀਤਾ ਹੈ -


**ਚਰਖੀ ਰੰਗਲੀ ਦਾਜ ਦੀ, ਮੇਰੇ ਵੀਰ ਨੇ ਵਲੈਤੋਂ ਆਂਦੀ**

ਇਸ ਤਰਾਂ ਪ੍ਰਾਪਤ ਹੋਈ ਚਰਖੀ ਨੂੰ ਕੁੜੀਆਂ ਪ੍ਰੀਤ ਨਾਲ ਕਤਿਆ ਕਰਦੀਆਂ ਸਨ ਅਤੇ ਇਕ ਕਵੀ ਇਸ ਪਿਆਰ ਨੂੰ ਗੀਤ ਰਹਿਣ ਇਸ ਤਰਾਂ ਬਿਆਨ ਕਰਦਾ ਹੈ -

**ਨੀਂ ਮੈਂ ਕੱਤਾਂ ਪ੍ਰੀਤਾਂ ਨਾਲ, ਚਰਖਾ ਚੰਨਣ ਦਾ**

ਚਰਖੇ ਦਾ ਸਬੰਧ ਸਾਡੇ ਤਿਰੰਗੇ ਨਾਲ ਵੀ ਹੈ ਅਜਾਦੀ ਪ੍ਰਾਪਤੀ ਤੋਂ ਪਹਿਲਾਂ ਜਦੋਂ ਭਾਰਤ ਦੇਸ਼ ਲਈ ਇਕ ਝੰਡੇ ਦੀ ਲੋੜ ਮਹਿਸੂਸ ਕੀਤੀ ਗਈ ਤਾਂ ਬਹੁਤ ਸਾਰੇ ਸੁਝਾ ਦਿਤੇ ਗਏ ਜਿਹਨਾ ਵਿਚੋਂ ਇਕ ਇਹ ਵੀ ਸੀ ਕਿ ਝੰਡਾ ਦੋ ਰੰਗਾ ਦਾ ਹੋਵੇ ਇਕ ਰੰਗ ਭਗਵਾ ਹਿੰਦੂ ਧਰਮ ਦਾ ਪ੍ਰਤੀਕ ਅਤੇ ਦੂਜਾ ਹਰਾ ਮੁਸਲਮਾਨ ਧਰਮ ਦਾ ਪ੍ਰਤੀਕ ਹੋਵੇ ਅਤੇ ਵਿਚਕਾਰ ਨੀਲੇ ਰੰਗ ਦਾ ਚਰਖਾ ਹੋਵੇ। ਪ੍ਰੰਤੂ ਦੂਜੇ ਹੋਰ ਧਰਮਾਂ ਦਾ ਕੋਈ ਪ੍ਰਤੀਕ ਨਾ ਹੋਣ ਕਾਰਣ ਇਸ ਝੰਡੇ ਨੂੰ ਅਸਵੀਕਾਰ ਕੀਤਾ ਗਿਆ। ਫਿਰ ਵਰਤਮਾਨ ਝੰਡਾ ਸਵੀਕਾਰਨ ਤੋਂ ਪਹਿਲਾਂ ਤਿਨ ਰੰਗ ਕੇਸਰੀ ਚਿਟਾ ਅਤੇ ਹਰਾ ਰੰਗ ਸੁਝਾਏ ਗਾਏ ਅਤੇ ਚਿਟੇ ਰੰਗ ਦੇ ਅੰਦਰ ਚਰਖੇ ਦਾ ਚਿਨ੍ਹ ਰਖਿਆ ਗਿਆ ਸੀ ਜੋ ਬਾਦ ਵਿਚ ਅਸ਼ੋਕ ਚੱਕਰ ਨਾਲ ਬਦਲ ਦਿਤਾ ਗਿਆ। ਇਸ ਸਮੇਂ ਤਿਰੰਗੇ ਝੰਡੇ ਦੇ ਅੰਦਰ ਅਸ਼ੋਕ ਚੱਕਰ ਹੈ ਜੋ ਜ਼ਿੰਦਗੀ ਦੇ ਚਲਦੇ ਰਹਨ ਦਾ ਪ੍ਰਤੀਕ ਹੈ ਅਤੇ ਕਾਂਗਰਸ ਦੇ ਝੰਡੇ ਅੰਦਰ ਤਿਨ ਰੰਗ ਹਨ ਅਤੇ ਚਿਟੇ ਰੰਗ ਦੇ ਅੰਦਰ ਅਜੇ ਵੀ ਚਰਖੇ ਦੇ ਨਿਸ਼ਾਨ ਹੈ।

ਸਭਿਆਚਾਰ ਨੂੰ ਜੀਵਤ ਰਖਣ ਲਈ ਸਾਨੂੰ ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ ਨਵੀਂ ਆ ਰਹੀ ਪੀੜੀ ਨੂੰ ਵੀ ਜਾਣਕਾਰੀ ਦੇਣ ਦੀ ਲੋੜ ਹੈ ਕਿ ਪੰਜਾਬੀ ਸਭਿਆਚਾਰ ਕਿਤਨਾ ਅਮੀਰ ਹੈ ਅਤੇ ਵਿਸ਼ਾਲ ਹਿਰਦਾ ਰਖਦਾ ਹੈ।ਇਸ ਲਈ ਪੁਰਾਣੀਆ ਯਾਦਾਂ ਨੂੰ ਸੰਭਾਲ ਕੇ ਰਖਿਆ ਜਾਵੇ।



ਸਰਕਾਰੀ ਸਕੂਲ ਵਿਚ ਵਿਗਿਆਨ ਪੜ੍ਹਾਉਂਦਾ-ਪੜ੍ਹਾਉਂਦਾ ਅਜੀਤ ਸਿੰਘ ਵਣਜ ਦੀ ਸਿੱਖਿਆ ਵੱਲ ਮੁੜ ਪਿਆ। ਵਣਜ ਵਿਚ ਮਾਸਟਰ ਡਿਗਰੀ ਕਰਨ ਉਪਰੰਤ ਉਹ ਸਕੂਲ ਵਿਚ ਕਾਮਰਸ ਦਾ ਲੈਕਚਰਾਰ ਬਣ ਗਿਆ। ਹੋਰ ਵਧੇਰੇ ਜਾਣਨ ਦੀ ਉਸ ਦੀ ਤਾਂਘ ਨੇ ਉਸਨੂੰ ਪੀਐੱਚ.ਡੀ. ਕਰਨ ਲਾ ਦਿੱਤਾ। ਡਾਕਟਰੇਟ ਕਰਦੇ ਹੀ ਅੰਦਰਲੀ ਚਿਣਗ ਨੇ ਉਸ ਨੂੰ ਮਾਂ ਬੋਲੀ ਦਾ ਵਣਜਾਰਾ ਬਣਾ ਦਿੱਤਾ। ਆਪਣੇ ਘਰ ਬੈਠਾ ਬੈਠਾ ਉਹ ਪੰਜਾਬ ਵਿਚੋਂ ਪ੍ਰਕਾਸ਼ਿਤ ਹੁੰਦੇ ਪੰਜਾਬੀ ਦੇ ਰੋਜ਼ਾਨਾ ਅਖ਼ਬਾਰਾਂ ਲਈ ਲਿਖਣ ਲੱਗਿਆ। ਸੇਵਾ ਮੁਕਤੀ ਤੋਂ ਬਾਅਦ ਪਰਿਵਾਰਿਕ ਜਿੰਮੇਵਾਰੀਆਂ ਨੇ ਉਸਨੂੰ ਸੱਤ ਸਮੁੰਦਰੋਂ ਪਾਰ (ਅਮਰੀਕਾ) ਬੁਲਾ ਲਿਆ। ਅਮਰੀਕਾ ਰਹਿੰਦਿਆਂ ਹੋਇਆਂ ਉਹ ਮਾਂ ਬੋਲੀ ਵਿਚ ਰਚੇ ਜਾ ਰਹੇ ਸਾਹਿਤ ਨੂੰ ਨਿੱਠ ਕੇ ਪੜ੍ਹਨ ਲੱਗ ਪਿਆ ਅਤੇ ਸਮਾਜਿਕ ਵਿਹਾਰ ਨੂੰ ਹੋਰ ਨੇੜਿਓਂ ਤੱਕਣ ਲੱਗ ਪਿਆ। ਇਸ ਤੱਕਣੀ ਕਰਕੇ ਹੀ ਉਹ ਸਿਰਜਣਾਤਮਿਕ ਕਾਰਜ ਵਿਚ ਹੋਰ ਸਰਗਰਮ ਹੋ ਗਿਆ। ਪਕੇਰੀ ਉਮਰ ਵਿਚ ਉਹ ਜਿੱਥੇ ਗੁਰਬਾਣੀ ਦਾ ਅਧਿਐਨ ਕਰਦਾ ਹੈ ਉਥੇ ਉਹ ਸਮਾਜਿਕ ਵਿਹਾਰ ਨੂੰ ਤਿਰਛੀ ਨਜ਼ਰ ਨਾਲ ਤੱਕਦਾ ਹੈ। ਇਹ ਹੀ ਉਸ ਦਾ ਸਿਰਜਾਣਤਮਿਕ ਖੇਤਰ ਹੋ ਨਿਬੜਿਆ ਹੈ। ਭਾਵੇਂ ਉਹ ਕਹਾਣੀ ਤੇ ਵੀ ਕਲਮ-ਅਜ਼ਮਾਈ ਕਰਦਾ ਹੈ ਪਰੰਤੂ ਉਸ ਦਾ ਵਿਸ਼ੇਸ਼ ਖੇਤਰ ਲੇਖ ਰਚਨਾ ਦਾ ਹੈ। ਨਾ ਉਹ ਉਕਾਊ ਵਿਸ਼ੇ ਚੁਣਦਾ ਹੈ ਅਤੇ ਨਾ ਹੀ ਵਿਸ਼ਿਆਂ ਦਾ ਨਿਭਾਅ ਕਰਦਾ ਗੁੰਝਲਦਾਰ ਵਾਕਾਂ ਦਾ ਆਸਰਾ ਲੈਂਦਾ ਹੈ। ਸਰਲ ਸ਼ਬਦਾਵਲੀ ਅਤੇ ਆਮ ਆਦਮੀ ਵਾਲੇ ਬੋਲ ਉਸ ਦੀ ਲੇਖਣੀ ਦੇ ਗਹਿਣੇ ਹਨ। ਅੱਜ ਜਿੱਥੇ ਉਹ ਅਮਰੀਕਾ ਰਹਿੰਦਿਆਂ ਹੋਇਆਂ ਸਥਾਨਕ ਪੰਜਾਬੀ ਅਖ਼ਬਾਰਾਂ ਵਿਚ ਨਿਰੰਤਰ ਛਪ ਰਿਹਾ ਉਥੇ ਉਹ ਪੰਜਾਬ ਦੇ ਪੰਜਾਬੀ ਟ੍ਰਿਬਿਊਨ ਅਤੇ ਪੰਜਾਬੀ ਜਾਗਰਣ ਅਖ਼ਬਾਰ ਵਿਚ ਵੀ ਆਪਣੀ ਹਾਜ਼ਰੀ ਲੁਆਉਂਦਾ ਹੈ। ਡਾਲਰਾਂ ਦੀ ਖਿੱਚ ਉਸ ਨੂੰ ਵਿਦੇਸ਼ ਨਹੀਂ ਲੈ ਕੇ ਗਈ ਸਗੋਂ ਆਪਣੇ ਡਾਕਟਰ ਧੀ-ਪੁੱਤ ਦਾ ਮੋਹ ਉਸ ਨੂੰ ਵਿਦੇਸ਼ੀ ਦਾ ਦਰਜਾ ਦੁਆਈ ਬੈਠਾ ਹੈ। ਵਿਦੇਸ਼ ਵਿਚ ਬੈਠਿਆਂ ਉਹ ਪਰਦੇਸੀਆਂ ਨੂੰ ਵਤਨੀ ਸਿੱਕ ਦੀ ਹੂਕ ਵੀ ਕਹਿੰਦਾ ਹੈ ਅਤੇ ਆਪਣੇ ਵਤਨ ਦੀਆਂ ਲੋੜਾਂ ਅਤੇ ਥੁੜਾਂ ਨੂੰ ਅਵਚੇਤਨ ਵੀ ਕਰਦਾ ਹੈ। ਹਥਲੀ ਪੁਸਤਕ ਉਸ ਦੇ ਸਿਰਜਣਾ ਸੰਸਾਰ ਦੀ ਪਹਿਲੀ ਪੁਸਤਕ ਨੂੰ ਖੁਸ਼ਆਮਦੀਦ ਕਹਿੰਦਿਆਂ ਮੈਂ ਅਗਲੇਰੀ ਪੁਸਤਕ ਜਲਦੀ ਆਉਣ ਦੀ ਉਮੀਦ ਕਰਦਾ ਹਾਂ।

*—ਗੁਰਦੀਪ ਸਿੰਘ ਢੁੱਡੀ*

*ਫ਼ਰੀਦਕੋਟ*

ਪੰਛੀ ਝਾਤ : ਓੱਥ ਸੰਵਾਦ

ਡਾ. ਅਜੀਤ ਸਿੰਘ

ISBN 81-89735-27-6

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ / ਅੰਮ੍ਰਿਤਸਰ